
# ਕਿਵ ਕੂੜੈ ਤੁਟੈ ਪਾਲਿ



ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਾਲ ਪੀਰ ਬੁਧੂ ਸ਼ਾਹ ਦਾ ਮਿਲਾਪ

ਕਰਤਾ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ

# ਕਿਵ ਕੂੜੈ
# ਤੁਟੈ ਪਾਲਿ?

- : ਕਰਤਾ :-
**ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**
**ਰਤਵਾੜਾ ਸਾਹਿਬ**

ਪਹਿਲੀ ਵਾਰ ਅਪ੍ਰੈਲ 1995 - 5,000
ਦੂਜੀ ਵਾਰ ਅਪ੍ਰੈਲ 1998 - 1,000
ਤੀਜੀ ਵਾਰ ਸਤੰਬਰ 1999 - 3,000
ਚੌਥੀ ਵਾਰ ਅਕੂਬਰ 2016 - 500
**ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।**

**- ਪ੍ਰਕਾਸ਼ਕ -**
**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**
**ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ** (ਨੇੜੇ ਚੰਡੀਗੜ੍ਹ)
ਸੰਪਰਕ ਨੰ: **98146-12900**, ਦਫਤਰ-**94172-14391, 79**

# ਦੋ ਸ਼ਬਦ

ਤਿੰਨ ਅਪ੍ਰੈਲ 1995 ਨੂੰ 'ਕਿਵ ਕੂੜੈ ਤੂਟੈ ਪਾਲਿ' ਨਾਮ ਵਾਲੀ ਪੁਸਤਕ 'ਸੁਰਤਿ ਸਬਦਿ ਮਾਰਗ' ਪੁਸਤਕ ਤੋਂ ਪਿਛੋਂ ਛਪਣ ਵਾਲੀ ਇਹ ਪੁਸਤਕ ਇਸ ਲੜੀ ਵਿਚ ਦੂਜੀ ਪੁਸਤਕ ਸੀ। ਇਹ ਪੁਸਤਕ ਪੰਜ ਦੀਵਾਨਾਂ ਜਿਨ੍ਹਾਂ ਨੂੰ ਵੀਡੀਓ ਫਿਲਮਾਂ ਦੇ ਵਿਚ ਰਿਕਾਰਡ ਕੀਤਾ ਗਿਆ ਸੀ ਅਤੇ ਜਿਨ੍ਹਾਂ ਦਾ ਨੰਬਰ 72, 73, 74, 75, 78 ਸੀ, ਇਹ ਵੀਡੀਓ ਕੈਸਟਾਂ ਤੋਂ ਭਾਈ ਗੁਰਮੁਖ ਸਿੰਘ ਤੇ ਬੀਬੀ ਸੁਖਦੇਵ ਕੌਰ ਨੇ ਵਾਰਤਕ ਵਿਚ ਲਿਖ ਕੇ ਪੁਸਤਕ ਦੇ ਰੂਪ ਵਿਚ ਸੈਟ ਕੀਤਾ ਸੀ। ਉਸ ਤੋਂ ਪਿਛੋਂ ਚਾਰ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ, ਬਹੁਤ ਸਾਰੀਆਂ ਹੋਰ ਪੁਸਤਕਾਂ ਛਪ ਚੁੱਕੀਆਂ ਹਨ ਅਤੇ ਉਨ੍ਹਾਂ ਦੇ ਹਿੰਦੀ ਅਨੁਵਾਦ ਵੀ ਨਾਲ ਦੀ ਨਾਲ ਛਪ ਰਹੇ ਹਨ। ਇਹ ਪੁਸਤਕ ਜੋ ਆਪ ਦੇ ਹੱਥ ਵਿਚ ਹੈ ਇਸ ਦਾ ਇੰਗਲਿਸ਼ ਵਿਚ ਵੀ ਅਨੁਵਾਦ ਹੋ ਚੁੱਕਿਆ ਹੈ, ਜਿਸ ਦੀ ਵਿਦੇਸ਼ਾਂ ਵਿਚ ਭਾਰੀ ਮੰਗ ਹੋਣ ਦੇ ਕਾਰਨ ਕਈ ਵਾਰੀ ਅਮਰੀਕਾ, ਇੰਗਲੈਂਡ, ਕੈਨੇਡਾ ਭੇਜੀ ਗਈ। ਪੁਸਤਕ ਪਿਛੋਂ ਪਹੁੰਚਦੀ ਸੀ, ਅਜੇ ਸਾਡੇ ਸਿੰਘ ਸਟਾਲ ਤੇ ਲਾਉਂਦੇ ਹੀ ਸਨ, ਉਹ ਹਥੋ-ਹਥੀ ਵਿਕ ਜਾਂਦੀ ਸੀ। ਪੰਜਾਬ ਵਿਚ ਹੁਣ ਇਹ ਪੁਸਤਕ 193 ਪੰਨੇ ਦੀ ਹੈ, ਜਿਸ ਵਿਚ ਹਉਮੈ, ਗੁਰੂ, ਹੁਕਮ ਦੀ ਭਰਪੂਰ ਵਿਆਖਿਆ ਗੁਰੂ ਦੀ ਕ੍ਰਿਪਾ ਸਦਕਾ ਕੀਤੀ ਗਈ ਹੈ। ਇਸ ਵਿਚੋਂ ਉਨ੍ਹਾਂ ਉਤਮ ਜਗਿਆਸੂਆਂ ਨੂੰ ਪਰਮਾਰਥ ਦਾ ਮਾਰਗ ਲੱਭਦਾ ਹੈ ਜਾਂ ਐਉਂ ਕਹੋ ਆਤਮ-ਮਾਰਗ ਲੱਭਦਾ ਹੈ ਜੋ ਭਜਨ ਬੰਦਗੀ ਕਰਦੇ ਮਾਇਆ ਦੀ ਆਖਰੀ ਮੰਜ਼ਲ ਤਕ ਪੁੱਜ ਕੇ ਰਸਤਾ ਭਾਲਦੇ ਹਨ। ਪੀਰ ਬੁੱਧੂ ਸ਼ਾਹ ਉਸ ਸਮੇਂ ਦਾ ਮੰਨਿਆ ਪ੍ਰਮੰਨਿਆ ਅਧਿਆਤਮਵਾਦ ਵਿਚ ਉਚ ਕੋਟੀ ਦਾ ਪੀਰ ਸੀ। ਉਹ ਇਸ ਗੱਲ ਵਿਚ ਉਲਝਿਆ ਹੋਇਆ ਸੀ ਕਿ ਆਦਮੀ ਦੇ ਅੰਦਰ ਜੋ ਰੂਹ ਹੈ ਉਹ ਕਿਹੜੀ ਹੈ ਕਿਉਂਕਿ ਉਸ ਨੂੰ ਭਰਮ ਪੈ ਗਿਆ ਸੀ ਕਿ ਇਕ ਰੂਹ ਤਾਂ ਉਹ ਹੈ ਜਿਸ ਨੂੰ ਭਜਨ ਬੰਦਗੀ ਕਰਨ ਵਾਲੇ ਜਾਣਦੇ ਹਨ ਜਿਸ ਨੂੰ ਅਧਿਆਤਮਵਾਦ ਦੀ ਬੋਲੀ ਵਿਚ ਜੀਵ ਆਤਮਾ ਆਖਦੇ ਹਾਂ ਜੋ

ਚੰਗੇ ਮੰਦੇ ਕਰਮ ਕਰਦਾ ਹੈ, ਕਰਮਾਂ ਦਾ ਫਲ ਲੋਚਦਾ ਹੈ, ਉਸ ਨੂੰ ਫਲ ਭੋਗਣ ਲਈ ਜਨਮ-ਦਰ-ਜਨਮ ਸਰੀਰ ਧਾਰਨ ਕਰਨੇ ਪੈਂਦੇ ਹਨ। ਇਸ ਰੂਹ ਦੀਆਂ ਉਡਾਰੀਆਂ ਉਸਨੂੰ ਦੁਖੀ ਵੀ ਕਰਦੀਆਂ ਹਨ, ਉਹ ਜੀਵ ਬਹੁਤ ਦੁਖੀ ਹੋਇਆਂ ਵਿਰਲਾਪ ਵੀ ਕਰਦਾ ਹੈ ਜਿਵੇਂ ਕਿ ਫੁਰਮਾਨ ਹੈ -

***ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ ॥***
***ਜੇਤਾ ਊਡਹਿ ਦੂਖ ਘਣੇ ਨਿਤ ਦਾਝਹਿ ਤੈ ਬਿਲਲਾਹਿ ॥***

***ਅੰਗ - 66***

ਪੀਰ ਜੀ ਛੇ-ਛੇ ਮਹੀਨੇ ਦੇ ਲੰਮੇ ਚਿਲੇ ਕਟਦੇ ਸਨ, ਵਰਤ ਵੀ ਰਖਦੇ ਸਨ, ਮੰਤਰਾਂ ਦੇ ਜਾਪ ਵੀ ਕਰਦੇ ਸਨ, ਪਵਿੱਤਰ ਕੁਰਾਨ ਸਰੀਫ ਨੂੰ ਵਿਚਾਰ-ਵਿਚਾਰ ਕੇ ਪੜ੍ਹਦੇ ਸਨ, ਰੋਜ਼ੇ ਰਖਦੇ ਸਨ, ਕਾਹਬੇ ਦੇ ਹੱਜ ਵਿਚ ਪੂਰਾ ਵਿਸ਼ਵਾਸ਼ ਸੀ। ਅੰਦਰੋਂ ਲੋਚਦੇ ਸਨ ਕਿ ਮੈਨੂੰ ਅੱਲਾਹ ਤਾਲਾ ਦੇ ਦਰਸ਼ਨ ਹੋ ਜਾਣ, ਉਮਰ ਵਡੇਰੀ ਹੋ ਗਈ, ਅਜੇ ਤਕ ਦਰਸ਼ਨਾਂ ਦੀ ਖੈਰ ਝੋਲੀ ਵਿਚ ਨਹੀਂ ਪਈ। ਫਿਰ ਉਹ ਗੁਰੂ ਨਾਨਕ ਪਾਤਸ਼ਾਹ ਜੀ ਦੇ ਪਵਿੱਤਰ ਵਾਕ ਪੜ੍ਹ ਕੇ ਸ਼ੱਕ ਵਿਚ ਪੈ ਜਾਇਆ ਕਰਦੇ ਸਨ। ਗੁਰੂ ਸਾਹਿਬ ਦਸਦੇ ਹਨ ਕਿ ਇਸ ਬੁੱਧੀ ਰੂਪੀ ਬ੍ਰਿਛ ਉਪਰ ਦੋ ਪੰਖੇਰੂ ਨਿਵਾਸ ਰਖਦੇ ਹਨ। ਇਕ ਉਹ ਹੈ ਜੋ ਕਰਮ ਭੋਗਦਾ ਹੈ, ਉਡਾਰੀਆਂ ਮਾਰਦਾ ਹੈ। ਇਕ ਉਹ ਜੋ ਕਿਤੇ ਵੀ ਨਹੀਂ ਜਾਂਦਾ, ਆਪਣੇ ਆਪ ਵਿਚ ਰਹਿੰਦਾ ਹੈ, ਅਨੰਦ ਮਾਣਦਾ ਹੈ ਅਤੇ ਸਤਿ ਚਿਤ ਅਨੰਦ ਸਾਖੀ ਰੂਪ ਹੈ। ਇਨ੍ਹਾਂ ਵਿਚੋਂ ਮੈਂ ਕਿਹੜਾ ਹਾਂ? ਇਸ ਗੱਲ ਦਾ ਉਸ ਨੂੰ ਨਿਰਣਾ ਨਹੀਂ ਸੀ ਹੋ ਰਿਹਾ।

ਉਸ ਸਮੇਂ ਗੁਰੂ ਦਸ਼ਮੇਸ਼ ਪਿਤਾ ਜੀ ਅਨੰਦਪੁਰ ਸਾਹਿਬ ਤੋਂ ਬਹੁਤ ਸਾਰੇ ਕਾਰਨਾਂ ਕਰਕੇ, ਹੁਕਮ ਵਿਚ ਪਾਉਂਟੇ ਸਾਹਿ ਰਹਿ ਰਹੇ ਸਨ। ਸਢੌਂਟਾ ਕਿਉਂਕਿ ਉਥੋਂ ਬਹੁਤੀ ਦੂਰ ਨਹੀਂ ਸੀ, ਸੰਗਤਾਂ ਸਢੌਂਟੇ ਵਲੋਂ ਹੋ ਕੇ ਵੀ ਆਇਆ ਕਰਦੀਆਂ ਸਨ ਅਤੇ ਕਾਲੇ ਅੰਬ ਵਲੋਂ ਵੀ ਆਇਆ ਕਰਦੀਆਂ ਸਨ ਅਤੇ ਤਾਜੇਵਾਲ ਵਲੋਂ ਹੋ ਕੇ ਯਮਨਾ ਦੇ ਨਾਲ-ਨਾਲ ਵੀ ਆਇਆ ਕਰਦੀਆਂ ਸਨ।

ਬੁੱਧੂਸ਼ਾਹ ਜੀ ਸੰਗਤਾਂ ਲਈ ਲੰਗਰ ਚਲਾਇਆ ਕਰਦੇ ਸਨ। ਇਨ੍ਹਾਂ ਨੇ ਦੋ ਲੰਗਰ ਚਾਲੂ ਕੀਤੇ ਹੋਏ ਸਨ, ਇਕ ਹਿੰਦੂਆਂ ਲਈ ਇਕ ਇਸਲਾਮ ਦੇ ਅਨੁਆਈਆਂ ਲਈ ਅਤੇ ਸਾਰੇ ਧਰਮਾਂ ਦੇ ਸਾਧੂ ਸੰਤ ਇਨ੍ਹਾਂ ਦੀ ਪਿਆਰ ਭਰੀ ਖਿੱਚ ਦੇ ਖਿੱਚੇ ਹੋਏ ਇਨ੍ਹਾਂ ਪਾਸ ਕਈ-ਕਈ ਦਿਨ ਠਹਿਰ ਜਾਇਆ ਕਰਦੇ ਸਨ। ਹਿੰਦੂ ਸੰਤਾਂ ਤੋਂ ਇਹ ਵੇਦਾਂਤ ਸ਼ਾਸਤਰ ਵੀ ਸਰਵਣ ਕਰਿਆ ਕਰਦੇ ਸਨ ਅਤੇ ਪਾਤੰਜਲ ਯੋਗ ਬਾਰੇ ਵੀ ਕਾਫੀ ਵਾਕਫੀਅਤ ਰਖਦੇ ਸਨ, ਗੁਰਸਿੱਖ ਸੰਗਤਾਂ ਜੋ ਇਥੋਂ ਹੋ ਕੇ ਲੰਘਿਆ ਕਰਦੀਆਂ ਸਨ ਉਨ੍ਹਾਂ ਤੋਂ ਪੁਛਿਆ ਕਰਦੇ ਸਨ -

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥ ਅੰਗ- 550***

ਇਸ ਵਿਚ ਉਹ ਕਿਹੜਾ ਪੰਖੇਰੂ ਹੈ ਜਿਹੜਾ ਸ਼ਾਂਤ, ਪ੍ਰੇਮ ਅਨੰਦ, ਅਫੁਰ ਅਵਸਥਾ ਨੂੰ ਮਾਣ ਰਿਹਾ ਹੈ ਜਿਸ ਅਵਸਥਾ ਵਿਚ ਮਨ ਅਮਨ ਹੋ ਜਾਂਦਾ ਹੈ, ਵਾਸ਼ਨਾ ਖ੍ਹੈ ਹੋ ਜਾਂਦੀ ਹੈ ਅਤੇ ਤੱਤ ਗਿਆਨ ਪ੍ਰਗਟ ਹੋ ਜਾਂਦਾ ਹੈ। ਦੂਸਰਾ ਉਹ ਪੰਛੀ ਜਿਹੜਾ ਉਡਾਰੀਆਂ ਮਾਰ ਕੇ ਦੁਖ-ਸੁਖ ਵਿਚ, ਹਰਖ ਸੋਗ ਵਿਚ ਆ ਕੇ ਹਸਦਾ ਤੇ ਰੋਂਦਾ ਹੈ ਉਹ ਕਿਹੜਾ ਹੈ? ਮੈਂ ਦੋਹਾਂ ਵਿਚੋਂ ਕਿਹੜਾ ਹਾਂ ਕਿਉਂਕਿ ਮੈਨੂੰ ਸਮਝ ਨਹੀਂ ਪੈ ਰਹੀ?

ਉਚ ਕੋਟੀ ਦੇ ਗੁਰਮੁਖ ਨੇ ਉਸ ਨੂੰ ਸਲਾਹ ਦੇਣੀ ਕਿ ਕਲਜੁਗ ਦੇ ਤਾਰਕ ਸਰਬ ਕਲਾ ਸਮਰੱਥ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਵੇਂ ਪਾਤਸ਼ਾਹ ਤੁਹਾਡੇ ਨੇੜੇ ਹੀ ਪਾਉਂਟਾ ਸਾਹਿਬ ਵਿਚ ਸੰਗਤਾਂ ਨਾਲ ਵਿਚਾਰਾਂ ਕਰਦੇ ਹਨ। ਤੁਸੀਂ ਜਾ ਕੇ ਉਥੇ ਉਨ੍ਹਾਂ ਪਾਸੋਂ ਇਹ ਨਿਰਣਾ ਲਵੋ ਤਾਂ ਕਿ ਜੋ ਤੁਹਾਡੇ ਅੰਦਰ ਭਰਮ ਪਿਆ ਹੋਇਆ ਹੈ ਉਹ ਦੂਰ ਹੋ ਜਾਵੇ। ਪੀਰ ਜੀ! ਗੁਰੂ ਨਾਨਕ ਪਾਤਸ਼ਾਹ ਦਾ ਫੁਰਮਾਨ ਹੈ ਕਿ ਸਮਰੱਥ ਗੁਰੂ ਤੋਂ ਬਿਨਾਂ ਕੋਈ ਨਿਰਣਾ ਨਹੀਂ ਕਰਾ ਸਕਦਾ, ਨਾ ਹੀ ਪਤਾ ਲਗ ਸਕਦਾ ਹੈ ਕਿ ਅਸਲੀ ਰੂਹ ਕਿਹੜੀ ਹੈ। ਸਾਨੂੰ ਤਾਂ ਐਨਾ ਹੀ ਪਤਾ ਹੈ ਕਿ ਸਰੀਰ ਦੇ ਬੁੱਧੀ ਰੂਪ ਤਰਵਰ ਉਪਰ ਸਾਖੀ ਚੇਤਨ ਨਿਵਾਸ ਰਖਦਾ ਹੈ, ਚੇਤਨਾ

ਸੱਤਾ ਅਤੇ ਮਾਇਆ ਦੇ ਮਿਲੇ ਹੋਏ ਵਾਤਾਵਰਣ ਉਤੇ ਸਾਖੀ ਚੇਤਨ ਦਾ ਪ੍ਰਤੀਬਿੰਬ ਪੈਂਦਾ ਹੈ। ਇਸ ਕਰਕੇ ਇਸ ਦਾ ਪਰਛਾਵਾਂ ਅਮਰਵੇਲ ਵਾਂਗੂੰ ਉਸ ਉਪਰ ਪੈਂਦਾ ਹੈ ਜਿਸ ਨੂੰ ਜੀਵ ਚੇਤਨ ਆਖਿਆ ਜਾਂਦਾ ਹੈ। ਇਸ ਗੱਲ ਦਾ ਨਿਰਣਾ ਗੁਰੂ ਦਸ਼ਮੇਸ਼ ਪਿਤਾ ਜੀ ਦੇ ਪਾਸ ਜਾ ਕੇ ਕਰ ਲਵੋ ਕਿਉਂਕਿ ਉਹ ਆਪਣੀ ਗੁਰੂ ਸੱਤਾ ਰਾਹੀਂ ਤੁਹਾਡੇ ਸਾਰੇ ਭਰਮਾਂ ਦਾ ਨਾਸ਼ ਕਰਨ ਦੀ ਸਮਰੱਥਾ ਰਖਦੇ ਹਨ।

ਇਹ ਪ੍ਰਭਾਵ ਕਬੂਲ ਕਰਦਾ ਹੋਇਆ ਬੁੱਧੂ ਸ਼ਾਹ ਪਾਉਂਟਾ ਸਾਹਿਬ ਜਾਂਦੇ ਹਨ। ਮਨ ਵਿਚ ਅਥਾਹ ਸ਼ਰਧਾ ਹੈ ਅਤੇ ਇਰਾਦਾ ਰਖਦਾ ਹੈ ਕਿ ਮੈਂ ਗੁਰੂ ਮਹਾਰਾਜ ਜੀ ਦੇ ਚਰਨ ਉਸ ਸਮੇਂ ਛੱਡਣੇ ਹਨ ਜਦੋਂ ਉਨ੍ਹਾਂ ਨੇ ਸੱਚੀ ਰੂਹ ਦੀ ਸੂਝ ਦੇ ਦਿਤੀ ਅਤੇ ਰੁਕਾਵਟਾਂ ਲੰਘਾ ਦਿਤੀਆਂ ਅਤੇ ਪਰਤੱਖ ਰੂਪ ਵਿਚ ਸਾਖੀ ਚੇਤਨ ਦਾ ਪ੍ਰਕਾਸ਼ ਕਰਾ ਦਿਤਾ।

ਜਦੋਂ ਆਪ ਜੀ ਚਲੇ ਤਾਂ ਆਪ ਦੇ ਨਾਲ ਬੜੀ ਵੱਡੀ ਗਿਣਤੀ ਵਿਚ ਮੁਰੀਦ ਵੀ ਚਲ ਪਏ। ਗੁਰੂ ਸਾਹਿਬ ਦੇ ਨੇੜੇ ਜਾਂਦਿਆਂ ਤਕ ਇਸ ਦੀ ਸ਼ਰਧਾ ਵਿਚ ਤ੍ਰੇੜਾਂ ਪੈ ਚੁਕੀਆਂ ਸਨ। ਇਸ ਦੇ ਅੰਦਰ ਸੋਚ ਜਾਗੀ ਕਿ ਮੈਂ ਵਡੇਰੀ ਉਮਰ ਦਾ, ਸਾਰੀਆਂ ਸਾਧਨਾਂ ਸੰਪੰਜ ਆਪਣੇ ਮੁਰੀਦਾਂ ਵਿਚ ਮੰਨਿਆ ਪ੍ਰਮੰਨਿਆ ਦਰਵੇਸ਼ ਹਾਂ, ਹਜ਼ਾਰਾਂ ਮੇਰੇ ਮੁਰੀਦ ਹਨ, ਉਹ ਮੇਰੀਆਂ ਕਰਾਮਾਤਾਂ ਦੇ ਕਾਇਲ ਹੋ ਕੇ ਮੈਨੂੰ ਸਮਰੱਥ ਪੀਰ ਜਾਣਦੇ ਹਨ ਪਰ ਮੈਂ ਆਪਣੇ ਆਪ ਨੂੰ ਜਾਣਦਾ ਹਾਂ ਕਿ ਅਜੇ ਮੈਂ ਮੰਜ਼ਲ ਤੇ ਨਹੀਂ ਪੁਜ ਸਕਿਆ। ਨੇੜੇ ਜਾ ਕੇ ਖਿਆਲ ਆਇਆ ਕਿ ਜੇ ਮੈਂ ਇਸ ਛੋਟੀ ਉਮਰ ਦੇ ਗੁਰੂ ਦੇ ਚਰਨਾਂ ਤੇ ਨਮਸ਼ਕਾਰ ਕਰਨ ਲਗ ਗਿਆ ਤਾਂ ਮੇਰੇ ਮੁਰੀਦਾਂ ਉਪਰ ਕੀ ਅਸਰ ਹੋਵੇਗਾ, ਉਹ ਕਿਤੇ ਬੇਮੁਖ ਨਾ ਹੋ ਜਾਣ।

ਸੋ ਇਨ੍ਹਾਂ ਹਾਲਾਤਾਂ ਵਿਚ ਗੁਰੂ ਸਾਹਿਬ ਨੂੰ ਮਿਲਦਾ ਹੈ ਅਤੇ ਖੁਦਾ ਦੇ ਮਿਲਾਪ ਦਾ ਪ੍ਰਸ਼ਨ ਲੈ ਕੇ ਗੁਰੂ ਮਹਾਰਾਜ ਜੀ ਪਾਸ ਆਉਂਦਾ ਹੈ, ਦਸਤਪੰਜਾ ਲੈ ਕੇ ਬੈਠ ਜਾਂਦਾ ਹੈ ਅਤੇ ਪ੍ਰਸ਼ਨ ਕਰਦਾ ਹੈ ਕਿ ਗੁਰੂ ਜੀ ਖੁਦਾ ਅਤੇ ਰੂਹ ਦਾ ਮਿਲਾਪ ਕੈਸੇ ਹੋ?

ਗੁਰੂ ਮਹਾਰਾਜ ਨੇ ਸਹਿਜ ਨਾਲ ਹੀ ਫੁਰਮਾ ਦਿਤਾ ਕਿ ਰਾਤ ਕਾ ਦਿਨ ਕੇ ਸਾਥ ਜੈਸੇ ਹੋਤਾ ਹੈ। ਗੱਲ ਇਸ ਦੀ ਸਮਝ ਵਿਚ ਨਹੀਂ ਪੈਂਦੀ ਕਿਉਂਕਿ ਅੱਜ ਤਕ ਰਾਤ ਦਿਨ ਨੂੰ ਨਹੀਂ ਮਿਲਦੀ। ਜੇ ਰਾਤ ਹੋ ਜਾਵੇ ਤਾਂ ਦਿਨ ਨਹੀਂ ਰਹਿੰਦਾ, ਜੇ ਦਿਨ ਹੁੰਦਾ ਹੈ ਤਾਂ ਰਾਤ ਨਹੀਂ ਹੁੰਦੀ। ਇਹ ਤਾਂ ਕੋਈ ਮਿਲਾਪ ਨਾ ਹੋਇਆ, ਇਉਂ ਲਗਦਾ ਹੈ ਕਿ ਇਕ ਚੀਜ਼ ਨੂੰ ਖਤਮ ਹੋਣਾ ਪੈਂਦਾ ਹੈ। ਰਾਤ ਆਪਣੇ ਆਪ ਨੂੰ ਖਤਮ ਕਰਦੀ ਹੈ ਦਿਨ ਪ੍ਰਕਾਸ਼ ਕਰਦਾ ਹੈ। ਕਾਫੀ ਦੇਰ ਬਾਅਦ ਮਹਾਰਾਜ ਜੀ ਨੇ ਸਹਿਜ ਨਾਲ ਕਿਹਾ ਕਿ ਪੀਰ ਜੀ! ਤੁਸੀਂ ਠੀਕ ਹੀ ਸੋਚ ਰਹੇ ਹੋ। ਉਸ ਸਮੇਂ ਪੀਰ ਜੀ ਨੇ ਕਿਹਾ ਸਤਿਗੁਰੂ ਜੀ! ਮੈਨੂੰ ਸਮਝ ਨਹੀਂ ਆ ਰਿਹਾ, ਦਿਨ ਆਇਆਂ ਰਾਤ ਤਾਂ ਰਹਿੰਦੀ ਹੀ ਨਹੀਂ, ਮੈਂ ਤਾਂ ਪੁਛਿਆ ਸੀ ਕਿ ਅੱਲਾਹ ਔਰ ਰੂਹ ਕਾ ਮਿਲਾਪ ਕੈਸੇ ਹੋ? ਮਹਾਰਾਜ ਜੀ ਨੇ ਫੁਰਮਾਨ ਕਰ ਦਿਤਾ ਕਿ ਪੀਰ ਜੀ! ਸੱਚ ਕਾ ਔਰ ਝੂਠ ਕਾ ਜੈਸੇ ਮਿਲਾਪ ਹੋਤਾ ਹੈ ਉਸੀ ਤਰਹ ਸੇ ਅੱਲਾਹ ਕਾ ਮਿਲਾਪ ਹੋਤਾ ਹੈ। ਪੀਰ ਬੁੱਧੂ ਸ਼ਾਹ ਜੀ ਨੇ ਕਿਹਾ ਕਿ ਬਾਤ ਅਭੀ ਭੀ ਮੇਰੇ ਸਮਝ ਮੇਂ ਨਹੀਂ ਆਈ? ਮਹਾਰਾਜ ਜੀ ਕਹਿਣ ਲੱਗੇ, "ਪੀਰ ਜੀ! ਜੈਸੇ ਦਿਨ ਚੜ੍ਹਨੇ ਸੇ ਰਾਤ ਕਾ ਹਨ੍ਹੇਰਾ ਖਤਮ ਹੋ ਜਾਤਾ ਹੈ ਇਸੀ ਤਰਹ ਸੱਚ ਕਾ ਸੂਰਜ ਚੜ੍ਹਨੇ ਸੇ ਝੂਠੀ 'ਮੈਂ' ਖਤਮ ਹੋ ਜਾਤੀ ਹੈ।" ਤਾਂ ਪਰਿ ਜੀ ਨੇ ਕਿਹਾ ਕਿ ਪੀਰ ਜੀ! ਜਿਸ ਤਰਹ ਸਾਰੇ ਸੰਸਾਰ ਮੇਂ ਝੂਠ ਕਾ ਹਨ੍ਹੇਰਾ ਛਾਇਆ ਹੂਆ ਹੈ ਇਸੀ ਤਰਹ ਹਰ ਏਕ ਪ੍ਰਾਣੀ ਕੇ ਅੰਦਰ ਝੂਠੀ ਰੂਹ ਅਮਰਵੇਲ ਕੀ ਤਰਹ ਫੈਲ ਰਹੀ ਹੈ, ਅਪਨੇ ਆਪ ਕੋ ਪਹਿਚਾਨੋ। ਹਉਮੈ ਦੇ ਹਨ੍ਹੇਰੇ ਦੇ ਹਨ੍ਹੇਰੇ ਨੇ ਸੱਚ ਨੂੰ ਪੂਰੀ ਤਰ੍ਹਾਂ ਨਾਲ ਢਕ ਲਿਆ ਹੈ। ਸੱਚ ਦਾ ਪ੍ਰਕਾਸ਼ ਹੋਇਆਂ ਇਹ ਝੂਠ ਖਤਮ ਹੋ ਜਾਂਦਾ ਹੈ, ਇਸ ਸੰਸਾਰ ਵਿਚ ਅੱਲਾਹ ਤਾਲਾ ਦਾ ਹੁਕਮ ਚਲ ਰਿਹਾ ਹੈ ਉਸ ਹੁਕਮ ਨੂੰ ਪਛਾਣ, ਉਸ ਦੀ ਪਛਾਣ ਹੋਇਆਂ ਹਉਮੈ ਦਾ ਨਾਸ਼ ਹੋ ਜਾਵੇਗਾ ਤੇ ਸੱਚੀ ਰੂਹ ਦਾ ਪ੍ਰਕਾਸ਼ ਹੋ ਜਾਵੇਗਾ। ਸਾਰਾ ਝਗੜਾ ਹਉਮੈ ਤੱਤ ਨੇ ਪਾਇਆ ਹੋਇਆ ਹੈ ਜੋ ਗੁਰੂ ਦੀ ਕ੍ਰਿਪਾ ਬਿਨਾਂ ਅਤੇ ਸੱਚੇ ਸਤਿਸੰਗ ਦੀ ਪ੍ਰਾਪਤੀ ਬਿਨਾਂ ਦੂਰ ਨਹੀਂ ਹੋਇਆ ਕਰਦਾ। ਪੀਰ ਜੀ ਕਹਿੰਦੇ ਹਨ ਕਿ ਮੈਂ ਤਾਂ ਸਤਿਸੰਗ

ਵਿਚ ਆਇਆ ਹਾਂ। ਗੁਰੂ ਮਹਾਰਾਜ ਜੀ ਕਹਿਣ ਲੱਗੇ, ''ਆਇਆ ਤਾਂ ਹੈਂ ਪਰ ਝੂਠ ਦਾ ਬੁਰਕਾ ਪਾ ਕੇ ਆਇਆ ਹੈਂ ਕਿ ਮੇਰੇ ਹਜ਼ਾਰਾਂ ਮੁਰੀਦ ਹਨ, ਇਸ ਗੁਰੂ ਦੀ ਉਮਰ ਛੋਟੀ ਹੈ, ਇਹ ਹਿੰਦੂ ਹੈ, ਮੈਂ ਮੁਸਲਮਾਨ ਹਾਂ; ਜੇ ਮੈਂ ਇਸ ਦੇ ਚਰਨਾਂ ਤੇ ਮਸਤਕ ਲਾਇਆ ਤਾਂ ਮੇਰੇ ਮੁਰੀਦ ਕੀ ਕਹਿਣਗੇ। ਸੋ ਇਸ ਤਰ੍ਹਾਂ ਤੇਰਾ ਸਤਿਸੰਗ ਵਿਚ ਆਉਣਾ ਝੂਠ ਦੀ ਸੰਜੋਅ ਪਹਿਨੀ ਹੋਣ ਕਰਕੇ ਕੋਈ ਅਸਰ ਨਹੀਂ ਕਬੂਲ ਰਿਹਾ। ਝੂਠ ਦਾ ਬੁਰਕਾ ਲਾਹ ਦੇਵੋ, ਉਸੇ ਵੇਲੇ ਸੱਚ ਦਾ ਪ੍ਰਕਾਸ਼ ਹੋ ਜਾਵੇਗਾ। ਤੂੰ ਸਾਖੀ ਚੇਤਨ ਹੈਂ ਜਿਸ ਨੂੰ ਆਤਮਾ ਕਿਹਾ ਜਾਂਦਾ ਹੈ। ਸਾਰਾ ਪਸਾਰਾ ਆਤਮਾ ਤੋਂ ਹੋਇਆ ਹੈ, ਆਤਮਾ ਹੀ ਬ੍ਰਹਮ ਹੈ, ਆਤਮਾ ਹੀ ਸਤਿ ਹੈ, ਆਤਮਾ ਹੀ ਏਕੰਕਾਰ ਹੈ, ਸਭ ਆਤਮਾ ਹੀ ਆਤਮਾ ਹੈ। ਤੇਰੇ ਅੰਦਰ, ਸਾਰੀ ਜੜ੍ਹ ਚੇਤਨ ਪ੍ਰਕ੍ਰਿਤੀ ਦੇ ਅੰਦਰ ਇਕੋ ਆਤਮਾ ਪਰੀਪੂਰਨ ਹੈ।''

ਕਹਿਣ ਲੱਗਿਆ, ''ਗੁਰੂ ਜੀ! ਤਾਂ ਫੇਰ ਮੇਰਾ ਕੋਈ ਵਜੂਦ ਨਾ ਹੋਇਆ, ਮੈਂ ਕੁਝ ਵੀ ਨਾ ਹੋਇਆ?'' ਗੁਰੂ ਮਹਾਰਾਜ ਜੀ ਕਹਿਣ ਲੱਗੇ ਕਿ ਪੀਰ ਜੀ! ਇਸ 'ਮੈਂ' ਅਤੇ 'ਮੇਰੀ' ਨੇ ਸਤਿ ਦੇ ਪ੍ਰਕਾਸ਼ ਹੋਣ ਵਿਚ ਜ਼ਬਰਦਸਤ ਪੜਦਾ ਤਾਣਿਆ ਹੋਇਆ ਹੈ, ਇਹ 'ਮੈਂ-ਮੇਰੀ' ਝੂਠੀ ਹੈ, ਸਤਿ ਨਹੀਂ ਹੈ; ਸਤਿ ਅੱਲਾਹ ਦਾ ਨੂਰ ਹੈ, ਅੱਲਾਹ ਆਪ ਹੀ ਹੈ। ਉਸ ਦੇ ਹੁਕਮ ਦੀ ਪਛਾਣ ਨਾਲ ਹਉਮੈ ਦਾ ਨਾਸ਼ ਹੋ ਜਾਵੇਗਾ। ਆਪਣੀ 'ਮੈਂ' ਵਿਚੋਂ ਖਤਮ ਕਰ ਦੇ, ਤੂੰ ਹੀ ਆਤਮਾ ਹੈਂ, ਤੂੰ ਹੀ ਪ੍ਰਮਾਤਮਾ ਹੈਂ, ਇਹ ਸਭ ਕੁਝ ਪ੍ਰਮਾਤਮਾ ਹੈ। ਪ੍ਰਮਾਤਮਾ ਵਿਚ 'ਤੂੰ ਤੇ ਮੈਂ' ਦੋਵੇਂ ਨਹੀਂ ਹਨ। ਇਕ ਆਤਮਾ ਦਾ ਹੀ ਪਸਾਰਾ ਹੈ ਜਲ ਥਲ ਮਹੀਅਲ ਉਹ ਆਪ ਹੀ ਹੈ, ਇਹ ਸੱਚੀ ਰੂਹ ਹੈ ਪਰਮ ਆਪਾ ਹੈ ਪਰ ਝੂਠੀ ਮੈਂ ਜੀਵ ਆਤਮਾ ਦੇ ਰੂਪ ਵਿਚ ਅਮਰਵੇਲ ਵਾਂਗੂੰ ਪਸਰੀ ਹੋਈ ਹੈ। ਹਰ ਜੀਵ ਦੇ ਅੰਦਰ ਹੁਕਮ ਚਲ ਰਿਹਾ ਹੈ, ਹਰ ਜੀਵ ਦੇ ਮਸਕਤ ਵਿਚ ਚਲ ਰਿਹਾ ਹੈ, ਇਹ ਸਾਰੀ ਕ੍ਰਿਆ ਹੁਕਮ ਵਿਚ ਹੋ ਰਹੀ ਹੈ। ਝੱਟ ਹੀ ਪੀਰ ਬੁੱਧੂ ਸ਼ਾਹ ਬੋਲ ਉਠਿਆ ਕਿ ਪਾਤਸ਼ਾਹ! ਮੈਂ ਦੇਖਿਆ ਹੈ ਕਿ

ਤੁਹਾਡੀਆਂ ਫੌਜਾਂ ਮਸ਼ਕਾਂ ਕਰ ਰਹੀਆਂ ਹਨ, ਸ਼ਸਤਰ ਤਿਆਰ ਹੋ ਰਹੇ ਹਨ, ਯੋਧਿਆਂ ਨੂੰ ਜੁੱਧ ਦੀ ਸਿਖਿਆ ਦਿਤੀ ਜਾ ਰਹੀ ਹੈ, ਇਹ ਸਭ ਕਿਉਂ? ਗੁਰੂ ਮਹਾਰਾਜ ਜੀ ਨੇ ਕਿਹਾ ਕਿ ਇਹ ਸਭ ਹੁਕਮ ਦੀ ਕਾਰ ਹੋ ਰਹੀ ਹੈ, ਸਭ ਦੇ ਕਣ-ਕਣ ਵਿਚ ਹੁਕਮ ਵਰਤ ਰਿਹਾ ਹੈ, ਉਸ ਹੁਕਮ ਵਿਚ ਹੀ ਤੂੰ ਸਭ ਕੁਝ ਹੁੰਦਾ ਵੇਖ ਰਿਹਾ ਹੈਂ, ਅਸੀਂ ਵੀ ਦੇਖ ਰਹੇ ਹਾਂ, ਅਸੀਂ ਕੁਝ ਨਹੀਂ ਕਰ ਰਹੇ ਜਿਵੇਂ ਕਿ ਫੁਰਮਾਨ ਹੈ -

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ ਅੰਗ - 1***

ਅੱਲਾਹ ਦੇ ਹੁਕਮ ਨੂੰ ਪਛਾਣ, ਅੱਲਾਹ ਦੀ ਵਾਹਦ ਹੋਂਦ ਨੂੰ ਹਰ ਥਾਂ ਪਛਾਣ, ਤੇਰੀ ਹੋਂਦ ਝੂਠੀ ਹੈ ਇਹ ਹਉਮੈ ਕਰਕੇ ਪ੍ਰਤੀਤ ਦੇ ਰਹੀ ਹੈ, ਸਤਿ ਤਾਂ ਹੈ -

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ॥***

***ਅਕਾਲ ਉਸਤਤਿ***

ਸੋ ਇਸ ਤਰ੍ਹਾਂ ਦੇ ਨਾਲ ਬੁੱਧੂ ਸ਼ਾਹ ਦੇ ਹੋਰ ਸ਼ੰਕੇ ਦੂਰ ਕਰਨ ਵਾਸਤੇ ਅਤੇ ਅਸਾਡੇ ਸ਼ੰਕੇ ਦੂਰ ਕਰਨ ਵਾਸਤੇ 193 ਪੰਨਿਆਂ ਵਿਚ ਇਸ ਸਿਧਾਂਤ ਨੂੰ ਪੂਰੇ ਗੁਹਜ ਪ੍ਰਸ਼ਨਾਂ ਨੂੰ ਵਿਚਾਰ ਕੇ ਵਿਸਥਾਰ ਪੂਰਵਕ ਵਿਆਖਿਆ ਕੀਤੀ ਗਈ ਹੈ। ਪੰਜ ਵੀਡੀਓ ਫਿਲਮਾਂ 15 ਘੰਟੇ ਦੇ ਦੀਵਾਨਾਂ ਦੀਆਂ ਰਿਕਾਰਡ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ ਹਰ ਪਹਿਲੂ ਤੋਂ, ਹਰ ਨੁਕਤੇ ਤੋਂ ਵਿਚਾਰ ਕੀਤੀ ਗਈ ਹੈ। ਉਨ੍ਹਾਂ ਨੇ ਇਸ ਪੁਸਤਕ ਦਾ ਰੂਪ ਧਾਰਿਆ ਹੈ। ਪਹਿਲਾਂ ਛਪੀਆਂ ਹੋਈਆਂ ਪੰਜ ਹਜ਼ਾਰ ਅਤੇ ਤਿੰਨ ਹਜ਼ਾਰ (ਕੁਲ 8,000) ਪੰਜਾਬੀ ਵਿਚ, ਤਿੰਨ ਹਜ਼ਾਰ ਹਿੰਦੀ ਵਿਚ, ਦੋ ਹਜ਼ਾਰ ਅੰਗਰੇਜ਼ੀ ਵਿਚ ਕਲ 13, 000 ਪੁਸਤਕਾਂ ਵਿਚੋਂ ਪੰਜਾਬੀ ਦੀ ਪੁਸਤਕ ਖਤਮ ਹੋਣ ਤੇ ਪਾਠਕਾਂ ਦੀ ਮੰਗ ਨੂੰ ਮੁਖ ਰਖਦਿਆਂ ਹੋਇਆਂ ਹੁਣ ਪੰਜਾਬੀ ਵਿਚ ਤੀਜੀ ਵਾਰੀ ਛਪਵਾ ਕੇ ਹਾਜ਼ਰ ਕੀਤੀ ਗਈ ਹੈ। ਪਾਠਕ ਜਨ, ਜਿਨ੍ਹਾਂ ਨੂੰ ਆਤਮ ਸਾਖਸ਼ਾਤ ਕਰਨ ਦੀ ਲਗਨ ਹੈ ਅਤੇ ਜੋ ਉੱਚ ਪੱਧਰ ਦੇ ਜਗਿਆਸੂ ਹਨ, ਉਨ੍ਹਾਂ ਨੂੰ ਇਸ ਪੁਸਤਕ ਰਾਹੀਂ ਗੁਰਬਾਣੀ

ਦੇ ਚਾਨਣ ਵਿਚ ਭਰਮ ਦੇ ਪੜ੍ਹਦੇ ਤੋੜਨ ਦਾ ਉਤਸ਼ਾਹ ਮਿਲੇਗਾ। ਜਦੋਂ ਇਸ ਦੀ ਕਮਾਈ ਕੀਤੀ ਗਈ ਤਾਂ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਕੇ ਗੁੱਝੇ ਭੇਤਾਂ ਨੂੰ ਸਮਝਣ ਦੇ ਸਮਰੱਥ ਹੋ ਕੇ ਨਿਸ਼ਚੇਪੂਰਵਕ ਹੁਕਮ ਦੀ ਪਾਲਣਾ ਵਿਚ ਤਤਪਰ ਹੋ ਜਾਵੋਂਗੇ ਅਤੇ ਸੱਚੀ 'ਮੈਂ' ਜਿਸਨੂੰ ਆਤਮਾ ਆਖਦੇ ਹਨ, ਪ੍ਰਮਾਤਮਾ ਆਖਦੇ ਹਨ, ਏਕੰਕਾਰ ਆਖਦੇ ਹਨ ਉਹ ਸਭ ਵਿਚ ਵਿਆਪਕ ਨਦਰ ਆ ਕੇ, ਪਰਮ ਪਦ ਪ੍ਰਾਪਤ ਕਰਕੇ ਸਾਰੇ ਦੁਖਾਂ ਦਾ ਖਾਤਮਾ ਕਰਕੇ ਪਰਮ ਅਨੰਦ ਦੀ ਅਵਸਥਾ ਪ੍ਰਾਪਤ ਕਰ ਲਵੋਂਗੇ।

ਵਰਿਆਮ ਸਿੰਘ
ਬਾਨੀ, ਮੁਖੀ ਤੇ ਚੇਅਰਮੈਨ
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

# ਦੋ ਸ਼ਬਦ

ਮਹਾਂਪੁਰਸ਼ (ਸੰਤ ਵਰਿਆਮ ਸਿੰਘ ਜੀ) ਦੀ ਪੁਸਤਕ 'ਕਿਵ ਕੂੜੈ ਤੁਟੈ ਪਾਲਿ?' ਦਾ ਪਹਿਲਾ ਸੰਸਕ੍ਰਣ ਅਪ੍ਰੈਲ 1995 ਵਿਚ ਛਪਿਆ ਸੀ, ਦੂਜਾ ਅਪ੍ਰੈਲ 1998 ਤੇ ਤੀਜਾ ਸਤੰਬਰ 1999 ਵਿਚ। ਇਸ ਦਾ ਅੰਗ੍ਰੇਜ਼ੀ ਅਨੁਵਾਦ (How rend the veil of Un-truth?) 1998 ਵਿਚ ਛਪਿਆ ਤੇ ਇਸ ਤਰ੍ਹਾਂ ਪੰਜਾਬੀ, ਹਿੰਦੀ, ਅੰਗ੍ਰੇਜ਼ੀ ਤਿੰਨ ਭਾਸ਼ਾਵਾਂ ਵਿਚ ਛਪੀਆਂ ਹਜ਼ਾਰਾਂ ਕਾਪੀਆਂ ਦੇਸ-ਪ੍ਰਦੇਸ ਵਿਚ ਵਸਦੀਆਂ ਲੱਖਾਂ ਸੰਗਤਾਂ ਦੇ ਘਰਾਂ ਦਾ ਸ਼ਿੰਗਾਰ ਬਣੀਆਂ, ਹਨ੍ਹੇਰੇ ਮਨਾਂ ਨੂੰ ਰੌਸ਼ਨ ਕੀਤਾ, ਗੁਰਮਤਿ ਦੇ ਮੂਲ ਸਿਧਾਂਤ ਦੀ ਸੋਝੀ ਬਖਸ਼ੀ, ਕੱਚ ਨਾਲੋਂ ਤੋੜ ਕੇ ਸੱਚ ਨਾਲ ਜੋੜਿਆ, ਕੂੜਿਆਰੇ ਜੀਵਨ ਵਿਚੋਂ ਕੱਢ ਕੇ 'ਸਚਿਆਰਾ ਜੀਵਨ' ਪ੍ਰਦਾਨ ਕੀਤਾ। ਇਹ ਸਾਰੀ ਬਖਸ਼ਿਸ਼ ਹੈ ਗੁਰਬਾਣੀ ਦੀ, ਇਹ ਕਮਾਲ ਹੈ ਮਹਾਂਪੁਰਸ਼ਾਂ ਦੀ ਲਿਖਤ ਦਾ, ਜੋ ਗੁਰਮਤਿ ਦੀਵਾਨਾਂ ਅਤੇ ਇਸ ਪੁਸਤਕ ਰਾਹੀਂ ਰੂਪਮਾਨ ਹੋਇਆ।

ਇਸ ਪੁਸਤਕ ਵਿਚ ਅਤੇ ਐਸੀਆਂ ਸਾਰੀਆਂ ਲਿਖਤਾਂ ਵਿਚ ਅਤੇ ਦੀਵਾਨਾਂ ਵਿਚ ਪ੍ਰਾਪਤ ਮਹਾਂਪੁਰਸ਼ਾਂ ਦੇ ਪ੍ਰਵਚਨ ਉਨ੍ਹਾਂ ਦੇ ਡੂੰਘੇ ਰੂਹਾਨੀ ਅਨੁਭਵ ਵਿਚੋਂ ਪ੍ਰਗਟ ਹੋਏ ਹਨ। ਸੱਚ ਦੀ ਐਸੀ ਉੱਚੀ ਸੁੱਚੀ ਵਿਚਾਰਧਾਰਾ ਵਿਰਲੀਆਂ ਬਖਸ਼ੀਆਂ ਹੋਈਆਂ ਰੂਹਾਂ ਨੂੰ ਪ੍ਰਾਪਤ ਹੁੰਦੀ ਹੈ -

***ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ ॥***

***ਅੰਗ - 945***

ਇਸ ਅੰਮ੍ਰਿਤਮਈ ਗੁਰੂ ਬਾਣੀ ਵਿਚ ਪਰਮ-ਤੱਤ ਦਾ ਬਖਾਨ ਹੈ, ਇਹ ਪ੍ਰਭੂ ਵਿਚ ਖੁਭੀ ਸੁਰਤਿ ਵਿਚੋਂ ਹੀ ਪ੍ਰਗਟ ਹੋਈ ਹੈ ਅਤੇ ਗੁਰੂ ਚਰਨਾਂ ਵਿਚ ਜੁੜੀ ਹੋਈ ਸੁਰਤਿ ਰਾਹੀਂ ਹੀ ਇਸ ਦਾ ਅਨੁਭਵ ਪ੍ਰਾਪਤ ਹੁੰਦਾ ਹੈ -

***ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥***
***ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀਂ ਕਰਮਿ ਧਿਆਈ ॥***

***ਅੰਗ - 1243***

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਸਾਰੀ ਬਾਣੀ ਧੁਰ ਕੀ ਬਾਣੀ ਹੈ -

***ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥***

***ਅੰਗ- 628***

ਇਸ 'ਧੁਰ ਕੀ ਬਾਣੀ' ਦੇ ਸੰਗ੍ਰਹਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਰਚਨਾ ਗੁਰੂ ਨਾਨਕ ਦੇਵ ਜੀ ਦੀ ਉਚਾਰਨ ਕੀਤੀ ਬਾਣੀ ਜਪੁਜੀ ਸਾਹਿਬ ਹੈ ਜਿਸ ਨੂੰ ਗੁਰੂ ਗ੍ਰੰਥ ਸਾਹਿਬ ਦਾ ਸਾਰ ਮੰਨਿਆ ਜਾਂਦਾ ਹੈ। ਇਸ ਬਾਣੀ ਦੇ ਪ੍ਰਾਰੰਭ ਵਿਚ ਹੀ ਜੀਵਨ ਦਾ ਮਨੋਰਥ ਸਚਿਆਰ ਪਦ ਨੂੰ ਪ੍ਰਾਪਤ ਕਰਨਾ ਦਸਿਆ ਹੈ ਤੇ ਨਾਲ ਹੀ ਇਹ ਪ੍ਰਸ਼ਨ ਉਠਾਇਆ ਹੈ 'ਕਿਵ ਸਚਿਆਰਾ ਹੋਈਐ' 'ਕਿਵ ਕੂੜੈ ਤੁਟੈ ਪਾਲਿ'? (ਪਉੜੀ 1) ਭਾਵ ਇਹ ਹੈ ਕਿ ਕੂੜ ਦੀ ਦੀਵਾਰ ਨੂੰ ਢਾਹ ਕੇ ਹੀ ਸਚਿਆਰ ਪਦ ਦੀ ਪ੍ਰਾਪਤੀ ਹੋ ਸਕਦੀ ਹੈ। 'ਕੂੜ ਦੀ ਦੀਵਾਰ' ਕਿਹੜੀ ਹੈ? ਹਉਂ ਦੀ ਭਾਵਨਾ, ਹਉਮੈ ਦਾ ਸੰਸਾਰ; ਮੈਂ, ਮੇਰੀ ਦਾ ਦੁਖ-ਸੁਖ ਦਾ ਸੰਸਾਰ ਜਦ ਕਿ ਸਭ ਪਸਾਰਾ ੴ ਦਾ, ਪ੍ਰਭੂ ਪਸਾਰਾ ਹੈ ਜੋ ਉਸ ਦੇ ਦੈਵੀ ਹੁਕਮ ਵਿਚ ਕਿਰਿਆਸ਼ੀਲ ਹੋਣਾ ਹੀ ਸਚਿਆਰ ਪਦ ਦੀ ਪ੍ਰਾਪਤੀ ਦਾ ਮਾਰਗ ਹੈ -

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ਅੰਗ- 1***

ਜਪੁਜੀ ਸਾਹਿਬ ਦੀਆਂ 40 ਪਉੜੀਆਂ ਇਸ ਸਚਿਆਰ ਪਦ ਦੀ ਪ੍ਰਾਪਤੀ ਦਾ ਮਾਰਗ ਦਰਸ਼ਨ ਹੋਇਆ ਹੈ। ਇਸ ਗੂੜ੍ਹ ਗਿਆਨ ਨੂੰ ਹੀ ਮਹਾਂਪੁਰਸ਼ਾਂ ਨੇ ਇਸ ਪੁਸਤਕ ਵਿਚ ਸਪਸ਼ਟ ਕੀਤਾ ਹੈ ਜੋ ਪੁਸਤਕ ਦੇ ਸਿਰਲੇਖ 'ਕਿਵ ਕੂੜੈ ਤੁਟੈ ਪਾਲਿ' ਤੋਂ ਹੀ ਸਪਸ਼ਟ ਹੋ ਜਾਂਦਾ ਹੈ।

ਪੁਸਤਕ ਵਿਚ ਪ੍ਰਾਪਤ ਸਾਰੀ ਸਮੱਗਰੀ ਗੁਰਬਾਣੀ ਤੇ ਆਧਾਰਿਤ ਹੈ ਅਤੇ ਇਸ ਨੂੰ ਸਾਖੀ ਪ੍ਰਮਾਣਾਂ ਰਾਹੀਂ ਬੜੇ ਵਿਗਿਆਨਕ ਤੇ ਸਰਲ ਢੰਗ ਨਾਲ ਸਪੱਸ਼ਟ ਕੀਤਾ ਹੈ। ਪੁਸਤਕ ਅਰੰਭਕ ਅਧਿਆਇ ਵਿਚ ਹੀ ਆਪ ਜੀ ਨੇ ਸਢੌਰੇ ਦੇ ਸੂਫੀ ਪੀਰ ਬੁੱਧੂ ਸ਼ਾਹ ਦੀ ਗੁਰੂ ਗੋਬਿੰਦ ਸਿੰਘ ਜੀ ਨਾਲ ਪਾਉਂਟਾ ਸਾਹਿਬ

ਵਿਖੇ ਭੇਂਟ ਰਾਹੀਂ ਦਰਸਾਇਆ ਹੈ। ਪ੍ਰਸ਼ਨ ਸੀ ਜੀਵਾਤਮਾ ਦਾ ਪਰਮ-ਆਤਮਾ ਨਾਲ ਮੇਲ ਕਿਵੇਂ ਹੋਵੇ? ਕਿੰਨਾ ਸਰਲ ਤੇ ਸੁਖੈਨ ਪਰ ਬੜਾ ਗੰਭੀਰ ਉਤਰ ਸੀ ਜਿਵੇਂ ਰਾਤ ਦੇ ਦਿਨ ਦਾ, ਜਿਵੇਂ ਹਨ੍ਹੇਰੇ ਤੇ ਚਾਨਣ ਦਾ। ਭਾਵ ਸੀ ਦਿਨ ਦੀ ਆਮਦ ਨਾਲ ਜਿਵੇਂ ਰਾਤ ਦੀ ਹੋਂਦ ਖਤਮ ਹੋ ਜਾਂਦੀ ਹੈ, ਜਿਵੇਂ ਚਾਨਣ ਦੇ ਪ੍ਰਕਾਸ਼ ਵਿਚ ਹਨ੍ਹੇਰਾ ਅਲੋਪ ਹੋ ਜਾਦਾ ਹੈ। ਐਸੇ ਹੀ ਸੱਚ ਦੇ ਪ੍ਰਕਾਸ਼ ਨਾਲ ਹਉਮੈ ਦੀ ਹੋਂਦ ਖਤਮ ਹੋ ਜਾਂਦੀ ਹੈ। ਐਸਾ ਹੀ ਗੁਰਬਾਣੀ ਦਾ ਸਿਧਾਂਤ ਹੈ -

***ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥***

***ਅੰਗ- 560***

ਆਪ ਜੀ ਦੇ ਅਨੁਭਵ ਵਿਚੋਂ ਨਿੱਜੀ ਸਾਧਨਾ ਅਤੇ ਪ੍ਰਭੂ ਬਖਸ਼ਿਸ਼ ਵਿਚੋਂ ਪ੍ਰਗਟ ਹੋਏ ਹਨ। ਇਸ ਲਈ ਇਨ੍ਹਾਂ ਬਚਨਾਂ ਵਿਚ ਸ਼ਕਤੀ ਹੈ, ਜੀਵਨ ਬਦਲ ਦੇਣ ਦਾ ਬਲ ਹੈ। ਐਸਾ ਸੰਗਤ ਨੇ ਪ੍ਰਤੱਖ ਦੇਖਿਆ ਹੈ, ਪਿੰਡੇ ਹੰਢਾਇਆ ਤੇ ਮਾਣਿਆ ਹੈ। ਦਾਸ ਨੂੰ ਮਹਾਂਪੁਰਸ਼ਾਂ ਦੀ ਸੰਗਤ ਕਰਨ ਦਾ ਲੰਮੇਰਾ ਸਮਾਂ ਗੁਰੂ ਜੀ ਨੇ ਬਖਸ਼ਿਸ਼ ਕੀਤਾ। ਯੂ.ਪੀ ਵਿਖੇ ਫਾਰਮ ਤੇ ਲੱਗੇ ਦੀਵਾਨਾਂ ਵਿਚ ਦਾਸ ਨੂੰ ਬਚਪਨ ਤੋਂ ਹੀ ਆਪ ਜੀ ਦੇ ਕੀਰਤਨੀ ਜੱਥੇ ਵਿਚ ਸ਼ਾਮਲ ਹੋਣ ਦਾ ਅਵਸਰ ਪ੍ਰਾਪਤ ਹੋਇਆ ਅਤੇ ਗੁਰੂ ਜੀ ਦੀ ਮਿਹਰ ਸਦਕਾ ਮਹਾਂਪੁਰਸ਼ਾਂ ਦੀ ਸੰਗਤ ਕਰਨ ਦਾ ਅਵਸਰ ਸਾਰਾ ਜੀਵਨ ਹੀ ਬਣਿਆ ਰਿਹਾ। ਦਾਸ ਨੇ ਪ੍ਰਤੱਖ ਤੌਰ ਤੇ ਮਹਾਂਪੁਰਸ਼ਾਂ ਦੇ ਪ੍ਰਵਚਨਾਂ ਦਾ ਤੇਜ ਪ੍ਰਤਾਪ ਵੇਖਿਆ ਤੇ ਮਾਣਿਆ ਹੈ। ਹਜ਼ਾਰਾਂ ਦੀ ਗਿਣਤੀ ਵਿਚ ਸ਼ਰਾਬੀਆਂ, ਚੋਰਾਂ, ਡਾਕੇ-ਮਾਰੂਆਂ ਅਤੇ ਐਬੀਆਂ ਨੇ ਆਪ ਜੀ ਦੇ ਬਚਨ ਸੁਣ ਕੇ, ਮੰਨ ਕੇ ਸੱਚਾ-ਸੁੱਚਾ ਗੁਰਸਿੱਖੀ ਜੀਵਨ ਧਾਰਨ ਕੀਤਾ, ਅੰਮ੍ਰਿਤ ਛਕ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਸਜੇ। ਜੀਵਨ ਸਫਲ ਹੋਇਆ। ਰਤਵਾੜਾ ਸਾਹਿਬ, ਰੋਪੜ ਇਲਾਕੇ ਵਿਚ, ਚੰਡੀਗੜ੍ਹ ਵਿਖੇ ਅਤੇ ਦੇਸ ਪ੍ਰਦੇਸ ਵਿਚ ਲੱਗੇ ਦੀਵਾਨਾਂ ਵਿਚ ਆਪ ਜੀ ਦੇ ਗੁਰਮਤਿ ਵਿਖਿਆਨ ਸੁਣਨ ਲਈ ਦੂਰ-ਦੂਰ ਤੋਨ ਸੰਗਤਾਂ ਪੁੱਜਦੀਆਂ ਅਤੇ ਕੂੜ ਦੀ ਪਾਲਿ ਕਿਵੇਂ ਟੁੱਟੇ? (ਕਿਵ

ਕੂੜੈ ਤੁਟੈ ਪਾਲਿ) ਦਾ ਭੇਦ ਜਾਣ ਕੇ, ਸਮਝ ਕੇ, ਧਾਰਨ ਕਰਕੇ ਜੀਵਨ ਸਫਲਾ ਕਰਦੀਆਂ। ਇਸੇ ਆਸ਼ੇ ਨੂੰ ਮੁੱਖ ਰਖਦਿਆਂ ਪੰਜ ਦੀਵਾਨਾਂ ਦਾ ਇਹ ਸੰਗ੍ਰਹਿ 'ਕਿਵ ਕੂੜੈ ਤੁਟੈ ਪਾਲਿ?' ਦਾ ਨਵਾਂ ਸੰਸਕ੍ਰਣ ਛਾਪਿਆ ਜਾ ਰਿਹਾ ਹੈ।

ਮਹਾਂਪੁਰਸ਼ਾਂ ਅਤੇ ਸਤਿਕਾਰਯੋਗ ਬੀਜੀ ਦੀ ਮਿੱਠੀ ਯਾਦ ਵਿਚ ਮਿਤੀ 30, 31 ਅਕਤੂਬਰ ਅਤੇ ਨਵੰਬਰ 1, 2, 2016 ਨੂੰ ਸਜ ਰਹੇ ਗੁਰਮਤਿ ਦੀਵਾਨਾਂ ਵਿਚ ਦੇਸ-ਪ੍ਰਦੇਸ ਤੋਂ ਗੁਰੂ ਮਹਾਰਾਜ ਦੇ ਦਰ 'ਤੇ ਹਾਜ਼ਰ ਹੋ ਰਹੀਆਂ ਸੰਗਤਾਂ ਨੂੰ ਇਹ ਪੁਸਤਕ 'ਕਿਵ ਕੂੜੈ ਤੁਟੈ ਪਾਲਿ?' ਦਾ ਨਵਾਂ ਸੰਸਕ੍ਰਣ ਭੇਟ ਕੀਤਾ ਜਾ ਰਿਹਾ ਹੈ।

ਦਾਸਨ ਦਾਸ

(ਬਾਬਾ) ਲਖਬੀਰ ਸਿੰਘ
ਜੀ, ਚੇਅਰਮੈਨ
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ
ਚੈਰੀਟੇਬਲ ਟਰੱਸਟ,
ਰਤਵਾੜਾ ਸਾਹਿਬ।

ਸੰਪਾਦਕ - ਭਾਈ ਸੁਖਵਿੰਦਰ ਸਿੰਘ
ਮੈਨੇਜਿੰਗ ਐਡੀਟਰ
ਅਦਾਰਾ 'ਆਤਮ ਮਾਰਗ', ਮਿਤੀ 16-10-2016
ਰਤਵਾੜਾ ਸਾਹਿਬ

# ①

ਸ਼ਾਨ.....................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਲਾਡ ਲਡਾਇਆ, ਤੇਰੇ ਭਰੋਸੇ ਮੈਂ - 2, 2.*
*ਤੇਰੇ ਭਰੋਸੇ ਮੈਂ ਲਾਡ ਲਡਾਇਆ॥*

*ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥*
*ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥ 1 ॥*
*ਸੁਹੇਲਾ ਕਹਨੁ ਕਹਾਵਨੁ ॥ ਤੇਰਾ ਬਿਖਮੁ ਭਾਵਨੁ ॥1॥ ਰਹਾਉ ॥*
*ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥*
*ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥ 2 ॥*
*ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥*
*ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥ 3 ॥*
*ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥*
*ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥ ਅੰਗ - 51-52*

*ਧਾਰਨਾ - ਸੁਣ ਮਨ ਮਿਤਰ ਪਿਆਰਿਆ,*
*ਮਿਲ ਵੇਲਾ ਹੈ ਇਹ - 2, 2.*

*ਜਬ ਲਗ ਜੋਬਨ ਸਾਸ ਹੈ, ਤਬ ਲਗ ਇਹ ਤਨ ਦੇਹ - 2*

ਸਾਧ ਸੰਗਤਿ ਜੀ, ਗੱਜ ਕੇ ਬੋਲਣਾ 'ਸਤਿਨਾਮੁ ਸ੍ਰੀ

ਵਾਹਿਗੁਰੂ'। ਦੁਨਿਆਵੀ ਕਾਰਜਾਂ ਤੋਂ ਵਿਹਲੇ ਹੋ ਕੇ, ਗੁਰੂ ਮਹਾਰਾਜ ਦੀ ਪ੍ਰੇਰਨਾ ਦੇ ਸਦਕੇ, ਆਪ ਸਾਰੇ ਸਤਿਸੰਗ ਸਮਾਗਮ ਵਿਚ ਸ਼ਾਮਲ ਹੋ ਕੇ ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਦੇ ਸਦਕੇ ਇਸ ਜਲਦੇ ਬਲਦੇ ਕਲਿਜੁਗ ਦੇ ਵਿਚ ਇਕ ਸ਼ਾਂਤ ਨਦੀ, ਸੀਤਲ ਜਲ ਦੀ ਨਦੀ, ਜਿਥੇ ਅੰਮ੍ਰਿਤ ਦੀ ਵਰਸ਼ਾ ਹੋ ਰਹੀ ਐ, ਉਹਦੇ ਵਿਚ ਆਪ ਨੂੰ ਬੈਠਣ ਦਾ ਸੁਭਾਗ ਪ੍ਰਾਪਤ ਹੋਇਐ।

ਗੁਰੂ ਨਾਨਕ ਪਾਤਸ਼ਾਹ - ਸੰਸਾਰ ਦੀ ਯਾਤਰਾ ਚਾਰ ਉਦਾਸੀਆਂ ਦੇ ਰੂਪ ਵਿਚ ਕਰਨ ਤੋਂ ਬਾਅਦ ਕਰਤਾਰਪੁਰ ਸਾਹਿਬ ਸੰਗਤਾਂ ਨੂੰ ਤਾਰ ਰਹੇ ਨੇ। ਦੂਰ-ਦਰਾਜ ਤੋਂ ਸੰਗਤਾਂ ਆਉਂਦੀਆਂ ਨੇ। ਉਸੇ ਸਮੇਂ ਆਪ ਦੀ ਕਨਸੋਅ ਦੂਰ-ਦੂਰ ਤੱਕ ਫੈਲੀ। ਜਗਿਆਸੂ ਮਨਾਂ ਤਕ ਖਬਰ ਪਹੁੰਚੀ। ਬਹੁਤ ਸਾਰੇ ਜਗਿਆਸੂ ਮਨਾਂ ਵਿਚ ਹਲਚਲ ਹੋਈ ਕਿ ਕੋਈ ਐਸਾ ਸੰਸਾਰ ਤੇ ਆ ਗਿਐ ਜੋ ਇਸ ਜੀਵ ਨੂੰ ਪ੍ਰਮੇਸ਼ਰ ਦੇ ਨਾਲ ਜੋੜ ਸਕਦੈ, ਤੇ ਉਨ੍ਹਾਂ ਵਿਚੋਂ ਭਾਈ ਲਹਿਣਾ - ਆਪ ਦੇ ਮਨ ਵਿਚ ਵੀ ਪ੍ਰੇਰਨਾ ਹੋਈ ਕਿ ਹਰ ਸਾਲ ਦੇਵੀ ਦੇ ਸੰਗ ਨੂੰ ਜਾਂਦੇ ਹਾਂ, ਧੁਨਾਂ ਗਾਉਂਦੇ ਜਾਂਦੇ ਹਾਂ ਲੇਕਿਨ ਇਹ ਜੋ ਅਕਾਲ ਪੁਰਖ ਦੀ ਬਾਤ ਹੈ, ਇਹਦੀ ਸਾਨੂੰ ਸਮਝ ਈ ਨਹੀਂ ਪਈ, ਤੇ ਹੋਵੇ ਨ ਤਾਂ ਇਸ ਵਾਰੀ ਜਦੋਂ ਜਾਈਏ ਤਾਂ ਜ਼ਰੂਰ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰੀਏ। ਸੰਗ ਚਲਦਾ-ਚਲਦਾ ਉਥੇ ਆ ਗਿਆ। ਆਪ ਘੋੜੇ ਤੇ ਸਵਾਰ ਹੋ ਕੇ ਗੁਰੂ ਨਾਨਕ ਪਾਤਸ਼ਾਹ ਦੇ ਘਰ ਵੱਲ ਨੂੰ ਚਲ ਪਏ। ਰਸਤੇ ਦੇ ਅੰਦਰ ਗੁਰੂ ਨਾਨਕ ਪਾਤਸ਼ਾਹ ਪੈਦਲ ਘਰ ਨੂੰ ਆ ਰਹੇ ਨੇ। ਜਦੋਂ ਮਿਲੇ ਤਾਂ ਕਹਿਣ ਲੱਗੇ, "ਬਾਬਾ ਜੀ! ਕ੍ਰਿਪਾ ਕਰਕੇ ਮੈਨੂੰ ਇਹ ਤਾਂ ਦੱਸੋ ਕਿ ਏਥੇ ਇੱਕ ਗੁਰੂ ਨਾਨਕ ਰਹਿੰਦੇ ਨੇ ਜਿਨ੍ਹਾਂ ਨੂੰ ਆਮ ਤੌਰ ਤੇ ਲੋਕ 'ਨਾਨਕ ਤਪਾ' ਆਦਿ ਕਹਿ ਕੇ ਸੰਬੋਧਨ ਕਰਦੇ ਨੇ, ਤੇ ਮੈਂ ਉਨ੍ਹਾਂ ਦੇ ਦਰਸ਼ਨ ਕਰਨੇ ਚਾਹੁੰਦਾਂ, ਕੀ ਉਹ ਮਿਲ ਜਾਇਆ ਕਰਦੇ ਨੇ - ਇਸ ਤਰ੍ਹਾਂ ਦੇ ਨਾਲ, ਤੇ ਉਨ੍ਹਾਂ ਦਾ ਘਰ ਕਿੱਥੇ ਹੈ? ਕ੍ਰਿਪਾ ਕਰਕੇ ਮੈਨੂੰ ਉਹ ਸੇਧ ਦੱਸੋ ਤਾਂ ਕਿ ਮੈਂ ਉਸ ਪਾਸੇ ਨੂੰ ਆਪਣੇ ਘੋੜੇ ਦਾ ਰੁਖ ਮੋੜਾਂ ਤੇ ਉਥੇ ਪਹੁੰਚਾਂ।"

ਗੁਰੂ ਨਾਨਕ ਪਾਤਸ਼ਾਹ ਮੁਸਕਰਾਏ ਤੇ ਕਹਿਣ ਲੱਗੇ, "ਪੁਰਖਾ! ਗੁਰੂ ਨਾਨਕ ਦੇ ਦਰ ਤੇ ਕਿਸੇ ਨੂੰ ਆਉਣ ਜਾਣ ਦੇ ਵਿਚ ਹਟਕ ਨਹੀਂ ਹੈ। ਉਹ ਦਰ ਸਦਾ ਹੀ ਖੁਲ੍ਹਾ ਹੈ - ਪ੍ਰੇਮ ਤੇ ਪਿਆਰ ਵਾਲਿਆਂ ਵਾਸਤੇ। ਆ ਜਾ ਮੇਰੇ ਪਿੱਛੇ-ਪਿੱਛੇ, ਮੈਂ ਤੈਨੂੰ ਉਸ ਘਰ ਵਿਚ ਪਹੁੰਚਾ ਦੇਵਾਂਗਾ।" ਅੱਗੇ-ਅੱਗੇ ਗੁਰੂ ਨਾਨਕ ਪਾਤਸ਼ਾਹ ਤੇ ਪਿੱਛੇ-ਪਿੱਛੇ ਲਹਿਣਾ ਜੀ ਘੋੜੇ ਤੇ ਸਵਾਰ ਹਨ, ਰਸਤੇ ਵਿਚ ਬਹੁਤ ਸਾਰੇ ਬਚਨ ਕਰਦੇ ਚਲੇ ਜਾ ਰਹੇ ਨੇ। ਅੰਦਾਜ਼ਾ ਲਗਾਉਣ ਦੀ ਕੋਸਿਸ਼ ਕਰਦੇ ਨੇ ਕਿ ਇਹ ਤਾਂ ਪੁਰਸ਼ ਬਹੁਤ ਉੱਚਾ ਹੈ ਕੋਈ। ਕਿਤੇ ਮੈਂ ਗੁਸਤਾਖੀ ਤਾਂ ਨੀਂ ਕਰ ਰਿਹਾ ਕਿ ਇਹ ਪੈਦਲ ਤੁਰੇ ਜਾ ਰਹੇ ਨੇ, ਤੇ ਮੈਂ ਘੋੜੇ ਤੇ ਸਵਾਰ ਹੋ ਕੇ ਜਾ ਰਿਹਾਂ। ਕਈ ਵਾਰੀ ਅੰਦਰ ਖਿਆਲ ਆਉਂਦਾ ਹੈ ਕਿ ਮੈਂ ਵੀ ਬਰਾਬਰ ਘੋੜਾ ਫੜ ਕੇ ਤੁਰ ਪਵਾਂ। ਲੇਕਿਨ ਕਈ ਵਾਰੀ ਐਸਾ ਹੁੰਦਾ ਹੈ ਕਿ ਆਦਮੀ ਬਾਵਜੂਦ ਇਸ ਦੇ, ਕਿ ਖਿਆਲ ਵੀ ਆਵੇ, ਤਾਂ ਵੀ ਕਈ ਗੱਲਾਂ ਕਰਿਆ ਨੀਂ ਕਰਦਾ। ਕਹਿਣ ਲੱਗੇ, "ਪੁਰਖਾ! ਐਥੇ ਘੋੜਾ ਬੰਨ੍ਹ ਦੇ। ਔਹ ਜਲ ਪਿਐ, ਆਪਣੇ ਹੱਥ ਪੈਰ, ਮੂੰਹ ਧੋ ਲੈ, ਗਰਦ ਉਤਰ ਜਾਏਗੀ ਤੇ ਐਸ ਦਰਵਾਜ਼ੇ, ਇਹ ਜਿਹੜਾ ਸਾਮ੍ਹਣੇ ਨਜ਼ਰ ਆਉਂਦੈ, ਏਥੇ ਤੂੰ ਵਿਹਲਾ ਹੋ ਕੇ ਆ ਜਾਵੀਂ ਤੇ ਜਿਹਨੂੰ ਤੂੰ ਮਿਲਣੈ, ਉਹ ਮਿਲ ਜਾਏਗਾ।"

ਗੁਰੂ ਨਾਨਕ ਪਾਤਸ਼ਾਹ, ਦੂਸਰੇ ਪਾਸੇ ਚੀਂ, ਪੰਜ ਇਸ਼ਨਾਨਾ ਕਰਕੇ, ਚਰਨਾਂ ਤੋਂ ਧੂੜ ਆਦਿ ਲਾਹ ਕੇ ਬਿਰਾਜ ਜਾਂਦੇ ਨੇ ਤੇ ਉਥੇ ਜਾ ਕੇ ਉਹ ਦੇਖਦੇ ਨੇ ਕਿ ਇਹ ਤਾਂ ਓਹੀ ਨੇ ਜਿਨ੍ਹਾਂ ਦੇ ਨਾਲ ਮੈਂ ਘੋੜੇ ਤੇ ਚੜ੍ਹ ਕੇ ਆਇਆ ਹਾਂ। ਕਹਿਣ ਲੱਗੇ, "ਬਾਬਾ ਜੀ! ਗੁਰੂ ਨਾਨਕ ਪਾਤਸ਼ਾਹ ਇੱਥੇ ਆਉਣਗੇ?"

ਕਹਿਣ ਲੱਗੇ, "ਜਿਹਨੂੰ ਤੂੰ ਮਿਲਣੈ, ਉਹ ਤੇਰੇ ਸਾਮ੍ਹਣੇ ਹੀ ਬੈਠੈ।" ਉਸ ਵੇਲੇ ਆਪ ਦੇ ਮਨ ਦੇ ਅੰਦਰ ਬਹੁਤ ਅਸਰ ਹੋਇਆ, ਮੁਆਫੀ ਮੰਗੀ ਕਿ ਪਾਤਸ਼ਾਹ, ਮੈਂ ਤਾਂ ਆਪ ਦੇ ਦਰਸ਼ਨ ਕਰਨ ਵਾਸਤੇ ਆਇਆ ਸੀ - ਬਹੁਤ ਦੂਰ ਤੋਂ। ਮੈਂ ਦੇਰ ਤੋਂ ਆਪ ਦੇ ਬਾਰੇ ਸੁਣਦਾ ਸੀ ਪਰ ਮੇਰੇ ਭਾਗ ਨਹੀਂ ਸੀ ਬਣ ਸਕੇ। ਪਹਿਲਾਂ

ਮੇਰੀ ਭੁੱਲ ਮੁਆਫ ਕਰੋ ਕਿ ਮੈਂ ਆਪ ਨੂੰ ਇਕ ਸਾਧਾਰਨ ਬੰਦਾ ਸਮਝ ਕੇ, ਘੋੜੇ ਤੇ ਚੜ੍ਹ ਕੇ ਆਪ ਦੇ ਨਾਲ ਬੜੀ ਭਾਰੀ ਬੇਅਦਬੀ ਕੀਤੀ ਹੈ; ਇਸ ਬੇਅਦਬੀ ਦੀ ਮੁਆਫੀ ਦਿਉ। ਗੁਰੂ ਨਾਨਕ ਪਾਤਸ਼ਾਹ ਮੁਸਕਰਾਏ ਤੇ ਕਹਿਣ ਲੱਗੇ, "ਪੁਰਖਾ! ਜਿਨ੍ਹਾਂ ਨੇ ਕੁਛ ਦੇਣਾ ਹੁੰਦੈ, ਉਹ ਪੈਦਲ ਹੀ ਚਲਿਆ ਕਰਦੇ ਨੇ; ਜਿਨ੍ਹਾਂ ਨੇ ਲੈਣਾ ਹੁੰਦੈ, ਲਹਿਣੇਦਾਰ ਹਮੇਸ਼ਾ ਘੋੜਿਆਂ ਤੇ ਚੜ੍ਹ ਕੇ ਆਇਆ ਕਰਦੇ ਨੇ।" ਉਸ ਵੇਲੇ ਇਕੋ ਬਚਨ ਦੇ ਨਾਲ ਸੌਦਾ ਹੋ ਗਿਆ, ਦਿਲਾਂ ਦਾ ਵਟਾਅ ਹੋ ਗਿਆ। ਕੁਛ ਪੁੱਛਣ ਦੀ ਲੋੜ ਹੀ ਨ ਰਹੀ। ਦ੍ਰਿਸ਼ਟੀ ਜੋ ਪਈ ਪਿਆਰ ਦੀ, ਉਹਨੇ ਅੰਦਰ-ਏ-ਅੰਦਰ ਸਾਰਾ ਕੁਛ ਲਹਿਣਾ ਜੀ ਦਾ ਆਪਣਾ ਬਣਾ ਲਿਆ। ਉਸ ਵੇਲੇ ਮਹਾਰਾਜ ਬੜੇ ਹੀ ਪਿਆਰ ਦੇ ਵਿਚ ਆ ਕੇ ਆਪਣੇ ਮਨ ਨੂੰ ਕਹਿ ਰਹੇ ਨੇ। ਵਜਦ ਵਿਚ ਆ ਕੇ ਕਹਿਣ ਲੱਗੇ ਕਿ -

***ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ॥***

***ਅੰਗ - 20***

ਮਿਤਰਾ ਪਿਆਰਿਆ, ਹੁਣ ਸਮਾਂ ਆ ਗਿਐ - ਮਿਲਣ ਦਾ -

***ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹ ਤਨੁ ਦੇਹ॥***

***ਅੰਗ - 20***

ਜਿੰਨਾਂ ਚਿਰ ਜੋਬਨ ਹੈ, ਜੁਆਨੀ ਹੈ, ਓਨਾਂ ਚਿਰ ਇਹ ਤਨ ਦਾ ਸੁਆਦ ਹੈ, ਇਹ ਦੇਹ ਤੇਰੇ ਕਹੇ ਵਿਚ ਚੱਲੇਗੀ - ਜਿੰਨਾਂ ਚਿਰ ਜੋਬਨ ਤੇ ਸੁਆਸ ਨੇ। ਏਥੇ ਬੁਢਾਪੇ ਦਾ ਜ਼ਿਕਰ ਨੀਂ ਕਰਿਆ ਕਿਉਂਕਿ ਬੁਢਾਪਾ ਰੋਗ ਹੋਇਆ ਕਰਦੈ -

***ਜਬ ਲਗੁ ਜਰਾ ਰੋਗੁ ਨਹੀ ਆਇਆ॥*** ***ਅੰਗ - 1159***

ਤੇ ਜਿਹਨੇ ਮਿਲਣਾ ਹੈ, ਉਹ ਜੋਬਨ ਦੇ ਵਿਚ ਹੀ ਕੋਸ਼ਿਸ਼ ਕਰ ਲਵੇ ਤਾਂ ਵੱਡੇ-ਵੱਡੇ ਕੰਮ ਕਰ ਸਕਦੈ। ਇਰਾਦਾ ਮਜ਼ਬੂਤ ਹੁੰਦੈ। ਬੁਢਾਪੇ ਵਿੱਚ ਆ ਕੇ ਇਰਾਦਾ ਖਿੰਡ ਜਾਂਦੈ। ਬਹੁਤ ਸਾਰੀਆਂ ਦਿੱਕਤਾਂ - ਸਰੀਰ ਸਾਥ ਨੀਂ ਦਿੰਦਾ, ਕਿਸੇ ਦੇ ਗੋਡੇ ਦੁਖਦੇ ਨੇ, ਕਿਸੇ ਦਾ ਸਿਰ ਦੁਖਦੈ, ਕਿਸੇ ਤੋਂ ਉੱਠ ਨੀਂ ਹੁੰਦਾ, ਕਿਸੇ ਤੋਂ ਅੰਮ੍ਰਿਤ ਵੇਲੇ

ਇਸ਼ਨਾਨ ਨੀਂ ਕਰ ਹੁੰਦਾ। ਇਹ ਮਨ ਜਿਹੜਾ ਹੈ, ਇਹ ਫੈਲ ਜਾਂਦੈ ਪੁੱਤਾਂ ਵਿਚ, ਪੋਤਰਿਆਂ ਵਿਚ, ਬਿਜਨਸਾਂ ਵਿਚ, ਘਾਟਿਆਂ ਵਿਚ, ਵਾਧਿਆਂ ਵਿਚ, ਸ਼ੰਕਿਆਂ ਵਿਚ, ਅੰਦੇਸ਼ਿਆਂ ਦੇ ਅੰਦਰ, ਆਸ਼ਾਵਾਂ ਦੇ ਅੰਦਰ - ਬਹੁਤ ਫੈਲ ਜਾਂਦੈ। ਸਾਰੀ ਜ਼ਿੰਦਗੀ ਦਾ ਫੈਲਾਇਆ ਹੋਇਆ ਮਨ ਬੁਢਾਪੇ ਵਿਚ ਆ ਕੇ ਬਹੁਤ ਦੁਖੀ ਕਰਦੈ, ਤੰਗ ਕਰਦਾ ਹੈ। ਇਹਨੂੰ ਸੰਕੋਚਣਾ ਬਹੁਤ ਵੱਡੇ ਸੂਰਮੇ ਦਾ ਕੰਮ ਐ; ਮਾੜਾ ਮੋਟਾ ਇਹਨੂੰ ਸੰਕੋਚ ਨੀਂ ਸਕਦਾ, ਫੈਸਲਾ ਨੀਂ ਕਰ ਸਕਦਾ। ਅੰਦਰ ਐਨਾ ਕਬਾੜ ਭਰਿਆ ਹੁੰਦੈ ਕਿ ਉਹਨੂੰ ਕੱਢ ਕੇ ਬਾਹਰ ਨੀਂ ਸਿੱਟ ਸਕਦਾ। ਗੁਰੂ ਦੇ ਸ਼ਬਦ ਨੂੰ ਥਾਂ ਨੀਂ ਦੇ ਸਕਦਾ ਕਿਉਂਕਿ ਬਹੁਤ ਧਾਰਨਾਵਾਂ ਪੈ ਚੁੱਕੀਆਂ ਨੇ।

ਜਿਵੇਂ ਖੂਹ ਹੁੰਦੈ; ਉਹਦੇ ਵਿਚੋਂ ਲੱਜ ਦੇ ਨਾਲ ਅਸੀਂ ਪਾਣੀ ਕੱਢਦੇ ਹਾਂ। ਪੁਰਾਣਿਆਂ ਜ਼ਮਾਨਿਆਂ ਦੇ ਅੰਦਰ ਖੂਹਾਂ ਵਿਚੋਂ ਡੋਲ ਦੇ ਨਾਲ ਪਾਣੀ ਕੱਢਿਆ ਕਰਦੇ ਸੀ ਤੇ ਉਹ ਲੱਜਾਂ ਲੱਗ-ਲੱਗ ਕੇ ਮੌਣ ਦੇ ਨਾਲ ਘਾਸੇ ਪਾ ਲੈਂਦੀਆਂ ਸੀ ਤੇ ਜੇ ਲੱਜ ਨੂੰ ਬਾਹਰ ਰੱਖਣ ਦਾ ਯਤਨ ਕਰੋ ਤਾਂ ਇਕ ਦਮ ਉਹਦੇ ਵਿਚ ਗਿਰ ਜਾਂਦੀ। ਇਸ ਤਰ੍ਹਾਂ ਦੇ ਨਾਲ ਜਦ ਉਮਰ ਕੱਟ ਕੇ ਆਦਮੀ ਬੁਢਾਪੇ ਦੇ ਵਿਚ ਦਾਖਲ ਹੁੰਦੈ, ਉਸ ਵੇਲੇ ਬਚਪਨ ਤੇ ਜੁਆਨੀ ਨੂੰ ਇਹ ਅਵਸਥਾ ਖਾ ਜਾਇਆ ਕਰਦੀ ਐ; ਨਾ-ਨਿਸ਼ਾਨ ਨਹੀਂ ਰਹਿਣ ਦਿੰਦੀ। ਪਛਤਾਵਾ ਮਨ ਵਿਚ ਰਹਿ ਜਾਂਦੈ। ਜਵਾਨਾਂ ਨੂੰ ਦੇਖਦੈ, ਸੁੰਦਰ ਬੰਦਿਆਂ ਨੂੰ ਦੇਖਦੈ, ਜੋਬਨਵੰਤਾਂ ਨੂੰ ਦੇਖਦੈ, ਹੌਕਾ ਲੈਂਦੈ - ਕਦੇ ਮੈਂ ਵੀ ਐਹੋ ਜਿਹਾ ਸੀ, ਮੈਂ ਵੀ ਇਸੇ ਤਰ੍ਹਾਂ ਛਾਲਾਂ ਮਾਰਦਾ ਸੀ, ਐਂ ਉਡਾਰੀਆਂ ਲੈਂਦਾ ਸੀ, ਮੇਰੇ ਵੀ ਬੜੇ-ਬੜੇ ਇਰਾਦੇ ਸੀ। ਆਪਣੇ ਸਰੀਰ ਵੱਲ ਦੇਖਦੈ - ਝੁਰੜੀਆਂ ਪੈ ਗਈਆਂ, ਸਾਥ ਨੀਂ ਦਿੰਦਾ। ਉਤਸ਼ਾਹ ਉਹੀ ਹੈ ਮਨ ਦੇ ਅੰਦਰ ਪਰ ਸਰੀਰ ਸਾਥ ਨਹੀਂ ਦੇ ਰਿਹਾ ਤੇ ਖਿੰਡਿਆ ਹੋਇਆ ਐਨਾ ਜ਼ਬਰਦਸਤ ਹੈ ਕਿ ਭਜਨ ਕਰਨ ਲਗਦੈ - ਭਜਨ ਕਿਸੇ ਪਾਸੇ ਰਹਿ ਗਿਆ, ਜ਼ਿੰਦਗੀ ਭਰ ਦੀਆਂ ਯਾਦਾਂ, ਜ਼ਿੰਦਗੀ ਭਰ ਦੇ ਜੋ ਤਜਰਬੇ ਨੇ, ਉਹ ਸਾਮ੍ਹਣੇ ਆ ਜਾਂਦੇ ਨੇ। ਨਹੀਂ ਨਿਕਲਣ ਦਿੰਦੇ, ਜਿਲ੍ਹਣ 'ਚ ਫਸ ਜਾਂਦੈ

ਮਨ।

ਗੁਰੂ ਨਾਨਕ ਪਾਤਸ਼ਾਹ ਕਹਿੰਦੇ, "ਪੁਰਖਾ! ਤੂੰ ਜਵਾਨ ਹੈਂ, ਇਹ ਵੇਲਾ ਮਿਲਣ ਦਾ ਹੈ ਜਿਹੜੇ ਵੇਲੇ ਤੂੰ ਆਇਐਂ। 'ਜਬ ਲਗੁ ਜੋਬਨਿ ਸਾਸੁ ਹੈ ਤਬਲਗੁ ਇਹੁ ਤਨੁ ਦੇ॥' ਜਿੰਨਾਂ ਚਿਰ ਜੋਬਨ ਹੈ, ਇਹ ਦੇਹ ਤੇ ਤਨ ਤੇਰਾ ਸਾਥ ਦੇਣਗੇ; ਜੇ ਬੁਢਾਪਾ ਆ ਗਿਆ, ਫੇਰ ਇਹ ਤਨ ਨੇ ਸਾਥ ਨੀਂ ਦੇਣਾ। ਸੋ ਹੁਣ ਵੇਲਾ ਹੈ।

***ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ॥***

***ਅੰਗ - 20***

ਜੇ ਇਹਦੇ ਵਿਚ ਪ੍ਰਮੇਸ਼ਰ ਦਾ ਗੁਣ ਪੈਸਾ ਨ ਹੋਇਆ, ਵਾਹਿਗੁਰੂ ਇਹਦੇ ਵਿਚ ਪ੍ਰਗਟ ਨ ਹੋਇਆ ਤਾਂ ਇਹ ਢੇਰੀ ਬਣ ਜਾਣੀ ਐਂ, ਖੇਹ ਬਣ ਜਾਣੀ ਐਂ।

***ਮੇਰੇ ਮਨ ਲੈ ਲਾਹਾ ਘਰਿ ਜਾਹਿ॥*** ***ਅੰਗ - 20***

'ਐ ਮੇਰੇ ਪਿਆਰੇ ਭਾਈ' - ਉਸ ਵੇਲੇ ਇਹ ਤਕੀਆ ਕਲਾਮ ਹੋਇਆ ਕਰਦਾ ਸੀ। ਕਿਸੇ ਸ੍ਰੇਸ਼ਟ ਪੁਰਸ਼ ਦੇ ਨਾਲ ਜੇ ਮਿਲਣਾ ਹੋਵੇ, ਜਿਹਦਾ ਆਦਰ ਦਿਲ ਵਿਚ ਹੋਵੇ, ਉਸ ਵੇਲੇ ਆਮ ਬੰਦੇ ਵੀ 'ਮੇਰੇ ਰਾਮ' ਕਹਿ ਕੇ ਬੁਲਾਇਆ ਕਰਦੇ ਸੀ - 'ਮੇਰੇ ਰਾਮ ਜੀ, ਆਹ ਬਾਤ ਹੈ।' ਸੋ ਆਪ ਫੁਰਮਾਉਂਦੇ ਨੇ ਕਿ -

***ਮੇਰੇ ਮਨ ਲੈ ਲਾਹਾ ਘਰਿ ਜਾਹਿ॥***
***ਗੁਰਮੁਖਿ ਨਾਮੁ ਸਲਾਹੀਐ ਹਉਮੈ ਨਿਵਰੀ ਭਾਹਿ॥***

***ਅੰਗ - 20***

ਗੁਰਮੁਖ ਦੇ ਰਾਹੀਂ ਨਾਮ ਦੀ ਪ੍ਰਾਪਤੀ ਕਰਕੇ ਤੂੰ ਉਸ ਪ੍ਰਮੇਸ਼ਰ ਨੂੰ, ਜੋ ਪਰੀਪੂਰਨ ਹੈ, ਉਹਦੀ ਸਲਾਹੁਤਾ ਕਰ, ਜਸ ਕਰ। ਕਲਿਜੁਗ ਦੇ ਅੰਦਰ ਉਹਦਾ ਜਸ ਕਰਨਾ ਹੀ ਸਭ ਤੋਂ ਸ੍ਰੇਸ਼ਟ ਹੈ -

***ਕਲਜੁਗ ਮਹਿ ਕੀਰਤਨੁ ਪਰਧਾਨਾ ॥***
***ਗੁਰਮੁਖਿ ਜਪੀਐ ਲਾਇ ਧਿਆਨਾ ॥*** ***ਅੰਗ - 1075***

ਨਤੀਜਾ ਕੀ ਹੋਏਗਾ? ਜਦ ਧਿਆਨ ਦੇ ਨਾਲ ਜਪੇਗਾ, ਗਾਏਗਾ, ਪਹਿਲਾਂ ਤਾਂ ਫਲ ਹੋਏਗਾ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥ ਅੰਗ - 46***

ਫੇਰ ਦੂਸਰਾ ਫਲ ਹੋਏਗਾ -

***ਆਪਿ ਤਰੈ ਸਗਲੇ ਕੁਲ ਤਾਰੇ...........॥***

***ਅੰਗ - 1076***

ਆਪ ਵੀ ਤਰ ਜਾਏਗਾ ਅਤੇ ਕੁਲਾਂ ਦਾ ਵੀ ਉਧਾਰ ਕਰ ਜਾਏਗਾ।

***..........ਹਰਿ ਦਰਗਹ ਪਤਿ ਸਿਉ ਜਾਇਦਾ॥***

***ਅੰਗ - 1076***

ਉਥੇ ਬੇਇਜ਼ਤ ਹੋ ਕੇ ਨਹੀਂ ਜਾਏਗਾ। ਜਦ ਦਰਗਾਹ ਵਿਚ ਜਾਏਗਾ, ਉਸ ਵੇਲੇ -

***ਧੰਨਿ ਧੰਨਿ ਕਹੈ ਸਭੁ ਕੋਇ॥***
***ਮੁਖ ਊਜਲ ਹਰਿ ਦਰਗਹ ਸੋਇ॥*** ***ਅੰਗ - 283***

ਸਭ ਥਾਂ ਦੇ ਉਤੇ 'ਧੰਨ-ਧੰਨ' ਹੋਏਗੀ, ਮੁਖ ਉਜਲਾ ਹੋਏਗਾ, ਮਾਤਾ ਨੂੰ ਅਸੀਸਾਂ ਦੇਣਗੇ - ਧੰਨ ਹੈ ਮਾਂ, ਜਿਸਨੇ ਐਸਾ ਪੁੱਤਰ ਪੈਦਾ ਕਰਿਐ। ਤੂੰ ਧੰਨ ਹੈਂ ਜਿਸ ਨੇ ਸੰਸਾਰ ਦਾ ਉਧਾਰ ਕਰ ਦਿਤਾ, ਕੁਲਾਂ ਦਾ ਉਧਾਰ ਕਰ ਦਿਤਾ। ਸੋ ਹਉਮੈ ਦੀ ਜਿਹੜੀ ਅੱਗ ਲੱਗੀ ਹੋਈ ਐ, ਕਹਿੰਦੇ, ਇਹ ਖਤਮ ਹੋ ਜਾਂਦੀ ਐ - ਗੁਰਮੁਖ ਦੇ ਰਾਹੀਂ ਨਾਮ ਸਲਾਹੁਣ ਨਾਲ।

***ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰ॥***

***ਅੰਗ - 20***

ਪਰ ਮਹਾਰਾਜ ਨੇ ਇਕ ਵਾਰਨਿੰਗ ਦਿੱਤੀ ਹੈ ਕਿ ਸੁਣ-ਸੁਣ ਕੇ ਆਦਮੀ ਇਰਾਦੇ ਬਣਾਈ ਜਾਂਦੈ, ਕਿਤਾਬਾਂ ਪੜ੍ਹ-ਪੜ੍ਹ ਕੇ ਬੁੱਝਣਾ ਚਾਹੁੰਦੈ, ਲੇਕਿਨ ਇਹ ਇਸ ਤਰ੍ਹਾਂ ਨੀਂ ਹੁੰਦਾ। ਜਦ ਤਕ ਅਨੁਭਵ ਨੀਂ ਪ੍ਰਾਪਤ ਹੁੰਦਾ, ਅਭਿਆਸ ਨਹੀਂ ਕਰਦਾ, ਤਤਿਕਸ਼ਾ ਨਹੀਂ ਕਰਦਾ, ਬਾਣੀ ਦੀ ਵਿਚਾਰ ਨੀਂ ਕਰਦਾ, ਓਨਾਂ ਚਿਰ -

***ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ ਵਿਕਾਰੁ॥***

***ਅੰਗ - 20***

ਸੁਣ ਤਾਂ ਲਿਆ ਤੇ ਪੜ੍ਹ ਵੀ ਲਿਆ ਕਿ ਇਹ ਸਾਰੇ ਆਤਮਾ ਹੀ ਐ; ਮੈਂ ਵੀ ਆਤਮਾ ਹਾਂ, ਮੈਂ ਸਰੀਰ ਨੀਂ ਹਾਂ, ਮੈਂ

ਸਰੀਰ ਦੇ ਅੰਦਰ 'ਸੂਖਸ਼ਮ ਸਰੀਰ ਨੀਂ ਹਾਂ, ਮੈਂ ਉਹਦੇ ਅੰਦਰ 'ਕਾਰਨ ਸਰੀਰ' ਨਹੀਂ ਹਾਂ। ਮੈਂ ਤਾਂ ਇਨ੍ਹਾਂ ਤਿੰਨਾਂ ਤੋਂ ਪਰ੍ਹੇ 'ਆਤਮ ਸਰੂਪ' ਹਾਂ। ਪਰ ਕਹਿੰਦੇ, ਗੰਢਣ ਗੰਢਦੈ intellectually (ਦਿਮਾਗੀ ਤੌਰ ਤੇ); ਅਸਲੀ ਨਹੀਂ ਇਹਨੂੰ ਪਤਾ ਲਗਦਾ, ਉਨਮਨ ਦੇ ਦੇਸ ਵਿਚ ਪਹੁੰਚ ਨਹੀਂ ਸਕਦਾ। ਤ੍ਰਿਸ਼ਨਾ ਦੀ ਅੱਗ ਵਿੱਚ ਦਿਨ ਰਾਤ ਜਲਦਾ ਰਹਿੰਦੈ। ਹਉਮੈ ਦੇ ਬੇਅੰਤ ਰੋਗ ਤੇ ਵਿਕਾਰ ਇਹਦੇ ਵਿਚ ਪੈਦਾ ਕਰ ਦਿੱਤੇ -

***ਓਹੁ ਵੇਪਰਵਾਹੁ ਅਤੋਲਵਾ***
***ਗੁਰਮਤਿ ਕੀਮਤਿ ਸਾਰੁ ॥ 2 ॥***
***ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ ॥***
***ਬਿਨੁ ਸੰਗਤਿ ਸਾਧ ਨ ਧ੍ਰਾਪੀਆ***
***ਬਿਨੁ ਨਾਵੈ ਦੂਖ ਸੰਤਾਪੁ ॥*** ***ਅੰਗ - 20***

ਲੱਖਾਂ ਹੀ ਸਿਆਣਪਾਂ, ਲੱਖਾਂ ਹੀ ਮੰਤਕਾਂ, ਲੱਖਾਂ ਹੀ ਫਿਲਾਸਫੀਆਂ; ਮਹਾਰਾਜ ਕਹਿੰਦੇ, ਇਹ ਕਿਸੇ ਕੰਮ ਨਹੀਂ ਆਉਂਦੀਆਂ ਪ੍ਰੇਮੀਆਂ! ਇਹ ਤਾਂ ਜਿੰਨੀ ਦੇਰ ਤੱਕ ਤੇਰੇ ਅੰਦਰ ਨਾਮ ਨਹੀਂ ਪ੍ਰਗਟ ਹੁੰਦਾ; ਦੁੱਖ ਤੇ ਸੰਤਾਪ ਖਤਮ ਨਹੀਂ ਹੋਣਗੇ। ਸੋ ਸਾਧੂ ਦੀ ਸੰਗਤ ਵਿਚ ਜਾਹ, ਅਨੁਭਵੀ ਪੁਰਸ਼ਾਂ (realised souls) ਦੀ ਸੰਗਤ ਕਰ, ਗੁਰਮੁਖ ਪਿਆਰੇ ਦੀ ਸੰਗਤ ਕਰ; ਉਹਦੇ ਬਗੈਰ ਨਹੀਂ ਇਹ ਚੀਜ਼ਾਂ ਦੂਰ ਹੋਣੀਆਂ -

***ਬਿਨੁ ਸੰਗਤਿ ਸਾਧ ਨ ਧ੍ਰਾਪੀਆ***
***ਬਿਨੁ ਨਾਵੈ ਦੂਖ ਸੰਤਾਪੁ ॥***
***ਹਰਿ ਜਪਿ ਜੀਅਰੇ ਛੁਟੀਐ ਗੁਰਮੁਖਿ ਚੀਨੈ ਆਪੁ ॥***
***ਅੰਗ - 20***

ਜਦ ਗੁਰਮੁਖ ਦੇ ਰਾਹੀਂ ਅਸੀਂ ਆਪਣਾ ਆਪ ਚੀਨਾਂਗੇ - ਚੀਨਣਾ ਕਹਿੰਦੇ ਨੇ ਖੋਜਣਾ - ਪੜਤਾਲ ਕਰਾਂਗੇ - ਹੁਣ ਦੁਨੀਆਂ ਦੀ ਤਾਂ ਅਸੀਂ ਪੜਤਾਲ ਕਰਦੇ ਹਾਂ, ਖੋਜ ਕਰਦੇ ਹਾਂ ਕਿ ਇਹ ਬੰਦਾ ਫਲਾਣਾ ਆਇਐ, ਫਲਾਣੇ ਥਾਂ ਰਹਿੰਦੈ, ਚੰਗਾ ਹੈ, ਮੰਦਾ ਐ, ਨਿੰਦਿਆ ਕਰਦੈ ਜਾਂ ਨਾਮ ਜਪਦੈ। ਲੇਕਿਨ ਆਪਣੀ ਪੜਚੋਲ ਨਹੀਂ ਅਸੀਂ ਕਰਦੇ। ਮਹਾਰਾਜ ਕਹਿੰਦੇ, ਆਪਣੀ ਪੜਚੋਲ ਗੁਰਮੁਖ ਦੇ

ਰਾਹੀਂ ਮਿਲ ਕੇ ਕਰਨੀ ਪਊ।

ਸੋ ਇਸ ਤਰ੍ਹਾਂ ਦੇ ਨਾਲ ਕੁਛ conditions (ਸ਼ਰਤਾਂ) ਨੇ; ਗੁਰੂ ਅੰਗਦ ਜੀ ਨੂੰ ਸਮਝਾਉਂਦੇ ਨੇ ਕਿ ਜੇ ਇਸ ਰਸਤੇ ਪੈਣੈ ਤਾਂ ਕੁਝ sacrifice (ਕੁਰਬਾਨੀ) ਕਰਨੀ ਪੈਣੀ ਐਂ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਵੇਚ ਦੇ ਗੁਰਾਂ ਨੂੰ,***
***ਪਿਆਰੇ, ਤਨ ਮਨ ਆਪਣਾ -2***

ਗੁਰੂ ਮਹਾਰਾਜ ਨੇ ਪ੍ਰਮੇਸ਼ਰ ਨੂੰ ਮਿਲਣ ਦੀ ਪਹਿਲੀ ਜੁਗਤੀ ਇਹ ਦੱਸੀ ਹੈ ਕਿ ਆਪਣਾ ਮਨ ਤੇ ਤਨ ਗੁਰੂ ਨੂੰ ਵੇਚ ਦੇ। ਜਿੰਨੀ ਦੇਰ ਤੱਕ ਤੂੰ ਤਨ ਤੇ ਮਨ ਨੂੰ ਆਪਣਾ ਸਮਝਦੈਂ, ਓਨੀ ਦੇਰ ਤੱਕ ਤੂੰ ਪ੍ਰਮੇਸ਼ਰ ਤਕ ਨੀਂ ਪਹੁੰਚ ਸਕਦਾ -

***ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ॥***
***ਅੰਗ - 20***

ਸਿਰ ਵੀ ਦੇ ਦਿਤਾ, ਮਨ ਵੀ ਦੇ ਦਿਤਾ, ਤਨ ਵੀ ਦੇ ਦਿਤਾ। ਕਹਿੰਦੇ ਫੇਰ ਉਹਤੇ ਬਾਅਦ ਕਹਿੰਦੇ, ਚੁੱਪ ਨ ਕਰ -

***ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ॥***
***ਅੰਗ - 20***

ਗੁਰਮੁਖ ਦੇ ਰਾਹੀਂ ਤ੍ਰਿਭਵਣ ਦਾ ਵਾਸੀ, ਜੋ ਤਿੰਨਾਂ ਲੋਕਾਂ ਦਾ ਪਤੀ ਪ੍ਰਮੇਸ਼ਰ ਐ, ਉਹਦੀ ਖੋਜ ਕਰੀਂ।

***ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ॥***
***ਅੰਗ - 120***

ਤੇ ਗੁਰੂ ਨੇ ਸਾਨੂੰ ਉਸ ਦਾ ਮੇਲ ਮਿਲਾ ਦਿਤਾ। ਲੇਕਿਨ ਇਹ ਗੱਲ ਸਭ ਤੋਂ ਔਖੀ ਹੈ। ਛੋਟੀ ਜਿਹੀ ਬਾਤ ਐ, ਨਿੱਕਾ ਜਿਹਾ ਸੂਤਰ ਐ - ਤਨ ਮਨ ਵੇਚਣ ਦਾ। ਅਸੀਂ ਕਹਿੰਦੇ ਹਾਂ, ਅਸੀਂ ਤਾਂ ਵੇਚਿਆ ਹੋਇਐ। ਬਿਲਕੁਲ ਨਹੀਂ; ਤਨ ਤੇ ਮਨ ਗੁਰੂ ਦੇ ਹਵਾਲੇ ਕਰ ਦਿਤਾ ਪਰ ਵਰਤਾਂਗੇ ਮਹਾਰਾਜ ਅਸੀਂ। ਐਂ ਨਹੀਂ ਹੈ ਕਿ ਤੂੰ ਇਸਨੂੰ ਵਰਤ ਲਵੇਂ। ਕੋਈ ਗੱਲ ਸਾਡੇ ਮੁਆਫਿਕ ਤੋਂ ਉਲਟ ਹੋ ਜਾਵੇ, ਨ-ਮੁਆਫਿਕ ਹੋ ਜਾਵੇ, ਉਹ ਸਾਨੂੰ ਚੰਗੀ ਨਹੀਂ

ਲਗਦੀ। ਜੇ ਇਹ ਮਨ ਤੇ ਤਨ ਗੁਰੂ ਨੂੰ ਦੇ ਦਿਤਾ ਹੋਇਐ ਤਾਂ ਇਹ ਡਿਊਟੀ ਗੁਰੂ ਦੀ ਹੈ ਕਿ ਉਹਨੂੰ ਕੋਈ ਗੱਲ ਚੰਗੀ ਲੱਗੇ ਜਾਂ ਮਾੜੀ ਲੱਗੀ; ਇਹ ਵੀ ਗੁਰੂ ਦੀ ਹੀ ਹੈ ਕਿ ਇਸ ਤਨ ਨੂੰ ਕੋਈ ਘਾਟਾ ਪਿਆ ਕਿ ਵਾਧਾ ਹੋਇਆ; ਇਹਦਾ ਮਾਣ ਹੋਇਆ ਕਿ ਅਪਮਾਨ ਹੋਇਐ; ਇਹਦੀ ਉਸਤਤਿ ਹੋਈ ਕਿ ਨਿੰਦਿਆ ਹੋਈ ਜਦ ਤਕ ਇਨ੍ਹਾਂ ਚੀਜ਼ਾਂ ਦੇ ਅੰਦਰ ਹੈ –

***ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ॥***

***ਅੰਗ – 757***

ਓਨਾਂ ਚਿਰ ਦ੍ਵੈਤ ਨਹੀਂ ਇਹਦੀ ਖਤਮ ਹੋਇਆ ਕਰਦੀ। ਸੋ ਤਨ ਤੇ ਮਨ ਵੇਚਣਾ ਬਹੁਤ ਔਖਾ ਹੈ। ਧਨ ਦੇ ਸਕਦੈ ਆਦਮੀ, ਘਰ ਬਾਰ ਛੱਡ ਦਏਗਾ, ਕੋਈ ਬਾਤ ਨੀਂ। ਪਰ ਧਨ ਦੇਣ ਦੇ ਨਾਲ ਗੱਲ ਨਹੀਂ ਚਲਦੀ –

***ਕਬੀਰ ਮਾਇਆ ਤਜੀ ਤ ਕਿਆ ਭਇਆ***
***ਜਉ ਮਾਨੁ ਤਜਿਆ ਨਹੀ ਜਾਇ॥*** ***ਅੰਗ – 1372***

ਮਾਣ ਰਹਿੰਦੈ ਮਨ ਵਿਚ। ਮਾਇਆ ਤਾਂ ਛੱਡ ਦਿਤੀ, ਸਾਧੂ ਬਣ ਗਿਆ, ਘਰ ਛੱਡ ਦਿੱਤਾ, ਰਿਸ਼ਤੇਦਾਰ ਛੱਡ ਦਿਤੇ, ਸਭ ਕੁਝ ਛੱਡ ਦਿਤਾ। ਪਰ ਇਸਦੇ ਵਿਚ ਇਕ ਐਸੀ ਚੀਜ਼ ਚਿੰਬੜੀ ਹੋਈ ਹੈ ਜਿਹੜੀ 'ਮਨ' ਹੈ। ਮਨ ਦੇ ਵਿਚ ਬੇਅੰਤ ਚੀਜ਼ਾਂ ਨੇ ਜਿਨ੍ਹਾਂ ਵਿਚੋਂ ਇਕ 'ਮਾਣ' ਹੈ। 'ਮਾਣ' ego ਨੂੰ ਕਹਿੰਦੇ ਨੇ। Ego ਦੇ ਨਾਲ ਉਹਦਾ ਸਾਰਾ ਪਰਿਵਾਰ ਰਹਿੰਦੈ; ਉਹ ਛੱਡਣਾ ਸਾਰਿਆਂ ਨਾਲੋਂ ਔਖਾ ਹੈ। ਉਹਦੇ ਵਿਚ ਹੀ ਸਾਰਾ ਸੰਸਾਰ ਗਲ ਗਿਆ –

***ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥***

***ਅੰਗ – 1372***

ਸੋ ਇਹ ਔਖੀ ਬਾਤ ਐ। ਇਹ ਸਮਝਣ ਵਾਸਤੇ ਕਿਸੇ ਪੂਰਨ ਪੁਰਸ਼ ਦੀ ਮਿਸਾਲ ਦੀ ਲੋੜ ਹੈ।

ਤ੍ਰੇਤੇ ਜੁਗ ਦੇ ਅੰਦਰ ਰਾਜਾ ਜਨਕ – ਆਪ ਜੀ ਨੇ ਸਾਰੇ ਭਾਰਤ ਵਰਸ਼ ਵਿਚੋਂ, ਦੂਰ-ਦਰਾਜ਼ ਤੋਂ ਬੜੇ-ਬੜੇ ਵਿਦਵਾਨ ਬੁਲਾ ਲਏ ਤੇ ਉਨ੍ਹਾਂ ਨੂੰ ਇਹ ਗੱਲ ਆਖੀ ਕਿ ਮੈਂ ਗੁਰੂ ਧਾਰਨ ਕਰਨਾ

ਹੈ ਤੇ ਐਸ ਵੇਲੇ ਤ੍ਰੇਤਾ ਜੁਗ ਦੇ ਅੰਦਰ ਐਡੇ-ਐਡੇ ਮਹਾਂਪੁਰਸ਼ ਨੇ ਜਿਹੜੇ ਕਿ ਅਜਿਹਾ ਬ੍ਰਹਿਮੰਡ ਹੋਰ ਰਚ ਸਕਦੇ ਨੇ; ਐਨੀਆਂ ਸ਼ਕਤੀਆਂ ਵਾਲੇ ਨੇ - ਵਿਸ਼ਵਾਮਿੱਤਰ ਵਰਗੇ, ਹੋਰ ਅਨੇਕਾਂ। ਤੇ ਮੈਂ ਗੁਰੂ ਧਾਰਨ ਕਰਨੈਂ, ਮੈਂ ਉਹਦੇ ਨਾਲ ਸੌਦਾ ਕਰਨੈਂ - ਗੁਰੂ ਨਾਲ। ਉਹ ਇਹ ਹੈ ਕਿ ਮੈਂ ਘੋੜੇ ਦੀ ਰਕਾਬ 'ਚ ਪੈਰ ਪਾਵਾਂਗਾ, ਉਸ ਤੋਂ ਬਾਅਦ ਜਿੰਨਾਂ ਟਾਈਮ ਘੋੜੇ ਦੇ ਉਪਰ ਦੀ ਲੱਤ ਲੰਘਾ ਕੇ ਦੂਸਰੀ ਰਕਾਬ ਵਿਚ ਪਾਉਣ ਵਿੱਚ ਲਗਦੈ - ਵੱਧ ਤੋਂ ਵੱਧ ਮਿੰਟ ਦਾ ਕੋਈ ਦਸਵਾਂ ਹਿੱਸਾ ਲਗਦੈ; ਜਿਹੜਾ ਐਨੇ ਚਿਰ ਵਿਚ ਮੈਨੂੰ ਗਿਆਨ ਕਰਾ ਦੇਵੇ, ਉਹਨੂੰ ਮੈਂ ਗੁਰੂ ਧਾਰਨ ਕਰ ਲਵਾਂਗਾ। ਸਾਰੇ ਹੈਰਾਨ ਨੇ ਕਿ ਗਿਆਨ ਤਾਂ ਕੋਈ ਸੁਖਾਲੀ ਚੀਜ਼ ਨਹੀਂ ਹੈ -

***ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥***

***ਅੰਗ - 465***

ਇਹ ਤਾਂ ਇਕ ਜਨਮ ਵਿਚ ਆਉਂਦਾ ਨੀਂ, ਦਸ-ਦਸ ਜਨਮ, ਵੀਹ-ਵੀਹ ਜਨਮ ਲਗ ਜਾਂਦੇ ਨੇ - ਗਿਆਨ ਦੀ ਪ੍ਰਾਪਤੀ ਵਾਸਤੇ। ਇਹ ਕੋਈ ਸ਼ਬਦ ਤਾਂ ਨਹੀਂ ਹੈ ਕਿ ਕਹਿ ਦਿਤਾ ਤੇ ਪਤਾ ਲਗ ਗਿਆ। ਇਹ ਤਾਂ ਅਨੁਭਵ ਹੈ - ਅੰਦਰ; ਅੰਦਰ ਉਹ ਜੋਤਿ ਪ੍ਰਗਟ ਕਰਾਉਣੀ ਐ ਜਿਹਨੂੰ ਪ੍ਰਮੇਸ਼ਰ ਕਹਿੰਦੇ ਨੇ। ਫੇਰ ਜਾ ਕੇ ਗਿਆਨ ਹੁੰਦੈ। ਜਿੰਨਾਂ ਚਿਰ ਭਰਮ ਨੇ, ਓਨੀ ਦੇਰ ਗਿਆਨ ਹੁੰਦਾ ਈ ਨੀਂ; ਅਗਿਆਨ ਰਹਿੰਦੈ।

ਸੋ ਉਸ ਵੇਲੇ ਸਾਰੇ ਚੁੱਪ ਕਰ ਗਏ। ਚੰਦਨ ਦੀ ਚੌਕੀ ਡਾਹੀ ਹੋਈ ਐ। ਉਸਨੇ ਦੁਬਾਰਾ ਐਲਾਨ ਕਰਿਆ ਕਿ ਮਹਾਂਪੁਰਸ਼ੋ! ਕੀ ਭਾਰਤ-ਵਰਸ਼ ਦੇ ਅੰਦਰ ਸਮਰਥ ਪੁਰਸ਼ਾਂ ਦੀ ਘਾਟ ਹੋ ਗਈ? ਕੋਈ ਨੀਂ ਆ ਕੇ ਬੈਠ ਰਿਹਾ - ਚੌਕੀ ਦੇ ਉਪਰ। ਸਭ ਚੁੱਪ ਕਰੀ ਬੈਠੇ ਨੇ, ਕੋਈ ਨੀਂ ਦੇਖ ਰਿਹਾ - ਰਾਜੇ ਵੱਲ। ਦੇਖਦੇ-ਦੇਖਦੇ ਇਕ ਬੱਚਾ, ਜਿਸ ਦੇ ਸਰੀਰ ਵਿਚ ਅੱਠ ਵਲ ਨੇ, ਉਹ ਸਾਮ੍ਹਣੇ ਪਉੜੀਆਂ ਚੜ੍ਹ ਕੇ, ਜਿੱਥੇ ਰਾਜ ਸਿੰਘਾਸਣ ਸੀ, ਉਹਦੇ ਵੱਲ ਨੂੰ ਚਲਿਆ ਜਾ ਰਿਹੈ। ਸਾਰਿਆਂ ਨੇ ਦੇਖਿਆ ਕਿ ਬੱਚੇ ਦੇ

ਸਰੀਰ ਦੇ ਵਿੱਚ ਅੱਠ ਵਲ ਪੈਂਦੇ ਨੇ - ਝਾਕਦਾ ਕਿਧਰੇ ਨੂੰ ਹੈ, ਦੇਖ ਕਿਧਰੇ ਨੂੰ ਹੁੰਦੈ, ਅੱਖਾਂ ਕਿਧਰੇ ਪਾਸੇ ਨੇ, ਮੂੰਹ ਦਾ ਰੁਖ ਹੋਰ ਪਾਸੇ ਹੈ, ਸਰੀਰ ਦਾ ਕਿਸੇ ਹੋਰ ਪਾਸੇ ਹੈ, ਪੈਰ ਕਿਸੇ ਪਾਸੇ ਧਰਨਾ ਚਾਹੁੰਦੈ ਪਰ ਰੱਖ ਕਿਸੇ ਹੋਰ ਥਾਂ ਹੁੰਦੈ। ਇਉਂ ਅੱਠ ਵਲਾਂ ਵਾਲਾ ਬੱਚਾ ਉਠਿਆ - ਛੋਟੀ ਉਮਰ ਦਾ, ਤੇ ਸਾਰਿਆਂ ਨੇ ਇਹ ਸਮਝਿਆ ਕਿ ਇਸ ਬੱਚੇ ਨੇ ਗੱਲ ਨੀਂ ਸਮਝੀ; ਐਵੇਂ ਗੁਰੂ ਬਣਨ ਦਾ ਇਹਦੇ ਮਨ ਵਿਚ ਚਾਅ ਪੈਦਾ ਹੋ ਗਿਆ। ਉਹ ਇਸ ਗੱਲ ਨੂੰ ਦੇਖ ਕੇ, ਸਰੀਰ ਨੂੰ ਦੇਖ ਕੇ, ਛੋਟੀ ਉਮਰ ਨੂੰ ਦੇਖ ਕੇ ਜ਼ੋਰ-ਜ਼ੋਰ ਦੀ ਹੱਸਣ ਲੱਗ ਗਏ - ਤਾੜੀ ਮਾਰ ਕੇ।

ਉਸ ਵੇਲੇ ਬੱਚਾ ਸਾਰਿਆਂ ਮਹਾਂਪੁਰਸ਼ਾਂ ਵੱਲ ਦੇਖ ਕੇ ਉਹ ਵੀ ਹੱਸਣ ਲਗ ਪਿਆ - ਬਣਾਉਟੀ ਹਾਸਾ। ਰਾਜਾ ਕਹਿੰਦਾ, ਹੁਣ ਕੀ ਹੁਕਮ ਹੈ? ਬੱਚਾ ਕਹਿੰਦਾ, ਹੁਕਮ ਮੰਨ, ਜੋ ਗੁਰੂ ਕਹਿੰਦੈ। ਗੁਰੂ ਕਹਿੰਦੈ ਕਿ ਇਹ ਸਾਰਾ ਈ ਸੰਸਾਰ ਪ੍ਰਮੇਸ਼ਰ ਦਾ ਰੂਪ ਹੈ; ਮੰਨ ਲੈ ਇਹਨੂੰ। ਪਹਿਲਾਂ ਤਾਂ ਸੁਣ ਲਿਆ। ਸੁਣਨ ਨਾਲ ਕੀ ਹੋਏਗਾ? ਚਾਰ ਪੌੜੀਆਂ ਨੇ ਸੁਣਨ ਦੀਆਂ। ਜੇ ਸੱਚਮੁੱਚ ਇਸ ਤਰ੍ਹਾਂ ਹੀ ਕਰ ਲਏ ਤਾਂ ਹੁਣੇ ਹੀ result (ਨਤੀਜਾ) ਨਿਕਲ ਆਏਗਾ - ਏਥੇ ਬੈਠੇ ਹੀ। ਕਹਿੰਦੇ, ਉਹ ਪੌੜੀਆਂ ਇਸ ਤਰਾਂ ਹਨ -

***ਸੁਣਿਐ ਸਿਧ ਪੀਰ ਸੁਰਿ ਨਾਥ ॥***
***ਸੁਣਿਐ ਧਰਤਿ ਧਵਲ ਆਕਾਸ ॥***
***ਸੁਣਿਐ ਦੀਪ ਲੋਅ ਪਾਤਾਲ ॥***
***ਸੁਣਿਐ ਪੋਹਿ ਨ ਸਕੈ ਕਾਲੁ ॥***
***ਨਾਨਕ ਭਗਤਾ ਸਦਾ ਵਿਗਾਸੁ ॥***
***ਸੁਣਿਐ ਦੂਖ ਪਾਪ ਕਾ ਨਾਸੁ ॥*** ***ਅੰਗ - 2***

ਇਹ ਅਵਸਥਾ ਉਸੇ ਵੇਲੇ ਪ੍ਰਾਪਤ ਹੋ ਜਾਏਗੀ - ਗੁਰੂ ਦਾ ਸ਼ਬਦ ਸੁਣਦੇ ਸਾਰ। ਜੇ ਇਹਨੂੰ ਮੰਨ ਲਿਆ, ਫੇਰ -

***ਮੰਨੇ ਕੀ ਗਤਿ ਕਹੀ ਨ ਜਾਇ ॥***
***ਜੇ ਕੋ ਕਹੈ ਪਿਛੈ ਪਛੁਤਾਇ ॥***
***ਕਾਗਦਿ ਕਲਮ ਨ ਲਿਖਣਹਾਰੁ ॥***
***ਮੰਨੇ ਕਾ ਬਹਿ ਕਰਨਿ ਵੀਚਾਰੁ ॥*** ***ਅੰਗ - 3***

ਉਹਤੇ ਬਾਅਦ ਗੁਰੂ ਕਹਿੰਦੈ, ਹੁਣ ਤੂੰ ਅਭਿਆਸ ਕਰ। ਦੋ ਪਉੜੀਆਂ ਤਾਂ ਚੜ੍ਹ ਗਿਆ, ਹੁਣ ਅਭਿਆਸ ਕਰ; ਅਭਿਆਸ ਕਰਕੇ ਅੰਦਰੋਂ ਖੋਜ - ਪ੍ਰਮੇਸ਼ਰ ਨੂੰ। ਉਹਤੇ ਬਾਅਦ ਜਦ ਅਸੀਂ ਹੁਕਮ ਮੰਨ ਲਿਆ; ਦੂਜੀ condition (ਸ਼ਰਤ) ਅਸੀਂ ਪੂਰੀ ਕਰ ਲਈ। ਪਹਿਲੀ ਸ਼ਰਤ ਸੀ -

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ...............॥***

***ਅੰਗ - 918***

ਸੌਂਪ ਦਿਤਾ ਸਰੀਰ, ਫੇਰ ਕਹਿੰਦੇ - 'ਹੁਕਮ ਮੰਨਿਐ' ਹੁਕਮ ਮੰਨ ਸਾਡਾ। ਫੇਰ ਕੀ ਹੋਏਗਾ? ਕਹਿੰਦੇ, ਚੌਥੀ ਅਵਸਥਾ ਪ੍ਰਾਪਤ ਹੋ ਜਾਏਗੀ; ਉਹ ਹੈ - 'ਪਾਈਐ'। ਤੇਰੇ ਅੰਦਰ ਹੀ ਰਾਮ ਪ੍ਰਗਟ ਹੋ ਜਾਏਗਾ।

ਸੋ ਰਾਜਾ ਜਨਕ ਸਮਝਦਾਰ ਸੀ। ਉਹ ਇਸ ਤਰ੍ਹਾਂ ਨਹੀਂ ਸੀ - ਸਾਡੇ ਵਾਂਗਣ। ਸਾਮ੍ਹਣੇ ਖੜ੍ਹੈ - trial ਤੇ, ਪ੍ਰੀਖਿਆ ਲਈ ਸਾਰੇ ਸਾਧੂ ਮਹਾਤਮਾ ਦੇਖ ਰਹੇ ਨੇ ਕਿ ਹੁਣ ਇਹ ਕੀ ਕਰੂਗਾ। ਮਨ ਤਾਂ ਇਹ ਦੇ ਚੁਕਿਐ ਤੇ ਜੁਗਤਿ ਵੀ ਦੇਖ ਰਹੇ ਨੇ ਕਿ ਕਿੱਡੀ ਬੜੀ ਇਹ ਜੁਗਤਿ ਲਿਆਂਦੀ - ਅਸ਼ਟਾਵਕਰ ਨੇ; ਸਾਡੇ ਤਾਂ ਦਿਮਾਗ ਵਿਚ ਏ ਨਹੀਂ ਆ ਸਕੀ। ਸਾਨੂੰ ਇਹ ਸੀ ਕਿ ਪਹਿਲਾਂ ਕਰਮ ਕਰਾਓ, ਫੇਰ ਉਪਾਸ਼ਨਾ ਕਰਾਓ, ਫੇਰ ਗਿਆਨ, ਫੇਰ ਵਿਗਿਆਨ - ਇਹਦੀ practise (ਅਭਿਆਸ) ਕਰਾਓ। ਇਹ ਤਾਂ ਇਹਨੇ ਇਕ ਗੱਲ ਕਰਕੇ ਹੀ ਬੰਨ੍ਹ ਦਿਤਾ, ਪੈਰ ਰਕਾਬ ਵਿਚ ਪਾ ਈ ਨੀਂ ਸਕਦਾ।

ਸੋ ਉਥੇ ਚੁੱਪ ਕਰਿਆ ਖੜ੍ਹੈ - ਬੁੱਤ ਬਣਿਆ। ਹੁਣ ਫੁਰਨਾ ਨੀਂ ਆਉਣ ਦਿੰਦਾ; ਆਉਂਦੈ ਰੋਕ ਦਿੰਦੈ, ਆਉਂਦੈ ਰੋਕ ਦਿੰਦੈ। ਵਿਚਾਰ ਕਰਦੈ ਕਿ ਇਹ ਮਨ ਤਾਂ ਮੈਂ ਗੁਰੂ ਨੂੰ ਦੇ ਦਿੱਤਾ, ਹੁਣ ਫੁਰਨਾ ਕਿਉਂ ਆਉਂਦੈ ਮੇਰੇ ਮਨ ਵਿਚ! Silence (ਖਾਮੋਸ਼ੀ) ਵਿਚ ਆ ਗਿਆ ਜਿਹਨੂੰ 'ਅਫੁਰ ਅਵਸਥਾ' ਕਹਿੰਦੇ ਨੇ; 'ਸੁੰਨ ਮੰਡਲ' ਵਿਚ ਪਹੁੰਚ ਗਿਆ। ਸੁੰਨ ਮੰਡਲ ਕੋਈ ਸੁੰਨ ਨਹੀਂ ਹੁੰਦੀ; ਜਾਗ੍ਰਤ ਅਵਸਥਾ ਹੁੰਦੀ ਹੈ ਲੇਕਿਨ ਉਥੇ ਫੁਰਨਾ ਨਹੀਂ ਹੁੰਦਾ, ਅਫੁਰ

ਅਵਸਥਾ ਹੁੰਦੀ ਐ - ਅਨਹਤ ਸੁੰਨ। ਅੱਧਾ ਘੰਟਾ ਹੋ ਗਿਆ ਖੜ੍ਹੇ ਨੂੰ।

ਐਨੇ ਚਿਰ 'ਚ ਇਕ ਬ੍ਰਾਹਮਣ ਆ ਗਿਆ। ਉਹਨੇ ਆ ਕੇ ਫਰਿਆਦ ਕਰੀ ਰਾਜਨ! ਡਾਕੂਆਂ ਨੇ ਮੇਰੇ ਲੜਕੇ ਦੀ ਬਰਾਤ ਲੁੱਟ ਲਈ, ਬੜਾ ਨੁਕਸਾਨ ਹੋ ਗਿਆ, ਜਲਦੀ ਕਰੋ, ਮੈਂ ਗਰੀਬ ਆਦਮੀ ਹਾਂ। ਪੰਦਰਾਂ ਮਿੰਟ ਬੇਨਤੀਆਂ ਕਰੀ ਗਿਆ। ਰਾਜਾ ਟੱਸ ਤੇ ਮੱਸ ਨ ਹੋਇਆ, ਨ ਕੋਈ ਫੁਰਨਾ ਆਉਣ ਦਿਤਾ। ਉਸ ਤੇ ਬਾਅਦ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿਤੀਆਂ ਉਹਨੇ, ਤੇ ਕਹਿੰਦੇ, ਐਡਾ ਨਿਰਦਈ ਰਾਜਾ! ਤੂੰ ਮੇਰੀ ਬਾਤ ਕਿਉਂ ਨੀਂ ਸੁਣਦਾ? ਕਿਉਂ ਤੂੰ ਪੱਥਰ ਬਣਿਆ ਖੜ੍ਹਾ ਹੈਂ? ਉਹ ਫੇਰ ਟੱਸ ਤੇ ਮੱਸ ਨਾ ਹੋਇਆ। ਇਕ ਘੰਟਾ ਹੋ ਗਿਆ।

ਇਕ ਘੰਟਾ ਜੇ ਫੁਰਨਾ ਨ ਆਵੇ, ਸਾਧ ਸੰਗਤਿ ਜੀ, ਇਹ 'ਨਿਰਵਿਕਲਪ ਸਮਾਧ' ਹੋਇਆ ਕਰਦੀ ਹੈ, ਐਥੇ (ਤ੍ਰਿਕੁਟੀ ਵੱਲ ਇਸ਼ਾਰਾ ਕਰਕੇ) ਇਕ-ਦਮ ਚੜ੍ਹ ਜਾਂਦੈ ਜੇ ਫੁਰਨਾ ਨ ਆਵੇ। ਸਿਰਫ ਫੁਰਨੇ ਕਰਕੇ ਅਸੀਂ ਨੀਵੇਂ down ਰਹਿੰਦੇ ਹਾਂ, ਹੇਠ ਰਹਿੰਦੇ ਹਾਂ। ਫੁਰਨੇ ਹੀ ਨੀਂ ਹਟਦੇ ਸਾਡੇ। ਸੋ ਮਹਾਰਾਜ ਕਹਿੰਦੇ, ਇਹ ਚੀਜ਼ਾਂ ਦੇ ਦੇ - ***'ਤਨੁ ਮਨੁ ਗੁਰ ਪਹਿ ਵੇਚਿਆ.............॥'*** ਤਨ ਤੇ ਮਨ ਗੁਰੂ ਨੂੰ ਵੇਚ ਦੇ - ***'..........ਮਨੁ ਦੀਆ ਸਿਰੁ ਨਾਲਿ॥'*** ਜਦ ਮਨ ਦੇ ਦਿਤਾ, ਨਾਲੇ ਸਿਰ ਦੇ ਦਿਤਾ।

ਸੋ ਜੇ ਪ੍ਰਮੇਸ਼ਰ ਨੂੰ ਮਿਲਣੈ ਤਾਂ ਇਹ ਤਿੰਨ ਚੀਜ਼ਾਂ ਜ਼ਰੂਰੀ ਹੁੰਦੀਆਂ ਨੇ, ਸਾਧ ਸੰਗਤਿ ਜੀ! ਜਿੰਨਾਂ ਚਿਰ ਅਸੀਂ ਇਨ੍ਹਾਂ ਦਾ ਸੌਦਾ ਗੁਰੂ ਨਾਲ ਨਹੀਂ ਕਰਦੇ, ਅਸੀਂ ਉਤੇ ਨੀਂ ਚੜ੍ਹ ਸਕਦੇ; ਐਥੇ ਹੀ ਗੇੜੇ ਖਾਈ ਜਾਵਾਂਗੇ ਕਿਉਂਕਿ ਇਹ ਗੱਲ ਸਾਡੇ ਸਮਝ ਵਿਚ ਨਹੀਂ ਪਈ। ਜਿਹਦੇ ਸਮਝ ਵਿਚ ਪੈ ਜਾਣੀ ਐਂ, ਉਹਨੇ sacrifice (ਕੁਰਬਾਨੀ) ਕਰਨੀ ਹੈ। ਜੇ ਲੋੜ ਹੈ, ਉਹਦੇ ਅੰਦਰ ਜਗਿਆਸਾ ਹੈ ਕਿ ਪ੍ਰਭੂ ਨੂੰ ਮਿਲਣੈ, ਫੇਰ ਉਹਨੂੰ ਕੋਈ ਔਖਾ ਨੀਂ ਹੈ; ਸਸਤਾ ਸੌਦਾ ਹੈ ਇਹ ਕਿਉਂਕਿ ਇਨ੍ਹਾਂ ਨੇ ਫੇਰ ਵੀ ਜਾਂਦੇ ਰਹਿਣੈ; ਸਾਡੇ ਨਾਲ ਤਨ ਨੇ ਤਾਂ ਨਹੀਂ ਜਾਣਾ, ਧਨ ਨੇ ਨੀਂ ਜਾਣਾ;

ਦੋਇ ਚੀਜ਼ਾਂ ਤਾਂ superfluous (ਵਾਧੂ) ਨੇ। ਮਨ ਨੇ ਸਾਡੇ ਨਾਲ ਜਾਣੈ। ਪਰ ਮਨ ਨੇ ਸਾਨੂੰ ਬਹੁਤ ਚੱਕਰ ਖਲੌਣੇ ਨੇ ਕਿਉਂਕਿ ਇਹਦੇ ਵਿਚ ਹੰਗਤਾ ਤੇ ਮਮਤਾ ਭਰੀ ਪਈ ਐ। ਜਦ ਤਕ ਹੰਗਤਾ ਤੇ ਮਮਤਾ ਹੈ, ਓਨੀ ਦੇਰ ਤਕ ਸਾਡਾ ਛੁਟਕਾਰਾ ਨੀਂ ਹੋਣਾ; ਅਸੀਂ ਜੰਮਦੇ ਰਹਾਂਗੇ, ਮਰਦੇ ਰਹਾਂਗੇ। ਸੋ ਇਸ ਕਰਕੇ ਸਾਨੂੰ ਤਨ ਤੇ ਮਨ ਵੇਚਣਾ ਪੈਂਦੈ। ਪੜ੍ਹੋ ਪਿਆਰ ਨਾਲ -

***ਧਾਰਨਾ - ਵੇਚ ਦੇ ਗੁਰਾਂ ਨੂੰ,***
***ਪਿਆਰੇ ਤਨ ਮਨ ਆਪਣਾ - 2, 2.***

***ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ ॥***
***ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ ॥***
***ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ ॥***

***ਅੰਗ - 20***

ਕਹਿੰਦੇ, ਨਾਲ ਹੀ ਰਹਿੰਦੈ ਇਹ। ਜਿਹੜਾ ਤਾਂ ਮੰਨ ਲੈਂਦੈ ਇਸ ਗੱਲ ਨੂੰ, ਉਹ ਤਾਂ ਗੁਰੂ ਦੇ ਬਚਨ ਦੀ ਕਮਾਈ ਕਰ ਸਕਦੈ; ਜਿਹੜਾ basic (ਮੁੱਢਲੀ) ਗੱਲ ਈ ਨੀਂ ਮੰਨਦਾ ਕਿ ਮੇਰੇ ਨਾਲ ਵਾਹਿਗੁਰੂ ਰਹਿੰਦੈ, ਉਹ ਅੱਗੇ ਕਿਵੇਂ ਚੱਲ ਸਕਦੈ। ਜਿਹੜੀ ਚੀਜ਼ ਨਾਲ ਰਹਿੰਦੀ ਹੋਵੇ - ਭੂਤ ਰਹਿੰਦਾ ਹੋਵੇ ਨਾਲ, ਡਰਨ ਲਗ ਜਾਂਦੈ ਆਦਮੀ। ਹਨ੍ਹੇਰੇ ਵਿਚ ਨੀਂ ਜਾਂਦਾ ਕਿਉਂਕਿ ਉਹਨੇ ਮੰਨ ਲਿਆ ਇਹਨੂੰ। ਲੇਕਿਨ ਪ੍ਰਮੇਸ਼ਰ ਨੂੰ ਨਹੀਂ ਮੰਨਦਾ ਬੰਦਾ।

ਦੋ ਸੌ ਸਾਲ ਸਿੱਖੀ ਨੂੰ ਹੋ ਚੁੱਕੇ ਸੀ - ਦੋ ਸੌ ਤੋਂ ਥੋੜ੍ਹੇ ਉਪਰ। ਉਸ ਵੇਲੇ ਗੁਰੂ ਦਸਵੇਂ ਪਾਤਸ਼ਾਹ ਨੇ ਤਜਰਬਾ practical (ਅਮਲ) ਰੂਪ ਵਿਚ ਲਿਆਉਣ ਵਾਸਤੇ - ਦੀਵਾਨ ਲੱਗਿਆ ਹੋਇਐ - ਵਿਸਾਖੀ ਦਾ, ਤੇ ਆਪ ਸਿੰਘਾਸਣ ਤੇ ਸੁਭਾਇਮਾਨ ਨੇ; ਆਪ ਅਚਾਨਕ ਉਠ ਕੇ ਖੜ੍ਹੇ ਹੋ ਗਏ, ਸਿਰੀ ਸਾਹਿਬ ਕੱਢ ਲਈ; ਸਿਰੀ ਸਾਹਿਬ ਕੱਢ ਕੇ ਉਚੀ ਆਵਾਜ਼ ਨਾਲ ਕਿਹਾ ਕਿ ਸਾਨੂੰ ਇਕ ਸੀਸ ਚਾਹੀਦੈ। ਪਰ ਇਤਿਹਾਸਾਂ ਵਿਚ ਇਸ ਤਰ੍ਹਾਂ ਲਿਖਿਆ ਹੋਇਐ ਕਿ ਸਾਰੀ ਸੰਗਤ ਹੈਰਾਨ ਹੋ ਗਈ ਕਿ ਗੁਰੂ ਸਾਹਿਬ ਸੀਸ ਕਿਉਂ ਮੰਗਣ ਲੱਗ ਗਏ? ਕਾਫੀ ਦੇਰ ਤੋਂ ਬਾਅਦ ਗੁਰੂ ਸਾਹਿਬ ਨੇ ਫੇਰ ਆਵਾਜ਼ ਦਿਤੀ, ਫੇਰ ਸਾਰਿਆਂ ਨੇ ਨੀਵੀਆਂ ਪਾਈਆਂ

ਹੋਈਐਂ। ਤੀਸਰੀ ਵਾਰ ਫੇਰ ਆਵਾਜ਼ ਦਿਤੀ ਕਿ ਕੋਈ ਹੈ ਐਸਾ ਜਿਹੜਾ ਸੀਸ ਦੇਵੇ? ਤਾਂ ਉਸ ਵੇਲੇ, ਕਹਿੰਦੇ ਨੇ ਕਿ ਭਾਈ ਦਇਆ ਰਾਮ ਜੀ ਗੁਰੂ ਦੇ ਅੱਗੇ ਉਠ ਕੇ ਆ ਗਏ। ਉਨ੍ਹਾਂ ਨੇ ਬੇਨਤੀ ਕਰੀ ਕਿ ਸੱਚੇ ਪਾਤਸ਼ਾਹ, ਮੈਨੂੰ ਉੱਠਣਾ ਤਾਂ ਪਹਿਲੀ ਆਵਾਜ਼ ਤੇ ਹੀ ਚਾਹੀਦਾ ਸੀ ਪਰ ਮੈਂ ਸੋਚ ਵਿਚ ਪੈ ਗਿਆ।

ਐਹ ਗੱਲ ਜਿਹੜੀ ਹੈ, ਇਹ ਦਿਲ ਨੂੰ ਨਹੀਂ ਲਗਦੀ ਕਿਉਂਕਿ 200 ਸਾਲ ਦੀ ਸਿੱਖੀ ਅਜੇ ਸਿੱਖ ਨੂੰ ਇਸ ਗੱਲ ਤੇ ਨਹੀਂ ਤਿਆਰ ਕਰ ਸਕੀ ਕਿ ਤਨ ਤੇ ਮਨ ਗੁਰੂ ਨੂੰ ਵੇਚਿਆ ਹੋਵੇ? ਕੋਈ ਸਿੱਖ ਵੀ ਨਹੀਂ ਸੀ - ਤਨ ਤੇ ਮਨ ਵੇਚਿਆ ਹੋਵੇ ਜਿਹਨੇ? ਜਦੋਂ ਦਿੱਤਾ ਹੋਇਆ ਈ ਐ, ਫੇਰ ਤਾਂ ਸੋਚਣ-ਸਾਚਣ ਦੀ ਬਾਤ ਹੀ ਨੀਂ ਹੁੰਦੀ। ਸਾਧ ਸੰਗਤਿ ਜੀ, ਐਸੀ ਬਾਤ ਨਹੀਂ ਹੈ; ਉਹ ਤਾਂ ਸੀਸ ਵੇਚੇ-ਵਿਚਾਏ ਹੀ ਸੀ, ਉਸੇ ਵੇਲੇ ਉਠ ਕੇ ਚਲੇ ਗਏ। ਇਉਂ ਨੀਂ ਹੈ ਕਿ ਭਾਜੜਾਂ ਪੈ ਗਈਆਂ, ਨੱਠ ਗਏ, ਭੱਜ ਗਏ। ਇਹ ਰੌਚਕ ਚੀਜ਼ ਬਨਾਉਣ ਵਾਸਤੇ ਤਾਂ ਬਹੁਤ ਵਧੀਆ ਹੈ ਲੇਕਿਨ ਇਹਦੇ ਵਿਚ ਸਿੱਖੀ ਐਨੀ ਕਮਜ਼ੋਰ ਨਜ਼ਰ ਆਉਂਦੀ ਐ ਕਿ ਐਨੇ ਸਮਰੱਥ ਗੁਰੂਆਂ ਦੇ ਹੁੰਦੇ ਹੋਏ ਦੇਹ-ਅਧਿਆਸ ਨੀਂ ਸੀ ਟੁੱਟ ਸਕਿਆ? ਉਹ ਤਾਂ ਤਿਆਰ-ਬਰ-ਤਿਆਰ ਸੀ - ਸਭ ਕੁਝ ਕਰਨ ਵਾਸਤੇ; ਸੀਸ ਦਿੱਤਾ ਹੋਇਆ ਸੀ-ਉਨ੍ਹਾਂ ਨੇ। ਜਦ ਸੀਸ ਗੁਰੂ ਨੂੰ ਦੇ ਦਿਤਾ, ਗੁਰੂ ਫੇਰ ਖੋਜ ਕਰਕੇ ਨਾਲ ਦਿਖਾ ਦਿੰਦਾ ਹੈ - ਪ੍ਰਮੇਸ਼ਰ ਨੂੰ, ਜਦ ਗੁਰੂ ਦੀ ਬਾਤ ਮੰਨਦੈ। ਐਸਾ ਫੁਰਮਾਨ ਹੈ -

***ਧਾਰਨਾ - ਘਟਿ ਘਟਿ ਜੋਤਿ ਨਿਰੰਤਰੀ,***
***ਬੂਝੇ ਗੁਰਮਤਿ ਸਾਰ - 2, 2.***

ਜਿਨ੍ਹਾਂ ਨੇ ਆਪਣਾ ਤਨ ਵੀ ਦੇ ਦਿਤਾ, ਮਨ ਵੀ ਦੇ ਦਿਤਾ, ਮਹਾਰਾਜ ਕਹਿੰਦੇ, ਫੇਰ ਉਹ ਗੁਰਮਤਿ ਦੇ ਵਿਚ ਆ ਜਾਂਦੈ। ਉਹਨੂੰ ਫੇਰ - ਜਿਹੜੀ ਅੰਦਰ ਜੋਤਿ ਸਾਰਿਆਂ ਵਿਚ ਐ ਤੇ ਨਿਰੰਤਰ ਹੈ; ਐਂ ਨੀਂ ਹੈ ਕਿ ਬਿਜਲੀ ਵਾਂਗਣ ਕਦੇ ਚਮਕ ਪਈ, ਕਦੇ ਫੇਰ ਹਟ ਗਈ; ਉਹ ਲਗਾਤਾਰ ਜੋਤਿ ਹੈ ਜਿਹਦੇ ਕਰਕੇ ਇਹ

ਸਾਰਾ ਬ੍ਰਹਿਮੰਡ ਚੱਲ ਰਿਹੈ; ਉਹਦੀ ਪ੍ਰਾਪਤੀ ਹੁੰਦੀ ਐ-

***ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ ॥***
***ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ ॥***
***ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ ॥***

***ਅੰਗ - 20***

ਲੇਕਿਨ ਇਹਨੂੰ ਸੰਸਾਰ ਦੇ ਅੰਦਰ ਕਿਉਂ ਨੀਂ ਜਾਣਿਆ ਜਾਂਦਾ? ਬੜਾ ਹੀ simple (ਸਾਦਾ) ਮਹਾਰਾਜ ਨੇ ਬਚਨ ਕੀਤਾ ਹੈ ਕਿ ਹਰੇਕ ਦੇ ਅੰਦਰ ਜੋਤਿ ਹੈ, ਪਰ ਆਦਮੀ ਹਰ ਵਕਤ ਭੁੱਲਿਆ ਰਹਿੰਦੈ - ਹਰ ਵਕਤ, ਤੇ ਉਹਨੂੰ ਯਾਦ ਕਰਾਉਣ ਵਾਸਤੇ ਬਾਰ-ਬਾਰ ਆਉਂਦੈ ਕਿ -

***ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥***
***ਕਲਿ ਕਲੇਸ ਤਨ ਮਾਹਿ ਮਿਟਾਵਉ॥*** ***ਅੰਗ - 262***

ਉਹਨੂੰ ਯਾਦ ਰੱਖੋ, ਯਾਦ ਰੱਖੋ, ਯਾਦ ਰੱਖੋ - ਚਾਹੇ 'ਵਾਹਿਗੁਰੂ-ਵਾਹਿਗੁਰੂ' ਕਹਿ ਕੇ ਯਾਦ ਰੱਖੋ, ਚਾਹੇ 'ਰਾਮ ਰਾਮ' ਕਹਿ ਕੇ ਯਾਦ ਰੱਖੋ, ਚਾਹੇ 'ਅੱਲਾਹ-ਅੱਲਾਹ' ਕਹਿ ਕੇ ਯਾਦ ਰੱਖੋ; ਯਾਦ ਰੱਖਣਾ ਹੈ - ਉਸ ਜੋਤਿ ਨੂੰ। ਜੇ ਉਸ ਦੀ ਯਾਦ ਹਿਰਦੇ ਵਿਚ ਨੀਂ ਵਸਦੀ -

***ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥***
***ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥***

***ਅੰਗ - 491***

ਉਤੋਂ ਤਾਂ ਕਹੀ ਜਾਂਦੈ - ਰਾਮ-ਰਾਮ-ਰਾਮ, ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ; ਆਹ ਨਿੱਕੀ ਜਿਹੀ, simple (ਸਾਦੀ) ਗੱਲ ਯਾਦ ਨੀਂ ਰੱਖਦਾ ਕਿ ਵਾਹਿਗੁਰੂ ਮੇਰੇ ਨਾਲ ਹੈ। ਬੜਾ problem (ਮਸਲਾ) ਖੜ੍ਹਾ ਹੁੰਦੈ ਕਿ ਇਹ ਗੱਲ ਤਾਂ ਐਨੀ ਔਖੀ ਨੀਂ ਹੈ; ਸੁਖਾਲੀ ਜਿਹੀ ਹੈ। ਮਨ ਵੀ ਹਿੰਮਤ ਕਰਦੈ ਕਿ ਹੁਣ ਯਾਦ ਰੱਖਾਂਗਾ ਪਰ ਦੂਜੇ ਪਾਸੇ ਇਕ ਖੇਲ੍ਹ ਵਰਤ ਰਿਹੈ - ਮਹਾਰਾਜ ਦਾ, ਜਿਹਨੂੰ 'ਭੁਲੇਖਾ' ਕਹਿੰਦੇ ਨੇ, ਭੁੱਲ ਕਹਿੰਦੇ ਨੇ। ਉਹ ਭੁੱਲ ਬਹੁਤ ਤਕੜੀ ਹੈ, ਜਨਮਾਂ-ਜਨਮਾਂਤਰਾਂ ਤੋਂ ਪਈ ਹੋਈ ਹੈ। ਐਨੀ ਛੇਤੀ ਯਾਦ ਨਹੀਂ ਹੁੰਦੀ ਇਹ ਚੀਜ਼। ਨ ਕੋਈ ਅੰਗ੍ਰੇਜ਼ੀ ਦਾ ਸਬਕ

ਯਾਦ ਕਰਨੈ, ਨ ਕੋਈ mathematics (ਹਿਸਾਬ) ਦਾ ਸਵਾਲ ਕਰਨੈ, ਨ ਕੋਈ ਸਾਇੰਸ ਦਾ ਫਾਰਮੂਲਾ ਯਾਦ ਕਰਨੈ - ਉਹ ਬੜਾ ਔਖੈ ਯਾਦ ਕਰਨਾ; ਇਹ ਤਾਂ ਸੁਖਾਲਾ ਜਿਹਾ ਈ ਐ ਕਿ ਮੇਰੇ ਨਾਲ ਵਾਹਿਗੁਰੂ ਹਰ ਵਕਤ ਰਹਿੰਦੈ। ਜੇ ਬੰਦਾ ਦਿਨ ਦੇ ਅੰਦਰ ਥੋੜ੍ਹੇ interval (ਵਕਫੇ) ਦੇ ਨਾਲ ਇਸ ਧਿਆਨ ਵਿਚ ਆਈ ਜਾਵੇ ਕਿ ਮੇਰੇ ਸਾਰੇ ਕੰਮਾਂ ਨੂੰ ਵਾਹਿਗੁਰੂ ਦੇਖਦੈ; ਚਲੋ ਮੈਨੂੰ ਨਹੀਂ ਮਿਲਿਆ, ਨ ਮਿਲੇ; ਮੇਰਾ ਗੁਰੂ ਉਹਦੇ ਪਿਛੇ ਮੇਰੇ ਨਾਲ ਰਹਿੰਦੈ ਤੇ ਥੋੜ੍ਹੀ-ਥੋੜ੍ਹੀ ਦੇਰ ਦੇ ਪਿਛੋਂ ਜੇ ਉਹ ਉਹਨੂੰ ਯਾਦ ਆਈ ਜਾਵੇ ਕਿ ਮੇਰੇ ਨਾਲ ਰਹਿੰਦੈ, ਤਾਂ ਗਲਤ ਕੰਮ ਨਹੀਂ ਕਰ ਸਕਦਾ ਉਹ।

ਇਕ ਵਾਰੀ ਇੱਕ ਮਹਾਤਮਾ ਸੀ - ਦੋ ਚੇਲੇ ਨੇ ਉਨ੍ਹਾਂ ਦੇ। ਇਕ ਚੇਲਾ ਐ - ਬਹੁਤ ਗੱਲਾਂ-ਬਾਤਾਂ ਮਾਰਦੈ, ਆਈ ਗਈ ਸਾਧ ਸੰਗਤਿ ਨੂੰ ਆਪਣਾ ਆਪ ਜਣਾਉਂਦੈ ਕਿ ਮੈਂ ਈ ਹਾਂ ਏਥੇ ਕਾਰਕੁਨ, ਹੋਰ ਏਥੇ ਕੋਈ ਨੀਂ; ਕਿਉਂਕਿ ਇਹ ਕੁਦਰਤੀ ਆਦਮੀ ਦੀ ਕਮਜ਼ੋਰੀ ਹੋਇਆ ਕਰਦੀ ਐ। ego ਜਿਹੜੀ ਹੈ, ਇਹ ਸਾਰੀਆਂ ਬਿਮਾਰੀਆਂ ਦੀ ਜੜ੍ਹ ਹੈ। ਇਹੋ ਚੀਜ਼ ਇਹਦੇ ਅੰਦਰ ਕੰਮ ਕਰਦੀ ਐ ਕਿ ਮੈਨੂੰ ਹੀ ਪੁੱਛਣ, ਮੈਨੂੰ ਹੀ ਜਾਨਣ, ਮੇਰਾ ਕਿਤੇ ਆਦਰ ਨ ਘਟ ਜਾਏ, ਕਿਤੇ ਇਉਂ ਨ ਕਹਿਣ ਕਿ ਇਹ ਤਾਂ ਕੁਛ ਨੀਂ ਹੈ। ਪਰਗਟ ਕਰਨਾ ਚਾਹੁੰਦੈ ਹਰ ਬੰਦਾ - ਮੂਹਰੇ ਆਉਣਾ ਚਾਹੁੰਦੈ। ਦੁਨੀਆਂ ਦੇ ਵਿਚ ਮੂਹਰੇ ਆਉਣਾ ਆਉ; ਰੂਹਾਨੀਅਤ ਦੇ ਵਿਚ ਨੀਂ। ਰੂਹਾਨੀਅਤ ਦੇ ਵਿਚ ਤਾਂ ਸਭ ਕੁਝ ਕਰਕੇ, ਆਪਣੇ ਆਪ ਨੂੰ ਨੀਵਾਂ ਸਦਾਵਣਾ ਪੈਂਦੈ ਹੈ, ਤਾਂ ਪ੍ਰਭੂ ਦੇ ਦਰ ਤੇ ਪ੍ਰਵਾਨ ਹੁੰਦੈ। ਕਰਕੇ ਕਹਿਣਾ, 'ਮੈਂ ਕੁਛ ਨੀਂ ਕਰਿਆ,' ਸਭ ਕੁਝ ਵਾਹਿਗੁਰੂ ਜੀ ਹੀ ਕਰਾਉਂਦੇ ਹਨ।' ਅੰਦਰੋਂ ਤਾਂ ਕਹਿੰਦੈ, 'ਮੈਂ ਕਰਿਐ' ਪਰ ਬਾਹਰੋਂ ਮੂੰਹ ਨਾਲ ਕਹਿੰਦੈ, "ਮੈਂ ਕੁਛ ਨੀਂ ਕਰਿਆ ਤੇ ਗੁਰੂ ਸਾਹਿਬ ਕਰਾਉਂਦੇ ਹਨ; ਜੋ ਕਰਾਉਂਦੇ ਹਨ, ਸੋ ਹੋ ਰਿਹੈ" ਇਹ ਬੜਾ ਔਖਾ ਟੈਸਟ ਹੈ। ਜੇ ਕੋਈ ਐਂ ਕਹਿੰਦੈ, ਉਹਨੂੰ ਕੁਛ ਹੋਰ ਤਰ੍ਹਾਂ ਵਿਪਰੀਤ ਕਹਿ ਕੇ ਦੇਖ ਲਓ। ਜੇ ਤਾਂ ਉਹ ਆਪਣੇ ਬਾਰੇ ਪ੍ਰਤੀਕੂਲ ਸੁਣ ਕੇ ਸਮ ਬ੍ਰਿਤੀ ਵਿਚ ਰਹਿ

ਸਕਦੈ, ਫੇਰ ਤਾਂ ਉਹਨੇ ਸਮਝ ਲਈ ਗੱਲ, ਜੇ ਨਹੀਂ ਰਹਿੰਦਾ, ਤਾਂ ਕੇਵਲ vocally (ਜ਼ਬਾਨੀ ਹੀ) ਬੋਲਦੈ, ਅੱਖਰਾਂ ਦੇ ਨਾਲ ਗੱਲ ਕਰ ਰਿਹੈ; ਭਾਵ ਦੇ ਪਿਛੇ ਉਨਮਨ ਵਿਚੋਂ ਨਹੀਂ ਬੋਲ ਰਿਹਾ; ਬੁੱਧੀ ਮੰਡਲ 'ਚੋਂ ਬਾਤ ਕਰ ਰਿਹੈ।

ਸੋ ਇਹ ਐਸਾ ਚੇਲਾ ਸੀ, ਆਪਣਾ ਆਪ ਹਰ ਵਕਤ ਚਾਹੁੰਦਾ ਸੀ ਦਿਖਾਉਣਾ। ਜੋ ਦੂਸਰਾ ਸੀ, ਉਹ ਭਜਨ ਬੰਦਗੀ ਕਰਦਾ ਸੀ, ਚੁੱਪ ਰਹਿੰਦਾ ਸੀ, ਪਿਛੇ ਰਹਿੰਦਾ ਸੀ; ਕੰਮ ਸਾਰਾ ਕਰਦਾ ਰਹਿੰਦਾ ਸੀ। ਗੁਰੂ ਪ੍ਰਸੰਨ ਇਹਦੇ ਉਤੇ ਸੀ, ਉਹਦੇ ਉਤੇ ਗੁਰੂ ਪ੍ਰਸੰਨ ਨਹੀਂ ਸੀ। ਉਹ ਕਿਉਂਕਿ ਸੰਗਤਿ ਵਿਚ ਬਹੁਤ ਮੂਹਰੇ ਆਇਆ ਹੋਇਆ ਸੀ ਤੇ ਗੁਰੂ ਇਹ ਚਾਹੁੰਦੇ ਸਨ ਕਿ ਸੰਗਤ ਦੇ ਮਨ ਵਿਚ ਕਿਤੇ ਕੋਈ ਸ਼ੰਕਾ ਨ ਪੈ ਜਾਵੇ ਕਿਉਂਕਿ ਚੰਗੇ ਮਹਾਤਮਾ ਤੋਂ ਬਾਅਦ ਸੰਗਤਾਂ ਧੜੇਬੰਦੀ ਵਿਚ ਆ ਜਾਇਆ ਕਰਦੀਆਂ ਨੇ। ਪੂਰੇ ਤਾਂ ਹੁੰਦੇ ਨਹੀਂ, ਇਗੋ (ਹਉਮੈ) ਦੇ ਬੰਦੇ ਹੁੰਦੇ ਨੇ। ਜਿਹੜਾ ਇਹਦੀ ਹਉਮੈ ਨੂੰ ਪੱਠੇ ਪਾ ਦੇਵੇ, ਕੁਛ ਖਲਾਵੇ-ਪਿਲਾਵੇ-ਉਹਦੀ ਇਗੋ ਨੂੰ, ਉਹਦੇ ਵੱਲ ਨੂੰ ਹੋ ਜਾਇਆ ਕਰਦੀ ਐ ਦੁਨੀਆਂ। ਸੰਸਾਰ ਤਾਂ, ਜਿਹੜਾ ਬੇਪਰਵਾਹ ਹੈ - ਸਭ ਚੀਜ਼ਾਂ ਤੋਂ, ਉਹਨੂੰ ਪਛਾਣ ਨੀਂ ਸਕਦਾ। ਸੋ, ਨ ਪਛਾਨਣ ਦੇ ਨਾਲ ਧੜੇਬੰਦੀ ਜਹੀ ਬਣਾ ਲੈਣਗੇ, ਗਰੋਪਸਿਮ ਹੋ ਜਾਏਗੀ। ਇਹ ਸਾਰੇ ਮਹਾਤਮਾ ਤੋਂ ਬਾਅਦ ਹੋਇਐ।

ਸੋ ਉਸ ਵੇਲੇ ਮਹਾਤਮਾ ਨੇ ਕਿਹਾ, ਕਿਉਂ ਨਾ ਮੈਂ ਇਨ੍ਹਾਂ ਨੂੰ convince (ਨਿਸਚਾ) ਕਰਾ ਦਿਆਂ - ਸਾਰੀਆਂ ਸੰਗਤਾਂ ਨੂੰ; ਸਿਆਣੇ ਸੀਗੇ, ਜੁਗਤਿ ਦੇ ਨਾਲ ਸਮਝਾਉਣੀ ਚਾਹੁੰਦੇ ਸੀ। ਸੰਗਤਾਂ ਬੁਲਾ ਲਈਆਂ, ਕਹਿਣ ਲੱਗੇ, ''ਪ੍ਰੇਮੀਓਂ! ਅਸੀਂ ਸਰੀਰ ਛੱਡਣੈ, ਸਾਡਾ ਸਮਾਂ ਬਹੁਤ ਨੇੜੇ ਆ ਗਿਆ। ਤੁਸੀਂ ਸੰਗਤ ਦੇ ਰੂਪ ਵਿਚ ਜੁੜੇ ਹੋਏ ਹੋ ਤੇ ਅਸੀਂ ਇਹ ਚਾਹੁੰਦੇ ਹਾਂ ਕਿ ਤੁਹਾਡੀ ਅਗਵਾਈ ਕੋਈ ਪੂਰਨ ਗਿਆਨਵਾਨ ਪੁਰਸ਼ ਕਰੇ, ਕਰਨੀ-ਕਮਾਈ ਵਾਲਾ ਕਰੇ ਤਾਂ ਕਿ ਔਝੜ ਵਿਚ ਨਾ ਫਸ ਜਾਓਂ, ਗਲਤ ਧਾਰਨਾਵਾਂ ਨ ਮਨ ਵਿਚ ਪੈਦਾ ਹੋ ਜਾਣ, ਹਨ੍ਹੇਰੇ ਵਿਚ ਨ ਜਾ ਫਸੋ ਤੇ ਇਹ ਜੋ ਚਾਨਣ

ਦੀ ਜੋਤਿ ਚਲਦੀ ਆ ਰਹੀ ਐ, ਇਹੋ ਜੋਤਿ ਅੱਗੋਂ ਫੜਾਈ ਜਾਵੇ ਤਾਂਕਿ ਚਾਨਣਾ ਹੁੰਦਾ ਰਹੇ ਤੇ ਉਹਦੇ ਬਾਰੇ ਤੁਹਾਨੂੰ ਸਭ ਨੂੰ ਪਤਾ ਹੀ ਹੈ ਕਿ ਇਹ ਦੋ ਸਾਡੇ ਮੁਖੀ ਚੇਲੇ ਨੇ, ਪਿਆਰੇ ਨੇ ਤੇ ਇਨ੍ਹਾਂ ਦੇ ਵਿਚੋਂ ਅਸੀਂ ਇਕ ਨੂੰ ਜ਼ਿੰਮੇਵਾਰੀ ਦੇਣਾ ਚਾਹੁੰਦੇ ਹਾਂ ਤੇ ਅਸੀਂ ਟੈਸਟ ਰੱਖਿਐ ਇਨ੍ਹਾਂ ਦਾ।

ਇਹ ਅਸੀਂ ਦੋ ਕਬੂਤਰ ਮੰਗਵਾਏ ਨੇ। ਦੋਹਾਂ ਨੂੰ ਇੱਕ-ਇੱਕ ਦਿੰਦੇ ਹਾਂ। ਜਿਹੜਾ ਪਹਿਲਾਂ ਮਾਰ ਕੇ ਲਿਆਏਗਾ, ਉਹ ਮੁਖੀ ਹੋ ਜਾਏਗਾ। ਸੰਗਤ ਹੈਰਾਨ ਹੋ ਗਈ ਕਿ ਇਹ ਕਿਹੜਾ ਟੈਸਟ ਹੋਇਆ। ਇਹ ਤਾਂ ਦੌੜ ਲਾ ਦਿਤੀ ਸੰਤਾਂ ਨੇ, ਰੂਹਾਨੀ ਟੈਸਟ ਤਾਂ ਹੋਇਆ ਨਾਂ। ਨਾਲ ਉਨ੍ਹਾਂ ਨੇ ਕਿਹਾ ਕਿ ਸ਼ਰਤ ਹੈ ਇਕ। ਉਹ ਇਹ ਹੈ ਕਿ ਕਬੂਤਰ ਓਥੇ ਮਾਰਨਾ ਹੈ ਜਿਥੇ ਕੋਈ ਦੇਖਦਾ ਨਾ ਹੋਵੇ। ਉਸ ਵੇਲੇ ਵੀ ਇਨ੍ਹਾਂ ਦੇ ਗੱਲ ਸਮਝ 'ਚ ਨਾ ਆਈ ਕਿ ਉਹ ਕੋਈ ਥਾਂ ਐਸਾ ਭਾਲ ਲੈਣਗੇ ਜਿਥੇ ਕੋਈ ਦੇਖਦਾ ਨਾ ਹੋਵੇ। ਕਬੂਤਰ ਦੇ ਦਿਤੇ।

ਜਿਹੜਾ ਪਹਿਲਾ ਚੇਲਾ ਸੀ - ਬਹੁਤ ਗਾਲੜੀ ਸੀ, ਉਹਨੇ ਕਿਹਾ ਕਿ ਕਿਤੇ ਇਹ ਨਾ ਲੈ ਜਾਵੇ; ਦੌੜ ਕੇ ਕੋਠੇ ਦੇ ਪਿਛੇ ਚਲੇ ਗਿਆ। ਉਥੇ ਕੰਧ ਜਹੀ ਬਣੀ ਹੋਈ ਸੀ, ਉਹਦੇ ਉਹਲੇ ਹੋ ਕੇ ਗਰਦਨ ਮਰੋੜੀ, ਲਿਆ ਕੇ ਨੱਠ ਕੇ, ਜਿਵੇਂ ਰੈਲੀ ਰੇਸ ਵਾਲੇ ਕਰਦੇ ਨੇ, ਲਿਆ ਕੇ ਸੁੱਟ ਦਿਤਾ। ਕਹਿੰਦਾ, "ਲਓ ਮਹਾਰਾਜ, ਮਾਰ ਲਿਆਂਦਾ।" ਕਹਿੰਦੇ, "ਬਹਿ ਜਾ।"

ਹੁਣ ਦੂਸਰੇ ਦਾ ਇੰਤਜ਼ਾਰ ਕਰਨ ਲੱਗ ਗਏ। ਉਹ ਕਿੰਨੇ ਘੰਟੇ ਤਕ ਆਇਆ ਨਾ ਤੇ ਅਖੀਰ ਜਦ ਆਇਆ ਤਾਂ ਕਬੂਤਰ ਉਹਦੇ ਹੱਥ ਵਿਚ ਹੈ - ਜਿਉਂਦਾ। ਮਹਾਤਮਾ ਦੇਖ ਕੇ ਪੁੱਛਦੇ ਨੇ, "ਕਿਉਂ ਬਈ, ਤੂੰ ਮਾਰ ਕੇ ਨਹੀਂ ਲਿਆਇਆ?"

ਕਹਿੰਦਾ, "ਮਹਾਰਾਜ! ਮੈਂ ਆਪ ਦਾ ਹੁਕਮ ਤਾਂ ਮੰਨ ਲੈਂਦਾ; ਅੱਧਾ ਹੁਕਮ ਮੰਨ ਕੇ ਮੈਂ ਤਿਆਰ ਹੋਇਆ, ਦੂਜੇ ਹੁਕਮ ਦੀ ਮੈਂ ਖੋਜ ਵਿਚ ਚਲਿਆ। ਉਹ ਇਹ ਸੀ ਕਿ ਜਿਥੇ ਕੋਈ ਦੇਖਦਾ ਨਾ ਹੋਵੇ। ਮੈਂ ਗੰਨੇ ਦੇ ਖੇਤ ਵਿਚ ਵੜਿਆ ਕਿ ਏਥੇ ਕੋਈ ਨਹੀਂ

ਦੇਖਦਾ; ਸੰਘਣਾ ਖੇਤ ਹੈ, ਵਿਚਾਲੇ ਚਲਿਆ ਗਿਆ। ਓਥੇ ਜਦ ਮੈਂ ਦੇਖਿਆ, ਉਥੇ ਟਿੱਡੀਆਂ ਟੱਪਦੀਆਂ ਸੀ, ਟਿੱਡੇ ਟੱਪ ਰਹੇ ਸੀ, ਛਾਲਾਂ ਮਾਰ ਰਹੇ ਸੀ। ਮੈਂ ਕਿਹਾ ਏਥੇ ਤਾਂ ਇਹ ਦੇਖ ਰਹੇ ਨੇ। ਮਹਾਰਾਜ, ਫੇਰ ਮੈਂ ਇਕ ਟੋਏ ਵਿਚ ਚਲਿਆ ਗਿਆ। ਦਰੱਖਤਾਂ ਦੇ ਝੁੰਡ ਵਿਚ ਚਲਿਆ ਗਿਆ। ਉਥੇ ਦਰਖਤਾਂ ਦੇ ਉੱਤੇ ਜਾਨਵਰ ਬੈਠੇ ਸੀ, ਉਥੇ ਉਹ ਦੇਖ ਰਹੇ ਸੀ। ਫੇਰ ਕੋਲ ਇਕ ਡੂੰਘਾ ਟੋਆ ਸੀ, ਉਹਦੇ ਵਿਚ ਵੜ ਗਿਆ ਮੈਂ। ਉਥੇ ਮੈਂ ਦੇਖਿਆ ਕਿ ਇਥੇ ਬੰਦਾ ਤਾਂ ਕੋਈ ਨਹੀਂ ਦੇਖਦਾ, ਜਾਨਵਰ ਵੀ ਪੰਛੀ ਵੀ ਕੋਈ ਨਹੀਂ ਦੇਖਦਾ, ਫੇਰ ਮੈਂ ਹੋਰ ਅੱਗੇ ਚਲਿਆ ਗਿਆ - ਰੜੇ ਮੈਦਾਨ ਵਿਚ। ਉਥੇ ਮੈਂ ਖੇਸ ਦੀ ਬੁੱਕਲ ਮਾਰ ਲਈ; ਮੈਂ ਕਿਹਾ ਹੁਣ ਨਹੀਂ ਕੋਈ ਦੇਖ ਰਿਹਾ। ਜਦ ਮੈਂ ਮਾਰਨ ਲੱਗਿਆ, ਇਹਨੂੰ ਹੁਣ ਮੈਂ ਦੇਖਦਾ ਹਾਂ। ਮਹਾਤਮਾ ਨੇ ਕਿਹਾ ਕਿ ਦੇਖੇ ਨਾ ਕੋਈ। ਮਹਾਰਾਜ, ਮੈਂ ਅੱਖਾਂ ਤੇ ਪੱਟੀ ਬੰਨ੍ਹ ਲਈ। ਫੇਰ ਮੈਂ ਕਿਹਾ, ਹੁਣ ਤਾਂ ਕੋਈ ਨਹੀਂ ਦੇਖਦਾ, ਪਰ ਤੁਹਾਡਾ ਸਤਿਸੰਗ ਯਾਦ ਸੀ ਕਿ ਵਾਹਿਗੁਰੂ ਹਰ ਥਾਂ ਦੇ ਉਤੇ ਦੇਖਦਾ ਹੈ।" ਗੁਰੂ ਮਹਾਰਾਜ ਜੀ ਇਉਂ ਕਹਿੰਦੇ ਨੇ -

***ਧਾਰਨਾ - ਪੇਖਤ ਸੁਨਤ ਸਦਾ ਹੈ ਸੰਗੇ,***
***ਮੈਂ ਮੂਰਖ ਜਾਨਿਆ ਦੂਰੀ ਰੇ - 2, 2.***

***ਪੇਖਤ ਸੁਨਤ ਸਦਾ ਹੈ ਸੰਗੇ................॥ ਅੰਗ - 612***

ਦੇਖਦਾ ਵੀ ਹੈ, ਸੁਣਦਾ ਵੀ ਹੈ ਸਦਾ; ਕੋਈ ਐਸਾ ਸਮਾਂ ਨਹੀਂ ਹੈ ਕਿ ਅਸੀਂ ਸੌਂ ਗਏਂ ਤੇ ਰੱਬ ਦੂਰ ਚਲਿਆ ਗਿਆ; ਉਹ ਹਰ ਥਾਂ ਦੇ ਉਤੇ ਨਾਲ ਹੀ ਹੈ। ਪਰ ਮੇਰੀ ਮਨੋਬਿਰਤੀ ਕੀ ਹੈ? ਕਹਿੰਦੇ, ਮੈਂ ਮੂਰਖ ਹਾਂ, ਮੈਂ ਉਹਨੂੰ ਕਦੇ ਜਾਣਦਾ ਹੀ ਨਹੀਂ ਹਾਂ ਕਿ ਉਹ ਮੇਰੇ ਨਾਲ ਹੈ। ਉਹ ਤਾਂ ਮੇਰੇ ਨਾਲ ਰਹਿੰਦਾ ਹੈ। ਕਹਿੰਦਾ, "ਮਹਾਂਪੁਰਸ਼ੋ! ਜਦ ਮੈਂ ਅੱਖਾਂ ਬੰਨ੍ਹ ਕੇ ਕਬੂਤਰ ਮਾਰਨ ਲੱਗਿਆ, ਉਸ ਵੇਲੇ ਮੈਨੂੰ ਆਪ ਦਾ ਉਪਦੇਸ਼ ਯਾਦ ਸੀ ਕਿ ਵਾਹਿਗੁਰੂ ਤਾਂ ਹਰ ਥਾਂ ਦੇਖਦਾ ਹੈ ਤੇ ਦੁਨੀਆਂ ਵਿਚ ਕੋਈ ਥਾਂ ਹੀ ਨਹੀਂ ਹੈ ਜਿਥੇ ਨਾ ਦੇਖਦਾ ਹੋਵੇ। ਉਹਦਾ ਕੈਮਰਾ ਹਰ ਥਾਂ ਤੇ ਲੱਗਿਆ ਹੋਇਆ ਹੈ। ਮਹਾਰਾਜ! ਮੈਨੂੰ ਕੋਈ ਥਾਂ ਨਹੀਂ ਲੱਭਿਆ ਜਿਥੇ ਕੋਈ ਨਾ ਦੇਖਦਾ ਹੋਵੇ?

ਸਾਰੀ ਸੰਗਤ ਦੇ ਗੱਲ ਸਮਝ ਵਿਚ ਆ ਗਈ। ਸਭ ਨੇ ਦੇਖ ਲਿਆ ਕਿ ਜੇ ਕੋਈ ਅਗਵਾਈ ਕਰ ਸਕਦਾ ਹੈ ਤਾਂ ਇਹੀ ਪ੍ਰੇਮੀ ਕਰ ਸਕਦਾ ਹੈ। ਉਹ ਦੂਜਾ ਤਾਂ ਅੰਨ੍ਹਾ ਹੈ -

***ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ॥***

***ਭਾਈ ਗੁਰਦਾਸ ਜੀ, ਵਾਰ - 35/2***

ਅੰਨ੍ਹੇ ਨੂੰ ਆਗੂ ਬਣਾ ਦਿਉ, ਸਾਰੇ ਸਾਥ ਨੂੰ ਡੋਬ ਦਊ; ਇਹਨੂੰ ਤਾਂ ਆਪ ਨੂੰ ਹੀ ਪ੍ਰਮੇਸ਼ਰ ਦਾ ਅਨੁਭਵ ਨਹੀਂ ਹੋਇਆ, ਐਵੇਂ ਗਾਲੜੀ ਹੀ ਹੈ, ਗੱਲਾਂ ਬਾਤਾਂ ਮਾਰਦੇ ਨੇ ਜ਼ਿੰਦਗੀ ਬਿਤਾ ਦਿਤੀ।

ਸੋ ਇਸ ਤਰ੍ਹਾਂ ਜੇ ਅਸੀਂ ਕਮ-ਸ-ਕਮ ਐਨਾ ਵੀ ਯਾਦ ਰੱਖ ਲਿਆ ਕਰੀਏ; ਭਜਨ ਹੁੰਦਾ, ਨਹੀਂ ਹੁੰਦਾ - ਬਹੁਤਿਆਂ ਦਾ ਖਿਆਲ ਹੁੰਦਾ ਹੈ ਕਿ ਭਜਨ ਨਹੀਂ ਹੁੰਦਾ, ਫੁਰਨਾ ਆਉਂਦਾ ਹੈ, ਮਨ ਨਹੀਂ ਟਿਕਦਾ। ਪਹਿਲੀ ਗੱਲ ਤਾਂ ਇਹ ਹੈ ਕਿ ਇਹਦੇ ਵਿਚ ਦ੍ਰਿੜ੍ਹਤਾ ਦੀ ਘਾਟ ਹੈ। ਅਸੀਂ ਚਾਹੁੰਦੇ ਨਹੀਂ ਹਾਂ - ਰੱਬ ਨੂੰ ਮਿਲਣਾ। ਸਾਡੇ ਮਨ ਨੇ ਮੰਨਿਆਂ ਹੀ ਨਹੀਂ ਕਿ ਅਸੀਂ ਕਾਹਦੇ ਵਾਸਤੇ ਆਏ ਹਾਂ। ਜਿੰਨਾਂ ਚਿਰ ਮਨ ਨਹੀਂ ਮੰਨਦਾ, ਓਨਾਂ ਚਿਰ ਅਸੀਂ ਅਗਾਹਾਂ ਨਹੀਂ ਚਲਦੇ -

***ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥***
***ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥***

***ਅੰਗ - 342***

ਸੋ ਮਨ ਨਹੀਂ ਮੰਨਦਾ। ਮਨ ਕਹਿੰਦਾ ਹੈ - ਜ਼ੁਬਾਨ ਨਾਲ ਕਿ ਏਥੇ ਰਹਿਣਾ ਨਹੀਂ ਹੈ। ਲੇਕਿਨ ਅੰਦਰੋਂ ਕਹਿੰਦਾ ਹੈ, ਮੈਂ ਜਾਣਾ ਨਹੀਂ ਹੈ, ਮੈਂ ਨਹੀਂ ਏਥੋਂ ਜਾਂਦਾ, ਮੈਂ ਏਥੇ ਹੀ ਰਹਿਣਾ ਹੈ। ਮਨ ਨਹੀਂ ਮੰਨਿਆ ਕਰਦਾ। ਉਤੋਂ-ਉਤੋਂ ਸਾਰੇ ਹੀ ਮੰਨਦੇ ਨੇ ਕਿ ਨਾ ਜੀ, ਏਥੇ ਕਿਸੇ ਨੇ ਨਹੀਂ ਰਹਿਣਾ। ਕੋਈ ਚੜ੍ਹਾਈ ਕਰ ਜਾਏ; ਉਪਦੇਸ਼ ਕਰਦੇ ਨੇ ਕਿ ਆਪਾਂ ਕਿਹੜਾ ਏਥੇ ਰਹਿਣਾ ਹੈ। ਲੇਕਿਨ ਅੰਦਰੋਂ ਕਹਿੰਦਾ, ''ਮੈਂ ਤਾਂ ਰਹਿਣਾ ਹੈ, ਮੈਂ ਨਹੀਂ ਜਾਣਾ।' ਸੋ ਇਹ ਚੀਜ਼ਾਂ ਮੰਨਦੇ ਨਹੀਂ। ਜੇ ਅਸੀਂ ਕਮ-ਸ-ਕਮ ਐਨਾ ਹੀ

ਮੰਨ ਲਈਏ ਕਿ ਮੇਰੇ ਨਾਲ ਵਾਹਿਗੁਰੂ ਰਹਿੰਦਾ ਹੈ - ਜੇ ਤਾਂ ਮਨ ਮੰਨ ਜਾਵੇ, ਫੇਰ ਤਾਂ ਭਜਨ ਹੁੰਦਾ ਹੈ; ਜੇ ਮਨ ਸਤਾ ਨਹੀਂ ਦੇ ਰਿਹਾ, ਧੱਕੋ-ਧੱਕੀ ਅਸੀਂ ਭਜਨ ਕਰਦੇ ਹਾਂ, ਤਾਂ ਮਨ ਕਿਤੇ ਹੋਰ ਪਾਸੇ ਤੁਰਿਆ ਫਿਰਦਾ ਹੈ ਤਾਂ ਬਹੁਤ ਔਖਾ ਹੋ ਕੇ ਇਕ ਕਦਮ ਸਾਰੀ ਜ਼ਿੰਦਗੀ ਵਿਚ ਪੁੱਟ ਹੁੰਦਾ ਹੈ। ਪੁੱਟ ਲਏ ਤਾਂ ਭਾਗਾਂ ਵਾਲਾ, ਨਹੀਂ ਤਾਂ ਪੁੱਟ ਨਹੀਂ ਹੁੰਦਾ। ਕੋਈ ਸੈਂਟੀਮੀਟਰ ਹੀ ਅਗਾਹਾਂ ਵਧਦਾ ਹੈ, ਬਹੁਤਾ ਨਹੀਂ ਆਦਮੀ ਅਗਾਹਾਂ ਵਧਦਾ। ਇਹ ਹੈ ਕਿ ਵਿਕਾਰਾਂ ਵਲੋਂ ਲਾਈਨ ਤੇ ਆ ਜਾਂਦਾ ਹੈ - ਸੈਂਟਰਲ ਲਾਈਨ ਤੇ। ਜਿਥੋਂ ਵਧਣਾ ਸ਼ੁਰੂ ਹੁੰਦਾ ਹੈ, ਉਥੇ ਤਕ ਤਾਂ ਪਹੁੰਚ ਜਾਂਦਾ ਹੈ; ਸ਼ਰਾਬ ਪੀਂਦਾ ਹੈ, ਛੱਡ ਜਾਏਗਾ; ਨਿੰਦਿਆ ਚੁਗਲੀ ਕਰਦਾ ਹੈ, ਹਟ ਜਾਏਗਾ; ਬਦਲ ਜਾਏਗਾ, ਦਾਨ ਕਰਨ ਲੱਗ ਜਾਏਗਾ, ਸੈਂਟਰਲ ਲਾਈਨ ਤੇ ਆ ਜਾਏਗਾ; ਓਦੂੰ ਅਗਾਹਾਂ ਜਿਥੋਂ ਚੜ੍ਹਾਈ ਸ਼ੁਰੂ ਹੁੰਦੀ ਹੈ, ਓਥੋਂ ਅਗਾਹਾਂ ਨਹੀਂ ਚਲਦਾ ਕਿਉਂਕਿ ਮਨ ਨਹੀਂ ਸਾਥ ਦੇ ਰਿਹਾ। ਮਨ ਮੁੜ-ਮੁੜ ਕੇ ਉਹਨੂੰ ਥੱਲੇ ਸੁੱਟ ਰਿਹਾ ਹੈ। ਜੇ ਇਹ ਯਾਦ ਰੱਖ ਲਵੇ - ਐਨੀਓਂ ਗੱਲ, ਨੇਮ ਕਰ ਲਵੇ ਕਿ ਪੰਦਰਾਂ ਵੀਹ ਵਾਰੀ ਇਮਾਨਦਾਰੀ ਨਾਲ ਕਹਿਣਾ ਹੈ ਕਿ ਉਹ ਮੇਰੇ ਨਾਲ ਰਹਿੰਦਾ ਹੈ, ਮੈਨੂੰ ਦੇਖਦਾ ਹੈ -

***ਘਟਿ ਘਟਿ ਜੋਤਿ ਨਿਰੰਤਰੀ................॥ ਅੰਗ - 20***

ਅੰਦਰ ਹਰ ਵਕਤ ਮੈਨੂੰ ਦੇਖਦਾ ਹੈ -

***ਜਹ ਦੇਖਾ ਤਹ ਰਵਿ ਰਹੇ......॥ ਅੰਗ - 21***

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥***
***ਅੰਗ - 677***

ਦੂਰ ਉਹ ਜਾਂਦਾ ਹੀ ਨਹੀਂ; ਜੇ ਅਸੀਂ ਇਸ ਗੱਲ ਨੂੰ ਵੀ ਪੱਕੇ ਤੌਰ ਤੇ ਹਿਰਦੇ ਵਿਚ ਵਸਾ ਲਈਏ ਤਾਂ ਭਜਨ ਵੀ ਹੋ ਜਾਂਦਾ ਹੈ। ਜਦ ਭਜਨ ਕਰਨ ਲਗੇਗਾ ਤਾਂ ਇਉਂ ਲੱਗੇਗਾ ਕਿ ਉਹ ਤਾਂ ਸੁਣਦਾ ਹੈ, ਜਿਹਦਾ ਮੈਂ ਨਾਮ ਲੈਂਦਾ ਹਾਂ। ਕਿੰਨੇ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਇਹ ਭਜਨ ਕਿਉਂ ਕਰਿਆ ਜਾਂਦਾ ਹੈ, ਕਿਉਂ ਵਾਹਿਗੁਰੂ-ਵਾਹਿਗੁਰੂ ਕਹੀ ਜਾਂਦੇ ਨੇ; ਇਕ ਵਾਰ ਕਹਿ ਲਿਆ,

ਥੋੜ੍ਹਾ ਹੈ? ਸਾਧ ਸੰਗਤ ਜੀ, ਇਹ ਬਾਤ ਨਹੀਂ। ਇਹ ਕੁਝ ਪ੍ਰੋਫੈਸਰ ਤਾਂ ਲਿਖਦੇ ਨੇ - ਪੜ੍ਹੇ-ਲਿਖੇ, ਲੇਕਿਨ ਉਹ ਇਸ ਕਰਕੇ ਲਿਖਦੇ ਨੇ ਕਿਉਂਕਿ ਉਨ੍ਹਾਂ ਨੇ ਪ੍ਰੈਕਟੀਕਲ ਨਹੀਂ ਕਰਕੇ ਦੇਖਿਆ। ਇਹ 'ਵਾਹਿਗੁਰੂ-ਵਾਹਿਗੁਰੂ' ਅੱਖਰ ਦੇ ਵਿਚ ਸ਼ਕਤੀ ਹੈ। ਹਰੇਕ ਅੱਖਰ ਦੇ ਦੋ ਰੂਪ ਹੁੰਦੇ ਨੇ; ਇਕ ਤਾਂ ਉਹਦੇ ਲਕਸ਼ਣ ਹੁੰਦੇ ਨੇ, ਇਕ ਉਹਦੀ ਸ਼ਕਤੀ ਹੁੰਦੀ ਹੈ। ਲਕਸ਼ਣ ਉਹਦਾ 'ਵਾਹਿਗੁਰੂ' ਅੱਖਰ ਹੈ ਕਿ ਉਹ ਸਾਰੇ ਪਰਿਪੂਰਨ ਹੈ; ਸ਼ਕਤੀ ਇਹਦੀ ਇਹ ਹੈ ਕਿ ਜਦੋਂ ਅਸੀਂ 'ਵਾਹਿਗੁਰੂ-ਵਾਹਿਗੁਰੂ' ਕਰਦੇ ਹਾਂ, ਉਹਦੇ ਨਾਲ ਸਬੰਧ ਹੁੰਦਾ ਹੈ, ਜੁੜਨਾ ਹੈ ਅਸੀਂ, ਉਸ ਵੇਲੇ ਸਾਡੇ ਸਰੀਰ ਦੇ ਅੰਦਰ ਪਰਿਵਰਤਨ ਹੋਣੇ ਨੇ, vibration (ਝਰਨਾਹਟ) ਹੋਣੀ ਹੈ, ਅਨਹਦ ਨਾਦ ਗੂੰਜਣੇ ਨੇ, ਹਨ੍ਹੇਰਾ ਦੂਰ ਹੋਣਾ ਹੈ, ਲਾਈਟ ਆਉਣੀ ਹੈ, ਗਿਆਨ ਦਾ ਪ੍ਰਕਾਸ਼ ਹੋਣਾ ਹੈ, ਉਹ 'ਵਾਹਿਗੁਰੂ-ਵਾਹਿਗੁਰੂ' ਅੱਖਰ ਸ਼ਕਤੀ ਹੈ; ਮੰਤਰ ਹੈ ਇਹ, ਮੰਤਰ ਵਿਚ ਸ਼ਕਤੀ ਹੁੰਦੀ ਹੈ। ਸੋ ਜਦੋਂ ਸਾਡਾ ਮਨ ਮੰਨ ਜਾਏ, ਫੇਰ ਨਹੀਂ ਔਖੀ ਬਾਤ ਹੁੰਦੀ, ਫੇਰ ਅਸੀਂ ਸੁਖਾਲੇ ਚਲ ਸਕਦੇ ਹਾਂ।

ਪਰ ਅਫਸੋਸ ਇਹ ਹੈ ਕਿ ਦੂਜਾ ਪਾਸਾ ਬਹੁਤ ਪ੍ਰਬਲ ਹੈ, ਜਿਹਦੇ ਬਾਰੇ ਸਾਰੇ ਮਹਾਤਮਾ ਨੇ ਸ਼ਿਕਾਇਤ ਕਰੀ ਹੈ। ਮਹਾਤਮਾ ਬੁੱਧ ਕਹਿਣ ਲੱਗੇ ਕਿ ਸਾਦੇ ਉਪਦੇਸ਼ ਨੇ ਸਾਡੇ। ਅੱਠ ਉਪਦੇਸ਼ ਅਸੀਂ ਦਿੱਤੇ ਨੇ - ੍ਰਗਿਹਟ approach (ਸਹੀ ਪਹੁੰਚ); Right thinking (ਸਹੀ ਸੋਚਣੀ); Right decision (ਸਹੀ ਫੈਸਲਾ) Right action (ਸਹੀ ਕਰਮ) ਆਦਿ। ਇਸ ਤਰ੍ਹਾਂ ਬੜਾ ਸੁਖੀ ਰਹਿੰਦਾ ਹੈ; ਸੁਖਾਲਾ ਆਪ ਵੀ ਰਹੇਗਾ ਦੂਸਰਿਆਂ ਨੂੰ ਵੀ ਸੁਖਾਲਾ ਰੱਖੇਗਾ ਪਰ ਇਹ ਮੰਨਦਾ ਨਹੀਂ। ਕਹਿੰਦੇ, ਮਹਾਂਪੁਰਸ਼ੋ! ਕਿਉਂ ਨਹੀਂ ਮੰਨਦਾ? ਕਹਿੰਦੇ, ਇਕ ਦੇਵਤਾ ਹੈ ਜਿਹਦਾ ਨਾਉਂ 'ਮਾਰ' ਹੈ, ਉਹ ਨਹੀਂ ਮੰਨਣ ਦਿੰਦਾ, ਦਿਮਾਗ ਵਿਚ ਬੈਠਾ ਉਲਟੇ ਚੱਕਰ ਵਿਚ ਪਾਈ ਜਾਂਦਾ ਹੈ। ਬਾਬਾ ਫਰੀਦ ਜੀ ਨੂੰ ਪੁੱਛਿਆ ਕਿ ਕੀ ਗੱਲ, ਐਨੇ ਉਪਦੇਸ਼ ਦਿੰਦੇ ਓਂ ਤੇ ਸੰਸਾਰ ਕਿਉਂ ਨਹੀਂ ਮੰਨਦਾ? ਕਹਿੰਦੇ, ਕੀ ਕਰੀਏ, ਮੈਂ ਇਕੱਲਾ ਉਪਦੇਸ਼ ਨਹੀਂ ਦਿੰਦਾ। ਏਥੇ ਉਪਦੇਸ਼ ਦੇਣ

ਵਾਲੇ ਤਾਂ ਚਾਰੇ ਵੇਦ, ਛੇ ਸ਼ਾਸਤਰ, 27 ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਬਾਈਬਲ, ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ, ਅਨੇਕਾਂ ਗ੍ਰੰਥ, ਅਨੇਕਾਂ ਮਹਾਤਮਾ ਉੱਚੀ-ਉੱਚੀ ਹਾਕਾਂ ਮਾਰ-ਮਾਰ ਕੇ ਸਮਝਾਉਂਦੇ ਨੇ -

***ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥***

***ਅੰਗ - 1378***

ਮੱਤਾਂ ਦੇਣ ਵਾਲੇ ਤਾਂ ਕਸਰ ਨਹੀਂ ਛੱਡਦੇ ਲੇਕਿਨ ਅੰਦਰ ਸ਼ੈਤਾਨ ਬੈਠਾ ਹੈ; ਉਹ ਸ਼ੈਤਾਨ ਜਿਹੜਾ ਹੈ, ਏਧਰਲੇ ਪਾਸੇ ਬਿਰਤੀ ਆਉਣ ਨਹੀਂ ਦਿੰਦਾ ਉਹ; ਉਧਰਲੇ ਪਾਸੇ ਹੀ ਰਖਦਾ ਹੈ - 'ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥' ਉਹ ਚਿਤ ਨਹੀਂ ਫੇਰਦਾ, ਇਕ ਡੱਕੇ ਜਿੰਨਾਂ ਵੀ ਅਗਾਹਾਂ ਵਧਣ ਨੂੰ ਤਿਆਰ ਨਹੀਂ ਹੈ ਕਿਉਂਕਿ ਸ਼ੈਤਾਨ ਉਹਨੂੰ ਪੁੱਠਾ ਗੇਅਰ ਲਾਈ ਜਾਂਦਾ ਹੈ। ਗੇਅਰ ਉਪਰਲਾ ਲਾਉਂਦਾ ਹੈ ਕਿ ਅੱਗੇ ਰੁੜ੍ਹੇ ਲੇਕਿਨ ਇਹ ਪੁੱਠਾ ਲਾ ਕੇ ਪਿੱਛੇ ਕਰ ਦਿੰਦਾ ਹੈ। ਕਹਿੰਦੇ, ਇਹ ਸਮੱਸਿਆ ਹੈ।

ਕ੍ਰਿਸ਼ਨ ਮਹਾਰਾਜ ਨੂੰ ਪੁੱਛਿਆ - ਅਰਜਨ ਨੇ ਕਿ ਇਹ ਜਗਿਆਸੂ ਕਿਉਂ ਨਹੀਂ ਚਲਦਾ? ਕਹਿਣ ਲੱਗੇ, "ਹੇ ਅਰਜਨ! ਏਥੇ ਤ੍ਰਿਗੁਣ ਮਾਇਆ ਹੈ, ਤਿੰਨਾਂ ਗੁਣਾਂ ਵਾਲੀ - ਰਜੋ ਗੁਣ, ਤਮੋ ਗੁਣ, ਸਤੋ ਗੁਣ। ਉਸ ਮਾਇਆ ਨੇ ਭੁਲੇਖਾ ਪਾਇਆ ਹੋਇਆ ਹੈ, ਇਹਨੂੰ ਗਿਆਨ ਨਹੀਂ ਹੋਣ ਦਿੰਦੀ। ਸੋ ਉਹਦੇ ਕਰਕੇ ਆਦਮੀ ਚਲਦਾ ਨਹੀਂ ਹੈ।" ਐਸਾ ਹੀ ਮਹਾਰਾਜ ਨੇ ਫੁਰਮਾਨ ਕੀਤਾ ਹੈ-

***ਧਾਰਨਾ - ਤਿੰਨਾਂ ਗੁਣਾਂ ਨੇ ਭੁਲੇਖਾ ਪਾ 'ਤਾ,***
***ਮਾਇਆ ਵਿਚ ਜੱਗ ਖੇਲ੍ਹਦੈ - 2, 2***

ਮਹਾਰਾਜ ਕਹਿੰਦੇ, ਏਥੇ ਇਕ ਤੱਤ ਹੈ -

***ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥***
***ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥***

***ਅੰਗ - 537***

ਉਹਨੂੰ 'ਮਾਇਆ ਤੱਤ' ਕਹਿੰਦੇ ਨੇ ego ਤੱਤ ਕਹਿੰਦੇ ਨੇ,

ਹਉਮੈ illusion ignorance, ਮਾਇਆ, ਭੁੱਲ; ਬੜੇ ਨਾਉਂ ਨੇ ਇਹਦੇ ਰੱਖੇ ਹੋਏ। ਉਹ ਇਕ ਤੱਤ ਹੈ ਸਾਡੇ ਅੰਦਰ ਪਿਆ ਹੋਇਆ, ਉਹ ਸਾਡੀ ਪੇਸ਼ ਨਹੀਂ ਜਾਣ ਦਿੰਦਾ -

***ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲ॥***

***ਅੰਗ - 21***

ਮਹਾਰਾਜ ਕਹਿੰਦੇ, ਇਕ ਤਾਂ ਏਥੇ ਹੈਗੀ ਪ੍ਰਕਿਰਤੀ, ਇਕ ਹੈ ਹਿਰਦੇ ਵਿਚ ਚੇਤਨ। ਇਨ੍ਹਾਂ ਦੋਹਾਂ ਦਾ ਮੇਲ ਹੋ ਗਿਆ -

***ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ॥***

***ਅੰਗ - 21***

ਤਿੰਨਾਂ ਗੁਣਾਂ ਨੇ - ਰਜੋ ਗੁਣ, ਤਮੋ ਗੁਣ, ਸਤੋ ਗੁਣ - ਇਨ੍ਹਾਂ ਨੇ - 'ਜੋ ਆਇਆ ਜਗਿ ਸੋ ਖੇਲੁ॥' ਜਿਹੜਾ ਵੀ ਆਇਆ, ਉਹ ਮਾਇਆ ਵਿਚ ਖੇਲ੍ਹ ਕੇ ਚਲਿਆ ਜਾਂਦਾ ਹੈ, ਉਪਰ ਨਹੀਂ ਲੰਘਦਾ, ਤ੍ਰਿਗੁਣ ਅਤੀਤ ਨਹੀਂ ਹੁੰਦਾ। ਬ੍ਰਹਮਾ, ਬਿਸ਼ਨੂੰ, ਮਹੇਸ਼, ਦੇਵੀ, ਦੇਵਤੇ ਸਾਰੇ - ਜਿੰਨੇ ਵੀ ਨੇ, ਤਿੰਨਾਂ ਗੁਣਾਂ ਵਿਚ ਖੇਲ੍ਹ ਰਹੇ ਨੇ, ਮਾਇਆ ਦੇ ਚੱਕਰ ਵਿੱਚ ਨੇ, ਕਾਲ ਫਾਸ ਵਿਚ ਨੇ; ਉਸ ਤੋਂ ਉਪਰ ਨਹੀਂ ਨਿਕਲਦੇ ਕਿਉਂਕਿ ਤਿੰਨਾਂ ਗੁਣਾਂ ਵਿਚ ਸੰਸਾਰ ਖੇਲ੍ਹ ਰਿਹਾ ਹੈ -

***ਤਿਹੀ ਗੁਣੀ ਸੰਸਾਰੁ ਭ੍ਰਮਿ***
***ਸੁਤਾ ਸੁਤਿਆ ਰੈਣਿ ਵਿਹਾਣੀ॥ ਅੰਗ - 920***

ਮਹਾਰਾਜ ਕਹਿੰਦੇ, ਇਹ ਰੂਹਾਨੀਅਤ ਵੱਲੋਂ ਸੁੱਤਾ ਪਿਆ ਸਾਰੀ ਜ਼ਿੰਦਗੀ ਲੰਘਾ ਕੇ ਤੁਰ ਜਾਂਦਾ ਹੈ; ਇਹ ਤਿੰਨਾਂ ਗੁਣਾਂ ਤੋਂ ਬਾਹਰ ਨਹੀਂ ਨਿਕਲਦਾ।

***ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ॥ ਅੰਗ - 21***

ਵਿਜੋਗ ਹੋ ਗਿਆ, ਵਿਜੋਗ ਦੇ ਕਾਰਨ ਦੁੱਖ ਹੋ ਗਿਆ - ਵਿਛੋੜੇ ਕਰਕੇ। ਇਹ ਜਿਹੜਾ ਮਨ ਦੇ ਪਿਛੇ ਲਗਣ ਵਾਲਾ ਪੁਰਸ਼ ਹੈ, ਉਹਨੂੰ ਮੇਲ ਨਹੀਂ ਹੁੰਦਾ ਕਿਉਂਕਿ ਗੁਰੂ ਤੋਂ ਬਗੈਰ ਇਹ ਚੀਜ਼ ਪ੍ਰਾਪਤ ਨਹੀਂ ਹੁੰਦੀ -

***ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ॥***

***ਅੰਗ - 20***

ਸਤਿਗੁਰੂ ਮੇਲ ਮਿਲਾਉਂਦਾ ਹੈ - 'ਨਾਨਕ ਸੋ ਪ੍ਰਭੁ ਨਾਲਿ॥'

ਸੋ ਇਸ ਤਰ੍ਹਾਂ ਇਹ ਤਿੰਨ ਚੀਜ਼ਾਂ ਨੇ - ਸਾਧ ਸੰਗਤ ਜੀ, ਜਿਹੜੀਆਂ ਸਾਨੂੰ ਲੰਘਣ ਨਹੀਂ ਦਿੰਦੀਆਂ, ਕਿਸੇ ਕਿਨਾਰੇ ਨਹੀਂ ਜਾਣ ਦਿੰਦੀਆਂ। ਉਹਦੇ ਵਿਚ ਮਨ ਦਾ ਵੱਡਾ ਹਿੱਸਾ ਹੈ। ਮਨ ਹਨ੍ਹੇਰੇ ਵਿਚ ਹੀ ਰਹਿ ਕੇ ਖੁਸ਼ ਹੈ, ਚਾਨਣੇ ਵਿਚ ਆਉਣਾ ਪਸੰਦ ਨਹੀਂ ਕਰਦਾ; ਵੱਡੇ-ਵੱਡੇ ਮਹਾਂਪੁਰਖਾਂ ਦੀਆਂ ਮਿਸਾਲਾਂ ਨੇ।

ਗੁਰੂ ਦਸ਼ਮੇਸ਼ ਪਾਤਸ਼ਾਹ ਮਹਾਰਾਜ - ਆਪ ਅਨੰਦਪੁਰ ਸਾਹਿਬ ਰਹਿ ਰਹੇ ਨੇ। ਆਸਾਮ ਦਾ ਰਾਜਾ ਆਇਆ, ਉਹਨੇ ਬਹੁਤ ਸਾਰੇ ਤੋਹਫੇ ਗੁਰੂ ਮਹਾਰਾਜ ਵਾਸਤੇ ਲਿਆਂਦੇ, ਭੇਟਾ ਕਰੇ। ਉਨ੍ਹਾਂ ਦੇ ਵਿਚ ਇਕ ਪ੍ਰਸ਼ਾਦੀ ਹਾਥੀ ਸੀ ਜਿਹੜਾ ਬਹੁਤ ਕੌਤਕ ਕਰਦਾ ਸੀ - ਗੰਗਾ ਜਲ ਲਿਆ ਕੇ, ਪਾਣੀ ਲਿਆ ਕੇ ਲੋਟੇ ਦੇ ਅੰਦਰ, ਉਹ ਚਰਨ ਧੁਆਇਆ ਕਰਦਾ ਸੀ ਤੇ ਫੇਰ ਆਪੇ ਹੀ ਤੌਲੀਆ ਲੈ ਕੇ ਪੂੰਝਿਆ ਕਰਦਾ ਸੀ, ਫੇਰ ਚੌਰ ਕਰਿਆ ਕਰਦਾ ਸੀ। ਜਦ ਗੁਰੂ ਮਹਾਰਾਜ ਨੇ ਬਾਣ ਮਾਰਨਾ, ਦੂਰ-ਦੂਰ ਤੱਕ ਨਿਗਾਹ ਰੱਖਦਾ ਸੀ, ਜਾ ਕੇ ਚੁੱਕ ਲਿਆਉਂਦਾ ਸੀ; ਬੜਾ ਅਜੀਬ ਸੀ।

ਇਸੇ ਤਰ੍ਹਾਂ ਇਕ ਬਹੁਤ ਕੀਮਤੀ ਸ਼ਾਮਿਆਨਾ ਕਾਬੁਲ ਦੀ ਸੰਗਤ ਨੇ ਗੁਰੂ ਮਹਾਰਾਜ ਨੂੰ ਬਣਾ ਕੇ ਦਿਤਾ। ਜੋ ਸ਼ਾਮਿਆਨਾ ਔਰੰਗਜ਼ੇਬ ਨੂੰ ਪਹੁੰਚਿਆ ਸੀ, ਇਹ ਉਸ ਤੋਂ ਵਧੇਰੇ ਸੋਹਣਾ ਸੀ। ਉਸ ਵੇਲੇ ਵੱਡੀ ਭਾਰੀ ਇਸ ਦੀ ਕੀਮਤ ਸੀ ਤੇ ਜੋ ਰਾਜਾ ਸੀ - ਭੀਮ ਚੰਦ, ਇਹ ਚੀਜ਼ਾਂ ਦੇਖ ਕੇ ਉਹਦੇ ਮਨ ਵਿਚ ਆਇਆ ਕਿ ਹੋਵੇ ਨਾ ਤਾਂ ਇਹ ਚੀਜ਼ਾਂ ਕਿਸੇ ਤਰੀਕੇ ਨਾਲ ਮੇਰੇ ਕੋਲ ਆ ਜਾਣ; ਗੁਰੂਆਂ ਕੋਲ ਇਨ੍ਹਾਂ ਦਾ ਕੀ ਕੰਮ ਹੈ? ਉਹਦੇ ਲੜਕੇ ਨੂੰ ਸ਼ਗਨ ਪੈਣਾ ਸੀ। ਉਸਨੇ ਗੁਰੂ ਮਹਾਰਾਜ ਤੋਂ ਇਹ ਚੀਜ਼ਾਂ ਮੰਗ ਲਈਆਂ। ਬੜੇ ਛਲ-ਵਲ ਕੀਤੇ ਗਏ; ਪਰਮਾਨੰਦ ਵਜ਼ੀਰ ਸੀ, ਉਹਨੂੰ ਭੇਜਿਆ ਗਿਆ, ਪੰਮੇ ਨੂੰ ਭੇਜਿਆ ਗਿਆ, ਹੋਰ ਚਤਰੂ ਸੀਗਾ - ਕੋਤਵਾਲ, ਉਹਨੂੰ ਭੇਜਿਆ ਗਿਆ। ਜੋ ਬਾਤ ਉਹ ਕਰਿਆ ਕਰਨ, ਗੁਰੂ ਮਹਾਰਾਜ ਜਾਂਦੇ ਨੂੰ ਹੀ ਦੱਸ ਦਿਆ ਕਰਨ ਕਿ ਤੁਸੀਂ ਇਹ ਸਲਾਹ ਕਰਕੇ ਆਏ ਹੋ? ਕਹਿੰਦੇ, ਤੁਹਾਡੇ ਅੰਦਰ ਤਾਂ

ਬੇਈਮਾਨੀ ਹੈ। ਤੁਸੀਂ ਕਹਿੰਦੇ ਹੋ ਕਿ ਇਹ ਚੀਜ਼ਾਂ ਲਿਜਾ ਕੇ ਮੁੜ ਕੇ ਨਹੀਂ ਦੇਣੀਆਂ। ਕਹਿੰਦੇ, ਰਾਜੇ ਨੂੰ ਕਹਿ ਦਿਉ ਕਿ ਇਹ ਸੰਗਤ ਦੀਆਂ ਚੀਜ਼ਾਂ ਨੇ, ਸੰਗਤ ਵਾਸਤੇ ਅਰਦਾਸ ਹੋਈਆਂ ਨੇ; ਇਹ ਕਿਸੇ ਰਾਜਿਆਂ ਰਾਣਿਆਂ ਵਾਸਤੇ ਨਹੀਂ ਹੋਈਆਂ।

ਸੋ ਦੂਸਰਾ, ਮਹਾਰਾਜ ਨੇ ਰਣਜੀਤ ਨਗਾਰਾ ਬਣਾ ਲਿਆ। ਉਹ ਜਦ ਵੱਜਦਾ, ਇਹ ਭੀਮ ਚੰਦ ਬਹੁਤ ਖਿਝਦਾ ਸੀ। ਅਖੀਰ ਝਗੜਾ ਬਹੁਤ ਵਧ ਗਿਆ। ਏਥੋਂ ਤੱਕ ਨੌਬਤ ਆਉਣ ਵਾਲੀ ਹੋ ਗਈ ਕਿ ਯੁੱਧ ਹੋ ਜਾਵੇਗਾ। ਇਸ ਗੱਲ ਨੂੰ ਵਿਚਾਰ ਕੇ ਮਾਤਾ ਜੀ ਬਾਰ-ਬਾਰ ਗੁਰੂ ਮਹਾਰਾਜ ਨੂੰ ਕਹਿੰਦੇ ਨੇ ਕਿ ਤੁਸੀਂ ਯੁੱਧ ਵਗੈਰਾ ਨਾ ਕਰੋ। ਕਹਿੰਦੇ, "ਮਾਤਾ ਜੀ! ਕਿੰਨਾ ਕੁ ਚਿਰ ਇਸ ਤਰ੍ਹਾਂ ਅਸੀਂ ਰਹਾਂਗੇ। ਇਹ ਡਰਨਾ ਤੇ ਡਰਾਉਣਾ ਇਸ ਬਾਰੇ ਸਾਡੇ ਪਿਤਾ ਜੀ ਨੇ ਕਿਹਾ ਹੈ ਕਿ -

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥***

***ਅੰਗ - 1427***

ਨ ਡਰੋ, ਨ ਡਰਾਓ। ਸਹੀ ਤਰੀਕੇ ਨਾਲ ਚਲੀ ਜਾਓ। ਪਹਿਲਾਂ ਅਸੀਂ ਬਹੁਤ ਦੇਖ ਚੁੱਕੇ ਹਾਂ। ਸਾਡੇ ਦਾਦਾ ਜੀ ਨੇ, ਪੜਦਾਦਾ ਜੀ ਨੇ ਕਿਸ ਤਰ੍ਹਾਂ ਤੱਤੀਆਂ ਤਵੀਆਂ ਤੇ ਬੈਠ ਕੇ ਕਿਵੇਂ ਤੱਤੀ ਰੇਤ ਸੀਸ ਵਿਚ ਪੁਆਈ, ਕਿੰਨਾ ਕਸ਼ਟ ਸਹਿਆ, ਤੱਤੀ ਤਵੀ ਦੇ ਉਤੇ ਕਿਸ ਤਰ੍ਹਾਂ ਉਨ੍ਹਾਂ ਦਾ ਮਾਸ ਜਲਿਆ, ਕਿਸ ਤਰ੍ਹਾਂ ਦੇ ਨਾਲ ਮੁਸੀਬਤਾਂ ਝੱਲੀਆਂ, ਪਰ ਸ਼ਾਂਤੀ ਨਹੀਂ ਉਨ੍ਹਾਂ ਨੇ ਛੱਡੀ। ਜੇ ਉਹ ਚਾਹੁੰਦੇ, ਇਕ ਫੁਰਨਾ ਕਰ ਦਿੰਦੇ, ਸ਼ਹਿਰਾਂ ਦੇ ਸ਼ਹਿਰ ਗਰਕ ਹੋ ਜਾਂਦੇ। ਉਹ ਵੀ ਦੇਖ ਲਿਆ ਸਭ ਕੁਝ ਕਰਕੇ। ਪਿਤਾ ਜੀ ਨੇ ਕਿੰਨਾ ਧੀਰਜ ਰੱਖਿਆ। ਜੇ ਮਤੀ ਦਾਸ ਨੇ ਇਹ ਗੱਲ ਕਹਿ ਦਿਤੀ ਕਿ ਮਹਾਰਾਜ ਮੈਨੂੰ ਹੁਕਮ ਦਿਉ, ਮੈਂ ਲਾਹੌਰ ਤੇ ਦਿੱਲੀ ਦੇ ਛੈਣੇ ਵਜਾ ਦਿਆਂ। ਮਹਾਰਾਜ ਕਹਿੰਦੇ, "ਕਿਥੋਂ ਸ਼ਕਤੀ ਆ ਗਈ ਜਿਹੜੀ ਸਾਂਭ ਨਹੀਂ ਹੁੰਦੀ?" ਕਹਿੰਦਾ, "ਪਾਤਸ਼ਾਹ! ਰਾਤ ਤੁਹਾਡੇ ਜੂਠੇ ਛਿਲਕ ਚੂਪੇ ਨੇ; ਜਿਹੜੇ ਛਿਲਕ ਚੂਪ ਕੇ ਆਪ ਨੇ ਸੁੱਟੇ ਸੀ, ਉਹ ਮੈਂ ਚੂਪ ਲਏ।" ਕਹਿੰਦੇ, "ਜਿਹਨੇ ਗੰਨੇ ਚੂਪੇ ਨੇ, ਉਹਦੇ ਵਿਚ ਕਿੰਨੀ

ਕੁ ਹੋ ਸਕਦੀ ਹੈ - ਸ਼ਕਤੀ?" ਕਹਿੰਦੇ, "ਜਰ ਇਹਨੂੰ?" ਐਨੀਆਂ ਸ਼ਕਤੀਆਂ ਦੇ ਹੁੰਦੇ ਹੋਏ ਫੇਰ ਆਪ ਨੇ ਸ਼ਹੀਦੀ ਦਿਤੀ। "ਮਾਤਾ ਜੀ! ਜੇ ਇਸ ਤਰ੍ਹਾਂ ਚੱਲਿਆ ਕੰਮ; ਇਹ ਤਾਂ ਬਉਰਾਨੇ ਕੁੱਤੇ ਨੇ, ਹਲਕ ਗਏ ਇਹ; ਇਹ ਤਾਂ ਫੇਰ ਸਾਰਿਆਂ ਨੂੰ ਹੀ ਵੱਢੀ ਜਾਣਗੇ। ਧਰਮ ਦੀ ਰੱਖਿਆ ਵਾਸਤੇ ਸ਼ਕਤੀ ਦੀ ਲੋੜ ਹੈ। ਕਿੰਨਾ ਕੁ ਚਿਰ ਤੁਸੀਂ ਇਸ ਤਰ੍ਹਾਂ ਡਰ ਕੇ ਬੈਠੇ ਰਹੋਗੇ? ਅੱਜ ਇਹ ਹੈ, ਕੱਲ੍ਹ ਨੂੰ ਕੋਈ ਹੋਰ ਹੋ ਜਾਊ, ਪਰਸੋਂ ਨੂੰ ਕੋਈ ਹੋਰ ਹੋ ਜਾਊ। ਇਹ ਤਾਂ ਫੇਰ ਸੰਤਾਂ ਦੀ ਬੰਦਗੀ ਕਰਨੀ ਔਖੀ ਹੋ ਜਾਣੀ ਹੈ ਤੇ ਮੈਂ ਤਾਂ ਸੰਤਾਂ ਨੂੰ ਸਿਪਾਹੀ ਬਣਾਉਣਾ ਹੈ, ਸੰਤ ਬਣਾ ਕੇ ਸਿਪਾਹੀਪੁਣਾ ਲਿਆਉਣਾ ਹੈ।

ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਬਹੁਤ ਸਮਝਾਉਣ ਦਾ ਯਤਨ ਕਰਿਆ ਪਰ ਅਖੀਰ ਕੁਦਰਤ ਨੂੰ ਹੋਰ ਮਨਜ਼ੂਰ ਸੀ। ਓਧਰਲੇ ਪਾਸੇ ਨਾਹਨ ਦਾ ਰਾਜਾ ਮੇਦਨੀ ਪ੍ਰਕਾਸ਼ - ਉਹਦੀ ਸ੍ਰੀ ਨਗਰ ਦੇ ਰਾਜੇ ਫਤਹ ਚੰਦ ਦੇ ਨਾਲ ਬਹੁਤ ਜ਼ਿਆਦਾ ਗੜਬੜ ਰਹਿੰਦੀ ਸੀ। ਉਹਨੇ ਇਲਾਕੇ ਦੱਬੇ ਹੋਏ ਸੀ ਪਹਿਲਾਂ। ਮੇਦਨੀ ਪ੍ਰਕਾਸ਼ ਨੇ ਕਾਲਸੀ ਰਿਸ਼ੀ ਕੋਲ ਜਾ ਕੇ ਬੇਨਤੀ ਕਰੀ। ਉਹਨੇ ਕਿਹਾ, ਮੈਂ ਨਹੀਂ ਇਸ ਵੇਲੇ ਕੁਛ ਵੀ ਹੈਗਾ। ਇਸ ਵੇਲੇ ਸੂਰਜ ਚੜ੍ਹ ਚੁਕਿਆ ਹੈ ਤੇ ਜਿਹਨੇ ਸੰਸਾਰ ਦਾ ਉਧਾਰ ਕਰਨਾ ਹੈ, ਉਹਨੂੰ ਪਛਾਣੋ। ਪਛਾਣ ਕਰੀ ਗਈ ਤੇ ਦਸ਼ਮੇਸ਼ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਮਹਾਰਾਜ ਪਾਸ ਵਜ਼ੀਰ ਭੇਜਿਆ ਤੇ ਉਥੋਂ ਮਹਾਰਾਜ ਪਾਉਂਟਾ ਸਾਹਿਬ ਆ ਗਏ। ਉਥੇ ਆ ਕੇ ਮਹਾਰਾਜ ਜੀ ਨੇ ਬੜੇ ਕੌਤਕ ਕਰੇ।

ਇਕ ਦਿਨ ਉਥੇ ਨੇੜੇ ਰਹਿਣ ਵਾਲਾ ਪੀਰ, ਜਿਹਦਾ ਨਾਉਂ ਪੀਰ ਬੁੱਧੂ ਸ਼ਾਹ ਸੀ, ਚੰਗਾ ਵੱਡਾ ਜਾਗੀਰਦਾਰ ਸੀ - ਸਢੌਰੇ ਦਾ, ਤੇ ਉਹ ਸੂਫੀ ਪੀਰ ਸੀ। ਬੰਦਗੀ ਵੀ ਕਰਦਾ ਸੀ, ਗ੍ਰਿਹਸਤੀ ਵੀ ਸੀ - ਦੋਏ ਕੰਮ ਸੀ ਉਹਦੇ। ਦੁਨੀਆਂਦਾਰ ਵੀ ਪੂਰਾ ਸੀ ਤੇ ਦੀਨਦਾਰ ਵੀ ਪੂਰਾ ਸੀ। ਸ਼ਕਤੀਆਂ ਦਾ ਮਾਲਕ ਸੀ। ਸੇਵਕਾਂ ਦੇ ਕਾਰਜ ਸਾਰੇ ਨਿਭਾ ਦਿਆ ਕਰਦਾ ਸੀ, ਅੰਤਰਜਾਮਤਾ ਪ੍ਰਾਪਤ ਸੀ।

ਸਭ ਕੁਝ ਸੀ ਲੇਕਿਨ ਅੰਦਰਲੇ ਪਾਸਿਓਂ ਅਨੁਭਵ ਅਜੇ ਪੂਰੀ ਤਰ੍ਹਾਂ ਖੁਲ੍ਹਿਆ ਨਹੀਂ ਸੀ। ਵੇਦ ਸ਼ਾਸਤਰ ਵੀ ਸੁਣਦਾ ਸੀ ਤੇ ਇਸ ਤੋਂ ਇਲਾਵਾ ਸਮਦ੍ਰਿਸ਼ਟੀ ਸੀ ਉਸਦੀ। ਹਿੰਦੂਆਂ ਵਾਸਤੇ ਪੱਕਾ ਭੋਜਨ ਦਿੰਦਾ ਸੀ ਤੇ ਮੁਸਲਮਾਨਾਂ ਵਾਸਤੇ ਦੂਸਰਾ ਲੰਗਰ ਸੀ। ਸੇਵਾ ਵੀ ਕਰਦਾ ਸੀ, ਸਤਿਸੰਗਤ ਵੀ ਕਰਾਉਂਦਾ ਸੀ, ਸਾਧੂ ਮਹਾਂਪੁਰਸ਼ ਵੀ ਉਥੇ ਆ ਕੇ ਉਹਦੇ ਕਥਾ-ਵਾਰਤਾ ਕਰਦੇ ਸੀ। ਵੇਦਾਂਤ ਦੀ ਕਥਾ ਵੀ ਹੁੰਦੀ ਸੀ ਤੇ ਕੁਰਾਨ ਦੀ ਕਥਾ ਵੀ ਹੁੰਦੀ ਸੀ ਲੇਕਿਨ ਅਜੇ ਤਕ ਅੰਦਰੋਂ ਅਨੁਭਵ ਨਹੀਂ ਸੀ ਖੁਲ੍ਹਿਆ; ਹਨ੍ਹੇਰਾ ਪਿਆ ਸੀ। ਅੰਦਰਲੇ ਪਾਸੇ ਕੁਛ ਪਤਾ ਨਹੀਂ ਸੀ ਲਗਦਾ, ਸੰਸਾ ਪਿਆ ਹੋਇਆ ਸੀ ਤੇ ਉਹਨੇ ਮਹਾਰਾਜ ਦੇ ਕੌਤਕ ਸੁਣੇ ਕਿ ਇਸ ਤਰ੍ਹਾਂ ਕਾਲਸੀ ਰਿਸ਼ੀ ਨੂੰ ਗੁਰੂ ਮਹਾਰਾਜ ਆਪ ਜਾ ਕੇ ਲਿਆਏ ਤੇ ਉਹਨੂੰ ਗਿਆਨ ਕਰਾ ਦਿਤਾ ਤੇ ਅੱਜ ਉਹਦਾ ਚਿੱਤ ਸਥਿਰ ਹੋ ਗਿਆ; ਹੁਣ ਡਾਵਾਂਡੋਲ ਨਹੀਂ ਹੈ, ਉਹ ਪਰਮ ਅਨੰਦ ਵਿਚ ਹੈ। ਇਹ ਆਪਣੇ ਵੱਲ ਵੀ ਦੇਖਦਾ ਸੀ ਕਿ ਮੈਨੂੰ ਅਜੇ ਉਹ ਅਨੰਦ ਪ੍ਰਾਪਤ ਨਹੀਂ ਹੋਇਆ ਜਿਹਦੇ ਬਾਰੇ ਮੈਂ ਸੁਣਦਾਂ।

ਸੋ ਮਨ ਦੇ ਅੰਦਰ ਬੜਾ ਸ਼ੌਕ ਜਾਗਿਆ ਤੇ ਗੁਰੂ ਮਹਾਰਾਜ ਦੀ ਕਿਰਿਆ ਦੇਖ ਕੇ ਕਈ ਵਾਰੀ ਖਿਆਲ ਹੋ ਜਾਂਦਾ ਸੀ ਕਿ ਇਹ ਤਾਂ ਰਾਜਿਆਂ ਵਾਲੀ ਕਿਰਿਆ, ਯੋਧਿਆਂ ਵਾਲੀ ਕਿਰਿਆ ਤੇ ਦੂਜੇ ਪਾਸੇ ਰੂਹਾਨੀਅਤ ਵਿਚ ਵੀ ਪੂਰੇ ਨੇ, ਤੇ ਫੇਰ ਇਹਨੇ ਸੁਣਿਆ - ਇਕ ਦਿਨ ਕਿ ਗੁਰੂ ਮਹਾਰਾਜ ਜਿਨ੍ਹਾਂ ਨੇ ਰਾਜਾ ਮੇਦਨੀ ਪ੍ਰਕਾਸ਼ ਤੇ ਫਤਹਿ ਸ਼ਾਹ ਦਾ ਸਮਝੌਤਾ ਕਰਾ ਦਿਤਾ, ਉਨ੍ਹਾਂ ਦੋਹਾਂ ਦੇ ਨਾਲ ਸ਼ਿਕਾਰ ਕਰਨ ਗਏ। ਉਥੇ ਇਕ ਸ਼ੇਰ ਸੀ - ਬਹੁਤ ਵੱਡਾ। ਉਹਨੂੰ ਗੁਰੂ ਮਹਾਰਾਜ ਨੇ ਤਲਵਾਰ ਨਾਲ ਮਾਰਿਆ ਜਦ ਕਿ ਰਾਜਿਆਂ ਨੇ ਜਵਾਬ ਦੇ ਦਿੱਤਾ ਸੀ। ਤੇ ਇਕ ਕੌਤਕ ਅਜੀਬ ਦੇਖਿਆ ਉਥੇ, ਕਿ ਉਸ ਸ਼ੇਰ ਦੇ ਅੰਦਰੋਂ ਰੂਹ ਨਿਕਲੀ। ਉਨ੍ਹਾਂ ਨੇ ਪੁੱਛਿਆ ਮਹਾਰਾਜ ਤੋਂ, ਇਹ ਕੌਣ ਹੈ? ਮਹਾਰਾਜ ਕਹਿੰਦੇ, ਇਸ ਤੋਂ ਹੀ ਪੁੱਛ ਲਓ। ਉਸ ਤੋਂ ਜਦ ਪੁੱਛਿਆ ਤਾਂ ਉਹਨੇ ਕਿਹਾ ਕਿ ਮੇਰਾ ਨਾਉਂ ਜੈਦਰਥ ਹੈ, ਮੈਂ ਮਹਾਂਭਾਰਤ ਦੇ ਯੁੱਧ ਦੇ ਅੰਦਰ ਸ਼ਾਮਿਲ ਸੀ ਲੇਕਿਨ ਮੈਂ ਧੋਖੇ ਨਾਲ ਪਾਂਡਵਾਂ ਦੇ ਪੰਜ ਪੁੱਤਰ ਮਾਰ ਦਿਤੇ

ਸੀ ਤੇ ਮੈਨੂੰ ਅਰਜਨ ਨੇ ਮਾਰਿਆ। ਉਸ ਵੇਲੇ ਦਾ ਮੈਂ ਤਾਮਸੀ ਜੂਨ ਦੇ ਅੰਦਰ ਘੁੰਮਦਾ ਫਿਰਦਾ ਹਾਂ; ਧੰਨ ਓ ਮਹਾਰਾਜ ਤੁਸੀਂ, ਮੇਰੀ ਖਲਾਸੀ ਕਰਾਈ।

ਇਸ ਗੱਲ ਦਾ ਪ੍ਰਭਾਵ ਸਭ ਦੇ ਉਤੇ ਬਹੁਤ ਪਿਆ। ਇਸ ਨੇ ਵੀ ਸੁਣਿਆ ਤੇ ਕਿਹਾ ਕਿ ਉਹ ਤਾਂ ਪੂਰੇ ਨੇ ਤੇ ਮਨ ਵਿਚ ਖਿਆਲ ਆਇਆ ਕਿ ਹੋਵੇ ਨਾ ਤਾਂ ਮੈਂ ਇਹ ਸੰਸਾ ਜਾ ਕੇ ਗੁਰੂ ਦਸ਼ਮੇਸ਼ ਪਾਤਸ਼ਾਹ ਦੇ ਪਾਸ, ਜਿਨ੍ਹਾਂ ਦੀ ਉਮਰ ਭਾਵੇਂ ਛੋਟੀ ਹੈ ਪਰ ਹੈਨ ਪੂਰੇ ਨੇ ਤੇ ਉਨ੍ਹਾਂ ਦੇ ਕੋਲ ਜਾ ਕੇ ਮੈਂ ਆਪਣਾ ਸੰਸਾ ਨਵਿਰਤ ਕਰਾਂ।

ਉਸ ਵੇਲੇ ਉਨ੍ਹਾਂ ਦੇ ਪਾਸ ਪਹੁੰਚਿਆ। ਜਦ ਜਾ ਰਿਹਾ ਸੀ ਤਾਂ ਮਨ ਦੇ ਅੰਦਰ ਸ਼ਰਧਾ ਸੀ ਲੇਕਿਨ ਜਲੌਅ ਨਾਲ ਲੈ ਗਿਆ, ਬਹੁਤ ਸਾਰੇ ਮੁਰੀਦ ਨਾਲ ਲੈ ਗਿਆ, ਠਾਠ ਬਣਾ ਲਿਆ। ਚਿਤ ਦੇ ਅੰਦਰ ਆਉਂਦਾ ਹੈ ਕਿ ਦਰਸ਼ਨ ਕਰਾਂਗਾ ਤੇ ਚਰਨਾਂ ਦੇ ਉਤੇ ਢਹਿ ਪਵਾਂਗਾ ਤੇ ਸਭ ਕੁਛ ਗੁਰੂ ਨੂੰ ਦੇ ਦੇਵਾਂਗਾ। ਉਸ ਵੇਲੇ ਉਹ ਮੇਰੇ ਤੇ ਕ੍ਰਿਪਾ ਕਰਨਗੇ ਤੇ ਮੈਨੂੰ ਖੁਦਾ ਨਾਲ ਮਿਲਾ ਦੇਣਗੇ। ਉਥੇ ਨੇੜੇ ਪਹੁੰਚ ਕੇ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰੇ। ਜਿਹੜੇ ਸ੍ਰੇਸ਼ਟ ਬੁੱਧੀ ਵਾਲੇ ਹੁੰਦੇ ਨੇ, ਰੂਹਾਨੀਅਤ ਦੇ ਪੰਧਾਊ ਹੁੰਦੇ ਨੇ, ਉਹ ਮਨ ਦੇ ਅੰਦਰ ਧਾਰਨਾ ਧਾਰਦੇ ਨੇ ਕਿ ਕੀ ਪੁਛਿਆ ਜਾਵੇ? ਉਹਦੇ ਮਨ ਦੇ ਅੰਦਰ ਹੈ ਕਿ ਮੈਂ ਸੁਣਿਆ ਹੈ ਕਿ ਇਸ ਸਰੀਰ ਦੇ ਅੰਦਰ ਦੋ ਆਤਮਾਵਾਂ ਰਹਿੰਦੀਆਂ ਨੇ। ਇਕ ਆਤਮਾ ਤਾਂ ਐਸੀ ਹੈ ਜਿਹੜੀ ਦੁਖ ਸੁਖ ਭੋਗਦੀ ਹੈ ਤੇ ਬਾਹਰ ਦੌੜੀ ਫਿਰਦੀ ਹੈ – ਇੰਦ੍ਰੀਆਂ ਦੇ ਰਾਹੀਂ, ਅੱਖਾਂ ਦੇ ਰਾਹੀਂ ਦੌੜਦੀ ਹੈ, ਕੰਨਾਂ ਦੇ ਰਾਹੀਂ ਦੌੜਦੀ ਹੈ, ਸਪਰਸ਼ ਦੇ ਰਾਹੀਂ ਦੌੜਦੀ ਹੈ; ਇਕ ਆਤਮਾ ਅੰਦਰ ਹੈ ਜਿਹੜੀ ਅੰਦਰ ਵੱਲ ਹੀ ਰਹਿੰਦੀ ਹੈ। ਉਹ ਕਿਤੇ ਜਾਂਦੀ ਨਹੀਂ ਤੇ ਦੋਹਾਂ ਦਾ ਜਿਹੜਾ ਸਾਂਝਾ ਹੈ, ਉਹ ਮਨ ਹੈ ਤੇ ਮੈਨੂੰ ਇਹ ਨਹੀਂ ਪਤਾ ਲਗਦਾ ਕਿ ਮੈਂ ਕਿਹੜਾ ਹਾਂ।

ਗੁਰੂ ਮਹਾਰਾਜ ਦਾ ਬਾਣੀ ਦੇ ਅੰਦਰ ਐਸਾ ਹੀ ਇਕ ਸਲੋਕ ਹੈ, ਸਾਡੀ ਵਿਚਾਰ ਵਾਸਤੇ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਇਸ ਸਰੀਰ ਦੇ ਅੰਦਰ ਦੋ ਰਹਿੰਦੇ ਨੇ। ਉਨ੍ਹਾਂ ਦੋਹਾਂ ਦੇ

ਵਿਚੋਂ ਤੂੰ ਕਿਹੜਾ ਹੈਂ, ਇਹ ਗੁਰੂ ਨੂੰ ਮਿਲ ਕੇ ਪਛਾਣ ਸਕਦਾ ਹੈਂ। ਐਸਾ ਫੁਰਮਾਨ ਹੈ ਗੁਰਬਾਣੀ ਅੰਦਰ -

***ਧਾਰਨਾ - ਨਾਨਕ ਤਰਵਰੁ ਏਕ ਫਲੁ ਦੁਇ ਪੰਖੇਰੂ ਆਹਿ॥***

***ਨਾਨਕ ਤਰਵਰੁ ਏਕ ਫਲੁ ਦੁਇ ਪੰਖੇਰੂ ਆਹਿ॥ ਅੰਗ - 550***

ਗੱਲ ਬੜੀ ਸੁਖਾਲੀ ਹੈ ਲੇਕਿਨ ਸਮਝਣ ਵਿਚ ਉਤਨੀ ਹੀ ਔਖੀ ਹੈ। ਇਹ ਜੋ ਬਾਤ ਹੋ ਰਹੀ ਹੈ, ਸਾਧ ਸੰਗਤ ਜੀ! ਇਹ ਕਿਸੇ ਆਮ ਪੱਧਰ ਦੇ ਜਗਿਆਸੂ ਨਾਲ ਨਹੀਂ ਹੋ ਰਹੀ ਜਿਹਨੂੰ ਇਹ ਕਹਿਣ ਦੀ ਲੋੜ ਹੈ ਕਿ ਤੂੰ ਚੜ੍ਹਾਈ ਕਰ ਜਾਣੀ ਹੈ, ਤੈਨੂੰ ਜਮਦੂਤਾਂ ਨੇ ਅੱਗੇ ਜਾ ਕੇ ਮਾਰਨਾ ਹੈ, ਲੇਖੇ ਦੇਣੇ ਨੇ। ਇਹ ਤਾਂ ਪਹਿਲੀ ਦੂਜੀ ਕਲਾਸ ਦੇ ਵਿਦਿਆਰਥੀ ਹੋਇਆ ਕਰਦੇ ਨੇ - ਰੂਹਾਨੀਅਤ ਦੇ। ਇਕ ਇਸ ਤੋਂ ਉਤੇ ਹੋਇਆ ਕਰਦੇ ਨੇ ਜਿਹੜੇ ਰ�ੋਚਕ ਬਿਰਤੀ ਰੱਖਦੇ ਨੇ ਕਿ ਨਾਮ ਜਪਣ ਦੇ ਨਾਲ ਤੇਰੀਆਂ ਆਸਾਂ ਪੂਰੀਆਂ ਹੋ ਜਾਣਗੀਆਂ, ਦੁਖਾਂ ਦਾ ਨਾਸ਼ ਹੋ ਜਾਏਗਾ, ਤੈਨੂੰ ਸਭ ਕੁਛ ਮਿਲ ਜਾਏਗਾ -

***ਚਾਰਿ ਪਦਾਰਥ ਜੇ ਕੋ ਮਾਗੈ॥ ਸਾਧ ਜਨਾ ਕੀ ਸੇਵਾ ਲਾਗੈ॥***
***ਅੰਗ - 266***

ਇਕ ਜਗਿਆਸੂ ਇਨ੍ਹਾਂ ਸਾਰਿਆਂ ਤੋਂ ਉਤੇ ਲੰਘ ਜਾਂਦੇ ਨੇ ਤੇ ਨਾਮ ਦੀਆਂ ਅਵਸਥਾਵਾਂ ਵਿਚ ਹੁੰਦੇ ਨੇ। ਉਨ੍ਹਾਂ ਵਾਸਤੇ ਇਹ ਉਪਦੇਸ਼ ਹੁੰਦੇ ਨੇ ਕਿ ਤੇਰੇ ਅੰਦਰ ਅਨਹਦ ਨਾਦ ਵੱਜ ਰਹੇ ਨੇ, ਪ੍ਰਕਾਸ਼ ਹੋ ਰਹੇ ਨੇ, ਤੂੰ ਪਛਾਣ ਕੇ ਦੇਖ; ਬਜਰ ਕਪਾਟ ਲੱਗੇ ਹੋਏ ਨੇ, ਉਹ ਖੁਲ੍ਹ ਜਾਣਗੇ; ਗੁਰੂ ਦੇ ਸ਼ਬਦ ਦੀ ਕਮਾਈ ਕਰ। ਲੇਕਿਨ ਏਥੇ ਜੋ ਬਾਤ ਹੋ ਰਹੀ ਹੈ, ਉਹ ਇਕ ਪੀਰ ਨਾਲ ਹੋ ਰਹੀ ਹੈ ਜਿਹੜਾ ਕਹਿੰਦਾ ਕਹਾਉਂਦਾ ਸੀ; ਮਾੜਾ ਮੋਟਾ ਨਹੀਂ ਸੀ। ਉਹਦੇ ਹਜ਼ਾਰਾਂ ਦੀ ਗਿਣਤੀ ਵਿਚ ਮੁਰੀਦ ਸਨ ਤੇ ਹਰ ਮੁਰੀਦ ਇਹ ਚਾਹੁੰਦਾ ਸੀ ਕਿ ਮੇਰਾ ਪੀਰ ਮੈਨੂੰ ਨਿਜਾਤ ਦਿਵਾ ਦੇਵੇ ਤੇ ਮੈਂ ਜੰਮਣ ਮਰਨ ਵਿਚ ਨਾ ਦੁਬਾਰਾ ਆਵਾਂ। ਲੇਕਿਨ ਪੀਰ ਜਿਹੜਾ ਸੀ, ਉਹ ਇਮਾਨਦਾਰੀ ਨਾਲ ਇਹ ਸੋਚਦਾ ਸੀ ਕਿ ਮੈਨੂੰ ਕੁਛ ਲੱਭਿਆ ਨਹੀਂ ਅਜੇ, ਤੇ ਮੈਂ ਕੋਈ ਪੂਰਾ ਦੇਖਾਂ - ਸੰਸਾਰ ਵਿਚ।

ਪੂਰਾ ਨਜ਼ਰ ਨਹੀਂ ਸੀ ਆ ਰਿਹਾ। ਪੂਰੇ ਤੋਂ ਬਗੈਰ ਇਹ ਭੇਦ ਨਹੀਂ ਸੀ ਖੁੱਲ੍ਹਦਾ।

ਸੋ ਗੁਰਸਿੱਖ ਜਦੋਂ ਗੁਰੂ ਦੇ ਦਰਸ਼ਨ ਕਰਨ ਜਾਇਆ ਕਰਦੇ ਸੀ, ਉਸ ਵੇਲੇ ਬਹੁਤ ਉੱਚੀਆਂ ਬਿਰਤੀਆਂ ਦੇ ਗੁਰਸਿੱਖ ਹੋਇਆ ਕਰਦੇ ਸੀ; ਗੁਰੂ ਦੇ ਬਚਨ ਸੁਣਦੇ ਸੀ, ਹਿਰਦੇ ਵਿਚ ਧਾਰਨ ਕਰਦੇ ਸੀ ਤੇ ਉੱਚੀ ਅਵਸਥਾ ਉਨ੍ਹਾਂ ਨੂੰ ਪ੍ਰਾਪਤ ਸੀ। ਉਨ੍ਹਾਂ ਦੇ ਪਾਸ ਇਹ ਬੇਨਤੀ ਕਰਿਆ ਕਰਦਾ ਸੀ। ਉਨ੍ਹਾਂ ਦੇ ਮੁੱਖ ਤੋਂ ਕਈ ਵਾਰੀ ਸੁਣਿਆ ਕਿ 'ਨਾਨਕ ਤਰਵਰੁ ਏਕੁ ਫਲੁ ਦੋਇ ਪੰਖੇਰੂ ਆਹਿ॥' ਇਹ ਥੋੜ੍ਹਾ ਜਿਹਾ ਔਖਾ ਹੈ। ਹੈ ਤਾਂ ਸਿੱਧਾ ਜਿਹਾ ਹੀ; ਉਹ ਇਹ ਹੈ ਕਿ ਇਕ ਦਰਖਤ ਦੇ ਉਤੇ ਦੋ ਫਲ ਲੱਗੇ ਹੋਏ ਨੇ, ਦੋ ਪੰਖੇਰੂ ਨੇ। ਇਕ ਤਾਂ ਰਸ ਭੋਗਦਾ ਹੈ; ਇਕ ਜਿਹੜਾ ਹੈ, ਉਹ ਨਾ ਕਿਤੇ ਆਉਂਦਾ ਹੈ, ਨਾ ਕਿਤੇ ਜਾਂਦਾ ਹੈ। ਦੋ ਪੰਖੀ ਇਹਦੇ ਉਤੇ ਬੈਠੇ ਨੇ – ਇਕ ਨੂੰ ਤਾਂ ਸਾਖੀ ਕਹਿੰਦੇ ਨੇ – 'ਸਾਖੀ ਚੇਤਨ', ਜਿਹੜਾ ਦੇਖਦਾ ਹੀ ਰਹਿੰਦਾ ਹੈ; ਇਹ ਉਹ ਹੈ ਜਿਹਨੂੰ 'ਜੀਵ ਚੇਤਨ' ਕਹਿੰਦੇ ਨੇ ਜੋ ਬੁੱਧੀ ਰੂਪ ਵਿਚ ਦੁਖ ਸੁਖ ਦੇ ਫਲ ਖਾਂਦਾ ਹੈ। ਹਾਣ ਹੋ ਗਿਆ, ਲਾਭ ਹੋ ਗਿਆ, ਦੁਖ ਹੋ ਗਿਆ, ਸੁੱਖ ਹੋ ਗਿਆ, ਉਪਮਾ ਹੋ ਗਈ, ਨਿੰਦਿਆ ਹੋ ਗਈ; ਆਹ ਫਲ ਖਾਂਦਾ ਹੈ ਤੇ ਇਹਦੇ ਨਾਲ ਉਡਦਾ ਹੈ, ਦੁਖੀ ਹੁੰਦਾ ਹੈ, ਸੋਗਵਾਨ ਹੁੰਦਾ ਹੈ, ਸੋਗ ਵਿਚ ਆਉਂਦਾ ਹੈ। ਦੂਜਾ ਜਿਹੜਾ ਹੈ, ਉਹ ਪਰਮ ਆਨੰਦ ਵਿਚ ਰਹਿੰਦਾ ਹੈ; ਤੇ ਜਿਹੜਾ ਪਹਿਲਾ ਪੰਖੀ ਹੈ, ਉਹ ਵਿਸ਼ੇ ਭੋਗਾਂ ਦੇ ਵਿਚ ਪੈਂਦਾ ਹੈ, ਉਡਦੇ-ਉਡਦੇ ਦੂਰ ਤੱਕ ਜਾਂਦਾ ਹੈ। ਸੋ ਇਹ (ਪੀਰ ਬੁੱਧੂ ਸ਼ਾਹ) ਸੋਚਦਾ ਹੈ ਕਿ ਦੋਹਾਂ ਦੇ ਵਿਚੋਂ ਮੈਂ ਕਿਹੜਾ ਹਾਂ, ਇਸ ਗੱਲ ਦਾ ਨਹੀਂ ਪਤਾ ਲਗਦਾ।

ਇਹਦਾ ਸਾਨੂੰ ਵੀ ਨਹੀਂ ਪਤਾ, ਕਿਸੇ ਨੂੰ ਵੀ ਨਹੀਂ ਪਤਾ ਕਿ ਮੈਂ ਕਿਹੜਾ ਹਾਂ? ਕਿਉਂਕਿ ਜੇ ਤਾਂ ਵਿਚਾਰ ਕਰਨ ਅਸੀਂ ਸਿੱਖੇ ਹੋਈਏ, ਫੇਰ ਤਾਂ ਪਤਾ ਲੱਗੇ ਕਿ ਇਸ ਸਰੀਰ 'ਚ ਦੋ ਰਹਿੰਦੇ ਨੇ, ਫੇਰ ਤਾਂ ਅਸੀਂ ਖੋਜ ਕਰੀਏ ਕਿ ਇਨ੍ਹਾਂ ਦੋਹਾਂ ਵਿਚੋਂ ਮੈਂ ਕਿਹੜਾ ਹਾਂ। ਸਾਨੂੰ ਤਾਂ ਇਹ ਹੀ ਪਤਾ ਨਹੀਂ; ਅਸੀਂ ਤਾਂ ਕਹਿੰਦੇ ਹਾਂ ਕਿ ਅਸੀਂ ਸਰੀਰ ਹਾਂ – ਸਾਢੇ ਤਿੰਨ ਹੱਥ ਦੀ ਦੇਹ,

ਤੁਹਾਡੇ ਸਾਮ੍ਹਣੇ ਖੜਾ ਹਾਂ। ਕਿਸੇ ਨੂੰ ਪੁੱਛ ਲਓ, ਕੋਈ-ਕੋਈ ਵਿਰਲਾ ਵਿਚਾਰ ਵਾਲਾ ਪੁਰਸ਼ ਹੈ ਜਿਹੜਾ ਇਹ ਗੱਲ ਕਹੇ ਤੇ ਚੌਂਕ ਜਾਵੇ ਕਿ ਤੂੰ ਕੌਣ ਹੈਂ। ਉਹ ਜਾਂ ਤਾਂ ਇਹ ਕਹਿ ਦੇਵੇਗਾ ਕਿ ਮੈਂ ਸਿੱਖ ਹਾਂ, ਜਾਂ ਆਪਣੀ ਜ਼ਾਤ ਦੱਸ ਦਏਗਾ ਕਿ ਮੈਂ ਜੱਟ ਹਾਂ, ਜਾਂ ਐਂ ਕਹਿ ਦਏਗਾ ਕਿ ਮੈਂ ਆਦਮੀ ਹਾਂ। ਪਰ ਇਸ ਗੱਲ ਦੀ ਸੋਝੀ ਨਹੀਂ ਪੈਂਦੀ ਕਿ ਮੈਂ ਕੌਣ ਹਾਂ। ਕਿਉਂਕਿ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ; ਜੇ ਕੋਸ਼ਿਸ਼ ਕਰਦਾ ਤਾਂ ਇਹਨੂੰ ਜ਼ਰੂਰ ਇਸ ਗੱਲ ਦੀ ਪ੍ਰਾਪਤੀ ਹੋ ਜਾਂਦੀ। ਅਧੂਰਾ ਤੁਰਿਆ ਫਿਰਦਾ ਹੈ।

ਧਰਮ ਧਾਰਨ ਕਰ ਲਿਆ। ਬਹੁਤ ਸਾਰਿਆਂ ਦਾ ਮਤ ਇਹ ਹੁੰਦਾ ਕਿ ਅਸੀਂ ਹੁਣ ਕਿਸੇ ਧਰਮ ਦੇ ਵਿਚ ਆ ਕੇ ਵਿਧੀ ਪੂਰਵਕ ਉਸ ਧਰਮ ਨੂੰ ਅਪਣਾਅ ਲਿਆ; ਜਿਵੇਂ ਸਾਡੇ ਧਰਮ ਦੇ ਅੰਦਰ ਆ ਕੇ ਅਸੀਂ ਅੰਮ੍ਰਿਤ ਛਕ ਲਿਆ। ਉਥੇ ਹੀ ਅਸੀਂ ਆਪਣੀ ਤਰੱਕੀ ਰੋਕ ਦੇਣੀ ਚਾਹੁੰਦੇ ਹਾਂ ਕਿ ਅਗਾਹਾਂ ਜਾਣ ਦੀ ਕੀ ਲੋੜ ਹੈ? ਠੀਕ ਹੈ - ਅੰਮ੍ਰਿਤ ਛਕ ਲਿਆ, ਗੁਰੂ ਬਣਾ ਲਿਆ ਪਰ ਇਹਦੇ ਵਿਚ ਇਕ ਚੀਜ਼ ਹੈ ਕਿ ਜੇ ਤਾਂ ਪਿਆਰ ਤੁਹਾਡਾ ਗੁਰੂ ਦੇ ਨਾਲ ਬਣਿਆ ਹੋਇਆ ਹੈ, ਪੂਰੇ ਪਿਆਰ ਨਾਲ ਰਹਿੰਦੇ ਹੋਂ ਤਾਂ ਗੁਰੂ ਕੋਲ ਚਲੇ ਜਾਵੋਂਗੇ, ਪਰ ਜਿਹਨੂੰ ਅਭੇਦ ਮੁਕਤੀ ਕਹਿੰਦੇ ਨੇ, ਉਹ ਨਹੀਂ ਪ੍ਰਾਪਤ ਹੋਇਆ ਕਰਦੀ; ਉਹਦੇ ਵਾਸਤੇ ਤਾਂ ਗੁਰੂ ਗ੍ਰੰਥ ਸਾਹਿਬ ਦੇ ਹੁਕਮ ਮੰਨਣੇ ਪੈਣੇ ਨੇ, ਵਿਚਾਰ ਕਰਨੀ ਪੈਣੀ ਹੈ -

***ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥***

***ਅੰਗ - 684***

ਭਰਮ ਦੀ ਕਾਈ ਜਿੰਨਾਂ ਚਿਰ ਨਹੀਂ ਮਿਟਦੀ, ਓਨੀ ਦੇਰ ਕੰਮ ਨਹੀਂ ਬਣਦਾ; ਭਰਮ ਵਿਚ ਰਹਿੰਦਾ ਹੈ ਕਿ ਮੈਂ ਕੌਣ ਹਾਂ। ਦਰਗਾਹ ਵਿਚ ਜਾ ਕੇ ਵੀ ਅਸੀਂ ਇਹੀ ਚਾਹੁੰਦੇ ਹਾਂ ਕਿ ਅਸੀਂ ਅੱਡ ਰਹੀਏ, ਰੱਬ ਨਾਲ ਨਾ ਕਿਤੇ ਮਿਲ ਜਾਈਏ ਕਿਉਂਕਿ 'ਮੈਂ' ਸਾਡੀ ਬਹੁਤ ਪ੍ਰਬਲ ਹੋ ਗਈ। ਸੋ ਇਹ, ਇਸਨੂੰ ਵੀ ਬਹੁਤ ਜ਼ਬਰਦਸਤ ਤੰਗ ਕਰ ਰਹੀ ਹੈ। ਸੋ ਇਹ ਉਡਦਾ ਹੈ, ਦੌੜਦਾ ਹੈ, ਭਜਦਾ ਹੈ - ਕਦੇ ਕਿਤੇ ਨੂੰ, ਕਦੇ ਕਿਤੇ ਨੂੰ; ਚਾਰੇ ਕੂੰਡਾਂ ਨੂੰ

ਜਾਂਦਾ ਹੈ ਤੇ ਇਹਨੂੰ ਮਹਾਰਾਜ ਕਹਿੰਦੇ ਨੇ –

***ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ॥***
***ਜੇਤਾ ਊਡਹਿ ਦੂਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥***

***ਅੰਗ – 66***

ਇਹਦੇ ਉਤੇ ਰਹਿੰਦਾ ਹੈ –

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ॥***
***ਆਵਤ ਜਾਤ ਨ ਦੀਸਹੀ ਨ ਪਰ ਪੰਖੀ ਤਾਹਿ॥ ਅੰਗ – 550***

ਇਕ ਤਾਂ ਜਿਹੜਾ ਇਹਦੇ ਵਿਚ ਬੈਠੈ – ਸਾਖੀ ਚੇਤਨ, ਉਹ ਵਾਸ਼ਨਾ ਹੀ ਨਹੀਂ ਕਰਦਾ, ਫੰਘ ਨਹੀਂ ਹੈਗੇ ਵਾਸ਼ਨਾ ਦੇ; ਇਕ ਵਾਸ਼ਨਾਵਾਂ ਤੇ ਉਡਿਆ ਫਿਰਦਾ ਹੈ, ਦੌੜਿਆ ਹੀ ਫਿਰਦਾ ਹੈ। ਇਨ੍ਹਾਂ ਵਿਚੋਂ –

***ਬਹੁ ਰੰਗੀ ਰਸ ਭੋਗਿਆ ਸਬਦਿ ਰਹੈ ਨਿਰਬਾਣੁ॥***

***ਅੰਗ – 550***

ਇਕ ਤਾਂ ਰਸ ਭੋਗਦਾ ਹੈ; ਇਕ ਨਿਰਬਾਣ ਰਹਿੰਦਾ ਹੈ, ਫੁਰਨਾ ਹੀ ਨਹੀਂ ਕਰਦਾ, ਪਰਮ ਅਨੰਦ ਦੇ ਰਸ ਵਿਚ ਹਰ ਵਕਤ ਰਹਿੰਦਾ ਹੈ –

***ਹਰਿ ਰਸਿ ਫਲ ਰਾਤੇ ਨਾਨਕਾ ਕਰਮਿ ਸਚਾ ਨੀਸਾਣੁ॥***

***ਅੰਗ – 550***

ਉਹ ਹਰਿ ਰਸ ਦੇ ਵਿਚ ਹਰ ਵਕਤ ਰਤਿਆ ਰਹਿੰਦਾ ਹੈ – 'ਕਰਮਿ ਸਚਾ ਨੀਸਾਣੁ॥' ਸੋ ਜੀਵ ਪੰਖੀ ਜਿਹੜਾ ਹੈ, ਉਹ ਤਾਂ ਭੋਗਦਾ ਹੈ; ਉਹ ਤਾਂ ਹੈਗਾ ਪਰਛਾਵਾਂ ਤੇ ਅਸੀਂ ਜਿਹੜੇ ਹਾਂ, ਸਾਨੂੰ ਆਪਣੇ ਆਪ ਦਾ ਪਤਾ ਨਹੀਂ ਲਗਦਾ। ਮਹਾਰਾਜ ਕਹਿੰਦੇ, ਇਹ ਜਿਹੜਾ ਪੰਖੀ ਹੈ – ਜੀਵ ਪੰਖੀ, ਇਹਨੇ ਆਪਣੇ ਆਪ ਗਲ ਫਾਹਾ ਪਾ ਲਿਆ, ਉਡਦਾ ਹੀ ਰਹਿੰਦਾ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਪੰਖੀ ਬਿਰਖ ਸੁਹਾਵੜੇ,***
***ਊਡੇ ਚਹੁ ਦਿਸ ਜਾਏ –2, 2.***

ਇਸ ਸਰੀਰ ਦੇ ਵਿਚ ਦੋ ਪੰਖੀ ਰਹਿੰਦੇ ਨੇ। ਉਨ੍ਹਾਂ ਵਿਚੋਂ

ਇਕ ਤਾਂ ਉਹ ਪੰਖੀ ਹੈ ਜਿਹੜਾ ਉਡਦਾ ਹੀ ਰਹਿੰਦਾ ਹੈ, ਉਡਦਾ ਹੀ ਰਹਿੰਦਾ ਹੈ, ਇਕ ਸਕਿੰਟ ਵਾਸਤੇ ਨਹੀਂ ਟਿਕਦਾ - ਨਾ ਨਾਮ ਜਪਦਾ ਹੈ, ਨਾ ਅੰਦਰ ਨੂੰ ਜਾਣ ਦੀ ਕੋਸ਼ਿਸ਼ ਕਰਦਾ ਹੈ - ਪਰਛਾਵਾਂ ਹੈ। 'ਉਡਹਿ ਚਹੁ ਦਿਸਿ ਜਾਹਿ॥ ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥' ਨਾਲੇ ਜਲਦਾ ਹੈ ਤੇ ਨਾਲੇ ਵਿਰਲਾਪ ਕਰਦਾ ਹੈ। ਸੋ ਇਸਨੂੰ ਪਤਾ ਨਹੀਂ ਲੱਗਿਆ ਕਿ ਗੁਰੂ ਕੋਲ ਜਾ ਕੇ ਗੱਲ ਮਿਟਣੀ ਹੈ -

***ਬਿਨੁ ਗੁਰ ਮਹਲੁ ਨ ਜਾਪਈ ਨਾ ਅੰਮ੍ਰਿਤ ਫਲ ਪਾਹਿ॥***

***ਅੰਗ - 66***

ਅੰਮ੍ਰਿਤ ਅੰਦਰ ਹੈ -

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ॥***

***ਅੰਗ - 644***

ਕਿਉਂਕਿ ਗਲਤ ਹੋ ਗਿਆ। ਸੋ ਦੌੜਿਆ ਫਿਰਦਾ ਇਹ। ਮਹਾਰਾਜ ਕਹਿੰਦੇ, ਜਿਵੇਂ ਹਲਕਿਆ ਹੋਇਆ ਕੁੱਤਾ ਫਿਰਦਾ ਹੈ - ਅਭੱਖ ਖਾਂਦਾ, ਇਸ ਤਰ੍ਹਾਂ ਦੇ ਨਾਲ ਇਹ ਤੁਰਿਆ ਫਿਰਦਾ ਹੈ -

***ਜਿਉ ਕੂਕਰੁ ਹਰਕਾਇਆ ਧਾਵੈ ਦਹਦਿਸ ਜਾਇ॥***
***ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥***
***ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ॥***

***ਅੰਗ - 50***

ਸੋ ਆਹ ਹੀ ਸੰਸਾ ਬੁੱਧੂ ਸ਼ਾਹ ਪੀਰ ਦੇ ਮਨ ਵਿਚ ਹਰ ਵਕਤ ਰਹਿੰਦਾ ਸੀ ਤੇ ਉਹਦੇ ਮਨ ਵਿਚ ਖਿਆਲ ਆਉਂਦਾ ਸੀ ਕਿ ਕੋਈ ਪੂਰਾ ਜੇ ਮਿਲ ਜਾਵੇ - ਇਹ ਸੰਸੇ ਨੂੰ ਕੱਢਣ ਵਾਲਾ, ਤਾਂ ਮੈਂ ਉਹਦੀ ਕਦਮ-ਬੋਸੀ ਕਰਾਂ, ਉਹਦਾ ਬਣ ਜਾਵਾਂ, ਸਭ ਕੁਛ ਵੇਚ ਦੇਵਾਂ ਆਪਣਾ। ਜੇ ਪੂਰਾ ਨਹੀਂ ਮਿਲਦਾ, ਤੇ ਅਧੂਰੇ ਕੋਲ ਚਲੇ ਜਾਉ ਤਾਂ ਮਹਾਰਾਜ ਕਹਿੰਦੇ -

***ਕਾਚੇ ਗੁਰ ਤੇ ਮੁਕਤਿ ਨ ਹੂਆ॥*** ***ਅੰਗ - 922***

ਕੱਚਾ ਜੇ ਭਾਲ ਲਿਆ ਤਾਂ ਮੁਕਤੀ ਨਹੀਂ ਹੋਣੀ, ਤੇ ਮੈਂ ਗੁਰੂ ਗੋਬਿੰਦ ਸਿੰਘ ਜੀ ਦੇ ਕੋਲ ਕਿਉਂ ਨਾ ਜਾਵਾਂ ਕਿਉਂਕਿ ਉਹ

ਗੱਦੀ ਗੁਰੂ ਨਾਨਕ ਦੀ ਹੈ। ਜੋ ਮੈਂ ਆਪਣਾ ਆਪ ਬਣਾਇਆ ਹੋਇਆ ਹੈ ਕਿ ਮੈਂ ਪੀਰ ਹਾਂ; ਇਹ ਗੱਲ ਮੈਨੂੰ ਛੱਡ ਦੇਣੀ ਚਾਹੀਦੀ ਹੈ ਕਿਉਂਕਿ ਮੈਂ ਹਾਰ ਰਿਹਾਂ। ਹਾਰ ਕੇ ਜੇ ਐਵੇਂ ਜਿਵੇਂ ਅਗਿਆਨ ਵਿਚ ਹੀ ਚਲਿਆ ਗਿਆ ਤਾਂ ਗੱਲ ਨਹੀਂ ਕੋਈ ਬਣਨੀ। ਉਹ ਸਮਝਦਾਰ ਸੀ, ਸਾਧ ਸੰਗਤ ਜੀ। ਸੋ ਮਨ ਵਿਚ ਖਿਆਲ ਆਉਂਦਾ ਹੈ ਕਿ ਇਹ ਜਿਹੜਾ ਪੰਖੀ ਦੌੜਿਆ ਫਿਰਦਾ ਹੈ, ਇਹ ਤਾਂ ਨਿਕਲਣਾ ਨਹੀਂ, ਬਹੁਤ ਔਖਾ ਫਸ ਗਿਆ ਇਹ ਤਾਂ, ਤੇ ਇਹਨੂੰ ਕੋਈ ਕੱਢਣ ਵਾਲਾ ਮਿਲ ਜਾਏ। ਗੁਰੂ ਮਹਾਰਾਜ ਕਹਿੰਦੇ ਨੇ ਕਿ ਐਸਾ ਫਸਿਆ ਹੋਇਆ ਹੈ ਨਾ ਇਹ - ਮਾਇਆ ਦੇ ਲੋਭ ਵਿਚ, ਇਹ ਕਿਸੇ ਦੀ ਗੱਲ ਨਹੀਂ ਸੁਣਦਾ - 'ਜਿਉ ਕੂਕਰੁ ਹਰਕਾਇਆ ਧਾਵੈ ਦਹਦਿਸ ਜਾਇ॥' ਧਾਵੈ ਕਹਿੰਦੇ ਨੇ - ਧਾ ਕੇ ਜਾਂਦਾ ਹੈ, ਦੌੜ ਕੇ ਜਾਂਦਾ ਹੈ; ਹਲਕੇ ਹੋਏ ਕੁੱਤੇ ਵਰਗਾ ਹੈ ਕਿਉਂਕਿ ਹਲਕੇ ਹੋਏ ਕੁੱਤੇ ਦੀਆਂ ਚਾਰ ਨਿਸ਼ਾਨੀਆਂ ਹੁੰਦੀਆਂ ਨੇ - ਪਹਿਲੀ ਤਾਂ ਇਹ ਹੁੰਦੀ ਹੈ ਕਿ ਉਹਦੀ ਪੂੰਛ ਸਿੱਧੀ ਰਹਿੰਦੀ ਹੈ; ਦੂਸਰੀ ਹੁੰਦੀ ਹੈ ਕਿ ਉਹ ਝੱਗ ਸੁੱਟਦਾ ਰਹਿੰਦਾ ਹੈ; ਤੀਸਰੀ ਹੁੰਦੀ ਹੈ - ਉਹ ਪਾਣੀ ਤੋਂ ਡਰਦਾ ਰਹਿੰਦਾ ਹੈ; ਚੌਥੀ ਹੁੰਦੀ ਹੈ - ਉਹ ਜਿਸਨੂੰ ਵੱਢ ਲਏ, ਉਹ ਵੀ ਹਲਕ ਜਾਂਦਾ ਹੈ।

ਇਸੇ ਤਰ੍ਹਾਂ ਜਿਹੜਾ ਹਲਕਿਆ ਹੋਇਆ ਮਨੁੱਖ ਹੈ - ਲੋਭੀ ਮਨੁੱਖ, ਉਹਦੇ ਵਿਚ ਚਾਰ ਔਗੁਣ ਹੁੰਦੇ ਨੇ - ਪਹਿਲਾਂ ਤਾਂ ਇਹ ਹੁੰਦਾ ਹੈ ਕਿ ਉਹ ਜਿਵੇਂ ਹਲਕੇ ਹੋਏ ਕੁੱਤੇ ਦੀ ਪੂੰਛ ਸਿੱਧੀ ਹੁੰਦੀ ਹੈ, ਉਸੇ ਤਰ੍ਹਾਂ ਉਹਦੀ ਤਲੀ ਸਿੱਧੀ ਹੁੰਦੀ ਹੈ। ਜਿਥੇ ਉਹਨੂੰ ਭੋਰਾ ਕੁ ਲਾਭ ਹੋਵੇ, ਉਥੇ ਜਾ ਕੇ ਤਲੀ ਅੱਡ ਲੈਂਦਾ ਹੈ - ਹਰੇਕ ਦੇ ਅੱਗੇ; ਉਹ ਆਪਣੇ ਗਉਂ ਦਾ ਬੰਦਾ ਹੁੰਦਾ ਹੈ, ਕਿਸੇ ਦਾ ਮਿੱਤਰ ਨਹੀਂ ਹੁੰਦਾ। ਦੂਸਰਾ - ਉਹ ਜਿਹੜੀ ਝੱਗ ਸੁੱਟਦਾ ਹੈ, ਉਹ ਨਿੰਦਿਆ ਕਰਦਾ ਰਹਿੰਦਾ ਹੈ, ਕਿਸੇ ਦੀ ਪ੍ਰਸੰਸਾ ਨਹੀਂ ਕਰਦਾ; ਜਦ ਕਰੂ, ਨਿੰਦਿਆ ਕਰੂ। ਤੀਸਰਾ ਹੁੰਦਾ ਹੈ ਕਿ ਨਾਮ ਰੂਪ ਪਾਣੀ ਤੋਂ ਡਰਦਾ ਹੈ, ਨਾਮ ਨਹੀਂ ਜਪਣਾ ਚਾਹੁੰਦਾ, ਬਾਣੀ ਨਹੀਂ ਪੜ੍ਹਨੀ ਚਾਹੁੰਦਾ। ਚੌਥਾ ਹੁੰਦਾ ਹੈ - ਉਹਦੀ ਸੰਗਤ ਕਰਕੇ, ਜਿਵੇਂ ਹਲਕਿਆ ਹੋਇਆ ਕੁੱਤਾ ਵੱਢ ਲੈਂਦਾ ਹੈ, ਲੋਭੀ ਦੀ ਸੰਗਤ ਜਿਹੜਾ ਵੀ ਕਰੂਗਾ,

ਉਹ ਲੋਭ ਦੇ ਵਿਚ ਪ੍ਰਵਿਰਤ ਹੋ ਜਾਏਗਾ। ਸੋ –

*ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ॥*
*ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥*
*ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ ॥*
*ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥*
*ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥ ਅੰਗ – 50*

ਭੀਤਰ ਚੋਗ ਬਣਾ ਦਿਤਾ ਤੇ ਹੁਣ ਫਸ ਗਿਆ ਪੰਖੀ। ਇਹ ਹੁਣ ਕਿਸੇ ਤਰੀਕੇ ਨਾਲ ਨਿਕਲ ਨਹੀਂ ਸਕਦਾ –

*ਜਿਨਿ ਕੀਤਾ ਤਿਸਹਿ ਨ ਜਾਣਈ ਫਿਰਿ ਆਵੈ ਜਾਇ॥*
*ਅੰਗ – 50*

ਤੇ ਜਿਸ ਵਾਹਿਗੁਰੂ ਨੇ ਬਣਾਇਆ ਹੋਇਆ, ਇਹ ਉਹਨੂੰ ਨਹੀਂ ਜਾਣਦਾ ਤੇ ਨਤੀਜਾ ਇਹ ਹੁੰਦਾ ਹੈ ਕਿ ਜੰਮ ਪੈਂਦਾ ਹੈ, ਮਰ ਜਾਂਦਾ ਹੈ, ਜੰਮ ਪੈਂਦਾ ਹੈ, ਮਰ ਜਾਂਦਾ ਹੈ; ਮਾਇਆ ਨੇ ਜਾਲ ਪਸਾਰ ਕੇ ਫਸਾ ਲਿਆ ਇਹਨੂੰ –

*ਧਾਰਨਾ – ਪੰਖੀ ਚੋਗ ਦੇ ਲੋਭ ਵਿਚ ਲੱਗ ਕੇ,*
*ਮਾਇਆ ਵਾਲੇ ਜਾਲ ਫਸਿਆ – 2, 2.*

ਇਹ ਮਾਇਆ ਦੇ ਦੋ ਪੰਖੀ ਨੇ। ਜਿਹੜਾ ਬੁੱਧੀ ਰੂਪ ਬਿਰਛ ਦੇ ਉੱਤੇ ਬੈਠਾ ਹੈ, ਜਿਹਨੂੰ 'ਜੀਵ' ਕਹਿੰਦੇ, ਜਿਹਨੂੰ ਆਪਾਂ ਗਲਤੀ ਦੇ ਨਾਲ 'ਆਪਾ' ਕਹਿੰਦੇ ਹਾਂ, 'ਮੈਂ' ਕਹਿੰਦੇ ਹਾਂ; ਇਹ ਫਸ ਗਿਆ ਸਾਧ ਸੰਗਤ ਜੀ, ਮਾਇਆ ਦੇ ਚੋਗ ਦੇ ਲੋਭ ਵਿਚ ਪੈ ਗਿਆ – ਕਿਤੇ ਬੱਚਿਆਂ ਦਾ ਚੋਗ ਹੈ, ਕਿਤੇ ਪੈਸੇ ਦਾ, ਕਿਤੇ ਸਰੀਰ ਦਾ, ਕਿਤੇ ਵਾਸ਼ਨਾਵਾਂ ਦਾ; ਬੇਅੰਤ ਕਿਸਮ ਦੇ ਚੋਗ ਪਏ ਨੇ, ਇਹਦੇ ਵਿਚ ਫਸ ਜਾਂਦਾ ਹੈ। ਇਕ ਸਾਖੀ ਐਸੀ ਆਉਂਦੀ ਹੈ ਕਿ ਇਹ ਮਾਇਆ ਕਿੱਥੇ ਤਕ ਲੈ ਜਾਂਦੀ ਹੈ, ਕਿਹੋ ਜਿਹੇ ਕਰਮ ਕਰਾ ਦਿੰਦੀ ਹੈ।

ਇਕ ਵਾਰੀ ਲੱਛਮੀ ਜੀ ਵਿਸ਼ਨੂੰ ਜੀ ਨੂੰ ਕਹਿਣ ਲੱਗੀ ਕਿ ਤੁਹਾਡੇ ਭਗਤ ਕਿੰਨਾਂ ਰੌਲਾ ਪਾਉਂਦੇ ਨੇ – ਮੰਦਰ ਬਣਾਏ ਹੋਏ ਨੇ, ਦੇਹੁਰੇ ਬਣਾਏ ਹੋਏ ਨੇ; ਤੜਕੇ ਹੀ ਲਗ ਜਾਂਦੇ ਨੇ ਘੰਟੇ

ਖੜਕਾਉਣ; ਕਥਾ ਹੋ ਰਹੀ ਹੈ - ਤੀਰਥਾਂ ਤੇ; ਬੜਾ ਰੌਲਾ ਗੌਲਾ ਹੈ ਸੰਸਾਰ ਦੇ ਅੰਦਰ। ਮੇਰਾ ਕਿਤੇ ਪ੍ਰਚਾਰ ਨਹੀਂ ਹੈ, ਪਰ ਇਹ ਸਾਰੇ ਮੇਰੇ ਹੀ ਨੇ; ਤੁਹਾਡਾ ਨਹੀਂ ਕੋਈ। ਮੇਰੇ ਨੇ ਸਾਰੇ ਬੰਦੇ, ਮਹਾਰਾਜ! ਤੁਸੀਂ ਤਾਂ ਐਵੇਂ ਖਿਆਲ ਕਰਦੇ ਓਂ। ਕਹਿੰਦੇ, ਲੱਛਮੀ! ਮੇਰੇ ਭਗਤ ਉਪਦੇਸ਼ ਦਿੰਦੇ ਨੇ, ਸੰਸਾਰ ਨੂੰ ਜਗਾਉਂਦੇ ਨੇ। ਕਹਿੰਦੀ, ਨਾ ਮਹਾਰਾਜ! ਕੋਈ ਨਹੀਂ ਜਾਗਦਾ, ਤੁਸੀਂ ਕਰਕੇ ਦੇਖ ਲਉ। ਕਹਿੰਦੇ, ਚੰਗਾ। ਦੋਇ ਜਣੇ ਚੱਲ ਪਏ। ਅੱਗੇ ਗਏ ਤਾਂ ਕਹਿਣ ਲੱਗੇ, "ਇਹ ਮੇਰਾ ਭਗਤ ਹੈ।" ਕੋਈ ਸੇਠ ਰਹਿੰਦਾ ਸੀ - ਸ਼ਹਿਰ ਦੇ ਅੰਦਰ, ਉਹਦੇ ਕੋਲ ਚਲੇ ਗਏ। ਸੇਠ ਕਹਿਣ ਲੱਗਿਆ -

"ਆਉ ਬਾਬਾ ਜੀ, ਕਿਸ ਤਰ੍ਹਾਂ ਆਏ ਹੋ?"

"ਪ੍ਰੇਮੀਆਂ! ਮੈਂ ਕੁਛ ਦਿਨ ਰਹਿਣਾ ਚਾਹੁੰਦਾ ਹਾਂ।"

"ਲਓ, ਆਹ ਅਸੀਂ ਬਣਾਈ ਹੋਈ ਹੈ ਥਾਂ - ਭਗਤਾਂ ਦੇ ਰਹਿਣ ਵਾਸਤੇ, ਸੰਤਾਂ ਦੇ। ਤੁਸੀਂ ਏਥੇ ਨਿਸ਼ੰਗ ਹੋ ਕੇ ਰਹੋ।"

"ਮੈਂ ਕਾਫੀ ਦੇਰ ਰਹਿਣਾ ਚਾਹੁੰਦਾ ਹਾਂ।"

"ਚਾਹੇ ਸਾਰੀ ਉਮਰ ਰਹੋ, ਅਸੀਂ ਕਿਹੜਾ ਤੁਹਾਨੂੰ ਜਵਾਬ ਦਿੰਦੇ ਹਾਂ।"

"ਫੇਰ ਤੁਸੀਂ ਜਿਹੜਾ ਮੈਨੂੰ ਕਮਰਾ ਦੇਣੈ, ਉਥੇ ਮੈਂ ਜਪ ਤਪ ਕਰਨਾ ਹੈ, ਚਾਲੀਸਾ ਕੱਟਣਾ ਹੈ; ਉਹ ਮੈਥੋਂ ਲਿਓ ਨਾ।"

"ਬਿਲਕੁਲ ਨਹੀਂ ਲੈਂਦੇ। ਕਮਰਾ ਲਓ ਤੁਸੀਂ, ਵਧੀਆ ਕਮਰਾ ਲਓ।"

"ਨਹੀਂ, ਵਧੀਆ ਵਿਚ ਤਾਂ ਕੋਈ ਆ ਜਾਂਦਾ ਹੈ; ਸਾਨੂੰ ਸਭ ਤੋਂ ਘਟੀਆ ਕਮਰਾ ਦਿਓ।" ਦੇਖਣ ਲੱਗ ਗਏ। ਜਿਥੇ ਲੰਗਰ ਦੀਆਂ ਲੱਕੜਾਂ ਪਈਆਂ ਸੀ, ਕੋਲੇ ਪਏ ਸੀ; ਕਹਿੰਦੇ, ਆਹ ਖਾਲੀ ਕਰ ਦਿਉ।

"ਬਾਬਾ ਜੀ! ਸਾਨੂੰ ਤਾਂ ਦੋਸ਼ ਲੱਗੇਗਾ ਇਹਦਾ। ਤੁਸੀਂ ਮਹਾਤਮਾ ਪੁਰਸ਼ ਸਾਡੇ ਘਰ ਆਏ ਹੋ ਤੇ ਤੁਹਾਨੂੰ ਅਸੀਂ ਐਹੋ ਜਿਹੇ ਥਾਂ ਰੱਖੀਏ। ਤੇ ਅਸੀਂ ਕੋਠੀਆਂ ਵਿਚ ਰਹੀਏ। ਨਾ ਮਹਾਰਾਜ;

ਤੁਸੀਂ ਕਮਰਾ ਚੰਗਾ ਲਓ।''

''ਨਾ ਸੇਠ ਜੀ, ਇਸ ਕਮਰੇ ਵਿਚ ਨਹੀਂ ਕੋਈ ਆਉਂਦਾ। ਇਹਨੂੰ ਸਾਫ ਕਰਾ ਦਿਉ।''

ਉਨ੍ਹਾਂ ਨੇ ਸਾਫ ਕਰਾ ਦਿਤਾ - ਕੋਲਿਆਂ ਵਾਲਾ ਕਮਰਾ। ਉਹਦੇ ਵਿਚ ਸੰਤਾਂ ਨੇ ਰਹਿਣਾ ਸ਼ੁਰੂ ਕਰ ਦਿਤਾ। ਇਕ ਦਿਨ ਲੰਘਿਆ, ਦੋ ਦਿਨ ਲੰਘੇ, ਐਨੇ ਨੂੰ ਲੱਛਮੀ ਆ ਗਈ। ਉਹ ਆਈ ਤੇ ਜਿਥੇ ਸੇਠ ਦੀ ਦੁਕਾਨ, ਉਹਦੀ ਫਰਮ ਸੀ, ਉਥੇ ਚਲੀ ਗਈ। ਕਹਿਣ ਲੱਗੀ - ''ਸੇਠ ਜੀ, ਸਾਨੂੰ ਸ਼ਰਦਾਈ ਦੀ ਲੋੜ ਹੈ, ਸ਼ਰਦਾਈ ਬਣਾਉਣੀ ਹੈ ਤੇ ਤੁਸੀਂ ਸਾਨੂੰ ਸੀਧਾ ਦੇ ਦਿਉ।''

''ਕੋਈ ਥਾਂ ਵੀ ਹੈ?''

''ਹਾਂ, ਥਾਂ ਹੈ।'' ਪਿੱਛੇ ਜਿਹੜਾ ਰਿਟਾਇਰਿੰਗ ਰੂਮ ਸੀ, ਉਹਦੇ ਵਿਚ ਬਿਠਾ ਦਿਤਾ ਤੇ ਉਨ੍ਹਾਂ ਵਾਸਤੇ ਸੀਧਾ ਲਿਆ ਦਿਤਾ, ਕੂੰਡਾ ਲਿਆ ਦਿਤਾ ਉਸ ਦੇ ਨਾਲ ਦਾਸੀਆਂ ਨੇ, ਉਨ੍ਹਾਂ ਨੇ ਬਣਾਈ ਤੇ ਉਹਦੇ ਬਾਅਦ ਕਹਿਣ ਲੱਗੇ - ''ਗਲਾਸ ਦੇਈਏ ਜੀ?''

''ਨਾ, ਗਲਾਸ ਸਾਡੇ ਕੋਲ ਹੈਗੇ। ਬਹਿ ਜਾਉ, ਤੁਸੀਂ ਵੀ ਪੀਓ।'' ਗਲਾਸ ਕੱਢ ਲਏ ਸੋਨੇ ਦੇ ਤੇ ਉਨ੍ਹਾਂ ਦੇ ਵਿਚ ਸ਼ਰਦਾਈ ਪਿਲਾ ਦਿਤੀ। ਹੈਰਾਨ ਹੁੰਦੇ ਨੇ ਕਿ ਇਹ ਤਾਂ ਬੜੇ ਅਮੀਰ ਨੇ, ਸਾਰੇ ਹੀ ਸੋਨੇ ਦੇ ਗਲਾਸਾਂ 'ਚ ਪੀਂਦੇ ਨੇ ਤੇ ਸਾਨੂੰ ਵੀ ਸੋਨੇ ਦੇ ਗਲਾਸਾਂ ਵਿਚ ਪਿਲਾਈ ਹੈ। ਮੈਂ ਐਡਾ ਸੇਠ ਹਾਂ, ਪਰ ਸੋਨੇ ਦੇ ਗਲਾਸ ਤਾਂ ਮੇਰੇ ਕੋਲ ਹੈ ਨਹੀਂ। ਉਹਤੇ ਬਾਅਦ ਜਦ ਪੀ ਹਟੇ, ਕਹਿਣ ਲੱਗੀ, ''ਸੇਠ ਜੀ, ਇਹ ਗਲਾਸ ਕੂੜੇ ਵਿਚ ਸੁੱਟ ਦਿਓ, ਕਿਉਂਕਿ ਅਸੀਂ ਦੂਜੀ ਵਾਰੀ ਨਹੀਂ ਪੀਂਦੇ ਹੁੰਦੇ ਜਿਹੜੇ ਬਰਤਣ ਵਿਚ ਇਕ ਵਾਰੀ ਪੀ ਲਈਏ।''

ਸੇਠ ਦੇ ਮੁੰਡੇ ਵੀ ਕੋਲ ਨੇ। ਮਨ ਵਿਚ ਇਕ ਦੂਜੇ ਨਾਲ ਅੱਖਾਂ ਨਾਲ ਏ ਗੱਲਾਂ ਕਰੀਆਂ ਕਿ ਜੇ ਕਿਤੇ ਇਹ ਸਾਡੇ ਕੋਲ ਰਹਿ ਜਾਵੇ - ਕਿਸੇ ਤਰੀਕੇ ਨਾਲ, ਫੇਰ ਸਾਡੀ ਤਾਂ ਪੁਸ਼ਤਾਂ ਦੀ ਗਰੀਬੀ ਜਾਂਦੀ ਰਹੇ, ਅਮੀਰੀ ਆ ਜਾਏਗੀ; ਸੱਤ ਪੁਸ਼ਤਾਂ ਧਨ ਨਹੀਂ ਮੁੱਕਣਾ, ਕਿੰਨਾਂ ਹੀ ਖਾਈ ਜਾਈਏ। ਇਸ ਕਾਰੋਬਾਰ ਦੀ

ਲੋੜ ਹੀ ਨਹੀਂ ਰਹਿਣੀ। ਕਹਿਣ ਲੱਗੇ –

''ਬੀਬੀ ਜੀ, ਕੀ ਪ੍ਰੋਗਰਾਮ ਹੈ ਤੁਹਾਡਾ?''

''ਪ੍ਰੋਗਰਾਮ ਤਾਂ ਸਾਡਾ ਕੋਈ ਨਹੀਂ, ਅਸੀਂ ਤਾਂ ਤੀਰਥ ਯਾਤਰਾ ਕਰਨੀ ਹੈ; ਕਿਤੇ ਦਸ ਦਿਨ ਰਹਿ ਲਏ, ਕਿਤੇ ਪੰਜ ਦਿਨ ਰਹਿ ਲਏ। ਹੁਣ ਕਾਫੀ ਸਫਰ ਤੋਂ ਬਾਅਦ ਆਏ ਹਾਂ; ਐਥੇ ਕਿਤੇ ਆਰਾਮ ਕਰਾਂਗੇ।''

''ਆਰਾਮ ਕਰਨ ਵਾਸਤੇ ਤਾਂ ਸਾਡੀ ਸਰਾਂ ਹੈਗੀ, ਬਹੁਤ ਵਧੀਆ ਅਸੀਂ ਕਮਰੇ ਬਣਾਏ ਹੋਏ ਨੇ। ਕੋਠੀ ਦੇਖ ਲਓ, ਜਿਥੇ ਤੁਹਾਡਾ ਜੀਅ ਕਰਦਾ ਹੈ, ਰਹੋ। ਇਹ ਕੋਠੀ ਖਾਲੀ ਕਰ ਦਿੰਦੇ ਹਾਂ।''

''ਨਹੀਂ, ਅਸੀਂ ਰਹਾਂਗੇ ਤਾਂ ਉਥੇ, ਜਿਥੇ ਕੋਈ ਪੁਰਸ਼ ਨਾ ਨੇੜੇ ਹੋਵੇ।''

ਦਿਖਾਉਣ ਵਾਸਤੇ ਲੈ ਗਏ। ਉਥੋਂ ਅੱਗੇ ਸਾਰੇ ਕਮਰੇ ਦੇਖਦੇ ਰਹੇ ਕਿ ਇਹ ਵੀ ਠੀਕ ਹੈ, ਇਹ ਵੀ ਠੀਕ ਹੈ। ਅਖੀਰ ਉਸੇ ਕਮਰੇ ਕੋਲ ਚਲੇ ਗਏ ਜਿਥੇ ਭਗਤ ਠਹਿਰਿਆ ਹੋਇਆ ਸੀ, ਤੇ ਕਹਿੰਦੀ –

''ਆਹ ਕਮਰਾ ਬੰਦ ਹੈ?''

''ਇਹਦੇ ਵਿਚ ਇਕ ਬੁੱਢਾ ਜਿਹਾ ਹੈ ਏਥੇ, ਇਹਨੇ ਨਿਕਲਣਾ ਨਹੀਂ ਚਾਲੀ ਦਿਨ।''

''ਫੇਰ ਅਸੀਂ ਕਿਤੇ ਹੋਰ ਰਹਾਂਗੇ।''

''ਤੁਸੀਂ ਜਾਉ ਨਾ, ਅਸੀਂ ਇਹਨੂੰ ਕੱਢ ਦਿੰਨੇ ਆਂ।'' ਲਾਲਚ ਵਿਚ ਆ ਗਿਆ ਕਿ ਅਮੀਰੀ ਆ ਜਾਊ। ਬਚਨ ਕਿਧਰੇ ਹੀ ਗਏ। ਪਹਿਲੀ ਗੱਲ ਵਿਚ ਹੀ ਬਦਲ ਗਏ ਕਿਉਂਕਿ ਮਾਇਆ ਦੇ ਬੰਦੇ ਸੀ। ਕਹਿਣ ਲੱਗੇ –

''ਬਾਬਾ! ਬਾਬਾ! ਇਹ ਕਮਰਾ ਖਾਲੀ ਕਰ ਦੇ, ਸਾਨੂੰ ਚਾਹੀਦਾ ਹੈ।''

''ਮੈਂ ਤਾਂ ਤੁਹਾਨੂੰ ਕਿਹਾ ਸੀ, ਮੈਂ ਚਾਲੀ ਦਿਨ ਏਥੇ ਬੈਠਣਾ

ਹੈ, ਚਾਲੀਸਾ ਕੱਟਣਾ ਹੈ।"

"ਕਿਤੇ ਹੋਰ ਕੱਟ ਲੈ ਜਾ ਕੇ। ਚੱਲ ਤੈਨੂੰ ਕੋਈ ਹੋਰ ਕਮਰਾ ਦਿਵਾ ਦਿੰਦੇ ਹਾਂ।"

"ਨਹੀਂ, ਮੈਂ ਇਹ ਹੀ ਲੈਣਾ ਹੈ।"

"ਤੈਂ ਕਬਜ਼ਾ ਕਰਨਾ ਹੈ? ਦਰਵਾਜ਼ਾ ਖੋਲ੍ਹ।" ਦਰਵਾਜ਼ਾ ਨਹੀਂ ਖੋਲ੍ਹਦਾ। ਧੱਕੇ ਮਾਰਦੇ ਨੇ, ਅਖੀਰ ਦਰਵਾਜ਼ਾ ਤੋੜ ਕੇ ਅੰਦਰ ਵੜੇ। ਦੋਹਾਂ ਨੇ ਬਾਹਾਂ ਤੋਂ ਫੜ ਲਿਆ - ਇਕ ਨੇ ਓਧਰਲੀ ਬਾਂਹ, ਇਕ ਨੇ ਐਧਰਲੀ ਬਾਂਹ; ਇਕ ਪਿਛੋਂ ਜ਼ੋਰ-ਜ਼ੋਰ ਦੀ ਧੱਕੇ ਮਾਰਦਾ ਹੈ; ਬਾਹਰ ਕੱਢ ਦਿਤਾ। ਕਹਿੰਦੇ, ਇਹ ਬੁੜ੍ਹੇ ਜਿਹੇ ਨੇ ਕਬਜ਼ਾ ਹੀ ਕਰ ਲਿਆ ਸੀ।

ਏਨੇ ਨੂੰ ਉਹ ਬੀਬੀ ਕਿਤੇ ਨਜ਼ਰ ਹੀ ਨਾ ਆਈ, ਛਾਂਈ-ਮਾਈਂ ਹੋ ਗਈ, ਉਹ ਵੀ ਛਾਈਂ ਮਾਈਂ ਹੋ ਗਿਆ। ਕਹਿਣ ਲੱਗੀ, "ਦੇਖਿਆ ਮਹਾਰਾਜ! ਤੇਰਾ ਭਗਤ। ਇਹ ਸਭ ਮੇਰੇ ਜਾਲ ਵਿਚ ਫਸੇ ਹੋਏ ਨੇ ਤੇ ਮੇਰੇ ਹੀ ਬੰਦੇ ਨੇ ਸਾਰੇ। ਦੇਖਣ ਨੂੰ ਹੀ ਭਗਤ ਨੇ - ਉਤੋਂ-ਉਤੋਂ। ਹੈਗੇ ਮੇਰੇ ਬੰਦੇ, ਤੇ ਭੈੜੇ ਤੋਂ ਭੈੜੇ ਕੰਮ ਕਰ ਸਕਦੇ ਨੇ ਇਹ।"

ਉਹ ਕਹਿਣ ਲੱਗੇ ਕਿ ਮੇਰੇ ਭਗਤ ਵੀ ਹੈਗੇ। ਚੱਲ ਇਹ ਤਾਂ ਉਪਰਲਾ-ਉਪਰਲਾ ਹੀ ਸੀ, ਮੈਂ ਤੈਨੂੰ ਅਸਲੀ ਭਗਤ ਦਿਖਾਉਂਦਾ ਹਾਂ ਤੇ ਜਾਂਦੇ-ਜਾਂਦੇ ਕਬੀਰ ਸਾਹਿਬ ਕੋਲ ਆ ਗਏ। ਕਹਿੰਦੇ, "ਤੁਸੀਂ ਜਾਓ ਪਹਿਲਾਂ।" ਇਨ੍ਹਾਂ ਨੇ ਇਕ ਉਲਝਿਆ ਹੋਇਆ ਤਾਣਾ ਲੈ ਲਿਆ ਤੇ ਕਹਿਣ ਲੱਗੇ -

"ਭਗਤ ਜੀ! ਮੇਰੀ ਲੜਕੀ ਦਾ ਵਿਆਹ ਹੈ, ਗਰੀਬ ਆਦਮੀ ਹਾਂ ਮੈਂ, ਮੇਰੇ ਕੋਲ ਪੈਸਾ ਨਹੀਂ ਹੈ ਦੇਣ ਨੂੰ; ਇਹ ਇਕ ਤਾਣਾ ਹੈਗਾ, ਜੇ ਤੁਹਾਥੋਂ ਠੀਕ ਹੁੰਦਾ ਹੈ ਤਾਂ ਕੋਈ ਬਸਤਰ ਬਣਾ ਦਿਉ।"

"ਹਾਂ ਸੰਤ ਜੀ, ਠੀਕ ਹੈ।"

"ਦੇਖਿਓ, ਕੋਈ ਹੋਰ ਨਾ ਆ ਜਾਵੇ ਮੇਰੇ ਉਤੋਂ ਦੀ।"

''ਕੋਈ ਗੱਲ ਨਹੀਂ, ਤੁਹਾਡਾ ਕੰਮ ਅਸੀਂ ਕਰ ਦਿਆਂਗੇ।''

ਉਹ ਚਲੇ ਗਏ। ਅਜੇ ਤਾਣਾ ਸੁਲਝਾ ਰਹੇ ਨੇ, ਐਨੇ ਨੂੰ ਲੱਛਮੀ ਆ ਗਈ। ਜਿਸ ਵਕਤ ਆਈ ਤਾਂ ਕਹਿਣ ਲੱਗੀ, ''ਭਗਤ ਜੀ! ਆਹ ਕੀ ਤੁਸੀਂ ਮੱਥਾ ਮਾਰਨ ਲੱਗੇ ਓਂ! ਇਹ ਲਓ ਮੇਰਾ ਤਾਣਾ, ਮੈਨੂੰ ਬਹੁਤ ਜ਼ਰੂਰੀ ਚਾਹੀਦਾ ਹੈ ਤੇ ਦੁੱਗਣੀ, ਤਿਗੁਣੀ, ਚੌਗੁਣੀ - ਜਿੰਨੀ ਵੀ ਮਜ਼ਦੂਰੀ ਚਾਹੀਦੀ ਹੈ, ਤੁਸੀਂ ਲੈ ਲਓ, ਤੇ ਕਿਉਂਕਿ ਸਾਧੂ ਸੰਤ ਸਾਰੇ ਮੇਰੇ ਨਾਲ ਪਿਆਰ ਕਰਦੇ ਨੇ, ਮੈਂ ਵੀ ਦਾਸੀ ਹਾਂ, ਸੇਵਾ ਕਰਦੀ ਹਾਂ ਤੇ ਤੁਹਾਡੀ ਵੀ ਸੇਵਾ ਕਰਦੀ ਹਾਂ। ਤੁਹਾਡੇ ਕੋਲ ਬੇਅੰਤ ਮਹਾਤਮਾ ਆਉਂਦੇ ਨੇ ਤੇ ਮੈਂ ਪੈਸੇ ਜ਼ਿਆਦਾ ਦੇ ਦੇਵਾਂਗੀ।

ਕਬੀਰ ਸਾਹਿਬ ਨੇ ਦ੍ਰਿਸ਼ਟੀ ਕਰੀ ਕਿ ਇਹ ਕੌਣ ਹੋਈ ਐਨੀ ਤੱਤ-ਫੱਤ ਗੱਲਾਂ ਕਰਨ ਵਾਲੀ। ਦੇਖਿਆ ਕਿ ਇਹ ਤਾਂ ਛਲ-ਨਾਗਣੀ ਆ ਗਈ, ਇਹ ਤਾਂ ਛਲ ਕਰੂ ਹੁਣ ਮੇਰੇ ਨਾਲ ਉਸ ਵੇਲੇ ਕਹਿੰਦੇ -

''ਨਾ ਬੀਬੀ! ਅਸੀਂ ਤਾਂ ਇਹ ਹੀ ਕਰਨਾ ਹੈ।''

''ਭਗਤ ਜੀ! ਸਾਧ ਸੰਤ ਮੇਰੇ ਪੰਜੇ ਤੋਂ ਬਾਹਰ ਨਹੀਂ ਹੈਗੇ।''

ਐਸੀ ਸਾਖੀ ਆਉਂਦੀ ਹੈ ਕਿ ਇਕ ਵਾਰੀ ਇਕ ਮਹਾਤਮਾ ਸਮਾਧੀ ਲਾ ਕੇ ਬੈਠਿਆ ਕਰਦੇ ਸੀ। ਲੋਕਾਂ ਨੇ ਆਉਣਾ, ਉਨ੍ਹਾਂ ਨੇ ਦੇਖਣਾ ਕਿ ਇਨ੍ਹਾਂ ਦੀ ਸਮਾਧੀ ਨਹੀਂ ਖੁਲ੍ਹਦੀ, ਇਹ ਤਾਂ ਐਨੇ ਘੰਟੇ ਬੈਠੇ ਰਹਿੰਦੇ ਨੇ। ਇਕ ਵਾਰੀ ਕੋਈ ਸੇਠ ਆਇਆ। ਉਹਨੇ ਪੰਜ ਰੁਪਏ ਭੇਟਾ ਕਰੇ ਤੇ ਕਰੇ ਇਸ ਤਰ੍ਹਾਂ ਕਿ ਪਹਿਲਾਂ ਇਕ ਰੁਪਿਆ ਸੁੱਟ ਦਿਤਾ, ਉਹਦੇ ਉਪਰ ਦੂਜਾ ਮਾਰਿਆ, ਤੀਜਾ ਮਾਰਿਆ, ਚੌਥਾ ਮਾਰਿਆ, ਪੰਜਵਾਂ ਮਾਰਿਆ ਤੇ ਮੱਥਾ ਟੇਕ ਕੇ ਚਲਿਆ ਗਿਆ। ਕਹਿੰਦਾ, ਸੰਤ ਕਦ ਮਿਲਣਗੇ? ਕਹਿੰਦੇ, ਜੀ ਇਨ੍ਹਾਂ ਦੀ ਤਾਂ ਸਮਾਧੀ ਲੱਗੀ ਹੋਈ ਹੈ, ਅਜੇ ਨਹੀਂ ਮਿਲਦੇ, ਇਹ ਤਾਂ ਠਹਿਰ ਕੇ ਮਿਲਣਗੇ। ਤੇ ਜਦ ਪਿੱਠ ਮੋੜੀ ਸੇਠ ਨੇ; ਇਹਦਾ ਜਿਹੜਾ ਸੇਵਕ ਸੀ, ਉਹ ਲੋਭੀ ਸੀ; ਉਹਨੇ ਇਕ ਰੁਪਿਆ ਚੁੱਕ ਲਿਆ

ਕਿ ਇਹ ਕਿਹੜਾ ਗਿਣਦਾ ਹੈ, ਅੱਖਾਂ ਮੀਚੀਂ ਬੈਠੇ ਹਾਂ, ਆਪਾਂ ਚੁੱਕ ਲੈਂਦੇ ਹਾਂ, ਜੇਬ ਵਿਚ ਪਾ ਲੈਂਦੇ ਹਾਂ। ਉਹਨੇ ਜੇਬ ਵਿਚ ਪਾ ਲਿਆ। ਸੰਤਾਂ ਨੇ ਨੇਤਰ ਖੋਲ੍ਹ ਲਏ; ਦੇਖਿਆ ਤਾਂ ਚਾਰ ਰੁਪਏ ਪਏ ਨੇ। ਉਹ ਕਹਿੰਦੇ, "ਚਾਰ ਨੇ, ਇਹ ਤਾਂ ਪੰਜ ਸੀ।" ਕਹਿੰਦਾ, "ਤੁਹਾਨੂੰ ਕਿਵੇਂ ਪਤਾ ਹੈ?" ਕਹਿੰਦਾ, "ਪੰਜ ਖੜਕੇ ਸੀ, ਮੈਂ ਗਿਣਦਾ ਸੀ। ਸੋ ਇਸ ਤਰ੍ਹਾਂ ਹੈ। ਕਹਿੰਦੇ -

***ਸਗਲ ਮਾਹਿ ਨਕਟੀ ਕਾ ਵਾਸਾ ਸਗਲ ਮਾਰਿ ਅਉਹੇਰੀ ॥***
***ਸਗਲਿਆ ਕੀ ਹਉ ਬਹਿਨ ਭਾਨਜੀ***
***ਜਿਨਹਿ ਬਰੀ ਤਿਸੁ ਚੇਰੀ ॥*** ***ਅੰਗ - 476***

ਕਹਿੰਦੀ, "ਮੇਰੇ ਕਾਬੂ 'ਚ ਨੇ ਸਾਰੇ।"

ਸੋ ਉਸ ਵੇਲੇ ਕਬੀਰ ਜੀ ਨੇ ਹਾਕ ਮਾਰੀ ਕਮਾਲੇ ਨੂੰ; ਬੇਟਾ ਕਮਾਲੇ! ਛੁਰੀ ਲੈ ਕੇ ਆ। ਉਸ ਬੀਬੀ ਨੇ ਸੋਚਿਆ ਕਿ ਇਹ ਪਹਿਲਾਂ ਤਾਣਾ ਵੱਢੇਗਾ ਤੇ ਹੁਣੇ ਹੀ ਪਹਿਲਾਂ ਮੇਰਾ ਤਾਣਾ ਚਾੜੂਗਾ। ਛੁਰੀ ਤਿੱਖੀ ਕਰੀ ਜਾਂਦੇ ਨੇ। ਤਿੱਖੀ ਕਰਕੇ ਇਕ ਦਮ ਫੜ ਲਿਆ ਉਹਨੂੰ -

***ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ॥***
***ਅੰਗ - 476***

ਨੱਕ ਤੋਂ ਵੀ ਕੱਟ ਦਿਤੀ, ਕੰਨ ਤੋਂ ਵੀ ਕੱਟ ਦਿਤੀ। ਕੱਟ ਕੇ ਸੁੱਟ ਦਿਤੀ। ਰੋਂਦੀ ਜਾਂਦੀ ਹੈ। ਭਗਵਾਨ ਕਹਿੰਦੇ, ਦੇਖ ਲਿਆ! ਤੂੰ ਤਾਂ ਧੱਕੇ ਹੀ ਦਿਵਾਏ ਸੀ, ਤੈਨੂੰ ਅਸੀਂ ਨੱਕ ਕੰਨ ਤੋਂ ਕਟਾ ਦਿਤਾ, ਹੁਣ ਤੈਨੂੰ 'ਨਕਟੀ' ਕਿਹਾ ਕਰਨਗੇ ਸਾਰੇ। ਸੋ ਇਸ ਤਰ੍ਹਾਂ ਦੇ ਨਾਲ ਸਾਰਾ ਸੰਸਾਰ ਮਾਇਆ ਵਿਚ ਫਸਿਆ ਹੋਇਆ ਹੈ।

ਇਕ ਵਾਰੀ ਕਬੀਰ ਸਾਹਿਬ ਕੋਲ ਬਹੁਤ ਸਾਰੇ ਸਾਧੂ ਬੈਠੇ ਨੇ, ਮਾਇਆ ਫੇਰ ਆ ਗਈ। ਇਹ ਆਉਂਦੀ ਹੈ ਸੰਤਾਂ ਦੇ ਕੋਲ - ਆਪਣਾ ਉਧਾਰ ਕਰਾਉਣ ਵਾਸਤੇ ਤੇ ਇਹ ਕਹਿੰਦੀ ਹੈ ਕਿ ਮੈਂ ਸਾਰੇ ਸੰਸਾਰ ਨੂੰ ਤਾਂ ਫੜ ਲੈਂਦੀ ਹਾਂ, ਪਰ ਮੈਂ ਸੰਤਾਂ ਤੋਂ ਡਰਦੀ ਹਾਂ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਮਾਇਆ ਸੰਤਾਂ ਦੇ ਨੇੜ ਨਾ ਜਾਵੇ,***
***ਦਾਸੀ ਬਣ ਕੇ ਸੇਵਾ ਕਰਦੀ - 2, 2.***

ਕਬੀਰ ਸਾਹਿਬ ਦੇ ਪਾਸ ਆ ਗਈ। ਕਬੀਰ ਸਾਹਿਬ ਨੇ ਦੂਰੋਂ ਹੀ ਦੇਖ ਲਈ ਤੇ ਉਸ ਵੇਲੇ ਬਹੁਤ ਉੱਚੀ ਬੋਲੇ। ਸੰਤ ਕਹਿਣ ਲੱਗੇ ਕਿ ਦੇਖੋ ਇਹ ਐਨੀ ਚੰਗੀ ਬੀਬੀ ਆਈ ਸੀ ਪਰ ਇਹ ਕਿਉਂ ਐਨਾ ਰੁੱਖਾ ਬੋਲੇ ਨੇ। ਕਬੀਰ ਸਾਹਿਬ ਨੂੰ ਕਹਿਣ ਲੱਗੇ -

''ਭਗਤ ਜੀ! ਇਹ ਕੀ ਕਰਦੇ ਓਂ?''

''ਸਾਨੂੰ ਇਹਦੀ ਲੋੜ ਨਹੀਂ ਹੈ। ਇਹ ਮਾਇਆ ਹੈ, ਇਹਨੂੰ ਬੁਲਾ ਕੇ ਪੁੱਛ ਲਓ।''

ਉਨ੍ਹਾਂ ਨੇ ਬੁਲਾ ਲਈ ਤੇ ਕਹਿੰਦੇ ਕਿ ਸਵਾਲ ਪੁੱਛਣਾ ਹੈ ਇਸ ਤੋਂ ਕਿ ਇਹਦੇ ਪਿਛਲੇ ਕੇਸ ਵੀ ਘਸੇ ਹੋਏ ਨੇ ਤੇ ਮੂਹਰਲੇ ਮੱਥੇ ਤੋਂ ਵੀ ਘਸੇ ਹੋਏ ਨੇ। ਇਹ ਕੀ ਕਾਰਨ ਹੈ?

''ਪੁੱਛ ਲਉ ਬੁਲਾ ਕੇ।''

ਉਹਨੂੰ ਬੁਲਾਇਆ। ਕਹਿਣ ਲੱਗੇ, ''ਤੁਸੀਂ ਮਾਇਆ ਹੋਂ?''

''ਹਾਂ, ਮੈਂ ਮਾਇਆ ਹਾਂ। ਇਹ ਸਾਰਾ ਸੰਸਾਰ - ਜਿੰਨਾਂ ਵੀ ਹੈ, ਸਾਰਾ ਸੰਸਾਰ ਮੇਰੇ ਕਾਬੂ ਵਿਚ ਹੈ -

***ਜਿਨਿ ਕੀਨੇ ਵਸਿ ਅਪੁਨੈ ਤ੍ਰੈ ਗੁਣ ਭਵਣ ਚਤੁਰ ਸੰਸਾਰਾ॥***

***ਅੰਗ - 673***

ਚੌਦਾਂ ਹੀ ਭਵਨਾਂ ਦਾ ਸੰਸਾਰ, ਤਿੰਨੇ ਹੀ ਗੁਣ -

***ਜਗ ਇਸਨਾਨ ਤਾਪ ਥਾਨ ਖੰਡੇ ਕਿਆ ਇਹ ਜੰਤੁ ਵਿਚਾਰਾ॥***

***ਅੰਗ - 673***

ਤੀਰਥ ਮੈਂ ਖੰਡਨ ਕਰ ਦਿਤੇ, ਇਸ਼ਨਾਨ ਦਾ ਫਲ, ਤਪ ਦਾ ਫਲ, ਸਾਰੇ ਹੀ ਖੰਡਨ ਕਰੇ ਹੋਏ ਨੇ, ਇਹ ਜੰਤ ਵਿਚਾਰੇ ਕੀ ਨੇ ਮੇਰੇ ਸਾਮ੍ਹਣੇ।''

***ਪ੍ਰਭ ਕੀ ਓਟ ਗਹੀ ਤਉ ਛੂਟੋ ॥***
***ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ***

***ਬਿਖੈ ਬਿਆਧਿ ਤਬ ਹੂਟੋ ॥ 1 ॥ ਰਹਾਉ ॥***
***ਨਹ ਸੁਣੀਐ ਨਹ ਮੁਖ ਤੇ ਬਕੀਐ ਨਹ ਮੋਹੈ ਉਹ ਡੀਠੀ ॥***
***ਐਸੀ ਠਗਉਰੀ ਪਾਇ ਭੁਲਾਵੈ ਮਨਿ ਸਭ ਕੈ ਲਾਗੈ ਮੀਠੀ ॥***
***ਅੰਗ - 673***

ਨਾ ਤਾਂ ਕਦੇ ਸੁਣੀ ਹੈ, ਨਾ ਕਦੇ ਬੋਲਦੀ ਦੇਖੀ ਹੈ, ਨਾ ਅੱਖਾਂ ਨਾਲ ਦੇਖੀ ਹੈ 'ਐਸੀ ਠਗਉਰੀ ਪਾਇ ਭੁਲਾਵੈ ਮਨਿ ਸਭ ਕੈ ਲਾਗੈ ਮੀਠੀ॥ ਨਾਲੇ ਤਾਂ ਜਨਮ ਮਰਨ ਵਿਚ ਪਾ ਦਿੰਦੀ ਹੈ, ਨਾਲੇ ਦੁੱਖਾਂ ਵਿਚ ਪਾਈ ਜਾਂਦੀ ਹੈ ਪਰ ਫਿਰ ਭੀ ਸਾਰਿਆਂ ਨੂੰ ਇਹ ਮਿੱਠੀ ਲਗਦੀ ਹੈ।

***ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ ਮੇਲਿਓ ਦੂਆ॥***
***ਅੰਗ - 673***

ਸਾਰੇ ਘਰਾਂ ਵਿਚ ਦ੍ਵੈਤ ਪਾਈ ਹੋਈ ਹੈ, ਇਕ ਦੂਜੇ ਨੂੰ ਕੋਈ ਨਹੀਂ ਪੁੱਛਦਾ।

***ਕਿਸ ਹੀ ਵਾਧਿ ਘਾਟਿ ਕਿਸ ਹੀ ਪਹਿ***
***ਸਗਲੇ ਲਰਿ ਲਰਿ ਮੂਆ ॥ 3 ॥***
***ਹਉ ਬਲਿਹਾਰੀ ਸਤਿਗੁਰ ਅਪੁਨੇ***
***ਜਿਨਿ ਇਹੁ ਚਲਤੁ ਦਿਖਾਇਆ ॥***
***ਗੂਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ ॥***
***ਅੰਗ - 673***

ਸਾਰਾ ਸੰਸਾਰ, ਇਹ ਗੁੱਝੀ ਅੱਗ ਦੇ ਵਿਚ ਜਲ ਰਿਹਾ ਹੈ। ਇਕ ਪ੍ਰਮੇਸ਼ਰ ਦੇ ਪਿਆਰੇ ਨੇ ਜਿਨ੍ਹਾਂ ਤੇ ਇਹ ਨਹੀਂ ਵਿਆਪਦੀ। ਹਾਕ ਮਾਰ ਲਈ, ਕੋਲ ਆ ਗਈ। ਕਹਿਣ ਲੱਗੇ, "ਕੀ ਕਰਦੀ ਹੁੰਦੀ ਹੈਂ ਤੂੰ?" ਕਹਿੰਦੀ, "ਮੈਂ ਕੀ ਕਰਨਾ ਹੈ ਜੀ -

***ਸਾਧੂ ਕੈ ਠਾਢੀ ਦਰਬਾਰਿ॥*** ***ਅੰਗ - 872***

ਸਾਧੂਆਂ ਦੇ ਤਾਂ ਮੈਂ ਹੱਥ ਬੰਨ੍ਹ ਕੇ ਦਰਬਾਰ ਤੇ ਖੜ੍ਹੀ ਹਾਂ ਤੇ ਮੈਂ ਬੇਨਤੀ ਕਰਦੀ ਹਾਂ ਬਾਰ-ਬਾਰ ਕਿ ਮੈਂ ਤੁਹਾਡੀ ਸ਼ਰਨ ਹਾਂ, ਮੇਰਾ ਵੀ ਭਲਾ ਕਰ ਦਿਉ। ਇਹ ਪਾਪੀ ਪੁਰਖ ਮੇਰੀ ਵਰਤੋਂ

ਕਰਦੇ ਨੇ, ਮੈਨੂੰ ਨਰਕਾਂ ਦੇ ਭਾਗੀ ਬਣਾਉਂਦੇ ਨੇ; ਸ਼ਰਾਬਾਂ, ਕਬਾਬਾਂ, ਮੁਕੱਦਮੇ, ਝੂਠ, ਤੂਫਾਨ ਬੇਅੰਤ ਕੁਛ ਕਰਦੇ ਨੇ, ਚੋਰੀਆਂ ਜਾਰੀਆਂ ਆਦਿ ਤੇ ਸੰਤਾਂ ਨੂੰ ਮੈਂ ਕਹਿੰਦੀ ਹਾਂ ਕਿ ਮੈਨੂੰ ਕਿਤੇ ਖਰਚ ਦਿਉ - ਚੰਗੀ ਥਾਂ ਤੇ, ਤਾਂ ਕਿ ਮੈਂ ਵੀ ਸਫਲ ਹੋ ਜਾਵਾਂ, ਮੇਰਾ ਵੀ ਉਧਾਰ ਹੋ ਜਾਵੇ -

***ਸਰਨਿ ਤੇਰੀ ਮੋ ਕਉ ਨਿਸਤਾਰਿ॥ ਅੰਗ - 872***

ਤੇ ਮੈਂ ਤਾਂ ਦਾਸੀ ਹਾਂ -

***ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ॥***
***ਚਰਣੀ ਲਾਗੈ ਤਾ ਮਹਲੁ ਪਾਵੈ॥ ਅੰਗ - 231***

***ਗਿਆਨੀ ਕੀ ਹੋਇ ਵਰਤੀ ਦਾਸਿ॥***
***ਕਰ ਜੋੜੇ ਸੇਵਾ ਕਰੇ ਅਰਦਾਸਿ॥ ਅੰਗ - 370***

ਅਰਦਾਸਿ ਕਰਦੀ ਹਾਂ - ਹੱਥ ਬੰਨ੍ਹ ਕੇ -

***ਜੋ ਤੂੰ ਕਰਹਿ ਸੁ ਕਾਰ ਕਮਾਵਾ॥ ਅੰਗ - 370***

ਪਰ ਮੈਂ ਗੁਰਮੁਖ ਦੇ ਉਤੇ ਆਪਣਾ ਅਸਰ ਨਹੀਂ ਪਾਉਂਦੀ। ਸੋ ਇਸ ਤਰ੍ਹਾਂ ਦੇ ਨਾਲ ਮੈਂ ਸੰਤਾਂ ਦੇ ਨੇੜੇ ਨਹੀਂ ਆਉਂਦੀ। ਬਾਕੀ ਜਿਹੜੇ ਨੇ, ਉਨ੍ਹਾਂ ਨੂੰ ਮੈਂ ਛੱਡਦੀ ਨਹੀਂ; ਕੋਈ ਨਹੀਂ ਮੈਂ ਛੱਡਿਆ - ਸ੍ਰਿੰਗੀ ਰਿਖੀ ਨਹੀਂ ਛੱਡਿਆ, ਸੌਰਭ ਰਿਸ਼ੀ ਨਹੀਂ ਛੱਡਿਆ, ਨੌਂਭ ਰਾਜਾ ਨਹੀਂ ਛੱਡਿਆ; ਇਕ ਦੋ ਚਾਰ ਕੀ, ਵੱਡੇ-ਵੱਡੇ ਬ੍ਰਹਮਾ, ਵਿਸ਼ਨੂੰ, ਮਹੇਸ਼ - ਇਨ੍ਹਾਂ ਨੂੰ ਵੀ ਮੈਂ ਭੁਲਾ ਕੇ ਰੱਖਿਆ ਹੋਇਆ ਹੈ॥''

***ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥***
***ਅੰਗ - 7***

ਕੋਲ ਰਹਿੰਦਾ ਪ੍ਰਮੇਸ਼ਰ ਨਜ਼ਰ ਨਹੀਂ ਆਉਂਦਾ। ਕਹਿਣ ਲੱਗੇ -

''ਤੇਰੇ ਕੇਸ ਇਸ ਤਰ੍ਹਾਂ ਕਿਉਂ ਹੋਏ ਨੇ?''

''ਮੇਰੇ ਮੂਹਰਲੇ ਵਾਲ ਤਾਂ ਘਸ ਗਏ ਕਿ ਮੈਂ ਭਗਤਾਂ ਨੂੰ ਮੱਥਾ ਟੇਕੀ ਜਾਂਦੀ ਹਾਂ - ਉਨ੍ਹਾਂ ਦੇ ਦਰ ਤੇ ਆ ਕੇ; ਨਾ ਰਵਿਦਾਸ

ਨੇ ਮੈਨੂੰ ਅੰਗੀਕਾਰ ਕੀਤਾ ਹੈ, ਨਾ ਮੈਨੂੰ ਕਬੀਰ ਸਾਹਿਬ ਅੰਗੀਕਾਰ ਕਰਦੇ ਨੇ, ਨਾ ਨਾਮਦੇਵ ਅੰਗੀਕਾਰ ਕਰਦਾ ਹੈ, ਨਾ ਹੋਰ ਭਗਤ ਕਰਦੇ ਨੇ। ਸੰਤਾਂ ਦੇ ਦਰ ਤੇ ਮੱਥਾ ਰਗੜਦੀ ਦੇ ਮੇਰੇ ਮੱਥੇ ਦੇ ਵਾਲ ਘਸ ਗਏ। ਇਹ ਮੇਰੇ ਪਿਛਲੇ ਜਿਹੜੇ ਵਾਲ ਨੇ ਇਹ ਇਸ ਕਰਕੇ ਘਸ ਗਏ ਕਿਉਂਕਿ ਉਹ ਪਾਮਰ ਲੋਕ, ਵਿਸ਼ਈ ਲੋਕ, ਜਾਇਜ਼ ਨਾਜਾਇਜ਼ ਤਰੀਕੇ ਦੇ ਨਾਲ ਮੈਨੂੰ ਫੜਨਾ ਚਾਹੁੰਦੇ ਨੇ ਪਰ ਮੈਂ ਇਨ੍ਹਾਂ ਦੇ ਹੱਥ ਨਹੀਂ ਆਉਂਦੀ; ਨੱਠਦੀ ਹਾਂ ਉਥੋਂ, ਪੱਲਾ ਛੁਡਾਉਂਦੀ ਹਾਂ।"

"ਕੋਈ ਕੌਤਕ ਤਾਂ ਦਿਖਾ।"

"ਕੀ ਦੇਖਣਾ ਹੈ ਸੰਤ ਜੀ! ਮੇਰੇ ਕੌਤਕ ਤਾਂ ਮਾੜੇ ਹੀ ਹੁੰਦੇ ਨੇ।"

"ਨਾ, ਇਕ ਅੱਧਾ ਦਿਖਾ।"

"ਜੰਗਲ ਵਿਚ ਚਲੋ।"

ਜੰਗਲ ਵਿਚ ਚਲੇ ਗਏ। ਉਥੇ ਜਾ ਕੇ ਸਾਮ੍ਹਣੇ ਸਾਰਿਆਂ ਦੇ ਦੇਖਦੇ-ਦੇਖਦੇ ਇਕ ਥੈਲੀ ਬਣ ਕੇ ਮੋਹਰਾਂ ਦੀ ਭਰੀ ਹੋਈ, ਉਥੇ ਪੈ ਗਈ। ਚਾਰ ਮੁਸਾਫਰਾਂ ਨੇ ਦੇਖਿਆ ਕਿ ਇਹ ਕੋਈ ਥੈਲੀ ਸੁੱਟ ਗਿਆ ਹੈ ਏਥੇ। ਤੇ ਕਹਿਣ ਲੱਗੇ ਕਿ ਜੋ ਕੁਝ ਵੀ ਇਹਦੇ ਵਿਚ ਹੋਇਆ, ਇਹ ਆਪਾਂ ਚਾਰੇ ਜਣੇ ਇਕੋ ਜਿਹੀ ਵੰਡਾਂਗੇ। ਕੋਈ ਚੰਗੀ ਚੀਜ਼ ਲਗਦੀ ਹੈ; ਥੈਲੀ ਬਹੁਤ ਵਧੀਆ ਹੈ, ਰੇਸ਼ਮ ਦੀ ਥੈਲੀ ਹੈ। ਕੋਲ ਚਲੇ ਗਏ ਤਾਂ ਦੇਖਿਆ ਕਿ ਇਹ ਤਾਂ ਮੋਹਰਾਂ ਦੀ ਭਰੀ ਹੋਈ ਹੈ। ਇਕ ਪਾਸੇ ਹੋ ਗਏ ਤੇ ਕਹਿਣ ਲੱਗੇ ਕਿ ਜੇ ਕਿਤੇ ਏਥੇ ਕੋਈ ਆ ਗਿਆ - ਇਸਦਾ ਮਾਲਕ, ਤਾਂ ਆਪਾਂ ਤੋਂ ਲੈ ਲਊ; ਆਪਾਂ ਇਥੋਂ ਕਿਸੇ ਨਿਵੇਕਲੇ ਥਾਂ ਤੇ ਚੱਲੀਏ। ਥੋੜ੍ਹੀ ਦੂਰ ਜਾ ਕੇ ਬੈਠ ਗਏ। ਚਾਰੇ ਕਹਿਣ ਲੱਗੇ ਕਿ ਦੇਖੋ, ਆਪਾਂ ਨੂੰ ਲੱਗੀ ਹੋਈ ਹੈ ਭੁੱਖ। ਪਹਿਲਾਂ ਕੁਛ ਖਾਵਾਂਗੇ, ਫੇਰ ਵੰਡਾਂਗੇ। ਕਿਉਂਕਿ ਜੇ ਆਪਣੀ ਜੇਬ ਵਿਚ ਆ ਗਈ, ਫੇਰ ਖਰਚਣ ਨੂੰ ਜੀਅ ਨਹੀਂ ਕਰਨਾ। ਸਾਂਝੇ ਖਾਤੇ ਵਿਚੋਂ ਖਰਚੀਏ ਜਿਹੜਾ ਕੁਝ ਕਰਨਾ ਹੈ। ਦੋ ਨੂੰ ਭੇਜ ਦਿਤਾ ਕਿ ਤੁਸੀਂ ਜਾਉ, ਵਧੀਆ-ਵਧੀਆ ਚੀਜ਼ਾਂ ਬਣਵਾ ਕੇ ਲਿਆਉ - ਸ਼ਰਾਬ ਵਗੈਰਾ ਲਿਆਓ, ਹੋਰ ਚੀਜ਼ਾਂ ਲਿਆਓ।

ਦੋ ਚਲੇ ਗਏ। ਮਾਇਆ ਨੇ ਪਹਿਲਾਂ ਤਾਂ ਅਸਰ ਇਹ ਕਰਿਆ। ਹੁਣ ਦੂਸਰਾ ਅਸਰ ਇਹ ਕੀਤਾ ਕਿ ਇਹ ਦੋਨੋਂ ਚੁੱਪ ਕਰੇ ਜਾਂਦੇ ਨੇ। ਇਕ ਕਹਿੰਦਾ ਕਿ ਤੂੰ ਕੋਈ ਗੱਲ ਨਹੀਂ ਕਰਦਾ। ਦੂਸਰਾ ਕਹਿੰਦਾ ਕਿ ਮੈਂ ਗੱਲ ਕਰਨੀ ਤਾਂ ਚਾਹੁੰਦਾ ਹਾਂ, ਜੇ ਤੂੰ ਬੁਰਾ ਨਾ ਮੰਨੇ।

'ਦੱਸ।'

''ਗੱਲ ਨਾ ਕਰੀਂ ਜੇ ਮਾੜੀ ਵੀ ਹੋਈ।''

''ਨਾ, ਮੈਂ ਨਹੀਂ ਕਰਦਾ।''

''ਜੇ ਆਪਾਂ ਦੋਇ ਰੱਖ ਲਈਏ ਸਾਰੀ ਮਾਇਆ?''

''ਮੈਂ ਤਾਂ ਆਪ ਇਹੀ ਸੋਚਦਾ ਜਾਨਾ ਹਾਂ।''

''ਫੇਰ ਤਾਂ ਆਪਣੀ ਬਾਤ ਬਣ ਗਈ ਨਾ। ਫੇਰ ਆਪਾਂ ਨੂੰ ਕੋਈ ਔਖਾ ਨਹੀਂ।''

''ਫੇਰ ਉਹਦਾ ਤਰੀਕਾ ਕੀ ਹੈ?''

''ਜਦ ਰੋਟੀ ਲਿਆ ਕੇ ਰੱਖਣਗੇ; ਤਲਵਾਰ ਕੱਢ ਕੇ ਰੱਖ ਲਓ, ਉਦੋਂ ਹੀ ਨਾ ਕੱਢਣੀ ਪਵੇ; ਇਕ ਦਮ ਗਰਦਨਾਂ ਵੱਢ ਦੇਵਾਂਗੇ - ਇਕ ਦੀ ਤੂੰ ਵੱਢ ਦਈਂ, ਇਕ ਦੀ ਮੈਂ ਵੱਢ ਦਊਂ; ਓਧਰਲੇ ਪਾਸੇ ਤੂੰ ਹੋ ਜਾ, ਐਧਰਲੇ ਪਾਸੇ ਮੈਂ ਹੋ ਜਾਨਾ। ਕਹਿ ਦਿਆਂਗੇ ਕਿ ਏਥੇ ਰੱਖ ਦਉ ਰੋਟੀ।''

ਉਹ ਦੋਇ ਆਏ ਤਾਂ ਆਉਂਦੇ ਹੀ ਇਨ੍ਹਾਂ ਨੇ ਗਰਦਨਾਂ ਵੱਢ ਦਿੱਤੀਆਂ; ਕੋਲ ਨਦੀ ਵਗਦੀ ਸੀ, ਖਿੱਚ ਕੇ ਨਦੀ ਵਿਚ ਸੁੱਟ ਦਿਤੇ। ਕਹਿੰਦੇ, ਲਓ ਸਬੂਤ ਵੀ ਖਤਮ ਹੋ ਗਿਆ। ਹੁਣ ਪਹਿਲਾਂ ਰੋਟੀ ਖਾ ਲਈਏ, ਫੇਰ ਵੰਡਾਂਗੇ। ਜਦ ਪਰੌਂਠੇ ਖਾਧੇ; ਤੇਜ਼ ਜ਼ਹਿਰ ਸੀ, ਦੋਇ ਉਹ ਵੀ ਖਤਮ ਹੋ ਗਏ।

ਸੰਤ ਬੈਠੇ ਦੇਖਦੇ ਨੇ। ਜਦੋਂ ਇਹ ਪ੍ਰਗਟ ਹੋ ਗਈ, ਕਹਿੰਦੀ ਦੇਖ ਲਓ ਸੰਤ ਜੀ! ਮੈਂ ਅਜਿਹੇ ਕੰਮ ਕਰਦੀ ਹਾਂ। ਇਹ ਤਾਂ ਮੈਂ ਕਰਦੀ ਹਾਂ ਜੜ੍ਹ ਰੂਪ ਹੋ ਕੇ। ਮੇਰਾ ਰੂਪ ਚੇਤਨ ਵੀ ਹੈ; ਮੈਂ ਸੰਤਾਂ ਦੇ ਮਨ ਵਿਚ ਰਿਧੀ-ਸਿਧੀ ਹੋ ਕੇ ਵੜ ਜਾਂਦੀ ਹਾਂ, ਮਾਣ

ਹੋ ਕੇ ਵੜਦੀ ਹਾਂ। ਮੇਰੀ ਬੜੀ ਦੂਰ ਤਾਂਈ ਪਹੁੰਚ ਹੈ। ਫੇਰ ਮੈਂ 'ਹਉਮੈ' ਹੋ ਕੇ ਅੰਦਰ ਰਹਿੰਦੀ ਹਾਂ, ਸਭ ਨੂੰ ਲੁੱਟ ਲੈਂਦੀ ਹਾਂ; ਕੋਈ ਨਹੀਂ ਮੈਥੋਂ ਛੁੱਟ ਸਕਦਾ। ਇਕ ਪੂਰਾ ਗੁਰੂ ਹੈ ਜਿਸਦੇ ਮੈਂ ਨੇੜੇ ਨਹੀਂ ਜਾ ਸਕਦੀ ਜਾਂ ਪੂਰਨ ਮਹਾਤਮਾ ਹੈ ਜਿਹੜਾ ਮੇਰੇ ਤੋਂ ਬਚਿਆ ਹੋਇਆ ਹੈ; ਨਹੀਂ ਤਾਂ ਮੈਂ ਸਾਰਾ ਸੰਸਾਰ ਖਾ ਲਿਆ ਹੈ। ਮੈਥੋਂ ਕੋਈ ਛੁੱਟ ਨਹੀਂ ਸਕਦਾ।

ਸੋ ਇਸ ਤਰ੍ਹਾਂ ਦੇ ਨਾਲ ਇਹ ਸਾਰਾ ਜਾਲ ਪਸਾਰਿਆ ਹੋਇਆ ਹੈ -

***ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥***
***ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥ ਅੰਗ - 50***

ਸੋ ਇਸ ਮਾਇਆ ਵਿਚ ਅਸੀਂ ਫਸੇ ਹੋਏ ਹਾਂ। ਸਾਨੂੰ ਪਤਾ ਨਹੀਂ ਲਗਦਾ ਕਿ ਬੁੱਧੀ ਤੇ ਬੈਠਾ ਜਿਹੜਾ ਜੀਵ ਹੈ, ਅਸੀਂ ਉਹ ਹਾਂ ਕਿ ਸਰੀਰ ਹਾਂ ਕਿ ਸੂਖਮ ਸਰੀਰ ਹਾਂ ਜਾਂ ਅਸੀਂ ਪ੍ਰਾਣ ਹਾਂ ਜਾਂ ਮਨ ਹਾਂ ਜਾਂ ਬੁੱਧਿ ਹਾਂ ਕਿਉਂਕਿ ਪਤਾ ਕਰਨ ਦਾ ਅਸੀਂ ਜਤਨ ਹੀ ਨਹੀਂ ਕਰਦੇ, ਸਾਨੂੰ ਲੋੜ ਹੀ ਨਹੀਂ ਹੈ ਇਨ੍ਹਾਂ ਗੱਲਾਂ ਦੇ ਵਿਚ ਪੈਣ ਦੀ; ਅਸੀਂ ਤਾਂ ਸੁਖਾਲਾ ਜਿਹਾ ਚਾਹੁੰਦੇ ਹਾਂ, ਵੱਡੀ ਗੱਲ ਨਹੀਂ ਚਾਹੁੰਦੇ ਜਿਥੇ ਅਸੀਂ ਪ੍ਰਮੇਸ਼ਰ ਨੂੰ ਮਿਲ ਲਈਏ। ਮਹਾਰਾਜ ਕਹਿੰਦੇ, ਜਦ ਤਾਂਈ ਮਾਇਆ ਵਿਚੋਂ ਨਹੀਂ ਨਿਕਲਦੇ, ਓਨੀਂ ਦੇਰ ਤਕ ਗੱਲ ਨਹੀਂ ਬਣਨੀ।

ਉਸ ਵੇਲੇ ਇਸੇ ਤਰ੍ਹਾਂ ਦੇ ਨਾਲ ਇਹੀ ਮਸਲਾ ਜਿਹੜਾ ਹੈ, ਇਹ ਬੁੱਧੂ ਸ਼ਾਹ ਪੀਰ ਦੇ ਮਨ ਵਿਚ ਫੈਲਿਆ ਹੋਇਆ ਸੀ ਕਿ ਅਸਲ 'ਮੈਂ' ਕਿਹੜਾ ਹੈ? ਮੈਂ ਉਹ ਚੇਤਨ ਹਾਂ ਜਿਹੜਾ ਸਾਖੀ ਹੈ, ਜੋ ਇਸ ਸਰੀਰ ਦੇ ਅੰਦਰ ਸੱਤਾ ਦਿੰਦਾ ਹੈ ਜਾਂ ਮੈਂ ਜਿਹੜਾ ਤੁਰਿਆ ਫਿਰਦਾ ਹਾਂ, ਮੈਂ-ਮੈਂ ਕਰਦਾ ਹਾਂ, ਇਹ ਮੈਂ ਹਾਂ? ਅਖੀਰ ਉਹਦਾ ਮਨ ਮੰਨ ਗਿਆ ਕਿ ਦਸਮੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਭਾਵੇਂ ਉਮਰ ਛੋਟੀ ਹੈ - 20-22 ਸਾਲ ਦੀ, ਪਰ ਪੂਰਨ ਨੇ। ਗੱਲਾਂ ਸੁਣ ਚੁਕਿਆ ਸੀ ਕਿ ਅੰਤਰਜਾਮਤਾ ਪੂਰੀ ਹੈ ਤੇ ਹਰ ਗੱਲ ਦੇ ਵਿਚ ਪੂਰੇ ਨੇ। ਕਿੱਡਾ ਸੌ ਸਾਲ ਦਾ ਰਿਸ਼ੀ ਸੀ ਜਿਹੜਾ ਆ ਕੇ ਚਰਨੀਂ ਲੱਗ ਗਿਆ ਕਿ ਮਨਾਂ! ਐਵੇਂ ਸਮਾਂ ਲੰਘਦਾ

ਜਾਂਦਾ ਹੈ; ਤੂੰ ਵੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨੀਂ ਲੱਗ ਜਾ ਕੇ। ਇਹ ਇਸ ਤਰ੍ਹਾਂ ਦੇ ਵਿਚਾਰ ਕਰਦਾ ਹੋਇਆ ਗੁਰੂ ਸਾਹਿਬ ਵੱਲ ਚਲ ਪਿਆ। ਨਾਲ ਬਹੁਤ ਸਾਰੇ ਮੁਰੀਦ ਨੇ। ਮਨ ਵਿਚ ਪੂਰੀ ਸ਼ਰਧਾ ਹੈ ਕਿ ਮੈਂ ਜਾ ਕੇ ਗੁਰੂ ਜੀ ਦੇ ਚਰਨ ਫੜ ਲੈਣੇ ਨੇ। ਤੇ ਉਥੇ ਨੇੜੇ ਜਾ ਕੇ ਜਦ ਦਰਬਾਰ ਦੇਖਿਆ - ਬਹੁਤ ਸਜਿਆ-ਧਜਿਆ ਦਰਬਾਰ, ਤੇ ਮਨ ਵਿਚ ਸ਼ਰਧਾ ਆਈ। ਗੁਰੂ ਦੇ ਦਰਸ਼ਨ ਦੇਖ ਕੇ ਖਿੱਚ ਪਈ ਤੇ ਜੀਅ ਕੀਤਾ ਕਿ ਮੈਂ ਚਰਨ ਉਦੋਂ ਛੱਡਣੇ ਨੇ ਜਦੋਂ ਮੈਨੂੰ ਅੱਲਾਹ ਨਾਲ ਮਿਲਾ ਦੇਣਗੇ; ਨਹੀਂ ਤਾਂ ਛੱਡਣੇ ਨਹੀਂ ਮੈਂ।

ਜਦ ਕੁਝ ਕਦਮ ਅੱਗੇ ਗਿਆ ਤਾਂ ਉਸ ਵੇਲੇ ਇਹ ਹਉਮੈ ਆ ਗਈ ਅੰਦਰ ਕਿ ਮੈਂ ਤਾਂ ਪੀਰ ਹਾਂ, ਮੇਰੇ ਨਾਲ ਤਾਂ ਬਹੁਤ ਮੁਰੀਦ ਨੇ, ਤੇ ਮੈਂ ਜੇ ਚਰਨੀਂ ਪੈ ਗਿਆ ਤਾਂ ਇਨ੍ਹਾਂ ਨੇ ਇਹ ਕਹਿਣਾ ਹੈ ਕਿ ਹਿੰਦੂ ਦੇ ਚਰਨੀਂ ਪੈ ਗਿਆ - ਸਾਡਾ ਪੀਰ। ਅਸੀਂ ਕਹਿੰਦੇ ਹਾਂ ਕਿ ਇਸਲਾਮ ਸਭ ਤੋਂ ਉਚਾ ਹੈ ਤੇ ਇਹਨੂੰ ਰਸਤਾ ਸਹੀ ਮਿਲਿਆ ਹੋਇਆ ਹੈ, ਹਿੰਦੂ ਨੂੰ ਮਿਲਿਆ ਨਹੀਂ ਹੋਇਆ। ਤੇ ਮੈਂ ਜੇ ਚਰਨ ਫੜ ਲਏ ਇਨ੍ਹਾਂ ਦੇ, ਇਹ ਗੱਲ ਕੀ ਬਣੂ। ਮੇਰੀ ਤਾਂ ਬਦਨਾਮੀ ਬਹੁਤ ਹੋ ਜਾਊ। ਇਹ ਮਾਇਆ ਪੈ ਗਈ ਉਹਦੇ ਉਤੇ - ਕੋਲ ਜਾ ਕੇ। ਕੋਲ ਚਲਿਆ ਗਿਆ। ਗੁਰੂ ਮਹਾਰਾਜ ਨੇ ਵੀ ਦੇਖ ਲਿਆ ਕਿ ਆਇਆ ਤਾਂ ਪੀਰ ਸ਼ਰਧਾ ਨਾਲ ਹੈ ਪਰ ਇਹਦੇ ਅੰਦਰ 'ਅਹੰ-ਭਾਵ' ਜਾਗ ਗਿਆ 'ਮੈਂ' ਜਾਗ ਪਈ; ਆਇਆ ਤਾਂ 'ਮੈਂ' ਨੂੰ ਮਰਵਾਉਣ ਵਾਸਤੇ, ਖਤਮ ਕਰਾਉਣ ਵਾਸਤੇ ਸੀ ਲੇਕਿਨ ਜਾਗ ਪਈ 'ਮੈਂ'। ਉਸ ਵੇਲੇ ਗੁਰੂ ਮਹਾਰਾਜ ਦੇ ਕੋਲ ਆ ਕੇ ਨਮਸਕਾਰ ਨਹੀਂ ਕਰੀ; ਹੱਥ ਵਧਾਇਆ ਤੇ ਦਸਤਪੰਜਾ ਮਹਾਰਾਜ ਨੇ ਲਿਆ ਤੇ ਬਿਠਾ ਲਿਆ, ਸੁੱਖ ਸਾਂਦ ਪੁੱਛੀ। ਉਸ ਵੇਲੇ ਪੀਰ ਨੂੰ ਪੁੱਛਿਆ -

"ਪੀਰ ਜੀ! ਤੁਸੀਂ ਕਿਸ ਤਰ੍ਹਾਂ ਆਏ?"

"ਮਹਾਰਾਜ! ਅੱਲਾਹ ਦਾ ਵਸਲ (ਮਿਲਾਪ) ਕਿਵੇਂ ਹੋਵੇ? ਇਹ ਮੈਂ ਪੁੱਛਣ ਵਾਸਤੇ ਆਇਆਂ ਕਿਉਂਕਿ ਮੇਰੇ ਮਨ ਵਿਚ ਬਹੁਤ

ਪ੍ਰੀਤ ਲੱਗੀ ਹੋਈ ਹੈ - ਇਸ ਗੱਲ ਦੀ।"

***ਧਾਰਨਾ - ਪ੍ਰੀਤ ਮਨ ਲਾਗੀ, ਪ੍ਰਭ ਮਿਲਬੇ ਕਉ- 2, 2.***

***ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥***
***ਪਾਇ ਲਗਉ ਮੋਹਿ ਕਰਉ ਬੇਨਤੀ***
***ਕੋਊ ਸੰਤੁ ਮਿਲੈ ਬਡਭਾਗੀ ॥ 1 ॥ ਰਹਾਉ ॥***
***ਮਨੁ ਅਰਪਉ ਧਨੁ ਰਾਖਉ ਆਗੈ***
***ਮਨ ਕੀ ਮਤਿ ਮੋਹਿ ਸਗਲ ਤਿਆਗੀ ॥***
***ਜੋ ਪ੍ਰਭ ਕੀ ਹਰਿ ਕਥਾ ਸੁਨਾਵੈ***
***ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥ 1 ॥***
***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ ॥ ਅੰਗ - 204***

"ਹਨ੍ਹੇਰਾ ਪਿਆ ਹੋਇਆ ਹੈ ਮਹਾਰਾਜ - ਮਨ ਦੇ ਅੰਦਰ, ਕਿਉਂਕਿ ਜਦੋਂ ਅਸੀਂ ਬਚਨ ਸੁਣਦੇ ਹਾਂ, ਤਾਂ ਦੋ ਤਰ੍ਹਾਂ ਦੇ ਬਚਨ ਸੁਣਦੇ ਹਾਂ - ਇਕ ਤਾਂ ਭੇਦ-ਭਾਵ ਦੇ ਬਚਨ ਸੁਣਦੇ ਹਾਂ ਕਿ ਵਾਹਿਗੁਰੂ ਹੋਰ ਹੈ, ਅਸੀਂ ਹੋਰ ਹਾਂ; ਇਕ ਐਸੇ ਬਚਨ ਵੀ ਮਹਾਂਪੁਰਸ਼ਾਂ ਤੋਂ ਸੁਣਦੇ ਹਾਂ ਕਿ ਏਥੇ ਉਹ ਆਪੇ ਆਪ ਹੈ, ਦੂਸਰਾ ਨਹੀਂ ਹੈ -

***ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ॥ ਅੰਗ - 23***

ਮਹਾਰਾਜ! ਦੁਚਿੱਤੀ ਵਿਚ ਪੈ ਗਏ, ਉਲਝ ਗਏ, ਕੁਛ ਪਤਾ ਨਹੀਂ ਲਗਦਾ ਤੇ ਇਸ ਕਰਕੇ ਮੈਂ ਆਪ ਦੇ ਚਰਨਾਂ ਵਿਚ ਆਇਆ ਹਾਂ ਕਿ ਆਪ ਕ੍ਰਿਪਾ ਕਰਕੇ ਮੈਨੂੰ ਅੱਲਾ-ਤਾਲਾ ਦੇ ਦਰਸ਼ਨ ਕਰਾ ਦਿਉ, ਮੇਲ ਕਰਾ ਦਿਉ। ਇਹ ਦੱਸੋ ਕਿ ਅੱਲਾ ਦਾ ਵਸਲ ਕਿਵੇਂ ਹੋਵੇ?"

"ਦਿਨ ਤੇ ਰਾਤ ਦਾ ਜਿਵੇਂ ਹੁੰਦਾ ਹੈ।"

ਚੁੱਪ ਕਰ ਗਿਆ ਕਿ ਦਿਨ ਦਾ ਰਾਤ ਨੂੰ? ਰਾਤ ਤੇ ਦਿਨ ਤਾਂ ਦੋਇ ਮਿਲਦੇ ਹੀ ਨਹੀਂ ਕਦੇ; ਜੇ ਦਿਨ ਚੜ੍ਹ ਜਾਵੇ ਤਾਂ ਰਾਤ

ਨਹੀਂ ਰਹਿੰਦੀ ਤੇ ਮੇਲ ਕੀ ਹੋਇਆ ਜਦ ਇਹ ਰਹਿੰਦੀ ਹੀ ਨਹੀਂ? ਬੜੀ ਵਿਚਾਰ ਵਾਲੀ ਬਾਤ ਹੈ, ਬਹੁਤ ਗਹਿਰੀ ਬਾਤ ਹੈ, ਸਾਧ ਸੰਗਤ ਜੀ - ਸਮਝਣ ਵਾਲੀ। ਫੇਰ ਥੋੜ੍ਹੀ ਦੇਰ ਸੋਚਦਾ ਰਿਹਾ। ਕਹਿੰਦਾ -

''ਸੱਚੇ ਪਾਤਸ਼ਾਹ! ਦਿਨ ਆਏ ਤੇ ਤਾਂ ਰਾਤ ਰਹਿੰਦੀ ਹੀ ਨਹੀਂ।''

''ਬੁੱਧੂ ਸ਼ਾਹ! ਇਵੇਂ ਜਿਵੇਂ ਜਦ ਸੱਚ ਦਾ ਪ੍ਰਕਾਸ਼ ਅੰਦਰ ਹੋ ਜਾਣਾ ਹੈ, ਫੇਰ 'ਮੈਂ' ਰੂਪੀ ਰਾਤ ਨੇ ਖਤਮ ਹੋ ਜਾਣਾ ਹੈ; 'ਮੈਂ' ਨਹੀਂ ਰਹਿਣੀ। 'ਮੈਂ' ਨਹੀਂ ਰਿਹਾ ਕਰਦੀ।''

''ਮਹਾਰਾਜ! ਫੇਰ ਵਸਲ ਕਿਵੇਂ ਹੋਇਆ, ਮੇਲ ਕਿਵੇਂ ਹੋਇਆ? 'ਮੈਂ' ਦਾ ਮੇਲ ਅੱਲਾ ਨਾਲ ਹੁੰਦਾ ਹੈ?''

'ਮੈਂ' ਦੋ ਤਰ੍ਹਾਂ ਦੀ ਹੁੰਦੀ ਹੈ - ਇਕ ਝੂਠੀ 'ਮੈਂ' ਬਣਾਈ ਫਿਰਦਾ ਹੈ ਜਿਵੇਂ ਅਮਰ ਵੇਲ ਚੜ੍ਹ ਜਾਂਦੀ ਹੈ - ਦਰਖਤਾਂ ਤੇ; ਉਹਦੀ ਜੜ੍ਹ ਨਹੀਂ ਕੋਈ ਹੋਇਆ ਕਰਦੀ, ਉਹ ਦਰਖਤ ਨੂੰ ਹੀ ਖਾਂਦੀ ਪੀਂਦੀ ਹੈ। ਇਹ ਤਾਂ ਹੈਗੀ ਝੂਠੀ। ਜਿਹੜੀ ਸੱਚੀ 'ਮੈਂ' ਹੈ, ਤੇ ਅਸਲ 'ਮੈਂ' ਹੈ - 'ਆਤਮਾ; ਉਹਦਾ ਤੇ ਪ੍ਰਮੇਸ਼ਰ ਦਾ ਮੇਲ ਹੋਇਆ ਕਰਦਾ ਹੈ, ਇਸ ਝੂਠੀ ਮੈਂ ਦਾ ਨਹੀਂ ਹੋਇਆ ਕਰਦਾ। ਇਹ 'ਮੈਂ' ਜਿਹੜੀ ਝੂਠੀ ਹੈ, ਇਹ ਸੱਚ ਦੇ ਆਧਾਰ ਤੇ ਖੜ੍ਹੀ ਹੈ; ਤੇ ਜਦ ਸੱਚ ਆ ਗਿਆ, ਉਸ ਵੇਲੇ ਝੂਠ ਨੇ ਖਤਮ ਹੋ ਜਾਣਾ ਹੈ। ਉਹ ਪ੍ਰਮੇਸ਼ਰ, ਅੱਲਾਹ, ਜਿਹਨੂੰ ਤੂੰ ਮਿਲਣਾ ਚਾਹੁੰਦਾ ਹੈ, ਉਹ ਨਿਰੋਲ ਸੱਚ ਹੈ; ਤੇ ਸੱਚ ਨੂੰ ਸੱਚ ਮਿਲਦਾ ਹੈ; ਝੂਠ ਨੂੰ ਸੱਚ ਨਹੀਂ ਮਿਲਿਆ ਕਰਦਾ।''

''ਮਹਾਰਾਜ! ਅਸੀਂ ਜੀਵ ਨਹੀਂ ਹੈਗੇ?''

''ਨਹੀਂ।''

''ਮਹਾਰਾਜ! ਥੋੜ੍ਹਾ ਜਿਹਾ ਖੋਲ੍ਹ ਕੇ ਸਮਝਾਓ, ਮੈਂ ਸਮਝਿਆ ਨਹੀਂ ਹਾਂ।''

''ਦੇਖ ਬੁੱਧੂਸ਼ਾਹ! ਰੱਸੀ ਪਈ ਹੈ - ਹਨ੍ਹੇਰੇ ਦੇ ਵਿਚ।

ਭਰਮ ਪੈਂਦਾ ਹੈ ਕਿ ਇਹ ਸੱਪ ਪਿਆ ਹੈ। ਸੱਪ ਤਾਂ ਰੱਸੀ ਵਿਚ ਹੋਇਆ ਹੀ ਨਹੀਂ ਕਦੇ। ਜਦ ਚਾਨਣਾ ਕਰਦੇ ਹਾਂ ਤਾਂ ਉਥੇ ਤਾਂ ਰੱਸੀ ਹੀ ਹੈ, ਤੇ ਸੱਪ ਦਾ ਮੇਲ ਤਾਂ ਰੱਸੀ ਨਾਲ ਨਹੀਂ ਹੋਇਆ; ਉਹ ਤਾਂ ਪਹਿਲਾਂ ਵੀ ਰੱਸੀ ਸੀ। ਰੱਸੀ ਦਾ ਮੇਲ ਰੱਸੀ ਨਾਲ ਹੈ, ਸੱਪ ਦਾ ਮੇਲ ਰੱਸੀ ਨਾਲ ਨਹੀਂ; ਸੱਪ ਭਰਮ ਕਰਕੇ ਲੱਗਿਆ ਹੈ। ਇਸੇ ਤਰ੍ਹਾਂ ਦੇ ਨਾਲ ਭਰਮ ਕਰਕੇ ਇਹਦੀ ਸਾਨੂੰ ਭ੍ਰਾਂਤੀ ਪੈ ਗਈ, ਭਰਮ ਪੈ ਗਿਆ, ਭੁਲੇਖਾ ਪੈ ਗਿਆ। ਉਹ ਭੁਲੇਖਾ ਇਸ ਕਰਕੇ ਪੈ ਗਿਆ ਕਿ ਕ੍ਰੋੜਾਂ ਹੀ ਸਾਲ ਹੋ ਗਏ, ਅਸੀਂ 'ਮੈਂ-ਮੈਂ-ਮੈਂ-ਮੈਂ ਕਰੀ ਜਾਂਦੇ ਹਾਂ; ਉਹ 'ਮੈਂ-ਮੈਂ' ਪੱਕ ਗਈ। ਪਹਿਲਾਂ ਤਾਂ ਪਕਾ ਲਿਆ ਕਿ 'ਮੈਂ' ਇਹ ਸਰੀਰ ਹਾਂ; ਇਹਦੇ ਵਿਚੋਂ ਅਸੀਂ ਨਿਕਲਦੇ ਨਹੀਂ, ਕਿੰਨਾ ਜ਼ੋਰ ਲਾ ਲਓ। ਸਤਿ ਵਸਤੂ ਵਸਦੀ ਹੈ - ਇਸ ਸਰੀਰ ਵਿਚ, ਪਰ ਪਤਾ ਨਹੀਂ ਲਗਦਾ ਕਿਉਂਕਿ ਹਨ੍ਹੇਰੇ ਵਿਚ ਪਿਆ ਹੈ। ਜਿਹੜਾ ਗੁਰੂ ਦੇ ਪਿੱਛੇ ਨਹੀਂ ਲਗਦਾ, ਗੁਰੂ ਦੇ ਬਚਨ ਨਹੀਂ ਕਮਾਉਂਦਾ, ਉਹ ਮਨਮੁਖ ਹੋਇਆ ਕਰਦਾ ਹੈ; ਜਿਹੜਾ ਮਨਮੁਖ ਹੁੰਦਾ ਹੈ, ਉਹ ਹਨ੍ਹੇਰੇ ਵਿਚ ਰਹਿੰਦਾ ਹੈ। ਤੇ ਉਹ ਆਤਮਾ ਅੰਦਰ ਹੈ ਜਿਹੜੀ ਸੱਚੀ 'ਮੈਂ' ਹੈ; ਉਹਦੇ ਇਹਨੂੰ ਦਰਸ਼ਨ ਨਹੀਂ ਹੁੰਦੇ ਕਿਉਂਕਿ ਇਹ ਹਨ੍ਹੇਰੇ ਵਿਚ ਰਹਿ ਕੇ ਖੁਸ਼ ਰਹਿੰਦਾ ਹੈ। ਬੁੱਧੂਸ਼ਾਹ! ਮਨਮੁਖ ਜਿਹੜਾ ਹੈ, ਉਹ ਤਾਂ ਅਗਿਆਨ ਦੀ ਕੋਠੀ ਹੈ, ਹਨ੍ਹੇਰੇ ਦੀ ਕੋਠੀ ਹੈ। ਹਨ੍ਹੇਰੇ ਦੀ ਕੋਠੀ ਵਿਚ ਸੱਚ ਦੇ ਦਰਸ਼ਨ ਨਹੀਂ ਹੁੰਦੇ; ਪ੍ਰਕਾਸ਼ ਹੋਵੇ ਤਾਂ ਸੱਚ ਦਾ ਪਤਾ ਲਗਦਾ ਹੈ; ਸੱਚ ਅੰਦਰ ਰਹਿੰਦਾ ਹੈ।'' ਇਸ ਤਰ੍ਹਾਂ ਫੁਰਮਾਨ ਕਰਦੇ ਨੇ-

***ਧਾਰਨਾ - ਮਨਮੁਖ ਕੋਠੀ ਅਗਿਆਨ ਅੰਧੇਰਾ,***
***ਤਿਨ ਘਰਿ ਰਤਨ ਨ ਲਾਖਾ - 2, 2.***

''ਬੁੱਧੂਸ਼ਾਹ! ਜੋ ਮਨਮੁਖ ਪੁਰਸ਼ ਹੈ, ਉਹ ਅਨ੍ਹੇਰੇ ਵਿਚ ਰਹਿ ਕੇ ਖੁਸ਼ ਹੈ; ਉਹਨੂੰ ਚਾਨਣੇ ਵਿਚ ਲਿਆਉਣ ਦੀ ਕੋਸ਼ਿਸ਼ ਕਰੋ, ਪਰ ਨਹੀਂ ਆਉਂਦਾ।''

***ਨਾਨਕ ਮਨਮੁਖਿ ਅੰਧੁ ਪਿਆਰੁ।।***
***ਬਾਝੁ ਗੁਰੂ ਡੁਬਾ ਸੰਸਾਰੁ॥*** ***ਅੰਗ - 138***

ਗੁਰੂ ਪ੍ਰਕਾਸ਼ ਵਿਚ ਲਿਆਉਣ ਦਾ ਯਤਨ ਕਰਦਾ ਹੈ -

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥***
***ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥***
***ਅੰਗ - 293***

ਸੋ ਇਹ ਅਗਿਆਨ ਦੀ ਅੰਧੇਰੀ ਕੋਠੀ ਵਿਚ ਰਹਿੰਦਾ ਹੈ, ਇਹਨੂੰ ਅੰਦਰਲੇ ਰਤਨ ਦਾ ਪਤਾ ਨਹੀਂ ਹੈ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥ ਅੰਗ - 293***

ਇਹ ਮਾਇਆ ਦੇ ਚੱਕਰ ਵਿਚ ਪੈ ਕੇ ਉਤੇ-ਉਤੇ, ਬਾਹਰ-ਬਾਹਰ ਭੁੱਲਿਆ ਫਿਰਦਾ ਹੈ ਤੇ -

***ਤੇ ਊਝੜਿ ਭਰਮਿ ਮੁਏ ਗਾਵਾਰੀ...............॥***
***ਅੰਗ - 696***

ਉਜਾੜ ਵਿਚ ਫਿਰਦਾ ਹੈ, ਤੇ ਭਰਮ ਵਿਚ ਪੈ ਗਿਆ। ਪੰਜ ਕਿਸਮ ਦੇ ਭਰਮ ਹੁੰਦੇ ਨੇ। ਭਰਮ ਪੈ ਗਿਆ ਜਿਵੇਂ ਰੱਸੀ ਵਿਚ ਸੱਪ ਦਾ। ਇਸ ਤਰ੍ਹਾਂ ਨਾਲ ਪੰਜ ਕਿਸਮ ਦਾ ਭਰਮ ਆਦਮੀ ਦੇ ਮਨ ਤੇ ਸਦਾ ਹੀ ਛਾਇਆ ਰਹਿੰਦਾ ਹੈ; ਇਹ ਨਹੀਂ ਦੂਰ ਹੁੰਦਾ - ਸੰਸਾ ਕਹਿੰਦੇ ਨੇ ਇਹਨੂੰ। ਸੰਸੇਵਾਨ, ਅਗਿਆਨੀ ਤੇ ਬੱਚਾ - ਇਹ ਤਿੰਨੇ ਦੁਖੀ ਹੋਇਆ ਕਰਦੇ ਨੇ। ਬੱਚਾ ਇਸ ਕਰਕੇ ਦੁਖੀ ਹੁੰਦਾ ਹੈ ਕਿ ਜੇ ਬੀਮਾਰ ਹੋ ਜਾਏ, ਤਾਂ ਆਪਣੀ ਗੱਲ ਨਹੀਂ ਦੱਸ ਸਕਦਾ; ਪਿਸ਼ਾਬ ਕਰ ਲਏ, ਹਿੱਲ ਨਹੀਂ ਸਕਦਾ; ਕਿਰਿਆ ਕਰ ਲਵੇ - ਟੱਟੀ ਆਦਿ, ਕਹਿ ਨਹੀਂ ਸਕਦਾ। ਇਸੇ ਤਰ੍ਹਾਂ ਜਿਹੜਾ ਅਗਿਆਨੀ ਹੈ, ਉਹ ਕੋਲ ਰਹਿੰਦੇ ਹੋਏ ਪ੍ਰਮੇਸ਼ਰ ਨੂੰ ਨਾ ਜਾਣ ਕੇ, ਵੈਰੀ ਮਿੱਤਰ ਧਾਰ ਕੇ ਦੁਖੀ ਸੁਖੀ ਹੁੰਦਾ ਰਹਿੰਦਾ ਹੈ, ਹਰ ਵਕਤ ਦੁਖੀ ਰਹਿੰਦਾ ਹੈ। ਅਖੀਰ ਮਰ ਜਾਂਦਾ ਹੈ, ਜਨਮ-ਮਰਨ ਦੇ ਚੱਕਰ ਵਿਚ ਪੈ ਜਾਂਦਾ ਹੈ। ਬਹੁਤ ਸਾਰੇ ਲੇਖ ਬੀਜ ਦਿੰਦਾ ਹੈ, ਕਰਮ ਬੀਜ ਦਿੰਦਾ ਹੈ; ਫੇਰ ਉਨ੍ਹਾਂ ਨੂੰ ਭੋਗਣ ਵਾਸਤੇ ਜੂਨੀਆਂ ਵਿਚ ਜਾਂਦਾ ਹੈ। ਇਸ ਕਰਕੇ ਜਿਹੜਾ ਅਗਿਆਨੀ ਹੈ, ਉਹ ਦੁਖੀ ਰਹਿੰਦਾ

ਹੈ।

ਸੰਸੇਵਾਨ ਇਸ ਕਰਕੇ ਦੁਖੀ ਰਹਿੰਦਾ ਹੈ ਕਿ ਕੋਲ ਰਹਿੰਦੇ ਹੋਏ ਪ੍ਰਮੇਸ਼ਰ ਤੇ ਸ਼ੱਕ ਕਰੀ ਜਾਂਦਾ ਹੈ ਕਿ ਹੈ ਵੀ ਇਹ ਗੱਲ? ਮੇਰੇ ਅੰਦਰ ਰੱਬ ਰਹਿੰਦਾ ਵੀ ਹੈ ਕਿ ਐਵੇਂ ਗੁਰੂ ਸਾਹਿਬ ਕਹੀ ਜਾਂਦੇ ਨੇ? ਇਸ ਤਰ੍ਹਾਂ ਔਝੜ ਵਿਚ ਫਿਰਦਾ ਹੈ -

***ਤੇ ਉਝੜਿ ਭਰਮਿ ਮੁਏ ਗਾਵਾਰੀ ਮਾਇਆ ਭੁਅੰਗ ਬਿਖੁ ਚਾਖਾ॥***
***ਅੰਗ - 696***

ਜ਼ਹਿਰ ਖਾਂਦਾ ਹੈ - ਕੌਬਰੇ ਨਾਗ ਦੀ।

ਸੋ ਕਹਿਣ ਲੱਗਿਆ, "ਮਹਾਰਾਜ! ਸੱਚੇ ਪਾਤਸ਼ਾਹ! ਇਹ ਜੋ ਜੀਵ-ਭਾਵ ਹੈ, ਇਹ ਹੈ ਨਹੀਂ?" ਮਹਾਰਾਜ ਕਹਿੰਦੇ, "ਨਹੀਂ। ਇਹ ਤਾਂ ਜਿਹੜਾ ਸਾਖੀ ਹੈ, ਅੰਦਰ ਆਤਮਾ ਹੈ, ਉਹਦਾ ਤੇ ਬ੍ਰਹਮ ਦਾ ਮੇਲ ਹੋਇਆ ਕਰਦਾ ਹੈ -

***ਆਤਮਾ ਪਰਾਤਮਾ ਏਕੋ ਕਰੈ॥***
***ਅੰਤਰ ਕੀ ਦੁਬਿਧਾ ਅੰਤਰਿ ਮਰੈ॥ ਅੰਗ - 661***

'ਮੈਂ' ਦਾ ਮੇਲ ਨਹੀਂ ਰੱਬ ਨਾਲ ਹੁੰਦਾ। ਜੇ ਕੋਈ ਕਹਿੰਦਾ ਹੈ ਕਿ ਫਲਾਣੇ ਨੂੰ ਮਿਲਿਆ ਹੈ ਰੱਬ, ਫਲਾਣੇ ਨੂੰ ਦਰਸ਼ਨ ਦਿੱਤੇ; ਉਹ ਭਾਵਨਾ ਦੇ ਦਰਸ਼ਨ ਹੁੰਦੇ ਨੇ, ਸਾਧ ਸੰਗਤ ਜੀ। ਬਹੁਤੇ ਉਥੇ ਹੀ ਸੰਤੁਸ਼ਟ ਹੋ ਜਾਂਦੇ ਨੇ।

ਨਾਮਦੇਵ ਜੀ ਨੂੰ 72 ਵਾਰੀ ਦਰਸ਼ਨ ਹੋਏ। ਸੰਤ ਗਿਆਨੇਸ਼ਵਰ ਜੀ ਦੇ ਨਾਲ ਬਹੁਤ ਸਾਰੇ ਸੰਤ ਇਕੱਠੇ ਹੋ ਕੇ ਭ੍ਰਮਣ ਕਰ ਰਹੇ ਨੇ। ਇਕ ਦਿਨ ਸੰਤ ਬੈਠੇ ਨੇ। ਗਿਆਨੇਸ਼ਵਰ ਜੀ ਨੇ ਕਿਸੇ ਢੰਗ ਦੇ ਨਾਲ ਨਾਮਦੇਵ ਜੀ ਨੂੰ ਹੋਰ ਉਚਾ ਚੁੱਕਣਾ ਚਾਹਿਆ। ਤੇ ਉਥੇ ਐਸੀ ਘਟਨਾ ਵਾਪਰੀ ਕਿ ਪਾਣੀ ਨਹੀਂ ਹੈ (ਰਾਜਸਥਾਨ ਦੀ ਬਾਤ ਹੈ) ਤੇ ਖੂਹ ਹੈ ਕੋਲ, ਉਹਦੇ ਵਿਚ ਪਾਣੀ ਹੈ, ਪਰ ਲੱਜ ਨਹੀਂ ਹੈ ਐਨੀ ਵੱਡੀ। ਖੂਹ ਦਾ ਪਾਣੀ ਸੁੱਕਿਆ ਹੋਇਆ ਹੈ, ਯਾਨਿ ਦੂਰ ਹੈ। ਪਿਆਸ ਲੱਗੀ ਹੋਈ ਹੈ। ਇਸ਼ਨਾਨ ਦਾ ਵਕਤ ਹੋਇਆ-ਹੋਇਆ ਹੈ। ਸਾਰੇ ਹੀ ਸੰਤ ਇੱਕ ਦੂਜੇ ਵੱਲ ਦੇਖਦੇ ਨੇ; ਸਮਰੱਥ ਮਹਾਤਮਾ ਸੀ - ਸਾਰੇ ਹੀ। ਤਾਂ ਨਾਮਦੇਵ ਜੀ ਨੇ

ਖੂਹ ਦੇ ਕੋਲ ਜਾ ਕੇ ਪਾਣੀ ਬਾਹਰ ਕੱਢ ਦਿਤਾ; ਮੌਣ ਤੇ ਆ ਗਿਆ, ਆਪੇ ਹੀ ਨਿਕਲੀ ਜਾਂਦਾ ਹੈ। ਬੜਾ ਮਨ ਵਿਚ ਹੋਇਆ ਕਿ ਇਹਨਾਂ ਸੰਤਾਂ ਤੋਂ ਤਾਂ ਕਿਸੇ ਤੋਂ ਨਹੀਂ ਨਿਕਲਿਆ, ਮੈਂ ਕੱਢ ਦਿਤਾ, ਮੇਰੇ ਤੇ ਪ੍ਰਮੇਸ਼ਰ ਬਹੁਤ ਪ੍ਰਸੰਨ ਹੈ। ਐਸਾ ਵੀ ਹੋ ਗਿਆ ਕਿ ਹੈਗੇ ਤਾਂ ਭਗਤ, ਪਰ ਇਨ੍ਹਾਂ ਨੂੰ ਰੱਬ ਕਦੇ ਮਿਲਿਆ ਤਾਂ ਹੈ ਨਹੀਂ। ਐਨੀ ਜਦ ਗੱਲ ਹੋਈ ਤਾਂ ਸੰਤ ਗਿਆਨੇਸ਼ਵਰ ਜੀ ਨੇ ਦੇਖ ਲਿਆ। ਉਹ ਸਾਰੇ ਸਾਧੂ ਬੈਠੇ ਨੇ। ਹੌਲੀ-ਹੌਲੀ ਠੋਲਾ ਮਾਰਨ ਲੱਗ ਗਏ ਸਿਰ ਵਿਚ ਇਕੱਲੇ-ਇਕੱਲੇ ਦੇ; ਕਹਿੰਦੇ, ਇਹ ਵੀ ਪੱਕਾ, ਇਹ ਵੀ ਪੱਕਾ, ਇਹ ਵੀ ਪੱਕਾ। ਜਦ ਨਾਮਦੇਵ ਜੀ ਦੇ ਕੋਲ ਆਏ, ਕਹਿੰਦੇ, ਇਹ ਕੱਚਾ। ਗੁੱਸਾ ਕਰਿਆ ਉਨ੍ਹਾਂ ਨੇ ਇਸ ਗੱਲ ਦਾ ਕਿ ਇਹ ਸਾਰੇ ਪਿਆਸੇ ਬੈਠੇ ਸੀ, ਕਿਸੇ ਵਿਚ ਤਾਕਤ ਤਾਂ ਹੈ ਨਹੀਂ ਸੀ ਕਿ ਪਾਣੀ ਕੱਢ ਲਿਆਉਂਦੇ; ਤੇ ਮੈਨੂੰ ਪ੍ਰਮੇਸ਼ਰ ਐਨੀ ਵਾਰੀ ਮਿਲਿਆ ਹੈ ਤੇ ਇਨ੍ਹਾਂ ਨੂੰ ਮਿਲਿਆ ਨਹੀਂ; ਤੇ ਮੈਂ ਕੱਚਾ, ਇਹ ਪੱਕੇ? ਉਸ ਵੇਲੇ ਥੋੜ੍ਹੀ ਮਨ ਵਿਚ ਉਦਾਸੀ ਆਈ, ਜਾ ਕੇ ਰੋਹੀ ਦੇ ਵਿਚ ਪ੍ਰਮੇਸ਼ਰ ਨੂੰ ਯਾਦ ਕਰਿਆ। ਸਾਮ੍ਹਣੇ ਆ ਗਏ, ਕਹਿੰਦੇ -

"ਨਾਮਦੇਵ! ਉਦਾਸ ਐਂ ਤੂੰ ਐਨਾ?"

"ਮਹਾਰਾਜ! ਮੈਨੂੰ ਕੱਚਾ ਕਿਹਾ ਹੈ।"

"ਹਾਂ, ਕੱਚਾ ਹੀ ਹੈਂ।"

"ਤੁਸੀਂ ਵੀ ਮੈਨੂੰ ਕੱਚਾ ਹੀ ਕਹੀ ਜਾਂਦੇ ਹੋ।"

"ਹਾਂ।"

"ਕਿਉਂ?"

"ਤੈਨੂੰ ਮੇਰਾ ਅਜੇ ਪਤਾ ਨਹੀਂ ਲੱਗਿਆ, ਮੈਂ ਕਿੱਥੇ ਰਹਿਨਾਂ।"

"ਫੇਰ ਤੁਸੀਂ ਮੈਨੂੰ ਮਹਾਰਾਜ ਦੱਸਿਆ ਕਿਉਂ ਨਹੀਂ ਅਜੇ ਤਾਈਂ - ਤੁਸੀਂ ਕਿੱਥੇ ਰਹਿੰਦੇ ਓਂ?"

"ਮੈਂ ਜੇ ਨਾਮਦੇਵ ਆਪ ਦੱਸ ਦੇਵਾਂ, ਤਾਂ ਨਾ ਮੈਂ ਰਹਿਣਾ ਹੈ, ਨਾ ਤੂੰ ਰਹੇਂ, ਨਾ ਸੰਸਾਰ ਰਹੇ।"

ਇਹ ਤਿੰਨ ਗੱਲਾਂ ਜੇ ਸਮਝ ਲਵੇ ਨਾ ਬੰਦਾ ਤਾਂ ਸਮਝ ਲਉ ਹੁਣੇ ਚੜ੍ਹਾਈ ਚੜ੍ਹ ਜਾਏਗਾ। ਇਹ ਬਹੁਤ ਛੋਟੀਆਂ-ਛੋਟੀਆਂ ਗੱਲਾਂ ਨੇ ਲੇਕਿਨ ਇਨ੍ਹਾਂ ਦਾ ਸਾਡੀ ਜ਼ਿੰਦਗੀ ਦੇ ਨਾਲ ਬਹੁਤ ਗਹਿਰਾ ਸਬੰਧ ਹੈ; ਖਾਸ ਕਰਕੇ ਉਨ੍ਹਾਂ ਦਾ, ਜਿਹੜੇ ਨਾਮ ਜਪਦੇ ਨੇ, ਔਝੜ ਪਏ ਹੋਏ ਨੇ, ਰਸਤਾ ਨਹੀਂ ਲੱਭ ਰਿਹਾ ਜਿਨ੍ਹਾਂ ਨੂੰ। ਕਹਿਣ ਲੱਗਿਆ -

"ਮਹਾਰਾਜ, ਦੱਸ ਦਿਉ।"

"ਮੈਂ ਜੇ ਦੱਸਿਆ ਨਾਮਦੇਵ! ਨਾ ਮੈਂ ਰਹਿਣਾ ਹੈ, ਨਾ ਤੂੰ ਰਹਿਣਾ ਹੈ, ਨਾ ਰਹਿਣਾ ਹੈ ਸੰਸਾਰ ਨੇ।"

"ਐਸੀ ਗੱਲ ਹੈ?"

"ਹਾਂ, ਬਿਲਕੁਲ।"

"ਫੇਰ ਕੋਈ ਦੱਸੋ।"

"ਮੇਰੇ ਸੰਤ ਦੱਸਦੇ ਨੇ ਇਹ ਗੱਲਾਂ; ਉਹ ਦੱਸ ਸਕਦੇ ਨੇ, ਮੈਂ ਨਹੀਂ ਦੱਸ ਸਕਦਾ।"

"ਤੁਹਾਡੇ ਮੈਨੂੰ ਐਨੇ ਦਰਸ਼ਨ ਹੁੰਦੇ ਨੇ, ਉਨ੍ਹਾਂ ਨੂੰ ਨਹੀਂ ਹੁੰਦੇ।"

ਨਾਮਦੇਵ! ਇਹ ਤੇਰੀ ਭਾਵਨੀ ਦੇ ਦਰਸ਼ਨ ਨੇ, ਮੇਰੇ ਦਰਸ਼ਨ ਨਹੀਂ। ਮੇਰਾ ਇਕ ਰੂਪ ਸਰਗੁਣ ਵੀ ਹੈਗਾ, ਤੂੰ ਉਹਦੇ ਦਰਸ਼ਨ ਕਰਦਾ ਹੈਂ -

***ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥***

***ਅੰਗ - 290***

ਲੇਕਿਨ ਇਹ ਸਰਗੁਣ ਹਰ ਵਕਤ ਨਹੀਂ ਹੋਇਆ ਕਰਦਾ। ਜਦੋਂ ਮੈਂ ਖੇਲ੍ਹ ਸੰਕੋਚ ਲੈਨਾਂ -

***ਬਾਜੀਗਰਿ ਜੈਸੇ ਬਾਜੀ ਪਾਈ॥***
***ਨਾਨਾ ਰੂਪ ਭੇਖ ਦਿਖਲਾਈ॥***

***ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ॥***
***ਤਬ ਏਕੋ ਏਕੰਕਾਰਾ॥*** ***ਅੰਗ - 736***

ਉਸ ਵੇਲੇ ਮੇਰਾ 'ਏਕੰਕਾਰ' ਦਾ ਸਰੂਪ ਹੁੰਦਾ ਹੈ, 'ਓਅੰਕਾਰ' ਦਾ ਨਹੀਂ ਹੁੰਦਾ। ਹੈ ਤਾਂ ਮੇਰਾ ਹੀ ਸਰੂਪ ਪਰ ਜਿਹੜਾ ਮੇਰਾ ਅਸਲੀ ਸਰੂਪ ਹੈ - 'ਆਦਿ ਰੂਪ' ਜਿਹਨੂੰ ਕਹਿੰਦੇ ਨੇ, ਉਹ ਮੇਰਾ ਏਕੰਕਾਰ ਦਾ ਸਰੂਪ ਹੈ; ਉਹ ਸੰਤ ਦੱਸਦੇ ਨੇ, ਮੈਂ ਨਹੀਂ ਦੱਸਦਾ। ਤੂੰ ਜਾਹ, ਗਿਆਨੇਸ਼ਵਰ ਜੀ ਤੋਂ ਪੁੱਛ ਲੈ।

ਇਹਦਾ ਇਸ਼ਟ ਸੀ - ਸਾਲਿਗਰਾਮ; ਵੱਟਾ ਹੁੰਦਾ ਹੈ - ਚਿੱਟੀ ਧਾਰੀ ਵਾਲਾ। ਜਦੋਂ ਉਥੇ ਗਿਆ ਤਾਂ ਗਿਆਨੇਸ਼ਵਰ ਜੀ ਉਹਦੇ ਉਤੇ ਪੈਰ ਰੱਖੀਂ ਖੜ੍ਹੇ ਨੇ - ਸਹਿਜ ਸੁਭਾਅ। ਇਹਨੇ ਤਰਕ ਕਰੀ ਕਿ ਇਹਨੇ ਕੀ ਦੱਸਣਾ ਹੈ, ਇਹ ਤਾਂ ਸਾਲਿਗਰਾਮ ਤੇ ਪੈਰ ਰੱਖੀ ਖੜ੍ਹਾ ਹੈ। ਮੁੜ ਗਿਆ ਉਦਾਸ ਹੋ ਕੇ। ਜਾ ਕੇ ਫੇਰ ਪ੍ਰਮੇਸ਼ਰ ਨੂੰ ਯਾਦ ਕੀਤਾ। ਫੇਰ ਉਹ ਆ ਗਏ, ਕਹਿੰਦੇ -

"ਨਾਮਦੇਵ! ਤੂੰ ਐਨਾ ਉਦਾਸ ਕਿਉਂ ਹੈਂ?"

"ਮਹਾਰਾਜ! ਮੈਨੂੰ ਤੁਸੀਂ ਨਾਸਤਿਕ ਦੇ ਕੋਲ ਭੇਜ ਦਿਤਾ।"

"ਨਹੀਂ ਨਾਮਦੇਵ! ਉਹ ਮੇਰਾ ਪਰਮ ਭਗਤ ਹੈ। ਜਾਹ, ਮੈਂ ਉਹਨੂੰ ਕਹਿ ਦੇਵਾਂਗਾ; ਤੂੰ ਫੇਰ ਜਾਹ।" ਫੇਰ ਉਥੇ ਚਲਿਆ ਗਿਆ। ਉਹ ਕਹਿੰਦੇ -

"ਆ ਜਾ, ਆ ਜਾ, ਤੇਰੀ ਸਿਫਾਰਸ਼ ਆ ਗਈ। ਕੱਲ੍ਹ ਕਿਉਂ ਮੁੜ ਗਿਆ ਸੀ?"

"ਮਹਾਰਾਜ! ਤੁਸੀਂ ਸਾਲਿਗਰਾਮ ਤੇ ਪੈਰ ਧਰੀ ਖੜ੍ਹੇ ਸੀ।"

"ਤੇਰੇ ਰੱਬ ਨੇ ਕਦੇ ਤੈਨੂੰ ਦੱਸਿਆ ਹੈ ਕਿ ਉਹ ਕਿੱਥੇ ਰਹਿੰਦਾ ਹੈ?"

"ਉਹ ਤਾਂ ਇਉਂ ਕਹਿੰਦੇ ਨੇ ਕਿ ਜੇ ਮੈਂ ਦੱਸ ਦਿੱਤਾ ਤਾਂ ਨਾ ਮੈਂ ਰਹਿਣਾ ਹੈ, ਨਾ ਤੂੰ ਰਹਿਣਾ ਹੈ, ਨਾ ਸੰਸਾਰ ਨੇ ਰਹਿਣਾ ਹੈ।"

"ਸਤਿਸੰਗਤ ਵਿਚ ਕਦੇ ਸੁਣਿਆ ਹੈਂ?"

''ਸਤਿਸੰਗਤ ਵਿਚ ਤਾਂ ਮੈਂ ਇਹ ਸੁਣਿਆ ਹੈ ਕਿ ਰੱਬ ਸਾਰੇ ਹੀ ਰਹਿੰਦਾ ਹੈ, ਹਰ ਥਾਂ ਤੇ ਰਹਿੰਦਾ ਹੈ।''

''ਫੇਰ ਮੇਰੇ ਪੈਰ ਵਿਚ ਵੀ ਰਹਿੰਦਾ ਹੈ?''

''ਹਾਂ।''

''ਇਹ ਪੱਥਰ ਵਿਚ ਭੀ ਰਹਿੰਦਾ ਹੈ, ਜਿਹਨੂੰ ਤੂੰ ਰੱਬ ਕਹਿੰਦਾ ਹੈਂ?''

''ਹਾਂ ਜੀ''

''ਮੇਰੇ ਸਰੀਰ ਵਿਚ ਭੀ ਰਹਿੰਦਾ ਹੈ?''

''ਹਾਂ।''

''ਫੇਰ ਕੀਹਨੇ ਕੀਹਦੇ ਉਪਰ ਪੈਰ ਧਰਿਆ ਹੋਇਆ ਸੀ?''

ਐਨਾ ਹੀ ਭੇਦ ਸੀ - ਮਾੜਾ ਜਿਹਾ। ਦੀਵਾ ਤਿਆਰ ਸੀ, ਬੱਤੀ ਵੀ ਤਿਆਰ ਸੀ, ਤੇਲ ਵੀ ਸੀ; ਕੇਵਲ ਜੋਤ ਨਾਲ ਜੋਤ ਲਗਣੀ ਸੀ। ਉਸੇ ਵੇਲੇ ਤੜੱਕ ਕਰਕੇ ਜੋਤ ਜਗ ਪਈ, ਭਰਮ ਦਾ ਨਾਸ਼ ਹੋ ਗਿਆ, ਸਾਰੇ ਹੀ ਪ੍ਰਮੇਸ਼ਰ ਦਿਸਣ ਲਗ ਗਿਆ। ਉਸੇ ਵੇਲੇ ਆਪ ਨੇ ਬੋਲਿਆ -

***ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥***
***ਰਾਮ ਬਿਨਾ ਕੋ ਬੋਲੈ ਰੇ॥*** ***ਅੰਗ - 988***

ਸੋ ਇਹ ਜੋ ਮਨਮੁਖ ਹੈ, ਇਹ ਹਨ੍ਹੇਰੇ ਵਿਚ ਰਹਿਣਾ ਚਾਹੁੰਦਾ ਹੈ -

***ਮਨਮੁਖ ਕੋਠੀ ਅਗਿਆਨੁ ਅੰਧੇਰਾ ਤਿਨ ਘਰਿ ਰਤਨੁ ਨ ਲਾਖਾ॥***
***ਅੰਗ - 696***

ਅੰਦਰ ਰਹਿੰਦਾ ਹੋਇਆ ਪ੍ਰਮੇਸ਼ਰ ਵੀ ਇਹਨੂੰ ਪਛਾਣ ਵਿਚ ਨਹੀਂ ਆਇਆ।

ਸੋ ਉਸ ਵੇਲੇ ਮਹਾਰਾਜ ਨੂੰ ਕਹਿਣ ਲੱਗਿਆ ਬੁੱਧੂ ਸ਼ਾਹ, ''ਪਾਤਸ਼ਾਹ! ਫੇਰ ਅਸੀਂ ਰੂਹ ਨਹੀਂ ਹਾਂ?'' ਕਹਿੰਦੇ, ''ਜਿਹੜਾ ਤੂੰ ਰੂਹ ਸਮਝੀ ਬੈਠਾ ਹੈਂ, ਉਹ ਨਹੀਂ ਹਾਂ ਅਸੀਂ। ਅਸੀਂ ਸੱਚੀ ਰੂਹ

ਹਾਂ। ਸੱਚੀ ਰੂਹ ਦਾ ਸੱਚ ਨਾਲ ਮੇਲ ਹੁੰਦਾ ਹੈ, ਕੂੜੀ ਰੂਹ ਦਾ ਨਹੀਂ ਹੁੰਦਾ। ਇਸੇ ਵਾਸਤੇ ਅਸੀਂ ਕਿਹਾ ਸੀ ਕਿ ਰਾਤ ਦਾ ਤੇ ਦਿਨ ਦਾ ਜਿਵੇਂ ਮੇਲ ਹੁੰਦਾ ਹੈ, ਉਵੇਂ ਜਿਵੇਂ ਰੱਬ ਦਾ ਤੇ ਜੀਵ ਦਾ ਮੇਲ ਹੁੰਦਾ ਹੈ। ਜਦ ਰੱਬ ਆਉਂਦਾ ਹੈ, ਜੀਵ ਖਤਮ ਹੋ ਜਾਂਦਾ ਹੈ; ਰੱਬ ਹੀ ਰਹਿ ਜਾਂਦਾ ਹੈ। ਜਦ ਸੂਰਜ ਚੜ੍ਹਦਾ ਹੈ, ਰਾਤ ਖਤਮ ਹੋ ਜਾਂਦੀ ਹੈ।''

ਸੋ ਮਹਾਰਾਜ ਕਹਿਣ ਲੱਗੇ, ''ਬੁੱਧੂ ਸ਼ਾਹ! ਇਹ ਪ੍ਰਮੇਸ਼ਰ ਨੇ ਹਉਮੈ ਪਾਈ ਹੋਈ ਹੈ - ਜੀਵ ਨੂੰ ਭੁਲਾਉਣ ਵਾਸਤੇ। ਹਉਮੈ ਕਰਕੇ ਜੀਵ ਰੱਬ ਨਾਲੋਂ ਹਰ ਵਕਤ ਵਿਛੜਿਆ ਰਹਿੰਦਾ ਹੈ। ਹੰਗਤਾ ਧਾਰਨ ਕਰਕੇ ਬਾਰ-ਬਾਰ ਜੰਮਦਾ ਮਰਦਾ ਹੈ, ਜੰਮਦਾ ਮਰਦਾ ਹੈ। ਜੋ ਨਿਰਗੁਣ ਬ੍ਰਹਮ ਹੈ, ਜਦੋਂ ਉਹ ਖੇਲੁ ਸੰਕੋਚਦਾ ਹੈ - ਉਹ ਪਹਿਲਾਂ ਵੀ ਇਕ ਸੀ, ਜਦ ਹੁਣ ਸੰਸਾਰ ਰਚ ਲਿਆ, ਹੁਣ ਵੀ ਉਹ ਆਪੇ ਹੀ ਹੈ ਤੇ ਜਦੋਂ ਕੁਛ ਵੀ ਨਹੀਂ ਰਹੇਗਾ, ਉਸ ਵੇਲੇ ਵੀ ਉਹਨੇ ਆਪੇ ਹੀ ਰਹਿਣਾ ਹੈ -

***ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ॥***

***ਅੰਗ - 705***

ਸੋ ਇਹਨੂੰ ਪਛਾਨਣ ਦਾ ਯਤਨ ਕਰ। ਇਹਦੀ ਪਛਾਣ ਹਉਮੈ ਨੇ ਢਕੀ ਹੋਈ ਹੈ। ਜਦ ਤਕ ਹਉਮੈ ਨਾਸ਼ ਨਹੀਂ ਹੁੰਦੀ, ਓਨੀਂ ਦੇਰ ਤੱਕ ਪ੍ਰਕਾਸ਼ ਨਹੀਂ ਹੁੰਦਾ।'' ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਨਾਲ ਹਉਮੈ ਪਾਈ ਜੀ, ਨਾਲ ਹਉਮੈ ਪਾਈ ਜੀ -2***

***ਜਿਨ ਰਚਿ ਰਚਿਆ ਪੁਰਖਿ ਬਿਧਾਤੈ.......॥ ਅੰਗ - 99***

''ਜਿਹਨੇ ਸੰਸਾਰ ਬਣਾਇਆ ਹੈ, ਸਾਨੂੰ ਬਣਾਇਆ ਹੈ, ਇਹਦੇ ਵਿਚ ਨਾਲ ਹੀ ਹਉਮੈ ਪਾ ਦਿਤੀ। ਉਸੇ ਵੇਲੇ ਭੁਲੇਖਾ ਪਾ ਦਿਤਾ ਕਿ ਮੈਂ ਹੋਰ ਹਾਂ, ਰੱਬ ਹੋਰ ਹੈ।

***ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ॥***

***ਅੰਗ - 999***

ਇਹ ਹਉਮੈ ਹੀ ਜੰਮਦੀ ਹੈ, ਹਉਮੈ ਹੀ ਮਰਦੀ ਹੈ -

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥ ਅੰਗ - 468***

***ਬਰਨੁ ਚਿਹਨੁ ਨਾਹੀ ਕਿਛੁ ਰਚਨਾ ਮਿਥਿਆ ਸਗਲ ਪਸਾਰਾ॥***
***ਅੰਗ - 999***

ਜਦੋਂ ਖੇਲ੍ਹ ਸੰਕੋਚਦਾ ਹੈ, ਉਸ ਤੋਂ ਪਹਿਲਾਂ ਵੀ ਉਹ ਆਪ ਸੀ; ਜਦ ਖੇਲ੍ਹ ਖੇਲ੍ਹਦਾ ਹੈ, ਫੇਰ ਵੀ ਆਪ ਹੀ ਹੈ; ਜਦੋਂ ਖੇਲ੍ਹ ਸੰਕੋਚ ਲਏਗਾ, ਉਸ ਵੇਲੇ ਵੀ ਆਪ ਹੀ ਹੋਵੇਗਾ -

***ਬਾਜੀਗਰਿ ਜੈਸੇ ਬਾਜੀ ਪਾਈ॥***
***ਨਾਨਾ ਰੂਪ ਭੇਖ ਦਿਖਲਾਈ॥***
***ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ॥***
***ਤਬ ਏਕੋ ਏਕੰਕਾਰਾ॥ ਅੰਗ - 736***

ਜਦੋਂ ਪਸਾਰਾ ਥੰਮ੍ਹਿਆ - ''ਤਬ ਏਕੋ ਏਕੰਕਾਰਾ॥''

***ਕਵਨ ਰੂਪ ਦ੍ਰਿਸਟਿਓ ਬਿਨਸਾਇਓ॥***
***ਕਤਹਿ ਗਇਓ ਉਹੁ ਕਤ ਤੇ ਆਇਓ॥ ਅੰਗ - 736***

ਕਹਿੰਦੇ, ਇਹ ਜਿਹੜਾ ਦਿਸਦਾ ਸੀ ਸੰਸਾਰ, ਕਿਥੇ ਚਲਿਆ ਗਿਆ? ਕਿਥੋਂ ਆਇਆ ਸੀ, ਕਿੱਥੇ ਚਲਿਆ ਗਿਆ?'' ਨਾਲ ਹੀ ਜਵਾਬ ਦਿੰਦੇ ਨੇ -

***ਜਲ ਤੇ ਊਠਹਿ ਅਨਿਕ ਤਰੰਗਾ॥***
***ਕਨਿਕ ਭੂਖਨ ਕੀਨੇ ਬਹੁ ਰੰਗਾ॥ ਅੰਗ - 736***

ਸੋਨੇ ਦੇ ਬੇਅੰਤ ਗਹਿਣੇ ਬਣਾ ਦਿਤੇ। ਇਹ ਚੀਜ਼ ਕੀ ਹੈ? ਸੋਨਾ ਹੈ ਇਹ ਸਾਰਾ। ਲਹਿਰਾਂ ਉਠਦੀਆਂ ਨੇ ਪਾਣੀ ਦੇ ਅੰਦਰੋਂ, ਤਰੰਗਾਂ ਉਠਦੀਆਂ ਨੇ; ਕੀ ਹੈ ਇਹ? ਕਹਿੰਦੇ, ਪਾਣੀ ਹੈ -

***ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥***
***ਫਲ ਪਾਕੇ ਤੇ ਏਕੰਕਾਰਾ॥ ਅੰਗ - 736***

ਜਦ ਫਲ ਪੱਕ ਜਾਂਦਾ ਹੈ, ਉਸ ਵੇਲੇ 'ਏਕੰਕਾਰ' ਹੀ ਰਹਿ ਜਾਂਦਾ ਹੈ। ''ਬੁੱਧੂ ਸ਼ਾਹ! ਜਿਹੜਾ ਤੂੰ ਇਹ ਕਹਿੰਦਾ ਹੈਂ ਕਿ ਜੀਵ

ਨੂੰ ਰੱਬ ਦਾ ਮੇਲ ਹੁੰਦਾ ਹੈ; ਜਿਹੜਾ ਸੱਚੀ ਮੈਂ ਹੈ, ਉਹਨੂੰ ਸੱਚੀ ਮੈਂ ਮਿਲਦੀ ਹੈ, ਸੱਚਾ ਮਿਲਦਾ ਹੈ; ਨਹੀਂ ਤਾਂ ਸੱਚ ਨਹੀਂ ਮਿਲਦਾ।" ਸੋ ਇਸ ਤਰ੍ਹਾਂ ਨਾਲ ਮਹਾਰਾਜ ਸਮਝਾਉਂਦੇ ਨੇ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਸ ਤੋਂ ਅੱਗੇ ਫਿਰ ਵਿਚਾਰ ਕਰਾਂਗੇ।

**ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ**

# 2

ਸ਼ਾਨ........................................................।

ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਅੰਗ- 256*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ- 289*
*ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥*
*ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥*
*ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥ 2*
*ਅੰਗ - 624*

ਧਾਰਨਾ - ਲੋਕੀ ਕਹਿੰਦੇ ਨੇ ਦਰਵੇਸ਼, ਭੇਖ ਦੇਖ ਕੇ, ਔਗੁਣਾਂ ਦਾ ਮੈਂ ਭਰਿਆ - 2, 2.

*ਹਉਂ ਅਪਰਾਧੀ ਗੁਨਹਗਾਰ ਹਉਂ ਬੇਮੁਖ ਮੰਦਾ।*
*ਚੋਰ ਯਾਰ ਜੂਆਰ ਹਉਂ ਪਰ ਘਰ ਜੋਹੰਦਾ।*
*ਨਿੰਦਕ ਦੁਸ਼ਟ ਹਰਾਮਖੋਰ ਠਗ ਦੇਸ ਠਗੰਦਾ।*
*ਕਾਮ ਕ੍ਰੋਧ ਮਦ ਲੋਭ ਮੋਹ ਅਹੰਕਾਰ ਕਰੰਦਾ।*
*ਬਿਸਾਸਘਾਤੀ ਅਕ੍ਰਿਤਘਨ ਮੈਂ ਕੋ ਨ ਰਖੰਦਾ।*
*ਭਾਈ ਗੁਰਦਾਸ ਜੀ, ਵਾਰ 36/21*

*ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥*
*ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥ ਅੰਗ- 1381*

ਸਾਧਸੰਗਤ ਜੀ, ਗੱਜ ਕੇ ਬੋਲਣਾ - ਸਤਿਨਾਮੁ ਸ੍ਰੀ ਵਾਹਿਗੁਰੂ। ਚਿੱਤ ਬਿਰਤੀਆਂ ਨੂੰ ਇਕਾਗਰ ਕਰੋ, ਜਿਸ ਥਾਂ ਤੇ

ਜਗ੍ਹਾ ਮਿਲਦੀ ਹੈ, ਆਰਾਮ ਨਾਲ ਬੈਠਣ ਦੀ ਕੋਸ਼ਿਸ਼ ਕਰੋ ਤੇ ਸ਼ਬਦ ਵਿਚ ਬੋਲੋ। ਆਪ ਦੂਰ-ਦਰਾਜ਼ ਤੋਂ ਆਏ ਹੋਂ, ਬਹੁਤ ਦੂਰ ਤੋਂ - ਟਰਾਲੀਆਂ ਤੇ, ਟਰੱਕਾਂ ਤੇ, ਬੱਸਾਂ ਤੇ। ਸੋ ਆਪਾਂ ਜੋ ਲਾਭ ਲੈਣਾ ਹੈ.......। ਪੂਰਨਮਾਸ਼ੀ ਹੈ, ਤੇ ਐਸਾ ਸੁਣਿਆ ਗਿਆ ਹੈ ਕਿ ਇਹ ਜੋ ਪੂਰਨਮਾਸ਼ੀ ਹੈ, ਇਹ 70 ਸਾਲ ਬਾਅਦ ਆਇਆ ਕਰਦੀ ਹੈ। ਅੱਠ ਦਸ ਸਾਲ, ਪੰਦਰਾਂ ਸਾਲ ਦੇ ਜਿਹੜੇ ਨੇ, ਉਨ੍ਹਾਂ ਦੀ ਜ਼ਿੰਦਗੀ ਵਿਚ ਇਕ ਵਾਰੀ......ਸਾਡੀ ਜ਼ਿੰਦਗੀ ਵਿਚ ਇਕੋ ਵਾਰੀ ਆਈ ਹੈ। ਇਹਦਾ ਕੀ ਮਹਾਤਮ ਹੈ? ਇਹਨੂੰ ਗਿਣਨ ਵਾਲੇ ਜਾਣਦੇ ਨੇ। ਜਿਸ ਮਹਾਤਮ ਦਾ ਸਾਨੂੰ ਪਤਾ ਹੈ, ਉਹ ਇਹ ਹੈ ਕਿ ਜੇ ਸ਼ਰਧਾ-ਭਾਵਨਾ ਦੇ ਨਾਲ ਗੁਰੂ ਦੇ ਦਰ ਤੇ ਚੱਲ ਕੇ ਆਉ ਤਾਂ ਹਰ ਕਦਮ ਦਾ - ਜਿੰਨੇ ਵੀ ਕੋਈ ਚੱਲ ਕੇ ਆਉਂਦਾ ਹੈ, ਇਕ-ਇਕ ਯੱਗ ਦਾ ਫਲ ਪ੍ਰਾਪਤ ਹੁੰਦਾ ਹੈ। ਏਥੇ ਆ ਕੇ ਜਦ ਨਿੰਮ੍ਰਤਾ ਦੇ ਨਾਲ ਸੀਸ ਨਿਵਾਓਂਗੇ, ਮਾੜੇ ਲੇਖ ਜਿਹੜੇ ਨੇ ਉਹ ਸਿੱਧੇ ਬਣ ਜਾਣਗੇ, ਮਾੜੇ ਗਲ ਜਾਣਗੇ, ਸਿੱਧੇ ਬਣੇ ਹੋਏ ਉਠ ਖੜ੍ਹਨਗੇ। ਜਦੋਂ ਚਿੱਤ-ਬਿਰਤੀ ਇਕਾਗਰ ਕਰਕੇ ਨੇਤਰਾਂ ਦੇ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋਂਗੇ, ਕੰਨਾਂ ਦੇ ਨਾਲ ਬਾਣੀ ਸ੍ਰਵਣ ਕਰੋਂਗੇ, ਬੁੱਧੀ ਦੇ ਨਾਲ ਵਿਚਾਰ ਕਰੋਂਗੇ, ਹਿਰਦੇ ਵਿਚ ਧਾਰਨ ਕਰੋਂਗੇ, ਰਸਨਾ ਦੇ ਨਾਲ ਗੱਜ ਵੱਜ ਕੇ ਬੋਲੋਂਗੇ, ਫੇਰ ਫਲ ਕਿੰਨਾਂ ਹੈ? ਹੈਰਾਨ ਹੋ ਜਾਈਦੈ ਕਿ ਐਡੀ ਰਿਆਇਤ ਕਲਿਯੁਗ ਦੇ ਅੰਦਰ ਗੁਰੂ ਮਹਾਰਾਜ ਨੇ ਦਿਵਾ ਦਿਤੀ - ਨਿਰੰਕਾਰ ਤੋਂ। ਪਹਿਲੇ ਯੁੱਗਾਂ ਵਿਚ ਨਹੀਂ ਸੀ ਇਹ ਗੱਲਾਂ, ਕਿਉਂਕਿ ਇਹ ਪਾਪ ਦਾ ਭਰਿਆ ਹੋਇਆ ਯੁੱਗ ਹੈ -

***ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ॥ ਅੰਗ - 470***

ਇਹ ਜਿਹੜੀ ਜਨਤਾ ਹੈ, ਇਹਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਕਾਲ ਦੇ ਚੱਕਰ ਤੋਂ ਬਚਾਉਣੈ-ਮਹਾਰਾਜ ਨੇ। ਜੇ ਕੋਈ ਹਰੀ ਜਸ ਵਿਚ ਰਸਨਾ ਦੇ ਨਾਲ ਬੋਲੇਗਾ, ਸ਼ਰਧਾ ਪ੍ਰੇਮ ਦੇ ਨਾਲ ਸੁਣੇਗਾ, ਮਹਾਰਾਜ ਕਹਿੰਦੇ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥ ਅੰਗ- 546***

ਕਈ ਕ੍ਰੋੜ ਯੱਗਾਂ ਦਾ ਫਲ ਮਿਲੇਗਾ ਜਿਹੜੇ ਪਹਿਲਾਂ ਸੁਣਨਗੇ, ਫੇਰ ਗਾਉਣਗੇ। ਸੋ ਸਤਿਸੰਗਤ ਦੇ ਵਿਚ ਆ ਕੇ -

***ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥***

***ਅੰਗ- 72***

ਜਿਥੇ ਪ੍ਰਮੇਸ਼ਰ ਦੇ ਨਾਮ ਦੀ ਮਹਿਮਾ, ਨਾਮ ਜਪਣ ਵਾਲਿਆਂ ਦੀ ਮਹਿਮਾ ਹੋਵੇ, ਉਹ ਸਤਿਸੰਗਤ ਹੋਇਆ ਕਰਦੀ ਹੈ ਤੇ ਉਹਦਾ ਫਲ ਇਹ ਪ੍ਰਾਪਤ ਹੋਇਆ ਕਰਦਾ ਹੈ ਜੋ ਮੈਂ ਬੇਨਤੀ ਕੀਤੀ ਹੈ। ਸੋ ਕਲਿਜੁਗ ਦਾ ਹੱਲਾ-ਗੁੱਲਾ ਮਚਦਾ ਰਹਿੰਦੈ ਪਰ ਮਹਾਰਾਜ ਦੀ ਮਿਹਰ ਹੈ ਕਿ ਕਲਿਜੁਗ ਨੂੰ ਉਨ੍ਹਾਂ ਨੇ ਸਤਿਸੰਗ ਤੋਂ ਬਾਹਰ ਰੱਖਿਆ ਹੋਇਐ। ਸੋ ਆਪ ਸਾਰੇ ਸਾਵਧਾਨ ਹੋ ਕੇ ਵਿਚਾਰ ਸ੍ਰਵਣ ਕਰਨਾ ਤੇ ਮੱਥਾ ਟੇਕਣ ਵਾਲੇ, ਨਮਸਕਾਰ ਕਰਨ ਵਾਲੇ ਆਰਾਮ ਨਾਲ ਕਰਨ। ਫਿਲਮ ਬਣ ਰਹੀ ਐ, ਜਿੱਥੇ ਕਿੱਥੇ ਵੀ ਕੋਈ ਬੈਠਾ ਹੈ, ਉਹ ਉਥੇ ਹੀ ਜੇ ਏਧਰ-ਓਧਰ ਝਾਕੇਗਾ ਤਾਂ ਫਿਲਮ ਵਿਚ ਜਦ ਆਪਣੇ ਆਪ ਨੂੰ ਫੇਰ ਦੇਖੇਗਾ ਤਾਂ ਇਸ ਗੱਲ ਦੇ ਵਾਸਤੇ ਉਸ ਨੂੰ ਪਛਤਾਵਾ ਕਰਨਾ ਪਏਗਾ ਕਿ ਜਦ ਮੈਂ ਓਧਰ ਝਾਕਦਾ ਸੀ, ਉਸ ਵੇਲੇ ਮੇਰੀ ਫੋਟੋ ਖਿੱਚੀ ਗਈ, ਕਿਉਂਕਿ ਇਹ ਪੱਕਾ ਰਿਕਾਰਡ ਬਣ ਜਾਣੈ।

ਸੋ ਆਪਾਂ ਸਾਰੇ ਸਤਿਸੰਗ ਵਿਚ ਆਏ ਹਾਂ। ਏਥੇ ਆ ਕੇ ਇਕ ਵਿਚਾਰ ਹੁੰਦੀ ਹੈ ਕਿ ਵਾਹਿਗੁਰੂ ਨੂੰ ਅਸੀਂ ਕਿਵੇਂ ਮਿਲ ਸਕਦੇ ਹਾਂ, ਸਾਡੇ ਆਉਣ ਦਾ ਕੀ ਮਨੋਰਥ ਹੈ, ਕਿੰਨੀ ਦੇਰ ਤੋਂ ਅਸੀਂ ਚੱਲੇ ਹੋਏ ਹਾਂ? ਮਹਾਰਾਜ ਕਹਿੰਦੇ, ਬਹੁਤ ਯੁੱਗ ਹੋ ਗਏ ਤੈਨੂੰ, ਥੋੜ੍ਹਾ ਟਾਇਮ ਨਹੀਂ ਹੋਇਆ। ਚਾਰ ਯੁੱਗ ਹੁੰਦੇ ਤਾਂ ਮਹਾਰਾਜ ਲਿਖ ਦਿੰਦੇ ਕਿ ਚਾਰ ਯੁੱਗ ਹੋ ਗਏ; ਸੌ ਯੁੱਗ ਹੁੰਦੇ ਤਾਂ ਵੀ ਸੌ ਯੁੱਗ ਲਿਖ ਦਿੰਦੇ। ਚਾਰ ਯੁੱਗਾਂ ਦਾ ਸਮਾਂ 43,20,000 ਸਾਲ ਹੁੰਦੈ। ਫੇਰ ਸਾਡੇ ਮਨ ਵਿਚ ਖਿਆਲ ਆਉਂਦੈ ਕਿ ਕਿੰਨਾ ਕੁ ਸਮਾਂ ਹੋਏਗਾ? ਕਿਉਂਕਿ ਇਹ ਅਨੁਮਾਨ ਤਾਂ ਕੋਈ ਹੈ ਨਹੀਂ ਪੱਕਾ, ਪਰ ਅੰਦਾਜ਼ਾ ਹੈ ਕਿ 50-60 ਕ੍ਰੋੜ ਸਾਲ ਹੋ ਗਏ, ਉਹਤੋਂ ਬਾਅਦ ਸਾਨੂੰ ਇਹ ਮਨੁੱਖਾ ਦੇਹ ਪ੍ਰਾਪਤ ਹੋਈ ਹੈ, ਤੇ ਹੋਈ ਇਸ ਕਰਕੇ

ਹੈ ਕਿ ਅਸੀਂ ਵਾਹਿਗੁਰੂ ਦੇ ਨਾਲ ਮਿਲਾਪ ਕਰ ਲਈਏ। ਇਹ ਸਵਾਲ ਪੈਦਾ ਹੁੰਦੈ ਕਿ ਫੇਰ ਖੇਤੀਬਾੜੀ, ਕਾਰੋਬਾਰ ਛੱਡ ਦੇਈਏ, ਨੌਕਰੀਆਂ-ਚਾਕਰੀਆਂ ਛੱਡ ਦੇਈਏ? ਦੇਖੋ ਸਾਧਸੰਗਤਿ ਜੀ, ਦੋ ਬਾਤਾਂ ਨੇ। ਜੇ ਤਾਂ ਕੋਈ ਬਚਨ ਸੁਣਦੇ ਸਾਰ ਉਸੇ ਵੇਲੇ ਪਰਮੇਸ਼ਰ ਨੂੰ ਮਿਲਣ ਵਾਸਤੇ ਪੱਕਾ ਇਰਾਦਾ ਕਰ ਲਵੇ, ਉਹਦੇ ਕੰਮ ਸਾਰੇ ਵਾਹਿਗੁਰੂ ਆਪ ਕਰਦੈ। ਕੋਈ ਕੰਮ ਨਹੀਂ ਹੈ ਐਸਾ, ਜਿਹੜਾ ਪਰਮੇਸ਼ਰ ਨਹੀਂ ਕਰੇਗਾ। ਪਰ ਸਾਡੀ ਪ੍ਰਾਲਬਧ ਜਿਹੜੀ ਹੈ, ਜਿਹਨੇ ਸਾਨੂੰ ਲਈ ਫਿਰਨੈ-ਕਦੇ ਵੱਡੇ-ਵੱਡੇ ਅਫਸਰ ਬਣਾਉਣੈ, ਕਦੇ ਵੱਡੇ-ਵੱਡੇ ਵਪਾਰੀ ਬਣਾਉਣੈ, ਕਦੇ ਗਰੀਬ ਬਣਾਉਣੈ, ਕਦੇ ਅਮੀਰ ਬਣਾਉਣੈ, ਕਦੇ ਦੇਸ ਵਿਚ ਕਮਾਉਣੈ, ਕਦੇ ਪ੍ਰਦੇਸਾਂ ਵਿਚ ਜਾਣੈ; ਉਹ ਪ੍ਰਾਲਬਧ ਕਰਾਇਆ ਕਰਦੀ ਹੈ। ਦਾਣਾ-ਦਾਣਾ ਜਿਹਨੂੰ ਚੁਗਣਾ ਕਹਿੰਦੇ ਨੇ, ਉਹ ਸਾਡੇ ਨੱਕ ਦੇ ਵਿਚ ਨਕੇਲ ਪਾਈ ਹੋਈ ਹੈ - ਵਾਹਿਗੁਰੂ ਦੇ ਹੁਕਮ ਨੇ। ਉਸ ਹੁਕਮ ਦੇ ਮੁਤਾਬਿਕ ਅਸੀਂ ਉਥੇ ਹੀ ਜਾਂਦੇ ਹਾਂ, ਉਹੀ ਕੰਮ ਕਰਦੇ ਹਾਂ -

***ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥***
***ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥ ਅੰਗ - 653***

ਮਹਾਰਾਜ ਕਹਿੰਦੇ, ਤੇਰਾ ਲਿਆ ਨਹੀਂ ਮਿਲਣਾ -

***ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ ॥ਅੰਗ - 157***

ਜੇ ਤੇਰੇ ਖਿਆਲ ਮੁਤਾਬਿਕ ਮਿਲਣਾ ਸ਼ੁਰੂ ਹੋ ਜਾਵੇ ਤਾਂ ਫੇਰ ਗਰੀਬੀ ਖਤਮ ਹੋ ਜਾਵੇ; ਆਪਣਾ ਕਰਿਆ ਨਹੀਂ ਮਿਲਦਾ। ਸਾਡੇ ਅਖਤਿਆਰ ਤਾਂ ਇਹ ਹੈ ਕਿ ਇਮਾਨਦਾਰੀ ਨਾਲ ਕੰਮ ਕਰੋ। ਆਪਣੀ ਪ੍ਰਾਲਬਧ ਨੂੰ ਘਟਾਓ ਨ, ਵਧਾਓ। ਏਥੇ ਫੇਰ ਭਰਮ ਹੋ ਜਾਂਦੈ ਕਿ ਇਹ ਘਟ ਵੀ ਜਾਂਦੀ ਐ, ਵਧ ਵੀ ਜਾਂਦੀ ਐ? ਹਾਂ ਭਾਈ, ਮਾੜੇ ਕਰਮਾਂ ਨਾਲ ਇਹ ਘਟ ਜਾਂਦੀ ਹੈ। ਜਿਵੇਂ ਬੈਂਕ ਵਿਚ ਪੈਸਾ ਪਿਐ, ਉਹਨੂੰ ਬਹੁਤ ਗਲਤ ਕੰਮਾਂ ਤੇ ਖਰਚ ਕੀਤਾ ਜਾਵੇ ਤਾਂ ਉਹ ਘਟ ਜਾਏਗਾ। ਜੇ ਜਮ੍ਹਾਂ ਹੁੰਦਾ ਜਾਂਦੈ, ਉਹਦਾ ਤਾਂ ਵਿਆਜ-ਦਰ-ਵਿਆਜ ਪੈ ਕੇ ਬਹੁਤ ਵਧ ਜਾਂਦੈ। ਬਿਜ਼ਨਸ ਵਿਚ ਲਾਇਆ ਹੋਇਆ ਪੈਸਾ ਵਧ ਜਾਂਦੈ, ਸ਼ਰਾਬਾਂ ਕਬਾਬਾਂ ਵਿਚ ਘਟ

ਜਾਂਦੈ।

ਸੋ ਇਸ ਤਰ੍ਹਾਂ ਅਸੀਂ ਪ੍ਰਾਲਬਧ ਘਟਾ ਵੀ ਸਕਦੇ ਹਾਂ, ਵਧਾ ਵੀ ਸਕਦੇ ਹਾ; ਨੇਕ ਕੰਮ ਕਰਕੇ ਵਧ ਜਾਂਦੀ ਹੈ। ਬੱਚਾ ਪੜ੍ਹ ਰਿਹੈ, ਪੂਰ ਤਨਦੇਹੀ ਨਾਲ ਪੜ੍ਹੇ, ਬਹੁਤੇ ਨੰਬਰ ਲਏ, ਉਹਦੀ ਪ੍ਰਾਲਬਧ ਵਿਚ ਵਾਧਾ ਹੋਣਾ ਸ਼ੁਰੂ ਹੋ ਜਾਇਆ ਕਰਦਾ ਹੈ। ਸੋ ਇਹ ਚੀਜ਼ਾਂ ਸਾਡੇ ਨਾਲ ਪ੍ਰਮੇਸ਼ਰ ਨੇ ਹੁਕਮ ਵਿਚ ਪੈਦਾ ਕਰੀਆਂ ਨੇ। ਇਹ ਪ੍ਰਮੇਸ਼ਰ ਦਾ ਹੁਕਮ ਸਾਡੇ ਨਾਲ ਚਲਦੈ, ਹਰ ਥਾਂ ਚਲਦੈ। ਕੋਈ ਥਾਂ ਸੰਸਾਰ ਵਿਚ ਐਸਾ ਨਹੀਂ ਜਿੱਥੇ ਵਾਹਿਗੁਰੂ ਦਾ ਹੁਕਮ ਨਾ ਚਲਦਾ ਹੋਵੇ। ਸੋ ਇਹ ਚੀਜ਼ਾਂ ਤਾਂ ਸਾਨੂੰ ਮਿਲ ਹੀ ਜਾਣੀਆਂ ਨੇ। ਇਹਨਾਂ ਤੇ ਅਸੀਂ time waste (ਸਮਾਂ ਨਸ਼ਟ) ਕਰਦੇ ਹਾਂ। ਜਿਹੜਾ ਅਸਲੀ ਕੰਮ ਹੈ - ਵਾਹਿਗੁਰੂ ਦੀ ਭਗਤੀ, ਉਹਨੂੰ ਅਸੀਂ ਵਿਸਾਰ ਦਿਤਾ। ਮਹਾਰਾਜ ਕਹਿੰਦੇ, ਤੂੰ ਉਹਨੂੰ ਧਿਆਨ ਵਿਚ ਲਿਆ ਭਾਈ, ਜਿਹੜਾ ਤੇਰਾ ਅਸਲੀ ਕੰਮ ਹੈ।ਜਿਸ ਵਾਸਤੇ ਸੰਸਾਰ ਵਿਚ ਆਇਆ ਹੈ।ਇਹ ਤੈਨੂੰ ਨਰ-ਨਰਾਇਣੀ ਦੇਹ ਇਸੇ ਵਾਸਤੇ ਪ੍ਰਾਪਤ ਹੋਈ ਹੈ ।ਉਹਨੂੰ ਯਾਦ ਰੱਖਿਆ ਕਰ, ਭੁੱਲਿਆ ਨ ਕਰ। ਸਭ ਪੜ੍ਹੋ ਪਿਆਰ ਨਾਲ -

***ਧਾਰਨਾ - ਇਹੋ ਤੇਰੀ ਵਾਰੀ ਐ, ਗੋਬਿੰਦ ਮਿਲਣੇ ਕੀ -2, 2.***

***ਭਈ ਪਰਾਪਤਿ ਮਾਨੁਖ ਦੇਹੁਰੀਆ॥ ਅੰਗ - 12***

ਰੋਜ਼ ਪੜ੍ਹਨ ਵਾਸਤੇ ਆਗਿਆ ਕੀਤੀ ਹੈ - ਮਹਾਰਾਜ ਨੇ, ਕਿ ਰੋਜ਼ ਪੜ੍ਹੋ। ਇਸ ਕਰਕੇ ਰੋਜ਼ ਕਿਹਾ ਹੈ - ਨਿਤਨੇਮ ਦੇ ਅੰਦਰ, ਕਿ ਆਦਮੀ ਪੈਰ-ਪੈਰ ਤੇ ਭੁਲਦਾ ਜਾਂਦੈ। ਜਿਹਦੇ ਵੱਲ ਤਾਂ ਇਹਦਾ ਮਨ ਲੱਗਿਆ ਹੋਇਐ, ਉਹ ਗੱਲ ਤਾਂ ਨਹੀਂ ਭੁੱਲਿਆ ਕਰਦਾ, ਸਾਰੀ ਜ਼ਿੰਦਗੀ ਨਹੀਂ ਭੁੱਲਦਾ। ਜਿਹਦੇ ਵੱਲ ਮਨ ਰੁਖ ਨ ਕਰੇ, ਉਹ ਭੁੱਲਦੈ, ਹਰ ਵਕਤ ਭੁੱਲਦੈ। ਜਦੋਂ ਬੱਚਾ ਪੜ੍ਹਨ ਲਗਦੈ, ਮਾਸਟਰ ਉਹਨੂੰ ਪਹਾੜੇ ਦੱਸਦੈ, ਮੁਹਾਰਨੀ ਦੱਸਦੈ। ਬੱਚੇ ਦੇ ਯਾਦ ਨਹੀਂ ਹੁੰਦੀ, ਫੇਰ ਉਹ ਬਾਰ-ਬਾਰ ਕਹਾਉਂਦੈ ਤਾਂ ਕਿ ਇਹਦੇ ਜ਼ਹਿਨ ਨਸ਼ੀਨ ਹੋ ਜਾਵੇ, ਯਾਦਦਾਸ਼ਤ ਦੇ ਵਿਚ ਵਸ ਜਾਵੇ। ਗੁਰੂ ਮਹਾਰਾਜ

ਵੀ ਇਸੇ ਤਰ੍ਹਾਂ ਕਹਿੰਦੇ ਨੇ ਕਿ ਬੰਦੇ ਬੜੇ ਹੁਸ਼ਿਆਰ ਨੇ, ਪੜ੍ਹੇ-ਲਿਖੇ ਨੇ, ਕਾਰੋਬਾਰ ਕਰਦੇ ਨੇ, ਸਿਆਣੇ ਨੇ। ਕੋਈ ਬੰਦਾ ਵੀ ਦੁਨੀਆਂ ਵਿਚ ਨੀਂ ਐਸਾ, ਅੱਜ ਤਾਂਈਂ ਤਾਂ ਸਾਨੂੰ ਮਿਲਿਆ ਨਹੀਂ, ਜਿਹੜਾ ਇਹ ਕਹੇ ਕਿ ਮੈਂ ਕਮਲਾ ਹਾਂ। ਹਾਂ, ਕਹਿੰਦੇ ਨੇ, ਸੰਤ ਕਹਿੰਦੇ ਨੇ। ਬਾਕੀ ਨਹੀਂ ਕਹਿੰਦਾ ਸੰਸਾਰ। ਸੰਤ ਹੀ ਕਹਿੰਦੇ ਨੇ ਕਿ ਮੈਨੂੰ ਨਹੀਂ ਕੁਛ ਆਉਂਦਾ। ਬਾਕੀ ਸੰਸਾਰ ਸਭ ਕਹਿੰਦੈ ਕਿ ਮੈਂ ਜਾਣਦਾਂ। ਕਬੀਰ ਸਾਹਿਬ ਕਹਿੰਦੇ, ਫੇਰ ਸਾਡਾ ਸੰਤ ਦਾ ਤਾਂ ਉਨ੍ਹਾਂ ਨਾਲ ਹੀ ਸਾਥ ਹੈ ਭਾਈ, ਜਿਹੜੇ ਕਹਿਣ 'ਮੈਂ ਨਹੀਂ ਜਾਣਦਾ।' ਕਬੀਰ ਸਾਹਿਬ ਕਹਿੰਦੇ -

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥***

***ਅੰਗ - 1364***

ਮੈਨੂੰ ਛੱਡ ਕੇ ਬਾਕੀ ਸਭ ਭਲੇ ਹੀ ਭਲੇ ਨੇ, ਸਿਆਣੇ ਹੀ ਸਿਆਣੇ ਨੇ -

***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥ ਅੰਗ - 1364***

ਕਹਿੰਦੇ, ਮਿੱਤਰ ਹੈ ਉਹ ਸਾਡਾ, ਜਿਹੜਾ ਇਹ ਕਹੇ ਕਿ ਮੈਂ ਨਹੀਂ ਕੁਛ ਜਾਣਦਾ, ਮੈਂ ਤਾਂ ਬੁਰਾ ਆਦਮੀ ਹਾਂ।

***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ - 12***

ਕਹਿੰਦੇ, ਜਿਹੜੇ ਹੋਰ ਕੰਮ ਕਰਦਾ ਫਿਰਦੈਂ ਨ ਸੰਸਾਰ ਦੇ, ਇਹ ਕਰ, ਜੀਅ ਭਰ ਕੇ ਕਰ, ਪਰ ਇਹ ਤੇਰੇ ਕਿਸੇ ਕੰਮ ਨਹੀਂ ਹੈਗੇ। ਸੰਸਾਰ-ਵਿਚ, ਸੁਪਨੇ-ਵਿਚ ਦੇ ਵਿਚ ਤਾਂ ਕੰਮ ਆਉਣਗੇ, ਫੇਰ ਨਹੀਂ ਇਹ ਕੰਮ ਆਉਣੇ। ਜਦ ਸੁਪਨਾ ਟੁੱਟ ਗਿਆ, ਫੇਰ ਪਛਤਾਵਾ ਰਹਿ ਜਾਣੈ ਕਿ ਐਵੇਂ ਜਨਮ ਬਰਬਾਦ ਕਰ ਦਿਤਾ। ਕਹਿੰਦੇ, ਇਸ ਗੱਲ ਨੂੰ ਸਮਝ ਲੈ ਚੰਗੀ ਤਰ੍ਹਾਂ ਨਾਲ -

***ਸਰੰਜਾਮਿ ਲਾਗੁ ਭਵਜਲ ਤਰਨ ਕੈ ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥ ਰਹਾਉ।।***

***ਅੰਗ - 12***

ਬਿਰਥਾ ਜਾ ਰਿਹੈ, ਜਨਮ ਖਤਮ ਹੋ ਰਿਹੈ। ਸੋ ਇਕ ਤਾਕੀਦ ਹੈ ਜਿਹੜੀ ਸਾਥੋਂ ਉਮੀਦ ਰੱਖਦੇ ਨੇ ਕਿ ਇਹ ਮਨ ਵਿਚ ਵਸਾ ਲੈਣਗੇ - ਮੇਰੇ ਸਿੱਖ। ਸੁਣਨ ਵਾਲੇ ਇਸ ਗੱਲ ਨੂੰ ਮਨ ਵਿਚ ਵਸਾ ਲੈਣਗੇ ਕਿ ਪਰਮੇਸ਼ਰ ਨੂੰ ਮਿਲਣ ਦੀ ਵਾਰੀ ਹੈ ਤੇ ਨਾਲ ਹੀ ਇਹ ਦੱਸਦੇ ਨੇ ਕਿ ਬਹੁਤ ਯੁੱਗ ਬੀਤ ਗਏ -

***ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥***
***ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥***

***ਅੰਗ - 631***

ਤੂੰ ਕਿਉਂ ਨਹੀਂ ਯਾਦ ਰਖਦਾ ਇਸ ਬਾਤ ਨੂੰ ਕਿ ਮੇਰੀ ਵਾਰੀ ਆ ਗਈ - ਮਿਲਣ ਦੀ। ਇਹ ਲੰਘ ਜਾਣੀ ਐ। ਸੰਸਾਰ ਤੇ ਕੋਈ ਥਿਰ ਨਹੀਂ ਰਿਹਾ ਕਰਦਾ। ਇਹ ਤਾਂ ਆਵਾਜਾਈ ਦਾ ਹੈਗਾ ਥਾਂ, ਟਿਕਣ ਦੀ ਥਾਂ ਨਹੀਂ ਹੈ। ਸੋ ਇਸ ਗੱਲ ਨੂੰ ਸਮਝਾਉਣ ਵਾਸਤੇ ਮਹਾਤਮਾ, ਜਿਵੇਂ ਬੱਚੇ ਨੂੰ ਕੋਈ ਬਾਤ ਪਾ ਕੇ ਦੱਸੀਦੀ ਹੈ - ਦ੍ਰਿਸ਼ਟਾਂਤ ਦੇ ਕੇ ਦੱਸਿਆ ਕਰਦੇ ਨੇ। ਬਹੁਤੇ teacher ਮਾਸਟਰ ਹੁੰਦੇ ਨੇ, ਜਿਹੜੇ ਕਾਮਯਾਬ ਟੀਚਰ ਨੇ। ਉਹ ਔਖੇ ਤੋਂ ਔਖਾ ਸਬਕ ਬੱਚੇ ਨੂੰ ਕਹਾਣੀ ਬਣਾ ਕੇ ਸਮਝਾ ਦੇਣਗੇ। ਤਾਰੀਖ ਦਾ, history ਦਾ ਬਹੁਤ ਔਖਾ subject (ਵਿਸ਼ਾ) ਹੈ। ਅਮਰੀਕਾ ਦੇ ਅੰਦਰ, ਯੂਰਪ ਦੇ ਅੰਦਰ History (ਇਤਿਹਾਸ) ਟੈਲੀਵੀਜ਼ਨ ਤੇ ਪੜ੍ਹਾ ਦਿੰਦੇ ਨੇ। ਉਹ ਬੱਚਿਆਂ ਦੇ ਜ਼ਹਿਨ ਨਸ਼ੀਨ ਹੋ ਜਾਂਦਾ ਹੈ। ਕਿਉਂਕਿ ਅੱਖਾਂ ਜਿਹੜੀਆਂ ਨੇ 84% ਗਿਆਨ ਦੁਨੀਆਂ ਦਾ ਨੇਤਰਾਂ ਦੇ ਰਾਹੀਂ ਅੰਦਰ ਜਾਂਦੈ। ਤੁਸੀਂ ਹੁਣ ਇਕ ਦੂਜੇ ਨੂੰ ਦੇਖ ਰਹੇ ਹੋ। ਇਨ੍ਹਾਂ ਦੀਆਂ ਤਸਵੀਰਾਂ ਤੁਹਾਡੇ ਅੰਦਰ ਚਲੀਆਂ ਜਾਣਗੀਆਂ। ਬੜੀ ਦੇਰ ਬਾਅਦ ਮਿਲੋ, ਫੈਰ ਯਾਦ ਕਰ ਲਓਂਗੇ। ਜੇ ਤੁਸੀਂ ਕਿਸੇ ਦਾ ਨਾਂ ਸੁਣਦੇ ਹੋ, ਭੁੱਲ ਜਾਏਗਾ ਕਿਉਂਕਿ ਇਹ ਸਣਿਆ ਹੋਇਅ ਗਿਆਨ 14% ਅੰਦਰ ਜਾਂਦੈ। 1% ਛੂਹ ਕਰਕੇ ਜਾਂਦੈ, 1% taste (ਸਵਾਦ) ਕਰਕੇ , smell (ਸੁੰਘਣ) ਕਰਕੇ ਜਾਂਦੈ। ਸੋ ਇਸ ਤਰ੍ਹਾਂ ਨਾਲ ਗਿਆਨ ਦਾ media (ਸਾਧਨ) ਹੈ ਇਹ।

ਸੋ ਮਹਾਂਪੁਰਸ਼ ਇਹਨੂੰ ਸਮਝਾਉਣ ਵਾਸਤੇ ਦੱਸਦੇ ਨੇ ਕਿ

ਇਕ ਕੋਈ ਪ੍ਰੇਮੀ, ਜਿਸ ਦੇ ਨੇਤਰ ਨਹੀਂ ਸੀਗੇ, ਇਕ ਪਹਾੜੀ ਤੇ ਬਣੇ ਹੋਏ ਕਿਲੇ ਵਿਚ ਦਾਖਲ ਹੋ ਗਿਆ। ਉਹ ਗੋਲ ਕਿਲਾ ਸੀ। ਉਹ ਚਲਿਆ ਤਾਂ ਗਿਆ ਅੰਦਰ, ਲੇਕਿਨ ਦਰਵਾਜ਼ਾ ਭੁੱਲ ਗਿਆ। ਜਿਥੇ ਜਾਂਦੈ, ਦਰਵਾਜ਼ਾ ਬੰਦ; ਜਿਥੈ ਜਾਂਦੈ, ਦਰਵਾਜ਼ਾ ਬੰਦ। ਦੁਪਹਿਰਾ ਹੋ ਗਿਆ, ਭੁੱਖ ਲਗ ਆਈ, ਪਿਆਸ ਲਗ ਗਈ, ਗਰਮੀ ਦਾ ਮਹੀਨੈ। ਰੋਣ ਲਗ ਗਿਆ, ਉਚੀ-ਉਚੀ ਹਾਕਾਂ ਮਾਰਦੈ- ਕੋਈ ਨੇਤਰਾਂ ਵਾਲਾ ਜੇ ਸੁਣਦਾ ਹੋਵੇ, ਮੇਰੀ ਪੁਕਾਰ ਸੁਣ ਲਓ। ਇਕ ਮਹਾਤਮਾ ਉਪਰ ਬੈਠੇ ਸੀ - ਪਹਾੜੀ ਦੇ। ਕਹਿਣ ਲੱਗੇ, "ਪ੍ਰੇਮੀਆਂ! ਐਧਰ ਆ, ਨੇੜੇ ਹੋ ਕੇ ਗੱਲ ਦੱਸ।" ਸੇਧ ਵਿਚ ਚਲਿਆ ਗਿਆ। ਕਹਿਣ ਲੱਗੇ, "ਕੀ ਗੱਲ?" ਕਹਿੰਦਾ, "ਮਹਾਰਾਜ, ਮੈਂ ਨੇਤਰਾਂ ਤੋਂ ਹੀਣਾ ਹਾਂ। ਵਾਹਿਗੁਰੂ ਨੇ ਮੈਨੂੰ ਇਹ ਦਾਤ ਨਹੀਂ ਦਿਤੀ।

ਜਿਨ੍ਹਾਂ ਨੂੰ ਨੇਤਰਾਂ ਦੀ ਦਾਤ ਮਿਲੀ ਹੈ, ਦੇਖ ਸਕਦੇ ਨੇ, ਉਹ ਇਨ੍ਹਾਂ ਦੀ ਕਦਰ ਨਹੀਂ ਕਰਦੇ। ਉਹ ਐਂ ਸਮਝਦੇ ਨੇ ਕਿ ਮਿਲਣੇ ਸੀਗੇ, ਮਿਲ ਗਏ। ਜਿਹਨੂੰ ਨਹੀਂ ਮਿਲੇ, ਉਹਨੂੰ ਪੁੱਛ ਕੇ ਦੇਖੋ, ਨੇਤਰਾਂ ਦੀ ਕੀ ਕੀਮਤ ਹੁੰਦੀ ਹੈ। ਜਾਂ ਜਿਨ੍ਹਾਂ ਦੇ ਆ ਕੇ ਹੱਥਾਂ ਵਿਚੋਂ ਚਲੇ ਗਏ, ਉਨ੍ਹਾਂ ਨੂੰ ਪੁੱਛੋ - ਲੱਖਾਂ ਕਰੋੜਾਂ ਰੁਪਏ ਦੇ ਸਕਦੈ ਜੇ ਨੇਤਰ ਮਿਲ ਜਾਣ। ਅਮੁੱਲ ਦਾਤਾਂ ਨੇ ਵਾਹਿਗੁਰੂ ਦੀਆਂ। ਉਹ ਕਹਿੰਦੈ, "ਮੈਨੂੰ ਨੇਤਰ ਨਹੀਂ ਦਿਤੇ, ਮੈਂ ਨੇਤਰਾਂ ਤੋਂ ਹੀਣਾ ਰਹਿ ਗਿਆ ਤੇ ਮੈਂ ਕਾਹਦੇ ਵਿਚ ਆ ਵੜਿਆ-ਮੈਨੂੰ ਪਤਾ ਨਹੀਂ ਲਗਦਾ।" ਉਹ ਕਹਿੰਦੇ, "ਪ੍ਰੇਮੀਆਂ! ਤੂੰ ਗੋਲ ਕਿਲੇ ਵਿਚ ਆ ਵੜਿਆ। ਗੋਲ ਕਿਲਾ ਹੈ ਤੇ ਇਹਦੇ 83 ਦਰਵਾਜ਼ੇ ਬੰਦ ਨੇ। ਤੂੰ ਇਉਂ ਕਰ, ਬਾਹਰ ਨਿਕਲਣ ਵਾਸਤੇ ਕਿਲੇ ਦੀ ਕੰਧ ਨਾਲ ਹੱਥ ਲਾ ਲੈ। ਦਰਵਾਜ਼ੇ ਬੰਦ ਆਈ ਜਾਣਗੇ, ਉਹ ਛੱਡੀ ਜਾਈਂ, ਜਿਹੜਾ ਖੁਲ੍ਹਾ ਹੋਊ, ਉਥੋਂ ਨਿਕਲ ਜਾਈਂ। ਇਕੋ ਹੀ ਦਰਵਾਜ਼ਾ ਖੁੱਲ੍ਹਾ ਹੈ ਏਥੇ, ਬਾਕੀ ਸਭ ਬੰਦ ਨੇ।" ਇਸੇ ਤਰ੍ਹਾਂ ਕੀਤਾ ਲੇਕਿਨ ਖੁਲ੍ਹਾ ਦਰਵਾਜ਼ਾ ਜਦ ਆਇਆ, ਉਸ ਵੇਲੇ ਉਸ ਦੇ ਸਿਰ ਤੇ ਮੱਖੀ ਲੜ ਗਈ - ਸ਼ਹਿਦ ਦੀ। ਖਾਜ ਕਰਨ ਲਗ ਗਿਆ ਤੇ ਤੁਰਦਾ ਵੀ

ਗਿਆ। ਦਰਵਾਜ਼ਾ ਛੋਟਾ ਜਿਹਾ ਸੀ, ਲੰਘ ਗਿਆ। ਫੇਰ ਚੱਕਰ ਵਿਚ ਪੈ ਗਿਆ। ਬਹੁਤ ਉਦਾਸ ਹੋ ਗਿਆ ਕਿ ਉਹ ਤਾਂ ਕਹਿੰਦੇ ਸੀ 83 ਦਰਵਾਜ਼ੇ ਬੰਦ ਨੇ; ਇਹ ਤਾਂ 83 ਤੋਂ ਵੀ ਵੱਧ ਮੈਂ ਲੰਘ ਚੁਕਿਆ ਹਾਂ। ਫੇਰ ਰੋਣ ਲਗ ਗਿਆ। ਮਹਾਤਮਾ ਨੇ ਫੇਰ ਆਵਾਜ਼ ਸੁਣੀ ਤੇ ਕਹਿਣ ਲੱਗੇ -

''ਕੀ ਗੱਲ ਐ ਪ੍ਰੇਮੀਆਂ?''

''ਮਹਾਰਾਜ, ਖੁੱਲ੍ਹਾ ਦਰਵਾਜ਼ਾ ਤਾਂ ਆਇਆ ਹੀ ਨਹੀਂ।''

''ਦਰਵਾਜ਼ਾ ਤਾਂ ਨੇੜੇ ਹੀ ਸੀਗਾ, ਪਰ ਤੈਥੋਂ ਕੋਈ ਭੁੱਲ ਹੋ ਗਈ; ਯਾਦ ਕਰ, ਹੱਥ ਤਾਂ ਨਹੀਂ ਚੁੱਕਿਆ?''

''ਇਕ ਥਾਂ ਚੁੱਕਿਆ ਸੀ। ਮੇਰੇ ਸਿਰ ਵਿਚ ਮੱਖੀ ਲੜ ਗਈ ਸੀ ਸ਼ਹਿਦ ਦੀ।''

''ਤੁਰਿਆ ਵੀ ਗਿਆ?''

''ਹਾਂ ਜੀ! ਮੈਂ ਇਸ ਕਰਕੇ ਤੁਰਿਆ ਗਿਆ ਕਾਹਲੀ-ਕਾਹਲੀ ਕਿ ਦੁਬਾਰਾ ਨਾ ਲੜ ਜਾਵੇ।''

''ਉਹ ਦਰਵਾਜ਼ਾ ਉਥੇ ਹੀ ਲੰਘ ਗਿਆ। ਹੁਣ ਨ ਛੱਡੀਂ।''

ਇਸੇ ਤਰ੍ਹਾਂ ਹੀ ਕੀਤਾ। ਜਦੋਂ ਖੁੱਲ੍ਹਾ ਦਰਵਾਜ਼ਾ ਆਇਆ, ਉਹਦੇ ਵਿਚੋਂ ਬਾਹਰ ਆ ਗਿਆ। ਇਹ ਦ੍ਰਿਸ਼ਟਾਂਤ ਹੈ। ਇਹਦਾ ਦਾ - ਦ੍ਰਿਸ਼ਟਾਂਤ ਇਹ ਹੈ ਕਿ ਅਕਾਲ ਪੁਰਖ ਨੇ ਇਹ ਜੋ ਸੰਸਾਰ ਰਚਿਆ ਹੋਇਆ ਆਪਾਂ ਨੂੰ ਅੱਖਾਂ ਨਾਲ ਦਿਸਦੈ, ਕੰਨਾਂ ਨਾਲ ਸੁਣਿਆ ਜਾਂਦੈ, ਬੁੱਧੀ ਦੇ ਨਾਲ ਜਾਣਿਆ ਜਾਂਦੈ - ਇਹਦੇ ਵਿਚ 84 ਲੱਖ ਜੂਨਾਂ ਨੇ। ਚਾਰ ਲੱਖ ਕਿਸਮ ਦੀਆਂ ਪੱਥਰਾਂ ਦੀਆਂ ਨੇ, 24 ਲੱਖ ਕਿਸਮ ਦੀਆਂ ਜੜ੍ਹੀਆਂ ਬੂਟੀਆਂ, ਦਰਖਤਾਂ ਦੀਆਂ ਨੇ। ਇਹ ਵੀ ਜਾਨ ਵਾਲੀਆਂ ਚੀਜ਼ਾਂ ਨੇ - ਜੂਨੀਆਂ ਨੇ। ਇਹ ਸਾਡੇ ਵਾਂਗੂੰ ਬੋਲਦੇ ਨੇ, ਸਾਡੇ ਵਾਂਗੂੰ ਖੁਸ਼ੀ ਮਹਿਸੂਸ ਕਰਦੇ ਨੇ, ਸਾਡੇ ਵਾਂਗੂੰ ਗਮੀ ਮਹਿਸੂਸ ਕਰਦੇ ਨੇ।

ਡਾਕਟਰ ਬੋਸ ਹੋਏ ਨੇ - ਬੰਗਾਲ ਵਿਚ। ਉਨ੍ਹਾਂ ਨੇ ਇਹ ਗੱਲ ਸਿੱਧ ਕਰ ਦਿਤੀ ਕਿ ਜਿਨ੍ਹਾਂ ਦਰਖਤਾਂ ਦੇ ਕੋਲ music

(ਸੰਗੀਤ) ਵੱਜਦੈ, ਕੀਰਤਨ ਹੁੰਦੈ, ਹਰੀ ਦਾ ਜਸ ਹੁੰਦੈ - ਫਸਲ ਦੇ ਕੋਲ, ਉਹ ਫਸਲਾਂ ਵਧ ਜਾਇਆ ਕਰਦੀਆਂ ਨੇ। ਤੇ ਹੁਣ ਅਮਰੀਕਾ ਦੇ ਅੰਦਰ ਟੈਲੀਵੀਜ਼ਨ ਵਿਚ ਇਹ ਸਾਬਤ ਕਰ ਦਿਤਾ ਕਿ ਜੇ ਕੁਹਾੜਾ ਲੈ ਕੇ ਦਰਖਤ ਨੂੰ ਵੱਢਣ ਜਾਓ, ਦਰਖਤ ਸੁੰਗੜਨਾ ਸ਼ੁਰੂ ਹੋ ਜਾਂਦੈ - ਦੇਖ ਕੇ ਕਿ ਮੈਨੂੰ ਹੁਣ ਵੱਢੂਗਾ ਇਹ। ਜੇ ਪਾਣੀ ਦੇਣ ਜਾਉ, ਖਾਦ ਪਾਉਣ ਜਾਉ, ਉਹ ਲਹਿਲਹਾਉਣ ਲਗ ਜਾਂਦੈ। ਉਨ੍ਹਾਂ ਨੇ ਇਹ ਅੰਦਾਜ਼ਾ ਸੂਖਮ ਲਹਿਰਾਂ ਤੋਂ ਲੈ ਲਿਆ ਕਿਉਂਕਿ ਸਾਇੰਸ ਬਹੁਤ Advance (ਤਰੱਕੀ ਤੇ) ਜਾ ਚੁੱਕੀ ਹੈ। ਸੋ ਮਹਾਰਾਜ ਕਹਿੰਦੇ ਕਿ ਇਹ 24 ਲੱਖ ਕਿਸਮ ਦੇ ਨੇ - ਇਹ ਵੀ ਜਿਉਂਦੇ ਨੇ -

***ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥***
***ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥ ਅੰਗ - 156***

ਕਿਤੇ ਅਸੀਂ ਉਡਣ ਵਾਲੇ ਪੰਛੀ ਬਣ ਗਏ - ਸਾਢੇ ਸੱਤ ਲੱਖ ਕਿਸਮ ਦੇ ਪੰਛੀ ਨੇ। ਸਾਢੇ ਸੱਤ ਲੱਖ ਕਿਸਮ ਦੇ ਉਹ ਜੀਵ-ਜੰਤੂ ਨੇ ਜਿਹੜੇ ਪੇਟ ਭਾਂਰ ਬਗੈਰ ਲੱਤਾਂ ਤੋਂ, ਘਸਰ ਕੇ ਚਲਦੇ ਨੇ। ਕੁਛ ਅਗਿਆਤ ਜੂਨੀਆਂ ਨੇ - ਭੂਤ-ਪ੍ਰੇਤ, ਜਿੰਨ, ਖਵੀਸ ਆਦਿ ਪਤਾ ਨਹੀਂ ਕਿੰਨੇ ਕੁ ਨੇ - ਦੋ ਲੱਖ ਗਿਣਦੇ ਨੇ ਸਾਰੇ ਮਹਾਂਪੁਰਸ਼। ਇਹ ਸਾਰੇ ਨੂੰ ਛੱਡ ਕੇ ਇਕ ਜੂਨੀ ਹੈ ਜਿਹਦੇ ਵਿਚ ਆਪਾਂ ਇਕੱਠੇ ਹੋਏ ਬੈਠੇ ਹਾਂ - ਇਹਨੂੰ ਮਨੁੱਖ ਕਹਿੰਦੇ ਨੇ। ਇਹ ਮਨੁੱਖ ਜੂਨੀ ਜਿਹੜੀ ਹੈ, ਇਹ ਬਹੁਤ ਕੀਮਤੀ ਹੈ। ਇਹ ਜੇ ਹੱਥੋਂ ਨਿਕਲ ਜਾਵੇ, ਫੇਰ ਨਹੀਂ ਪ੍ਰਾਪਤ ਹੁੰਦੀ। ਇਹ ਸਾਡੇ ਨਿਕਲਣ ਦੀ ਵਾਰੀ ਹੈ, ਲੇਕਿਨ ਖੁਰਕ ਹੋ ਗਈ -

***ਬੈਰ ਬਿਰੋਧ ਕਾਮ ਕ੍ਰੋਧ ਮੋਹ ॥ ਝੂਠ ਬਿਕਾਰ ਮਹਾ ਲੋਭ ਧ੍ਰੋਹ ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ ॥ ਨਾਨਕ ਰਾਖਿ ਲੇਹੁ***
***ਆਪਨ ਕਰਿ ਕਰਮ ॥***

***ਅੰਗ - 267***

ਇਹ ਵਿਸ਼ੇ ਵਿਕਾਰਾਂ ਦੀ, ਵਾਸ਼ਨਾਵਾਂ ਦੀ ਖੁਰਕ ਵਿਚ ਅਸੀਂ ਆ ਗਏ। ਇਹ ਜਨਮ ਸਾਡਾ ਲੰਘਦਾ ਜਾਂਦੈ, ਸਾਧ ਸੰਗਤਿ

ਜੀ। ਮੌਤ ਕਿਸੇ ਸਮੇਂ ਵੀ ਆ ਸਕਦੀ ਐ -

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥*

***ਅੰਗ - 254***

ਪਤਾ ਨਹੀਂ ਕਿਹੜੇ ਵੇਲੇ ਜਮਾਂ ਦਾ ਫੰਧਾ ਗਲ ਵਿਚ ਪੈ ਜਾਏ, ਪਰ ਫੇਰ ਵੀ ਬੁਢਾਪੇ ਤੋਂ ਗਾਹਾਂ ਤਾਂ ਕੋਈ ਉਮਰ ਨਹੀਂ ਹੋਇਆ ਕਰਦੀ। ਬੀਤਦੀ ਜਾਂਦੀ ਹੈ ਉਮਰ ਸਾਰੀ। ਸੋ ਇਸ ਕਰਕੇ ਇਸ ਗੱਲ ਨੂੰ ਚਿਤ ਦੇ ਕੇ, ਮਨ ਦੇ ਕੇ, ਮਨ ਦੇ ਅੰਦਰ ਫੈਸਲਾ ਕਰ ਲੈਣਾ ਚਾਹੀਦੈ ਕਿ ਸਾਡੀ ਉਮਰ ਤਾਂ ਲੰਘ ਗਈ, ਨਾਮ ਤਾਂ ਜਪਿਆ ਨੀਂ, ਗੁਰੂ ਧਾਰਨ ਨੀਂ ਕਰਿਆ, ਗੁਰੂ ਤੋਂ ਨਾਮ ਦੀ ਪ੍ਰਾਪਤੀ ਨਹੀਂ ਹੋਈ। ਇਹ ਸਾਰਾ ਜਨਮ ਇਵੇਂ ਜਿਵੇਂ ਲੰਘ ਜਾਣੈ। ਇਹ ਜਨਮ ਜਿਹੜਾ ਹੈ, ਬਹੁਤ ਕੀਮਤੀ ਹੈ। ਇਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਤੈਨੂੰ ਬਾਰ-ਬਾਰ ਨਾ ਮਿਲਣੀ, ਮਾਣਸ ਦੇਹੀ, ਮਾਣਸ ਦੇਹੀ - 2, 2.*
*ਮਾਣਸ ਜਨਮ ਦੁਲੰਭ ਹੈ - 2, 2.*
*ਹੋਤ ਨ ਬਾਰੈ ਬਾਰ, ਮਾਣਸ ਦੇਹੀ, ਮਾਣਸ ਦੇਹੀ।*
*ਤੈਨੂੰ ਬਾਰ-ਬਾਰ ਨ ਮਿਲਣੀ,......................।*
*ਜਿਉ ਬਨ ਫਲ ਪਾਕੇ ਭੁਇ ਗਿਰਹਿ - 2, 2*
*ਬਹੁਰ ਨ ਲਾਗੇ ਡਾਰ, ਮਾਣਸ ਦੇਹੀ, ਮਾਣਸ ਦੇਹੀ,*
*ਤੈਨੂੰ ਬਾਰ-ਬਾਰ ਨ ਮਿਲਣੀ..................।*
*ਕਬੀਰ ਮਾਨਸ ਜਨਮੁ ਦੁਲੰਭੁ ਹੈ..........॥ ਅੰਗ - 1366*

ਇਹ ਜਿਹੜਾ ਆਪਾਂ ਨੂੰ ਮਿਲਿਆ ਹੋਇਐ ਨ ਸਰੀਰ - ਸਾਢੇ ਤਿੰਨ ਹਥ ਦਾ, ਇਹ ਬੇਮੁੱਲੀ ਚੀਜ਼ ਮਿਲ ਗਈ -

*......................ਹੋਇ ਨ ਬਾਰੈ ਬਾਰ॥ ਅੰਗ - 1366*

ਬਾਰ-ਬਾਰ ਨਹੀਂ ਮਿਲਣੀ, ਜੇ ਹੱਥੋਂ ਲੰਘ ਗਈ -

*ਇਸੁ ਪਉੜੀ ਤੇ ਜੋ ਨਰੁ ਚੂਕੈ ਸੋ*
*ਆਇ ਜਾਇ ਦੁਖੁ ਪਾਇਦਾ ॥ਅੰਗ - 1075*

ਫੇਰ ਤਾਂ ਜੇ ਇਹ ਪਉੜੀ ਦਾ ਡੰਡਾ ਛੁੱਟ ਜਾਵੇ - 84ਵਾਂ,

ਕੀ ਬਣੇਗਾ? ਫੇਰ ਥੱਲੇ ਗਿਰਦੈ। ਕਹਿੰਦੇ, ਬਾਰ-ਬਾਰ ਨਹੀਂ ਮਿਲਣੀ -

*ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥*
*ਅੰਗ - 1366*

ਸੋ ਇਹਨੂੰ ਸੰਭਾਲੋ, ਸਾਧ ਸੰਗਤ ਜੀ! ਇਹ ਥੋੜ੍ਹੀ ਕੀਮਤੀ ਨਹੀਂ ਹੈ, ਐਸਾ ਫੁਰਮਾਨ ਹੈ -

*ਧਾਰਨਾ - ਜਿਹੜੀ ਦੇਹੀ ਨੂੰ ਲੋਚਦੇ ਦੇਵਤੇ, ਜਿਹੜੀ ਦੇਹੀ ਨੂੰ,*
*ਜਿਹੜੀ ਦੇਹੀ ਨੂੰ ਲੋਚਦੇ ਦੇਵਤੇ, ਉਹ ਦੇਹੀ ਤੈਨੂੰ ਮਿਲ ਗਈ,*
*ਪਿਆਰਿਆ, ਪਿਆਰਿਆ,*
*ਉਹ ਦੇਹੀ ਤੈਨੂੰ ਮਿਲ ਗਈ, ਜਿਹੜੀ ਦੇਹੀ ਨੂੰ - 2*
*ਜਿਹੜੀ ਦੇਹੀ ਨੂੰ ਲੋਚਦੇ ਦੇਵਤੇ, ਜਿਹੜੀ ਦੇਹੀ ਨੂੰ - 2*

*ਗੁਰ ਸੇਵਾ ਤੇ ਭਗਤਿ ਕਮਾਈ ।।*
*ਤਬ ਇਹ ਮਾਨਸ ਦੇਹੀ ਪਾਈ ।। ਅੰਗ - 1159*

ਮਹਾਰਾਜ ਕਹਿੰਦੇ, ਗੁਰੂ ਦੀ ਸੇਵਾ ਕਰਨ ਵਾਸਤੇ ਤੇ ਭਗਤੀ ਕਰਨ ਵਾਸਤੇ ਇਹ ਦੇਹੀ ਮਿਲੀ ਹੈ; ਕੋਠੀਆਂ ਬਣਾਉਣ ਵਾਸਤੇ ਨਹੀਂ ਮਿਲੀ। ਇਹ ਤਾਂ ਸਾਰੀਆਂ, ਮਹਾਰਾਜ ਕਹਿੰਦੇ -

*ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ।। ਅੰਗ - 1380*

ਏਥੇ ਹੀ ਰਹਿ ਜਾਣੀਆਂ ਨੇ। ਤੇਰੇ ਨਾਲ ਤਾਂ ਪਰਮੇਸ਼ਰ ਦਾ ਨਾਮ ਜਾਣੈ। ਭਗਤੀ ਕਰ ਲੈ, ਤੇ ਗੁਰੂ ਦੀ ਸੇਵਾ ਕਰ ਲੈ। ਗੁਰੂ, ਪਰਮੇਸ਼ਰ ਨੂੰ ਮਿਲਾ ਦਏਗਾ, ਗੁਰੂ ਤੋਂ ਬਿਨਾਂ ਪਰਮੇਸ਼ਰ ਨਹੀਂ ਮਿਲ ਸਕਦਾ -

*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥ ਅੰਗ - 1159*

ਕਹਿੰਦੇ, ਦੇਵਤੇ ਸਵਰਗ ਲੋਕ ਵਿਚ ਬੈਠੇ ਬਾਰ-ਬਾਰ ਇਹ ਕਹਿੰਦੇ ਨੇ ਕਿ ਕਦੋਂ ਸਾਡਾ ਸਵਰਗ ਖਤਮ ਹੋਵੇ, ਕਦੋਂ ਅਸੀਂ ਇਸ earth planet (ਧਰਤੀ) ਤੇ ਆਈਏ ਤੇ ਏਥੇ ਆ ਕੇ ਮਨੁੱਖ ਦਾ ਜਨਮ ਪ੍ਰਾਪਤ ਕਰੀਏ। ਫੇਰ ਕਿਸੇ ਪੂਰੇ ਮਹਾਂਪੁਰਸ਼ ਨੂੰ ਮਿਲ ਕੇ ਜੁਗਤੀ ਦੇ ਨਾਲ - ਕਰਮ, ਉਪਾਸ਼ਨਾ, ਗਿਆਨ, ਵਿਗਿਆਨ

– ਚਾਰ ਦਰਜਿਆਂ ਵਿਚੋਂ ਲੰਘ ਕੇ ਕੇ ਰੱਬ ਦੇ ਦਰ ਤੇ ਪਹੁੰਚੀਏ, ਜਿਥੇ ਜਾ ਕੇ ਫੇਰ ਆਦਮੀ ਦਾ ਆਉਣਾ ਜਾਣਾ ਖਤਮ ਹੋ ਜਾਂਦਾ ਹੈ। Still (ਸਥਿਰ) ਅਵਸਥਾ ਪ੍ਰਾਪਤ ਹੋ ਜਾਂਦੀ ਹੈ, ਬੇਅੰਤ ਅਨੰਦ ਪ੍ਰਾਪਤ ਹੋ ਜਾਂਦੈ, ਪੂਰੀ ਤਰ੍ਹਾਂ ਨਾਲ ਪਰਮ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਕੋਈ ਸ਼ਿਕਵਾ, ਕੋਈ ਝੋਰਾ, ਕੋਈ ਅੰਦੇਸ਼ਾ, ਕੋਈ ਕਿਸੇ ਕਿਸਮ ਦੀ ਗਮ ਦੀ ਬਾਤ ਉਥੇ ਨਹੀਂ – ਅਨੰਦ ਹੀ ਅਨੰਦ ਹੈ। ਸੋ ਇਹਨੂੰ ਲੋਚਦੇ ਨੇ – ਦੇਵਤਾ ਲੋਕ ਵੀ। ਇਹ ਐਨੀ ਕੀਮਤੀ ਚੀਜ਼ ਸਾਨੂੰ ਪ੍ਰਾਪਤ ਹੋਈ ਹੈ।

ਇਕ ਵਾਰੀ ਇੰਗਲੈਂਡ ਦੇ ਅੰਦਰ – ਲੰਡਨ ਦੀ ਬਾਤ ਹੈ – ਉਥੇ ਇਕ ਪ੍ਰੇਮੀ ਚੜ੍ਹਾਈ ਕਰ ਗਿਆ। ਪੁੰਨ ਦਾਨ ਵੈਸੇ ਹੀ ਕਰਦਾ ਸੀ, ਵੈਸ ਵੀ character (ਚਾਲ–ਚਲਣ) ਉਨ੍ਹਾਂ ਲੋਕਾਂ ਦਾ ਕਾਫੀ ਗੱਲਾਂ ਵਿਚ ਸਾਥੋਂ ਅੱਛਾ ਹੈ। ਅਸੀਂ ਤਾਂ ਉਪਦੇਸ਼ ਕਰਕੇ ਹਟਾਉਂਦੇ ਆਂ, ਉਥੇ ਹੈ ਹੀ ਨਹੀਂ – ਈਰਖਾ ਹੈ ਹੀ ਨਹੀਂ। ਬਹੁਤ ਘੱਟ ਬੰਦੇ ਨੇ ਜਿਹੜੇ ਇਨ੍ਹਾਂ ਦੇ ਵਿਚ ਫਸਦੇ ਨੇ। ਸਾਡੇ ਤਾਂ 100 ਵਿਚੋਂ 99 ਫਸੇ ਹੋਏ ਨੇ।ਉਥੇ ਮੇਰਾ ਖਿਆਲ ਹੈ 10–15–20 ਹੋਣਗੇ, ਵੱਧ ਨਹੀਂ। ਆਪਣੇ ਹੱਕਾਂ ਤੇ ਚਲਦੇ ਨੇ, rights (ਹੱਕਾਂ) ਨੂੰ ਜਾਣਦੇ ਨੇ। ਉਹ ਪ੍ਰੇਮੀ ਦਾਨ ਵੀ ਕੱਢਦੇ ਨੇ। ਜ਼ਰਾ ਕੋਈ ਦੁਖ ਦਾ ਪਤਾ ਲਗ ਜਾਵੇ, ਉਸੇ ਵੇਲੇ ਚਾਹੁੰਦੇ ਨੇ ਕਿ ਮੇਰੀ ਦੌਲਤ ਉਹਦੇ ਉਤੇ ਲਗ ਜਾਵੇ ਤੇ ਮੈਂ ਦਾਨ ਦੇਵਾਂ। ਸੋ ਦਾਨ ਦਿੰਦੇ ਨੇ।

ਉਹ ਪ੍ਰੇਮੀ ਚੜ੍ਹਾਈ ਕਰ ਗਿਆ। ਉਪਰ ਲੋਕ ਨੇ ਬਹੁਤ ਸਾਰੇ, ਉਹ ਸੂਖਸ਼ਮ ਮੰਡਲ ਕਹਾਉਂਦੇ ਨੇ। ਉਨ੍ਹਾਂ ਦੇ ਦਰਜੇ–ਬ–ਦਰਜੇ ਨੇ – ਪਹਿਲੇ ਨੂੰ ਗੰਧਰਬ ਲੋਕ, ਦੂਸਰੇ ਨੂੰ ਦੇਵ–ਗੰਧਰਬ ਲੋਕ, ਤੀਸਰੇ ਨੂੰ ਪਿਤਰ ਲੋਕ, ਚੌਥੇ ਨੂੰ ਸਵਰਗ ਲੋਕ, ਪੰਜਵੇਂ ਨੂੰ ਇੰਦਰ ਲੋਕ, ਛੇਵੇਂ ਨੂੰ ਕਰਮਦੇਵ ਲੋਕ, ਸਤਵੇਂ ਨੂੰ ਅਜਾਨ ਦੇਵ ਲੋਕ, ਅੱਠਵੇਂ ਨੂੰ ਪਰਜਾਪਤ ਲੋਕ, ਨੌਵੇਂ ਨੂੰ ਬ੍ਰਹਮ ਲੋਕ, ਦਸਵੇਂ ਨੂੰ ਸ਼ਿਵ ਲੋਕ ਤੇ ਗਿਆਰ੍ਹਵੇਂ ਨੂੰ ਬੈਕੁੰਠ ਕਹਿੰਦੇ ਨੇ। ਇਨ੍ਹਾਂ ਦੇ ਅੰਦਰ ਜਾ ਕੇ ਜੀਵ ਬੀਜੇ ਹੋਏ ਕਰਮਾਂ ਦੇ ਅਨੁਸਾਰ ਸੁਖ ਪ੍ਰਾਪਤ

ਕਰਦੈ। ਜਿਹੜੇ ਦੁਖ ਪ੍ਰਾਪਤ ਹੁੰਦੇ ਨੇ, ਉਹ ਨਰਕਾਂ ਵਿਚ ਹੁੰਦੇ ਨੇ। ਉਨ੍ਹਾਂ ਦੀ ਵੀ 18 ਗਿਣਤੀ ਕੀਤੀ ਹੈ। ਲੇਕਿਨ ਉਹ ਚੜ੍ਹਾਈ ਕਰਕੇ ਜਿੱਥੇ ਗਿਆ, ਉਥੇ ਹਨ੍ਹੇਰਾ ਸੀ, ਚਾਨਣਾ ਨਹੀਂ ਸੀਗਾ। ਕਾਫੀ ਸਮੇਂ ਤੋਂ ਬਾਅਦ ਦੂਰ ਇਕ ਹੋਰ ਦੇਵਤਾ ਰਹਿੰਦਾ ਸੀ, ਉਹਦੇ ਕੋਲ ਗਿਆ। ਕਹਿਣ ਲੱਗਿਆ ਕਿ ਜਿਥੇ ਮੈਂ ਰਹਿਨਾਂ, ਉਥੇ ਹਨ੍ਹੇਰਾ ਐ, ਤੇਰੇ ਕੋਲ ਚਾਨਣਾ ਹੈ, ਇਹ ਕੀ ਗੱਲ ਐ? ਉਹ ਕਹਿੰਦਾ, ਦੇਖ ਭਾਈ, ਚਾਨਣਾ ਤਾਂ ਏਥੇ ਹੈਗਾ -

*ਜਿਹ ਪੈਡੈ ਮਹਾ ਅੰਧ ਗੁਬਾਰਾ ॥*
*ਹਰਿ ਕਾ ਨਾਮੁ ਸੰਗਿ ਉਜੀਆਰਾ ॥ ਅੰਗ - 264*

ਪਰਮੇਸ਼ਰ ਦਾ ਨਾਮ ਏਥੇ ਚਾਨਣਾ ਕਰਦੈ। ਏਥੇ ਨ ਤਾਂ ਬਿਜਲੀ ਹੈ, ਨ ਟਾਰਚਾਂ ਨੇ, ਨ ਏਥੇ ਲੈਂਪ ਨੇ, ਨ ਏਥੇ ਮਿੱਟੀ ਦਾ ਤੇਲ ਹੈ, ਨ ਕੋਈ ਏਥੇ ਮੋਮਬੱਤੀਆਂ ਨੇ। ਉਥੇ ਤਾਂ ਪ੍ਰਮੇਸ਼ਰ ਦਾ ਨਾਮ ਚਾਨਣਾ ਕਰਦੈ; ਜਿਹੜਾ ਜਪ ਲੈਂਦੈ, ਚਾਨਣੇ 'ਚ ਆ ਗਿਆ; ਜਿਹੜਾ ਨਹੀਂ ਜਪਦਾ, ਉਹ ਸਵਰਗ ਵਿਚ ਤਾਂ ਆ ਗਿਆ ਪਰ ਪ੍ਰਕਾਸ਼ ਨਹੀਂ ਉਹਦੇ ਕੋਲ।

ਸੋ ਇਸ ਤਰ੍ਹਾਂ ਕਹਿਣ ਲੱਗਿਆ, ਮੇਰਾ ਕੀ ਬਣੇ ਫੇਰ, ਮੈਂ ਤਾਂ ਬੜਾ ਦੁਖੀ ਹਾਂ - ਇਸ ਗੱਲ ਵਿਚ। ਕਹਿਣ ਲੱਗਿਆ, ਤੂੰ ਸਵਰਗ ਕੱਟ ਲੈ, ਉਹਦੇ ਬਾਅਦ ਮਨੁੱਖ ਬਣ ਜਾਈਂ, ਫੇਰ ਨਾਮ ਜਪੀਂ। ਕਹਿੰਦਾ, ਮੇਰੇ ਯਾਦ ਨਹੀਂ ਰਹਿਣਾ।

ਜਦ ਆਦਮੀ ਮਾਂ ਦੇ ਪੇਟ ਵਿਚੋਂ ਹੋ ਕੇ ਪੈਦਾ ਹੁੰਦੈ, ਪਹਿਲੇ 100 ਜਨਮ ਦਾ ਗਿਆਨ ਹੁੰਦੈ - ਤੁਹਾਨੂੰ ਵੀ ਤੇ ਮੈਨੂੰ ਵੀ ਸੌ ਜਨਮ ਦਾ ਗਿਆਨ ਸੀ ਸਭ ਨੂੰ। ਇਹ scientific (ਵਿਗਿਆਨਕ) ਬਾਤ ਹੈ। ਉਸ ਵੇਲੇ ਸੁਰਤੀ ਸੁਖਮਨਾ ਨਾੜੀ ਵਿਚ ਹੁੰਦੀ ਹੈ। ਸੁਖਮਨਾ ਨਾੜੀ ਵਿਚ ਜਿਹਦੀ ਵੀ ਸੁਰਤੀ ਚਲੀ ਗਈ - ਚਾਹੇ ਹੁਣ ਚਲੀ ਜਾਵੇ, ਚਾਹੇ ਪਹਿਲਾਂ ਸੀ - ਉਹਨੂੰ 100 ਜਨਮ ਦਾ ਗਿਆਨ ਹੋ ਜਾਵੇਗਾ, ਅੱਗੇ ਪਿੱਛੇ ਦਾ ਪਤਾ ਲਗ ਜਾਵੇਗਾ ਕਿ 500 ਸਾਲ ਨੂੰ ਕੀ ਹੋਣੈ ਗਾਹਾਂ, ਤੇ ਪਹਿਲਾਂ ਕੀ ਹੋਇਆ ਸੀ। ਉਹਨੂੰ ਕਿਤਾਬਾਂ ਪੜ੍ਹਨ ਦੀ ਲੋੜ ਨਹੀਂ, ਉਈਂ ਦਿਸਣ ਲਗ ਜਾਂਦੈ।

ਜਦੋਂ ਇਤਿਹਾਸ ਲਿਖਿਐ – ਸਿੱਖ ਇਤਿਹਾਸ............ਬਾਬਾ ਗੁਰਬਖਸ਼ ਸਿੰਘ, ਬਾਬਾ ਬੁੱਢਾ ਜੀ ਦੀ ਔਲਾਦ ਵਿਚੋਂ ਪੜਪੋਤੇ ਸੀ। ਆਪ ਜੀ ਸਮਾਧੀ ਲਾ ਕੇ ਬਹਿ ਜਾਂਦੇ ਸੀ ਕਿਉਂਕਿ ਅੰਦਰ ਗਿਆਨ ਸੀ ਸਾਰਾ।ਓਧਰੋਂ ਆਈ ਜਾਂਸਾ ਸੀ, ਓਧਰ ਲਿਖਾਈ ਜਾਂਦੇ ਸੀ; ਦੇਖੀ ਜਾਂਦੇ ਸੀ, ਦੇਖ ਨਕੇ ਲਿਖਾਈ ਜਾਂਦੇ ਸੀ ਕਿਉਂਕਿ ਗਿਆਨ ਸੀ ਅੰਦਰ ਸਾਰਾ। ਸੋ ਕਹਿਣ ਲੱਗਿਆ ਕਿ ਉਹ ਤਾਂ ਕੋਈ ਵੀ ਬੰਦਾ ਯਾਦ ਨਹੀਂ ਰਖਦਾ, ਸਭ ਭੁੱਲ ਜਾਂਦੇ ਨੇ। ਏਥੇ ਸਤਿਸੰਗ ਵਿਚ ਤਾਂ ਸਭ ਦੇ ਯਾਦ ਹੈ। ਮਾਂ ਦੇ ਪੇਟ ਵਿਚ ਤਾਂ ਸਭ ਦੇ ਯਾਦ ਹੁੰਦੈ ਪਰ ਜਦ ਬਾਹਰ ਦੀ ਹਵਾ ਲਗਦੀ ਹੈ –

***ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥***
***ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥***
***ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥***
***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥***

***ਅੰਗ – 921***

ਮਾਇਆ ਦਾ ਰਾਜ ਹੋ ਗਿਆ। ਸਭ ਤੋਂ ਪਹਿਲਾਂ ਮਾਇਆ ਇਹ ਕੰਮ ਕਰਦੀ ਹੈ ਕਿ ਇਹ ਬੰਦੇ ਨੂੰ ਪਿਛਲਾ ਸਭ ਕੁਝ ਭੁਲਾ ਦਿੰਦੀ ਹੈ – ਵਾਇਦੇ, ਪਰਮੇਸ਼ਰ ਤੋਂ ਭੁਲਾ ਦਿੰਦੀ ਹੈ ਕਿ ਰੱਬ ਤੇਰੇ ਨਾਲ ਰਹਿੰਦੈ।

ਕਹਿਣ ਲੱਗੇ, ਕੋਈ ਹੋਰ ਤਰੀਕਾ? ਕਹਿੰਦੇ, ਇਕ ਤਰੀਕਾ ਹੋਰ ਹੈ ਕਿ ਇਥੇ ਐਨੀ ਰਿਆਇਤ ਹੈ ਕਿ ਜੇ ਕੋਈ ਸਬੰਧੀ ਤੇਰੇ ਨਮਿੱਤ ਨਾਮ ਜਪ ਕੇ ਅਰਦਾਸ ਕਰ ਦੇਵੇ ਤਾਂ ਉਹ ਪਹੁੰਚ ਜਾਂਦੀ ਹੈ। ਉਹ ਲੜਕੇ ਦੇ ਸੁਪਨੇ ਵਿਚ ਆ ਗਿਆ। ਕਿਉਂਕਿ ਦੋਇ ਤਰੀਕੇ ਨੇ ਗੱਲ ਕਰਨ ਦੇ। ਇਕ ਤਾਂ ਹੈ ਸਾਹਮਣੇ ਦਿਸੇ, ਲੇਕਿਨ ਸਾਡੀਆਂ ਅੱਖਾਂ ਦੇਖਦੀਆਂ ਨਹੀਂ ਹਨ। ਦੂਸਰਾ ਤਰੀਕਾ ਹੈ ਕਿ ਉਹਨੂੰ ਸੁਪਨੇ ਵਿਚ ਆਵੇ। ਉਹ ਸੁਪਨੇ ਵਿਚ ਆ ਕੇ ਕਹਿਣ ਲੱਗਿਆ, "ਬੇਟਾ, ਮੈਂ ਤੇਰੇ ਵਾਸਤੇ ਜਾਇਦਾਦ ਛੱਡ ਗਿਆਂ ਤੇ ਤੂੰ ਮੇਰਾ ਕੰਮ ਕਰ ਸਕਦੈਂ?" ਕਹਿੰਦਾ, "ਪਿਤਾ ਜੀ ਦੱਸੋ।" ਕਹਿੰਦਾ, "ਦੇਖੀਂ ਕਿਤੇ ਜਾਗ ਕੇ ਨ ਭੁੱਲ ਜਾਈਂ। ਮੈਂ ਜਿਥੇ ਗਿਆਂ,

ਉਥੇ ਹਨ੍ਹੇਰਾ ਹੈ। ਜੇ ਤੂੰ 60 ਦਿਨ ਮੇਰੇ ਵਾਸਤੇ ਨਾਮ ਜਪ ਦੇਵੇਂ ਤਾਂ ਮੇਰੇ ਕੋਲ ਚਾਨਣਾ ਹੋ ਜਾਵੇ। ਇਹ ਗੱਲ ਮੈਂ ਖੁੰਝ ਗਿਆ, ਮੈਨੂੰ ਪਤਾ ਨਹੀਂ ਲੱਗ ਸਕਿਆ ਕਿ ਦਰਗਾਹ ਦੇ ਵਿਚ ਇਹ ਬਾਤ ਚਲਦੀ ਐ।" ਕਿਉਂਕਿ ਮਹਾਰਾਜ ਤਾਂ ਸਾਨੂੰ ਬਾਰ-ਬਾਰ ਇਸ ਤਰ੍ਹਾਂ ਯਾਦ ਕਰਾਉਂਦੇ ਨੇ -

***ਧਾਰਨਾ - ਪਿਆਰੇ ਜੀ, ਜਿਥੇ ਨ ਕੋਈ ਮਾਤ ਪਿਤਾ - 2, 2.***
***ਓਥੇ ਨਾਮ ਨੇ ਸਹਾਇਤਾ ਕਰਨੀ - 2, 2.***
***ਪਿਆਰੇ ਜੀ, ਜਿਥੇ ਨ ਕੋਈ ਮਾਤ ਪਿਤਾ - 2***
***ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ ਅੰਗ - 264***

ਕਿਸੇ ਨੇ ਨੀਂ ਸਹਾਇਤਾ ਕਰਨੀ।

***ਜਹ ਮਹਾ ਭਇਆਨ ਦੂਤ ਜਮ ਦਲੈ ॥***
***ਤਹਿ ਕੇਵਲ ਨਾਮੁ ਸੰਗਿ ਤੇਰੈ ਚਲੈ ॥ ਅੰਗ - 264***

Only (ਕੇਵਲ) ਨਾਮ ਜਾਏਗਾ। ਕਹਿੰਦੇ, ਜਿਹੜੇ ਅਸੀਂ ਪੁੰਨ ਕਰਦੇ ਹਾਂ, ਇਹ ਨਹੀਂ ਜਾਂਦੇ? ਜਾਂਦੇ ਤਾਂ ਇਹ ਵੀ ਨੇ, ਪਰ ਇਹ ਖੁਰ ਜਾਂਦੇ ਨੇ ਰਾਹ ਵਿਚ ਹੀ -

***ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥***
***ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ***
***ਨਿਮਖ ਸਿਮਰਤ ਜਿਤੁ ਛੂਟੈ ॥ ਅੰਗ - 747***

ਇਹ ਸਾਰੇ ਕਰਮ ਧਰਮ ਤਾਂ ਰਸਤੇ ਵਿਚ ਹੀ ਲੁੱਟੇ ਜਾਂਦੇ ਨੇ ।ਜਿਸ ਤਰ੍ਹਾਂ ਆਪਾਂ ਲੰਘਦੇ ਹਾਂ, ਟੋਲ ਟੈਕਸ ਦਿੰਦੇ ਹਾਂ ਸੜਕਾਂ ਦੇ ਉਤੇ - ਐਸ ਤਰ੍ਹਾਂ ਟੈਕਸ ਨੇ ਅੱਗੇ ਲੱਗੇ ਹੋਏ। ਕਿਤੇ ਬਹੁਤ ਹਨ੍ਹੇਰਾ ਆ ਗਿਆ ਉਥੋਂ ਆਦਮੀ ਲੰਘ ਨਹੀਂ ਸਕਿਆ ਕਰਦਾ ਕਿਉਂਕਿ ਘੁੱਪ ਹਨ੍ਹੇਰਾ ਹੈ। ਉਸਨੂੰ ਪਾਰ ਕਰਨ ਵਾਸਤੇ ਜਮਦੂਤ ਪੁੰਨ ਮੰਗਦੇ ਹਨ। ਪੁੰਨ ਦਾ ਟੋਲ ਟੈਕਸ ਲੈ ਕੇ ਹਨੇਰਾ ਰਸਤਾ ਪਾਰ ਕਰਾ ਦਿੰਦੇ ਨੇ। ਸੋ ਇਸ ਤਰ੍ਹਾਂ ਰਸਤੇ ਵਿਚ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਰਸਤੇ ਵਿਚ ਹਰ ਥਾਂ ਪੁੰਨ ਦੇਣੇ ਪੈਂਦੇ ਹਨ ਅਤੇ ਕੀਤੇ ਹੋਏ ਪੁੰਨ ਇਸੇ ਤਰ੍ਹਾਂ ਰਸਤੇ ਵਿਚ ਲੁੱਟੇ ਜਾਂਦੇ ਹਨ। ਜੇਕਰ ਸੰਸਾਰ ਵਿਚ ਰਹਿੰਦੇ ਰਹਿੰਦੇ ਨਾਮ ਜਪਿਆ

ਹੈ, ਫੇਰ ਤਾਂ ਹਨ੍ਹੇਰਾ ਹੁੰਦਾ ਹੀ ਨਹੀਂ। ਜੇ ਕੇਵਲ ਪੁੰਨ-ਦਾਨ ਹੀ ਕੀਤੇ ਹਨ ਤਾਂ ਉਨ੍ਹਾਂ ਦਾ ਰਸਤਾ ਹੋਰ ਹੈ - ਪੁੰਨੀ ਕਰਨ ਵਾਲਿਆਂ ਦਾ -

*ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥ ਅੰਗ - 1414*

ਉਹ ਧਰਮਰਾਜ ਵਾਲੇ ਲੰਮੇ ਰਾਹ ਵਿਚ ਪੈਂਦੇ ਨੇ। ਨਾਮ ਜਪਣ ਵਾਲਿਆਂ ਦਾ ਰਸਤਾ ਹੋਰ ਹੈ। ਨਾਮ ਜਪਣ ਵਾਲਿਆਂ ਤੇ ਇਹ ਚੀਜ਼ਾਂ ਨਹੀਂ ਕੋਈ ਵੀ ਆਇਆ ਕਰਦੀਆਂ ਕਿਉਂਕਿ ਰਾਹ ਹੋਰ ਹੈ ਉਹ। ਸੋ ਉਥੇ ਕਹਿੰਦੇ ਕਿ ਹਨ੍ਹੇਰਾ ਤਾਂ ਲੰਘਾ ਦਿੰਦੇ ਹਾਂ, ਪਰ ਪੁੰਨ ਦੇਹ। ਉਹ ਪੁੰਨ ਦਿੰਦੈ ਕਰੇ ਹੋਏ ਕਿ ਮੈਂ ਲੰਗਰ ਕਰਿਐ, ਪੁੰਨ ਕਰਿਐ ਜਾਂ ਹੋਰ ਕੋਈ ਪੁੰਨ ਕਰਿਐ; ਉਹਦੇ ਨਾਲ ਲੰਘਾ ਦਿੰਦੇ ਨੇ। ਅਗਾਹਾਂ ਆ ਗਿਆ ਗਰਮ ਰਸਤਾ -

*ਜਹ ਮਹਾ ਭਇਆਨ ਤਪਤਿ ਬਹੁ ਘਾਮ ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥ ਅੰਗ - 264*

*ਜਹ ਮਹਾ ਭਇਆਨ ਦੂਤ ਜਮ ਦਲੈ ॥*
*ਤਹਿ ਕੇਵਲ ਨਾਮੁ ਸੰਗਿ ਤੇਰੈ ਚਲੈ ॥*
*ਜਹ ਮੁਸਕਲ ਹੋਵੈ ਅਤਿ ਭਾਰੀ ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥ ਅੰਗ - 264*

ਭਾਰੀ ਮੁਸ਼ਕਲਾਂ ਆ ਬਣੀਆਂ, ਫੇਰ ਕਿਰਾਇਆ ਲੈ ਲਿਆ, ਉਥੋਂ ਲੰਘਾ ਦਿੰਦੇ ਨੇ। ਏਧਰ 'ਨਾਮ' ਜਿਹੜਾ ਹੈ - 'ਹਰਿ ਕੇ ਨਾਮੁ ਖਿਨ ਮਾਹਿ ਉਧਾਰੀ॥'

ਸੋ ਮਹਾਰਾਜ ਕਹਿੰਦੇ, ਨਾਮ ਜਿਹੜਾ ਹੈ, ਇਹਨੂੰ ਤਾਂ ਕੋਈ ਲੈ ਨਹੀਂ ਸਕਦਾ, ਨਾ ਇਹ ਘਟਦੈ। ਇਹ ਤਾਂ ਬਹੁਤ solid (ਠੋਸ) ਸਿੱਕਾ ਹੈ, ਜਿਹਦਾ ਮੁੱਲ ਕੋਈ ਨਹੀਂ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*
*ਅੰਗ - 81*

ਕਿੰਨਾ ਕੁ ਲੈ ਲੈਣਗੇ? ਇਕ ਘੜੀ ਨਾਮ ਜਪ ਕੇ ਰਾਜਾ ਜਨਕ ਨੇ ਸਾਰੇ ਨਰਕ ਖਾਲੀ ਕਰਾ ਦਿਤੇ। ਕਿੱਡਾ ਮੁੱਲ ਹੈ ਨਾਮ

ਦਾ।

ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗਿਆ, "ਪ੍ਰੇਮੀਆਂ! ਜੇ ਕੋਈ ਨਾਮ ਜਪ ਦੇਵੇ – ਬਿਰਤੀ ਇਕਾਗਰ ਕਰਕੇ, ਤਾਂ ਤੇਰੇ ਪਾਸ ਪ੍ਰਕਾਸ਼ ਹੋ ਸਕਦੈ।" ਸੋ ਉਸ ਨੇ ਸੁਪਨੇ ਵਿਚ ਆ ਕੇ ਆਪਣੇ ਪੁੱਤਰ ਨੂੰ ਕਿਹਾ। ਪੁੱਤਰ ਨੇ 60 ਦਿਨ ਬੈਠ ਕੇ ਪਰਮੇਸ਼ਰ ਦਾ ਭਜਨ ਕਰਿਆ, ਅਰਦਾਸ ਕਰੀ। ਸੱਠਵੇਂ ਦਿਨ ਫੇਰ ਉਹਦੇ ਸੁਪਨੇ ਵਿਚ ਆ ਗਿਆ ਤੇ ਕਹਿਣ ਲੱਗਿਆ, "ਬੇਟਾ! ਮੈਂ ਤੇਰਾ ਰਿਣੀ ਹਾਂ, ਮੇਰੇ ਕੋਲ ਪ੍ਰਕਾਸ਼ ਪਹੁੰਚ ਗਿਐ। ਤੂੰ ਹੁਣ ਐਂ ਕਰਿਆ ਕਰ, ਕੋਈ ਕੰਮ ਕਰਨ ਤੋਂ ਪਹਿਲਾਂ ਅਸਾਨੂੰ ਪੁੱਛ ਲਿਆ ਕਰ। ਤੈਥੋਂ ਜ਼ਿਆਦਾ ਸਾਨੂੰ ਦਿਸਦੈ, ਤੈਨੂੰ ਨਹੀਂ ਦਿਸਦੀ ਇਹ ਗੱਲ। ਸਾਨੂੰ ਤੇਰੇ ਆਉਣ ਵਾਲੇ ਸਮੇਂ ਦੀ ਗੱਲ ਦਿਸਦੀ ਹੈ। ਜਿਹੜਾ ਕੁਛ ਤੇਰੇ ਨਾਲ ਭਾਣਾ ਵਰਤਣੈ, ਉਹ ਵੀ ਦਿਸਦੈ – ਚੰਗਾ ਵੀ ਦਿਸਦੈ, ਮੰਦਾ ਵੀ ਦਿਸਦੈ। ਅਸੀਂ ਸਹਾਇਤਾ ਕਰਦੇ ਹਾਂ ਤੇਰੀ – ਏਥੇ ਦਰਗਾਹ ਵਿਚੋਂ ਬੈਠੇ ਹੋਏ। ਮੈਂ ਤੇਰੀ ਸਹਾਇਤਾ ਕਰਿਆ ਕਰੂੰ।" ਬਜ਼ੁਰਗ, ਸਾਧ ਸੰਗਤ ਜੀ, ਸਹਾਇਤਾ ਕਰਦੇ ਨੇ। ਜਿਹੜੇ ਚੰਗੇ spheres (ਮੰਡਲਾਂ) ਵਿਚ ਗਏ ਹੋਏ ਨੇ, ਚੰਗਿਆਂ ਸਵਰਗਾਂ ਵਿਚ ਗਏ ਹੋਏ ਨੇ, ਉਹ ਸਹਾਇਤਾ ਕਰਦੇ ਨੇ। ਪਰ ਉਹ ਛੱਡ ਦਿੰਦੇ ਨੇ – ਉਸ ਵੇਲੇ, ਜਦ ਉਨ੍ਹਾਂ ਦੀ ਔਲਾਦ ਜਾਂ ਤਾਂ ਤਮਾਕੂ ਪੀ ਲਏ ਜਾਂ ਸ਼ਰਾਬ ਪੀ ਲਏ ਜਾਂ ਨਿੰਦਿਆ ਕਰਨ ਵਾਲੀ ਹੋ ਜਾਵੇ। ਐਸਾ ਰਹਿਤਨਾਮੇ ਵਿਚ ਆਉਂਦੈ –

***ਤਨਕ ਤਮਾਕੂ ਸੇਵੀਏ ਦੇਵ ਪਿੱਤ੍ਰ ਤਜਿ ਜਾਇ॥***

***ਪੰਨਾ – 5588 (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਦੇਵਤੇ ਤੇ ਪਿੱਤਰ ਛੱਡ ਜਾਂਦੇ ਨੇ ਕਿਉਂਕਿ ਉਹਦਾ ਸਰੀਰ ਦੂਸ਼ਤ ਹੋ ਗਿਆ –

***ਪਾਨੀ ਤਾਂਕੇ ਹਾਥ ਕੋ ਮਦਰਾ ਸਮ ਅਘ ਦਾਇ॥***

***ਪੰਨਾ – 5588 (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਪਾਣੀ ਪੀਣਾ ਉਸ ਦੇ ਹੱਥ ਤੋਂ, ਸ਼ਰਾਬ ਜਿੰਨਾਂ ਦੋਸ਼ ਲਗਦੈ। ਸ਼ਰਾਬ ਦਾ ਦੋਸ਼ ਕਿੰਨੈ? ਕਹਿੰਦੇ –

***ਮਦਰਾ ਦਹਿਤਾ ਸਪਤਿ ਕੁਲ ਭੰਗੁ ਦਹੈ ਤਨ ਏਕੁ॥***

***ਪੰਨਾ - 5588 (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਸੱਤ ਕੁਲਾਂ ਦਾ ਸ਼ਰਾਬ ਨਾਸ਼ ਕਰਦੀ ਹੈ -

***ਸ਼ਤ ਕੁਲ ਦਹਿਤਾ ਜਗਤ ਜੂਠ ਨਿੰਦਾ ਦਹੈ ਅਨੇਕ॥***

***ਪੰਨਾ - 5588 (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਤਮਾਕੂ 100 ਕੁਲਾਂ ਦਾ ਨਾਸ਼ ਕਰਦੈ, ਨਿੰਦਿਆ ਕਰਨ ਵਾਲਾ ਤਾਂ ਗਿਣਤੀਆਂ ਮਿਣਤੀਆਂ ਤੋਂ ਬਾਹਰ ਲੰਘ ਜਾਂਦੈ। ਜਦੋਂ ਜ਼ਰਾ ਕੁ ਤਮਾਕੂ ਸੇਵਨ ਕਰਨ ਲਗ ਗਿਆ, ਉਹ ਦੇਵ ਪਿਤਰ ਛੱਡ ਜਾਂਦੇ ਨੇ, ਉਹ ਸਹਾਇਤਾ ਨਹੀਂ ਕਰਦੇ ਫੇਰ। ਕਹਿੰਦੇ, ਬੇਟਾ! ਅਸੀਂ ਤੇਰੀ ਸਹਾਇਤਾ ਕਰਾਂਗੇ। ਸੋ ਉਹ ਲਿਖਦੈ ਕਿ ਮੇਰੀ ਬੜੀ ਸਹਾਇਤਾ ਕਰੀ। ਮੈਨੂੰ ਉਹ ਦੱਸ ਦਿੰਦੇ ਸੀ ਕਿ ਤੂੰ ਆਹ ਕੰਮ ਕਰ ਲੈ, ਆਹ ਨ ਕਰ।

ਉਸਨੇ ਦੱਸਿਆ - ਇਕ ਵਾਰੀ ਮੈਂ ਕਾਰ ਲੈਂਦਾ ਸੀ। ਮੈਨੂੰ ਰਾਤ ਨੂੰ ਪਿਤਾ ਜੀ ਆ ਕੇ ਕਹਿੰਦੇ, "ਇਹ ਕਾਰ ਨ ਖਰੀਦੀਂ, ਫਲਾਣੇ ਨੰਬਰ ਦੀ ਖਰੀਦ ਲੈ।" ਕਹਿੰਦਾ, ਮੈਂ ਉਹ ਖਰੀਦ ਲਈ। ਜਦ ਮੈਂ ਘਰ ਆ ਗਿਆ - ਖਰੀਦ ਕੇ, ਉਹ ਵੀ ਕਾਰ ਵਿਕ ਗਈ। ਮੈਨੂੰ ਟੈਲੀਫੂਨ ਆ ਗਿਆ ਕੰਪਨੀ ਦਾ, "Mr. you are lucky that you did not purchase that car." ਤੁਸੀਂ ਬਹੁਤ ਸੁਭਾਗੇ ਹੋ ਕਿ ਤੁਸੀਂ ਉਹ ਕਾਰ ਨਹੀਂ ਖਰੀਦੀ। ਕਹਿੰਦਾ, ਮੈਂ ਕਿਹਾ ਕਿ ਕੀ ਗੱਲ? ਕਹਿੰਦੇ, ਉਹਦੇ ਬਰੇਕਾਂ ਵਿਚ ਕੋਈ ਨੁਕਸ ਸੀ; ਐਕਸੀਡੈਂਟ ਹੋ ਗਿਆ - ਉਹਦਾ। ਉਹਨੇ ਫੇਰ ਇਹ - 'ਰੀਡਰਜ਼ ਡਾਇਜੈਸਟ' ਇਕ ਰਸਾਲਾ ਨਿਕਲਦੈ - ਮੈਗਜ਼ੀਨ, ਦੁਨੀਆਂ ਵਿਚ ਬਹੁਤ ਵੱਡੀ ਉਹਦੀ Publicity (ਮਸ਼ਹੂਰੀ) ਹੈ, ਉਹਦੇ ਵਿਚ ਕਹਾਣੀ ਲਿਖੀ। ਕਹਿੰਦਾ ਕਿ ਮੈਂ ਇਸ ਕਰਕੇ ਲਿਖ ਰਿਹਾ ਹਾਂ ਕਿ ਪਤਾ ਲਗ ਜਾਵੇ ਸੰਸਾਰ ਨੂੰ ਕਿ ਇਸ ਦੁਨੀਆਂ ਤੋਂ ਬਾਅਦ ਕੋਈ ਹੋਰ ਲੋਕ ਵੀ ਹੈਗਾ ਜਿਥੇ ਅਸੀਂ ਜਾਣੈ। ਉਥੇ ਦਾ ਵੀ ਪਤਾ ਲਗ ਜਾਏ ਕਿ ਉਥੇ ਨਾਮ ਕੰਮ ਆਉਂਦੈ।

ਸੋ ਇਸ ਤਰ੍ਹਾਂ – 'ਗੁਰ ਸੇਵਾ ਤੇ ਭਗਤਿ ਕਮਾਈ॥' ਗੁਰੂ ਦੀ ਸੇਵਾ ਕਰਨ ਵਾਸਤੇ ਤੇ ਭਗਤੀ ਕਰਨ ਵਾਸਤੇ – 'ਤਬ ਇਹ ਮਾਨਸ ਦੇਹੀ ਪਾਈ॥' ਇਹ ਮਾਨਸ ਦੇਹੀ ਸਾਨੂੰ ਮਿਲੀ ਹੀ ਤਾਂ ਹੈ। 'ਇਸ ਦੇਹੀ ਕਉ ਸਿਮਰਹਿ ਦੇਵ॥ ਸੋ ਦੇਹੀ ਭਜੁ ਹਰਿ ਕੀ ਸੇਵ॥' ਇਹ ਪਰਮੇਸ਼ਰ ਦਾ ਭਜਨ ਕਰਨ ਵਾਸਤੇ ਮਿਲੀ ਹੈ, ਇਹਨੂੰ ਦੇਵਤਾ ਲੋਕ ਵੀ ਲੋਚਦੇ ਨੇ। ਇਹਦੇ ਨਾਲ ਪਰਮੇਸ਼ਰ ਦਾ ਭਜਨ ਕਰੋ ਭਾਈ। ਇਹ ਦੇਹੀ ਕੋਈ ਐਵੇਂ ਮਾਮੂਲੀ ਚੀਜ਼ ਨਹੀਂ ਸਾਨੂੰ ਮਿਲੀ।

ਹੁਣ ਸਵਾਲ ਪੈਦਾ ਹੁੰਦੈ ਕਿ ਇਹ ਗੱਲ ਚੰਗੀ ਹੈ ਬਹੁਤ, ਪਰ ਸਾਨੂੰ ਤਾਂ ਪਤਾ ਹੀ ਨਹੀਂ, ਰੱਬ ਕਿਵੇਂ ਮਿਲਦੈ? ਕੋਈ ਤਰੀਕਾ ਹੈ ਜਿਹਦੇ ਨਾਲ ਸਾਨੂੰ ਰੱਬ ਮਿਲ ਜਾਏ? ਸਾਨੂੰ ਪਹਿਲਾਂ ਪਤਾ ਲਗਣਾ ਚਾਹੀਦੈ ਕਿ ਰੱਬ ਰਹਿੰਦਾ ਕਿੱਥੇ ਹੈ? ਜੇ ਚੰਡੀਗੜ੍ਹ ਵਿਚ ਕਿਸੇ ਨੂੰ ਮਿਲਣਾ ਹੋਵੇ, ਫੇਰ ਅਸੀਂ ਇਹ ਦੇਖਦੇ ਹਾਂ ਕਿ ਕਿਹੜੇ ਸੈਕਟਰ ਵਿਚ ਹੈ, ਕਿੰਨਾ ਨੰਬਰ ਮਕਾਨ ਹੈ; ਤਾਂ ਹੀ ਮਿਲ ਸਕਦੇ ਹਾਂ। ਫੇਰ ਜਾਣ ਦਾ ਰਸਤਾ ਕਿਹੜੈ? ਜੇ ਸਾਨੂੰ ਪਤਾ ਲਗ ਜਾਵੇ ਰੱਬ ਦਾ ਕਿ ਫਲਾਣੇ ਥਾਂ ਰਹਿੰਦੈ; ਓਥੇ ਚਲੇ ਜਾਵਾਂਗੇ, ਚਾਹੇ ਔਖੇ ਹੀ ਹੋ ਜਾਈਏ।

ਕਈ ਕਹਿੰਦੇ ਨੇ ਕਿ ਕਾਹਬੇ ਵਿਚ ਰੱਬ ਰਹਿੰਦੈ। ਖਿਆਲ ਨੇ ਆਪਣੇ-ਆਪਣੇ – ਕਿਸੇ ਦਾ ਖਿਆਲ ਹੈ ਕਿ ਉਹ ਮੰਦਰ ਵਿਚ ਰਹਿੰਦੈ, ਇਹ ਵੀ ਖਿਆਲ ਹੋ ਸਕਦੈ ਕਿ ਕਿਸੇ ਖਾਸ ਅਸਥਾਨ ਤੇ ਪਰਮੇਸ਼ਰ ਹੋਵੇ। ਮਹਾਰਾਜ ਕਹਿੰਦੇ, ਭੋਲਿਓ! ਭੁੱਲੋ ਨਾ। ਕਬੀਰ ਸਾਹਿਬ ਲਿਖਦੇ ਨੇ –

***ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ ॥***
***ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨ੍ਹਿ ਫੁਰਮਾਈ ਗਾਇ ॥***
***ਅੰਗ – 1375***

ਕਹਿੰਦੇ, "ਜਦ ਮੈਂ ਕਾਹਬੇ ਦੇ ਹੱਜ ਨੂੰ ਤੁਰਨ ਲੱਗਿਆ, ਮੈਨੂੰ ਰੱਬ ਮਿਲ ਗਿਆ ਤੇ ਮੇਰੇ ਨਾਲ ਗੁੱਸੇ ਹੋ ਗਿਆ। ਅੱਗੇ ਪਿਆਰ ਨਾਲ ਬੋਲਦਾ ਸੀ, ਅੱਜ ਗੁੱਸੇ ਹੋ ਗਿਆ। ਗੁੱਸੇ ਵੀ ਬਹੁਤ

ਹੋ ਗਿਆ, ਮੇਰੇ ਨਾਲ ਲੜਾਈ ਕਰ ਲਈ -

***ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨ੍ਹਿ ਫੁਰਮਾਈ ਗਾਇ ॥***

***ਅੰਗ - 1375***

ਮੈਂ ਕਿਹਾ, "ਪ੍ਰਭੂ! ਦੱਸ ਤਾਂ ਦਿਉ, ਤੁਸੀਂ ਮੇਰੇ ਨਾਲ ਕਿਉਂ ਗੁੱਸੇ ਹੋਣ ਲੱਗ ਗਏ, ਕਿਹੜੀ ਗੱਲ ਤੋਂ ਗੁੱਸੇ ਹੋ ਗਏ?" ਕਹਿੰਦੇ, "ਕਬੀਰ! ਤੈਨੂੰ ਕਿਹਨੇ ਕਿਹੈ ਕਿ ਮੈਂ ਕਿਸੇ ਖਾਸ ਥਾਂ ਤੇ ਰਹਿਨਾਂ, ਫਲਾਣੇ ਥਾਂ ਮੈਂ ਰਹਿਨਾ.......।"

***ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ॥***

***ਅੰਗ - 1349***

"ਦੱਖਣ ਦੇਸ ਵਿਚ ਹਰੀ ਰਹਿੰਦੈ ਤੇ ਪੱਛਮ ਦੇ ਵਿਚ ਰੱਬ ਰਹਿੰਦੈ। ਤੈਨੂੰ ਕੀਹਨੇ ਦੱਸ ਦਿਤੀਆਂ ਇਹ ਗੱਲਾਂ - "ਤੁਝੈ ਕਿਨਿ ਫੁਰਮਾਈ ਗਾਇ॥' ਤੈਨੂੰ ਕੀਹਨੇ ਦੱਸ ਦਿਤੀ ਇਹ ਗੱਲ ਕਿ ਮੈਂ ਓਥੇ ਰਹਿਨਾਂ।"

"ਹੇ ਪ੍ਰਭੂ! ਫੇਰ ਤੁਸੀਂ ਰਹਿੰਦੇ ਕਿਥੇ ਹੋ?"

"ਕਬੀਰ, ਤੂੰ ਆਪ ਪੁਛਦੈਂ ਕਿ ਸੰਸਾਰ ਵਾਸਤੇ ਪੁਛਦੈਂ?"

"ਦੱਸ ਦਿਉ ਮਹਾਰਾਜ, ਕੰਮ ਆਊਗੀ।"

ਸੋ ਉਹ ਦੱਸਦੇ ਨੇ ਕਿ ਕੋਈ ਥਾਂ ਨੀਂ ਐਸਾ ਜਿਥੇ ਮੈਂ ਨਹੀਂ ਰਹਿੰਦਾ - ਮੈਂ ਸਭ ਥਾਂ ਰਹਿਦਾ ਹਾਂ -

***ਧਾਰਨਾ - ਘਟ ਘਟ ਅੰਤਰਿ, ਸਰਬ ਨਿਰੰਤਰ,***
***ਕੇਵਲ ਏਕ ਮੁਰਾਰੀ ਐ - 2, 2.***
***ਕੇਵਲ ਏਕ ਮੁਰਾਰੀ ਐ,***
***ਕੇਵਲ ਏਕ ਮੁਰਾਰੀ ਐ - 2, 2.***
***ਘਟ ਘਟ ਅੰਤਰਿ, ਸਰਬ ਨਿਰੰਤਰ.............-2***

ਕਹਿੰਦੇ, "ਕਬੀਰ, ਮੈਂ ਤਾਂ ਸਾਰਿਆਂ ਦੇ ਅੰਦਰ ਰਹਿੰਦਾ, ਨਾਲ ਹੀ ਰਹਿੰਦਾ ਹਾਂ, ਲੇਕਿਨ ਮੈਨੂੰ ਦੇਖ ਨਹੀਂ ਰਹੇ ਸਾਰੇ।"

ਐਨਾ ਗਲਤ ਹੋਇਆ ਹੋਇਐ ਕੰਮ ਕਿ ਰੱਬ ਨਾਲ ਰਹਿੰਦੈ - ਬਿਲਕੁਲ ਕੋਲ। ਮਹਾਰਾਜ ਕਹਿੰਦੇ, ਕੋਲ ਰਹਿੰਦੇ ਨੂੰ ਤਾਂ ਮਿਲ ਲੈ! ਕਿਤੇ ਸੱਤਵੇਂ ਆਸਮਾਨ ਤੇ ਨਹੀਂ ਜਾਣਾ, ਕਿਸੇ ਬੈਕੁੰਠ ਧਾਮ

ਵਿਚ ਨਹੀਂ ਜਾਣਾ; ਤੇਰੇ ਨਾਲ ਪਰਮੇਸ਼ਰ ਰਹਿੰਦੈ - ਹਰ ਵਕਤ। ਨਾਲ ਰਹਿੰਦੇ ਨੂੰ ਨਹੀਂ ਤੂੰ ਮਿਲ ਸਕਦਾ? ਸਾਧ ਸੰਗਤ ਜੀ, ਆਪਾਂ ਤਾਂ ਮਾਮੂਲੀ ਬੰਦੇ ਹਾਂ; ਜਿਹੜੇ ਵੱਡੇ-ਵੱਡੇ ਨੇ - ਬਹੁਤ ਵੱਡੇ-ਵੱਡੇ, ਉਹ ਵੀ ਇਸ ਗੱਲ ਤੇ ਬੜਾ ਸੋਚਦੇ ਨੇ ਕਿ ਕੀ ਕਰਿਆ ਜਾਵੇ, ਕਿਸ ਤਰ੍ਹਾਂ ਦੇ ਨਾਲ ਪਰਮੇਸ਼ਰ ਨੂੰ ਮਿਲੀਏ; ਕੋਲ ਰਹਿੰਦੈ, ਨਾਲ ਰਹਿੰਦੈ। ਉਹ ਬੋਲਦਾ ਨਹੀਂ ਹੈ, ਅਸੀਂ ਬੁਲਾਉਂਦੇ ਹਾਂ, ਔਖੇ ਹੁੰਦੇ ਹਾਂ, ਰੋਂਦੇ ਹਾਂ, ਸਭ ਕੁਛ ਕਰਦੇ ਹਾਂ, ਹਾਕਾਂ ਮਾਰਦੇ ਹਾਂ, ਕੀਰਤਨ ਕਰਦੇ ਹਾਂ, ਬਾਣੀਆਂ ਪੜ੍ਹਦੇ ਹਾਂ; ਉਹ ਟੱਸ ਤੇ ਮੱਸ ਨਹੀਂ ਹੁੰਦਾ, ਇਹ ਗੱਲ ਕੀ ਹੈ? ਕਹਿੰਦੇ, ਰਾਹ ਗਲਤ ਹੈ ਤੇਰਾ। ਪਹਿਲਾਂ ਕਿਸੇ ਤੋਂ ਰਸਤਾ ਪੁੱਛ, ਫੇਰ ਤਾਂ ਰੱਬ ਤੈਨੂੰ ਸੁਖਾਲਾ ਹੀ ਮਿਲ ਜਾਏਗਾ, ਨਹੀਂ ਤਾਂ ਟੱਕਰਾਂ ਮਾਰੀ ਜਾਹ ਜਿੰਨੀਆਂ ਤੇਰਾ ਜੀਅ ਕਰਦੈ। ਤੂੰ ਕਿਸੇ ਹੋਰ ਚੀਜ਼ ਨੂੰ ਭਾਲਦੈਂ, ਅੰਦਰ ਤੇਰੇ ਵਾਸ਼ਨਾ ਹੋਰ ਐ ਤੇ ਉਤੋਂ ਤੂੰ ਕਹਿਨੈ, 'ਮੈਂ ਰੱਬ ਨੂੰ ਮਿਲਣੈ।' ਡਰ ਪਿਆ ਹੋਇਐ ਤੇਰੇ ਅੰਦਰ ਕਿ ਕੋਈ ਵਿਘਨ ਨਾ ਆ ਲੱਗੇ। ਪਾਠ ਕਰੀ ਜਾਨੈ, ਗੁਰਦੁਆਰੇ ਜਾਈ ਜਾਨੈ ਕਿ ਸੁਖ-ਸ਼ਾਂਤੀ ਰਹੇ, ਬਿਮਾਰੀਆਂ ਨ ਲੱਗ ਜਾਣ, ਕੋਈ ਮੁਕੱਦਮਾ ਨ ਬਣ ਜਾਏ, ਕੁਛ ਹੋਰ ਨ ਹੋ ਜਾਵੇ। ਰੱਬ ਨੂੰ ਮਿਲਣ ਦਾ ਤਾਂ ਤੇਰੇ ਅੰਦਰ ਸ਼ੌਕ ਜਾਗਿਆ ਹੀ ਨਹੀਂ ਹੈ। ਜਿਨ੍ਹਾਂ ਦੇ ਅੰਦਰ ਜਾਗਿਐ, ਉਹ ਫੇਰ ਤਲਾਸ਼ ਕਰਦੇ ਨੇ।

ਕੱਲ ਬੇਨਤੀ ਕੀਤੀ ਸੀ ਕਿ ਪੀਰ ਬੁੱਧੂ ਸ਼ਾਹ ਸਢੌਰੇ ਵਾਲੇ - ਜਾਗੀਰਦਾਰ ਸੀ ਓਥੇ ਦੇ। ਕਾਫੀ ਦੂਰ ਤੱਕ ਉਨ੍ਹਾਂ ਦੀ ਜਾਗੀਰ ਸੀ ਤੇ ਉਨ੍ਹਾਂ ਦੇ ਮੁਰੀਦ ਵੀ ਹਜ਼ਾਰਾਂ ਦੀ ਤਾਦਾਦ ਵਿਚ ਸਨ ਤੇ ਬੜਾ ਹੀ ਸ਼ੌਕ ਵਾਲਾ ਬੰਦਾ ਸੀ, ਮਾਰਫਤ ਵਿਚ ਖੇਲ੍ਹਣ ਦਾ ਯਤਨ ਕਰਦਾ ਸੀ ਪਰ ਲਭਦੀ ਨਹੀਂ ਸੀ, ਕਿਉਂਕਿ ਪਹਿਲਾਂ ਸ਼ਰ੍ਹਾ ਹੈ, ਫੇਰ ਸ਼ਰੀਅਤ ਹੈ, ਫੇਰ ਉਹਤੇ ਬਾਅਦ ਤਰੀਕਤ ਹੁੰਦੀ ਐ, ਫੇਰ ਹਕੀਕਤ, ਫੇਰ ਮਾਰਫਤ ਆਉਂਦੀ ਐ। ਸ਼ਰੀਅਤ ਹੈ, ਤ੍ਰੀਕਤ ਹੈ, ਹਕੀਕਤ ਹੈ, ਫੇਰ ਮਾਰਫਤ - ਇਹ ਚਾਰ ਅਵਸਥਾ ਹੋਇਆ ਕਰਦੀਆਂ ਨੇ। ਇਹ ਉਚੀਆਂ ਅਵਸਥਾਂ ਵਾਲਾ ਸੀ, ਪਰ ਪਰੇਸ਼ਾਨ ਸੀ ਕਿ ਪਰਮੇਸ਼ਰ ਨਹੀਂ ਮਿਲ ਰਿਹਾ; ਕਰਿਆ ਕੀ ਜਾਵੇ?

ਗੁਰੂ ਦਸ਼ਮੇਸ਼ ਪਾਤਸ਼ਾਹ ਦਾ ਪਤਾ ਲੱਗਿਆ - ਆਪ ਦੀ ਉਮਰ ਉਸ ਵੇਲੇ ਕੋਈ 20 ਜਾਂ 22 ਸਾਲ ਦੇ ਕਰੀਬ ਸੀ ਤੇ ਇਹ ਪਤਾ ਲੱਗਿਆ ਕਿ ਉਹ ਤਾਂ ਪੂਰੇ ਨੇ - ਸੰਸਾਰ ਦੇ ਅੰਦਰ, ਤੇ ਉਨ੍ਹਾਂ ਦੇ ਅੱਗੇ ਸਾਰਾ ਸੰਸਾਰ ਨਿਵਦੈ। ਬਹੁਤ ਜਾਣਕਾਰੀ ਪ੍ਰਾਪਤ ਕਰੀ - ਗੁਰੂ ਦਸ਼ਮੇਸ਼ ਪਿਤਾ ਬਾਰੇ। ਨਿਹਚਾ ਹੋ ਗਿਆ ਕਿ ਉਹ ਤਾਂ ਪੂਰੇ ਨੇ। ਸੋ ਆਪ ਬਹੁਤ ਸਾਰੇ ਮੁਰੀਦ ਲੈ ਕੇ ਪਾਉਂਟਾ ਸਾਹਿਬ ਨੂੰ ਚੱਲ ਪਏ। ਗੁਰੂ ਦਸਮੇਸ਼ ਪਾਤਸ਼ਾਹ ਦੇ ਦਰਬਾਰ ਵਿਚ ਆਇਆ। ਕੱਲ ਵਿਆਖਿਆ ਦੇ ਨਾਲ ਇਸ ਗੱਲ ਦੇ ਉਤੇ ਵਿਚਾਰ ਕਰੀ ਸੀ। ਸੋ ਗੁਰੂ ਦਸਮੇਂ ਪਾਤਸ਼ਾਹ ਦੇ ਦਰਬਾਰ ਵਿਚ ਪਹੁੰਚਿਆ - ਸ਼ਰਧਾ ਦੇ ਨਾਲ, ਲੇਕਿਨ ਥੋੜਾ ਜਿਹਾ ਅਭਿਮਾਨ ਆ ਗਿਆ।

ਜੇ ਅਭਿਮਾਨ ਆ ਜਾਵੇ - ਸੰਗਤਿ ਵਿਚ ਆ ਕੇ, ਫੇਰ ਨਹੀਂ ਕੁਛ ਬਣਿਆ ਕਰਦਾ। ਦੇਖੋ, ਮੈਂ ਇਕ ਬੇਨਤੀ ਕਰਦਾਂ ਕਿ ਜਿਹਨੇ ਪੂਰਾ-ਪੂਰਾ ਫਲ ਲੈਣਾ ਹੈ - ਸਤਸੰਗਤਿ ਦਾ, ਕਈ ਕ੍ਰੋੜ ਯੱਗਾਂ ਦਾ ਫਲ ਲੈਣੈ; ਉਹ ਇਹ ਹੈ ਕਿ ਚਾਰ ਤਰੀਕੇ ਕਰੇ ਉਹ। ਦੇਖੋ, ਤੁਸੀਂ ਮਿਹਨਤ ਕਰਦੇ ਹੋ; ਜੇ ਗਲਤ ਮਿਹਨਤ ਕਰੋ, ਸੁੱਕੀ ਜ਼ਮੀਨ ਵਿਚ ਬੀਜ ਪਾ ਦਿਉ ਤਾਂ ਹਰਾ ਨਹੀਂ ਹੋਇਆ ਕਰਦਾ, ਸਿਉਂਕ ਖਾ ਜਾਂਦੀ ਐ ਜਾਂ ਗਰਮੀ ਦੇ ਨਾਲ ਝੁਲਸਿਆ ਜਾਂਦੈ। ਵੱਤਰ ਜ਼ਮੀਨ ਦੇ ਵਿਚ ਸਹੀ ਤਰੀਕੇ ਦੇ ਨਾਲ, ਸਹੀ ਡੂੰਘਾਈ ਤੇ, ਸਹੀ ਮੌਸਮ ਵਿਚ ਪਾਇਆ ਹੋਇਆ ਬੀਜ ਫਲਦਾ ਫੂਲਦੈ।

ਇਸੇ ਤਰ੍ਹਾਂ ਦੇ ਨਾਲ ਸੰਗਤਿ ਤਾਂ ਤੁਸੀਂ ਕਰਦੇ ਹੋ ਲੇਕਿਨ ਚਾਰ ਗੱਲਾਂ ਯਾਦ ਰੱਖੋ। ਪਹਿਲੀ ਤਾਂ ਇਹ ਹੈ ਕਿ ਜਦੋਂ ਸ਼ਰਧਾ ਨਾਲ ਘਰੋਂ ਚੱਲੋਂਗੇ, ਜਿੰਨਾਂ ਪੈਂਡਾ ਕੱਢੋਂਗੇ, ਉਹ ਸਾਰਾ ਸਮਾਂ ਦਰਗਾਹ ਦੇ ਵਿਚ - ਗੁਰੂ ਦਸ਼ਮੇਸ਼ ਪਿਤਾ, ਗੁਰੂ ਨਾਨਕ ਸਾਹਿਬ ਦੀ ਦਰਗਾਹ ਵਿਚ ਲੇਖੇ ਵਿਚ ਪੈਣਾ ਸ਼ੁਰੂ ਹੋ ਜਾਂਦੈ। ਓਥੇ, ਕੰਪਿਊਟਰ ਜਿਵੇਂ ਹਾਜ਼ਰੀ ਲਾਉਂਦੈ, ਇਵੇਂ ਹਾਜ਼ਰੀ ਲਗਦੀ ਹੈ ਸਾਡੀ, ਕਿ ਇਨ੍ਹਾਂ ਦੀ ਹਾਜ਼ਰੀ ਦੁਨੀਆਂ ਵਿਚੋਂ ਕੱਟ ਦਿਉ ਤੇ ਇਸ ਜਗ੍ਹਾ, ਰੱਬ ਦੇ ਦਰਬਾਰ ਵਿਚ ਲਗਣੀ ਸ਼ੁਰੂ ਹੋ ਜਾਏਗੀ। ਚਾਹੇ ਕੋਈ ਪੈਦਲ ਆਉਂਦੈ, ਚਾਹੇ ਸਵਾਰੀਆਂ ਤੇ ਆਉਂਦੈ, ਪਰ ਉਹਦਾ ਚਿੱਤ ਸਤਿਸੰਗ

ਵਲ ਹੋਵੇ। ਇਹਤੋਂ ਵੀ ਅਗਾਹਾਂ, ਜਿਹਦੇ ਮਨ ਵਿਚ ਵੀ ਖਿਆਲ ਹੋ ਜਾਵੇ ਕਿ ਮੈਂ ਸਤਿਸੰਗ ਵਿਚ ਜਾਣੈ, ਉਸ ਵੇਲੇ ਤੋਂ ਜਿੰਨੇ ਕੰਮ ਨਿਬੇੜਦੈ, ਉਹ ਸਾਰਾ ਸਮਾਂ ਲੇਖੇ ਵਿਚ ਪੈਣਾ ਸ਼ੁਰੂ ਹੋ ਜਾਂਦੈ। ਕੱਲ ਤੋਂ ਕੰਮ ਨਿਬੇੜਨ ਲੱਗ ਗਿਆ, ਕੱਲ ਤੋਂ ਹੀ ਹਾਜ਼ਰੀ ਦਰਗਾਹ ਵਿਚ ਪੈਣੀ ਸ਼ੁਰੂ ਹੋ ਗਈ ਉਹਦੀ, ਜਿਹਦੇ ਅੰਦਰ ਸ਼ਰਧਾ ਹੈ, ਭਰੋਸਾ ਹੈ, ਯਕੀਨ ਹੈ, faith (ਵਿਸ਼ਵਾਸ਼) ਹੈ।

ਦੂਜੀ ਗੱਲ ਇਹ ਹੈ ਕਿ ਏਥੇ ਆ ਕੇ ਨਮਸਕਾਰ ਕਰੋ - ਪਿਆਰ ਦੇ ਨਾਲ। ਇਹਦੇ ਨਾਲ ਕੀ ਹੋਏਗਾ? ਪਹਿਲੇ ਤਾਂ ਉਹਦਾ ਮਸਤਕ ਜਦ ਏਥੇ ਨਿਵੇਗਾ, ਉਹਦੇ ਮਾੜੇ ਕਰਮ ਆਪੇ ਟਲ ਜਾਣਗੇ ਤੇ ਚੰਗੇ ਆ ਜਾਣਗੇ, ਆਉਣੇ ਸ਼ੁਰੂ ਹੋ ਜਾਣਗੇ।

ਤੀਸਰੀ ਇਹ ਹੁੰਦੀ ਹੈ ਕਿ ਖਾਲੀ ਹੋ ਕੇ ਆਉ - ਨਿਰ-ਅਭਿਮਾਨ ਹੋ ਕੇ। ਜੇ ਅਭਿਮਾਨ ਦੇ ਨਾਲ ਆਉਗੇ, ਫੇਰ ਲੈਣ-ਦੇਣ ਨੂੰ ਕੁਛ ਨਹੀਂ। ਕੋਈ ਬਣ ਕੇ ਆ ਜਾਵੇ ਕਿ ਮੈਂ ਫਲਾਣਾ ਜੀ, ਮੈਂ ਧਿਮਕਾ ਜੀ; ਐਥੇ ਤਾਂ ਗੁਰੂ ਦੇ ਦਰ ਤੇ ਕੋਈ ਕੁਛ ਨਹੀਂ ਹੈ। ਅਸੀਂ ਤਾਂ ਮੰਗਤੇ ਹਾਂ, ਝੋਲੀ ਅੱਡ ਕੇ ਆਉਂਦੇ ਹਾਂ, "ਪਾਤਸ਼ਾਹ! ਆਹ ਦੇ-ਦੇ, ਆਹ ਦੇ-ਦੇ, ਆਹ ਦੇ-ਦੇ।' ਮਿਲ ਜਾਂਦੈ।

ਇਕ ਵਾਰੀ ਸਾਡਾ ਦੀਵਾਨ ਲੱਗਿਆ ਹੋਇਆ ਸੀ - ਰਤਨਗੜ੍ਹ। ਇਹੀ ਬਚਨ ਮੈਂ ਬੇਨਤੀ ਕਰਦਾ ਸੀ। ਮੈਂ ਕਿਹਾ ਕਿ ਗੁਰੂ ਦੇ ਦਰ ਤੇ ਸਭ ਕੁਛ ਮਿਲ ਜਾਂਦੈ, ਮੰਗ ਲਉ ਕੀ ਲੈਣੈ। ਇਕ ਬੀਬੀ ਨੇ ਮੰਗ ਲਿਆ। ਬਾਕੀਆਂ ਤੋਂ ਤਾਂ ਲੰਘ ਗਈ ਗੱਲ। ਜਦੇ ਹੀ ਸਕਿੰਟ ਹੀ ਹੁੰਦੈ ਉਹ ਗੱਲ ਦਾ। ਉਹ ਕਹਿੰਦੀ, ਮਹਾਰਾਜ! ਮੇਰਾ ਦਮਾ ਹਟ ਜਾਵੇ, ਬਹੁਤ ਦੁਖੀ ਹਾਂ ਦਮੇ ਤੋਂ। ਉਹ ਮਹੀਨੇ ਕੁ ਬਾਅਦ ਆ ਗਈ - ਰੁਮਾਲਾ ਕੋਲ ਐ, 51 ਰੁਪਈਏ ਨੇ, ਕਹਿੰਦੀ, ਮੇਰੀ ਅਰਦਾਸ ਕਰਾ ਦਿਉ। ਬੀਬੀ ਨੇ ਅਰਦਾਸ ਲਿਖ ਲਈ। ਕਾਹਦੀ ਅਰਦਾਸ ਹੈ? ਕਹਿੰਦੀ, ਉਥੇ ਦੀਵਾਨ ਵਿਚ ਜਦੋਂ ਤੁਸੀਂ ਇਹ ਕਹਿੰਦੇ ਸੀ ਕਿ ਮੰਗੋ ਕੀ ਮੰਗਦੇ ਓਂ; ਮੈਂ ਮੰਗ ਲਿਆ ਕਿ ਮੇਰਾ ਦਮਾ ਹਟ ਜਾਵੇ। ਮੇਰਾ ਦਮਾ ਹਟ ਗਿਆ - ਬਿਨਾਂ ਦਵਾਈ ਖਾਧੇ। ਸੋ ਮੈਂ ਸੁੱਖਿਆ ਸੀ ਕਿ ਮੈਂ 51 ਰੁਪਈਏ ਤੇ

ਇਕ ਰੁਮਾਲਾ ਮਹਾਰਾਜ ਦੇ ਜਾ ਕੇ ਭੇਟਾ ਕਰੂੰ। ਸੋ ਇਹ ਉਹਨੂੰ ਮਿਲਦੈ ਜਿਹੜਾ ਸ਼ਰਧਾ ਦੀ ਝੋਲੀ ਲੈ ਕੇ ਆਉਂਦੈ, ਨਿਮ੍ਰਤਾ ਦੇ ਨਾਲ ਆਉਂਦੈ। ਜੇ ਨਿਮ੍ਰਤਾ ਨ ਹੋਵੇ ਤਾਂ ਇਕ ਦੋਸ਼ ਲਗਦੈ। ਉਹ ਸਮਝ ਲਉ ਕਿਹੜੀ ਗੱਲ ਹੈ -

ਧਾਰਨਾ - ਬਾਂਸ ਰਹਿ ਗਿਆ ਸੁਗੰਧੀਓਂ ਖਾਲੀ,

ਨੇੜੇ ਰਹਿ ਕੇ ਚੰਦਨ ਦੇ - 2, 2.

ਮੇਰੇ ਪਿਆਰੇ, ਨੇੜੇ ਰਹਿ ਕੇ ਚੰਦਨ ਦੇ - 2, 2.

ਬਾਂਸ ਰਹਿ ਗਿਆ ਸੁਗੰਧੀਓਂ ਖਾਲੀ,.............-2

***ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ ॥***
***ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥ ਅੰਗ - 1365***

ਚੰਦਨ ਕਿਸੇ ਜੰਗਲ ਵਿਚ ਹੋਵੇ, ਸਾਰਾ ਜੰਗਲ ਚੰਦਨ ਬਣ ਜਾਂਦੈ।

***ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥***
***ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥ ਅੰਗ - 1365***

ਲੇਕਿਨ ਇਕ ਦਰਖਤ ਹੈ - ਬਾਂਸ, ਜਿਹਦੇ ਮਨ ਵਿਚ ਹੰਕਾਰ ਹੈ ਤੇ ਅੰਦਰ ਅੱਗ ਭਰੀ ਹੋਈ ਹੈ - ਇਹ ਦੋ ਦੋਸ਼ ਨੇ ਇਹਦੇ ਅੰਦਰ। ਇਹ ਨਿਵਦਾ ਨਹੀਂ ਹੈ ਕਿਉਂਕਿ ਇਹ ਬਡਾਈ ਵਿਚ ਡੁੱਬ ਗਿਆ - 'ਕਬੀਰ ਬਾਂਸ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥ ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥' ਨੇੜੇ ਰਹਿ ਕੇ ਚੰਦਨ ਦੇ, ਬਾਂਸ ਵਿਚੋਂ ਸੁਗੰਧੀ ਨਹੀਂ ਆਉਂਦੀ।

ਸੋ ਨਿਰ-ਅਭਿਮਾਨ ਹੋ ਕੇ ਜਦੋਂ ਨਿਮ੍ਰਤਾ ਦੇ ਨਾਲ ਆਉਂਦੇ ਹਾਂ, ਫੇਰ ਸਾਨੂੰ ਫਲ ਪ੍ਰਾਪਤ ਹੋਇਆ ਕਰਦੈ। ਇਸ ਤਰ੍ਹਾਂ ਚਿੱਤ ਦੀ ਇਕਾਗਰਤਾ, ਬਚਨ ਕਮਾਉਣਾ; ਬਚਨਾਂ ਨੂੰ ਪਹਿਲਾਂ ਏਥੇ ਸੁਣੋ, ਫੇਰ ਘਰ ਜਾ ਕੇ ਯਾਦ ਕਰੋ, ਫੇਰ ਪੂਰਾ-ਪੂਰਾ ਫਲ ਪ੍ਰਾਪਤ ਹੁੰਦੈ - ਇਹ ਚੌਥੀ ਗੱਲ ਹੋਇਆ ਕਰਦੀ ਹੈ।

ਸੋ ਬੁੱਧੂ ਸ਼ਾਹ, ਗੁਰੂ ਦਸ਼ਮੇਸ਼ ਪਿਤਾ ਦੇ ਦਰਸ਼ਨ ਕਰਨ ਆ ਰਿਹੈ। ਪੰਜ ਚਾਰ ਸੌ ਮੁਰੀਦ ਨਾਲ ਲੈ ਲਿਆ। ਅਸੂਲ ਇਹ

ਹੁੰਦੈ ਕਿ ਜੇ ਸਾਧੂ ਨੂੰ ਮਿਲਣ ਜਾਣਾ ਹੋਵੇ ਤਾਂ ਇਵੇਂ ਜਾਈਦੈ –

***ਕਬੀਰ ਸਾਧੂ ਕਉ ਮਿਲਨੇ ਜਾਈਐ ਸਾਥਿ ਨ ਲੀਜੈ ਕੋਇ ॥***
***ਪਾਛੈ ਪਾਉ ਨ ਦੀਜੀਐ ਆਗੈ ਹੋਇ ਸੁ ਹੋਇ ॥ ਅੰਗ – 1370***

ਬਹੁਤੇ ਬੰਦਿਆਂ 'ਚ ਤਾਂ ਗੱਲ ਹੀ ਨਹੀਂ ਹੁੰਦੀ, ਬਚਨ ਹੀ ਨਹੀਂ ਹੁੰਦਾ। ਜਿਹੜੀ ਗੁਪਤ ਗੱਲ ਕਰਨੀ ਹੈ, ਕਦੇ ਨਹੀਂ ਕਰਦਾ। ਜੇ ਨਾਲ ਦਿਆਂ ਨੂੰ ਕਹਿ ਦਿਉ ਕਿ ਪਰ੍ਹੇ ਚਲੇ ਜਾਓ, ਮੈਂ ਗੱਲ ਕਰਨੀ ਹੈ ਤਾਂ ਗੁੱਸੇ ਹੋ ਜਾਂਦੇ ਨੇ ਤੇ ਕਹਿੰਦੇ ਨੇ ਕਿ ਸਾਨੂੰ ਕਾਹਨੂੰ ਨਾਲ ਲਿਆਇਆ ਸੀ ਜੇ ਇਕੱਲੇ ਨੇ ਹੀ ਮਿਲਣਾ ਸੀ? ਹੁਣ ਨੇੜੇ ਆ ਗਿਆ। ਨੇੜੇ ਹੋ ਕੇ ਪਹਿਲਾਂ ਤਾਂ ਖਿਆਲ ਆਇਆ ਕਿ ਆਹਾ......ਹਾ......ਐਨੇ ਸੋਹਣੇ, ਐਨੇ ਸੁਨੱਖੇ, ਇਹ ਤਾਂ ਨਿਰਾ ਨੂਰ ਦਾ ਮੁਜਸਮਾ ਬੈਠਾ ਹੈ। ਦਰਸ਼ਨ ਖਿੱਚ ਪਾਉਂਦੇ ਨੇ – ਮਹਾਂਪੁਰਸ਼ਾਂ ਦੇ, ਸਾਧਸੰਗਤਿ ਜੀ, ਹਰੇਕ ਦੇ ਅੰਦਰ ਚਲੇ ਜਾਂਦੇ ਨੇ। ਖਿੱਚ ਪੈ ਗਈ, ਝੱਲਿਆ ਨਹੀਂ ਜਾਂਦਾ ਝਲਕਾਰਾ – ਗੁਰੂ ਦਸ਼ਮੇਸ਼ ਪਿਤਾ ਦੇ ਦਰਸ਼ਨਾਂ ਦਾ। ਲੇਕਿਨ ਨਾਲ ਅਭਿਮਾਨ ਆ ਗਿਆ ਥੋੜ੍ਹਾ ਜਿਹਾ। ਮਨ ਵਿਚ ਕਹਿਣ ਲੱਗਿਆ, ਮੈਂ ਵੀ ਪੀਰ ਹਾਂ; ਜੇ ਮੈਂ ਜਾ ਕੇ ਚਰਨ ਫੜ ਲਏ, ਫੇਰ ਕੀ ਹੋਏਗਾ ਮੇਰੇ ਮੁਰੀਦ ਮੈਨੂੰ ਇਹ ਗੱਲ ਕਹਿਣਗੇ ਕਿ ਐਡਾ ਵੱਡਾ ਪੀਰ ਹੋ ਕੇ ਹਿੰਦੂ ਦੇ ਚਰਨਾਂ ਤੇ ਡਿੱਗ ਪਿਆ, ਸਿਜਦਾ ਕਰਦੈ। ਬਦਨਾਮੀ ਹੋਏਗੀ ਤੇ ਬੜਾ ਇਹ ਤਾਂ ਅਨਰਥ ਹੋ ਜਾਏਗਾ, ਇਨ੍ਹਾਂ ਦੀ ਸ਼ਰਧਾ ਟੁੱਟ ਜਾਏਗੀ। ਇਹ ਗੱਲ ਡੋਬ ਦਿਆ ਕਰਦੀ ਹੈ –

***ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ ॥***
***ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥***
***ਅੰਗ – 1369***

ਬਹੁਤੇ ਚੇਲੇ ਬਣਾ ਲਏ, ਉਨ੍ਹਾਂ ਦਾ ਹੀ ਫਿਕਰ ਪੈ ਗਿਆ – ਕਪੜੇ ਲੀੜੇ ਦਾ। ਮਿਲਣਾ ਤਾਂ ਰੱਬ ਨੂੰ ਸੀ, ਇਕੱਲੇ ਬੈਠ ਕੇ ਬੰਦਗੀ ਕਰਨੀ ਸੀ, ਪਰ ਹੋਰ ਏ ਕੁਛ ਬਣ ਗਿਆ।

ਸੋ ਉਹਨੇ ਹੋਰ ਏ ਕੁਛ ਬਣਾ ਦਿਤਾ। ਮਨ ਵਿਚ ਖਿਆਲ ਆ ਗਿਆ ਕਿ ਜੇ ਇਕੱਲਾ ਆਉਂਦਾ ਤਾਂ ਜਦੇ ਈ ਮਿਲ ਜਾਂਦਾ

ਰੱਬ। ਨੇੜੇ ਆ ਗਿਆ ਪਰ ਮਨ ਵਿਚ ਖਿਆਲ ਆ ਗਿਆ ਕਿ ਮੱਥਾ ਨਹੀਂ ਟੇਕਣਾ, ਹੱਥ ਮਿਲਾਉਣੈ। ਨੇੜੇ ਆ ਕੇ ਹੱਥ ਮਿਲਾ ਲਿਆ। ਮਹਾਰਾਜ ਕਹਿੰਦੇ, "ਬੈਠੋ ਪੀਰ ਜੀ, ਕਿਵੇਂ ਆਏ?" ਕਹਿਣ ਲੱਗੇ, "ਗੁਰੂ ਜੀ, ਮੈਂ ਬਹੁਤ ਦੇਰ ਦਾ ਇਕ ਸਵਾਲ ਹੱਲ ਕਰਨ ਦੀ ਕੋਸ਼ਿਸ਼ ਵਿਚ ਹਾਂ ਤੇ ਉਹਦਾ ਹੱਲ ਤੁਸੀਂ ਕਰ ਦਿਉ।" ਇਸ ਤਰ੍ਹਾਂ ਬੇਨਤੀ ਕਰਦੈ –

***ਧਾਰਨਾ – ਮੈਨੂੰ ਦੱਸਿਓ ਸੁਹਾਗਣ ਸਹੀਓ,***
***ਕਿਵੇਂ ਤੁਸੀਂ ਰਾਵਿਆ ਰਾਮ ਪਿਆਰਾ – 2, 2.***

"ਮਹਾਰਾਜ, ਮੈਂ ਅੱਲਾ ਨੂੰ ਮਿਲਣਾ ਚਾਹੁੰਦਾ –

***ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ ॥***
***ਹਰਿ ਕੇ ਸੰਤ ਬਤਾਵਹੁ ਮਾਰਗੁ ਹਮ ਪੀਛੈ ਲਾਗਿ ਚਲੀ ॥***
***ਅੰਗ – 527***

ਮੈਨੂੰ ਦੱਸ ਦਿਉ ਤੁਸੀਂ –

***ਦੇਹੁ ਸੰਦੇਸਰੋ ਕਹੀਅਉ ਪ੍ਰਿਅ ਕਹੀਅਉ ॥***
***ਬਿਸਮੁ ਭਈ ਮੈ ਬਹੁ ਬਿਧਿ ਸੁਨਤੇ***
***ਕਹਹੁ ਸੁਹਾਗਨਿ ਸਹੀਅਉ ॥ ਅੰਗ – 700***

ਸੁਣਦਾ ਤਾਂ ਹਾਂ ਮੈਂ ਅੱਲਾ ਤਾਲਾ ਬਾਰੇ ਲੇਕਿਨ ਮੈਨੂੰ ਸੰਦੇਸਰਾ ਦੇ ਦਿਉ ਕਿ ਕਿਵੇਂ ਮਿਲਦੈ –

***ਕੋ ਕਹਤੋ ਸਭ ਬਾਹਰਿ ਬਾਹਰਿ ਕੋ ਕਹਤੋ ਸਭ ਮਹੀਅਉ ॥***
***ਅੰਗ – 700***

ਕੋਈ ਕਹਿੰਦੈ, ਬਾਹਰ ਹੀ ਹੈ ਵਾਹਿਗੁਰੂ, ਸੱਤਵੇਂ ਆਸਮਾਨ ਤੇ ਰਹਿੰਦੈ, ਤੇ ਇਹ ਕੁਦਰਤ ਵਿਚ ਨਹੀਂ ਵਸਦਾ; ਕੋਈ ਕਹਿੰਦੈ ਕਿ ਅੰਦਰ ਹੀ ਰਹਿੰਦੈ।

***ਬਰਨੁ ਨ ਦੀਸੈ ਚਿਹਨੁ ਨ ਲਖੀਐ ਸੁਹਾਗਨਿ ਸਾਤਿ ਬੁਝਹੀਅਉ ॥***
***ਅੰਗ – 700***

"ਮੈਨੂੰ ਸਹੀ ਗੱਲ ਦੱਸੋ ਕ੍ਰਿਪਾ ਕਰਕੇ ਕਿ ਅੱਲਾ ਤਾਲਾ ਦਾ ਮੇਲ ਕਿਵੇਂ ਹੁੰਦੈ?"

"ਬੁੱਧੂ ਸ਼ਾਹ! ਅੱਲਾ ਤਾਲਾ ਦਾ ਮੇਲ! ਜਿਵੇਂ ਦਿਨ ਤੇ

ਰਾਤ ਦਾ ਹੁੰਦੈ।''

ਹੈਰਾਨ ਹੋ ਗਿਆ ਕਿ ਦਿਨ ਤੇ ਰਾਤ ਤਾਂ ਕਦੇ ਮਿਲਦੇ ਹੀ ਨਹੀਂ। ਜਦ ਦਿਨ ਆਉਂਦੈ, ਰਾਤ ਨਹੀਂ ਰਹਿੰਦੀ; ਇਹਦਾ ਮੇਲ ਕੀ ਹੋਇਆ? ਮੇਲ ਤਾਂ ਉਹ ਹੁੰਦੈ ਜਦ ਦੋਇ ਰਹਿਣ - ਰਾਤ ਵੀ ਰਹੇ ਤੇ ਦਿਨ ਵੀ ਰਹੇ। ਸੋਚਣ ਲਗ ਗਿਆ। ਮਹਾਰਾਜ ਕਹਿੰਦੇ -

''ਕਿਵੇਂ ਹੈ?''

''ਸੱਚੇ ਪਾਤਸ਼ਾਹ! ਕਿਵੇਂ ਮੇਲਾ ਹੋਵੇ?'' ਦੁਬਾਰਾ ਫੇਰ ਕਹਿੰਦਾ ਕਿਉਂਕਿ ਅੰਦਰ ਏ ਗੱਲ ਕਰ ਲਈ ਸੀ ਕਿ ਰਾਤ ਤੇ ਦਿਨ ਦਾ ਮੇਲ ਤਾਂ ਹੁੰਦਾ ਈ ਨਹੀਂ।

''ਜਿਵੇਂ ਤੂੰ ਸਮਝਦੈਂ, ਉਵੇਂ ਜਿਵੇਂ ਹੀ।''

ਫੇਰ ਹੈਰਾਨ ਹੋ ਗਿਆ ਪਰ ਹੁਣ ਕਹਿ ਨਹੀਂ ਸਕਦਾ ਕਿਉਂਕਿ ਚੇਲੇ ਨਾਲ ਨੇ - ਮੁਰੀਦ, ਕਿ ਜੇ ਮੈਂ ਇਹ ਗੱਲ ਕਹਿ ਦਿਤੀ ਤਾਂ ਇਹ ਕਹਿਣਗੇ ਕਿ ਸਾਡੇ ਪੀਰ ਨੂੰ ਤਾਂ ਪਤਾ ਹੀ ਨਹੀਂ ਇਸ ਗੱਲ ਦਾ। ਫੇਰ ਕਹਿਣ ਲੱਗਿਆ -

''ਮਹਾਰਾਜ, ਰਾਤ ਜਦ ਆਉਂਦੀ ਹੈ ਤਾਂ ਦਿਨ ਨਹੀਂ ਹੁੰਦਾ ਤੇ ਜਦ ਦਿਨ ਚੜ੍ਹਦੈ ਤਾਂ ਰਾਤ ਖਤਮ ਹੋ ਜਾਂਦੀ ਹੈ; ਮੇਲ ਕਿਵੇਂ ਹੋਇਆ?''

''ਇਵੇਂ ਜਿਵੇਂ ਜਦ ਦਿਨ ਚੜ੍ਹਨੈ, ਰਾਤ ਨੇ ਮੁੱਕ ਜਾਣੈ।''

ਅਜੇ ਵੀ ਗੱਲ ਸਮਝ 'ਚ ਨਹੀਂ ਆਈ। ਫੇਰ ਕਹਿਣ ਲੱਗਿਆ, ''ਮਹਾਰਾਜ, ਮੈਂ ਸਮਝਿਆ ਨਹੀਂ। ਕ੍ਰਿਪਾ ਕਰਕੇ ਸਮਝਾ ਦਿਉ।''

''ਬੁੱਧੂਸ਼ਾਹ! ਇਹ ਜਦੋਂ ਤਕ ਮੈਂ ਹੁੰਦੀ ਐ ਨ, ਇਹ ਤਾਂ ਹੈਗੀ ਰਾਤ; ਜਦ ਦਿਨ ਚੜ੍ਹ ਜਾਂਦੈ, ਰੱਬ ਆ ਜਾਂਦੈ। ਉਸ ਵੇਲੇ ''ਮੈਂ'' ਮਰ ਜਾਂਦੀ ਐ, 'ਮੈਂ' ਨੀਂ ਰਹਿੰਦੀ। ਉਸ ਵੇਲੇ ਪਰਮੇਸ਼ਰ-ਹੀ-ਪਰਮੇਸ਼ਰ ਰਹਿ ਜਾਂਦੈ। ਐਹ ਮੇਲ ਹੋਇਆ ਕਰਦੈ।''

''ਫੇਰ ਮਹਾਰਾਜ, ਅਸੀਂ ਰੂਹ ਨਹੀਂ ਹਾਂ?''

''ਰੂਹ ਤਾਂ ਹੈਗੇ ਪਰ ਤੂੰ ਝੂਠੀ ਰੂਹ ਨੂੰ ਰੂਹ ਕਹਿਨੈ। ਝੂਠ ਨੂੰ ਫੜੀਂ ਬੈਠੈਂ ਤੇ ਸੱਚੀ ਰੂਹ ਨੂੰ ਨਹੀਂ ਤੂੰ ਪਛਾਣ ਸਕਦਾ। ਰੱਬ ਤਾਂ ਤੇਰੇ ਅੰਦਰ ਰਹਿੰਦੈ। ਉਹ ਝੂਠੀ ਰੂਹ ਜਿਹੜੀ ਤੇਰੀ ਬਣ ਗਈ, ਜਿਹੜੀ ਝੂਠੀ 'ਮੈਂ' ਬਣਾਈ ਬੈਠੈਂ, ਇਹ ਬਣ ਗਈ ਹਉਮੈ ਨਾਲ, ਪਰ ਹੈ ਨਹੀਂ। ਅਮਰ ਵੇਲ ਦੀ ਜਿਵੇਂ ਜੜ੍ਹ ਨਹੀਂ ਹੁੰਦੀ, ਇਹ ਕੇਵਲ ਬੇਰੀ ਦੇ ਆਸਰੇ ਜਾਂ ਦਰਖਤ ਦੇ ਆਸਰੇ ਵਧਦੀ ਫੁੱਲਦੀ ਹੈ। ਇਸੇ ਤਰ੍ਹਾਂ ਇਹ ਬੁੱਧੀ ਦੇ ਆਸਰੇ 'ਮੈਂ' ਵਧਦੀ ਐ। ਫੇਰ ਇਹਨੇ ਕੁਛ ਦਾ ਕੁਛ ਬਣਾ ਦਿਤਾ। ਜਿਹੜਾ ਅੰਤਸ਼ਕਰਨ ਹੈ ਜਿਹਦੇ ਵਿਚ ਮਨ ਹੁੰਦੈ, ਬੁੱਧੀ ਹੁੰਦੀ ਐ, ਚਿਤ ਹੁੰਦੈ, ਅਹੰ-ਭਾਵ ਹੁੰਦੈ; ਉਹਦੇ ਵਿਚ ਜੀਵ ਵਸ਼ਿਸ਼ਟ ਹੁੰਦੈ। ਜਿਹੜਾ ਉਹਨੂੰ ਦੇਖਣ ਵਾਲਾ ਹੁੰਦੈ, ਉਹ ਸਾਖੀ ਹੁੰਦੈ, ਤੇ ਤੂੰ ਸਾਖੀ ਹੈਂ। ਤੂੰ ਦਿਖਣ ਵਾਲੀ ਚੀਜ਼ ਨਹੀਂ, ਤੂੰ ਦੇਖਣ ਵਾਲਾ ਹੈਂ।'' ਇਸ ਤਰ੍ਹਾਂ ਦੇ ਨਾਲ ਸਮਝਾਉਂਦੇ ਨੇ।

''ਮਹਾਰਾਜ, ਮੈਂ ਸਮਝਿਆ ਨੀਂ।''

''ਦੇਖ ਭਾਈ, ਤੈਨੂੰ ਸਿੱਧੀ ਗੱਲ ਸਮਝਾਉਂਦੇ ਹਾਂ - ਮੋਟੇ ਅੱਖਰਾਂ ਵਿਚ। ਉਹ ਇਹ ਹੈ ਕਿ ਰੱਬ ਤਾਂ ਰਹਿੰਦੈ ਤੇਰੇ ਨਾਲ, ਪਰ ਇਕ ਕੰਧ ਬਣਾ ਲਈ ਤੈਂ ਆਪੇ ਹੀ। ਉਸਨੂੰ ਮਹਾਰਾਜ ਝੂਠ ਦੀ ਕੰਧ ਕਹਿੰਦੇ ਨੇ।'' ਸਿੱਧਾਂ ਨੇ ਪੁੱਛਿਆ ਸੀ -

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੂਟੈ ਪਾਲਿ॥ ਅੰਗ - 1***

ਹੇ ਨਾਨਕ! ਇਹ ਦੱਸ ਕਿ ਝੂਠ ਦੀ ਕੰਧ, ਜਿਹੜੀ ਹੈ ਨਹੀਂ, ਪਰ ਬਣ ਗਈ; ਇਹ ਕਿਵੇਂ ਟੁੱਟੇ? ਕਈ ਪ੍ਰੇਮੀ ਕਹਿੰਦੇ ਨੇ ਕਿ ਝੂਠ ਦੀ ਵੀ ਕੰਧ ਬਣ ਜਾਂਦੀ ਐ! ਚੀਜ਼ ਹੋਵੇ ਨ, ਤੇ ਹੋਵੇ ਵੀ। ਰੋਜ਼ ਦੇਖਦੇ ਹੋ ਤੁਸੀਂ - ਸੜਕ ਦੇ ਉਤੇ ਗੱਡੀ ਚਲਾਓ, ਮੀਂਹ ਦਾ ਨਾਮ-ਨਿਸ਼ਾਨ ਨਾ ਹੋਵੇ, ਜੇਠ ਦਾ ਮਹੀਨਾ ਹੋਵੇ; ਦੂਰੋਂ ਹੈਂ ਲਗਦੈ ਜਿਵੇਂ ਬਾਰਸ਼ ਪਈ ਹੁੰਦੀ ਹੈ। ਦਰਖਤਾਂ ਦੇ ਪਰਛਾਵੇਂ ਸੜਕ ਵਿਚ ਨਜ਼ਰ ਆਉਂਦੇ ਨੇ। ਬੀਕਾਨੇਰ ਵਿਚ ਚਲੇ ਜਾਓ,

ਉਥੇ ਜਾ ਕੇ ਰੜੇ ਮੈਦਾਨਾਂ ਵਿਚ ਦੇਖੋ। ਪਿਆਸ ਲੱਗੀ ਹੋਵੇ, ਹੈ ਲਗਦੈ ਕਿ ਅੱਧ ਕੁ ਫਰਲਾਂਗ ਤੇ, ਅੱਧੇ ਕੁ ਕਿਲੋਮੀਟਰ ਤੇ ਅਗਾਹਾਂ ਔਹ ਦੇਖੋਂ ਦਰਿਆ ਚਲਦੈ। ਦਰਖਤਾਂ ਦੇ ਪਰਛਾਵੇਂ ਧਰਤੀ ਵਿਚ ਦੀਂਹਦੇ ਨੇ, ਪਰ ਹੈ ਤਾਂ ਨਹੀਂ।

ਮਹਾਰਾਜ ਕਹਿੰਦੇ, ਇਵੇਂ ਜਿਵੇਂ ਇਹ ਜਿਹੜੀ 'ਮੈਂ' ਹੈ, ਬੱਸ ਇਹ ਹੀ ਕੰਮ ਕਰਦੀ ਐ ਕਿ ਚੀਜ਼ ਅਸਲੀ ਹੈ ਨਹੀਂ, ਭੁਲੇਖਾ ਪਾ ਛੱਡਦੀ ਐ। ਇਹ ਤੇਰੇ, ਤੇ ਰੱਬ ਦੇ ਵਿਚ ਭੁਲੇਖਾ ਪਾ ਕੇ, ਜਿਹੜਾ ਰੱਬ ਤੇਰੇ ਕੋਲ ਰਹਿੰਦੈ, ਉਹਨੂੰ ਦਿਖਣ ਨਹੀਂ ਦਿੰਦੀ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਰੱਬ ਤੇਰੇ ਓ, ਅੰਦਰ ਵਸਦੈ - 2, 2.***
***ਕੰਧ ਹਉਮੈ ਦੀ ਦਿਸਣ ਨਾ ਦੇਵੇ - 2, 2.***

"ਪੀਰ ਜੀ, ਰੱਬ ਨੂੰ ਮਿਲਣਾ ਚਾਹੁੰਨੈਂ? ਰੱਬ ਤਾਂ ਦੂਰ ਨਹੀਂ ਹੈ, ਤੇਰੇ ਬਿਲਕੁਲ ਨਾਲ ਰਹਿੰਦੈ" -

***ਧਨ ਪਿਰ ਕਾ ਇਕ ਹੀ ਸੰਗਿ ਵਾਸਾ............॥ਅੰਗ - 1263***

"ਫੇਰ ਮਹਾਰਾਜ, ਦਿਸਦਾ ਕਿਉਂ ਨੀਂ"

"ਇਹ ਝੂਠੀ 'ਮੈਂ' ਬਣਾਈ ਬੈਠੈਂ। ਇਹ 'ਮੈਂ' ਨੂੰ ਛੱਡ ਦੇ, ਇਹ ਝੂਠੀ ਐ। ਉਸੇ ਵੇਲੇ ਕੰਧ ਟੁੱਟ ਜਾਏਗੀ।"

***....................................ਵਿਚਿ ਹਉਮੈ ਭੀਤਿ ਕਰਾਰੀ॥***
***ਅੰਗ - 1263***

"ਕਰਾਰੀ ਹੈ, ਛੱਡ ਨਹੀਂ ਹੁੰਦੀ, ਜੋਰ ਲਾ ਲਉ।"

***ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ॥***
***ਅੰਗ - 1263***

"ਪਹਿਲਾਂ ਤਾਂ 'ਮੈਂ' ਪੈਦਾ ਹੁੰਦੀ ਐ, ਪੀਰ ਜੀ! ਇਹਦੇ ਨਾਲ ਇਕ ਹੋਰ ਬਿਮਾਰੀ ਆਉਂਦੀ ਐ, ਉਹਨੂੰ 'ਮੇਰੀ' ਕਹਿੰਦੇ ਨੇ; ਇਕ 'ਮੈਂ' ਬਣ ਗਈ, ਇਕ 'ਮੇਰੀ' ਬਣ ਗਈ -

***ਜਬ ਲਗੁ ਮੇਰੀ ਮੇਰੀ ਕਰੈ॥ ਤਬ ਲਗੁ ਕਾਜੁ ਏਕੁ ਨਹੀ ਸਰੈ॥ ॥***
***'ਅੰਗ - 1160***

ਕੁਛ ਵੀ ਨਹੀਂ ਬਣਦਾ ਜਦ ਤਾਂਈ 'ਮੇਰੀ-ਮੇਰੀ' ਕਰਦੈ। ਐਨਾ ਹੀ ਨਹੀਂ, ਜਦ ਕਹਿੰਦੈ - ਮੈਂ ਕਰਦਾਂ, ਮੈਂ ਦਾਨ ਦਿੰਨਾਂ, ਮੈਂ ਫਲਾਣੇ ਦੀ ਮਦਦ ਕਰਦਾਂ, ਮੈਂ ਫਲਾਣੇ ਦੀ ਮਦਦ ਕਰੀ; ਫੇਰ ਕੀ ਹੋਊ? ਜੇ ਉਹ ਮਦਦ ਦਾ ਜਵਾਬ ਨ ਦੇਵੇ, ਫੇਰ ਗੁੱਸਾ, ਕਰੋਧ ਵਧਦੈ ਕਿ ਮੈਂ ਉਹਦੇ ਨਾਲ ਇਹ ਭਲਾ ਕੀਤਾ, ਉਹਨੇ ਇਕ ਨਹੀਂ ਜਾਣੀ। ਕ੍ਰੋਧ ਵਧ ਗਿਆ ਨ! ਕਿਉਂਕਿ ਗੱਲ ਦਿਮਾਗ ਵਿਚ ਗਲਤ ਆ ਗਈ। ਮਹਾਰਾਜ ਕਹਿੰਦੇ, ਜਿੰਨਾਂ ਚਿਰ ਇਹ ਕਹਿੰਦੈ ਕਿ 'ਮੈਂ' ਕਰਦਾਂ, ਓਨਾਂ ਚਿਰ ਇਹਨੂੰ ਸਜ਼ਾ ਮਿਲਦੀ ਰਹਿੰਦੀ ਐ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਪਿਆਰੇ ਜੀ, ਜਬ ਇਹ ਜਾਨੇ,***
***ਮੈਂ ਕਿਛ ਕਰਤਾ - 2, 2***
***ਤਬ ਲਗ ਜੰਮਦਾ ਮਰਦਾ ਰਹਿੰਦਾ - 2, 2.***

ਦਸਮੇਸ਼ ਪਿਤਾ ਕਹਿਣ ਲੱਗੇ, ਬੁੱਧੂ ਸ਼ਾਹ! ਇਹ ਬਿਮਾਰੀ ਲਗ ਗਈ ਮਨੁੱਖ ਨੂੰ - ਇਕ 'ਮੈਂ' ਦੀ, ਇਕ 'ਮੇਰੀ' ਦੀ। ਇਹ ਜਿਹੜੀ 'ਮੈਂ' ਹੈ, ਇਹ ਰਸਾਂ-ਕਸਾਂ ਵਿਚ ਲੈ ਜਾਂਦੀ ਐ। ਫੇਰ ਇਹ ਕਹਿੰਦੈ - 'ਮੈਂ ਕਰਿਆ, ਮੈਂ ਕਰਿਆ, ਮੈਂ ਕਰਿਆ'; ਇਹਦਾ ਨਤੀਜਾ ਕੀ ਹੁੰਦੈ? ਕ੍ਰੋਧ ਆਉਂਦੈ ਜੇ ਉਹਦਾ ਬਦਲਾ ਨ ਮਿਲੇ। ਹਰ ਕੰਮ ਕਰਨ ਤੋਂ ਬਾਅਦ ਇਹ ਕਹਿੰਦੈ ਕਿ ਮੈਂ ਨੇਕੀ ਕਰੀ ਹੈ, ਮੈਨੂੰ ਇਹ ਪੁੱਛਦੇ ਹੀ ਨਹੀਂ। ਸਿਆਣੇ ਬੰਦੇ ਤਾਂ ਇਹ ਕਹਿੰਦੇ ਨੇ - 'ਨੇਕੀ ਕਰ ਦਰਿਆ ਮੇਂ ਡਾਲ।' ਸੇਵਾ ਜੇ ਕਰਨੀ ਹੈ, ਨਿਰਮਾਣ ਹੋ ਕੇ ਕਰ। ਗੁਰਦਵਾਰਾ ਜੇ ਬਨਾਉਣੈ, ਨਿਰਮਾਣ ਹੋ ਕੇ ਸੇਵਾ ਕਰ। ਜੇ ਕਿਸੇ ਨੇ ਕੱਢ ਦਿਤਾ, ਫੇਰ ਔਖਾ ਹੁੰਦਾ ਫਿਰੇਂਗਾ। ਸੇਵਾ ਸਮਝ ਕੇ ਕਰ। ਜਦ 'ਮੈਂ' ਸਮਝ ਕੇ ਕਰੇਂਗਾ, 'ਮੇਰੀ' ਸਮਝ ਕੇ ਕਰੇਂਗਾ, ਫੇਰ ਫਸ ਗਿਆ -

***ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ॥***
***ਤਬ ਇਸ ਕਉ ਸੁਖੁ ਨਾਹੀ ਕੋਇ ॥***
***ਜਬ ਇਹ ਜਾਨੈ ਮੈ ਕਿਛੁ ਕਰਤਾ ॥***
***ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥*** ***ਅੰਗ - 278***

ਕਹਿੰਦੇ, ਐਸ ਤਰ੍ਹਾਂ ਤਾਂ ਨਹੀਂ ਰੱਬ ਮਿਲਦਾ। ਪਰਮੇਸ਼ਰ ਨਾਲੋਂ ਤੋੜਦੀ ਹੈ ਇਹ 'ਮੈਂ'। ਜਦ ਇਹ ਬਾਰ-ਬਾਰ 'ਮੈਂ-ਮੈਂ-ਮੈਂ-ਮੈਂ' ਕਰਦੈ, ਫੇਰ ਇਹ ਰੱਬ ਤੋਂ ਦੂਰ ਹੋ ਜਾਂਦੈ, ਫੇਰ ਝੂਠ ਦੇ ਨਾਲ ਪਿਆਰ ਪੈ ਜਾਂਦੈ ਇਹਦਾ। ਝੂਠ ਨਾਲ ਪਿਆਰ ਪੈਣ ਦੇ ਨਾਲ, ਜਿਹੜਾ ਰੱਬ, ਨਾਲ ਰਹਿੰਦੈ, ਉਹ ਚਿਤ-ਚੇਤੇ ਵੀ ਨਹੀਂ ਆਉਂਦਾ, ਭੁੱਲ ਜਾਂਦੈ -

***ਧਾਰਨਾ - ਤੈਨੂੰ ਵਿਸਰਿਆ ਕਰਤਾਰ, ਕੂੜੇ ਨੇਂਹੁੰ ਲਗ ਕੇ - 2, 2.***
***ਕੂੜੇ ਨੇਂਹੁੰ ਲਗ ਕੇ, ਕੂੜੇ ਨੇਂਹੁੰ ਲਗ ਕੇ - 2, 2.***

ਮਹਾਰਾਜ ਕਹਿੰਦੇ, "ਝੂਠੀ ਚੀਜ਼ ਨਾਲ ਪਿਆਰ ਪਾ ਕੇ, ਪੀਰ ਜੀ, ਰੱਬ ਭੁੱਲ ਗਿਆ। 'ਮੈਂ' ਵੀ ਤੇਰੀ ਝੂਠੀ, 'ਮੇਰੀ' ਵੀ ਝੂਠੀ।"

"ਮਹਾਰਾਜ! ਇਕ ਰਾਜਾ ਰਾਜ ਕਰਦੈ - ਮਕਾਨ ਬਣੇ ਹੋਏ ਨੇ, ਪਰਜਾ ਰਹਿ ਰਹੀ ਹੈ; ਦੇਸ਼ ਬਣਿਆ ਹੋਇਐ, ਵਿਚ ਬੰਦੇ ਰਹਿੰਦੇ ਨੇ; ਸੋਨਾ ਹੈ ਤੇ ਇਹਦੇ ਪਿਛੇ ਲੜ-ਲੜ ਦੁਨੀਆਂ ਮਰਦੀ ਹੈ, ਰੁਪਿਆ ਪੈਸਾ ਹੈ, ਬੈਂਕ ਬੈਲੈਂਸ ਨੇ, ਬੇਈਮਾਨੀ ਠੱਗੀ ਕਰਦੇ ਨੇ, ਰਿਸ਼ਵਤਾਂ ਲੈਂਦੇ ਨੇ, ਬਸਤ੍ਰ ਪਹਿਨਦੇ ਨੇ; ਮਹਾਰਾਜ! ਇਹ ਸਾਰਾ ਕੂੜ ਏ ਹੈ?"

"ਹਾਂ, ਬੁੱਧੂ ਸ਼ਾਹ! ਇਹ ਸਭ ਝੂਠ ਹੈ। ਦਰਅਸਲ ਹੈ ਨਹੀਂ ਇਹ। ਏਥੇ ਜੋ ਕੁਛ ਵੀ ਨਜ਼ਰ ਆਉਂਦੈ, ਜਿਹੜੀਆਂ ਗੱਲਾਂ ਤੂੰ ਕਹਿਨੈ, ਉਹ ਸਭ ਝੂਠ ਨੇ।" ਇਸ ਤਰ੍ਹਾਂ ਫੁਰਮਾਉਂਦੇ ਨੇ -

***ਧਾਰਨਾ - ਰਾਜਾ ਪਰਜਾ ਤੇ ਕੂੜ ਸੰਸਾਰ ਹੈ,***
***ਕੂੜ ਏਥੇ ਮੰਡਪ ਮਾੜੀਆਂ - 2, 2.***

***ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥***
***ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥***
***ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥***
***ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥***
***ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥***
***ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥ ਅੰਗ - 468***

"ਬੁੱਧੂ ਸ਼ਾਹ! ਇਹੀ ਰੌਲਾ ਪੈ ਗਿਆ। ਇਹ ਮਨੁੱਖ ਨੇ ਝੂਠ ਨਾਲ ਪਿਆਰ ਪਾ ਲਿਆ, ਜਿਹੜਾ ਹੈ ਹੀ ਨਹੀਂ। ਜਿਹੜਾ ਹੈਗਾ, ਤੇ ਕਿਤੇ ਵੀ ਨਹੀਂ ਜਾਂਦਾ, ਉਹਨੂੰ ਭੁੱਲ ਗਿਆ - 'ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥" ਹੈਰਾਨ ਹੋ ਗਿਆ। "ਮਹਾਰਾਜ! ਇਹ ਤਾਂ ਨਜ਼ਰ ਆਉਂਦੈ ਸਭ ਕੁਛ। ਹੱਥ ਲਾਈਏ, ਕੋਠੀਆਂ ਨੂੰ ਹੱਥ ਲਗਦੈ; ਦੁੱਖ ਹੋਵੇ, ਦੁੱਖ ਮੰਨਦੇ ਹਾਂ; ਕੋਈ ਪੁੱਤਰ ਧੀ ਗੁਜ਼ਰ ਜਾਵੇ ਤਾਂ ਦੁਖ ਮੰਨਦੇ ਹਾਂ; ਆ ਜਾਵੇ ਤਾਂ ਖੁਸ਼ੀ ਨਾਲ ਉਛਲਦੇ ਫਿਰਦੇ ਹਾਂ; ਇਹ ਕੀ ਮੁਆਮਲਾ ਹੈ ਫੇਰ?"

"ਇਹ ਕੂੜ ਦਾ ਅਡੰਬਰ ਰਚਿਆ ਹੋਇਐ। ਸਾਰੇ ਝੂਠ ਹੀ ਝੂਠ ਪਸਰਿਆ ਹੋਇਆ ਹੈ।"

ਮਹਾਰਾਜ ਨੇ ਇਸ ਦੇ ਸਬੰਧ ਵਿਚ ਇਕ ਬਾਤ ਲਿਖੀ ਹੈ - ਦਸਮ ਗ੍ਰੰਥ ਵਿਚ ਕਿ ਇਕ ਵਾਰੀ ਇਕ ਰਾਜੇ ਦੇ ਪਾਸ ਕੋਈ ਮਦਾਰੀ ਆ ਗਿਆ, ਹਿਪਨੋਟਾਈਜ਼ ਕਰਨ ਵਾਲਾ ਬੰਦਾ ਆ ਗਿਆ ਤੇ ਉਹਨੇ ਆ ਕੇ ਰਾਜੇ ਦੀ ਜੈ ਬੁਲਾਈ। ਕਹਿੰਦਾ, ਮਹਾਰਾਜ! ਮੈਂ ਜਾਦੂਗਰ ਹਾਂ ਤੇ ਮੈਂ ਬਹੁਤ ਕਿਸਮ ਦੇ ਜਾਦੂ ਜਾਣਦਾ ਹਾਂ ਤੇ ਮੈਨੂੰ ਜੇ ਇਜਾਜ਼ਤ ਹੋਵੇ ਤਾਂ ਮੈਂ ਖੇਲ੍ਹ ਦਿਖਾਵਾ। ਰਾਜਾ ਕਹਿਣ ਲੱਗਿਆ, ਜਾਦੂਗਰ! ਖੇਲ੍ਹ ਦੇਖਦਿਆਂ ਤਾਂ ਸਾਨੂੰ ਬਹੁਤ ਸਮਾਂ ਲੰਘ ਗਿਆ, ਪਰ ਕੋਈ ਐਸਾ ਜਾਦੂ ਦਿਖਾਈਂ ਜਿਹਦੇ ਨਾਲ ਦਿਲ ਵੀ ਲਗੇ ਤੇ ਸਿੱਖਿਆ ਵੀ ਆਵੇ। ਕਹਿੰਦਾ, ਅੱਛਾ ਮਹਾਰਾਜ। ਥੋੜ੍ਹੀ ਦੇਰ ਬਾਅਦ ਕਹਿੰਦਾ, ਮਹਾਰਾਜ, ਮੇਰੇ ਨਾਲ ਮੇਰੀ ਇਸਤ੍ਰੀ ਐ, ਇਹ ਦੇਖੋ ਕਿੰਨੀ ਸੁੰਦਰ ਹੈ। ਮੈਨੂੰ ਬੜਾ ਡਰ ਰਹਿੰਦੈ; ਜੇ ਇਹ ਇਕੱਲੀ ਰਹੀ, ਪਤਾ ਨਹੀਂ ਦੁਨੀਆਂ ਦੇ ਮਨ ਵਿਚ ਕਿਹੋ ਜਿਹੇ ਭੈੜੇ ਖਿਆਲ ਆਉਣ। ਇਹਦੀ ਰਾਖੀ ਦਾ ਕੋਈ ਬਚਨ ਦਿਓ, ਫੇਰ ਮੈਂ ਤੁਹਾਨੂੰ ਇਕ ਐਸਾ ਖੇਲ੍ਹ ਦਿਖਾਵਾਂਗਾ ਕਿ ਮੈਂ ਸਵਰਗ ਦੇ ਵਿਚ ਦੇਵਤਿਆਂ ਨਾਲ ਜਾ ਕੇ ਯੁੱਧ ਕਰਾਂਗਾ ਤੇ ਜਿਹੜੇ ਦੇਵਤੇ ਮੈਂ ਮਾਰਾਂਗਾ, ਉਹ ਮੈਂ ਥੱਲੇ ਸੁੱਟਦਾ ਜਾਵਾਂਗਾ, ਤੁਸੀਂ ਦਰਸ਼ਨ ਕਰ ਲਿਉ।

ਰਾਜਾ ਕਹਿਣ ਲੱਗਿਆ, "ਜਾਦੂਗਰ! ਦੇਖ, ਅਸੀਂ ਬਚਨ

ਦਿੰਦੇ ਹਾਂ ਕਿ ਇਹ ਸਾਡੀ ਧਰਮ ਦੀ ਧੀ ਹੋਈ, ਤੂੰ ਫਿਕਰ ਨ ਕਰ।" ਕਹਿੰਦਾ, "ਮਹਾਰਾਜ! ਰਾਜਿਆਂ ਦੇ ਬਚਨ ਦਾ ਕੋਈ ਇਤਬਾਰ ਨਹੀਂ ਹੁੰਦਾ। ਸਭ ਸਿਆਣੇ ਬੰਦੇ ਇਹ ਕਹਿੰਦੇ ਨੇ, ਜਿੰਨੇ ਵੀ ਦੁਨੀਆਂ ਵਿਚ ਅਕਲਮੰਦ ਨੇ; ਉਹ ਇਹ ਕਹਿੰਦੇ ਨੇ ਕਿ ਰਾਜਾ ਜਿਹੜਾ ਹੁੰਦੈ, ਉਹਦਾ ਬਚਨ ਨਹੀਂ ਕੋਈ ਵੀ ਹੁੰਦਾ। ਉਹਦਾ ਤਾਂ ਹਿਤ ਹੁੰਦੈ ਤੇ ਵਕਤ ਲੰਘਾਉਣ ਵਾਸਤੇ ਗੱਲ ਕਰਦਾ ਹੁੰਦੈ।"

ਗੁਰੂ ਦਸਮੇਂ ਪਾਤਸ਼ਾਹ ਨੇ, ਜਿਸ ਵੇਲੇ ਸਰਸਾ ਵਿਚੋਂ ਲੰਘਦੇ ਸੀ, ਉਸ ਵੇਲੇ ਇਹ ਬਚਨ ਸਿੰਘਾਂ ਨੂੰ ਦੱਸਿਆ ਸੀ ਪਰ ਲਿਖਣ ਵਾਲਿਆਂ ਨੇ ਉਲਟ-ਪੁਲਟ ਲਿਖ ਦਿਤਾ। ਬਚਨ ਇਹ ਦੱਸਿਆ ਸੀ ਕਿ ਸਿੰਘੋ! ਜੇ ਰਾਜਾ ਐਨੀਆਂ ਸੌਹਾਂ ਸੁਗੰਧਾਂ ਖਾਵੇ ਕਿ ਲਾਲ੍ਹਾ ਹੋਵੇ ਗੁੜ ਦਾ, ਉਹਦੇ ਵਿਚ ਬਾਂਹ ਲਵੇੜ ਲਵੇ, ਫੇਰ ਉਹਨੂੰ ਤਿਲਾਂ ਦੇ ਢੇਰ ਵਿਚ ਦੇ ਦੇਵੇ; ਜਿੰਨੇ ਤਿਲ ਲਗ ਜਾਣ, ਜੇ ਏਨੀਆਂ ਸੌਹਾਂ ਵੀ ਖਾਵੇ ਰਾਜਾ, ਤਾਂ ਵੀ ਰਾਜੇ ਦਾ ਇਤਬਾਰ ਨ ਕਰੇ ਕਿਉਂਕਿ ਰਾਜਾ ਆਪਣੇ ਹਿਤ ਦੇਖਦੈ; ਉਹ ਬਚਨ ਦਾ ਪੱਕਾ ਨਹੀਂ ਹੁੰਦਾ। ਉਹ ਤਾਂ ਰਾਜਪੂਤ ਰਾਜੇ ਸੀ ਜਿਹੜੇ ਬਚਨ ਦੇ ਪੱਕੇ ਸੀ; ਹਰੇਕ ਰਾਜਾ ਨਹੀਂ ਹੋਇਆ ਕਰਦਾ ਐਸਾ। ਰਾਜੇ ਨੂੰ ਹਿਤ ਪਿਆਰਾ ਹੋਇਆ ਕਰਦੈ ਕਿਉਂਕਿ ਰਾਜਾ ਇਕੱਲਾ ਨਹੀਂ ਹੁੰਦਾ, ਉਹਦੇ ਮਗਰ ਦੇਸ਼ ਹੁੰਦੈ; ਦੇਸ਼ ਦਾ ਹਿਤ ਦੇਖਦੈ। ਬਚਨ ਬਗੈਰਾ ਤਾਂ ਉਹਨੂੰ ਕਛ ਵੀ ਨਹੀਂ ਹੁੰਦਾ, ਅਹਿਦਨਾਮੇ ਕੁਛ ਨਹੀਂ ਹੁੰਦੇ, ਜਿੱਦਣ ਜੀਅ ਕਰੇ, ਤੋੜ ਸਕਦੈ। ਇਹ ਤਾਂ ਤਕੜਿਆਂ ਦੇ ਹੁੰਦੇ ਨੇ, ਮਾੜਿਆਂ ਦੇ ਨੀਂ ਹੁੰਦੇ। ਇਕ ਧਿਰ ਮਾੜੀ ਹੋ ਜਾਵੇ, ਉਹ ਬਹਾਨੇ ਲਾ ਕੇ ਔਹ ਮਾਰੂ ਅਹਿਦਨਾਮਾ ਤੋੜ ਕੇ। ਜਦ ਦੋਇ ਧਿਰਾਂ ਤਕੜੀਆਂ ਹੋਣ, ਫੇਰ ਉਹਨੂੰ ਕਹਿੰਦੇ ਨੇ ਕਿ ਠੀਕ ਹੈ ਸਾਡਾ agreement (ਅਹਿਦਨਾਮਾ) ਹੋਇਆ ਹੋਇਐ, ਸਮਝੌਤਾ ਹੋਇਆ ਹੋਇਐ।

ਸੋ ਗੁਰੂ ਦਸਮੇਂ ਪਾਤਸ਼ਾਹ ਨੂੰ ਅਨੰਦਪੁਰ ਸਾਹਿਬ ਦੇ ਕਿਲੇ ਦੇ ਅੰਦਰ ਆਟੇ ਦੀ ਗਊ ਬਣਾ ਕੇ, ਤੇ ਕੁਰਾਨ ਸ਼ਰੀਫ ਬਹੁਤ ਇੱਜ਼ਤ ਦੇ ਨਾਲ ਮਹਾਰਾਜ ਦੇ ਪਾਸ ਭੇਜੇ ਤੇ ਨਾਲ ਇਕ ਚਿੱਠੀ ਔਰੰਗਜ਼ੇਬ ਦੀ ਲਿਖੀ ਹੋਈ ਸੀ ਕਿ ਤੁਸੀਂ ਕਿਲਾ ਛੱਡ ਜਾਉ;

ਰੌਲਾ ਐਨਾ ਹੀ ਹੈ, ਹੋਰ ਵਧ ਰੌਲਾ ਨਹੀਂ ਹੈ। ਮੌਜ ਨਾਲ ਸਾਰੇ ਭਾਰਤਵਰਸ਼ ਵਿਚ ਵਿਚਰ ਕੇ ਆਪਣੇ ਧਰਮ ਦਾ, ਸਤਿ ਦਾ ਪ੍ਰਚਾਰ ਕਰੋ ਤੇ ਕਿਲਾ ਛੱਡ ਦਿਉ। ਗੁਰੂ ਮਹਾਰਾਜ ਕਹਿੰਦੇ, ਇਤਬਾਰ ਨ ਕਰੋ। ਸਿੰਘ ਵੀ ਸਿੱਧੇ ਸੀਗੇ, ਦੁਖ ਵੀ ਬਹੁਤ ਸੀਗੇ, ਛੇ ਮਹੀਨੇ ਹੋ ਗਏ ਸੀ, ਦਰਖਤਾਂ ਦੀਆਂ ਛਿੱਲਾਂ ਲਾਹ ਕੇ ਪੀਹ-ਪੀਹ ਕੇ ਖਾ ਗਏ ਸੀ, ਪੱਤੇ ਸਭ ਉਬਾਲ-ਉਬਾਲ ਕੇ ਖਾ ਗਏ ਸੀ; ਖਾਣ ਨੂੰ ਕੁਛ ਨਹੀਂ ਸੀ ਰਿਹਾ।

ਸੋ ਇਹ ਸਾਮ, ਦਾਮ, ਦੰਡ, ਭੇਦ, - ਇਹ ਰਾਜੇ ਦੇ ਹੋਇਆ ਕਰਦੇ ਨੇ। ਪਹਿਲਾਂ ਪਿਆਰ ਹੋਇਆ ਕਰਦੈ, ਫੇਰ ਦਾਮ ਹੁੰਦੈ, ਫੇਰ ਭੇਦ ਹੁੰਦੈ ਕਿ ਪਾੜ ਦਿਉ ਇਨ੍ਹਾਂ ਨੂੰ, ਦੋ ਹਿੱਸਿਆਂ ਵਿਚ ਕਰ ਦਿਉ; ਟਕਾਅ ਲਉ, ਟਕਾਅ ਕੇ ਪਾੜ ਦਿਉ। ਫੇਰ ਹੋਇਆ ਕਰਦੈ ਦੰਡ; ਜੇ ਨਹੀਂ ਕਿਸੇ ਤਰ੍ਹਾਂ ਕਾਬੂ ਆਉਂਦੇ, ਫੇਰ ਸਜ਼ਾ ਦੇਣੀ ਸ਼ੁਰੂ ਕਰ ਦਿਉ। ਇਹ ਰਾਜਿਆਂ ਦੇ ਚਾਰ ਹਥਿਆਰ ਹੁੰਦੇ ਨੇ।

ਗੁਰੂ ਮਹਾਰਾਜ ਕਹਿੰਦੇ, ਪ੍ਰੇਮੀਓਂ! ਇਹ ਚਾਰ ਹਥਿਆਰ ਨੇ। ਹੁਣ ਇਹ ਭੇਦ ਵਾਲਾ ਹਥਿਆਰ ਵਰਤ ਰਹੇ ਨੇ ਕਿ ਫੁੱਟ ਪਾ ਦੇਈਏ। ਅਖੀਰ ਹੌਲੀ-ਹੌਲੀ ਮਹਾਰਾਜ ਨੇ ਦਿਖਾ ਵੀ ਦਿਤਾ। ਉਨ੍ਹਾਂ ਨੇ ਦੂਜੀ ਚਿੱਠੀ ਲਿਖ ਦਿਤੀ ਕਿ ਮਹਾਰਾਜ! ਜਿਹੜਾ ਤੁਹਾਡਾ ਸਮਾਨ ਲੁਟਿਐ, ਉਹਨਾਂ ਸਿਪਾਹੀਆਂ ਨੂੰ ਅਸੀਂ suspend (ਮੁਅੱਤਲ) ਕਰ ਦਿਤਾ, ਫੜ ਲਏ ਨੇ ਤੇ ਹੁਣ ਸਜ਼ਾ ਮਿਲੂਗੀ। ਤੁਸੀਂ ਕਿਰਪਾ ਕਰਕੇ ਕਿਲਾ ਛੱਡ ਦਿਉ। ਮਹਾਰਾਜ ਕਹਿੰਦੇ, ਇਹ ਦੂਜਾ ਧੋਖਾ ਹੋ ਰਿਹੈ। ਲੇਕਿਨ ਸਿੰਘ ਆ ਗਏ ਇਸ ਗੱਲ ਵਿਚ। ਅਖੀਰ ਏਥੋਂ ਤਕ ਗੱਲ ਆ ਗਈ, ਐਨੀ ਗੱਲ ਵਧ ਗਈ ਕਿ ਫੁੱਟ ਪੈ ਗਈ। ਕਹਿੰਦੇ, ਮਹਾਰਾਜ! ਕਿਲਾ ਛੱਡਣਾ ਚਾਹੀਦੈ। ਅਸੀਂ ਤੁਹਾਡੇ ਸਿੱਖ ਹਾਂ, ਤੁਹਾਡਾ ਭਲਾ ਚਾਹੁੰਦੇ ਹਾਂ। ਮਹਾਰਾਜ ਕਹਿੰਦੇ, ਬਿਲਕੁਲ ਗਲਤ ਹੈ, ਸਾਡਾ ਭਲਾ ਤੁਸੀਂ ਕੋਈ ਨਹੀਂ ਚਾਹੁੰਦੇ। ਤੁਸੀਂ ਆਪੋ ਆਪਣੀ ਜਾਨ ਬਚਾਉਣੀ ਚਾਹੁੰਦੇ ਹੋ। ਸਾਡਾ ਭਲਾ ਕਿਹੜੀ ਗੱਲ ਵਿਚ ਚਾਹੁੰਦੇ ਹੋ? ਚੰਗਾ, ਜੇ ਤੁਸੀਂ ਜਾਣਾ ਚਾਹੁੰਦੇ ਹੋ, ਸਾਡੇ

ਵੱਲੋਂ ਛੁੱਟੀ ਐ, ਪਰ ਇਹ ਕਾਗਜ਼ ਪਿਆ ਗੇਟ ਦੇ ਉਤੇ ਲਿਖਿਆ ਹੋਇਆ, ਉਹਦੇ ਉਤੇ ਦਸਖਤ ਕਰੀ ਜਾਉ। ਉਤੇ ਕੀ ਲਿਖਿਆ ਹੋਇਆ - 'ਅਸੀਂ ਤੇਰੇ ਸਿੱਖ ਨਹੀਂ, ਤੂੰ ਸਾਡਾ ਗੁਰੂ ਨਹੀਂ।'

ਦਸਖਤ ਕਰਕੇ ਚਲੇ ਗਏ ਤੇ ਉਹਤੋਂ ਬਾਅਦ ਫੇਰ ਥੋੜ੍ਹੇ ਜਿਹਿਆਂ ਨੇ ਗੱਲ ਕਰੀ, ਮਾਤਾ ਜੀ ਨੂੰ ਕਿਹਾ ਕਿ ਮਾਤਾ ਜੀ, ਹੁਣ ਮੌਕਾ ਹੈ; ਉਨ੍ਹਾਂ ਨੂੰ ਤਾਂ ਕੁਛ ਨਹੀਂ ਕਿਹਾ, ਉਹ ਤਾਂ ਸਾਰੇ ਹੀ ਲੰਘ ਗਏ। ਮਹਾਰਾਜ ਕਹਿੰਦੇ, ਉਨ੍ਹਾਂ ਨੂੰ ਲੰਘਣ ਦਿਤੈ, ਜਦ ਆਪਾਂ ਨਿਕਲਨੈ, ਜਦੇ ਈ ਪੈ ਜਾਣੈ ਉਨ੍ਹਾਂ ਨੇ; ਇਹ ਵੀ ਉਹਨਾਂ ਦੀ ਚਾਲ ਐ, ਨ ਚਾਲ ਵਿਚ ਆਉ। ਸੱਤ ਦਿਨ ਹੋਰ ਠਹਿਰੋ, ਤੁਹਾਡੇ ਸਾਰੇ ਹੀ ਦੁਖ ਦੂਰ ਹੋ ਜਾਣੇ ਨੇ, ਇਕ ਨਹੀਂ ਰਹੇਗਾ। ਲੇਕਿਨ ਉਸ ਵੇਲੇ ਥੋੜ੍ਹੇ ਹੀ ਸੀਗੇ ਜਿਨ੍ਹਾਂ ਨੇ ਮੰਨੀ। ਮਾਤਾ ਜੀ ਵੀ ਕਾਹਲੇ ਪੈ ਗਏ। ਮਹਾਰਾਜ ਕਹਿੰਦੇ, ਚੰਗਾ, ਜੇ ਪਰਮੇਸ਼ਰ ਦਾ ਹੁਕਮ ਇਵੇਂ ਹੀ ਹੈ ਤਾਂ ਭਾਣਾ ਇਵੇਂ ਹੀ ਵਰਤੇਗਾ।

ਸੋ ਮਹਾਰਾਜ ਜੀ ਨੇ ਜਦ ਕਿਲਾ ਛੱਡਿਆ; ਪਤਾ ਲਗ ਗਿਆ, ਲੁੱਟ ਨੂੰ ਪੈ ਗਏ ਕਿ ਬੇਅੰਤ ਧਨ ਹੈ। ਮਹਾਰਾਜ ਨੇ 9 ਕਰੋੜ ਰੁਪਈਆ ਉਸ ਵੇਲੇ ਦਾ; ਜਦੋਂ ਇਕ ਰੁਪਈਏ ਦੇ ਸਾਢੇ ਚਾਰ ਮਣ ਪੱਕੇ ਛੋਲੇ ਆਇਆ ਕਰਦੇ ਸੀ; ਉਹ ਦਰਿਆ ਵਿਚ ਸਿੱਟ ਦਿਤਾ ਸੀ - ਸਤਲੁਜ ਵਿਚ; ਸਭ ਚੀਜ਼ਾਂ ਅੱਗ ਲਾ ਕੇ ਜਾਲ ਦਿਤੀਆਂ ਸੀ। ਉਹ ਲੁੱਟ ਨੂੰ ਪੈ ਗਏ ਤੇ ਉਸ ਵੇਲੇ ਭਾਈ ਮਨੀ ਸਿੰਘ ਤੇ ਸਾਹਿਬ ਅਜੀਤ ਸਿੰਘ - ਦੋਹਾਂ ਨੇ ਰਸਤਾ ਰੋਕਿਆ - 500 ਸਿੰਘਾਂ ਦੇ ਨਾਲ, ਤੇ ਏਧਰ ਗੁਰੂ ਮਹਾਰਾਜ ਸਰਸਾ ਦੇ ਕੰਢੇ ਤੇ ਪਹੁਚ ਗਏ। ਉਨ੍ਹਾਂ ਨੇ ਉਥੇ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਕਰ ਦਿਤਾ। ਬਾਰਿਸ਼ ਬਹੁਤ ਜ਼ੋਰ ਨਾਲ ਹੋਈ, ਕੱਪੜੇ ਭਿੱਜ ਗਏ। ਸਰਸਾ ਚੜ੍ਹ ਗਿਆ, ਬਹੁਤ ਦੂਰ ਤੱਕ ਮੀਲਾਂ ਵਿਚ ਫੈਲ ਗਿਆ। ਕੰਢੇ ਤੇ ਰੁਕਣਾ ਪੈ ਗਿਆ - ਦਿਨ ਚੜ੍ਹੇ ਤਾਈਂ।

ਓਧਰੋਂ ਉਨ੍ਹਾਂ ਨੇ ਹੱਲਾ ਕਰ ਦਿਤਾ ਤੇ ਜਿਹੜੇ ਗ੍ਰੰਥ ਗੁਰੂ ਮਹਾਰਾਜ ਨੇ 102 ਲਿਖਾਰੀ ਲਾ ਕੇ ਅਨੁਵਾਦ ਕਰਾਏ ਸੀ -

ਵੱਡੇ-ਵੱਡੇ ਗ੍ਰੰਥ, ਇਕ-ਇਕ ਗ੍ਰੰਥ ਦੇ ਦੋ ਲੱਖ ਪੌਂਡ ਦਿਤੇ ਸੀ - ਮੋਹਰਾਂ ਜਿਨ੍ਹਾਂ ਨੂੰ ਕਹਿੰਦੇ ਸੀ ਉਸ ਵੇਲੇ। ਮੰਗਲ ਕਵੀ ਨੂੰ ਜਦ ਛੱਡਣ ਗਏ ਸੀ ਤਾਂ 200 ਘੋੜ ਸਵਾਰ ਨਾਲ ਭੇਜਿਆ ਸੀ। ਰਾਏਪੁਰ ਦੀ ਰਾਣੀ ਡਰ ਗਈ ਕਿ ਪਤਾ ਨਹੀਂ ਦੁਸ਼ਮਣ ਚੜ੍ਹਿਆ ਆ ਰਿਹੈ। ਉਹ ਚਿੱਟਾ ਝੰਡਾ ਦਿਖਾ ਕੇ ਕਹਿਣ ਲੱਗਿਆ ਕਿ ਮਹਾਰਾਣੀ ਸਾਹਿਬਾਂ, ਮੈਂ ਤਾਂ ਗੁਰੂ ਗੋਬਿੰਦ ਸਿੰਘ ਦਾ ਕਵੀ ਹਾਂ। ਮੈਨੂੰ ਐਨਾ ਇਨਾਮ ਦਿਤੈ ਕਿ 200 ਬੰਦੇ ਨਾਲ ਭੇਜੇ ਨੇ ਮੇਰੇ। ਪੁਸ਼ਤਾਂ ਦੀ ਗਰੀਬੀ ਦੂਰ ਕਰ ਦਿਤੀ, ਸੱਤ ਪੁਸ਼ਤਾਂ ਤਾਂਈਂ ਅਮੀਰ ਕਰ ਦਿਤਾ। ਐਨਾ-ਐਨਾ ਮਹਾਰਾਜ ਨੇ ਧਨ ਖਰਚਿਆ ਸੀ, ਇਹ ਜਿਹੜੇ ਗ੍ਰੰਥ ਨੇ ਪੁਰਾਣੇ, ਇਨ੍ਹਾਂ ਦਾ ਅਨੁਵਾਦ ਕਰਾਉਣ ਵਾਸਤੇ - ਰਾਮਾਇਣ, ਮਹਾਂਭਾਰਤ, ਸਾਰੇ ਹੀ ਸ਼ਾਸਤ੍ਰ, ਸਾਰੇ ਹੀ ਪੁਰਾਣ, ਤੇ ਇਕ ਗ੍ਰੰਥ ਰਚਿਆ ਸੀ ਅਰਬੀ, ਫਾਰਸੀ, ਸੰਸਕ੍ਰਿਤ ਸਭ ਵਿਚੋਂ ਕੱਢ ਕੇ, ਤੇ ਉਹਦਾ ਨਾਂ ਸੀ 'ਵਿਦਿਆਧਰ ਗ੍ਰੰਥ', ਉਹ 9 ਮਣ ਦਾ ਸੀ - ਇਕੱਲਾ ਹੀ, ਐਨੇ part (ਭਾਗ) ਸੀ ਉਹਦੇ। ਇਹ ਸਾਰੇ ਗ੍ਰੰਥ ਮਹਾਰਾਜ ਗੱਡਿਆਂ ਤੇ ਲੱਦੀਂ ਜਾਂਦੇ ਨੇ ਕਿ ਚਲੋ ਜੇ ਧਨ ਗਿਆ, ਇਹ ਤਾਂ ਮੁੜ ਕੇ ਨੀਂ ਮਿਲਣੇ, ਰੁਪਈਆ ਤਾਂ ਫੇਰ ਕਮਾ ਲਵਾਂਗੇ; ਇਹ ਹੱਥ ਲਿਖਤਾਂ ਨਹੀਂ ਮਿਲਣੀਆਂ। ਉਹ ਉਸ ਜੰਗ ਦੇ ਅੰਦਰ ਉਨ੍ਹਾਂ ਦੇ ਹੱਥ ਆ ਗਈਆਂ। ਕੁਛ ਤਾਂ ਦਰਿਆ ਪਾਰ ਕਰਦਿਆਂ ਦੇ ਡੁੱਬ ਗਏ, ਕੁਛ ਉਨ੍ਹਾਂ ਨੇ ਪਾੜ ਦਿਤੇ, ਅੱਗ ਵਿਚ ਜਾਲ ਦਿਤੇ। ਮੂਰਖ ਬੰਦੇ ਹੁੰਦੇ ਨੇ, ਜਿਨ੍ਹਾਂ ਨੂੰ ਇਹ ਪਤਾ ਨਹੀਂ ਹੁੰਦਾ। ਉਸ ਵੇਲੇ ਮਹਾਰਾਜ ਨੇ ਫੁਰਮਾਇਆ ਕਿ ਦੇਖਿਆ ਸਿੰਘੋ! ਤੁਸੀਂ ਆ ਗਏ ਨ ਧੋਖੇ ਵਿਚ। ਰਾਜਾ ਜੇ ਹਜ਼ਾਰਾਂ ਕਸਮਾਂ ਵੀ ਖਾਵੇ ਤਾਂ ਵੀ ਰਾਜੇ ਦਾ ਇਤਬਾਰ ਨਹੀਂ ਕਰੀਦਾ ਕਿਉਂਕਿ ਰਾਜੇ ਨੂੰ ਹਿਤ ਪਿਆਰਾ ਹੁੰਦੈ, ਤਾਕਤ ਪਿਆਰੀ ਹੁੰਦੀ ਐ। ਉਹਨੂੰ ਕਿਸੇ ਦਾ ਹਿਤ ਨਹੀਂ ਹੁੰਦਾ, ਆਪਣਾ ਹਿਤ ਪਿਆਰਾ ਹੁੰਦੈ।

ਸੋ ਇਸ ਤਰ੍ਹਾਂ ਉਹ ਮਦਾਰੀ ਕਹਿਣ ਲੱਗਿਆ - ਜਾਦੂਗਰ, ਰਾਜਨ! ਰਾਜੇ ਦੇ ਬਚਨ ਦਾ ਕੋਈ ਇਤਬਾਰ ਨਹੀਂ ਹੋਇਆ ਕਰਦਾ। ਮੇਰੀ ਇਸਤ੍ਰੀ ਸੁਹਣੀ-ਸੁਨੱਖੀ ਹੈ। ਕਿਤੇ ਐਸਾ ਨ ਹੋਵੇ

ਤੁਸੀਂ ਮਹਿਲਾਂ ਵਿਚ ਪਾ ਲਵੋਂ; ਮੈਂ ਮਰ ਜਾਵਾਂ ਜਾਂ ਮੈਨੂੰ ਨ ਦੇਵੋਂ ਮੁੜ ਕੇ। ਰਾਜਾ ਕਹਿਣ ਲੱਗਿਆ, ਕਿ ਨਹੀਂ। ਵਜ਼ੀਰ ਵੀ ਕਹਿਣ ਲੱਗੇ, ਪਰਜਾ ਵੀ ਕਹਿਣ ਲੱਗੀ ਕਿ ਸਾਡਾ ਜੋ ਰਾਜਾ ਹੈ, ਇਹ ਤਾਂ ਦੇਵਤਿਆਂ ਵਰਗਾ ਹੈ। ਇਹ ਜੋ ਬਚਨ ਕਰ ਦੇਵੇ, ਪੂਰਾ ਨਿਭਾਉਂਦੈ। ਤੂੰ ਜਾਦੂਗਰ, ਫਿਕਰ ਨ ਕਰ। ਕਹਿੰਦੇ, ਠੀਕ ਹੈ ਮੈਂ ਖੇਲ੍ਹ ਕਰਦਾਂ, ਤੁਹਾਡੇ ਤੇ ਮੈਂ ਇਤਬਾਰ ਕਰਦਾਂ। ਉਸ ਵੇਲੇ ਉਸ ਨੇ ਇਕ ਗੇਂਦ ਕੱਢੀ, ਵੱਡਾ ਸਾਰਾ ਗੋਲਾ ਕੱਢਿਆ ਤੇ ਉਪਰ ਨੂੰ ਸਿੱਟ ਦਿਤਾ। ਦੇਖਦੇ-ਦੇਖਦੇ ਉਹ ਉਪਰ ਨੂੰ ਹੀ ਤੁਰਿਆ ਜਾਂਦੈ ਤੇ ਅਖੀਰ ਉਹਨੇ ਝਟਕੇ ਮਾਰ ਕੇ ਦੇਖਿਆ ਕਿ ਵਜ਼ਨ ਸਹਿੰਦੈ ਤੇ ਉਤੇ ਨੂੰ ਚੜ੍ਹਨਾ ਸ਼ੁਰੂ ਕਰ ਦਿਤਾ।

ਉਤੇ ਚੜ੍ਹ ਕੇ ਆਵਾਜ਼ ਮਾਰੀ ਕਿ ਮੈਂ ਸਵਰਗ ਲੋਕ ਵਿਚ ਪਹੁੰਚ ਗਿਆਂ ਰਾਜਨ! ਮੈਂ ਹੁਣ ਇੰਦਰ ਨੂੰ ਚੈਲਿੰਜ ਕਰ ਦਿਤਾ। ਉਹਨੇ ਮੇਰੇ ਨਾਲ ਲੜਨ ਵਾਸਤੇ ਵਰਣ ਦੇਵਤਾ ਤਿਆਰ ਕਰਿਐ। ਫੇਰ ਉਹਨੇ announce (ਐਲਾਨ) ਕਰ ਦਿਤਾ ਕਿ ਵਰਣ ਦੇਵਤੇ ਨਾਲ ਮੇਰੀ ਲੜਾਈ ਸ਼ੁਰੂ ਹੋ ਗਈ। ਠੱਕ-ਠੱਕ ਦੀ ਆਵਾਜ਼ ਸੁਣ ਰਹੀ ਐ, ਸ਼ਾਂ-ਸ਼ਾਂ ਦੀ ਆਵਾਜ਼ ਸੁਣ ਰਹੀ ਐ। ਉਹਤੇ ਬਾਅਦ ਉਹਨੇ ਐਲਾਨ ਕਰਿਆ ਕਿ ਮੈਂ ਵਰਣ ਦੇਵਤਾ ਮਾਰ ਲਿਆ ਤੇ ਉਹਦਾ ਸਿਰ ਤੁਹਾਡੇ ਦਰਸ਼ਨਾਂ ਵਾਸਤੇ ਭੇਜ ਰਿਹਾਂ। ਪਾਣੀ ਹੀ ਪਾਣੀ ਹੋ ਗਿਆ ਜਦ ਸਿਰ ਗਿਰਿਆ ਹੇਠਾਂ ਆ ਕੇ। ਮੁਕਟ ਲੱਗਿਆ ਹੋਇਐ ਸੀਸ ਤੇ, ਬਹੁਤ ਵਧੀਆ ਹੈ। ਸਭ ਨੇ ਕਿਹਾ ਕਿ ਦੇਖੋ ਕਿੱਡਾ ਬਹਾਦਰ ਐ, ਤੇ ਇਹ ਦੇਵਤਾ, ਜਿਹਨੂੰ 'ਵਰਣ ਦੇਵਤਾ' ਕਹਿੰਦੇ ਨੇ; ਕਿੰਨੀਆਂ ਸ਼ਕਤੀਆਂ ਵਾਲਾ ਹੈ, ਜਾਦੂਗਰ ਨੇ ਮਾਰ ਲਿਆ। ਅਸ਼-ਅਸ਼ ਕਰਨ ਲਗ ਗਏ ਤੇ ਕਹਿਣ ਲੱਗੇ ਕਿ ਇਹ ਜਾਦੂਗਰ ਨੂੰ ਤਾਂ ਅਸੀਂ ਜਰਨੈਲ ਬਣਾਉਣੈ ਆਪਣੀਆਂ ਫੌਜਾਂ ਦਾ। ਐਨਾ ਬਹਾਦਰ! ਉਹਨੇ ਫੇਰ ਐਲਾਨ ਕਰ ਦਿਤਾ ਕਿ ਬਾਦਸ਼ਾਹ, ਮੇਰੇ ਨਾਲ ਹੁਣ ਅਗਨਿ ਦੇਵਤਾ ਲੜਨ ਵਾਸਤੇ ਆ ਰਿਹੈ। ਠੱਕ-ਠੱਕ ਤਲਵਾਰਾਂ ਦੀ ਆਵਾਜ਼ ਸੁਣਾਈ ਦੇ ਰਹੀ ਹੈ, ਤੀਰਾਂ ਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਨੇ, 'ਮਾਰ ਲਓ-ਮਾਰ ਲਓ' ਦੀਆਂ

ਆਵਾਜ਼ਾਂ ਸੁਣਾਈ ਦੇ ਰਹੀਆਂ ਨੇ। ਉਹਤੇ ਬਾਅਦ ਉਹਨੇ ਐਲਾਨ ਕਰਿਆ ਕਿ ਮੈਂ ਅਗਨਿ ਦੇਵਤਾ ਮਾਰ ਲਿਆ ਤੇ ਉਹਦਾ ਸੀਸ ਹੇਠਾਂ ਸਿੱਟ ਦਿਤਾ।

ਇਸੇ ਤਰ੍ਹਾਂ ਪੰਜ ਸੱਤ ਦੇਵਤੇ ਉਹਨੇ ਮਾਰ ਕੇ ਥੱਲੇ ਸਿੱਟ ਦਿਤੇ। ਸਾਰੇ ਉਂਗਲੀਆਂ ਮੂੰਹ ਵਿਚ ਲਈ ਬੈਠੇ ਨੇ। ਕੁਛ ਡਰ ਗਏ, ਕੁਛ ਕਹਿੰਦੇ ਨੇ ਕਿ ਬਹੁਤ ਬਹਾਦਰ ਐ, ਕਮਾਲ ਹੈ ਇਹਦੀ ਬਹਾਦਰੀ। ਅਜਿਹਾ ਮਨੁੱਖ ਤਾਂ ਅੱਜ ਤਾਈਂ ਨਹੀਂ ਸੁਣਿਆ। ਪਹਿਲਾਂ ਰਾਜਾ ਪ੍ਰਿਥੂ ਹੋਇਆ ਸੀ ਸਤਿਜੁਗ ਵਿਚ। ਉਹਨੇ ਜਾ ਕੇ ਦੇਵਤਿਆਂ ਨਾਲ ਯੁੱਧ ਕਰਿਆ ਸੀ, ਉਪਰਲੇ planets (ਮੰਡਲਾਂ) ਵਿਚ ਗਿਆ ਸੀ - ਮੰਗਲ ਤੇ ਗਿਆ ਹੋਣੈ। ਉਥੇ ਵੀ ਆਬਾਦੀ ਹੁੰਦੀ ਐ। ਸੋ ਉਹ ਸੀਗਾ, ਤੇ ਉਹਦੇ ਬਾਅਦ ਇਹ ਹੀ ਦੇਖਿਐ ਅੱਜ।

ਉਸ ਤੇ ਬਾਅਦ ਉਹਨੇ ਆਵਾਜ਼ ਦਿਤੀ ਕਿ ਹੁਣ ਇੰਦਰ ਆਪਣੇ ਅਸਤ੍ਰ ਸ਼ਸਤ੍ਰ ਨਾਲ ਲੈ ਕੇ ਲੜਾਈ ਵਾਸਤੇ ਆ ਰਿਹੈ। ਉਹਤੇ ਬਾਅਦ ਫੇਰ ਉਹਨੇ ਕਿਹਾ ਕਿ ਇੰਦਰ ਮੇਰੇ ਤੇ ਭਾਰੂ ਹੈ, ਮੇਰੀ ਬਾਂਹ ਕੱਟੀ ਗਈ। ਬਾਂਹ ਥੱਲੇ ਗਿਰ ਗਈ ਆ ਕੇ, ਲੱਤ ਗਿਰ ਗਈ, ਧੜ ਗਿਰ ਗਿਆ, ਸਿਰ ਗਿਰ ਗਿਆ। ਅਫਸੋਸ ਹੋ ਗਿਆ ਸਾਰਿਆਂ ਦੇ ਮਨਾਂ ਵਿਚ ਕਿ ਕਿੱਡਾ ਸੂਰਮਾ! ਤੇ ਐਡਾ ਸੂਰਮਾ ਮਰ ਗਿਆ ਅਖੀਰ ਨੂੰ। ਕਾਹਨੂੰ ਇਨ੍ਹਾਂ ਦੇਵਤਿਆਂ ਨਾਲ ਯੁੱਧ ਦਿਖਾਉਣਾ ਸੀ। ਉਹਦੀ ਘਰ ਵਾਲੀ ਨੂੰ ਪਤਾ ਲੱਗਿਆ ਜੋ ਵਿਚੇ ਬੈਠੀ ਸੀ। ਉਹਨੇ ਰੋਣਾ ਸ਼ੁਰੂ ਕਰ ਦਿਤਾ ਕਿ ਮੈਂ ਤਾਂ ਸਤੀ ਹੋਣੈ। ਅਖੀਰ ਇਹ ਫੈਸਲਾ ਹੋਇਆ ਕਿ ਚੰਗਾ, ਚਿਖਾ ਚਿਣ ਦਿਤੀ ਗਈ ਤੇ ਉਹਨੇ ਆਪਣੇ ਪਤੀ ਦੇ ਅੰਗ ਕੱਠੇ ਕਰਕੇ ਗੋਦੀ ਵਿਚ ਰੱਖ ਲਏ ਤੇ ਆਪ ਚਿਖਾ ਤੇ ਬੈਠ ਗਈ। ਅੱਗ ਲਾ ਦਿਤੀ, ਉਹ ਸਤੀ ਹੋ ਗਈ। ਸਿਵਾ ਠੰਢਾ ਹੋ ਗਿਆ।

ਉਹਤੇ ਬਾਅਦ ਐਨੇ ਨੂੰ ਕੀ ਦੇਖਦੇ ਨੇ ਕਿ ਜਾਦੂਗਰ ਨੇ ਆ ਕੇ ਕਿਹਾ, ਰਾਜਨ! ਜੈ ਹੋ ਆਪ ਕੀ, ਜੈ ਹੋ ਆਪ ਕੀ। ਹੈਰਾਨ ਹੋ ਗਏ ਕਿ ਇਹ ਤਾਂ ਆ ਗਿਆ, ਹੁਣ ਕੀ ਹੋਊ? ਇਹਦੇ

ਘਰਵਾਲੀ ਤਾਂ ਸਤੀ ਹੋ ਗਈ। ਉਹਨੇ ਉਸ ਵੇਲੇ ਕਿਹਾ, ''ਮਹਾਰਾਜ! ਮੇਰੀ ਪਤਨੀ ਨਹੀਂ ਨਜ਼ਰ ਆ ਰਹੀ?'' ਚੁੱਪ ਕਰੀ ਬੈਠੇ ਨੇ। ਕਹਿੰਦਾ, ਬੋਲਦੇ ਕਿਉਂ ਨਹੀਂ ਤੁਸੀਂ, ਜਵਾਬ ਦਿਓ! ਕਿਥੇ ਗਈ? ਰਾਜੇ ਨੇ ਆਪਣੇ ਮਹਿਲਾਂ ਵਿਚ ਭੇਜ ਦਿਤੀ ਹੋਣੀ ਹੈ।'' ਸਭ ਨੇ ਕਿਹਾ, ''ਨਹੀਂ ਜਾਦੂਗਰ, ਉਹ ਤਾਂ ਸਤੀ ਹੋ ਗਈ, ਉਥੇ ਨਹੀਂ ਗਈ।'' ਉਹ ਕਹਿਣ ਲੱਗਿਆ, ''ਨਹੀਂ, ਅੰਦਰ ਹੈ, ਮੈਨੂੰ ਪਤਾ ਹੈ ਸਾਰਾ, ਮੇਰੀ ਆਵਾਜ਼ ਉਹਦੇ ਤਾਂਈ ਪਹੁੰਚ ਰਹੀ ਹੈ, ਮੈਨੂੰ ਸੁਣ ਰਹੀ ਹੈ ਉਹਦੀ ਆਵਜ਼, ਹਾਲ-ਪਾਹਰਿਆ ਹੋ ਰਹੀ ਐ। ਤੁਹਾਨੂੰ ਨਹੀਂ ਸੁਣ ਰਹੀ?'' ਕਹਿੰਦਾ, ''ਕਿੱਥੇ ਹੈਂ?'' ਕਹਿੰਦੀ, ''ਮੈਨੂੰ ਰਾਜੇ ਨੇ ਸੱਤ ਤਾਲੇ ਲਾ ਕੇ ਬੰਦ ਕਰਿਆ ਹੋਇਐ ਅੰਦਰ।'' ਹੈਰਾਨ ਹੋ ਗਏ ਕਿ ਉਹ ਤਾਂ ਸਤੀ ਹੋ ਗਈ ਸੀ, ਆਹ ਕੌਣ ਬੋਲਦੈ? ਤਾਲੇ ਖੋਲ੍ਹੇ, ਦਰਵਾਜ਼ੇ ਖੋਲ੍ਹਦੇ ਗਏ। ਅਖੀਰ ਨਿਕਲ ਆਈ। ਕਹਿੰਦਾ, ''ਰਾਜਨ! ਐਨਾ ਮਾੜਾ ਕੰਮ? ਕਿੰਨਾ ਝੂਠਾ ਹੈਂ, ਕਿਹਨੂੰ ਸਤੀ ਕਰ ਦਿਤਾ ਉਥੇ?'' ਸਾਰੇ ਕਹਿਣ ਲੱਗੇ ਕਿ ਸਾਡਾ ਦਿਮਾਗ ਹਿੱਲ ਗਿਆ ਜਾਦੂਗਰ! ਸਾਨੂੰ ਕੁਛ ਨਹੀਂ ਪਤਾ ਲਗਦਾ ਕਿ ਇਹ ਹੋ ਕੀ ਰਿਹੈ?

ਉਹਤੇ ਬਾਅਦ ਉਹਨੇ ਖੇਲ੍ਹ ਸਮਾਪਤ ਕਰ ਦਿਤਾ ਤੇ ਕਹਿਣ ਲੱਗਿਆ, ''ਰਾਜਨ, ਮੇਰਾ ਇਨਾਮ! ਖੇਲ੍ਹ ਚੰਗਾ ਲੱਗਿਆ ਤੁਹਾਨੂੰ?'' ਕਹਿੰਦੇ, ''ਜਾਦੂਗਰ! ਖੇਲ੍ਹ ਤਾਂ ਕਮਾਲ ਦਾ ਲੱਗਿਆ, ਪਰ ਸਾਡੀ ਸਮਝ 'ਚ ਨੀਂ ਆ ਰਿਹਾ। ਸਾਨੂੰ ਇਹ ਦੱਸ ਕਿ ਸਿੱਖਿਆ ਕੀ ਹੈ ਇਹਦੇ ਵਿਚ।'' ਕਹਿਣ ਲੱਗਿਆ, ''ਮਹਾਰਾਜ, ਸਿੱਖਿਆ ਇਹ ਹੈ ਕਿ ਮੈਂ ਕਿਤੇ ਗਿਆ ਨਹੀਂ ਹਾਂ, ਕਿਤੇ ਮੈਂ ਦੇਵਤਿਆਂ ਨਾਲ ਨਹੀਂ ਲੜਿਆ, ਕਿਸੇ ਦੇਵਤੇ ਦਾ ਮੈਂ ਸਿਰ ਨਹੀਂ ਸੁੱਟਿਆ ਪਰ ਤੁਹਾਨੂੰ ਨਜ਼ਰ ਆਉਂਦਾ ਰਿਹੈ। ਮੈਂ ਜਲਿਆ ਨਹੀਂ ਹਾਂ ਤੇ ਨ ਕੋਈ ਮੇਰੀ ਪਤਨੀ ਸੀ। ਮੈਂ ਪਹਿਲਾਂ ਵੀ ਇਕੱਲਾ ਸੀ, ਹੁਣ ਵੀ ਇਕੱਲਾ ਹੀ ਹਾਂ; ਇਹ ਤਾਂ ਮੈਂ ਇਕ ਖੇਲ੍ਹ ਦਿਖਾਇਐ। ਮੈਂ ਇਕ ਮਾਮੂਲੀ ਬੰਦਾ ਹਾਂ ਤੇ ਮੈਂ ਤੁਹਾਨੂੰ ਪ੍ਰਤੱਖ ਕਰਕੇ ਦਿਖਾ ਦਿਤੀ ਗੱਲ ਸਾਰੀ। ਜਿਹੜਾ ਅਕਾਲ ਪੁਰਖ, ਵਾਹਿਗੁਰੂ, ਨਿਰੰਕਾਰ ਹੈ, ਉਹ ਸਰਬ ਕਲਾ

ਸਮਰੱਥ ਹੈ, ਕ੍ਰੋੜਾਂ ਬ੍ਰਹਮੰਡ ਇਕ ਖਿਆਲ ਨਾਲ ਪੈਦਾ ਕਰ ਦਿੰਦੈ। ਮੈਂ ਵੀ ਇਕ ਖਿਆਲ ਨਾਲ ਉਹ ਸਾਰਾ ਕੁਛ ਪੈਦਾ ਕਰਿਆ ਸੀ, ਤੁਹਾਨੂੰ ਹਿਪਨੋਟਾਈਜ਼ ਕਰ ਲਿਆ ਸੀ - ਸਾਰਿਆਂ ਨੂੰ। ਇਹ ਮੇਰਾ ਹੀ ਖਿਆਲ ਚੱਲ ਰਿਹਾ ਸੀ।" ਕਹਿਣ ਲੱਗਿਆ, "ਮੈਂ ਇਕ ਅਲਪੱਗ ਜੀਵ ਹਾਂ, ਮੈਂ ਕਿਹੋ ਜਿਹਾ ਖੇਲ੍ਹ ਕਰ ਕੇ ਦਿਖਾ ਦਿਤਾ ਤੁਹਾਨੂੰ। ਇਹ ਸੰਸਾਰ ਐਸੇ ਤਰ੍ਹਾਂ ਇਕ ਖੇਲ੍ਹ ਹੈ, ਇਹਦੀ ਹਸਤੀ ਕੋਈ ਨਹੀਂ ਹੈ -

***ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥***
***ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥ ਤਬ ਏਕੋ ਏਕੰਕਾਰਾ ॥***
***ਅੰਗ - 736***

ਪਹਿਲਾਂ ਵੀ ਮੈਂ ਇਕੱਲਾ ਸੀ, ਹੁਣ ਵੀ ਇਕੱਲਾ ਹਾਂ। ਇਸੇ ਤਰ੍ਹਾਂ ਨਿਰੰਕਾਰ ਵੀ ਇਕ ਹੈ -

***ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ॥ ਅੰਗ - 705***
***ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥***
***ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥ਅੰਗ - 537***

ਕਹਿੰਦਾ, ਇਹ ਝੂਠ ਦਾ ਸਾਮਾਨ ਮੈਂ ਤੁਹਾਨੂੰ ਦਿਖਾਇਐ। ਐਸੇ ਤਰ੍ਹਾਂ ਸੰਸਾਰ ਦੇ ਅੰਦਰ- 'ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥ ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥ ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ॥ ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥ ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥' ਸਾਰਾ ਸੰਸਾਰ ਖਪ ਕੇ ਖੁਆਰ ਹੋ ਗਿਆ। 'ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥'

ਫੇਰ ਹੁਣ ਕੀ ਕਰਿਆ ਜਾਵੇ। ਕਹਿੰਦੇ, ਫੇਰ ਸੱਚ ਨੂੰ ਪਛਾਣੋ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਕੀਹਦੇ ਨਾਲ ਓ, ਕਰਾਂ ਦੋਸਤੀ -2, 2***
***ਪਿਆਰੇ, ਸਭ ਜੱਗ ਚਲਣਹਾਰ - 2***

***ਏਕ ਸ਼ਿਵ ਭਏ, ਏਕ ਗਏ, ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ, ਅਵਤਾਰ ਭੀ ਅਨੇਕ ਹੈਂ॥***

***ਬ੍ਰਹਮਾ ਅਰੁ ਬਿਸ਼ਨ ਕੇਤੇ, ਬੇਦ ਔ ਪੁਰਾਨ ਕੇਤੇ,***
***ਸਿੰਮ੍ਰਿਤਿ ਸਮੂਹਨ ਕੈ, ਹੁਇ ਹੁਇ ਬਿਤਏ ਹੈਂ॥***
***ਮੋਨਦੀ ਮਦਾਰ ਕੇਤੇ, ਅਸੁਨੀ ਕੁਮਾਰ ਕੇਤੇ,***
***ਅੰਸਾ ਅਵਤਾਰ ਕੇਤੇ, ਕਾਲ ਬਸ ਭਏ ਹੈਂ॥***
***ਪੀਰ ਔ ਪਿਕਾਂਬਰ ਕੇਤੇ, ਗਨੇ ਨ ਪਰਤ ਏਤੇ,***
***ਭੂਮ ਹੀ ਤੇ ਹੁਇ ਕੈ, ਫੇਰ ਭੂਮ ਹੀ ਮਿਲਏ ਹੈਂ॥ ਅਕਾਲ ਉਸਤਤਿ***

ਕਹਿੰਦੇ, ਐਡੇ ਵੱਡੇ-ਵੱਡੇ, ਸੁਪਨਾ ਬਣ ਗਏ। 16 ਕ੍ਰੋੜ ਖਰਬ ਸਾਲ ਸ਼ਿਵ ਜੀ ਦੀ ਉਮਰ ਐ, 16 ਲੱਖ ਖਰਬ ਸਾਲ ਬ੍ਰਹਮਾ ਜੀ ਦੀ ਉਮਰ ਹੈ। ਵੱਡੇ-ਵੱਡੇ ਕੂੜ ਬਣ ਗਏ ਤੇ ਅਸੀਂ ਕਿਹੜੇ ਬਾਗ ਦੀ ਮੂਲੀ ਹਾਂ ਭਾਈ -

***ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥ ਅੰਗ - 468***

ਇਹ ਕੂੜ ਮਿੱਠਾ ਲਗ ਗਿਆ ਸਾਨੂੰ। ਇਹਦੇ ਨਾਲ, ਜਦ ਤੋਂ ਸੰਸਾਰ ਬਣਿਐ, ਓਦੋਂ ਤੋਂ ਹੀ ਪੂਰਾਂ ਦੇ ਪੂਰ ਡੁੱਬਦੇ ਈ ਚਲੇ ਜਾਂਦੇ ਨੇ; ਤਰਦਾ ਉਹ ਹੈ ਜਿਹੜਾ ਇਸ ਝੂਠੀ 'ਮੈਂ' ਨੂੰ ਛੱਡਦੈ। ਇਹ ਪਿਆਰੀ ਲਗਦੀ ਐ, ਬਹੁਤ ਪਿਆਰੀ ਲਗਦੀ ਐ। ਕਹਿੰਦੈ, 'ਮੈਂ' ਛੱਡ ਦੇਵਾਂ, ਫੇਰ ਮੇਰੇ ਬਾਲ-ਬੱਚੇ ਕੀ ਕਹਿਣਗੇ? ਮੈਂ ਟੱਬਰ ਤੋਂ ਵੱਖਰਾ ਹੋ ਜਾਵਾਂ! ਡਰ ਲਗਦੈ। ਕਹਿੰਦੇ, ਟੱਬਰ ਤੋਂ ਵੱਖਰੇ ਨਹੀਂ ਹੋਣਾ, ਤੈਨੂੰ ਰੱਬ ਬਣਾ ਦਿਆਂਗੇ ਰੱਬ -

***ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥***
***ਅੰਗ- 1369***

ਤੂੰ ਰੱਬ ਬਣ ਜਾਏਂਗਾ -

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥***
***ਅੰਗ - 1375***

ਕਹਿੰਦੇ, ਆਪੇ ਨੂੰ ਮਿਟਾ ਦੇ। 'ਮੈਂ' ਤੇ 'ਮੇਰੀ' ਦਾ ਝਗੜਾ ਹੈ ਸਾਰਾ ਹੀ। ਇਹ ਦੋ ਚੀਜ਼ਾਂ ਨੂੰ ਜੇ ਤੂੰ ਐਂ ਮੰਨ ਲਏਂ ਨ ਕਿ ਮੈਂ ਤਾਂ ਹਾਂ ਨੀਂ, ਐਵੇਂ ਮੈਂ ਬਣਿਆ ਫਿਰਦਾਂ; ਫੇਰ ਸਾਰਾ ਝਗੜਾ ਖਤਮ ਹੋ ਜਾਂਦੈ।

''ਇਹ ਹੋ ਕਿਉਂ ਗਿਆ?''

''ਇਹ ਮਾਇਆ ਪੈ ਗਈ ਤੇਰੇ ਉਤੇ, ਪਰਮੇਸ਼ਰ ਦੀ ਮਾਇਆ ਪੈ ਗਈ। ਉਹਨੇ 'ਹਉਮੈ' ਪਾ ਦਿਤੀ ਤੇ ਤੂੰ ਤਾਂ ਪਰਮੇਸ਼ਰ ਦੀ ਅੰਸ਼ ਸੀਗਾ, ਆਪਣੇ ਆਪ ਨੂੰ ਭੁੱਲ ਗਿਆ। ਤੈਨੂੰ ਹੁਣ ਪਤਾ ਹੀ ਨਹੀਂ ਰਿਹਾ, ਕਿ ਤੂੰ ਕੌਣ ਸੀ -

***ਧਾਰਨਾ - ਮਨ ਤੂੰ ਜੋਤਿ ਸਰੂਪ ਹੈਂ,***
***ਆਪਣਾ ਮੂਲ ਪਛਾਣ - 2, 2.***
***ਆਪਣਾ ਮੂਲ ਪਛਾਣ, ਪਿਆਰੇ,***
***ਆਪਣਾ ਮੂਲ ਪਛਾਣ - 2, 2.***

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ਅੰਗ - 441***

ਇਸ ਗੱਲ ਤੇ ਜੇ ਸਾਡਾ ਵਿਸ਼ਵਾਸ਼ ਆ ਜਾਵੇ, ਐਨੀ ਕੁ ਗੱਲ ਸਮਝ ਲਵੇ, ਸਾਡਾ ਸਤਿਸੰਗ ਵਿਚ ਆਉਣਾ ਸਫਲ ਹੋ ਜਾਵੇ। ਪਰ ਕਿੰਨਾ ਹੀ ਕਰ ਲਉ, ਇਹ ਗੱਲ ਸਾਡੇ ਦਿਮਾਗ ਵਿਚ ਨਹੀਂ ਬੈਠਦੀ; ਸਤਿਸੰਗ ਚਾਹੇ ਸਾਰੀ ਉਮਰ ਸੁਣੀ ਜਾਉ। ਸਾਡਾ ਇਕ ਰਿਸ਼ਤੇਦਾਰ ਸੀ - ਚਾਚਾ ਸਾਡਾ। ਸਾਡੇ ਪਿੰਡ ਇਹ ਰਮਾਇਣ ਦਾ ਸਮਾਗਮ ਹੋਣ ਲੱਗ ਗਿਆ। ਉਹ ਡਰਾਮਾ ਤਾਂ ਨਹੀਂ ਸੀ ਹੁੰਦਾ, ਉਹ ਕਵਿਤਾ ਪੜ੍ਹ-ਪੜ੍ਹ ਕੇ ਸੁਣਾਉਂਦਾ ਸੀ। ਉਹ ਸਾਰੀ ਰਮਾਇਣ ਸੁਣ ਕੇ ਮੈਨੂੰ ਕਹਿੰਦਾ, ਇਕ ਗੱਲ ਤਾਂ ਦੱਸੋ। ਮੈਂ ਕਿਹਾ - ''ਚਾਚਾ! ਤੈਂ ਰਮਾਇਣ ਸੁਣ ਲਈ?''

''ਹਾਂ, ਸੁਣ ਤਾਂ ਲਈ, ਪਰ ਮੈਨੂੰ ਇਹ ਪਤਾ ਨਹੀਂ ਲੱਗਿਆ ਕਿ ਉਹ ਸੀਤਾ ਕੌਣ ਸੀ?''

''ਰੌਲਾ ਤਾਂ ਸਾਰਾ ਹੀ ਸੀਤਾ ਦਾ ਸੀ ਉਹਦੇ ਵਿਚ।''

''ਉਹ ਮਨੁੱਖ ਸੀ?''

''ਫੇਰ ਸੁਣਿਆ ਕੀ ਹੈ ਤੇਂ?''

''ਮੈਨੂੰ ਤਾਂ ਇਹ ਹੀ ਲੱਗਿਆ ਕਿ ਜਿਹੜਾ ਆਪਣਾ ਗਵਾਂਢੀ ਹੈ ਨ ਸੀਤਾ, ਉਹ ਮਨੁੱਖ ਹੈ। ਇਸ ਸੀਤਾ ਦਾ ਪਤਾ ਨਹੀਂ ਲੱਗਿਆ ਕਿ ਇਹ ਆਦਮੀ ਸੀ ਜਾਂ ਔਰਤ?

ਸੋ ਇਹ ਗੱਲ ਵਿਚ ਡੂੰਘਾ ਨ ਜਾਣ ਕਰਕੇ ਸਾਡਾ ਮਨ ਕਿਤੇ ਹੋਰ ਹੀ ਰਹਿੰਦੈ ਤੇ ਸਾਨੂੰ ਪਤਾ ਨਹੀਂ ਲਗਦਾ ਇਨ੍ਹਾਂ ਗੱਲਾਂ ਦਾ ਕਿ ਅਸੀਂ ਹਾਂ ਕੀ? ਜੇ ਅਸੀਂ ਐਨਾ ਹੀ ਸਮਝ ਲਈਏ, ਸਤਿਸੰਗ ਵਿਚ ਆਉਣਾ ਸਾਡਾ ਸਫਲ ਹੋ ਜਾਇਆ ਕਰਦੈ।

ਸੋ ਗੁਰੂ ਮਹਾਰਾਜ ਕਹਿੰਦੇ, ਤੂੰ ਆਪਣਾ ਆਪ ਪਛਾਣ ਲੈ; ਇਹ ਗੱਲ ਸੱਚੀ ਹੈ, ਬਾਕੀ ਝੂਠ ਹੈ। ਝੂਠ ਨਾਲ ਲਗ ਕੇ, ਜੇ ਅਸੀਂ ਕਹਿਦੇ ਹਾਂ ਕਿ ਬੱਚੇ ਝੂਠ ਨੇ, ਮਕਾਨ ਝੂਠ ਨੇ; ਸਾਡਾ ਦਿਲ ਘਟਦੈ ਕਿ ਹੈਂ! ਬੱਚੇ ਝੂਠ ਨੇ! ਮੈਂ ਤਾਂ ਇਨ੍ਹਾਂ ਨੂੰ ਸੱਚ ਸਮਝਦਾਂ। ਮਹਾਰਾਜ ਕਹਿੰਦੇ, ਤੂੰ ਵੱਡਿਆਂ-ਵੱਡਿਆਂ ਦੀਆਂ ਮਿਸਾਲਾਂ ਲੈ-ਲੈ - 'ਏਕ ਸ਼ਿਵ ਭਏ, ਏਕ ਗਏ, ਏਕ ਫੇਰ ਭਏ, ਰਾਮ ਚੰਦ੍ਰ ਕ੍ਰਿਸ਼ਨ ਕੇ, ਅਵਤਾਰ ਭੀ ਅਨੇਕ ਹੈਂ॥ ਬ੍ਰਹਮਾ ਅਰੁ ਬਿਸ਼ਨ ਕੇਤੇ, ਬੇਦ ਔ ਪੁਰਾਨ ਕੇਤੇ, ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਏ ਹੈਂ॥ ਮੋਨਦੀ ਮਦਾਰ ਕੇਤੇ, ਅਸੁਨੀ ਕੁਮਾਰ ਕੇਤੇ, ਅੰਸਾ ਅਵਤਾਰ ਕੇਤੇ, ਕਾਲ ਬਸ ਭਏ ਹੈਂ॥ ਪੀਰ ਔ ਪਿਕਾਂਬਰ ਕੇਤੇ, ਗਨੇ ਨ ਪਰਤ ਏਤੇ, ਭੂਮ ਹੀ ਤੇ ਹੁਇ ਕੈ, ਫੇਰ ਭੂਮਹੀ ਮਿਲਏ ਹੈਂ॥' ਦੱਸ ਤਾਂ ਸਹੀ, ਉਹ ਕਿੱਧਰ ਗਏ? ਜੇ ਉਹ ਸੱਚੇ ਹੁੰਦੇ, ਕਿਉਂ ਜਾਂਦੇ?

***ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥***
***ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥ਅੰਗ - 1381***

ਦੇਖ! ਪੜਦਾਦਾ ਹੈਗਾ ਤੇਰਾ? ਕਿਥੇ ਚਲਿਆ ਗਿਆ? ਉਹ ਜੇ ਸੱਚ ਹੁੰਦਾ ਤਾਂ ਰਹਿੰਦਾ। ਸੱਚ ਤਾਂ ਹਮੇਸ਼ਾ ਹੀ ਰਹਿੰਦੈ। ਸੱਚ ਉਹਨੂੰ ਕਹਿੰਦੇ ਨੇ ਜਿਹੜਾ ਕਦੇ ਝੂਠ ਨ ਬਣੇ, ਛਿਪੇ ਨੇ। ਜਿਹੜੀ ਚੀਜ਼ ਵਿਚ ਬਦਲੀ ਹੋ ਜਾਵੇ, ਉਹ ਝੂਠ ਹੋਇਆ ਕਰਦੀ ਹੈ; ਸੱਚ ਨਹੀਂ ਹੋਇਆ ਕਰਦੀ। ਫੇਰ ਅਸੀਂ ਦੇਖਦੇ ਹਾਂ ਕਿ ਇਹ ਕੀ ਹੋ ਗਿਆ? ਸਾਇੰਸਦਾਨਾਂ ਨੂੰ ਪਤਾ ਲਗ ਗਿਆ, ਕਾਫੀ ਦੂਰ ਤਾਂਈਂ ਪਹੁੰਚ ਗਏ। ਉਹ ਕਹਿੰਦੇ, ਨਹੀਂ ਓ ਨਹੀਂ ਲੋਕੋ! ਇਹ ਗੱਲ ਹੋਰ ਹੈ ਜਿਹੜੀ ਨਜ਼ਰ ਆਉਂਦੀ ਹੈ; ਇਹ ਤਾਂ ਇਕ chemical action (ਪ੍ਰਕਿਰਤਕ ਕ੍ਰਿਆ) ਹੈ, ਸ਼ਕਲਾਂ ਬਣਾਈਆਂ ਹੋਈਆਂ

ਨਜ਼ਰ ਆਉਂਦੀਆਂ ਨੇ। ਕਹਿੰਦੇ, ਫੇਰ ਹੈ ਕੀ ਕਹਿੰਦੇ, ਇਹਦੇ ਥੱਲੇ energy (ਸ਼ਕਤੀ) ਹੈ - ਸਾਰੇ ਦੇ; This is all manifestation of energy. ਸ਼ਕਲਾਂ ਬਣੀਆਂ ਹੋਈਆਂ ਨੇ ਜਿਵੇਂ ਸਮੁੰਦਰ ਦੇ ਵਿਚ ਲਹਿਰਾਂ ਆ ਗਈਆਂ, ਬੁਲਬੁਲੇ ਆ ਗਏ, ਉਨ੍ਹਾਂ ਦੀਆਂ ਸ਼ਕਲਾਂ ਬਣ ਗਈਆਂ; ਇਵੇਂ ਜਿਵੇਂ ਇਹ energy (ਸ਼ਕਤੀ) ਨੇ ਸ਼ਕਲਾਂ ਬਣਾ ਲਈਆਂ। ਇਹ ਸਾਇੰਸਦਾਨ ਪਹੁੰਚ ਤਾਂ ਗਏ ਕਾਫੀ ਉਚੇ, ਪਰ ਅਜੇ ਹੇਠਾਂ ਰਹਿ ਗਏ ਕਿਉਂਕਿ energy ਵਿਚ ਤਾਕਤ ਨਹੀਂ ਹੈ ਕਿ ਆਪੇ ਹੀ ਬਣਾ ਲਵੇ - ਸ਼ਕਲਾਂ; ਅੰਨ੍ਹੀਂ ਚੀਜ਼ ਹੈ। ਉਹਨੂੰ ਤਰਤੀਬ ਦੇਣ ਵਾਲੀ ਕੋਈ ਚੇਤਨ ਸ਼ਕਤੀ ਚਾਹੀਦੀ ਹੈ।

ਮਹਾਰਾਜ ਕਹਿੰਦੇ, ਉਹ ਸ਼ਬਦ ਹੈ - 'ਓਅੰਕਾਰ'; ਪਹਿਲਾਂ ਇਕ ਸੀ, ਫੇਰ ਓਅੰਕਾਰ ਹੋ ਗਿਆ। ਇਹ ਓਅੰਕਾਰ, ਚੇਤਨ ਪੁਰਸ਼ ਹੈ। ਇਹ ਚੇਤਨ ਪੁਰਸ਼ ਦਾ ਇਕ ਫੁਰਨਾ ਚੱਲ ਪਿਆ ਤੇ ਸਭ ਕੁਛ ਆਪੇ ਹੀ ਬਣ ਗਿਆ; ਜੋ ਕੁਛ ਵੀ ਹੈ। ਇਕ ਤੋਂ ਅਨੇਕ ਹੋ ਗਿਆ। ਕਹੀ ਤਾਂ ਜਾਂਦੇ ਨੇ, ਇਹ ਝੂਠ ਕਿਵੇਂ ਹੋ ਸਕਦੈ? ਕੰਧਾਂ ਨੂੰ ਹੱਥ ਲਾਉਂਦੇ ਹਾਂ ਤਾਂ ਸਾਡੇ ਹੱਥ ਲਗਦੇ ਨੇ। ਜੋ ਕੁਝ ਜਾਗਦਿਆਂ ਨੂੰ ਦਿਸਦਾ ਹੈ, ਸੁਪਨੇ ਵਿਚ ਤਾਂ ਸਾਨੂੰ ਦਿਸਦਾ ਹੀ ਨਹੀਂ। ਮਹਾਂਪੁਰਖ ਕਹਿੰਦੇ, ਨਹੀਂ, ਤੈਨੂੰ ਭੁਲੇਖਾ ਲੱਗ ਗਿਆ; ਹੈ ਇਹ ਵੀ ਸੁਪਨਾ। ਜਿਹੜਾ ਸੁਪਨਾ ਲੈਨੈ - ਰਾਤ ਨੂੰ, ਉਹ ਵੀ ਸੁਪਨਾ ਹੈ; ਉਹ ਸੁਪਨਾ ਘੜੀ ਦਾ ਹੈ, ਇਹ ਸੁਪਨਾ 50-60 ਸਾਲ ਦਾ; ਹਨ ਇਹ ਦੋਵੇਂ ਹੀ ਸੁਪਨੇ, ਤੇ ਸੁਪਨੇ ਦੇ ਨਾਲ ਤੇਰਾ ਚਿਤ ਲੱਗਿਆ ਹੋਇਐ। ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਲਾ ਲਿਆ ਮੂਰਖਾ, ਚਿਤ ਨਾਲ ਸੁਪਨੇ ਦੇ - 2, 2.***

***ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥ ਅੰਗ - 707***

ਮਹਾਰਾਜ ਕਹਿੰਦੇ, ਇਹ ਸੁਪਨਾ ਹੈ - ਸੰਸਾਰ, ਜਿਹੜਾ ਤੂੰ ਲੈ ਰਿਹੈਂ। ਅਸੀਂ ਇਹਨੂੰ ਸੱਚਾ ਮੰਨ ਲਿਆ। ਮਹਾਰਾਜ ਕਹਿੰਦੇ -

***ਤੈ ਸਾਚਾ ਮਾਨਿਆ ਕਿਹ ਬਿਚਾਰਿ॥ ਅੰਗ - 1187***

ਸਾਨੂੰ ਦੱਸ ਤਾਂ ਸਹੀ, ਕਿਹੜੀ ਵਿਚਾਰ ਐ ਤੇਰੇ ਕੋਲ, ਜਿਹਦੇ ਨਾਲ ਤੂੰ ਇਹਨੂੰ ਸੱਚਾ ਮੰਨਦੈਂ? ਸੁਪਨੇ ਨੂੰ ਵੀ ਕੋਈ ਸੱਚਾ ਮੰਨਦੈ? ਕਹਿੰਦੇ, ਮੂਰਖ ਬੰਦੇ ਨੇ ਇਹਦੇ ਨਾਲ ਚਿਤ ਲਾ ਲਿਆ। ਸੁਪਨਾ ਟੁੱਟ ਜਾਂਦੈ, ਜਿੱਦਣ ਚਾਰ ਭਾਈਆਂ ਨੇ ਕਿਹਾ - '.........ਕਾਢਹੁ ਕਾਢਹੁ ਹੋਈ॥' (ਅੰਗ-478) ਚਲੋ-ਚਲੋ, ਚੱਕੋ-ਚੱਕੋ; ਫੇਰ ਸੁਪਨਾ ਟੁੱਟ ਗਿਆ, ਮੁੜ ਕੇ ਨਹੀਂ ਆਉਂਦਾ। ਸੁਪਨੇ ਦੀ ਚੀਜ਼ ਕਦੇ ਵਾਪਿਸ ਆਈ ਹੈ?

ਜਦ ਮੈਂ ਪੜ੍ਹਦਾ ਹੁੰਦਾ ਸੀ, ਇਕ ਕਹਾਣੀ ਸੀ - ਇਕ ਕੋਈ ਮਿਰਾਸੀ ਸੀ। ਉਹਨੇ ਬੱਕਰੀ ਰੱਖੀ ਹੋਈ ਸੀ ਤੇ ਕਈ ਵਾਰੀ ਘਰ ਵਿਚ ਕਹਿਣਾ ਕਿ ਬੱਕਰੀ ਵੇਚ ਦੇਈਏ, ਵੇਚ ਦੇਈਏ ਪਰ ਘਰ-ਵਾਲੀ ਨਹੀਂ ਸੀ ਵੇਚਣ ਦਿੰਦੀ। ਉਹ ਕਹਿੰਦਾ ਸੀ ਵੇਚਣੀ ਐਂ। ਜਿਹੜੀ ਗੱਲ ਦਿਮਾਗ ਦੇ ਵਿਚ ਪੈ ਜਾਏ - ਬਹੁਤ ਵਾਰੀ, ਉਹਦਾ ਸੁਪਨਾ ਆ ਜਾਂਦੈ। ਇਹਦੇ ਸੁਪਨੇ ਦੇ ਵਿਚ ਗਾਹਕ ਆ ਗਿਆ। ਗਾਹਕ ਕਹਿੰਦਾ -

"ਮੀਰ ਸਾਹਿਬ! ਬਕਰੀ ਵੇਚਣੀ ਐਂ?"

"ਹਾਂ।"

"ਕਿੰਨੇ ਪੈਸੇ ਲੈਣੇ ਨੇਂ?"

"ਪੂਰੇ ਪੰਜ।" ਜਦ ਪੰਜ ਰੁਪਏ ਬਹੁਤ ਹੁੰਦੇ ਸੀ। ਪੰਜ ਮਣ ਕਣਕ ਆਉਂਦੀ ਸੀ ਜਦ।

"ਇਕ ਰੁਪਈਆ ਲੈ-ਲੈ। ਨਾਲ ਮੈਂ ਰੱਸਾ ਵੀ ਲੈਣੇ।"

"ਮੈਂ ਰੱਸਾ ਨਹੀਂ ਦੇਣਾ ਪੰਜ ਲੈ ਕੇ ਵੀ।"

"ਮੈਂ ਰੱਸੇ ਤੋਂ ਬਗੈਰ ਕਿਵੇਂ ਲੈ ਕੇ ਜਾਊਂ?"

"ਹੋਰ ਦੇ-ਦੇ ਫੇਰ ਪੈਸੇ।"

"ਮੈਂ ਪੰਜ ਨਹੀਂ ਦੇਣੇ। ਆਹ ਫੜ ਇੱਕ।"

ਉਹਦੀ ਜੇਬ ਵਿਚ ਪਾਉਂਦੈ ਤੇ ਐਨੇ ਨੂੰ ਉਹ ਓਧਰ ਨੂੰ

ਖਿੱਚਦੈ, ਉਹ ਓਧਰ ਨੂੰ ਖਿੱਚਦੈ ਤੇ ਅਖੀਰ ਉਹਨੇ ਧੱਕਾ ਜਿਹਾ ਮਾਰਿਆ, ਕਹਿੰਦਾ, "ਛੱਡ-ਛੱਡ, ਇਹ ਫੜ ਰੁਪਈਆ ਤੇਰੇ ਹੱਥ ਤੇ ਰੱਖ ਦਿਤਾ।" ਚਾਂਦੀ ਦੇ ਰੁਪਈਏ ਹੁੰਦੇ ਸੀ। ਜਦ ਥੱਲੇ ਨੂੰ ਝਟਕਾ ਜਿਹਾ ਲੱਗਿਆ, ਉਹਦੀ ਜਾਗ ਖੁੱਲ੍ਹ ਗਈ। ਮੰਜੇ ਤੇ ਪਿਐ, ਉਚੀ-ਉਚੀ ਹਾਕਾਂ ਮਾਰਨ ਲਗ ਗਿਆ। ਕਹਿੰਦਾ, "ਓ ਪ੍ਰਭਾ, ਓ ਪ੍ਰਭਾ, ਇਕੋ ਰੁਪਈਆ ਦੇ ਜਾ, ਲੈ ਜਾ ਇਹ ਬੱਕਰੀ, ਰੁਪਈਆ ਦੇ ਜਾ।" ਘਰ ਵਾਲੀ ਨੂੰ ਆ ਗਈ ਜਾਗ। ਕਹਿੰਦੀ, "ਤੂੰ ਕੀ ਕਰੀ ਜਾਨੈ, ਰੁਪਈਏ ਨੂੰ ਬੱਕਰੀ ਵੇਚਦੈਂ?" ਉਹ ਕਹਿੰਦਾ, "ਮਸਾਂ-ਮਸਾਂ ਗਾਹਕ ਆਏ ਸੀ, ਤੈਂ ਨਠਾ ਦਿਤੇ।"

ਮਹਾਰਾਜ ਕਹਿੰਦੇ, ਐਸੇ ਤਰ੍ਹਾਂ ਹੀ ਸੰਸਾਰ ਨੇ ਸੁਪਨੇ ਨਾਲ ਚਿਤ ਲਾਇਆ ਹੋਇਐ -

***ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥***
***ਬਿਸਰੇ ਰਾਜ ਰਸ ਭੋਗ ਜਾਗਤ ਬਖਲਾਇਆ॥ ਅੰਗ - 707***

ਰਾਜਾ ਬਣ ਗਿਆ ਸੁਪਨੇ ਵਿਚ, ਤੇ ਫੇਰ ਕੀ ਹੁੰਦੈ; ਜਾਗ ਆ ਗਈ। ਰਾਜ, ਭੋਗ ਸਭ ਵਿਸਰ ਗਏ। ਸੁਪਨੇ ਦੇ ਭੋਗ ਫੇਰ ਕਿਵੇਂ ਵਾਪਸ ਆਉਣ?

ਇਕ ਭੜਭੂੰਜਾ ਸੀ - ਕਿਸੇ ਸ਼ਹਿਰ ਵਿਚ। ਉਹਦੇ ਮਨ ਵਿਚ ਇਹ ਖਿਆਲ ਰਿਹਾ ਕਰਦਾ ਸੀ ਕਿ ਜੇ ਕਿਤੇ ਰਾਜਾ ਆਵੇ, ਮੈਂ ਦੇਖਾਂ ਕਿ ਉਹ ਕਿਵੇਂ ਰੋਟੀ ਖਾਂਦੇ ਨੇ, ਕਿਵੇਂ ਬੈਠਦੇ ਨੇ, ਕਿਵੇਂ ਸੌਂਦੇ ਨੇ, ਕਿਵੇਂ ਖੇਲ੍ਹਦੇ ਨੇ, ਕਿਵੇਂ ਗੱਲਾਂ ਕਰਦੇ ਨੇ। ਦੇਖਿਆ ਨਹੀਂ ਸੀ ਕਦੇ। ਇਕ ਵਾਰੀ ਖਬਰ ਆ ਗਈ ਕਿ ਰਾਜੇ ਦਾ ਉਥੋਂ ਜਲੂਸ ਲੰਘਣੈ ਤੇ ਰਹਿਣਾ ਵੀ ਇਸ ਪਿੰਡ ਦੇ ਨੇੜੇ ਹੀ ਹੈ। ਕੈਂਪ ਲਗ ਗਏ ਤੇ ਇਹਨੇ ਵੀ ਫਿਰ ਫਿਰ ਕੇ ਇਨ ਦਰਖਤ ਦੇਖ ਲਿਆ ਕਿ ਇਸ ਦਰਖਤ ਤੇ ਬੈਠ ਕੇ ਮੈਂ ਦੇਖੂੰਗਾ। ਦਰਖਤ ਤੇ ਦੂਰ ਬੈਠ ਗਿਆ। ਨਿਗ੍ਹਾ ਤੇਜ਼ ਸੀ; ਉਹ ਕੈਂਪ ਦੇ ਵਿਚ ਰਾਜੇ ਨੂੰ ਫਿਰਦੇ ਨੂੰ, ਰਾਣੀਆਂ ਦੇ ਬੈਠੇ ਨੂੰ, ਰੋਟੀ ਖਾਂਦੇ ਨੂੰ, ਸਭ ਦੇਖ ਰਿਹੈ। ਇਹਦੇ ਮਨ ਵਿਚ ਸੰਸਕਾਰ ਪੱਕਾ ਹੋ ਗਿਆ ਕਿ ਜੇ ਮੈਂ

ਰਾਜਾ ਬਣ ਜਾਵਾਂ ਤਾਂ ਮੈਂ ਵੀ ਇਵੇਂ ਜਿਵੇਂ ਕਰਾਂ। ਮੇਰੀ ਤਾਂ ਜ਼ਿੰਦਗੀ ਕੁਛ ਵੀ ਨਹੀਂ। ਐਵੇਂ ਹੀ ਹੈ। ਜਿਹੜਾ ਸੰਸਕਾਰ ਆਦਮੀ ਦੇ ਅੰਦਰ ਪੱਕ ਜਾਵੇ - ਬਾਰ-ਬਾਰ ਅਧਿਆਸ ਦੇ ਨਾਲ, ਜਿਵੇਂ 'ਮੈਂ' ਬਣ ਗਏ ਆਪਾਂ ਕਿ 'ਮੈਂ ਵਰਿਆਮ ਸਿਉਂ, ਮੈਂ ਫਲਾਣਾ ਸਿਉਂ, ਮੈਂ ਧਿਮਕਾ ਸਿਉਂ, ਮੈਂ ਫਲਾਣੇ ਪਿੰਡ ਦਾ, ਮੈਂ ਫਲਾਣੇ ਪਿੰਡ ਦਾ, ਮੈਂ ਇਕ ਰਾਜਾ, ਸਾਡਾ ਦੇਸ-ਇਹ ਪੱਕ ਗਿਆ ਸਾਨੂੰ। ਇਹਨੂੰ ਅਧਿਆਸ ਕਹਿੰਦੇ ਨੇ। ਬਾਰ-ਬਾਰ ਸਿਮ੍ਰਿਤੀ ਦੇ ਨਾਲ ਇਕ ਗੱਲ ਪੱਕ ਜਾਂਦੀ ਹੈ। ਇਕ ਗਾਹਕ ਆ ਗਿਆ, ਉਸ ਨੇ ਦੇਖਿਆ ਕਿ ਭੜਭੂੰਜਾ ਇਕ ਸੰਦੂਕੜੀ ਨਾਲ ਲੱਗਿਆ ਪਿਐ, ਹੱਥ ਰੱਖਿਆ ਹੋਇਐ - ਸੰਦੂਕੜੀ ਤੇ। ਗਾਹਕ ਨੇ ਆਵਾਜ਼ ਦਿਤੀ, ਓ ਭੜਭੂੰਜੇ, ਇਕ ਪੈਸੇ ਦੇ ਚਨੇ ਦੇਹ।

ਏਧਰ ਕੀ ਹੋ ਰਿਹੈ ਕਿ ਇਹ ਸੁਪਨੇ ਵਿਚ ਇਕ ਰਾਜਾ ਬਣ ਗਿਆ, ਕਿੰਨੀਆਂ ਰਾਣੀਆਂ ਵਿਆਹ ਲਈਆਂ। ਉਨ੍ਹਾਂ ਤੋਂ ਰਾਜਕੁਮਾਰ ਹੋ ਗਏ, ਵਜ਼ੀਰ ਆ ਗਏ, ਤਖਤ ਤੇ ਬੈਠੈ, ਸੁਨਹਿਰੀ ਮਾਲਾਂ ਪਾਈਆਂ ਹੋਈਆਂ ਨੇ, ਹੀਰੇ ਜਵਾਹਰਾਤ ਦੀਆਂ ਮਾਲਾਂ ਪਾਈਆਂ ਹੋਈਆਂ ਨੇ, ਦਸਤਾਰ ਬੰਨ੍ਹੀ ਹੋਈ ਹੈ - ਰੇਸ਼ਮੀ, ਚੌਰ ਹੋ ਰਿਹੈ, ਮੁੱਠੀ-ਚਾਪੀ ਹੋ ਰਹੀ ਹੈ, ਰਾਣੀਆਂ ਹੱਥ ਬੰਨ੍ਹੀ ਖੜ੍ਹੀਆਂ ਨੇ ਤੇ ਖ਼ੂਬ ਹੁਕਮ ਦੇ ਰਿਹੈ। ਉਸ ਵੇਲੇ ਇਹਦੀ ਗੋਦੀ ਵਿਚ ਰਾਜਕੁਮਾਰ ਬੈਠਾ ਖੇਲ੍ਹਦੈ, ਉਹਨੂੰ ਪਿਆਰ ਕਰ ਰਿਹੈ। ਪੰਜ ਛੇ ਆਵਾਜ਼ਾਂ ਮਾਰੀਆਂ। ਉਹ ਸੁਣਦਾ ਤਾਂ ਸੀ ਪਰ ਸੁਪਨਾ ਐਨਾ ਪੱਕਾ ਸੀ, ਇਹਨੇ ਕਿਹਾ ਕਿ ਕਿਸੇ ਭੜਭੂੰਜੇ ਨੂੰ ਜਗਾਉਂਦਾ ਹੋਣੈ। ਇਸ ਦੇ ਘਰ ਵਾਲੀ ਉਠ ਕੇ ਆ ਗਈ, ਉਹ ਸੀ ਬਹੁਤ ਕੌੜੀ। ਕਹਿੰਦੀ, ਉਠਦਾ ਨਹੀਂ ਤੂੰ! ਗਾਹਕ ਆਇਐ। ਉਹ ਫੇਰ ਵੀ ਨ ਉਠਿਆ। ਇਹਨੇ ਲੱਤ ਮਾਰੀ ਉਹਦੇ, ਕਹਿੰਦੀ, ਉਠਦਾ ਹੈਂ ਕਿ ਨਹੀਂ? ਉਹ ਇਕ ਦਮ ਉਠਿਆ ਤੇ ਕਹਿੰਦਾ, ਮੇਰਾ ਰਾਜਕੁਮਾਰ ਕਿੱਥੇ ਹੈ, ਮੇਰੀਆਂ ਰਾਣੀਆਂ ਕਿਥੇ ਨੇ? ਰੋਣ ਲੱਗ ਗਿਆ - ਉਚੀ-ਉਚੀ; ਮੇਰਾ ਰਾਜਕੁਮਾਰ ਕਿੱਥੇ ਗਿਆ? ਮੂਰਛਤ ਹੋ ਗਿਆ।

ਉਹ ਜਿਹੜਾ ਗਾਹਕ ਸੀ, ਉਹ ਸਿਆਣਾ ਸੀ; ਕਹਿੰਦਾ,

ਬੀਬੀ, ਇਹਨੂੰ ਕੋਈ ਸੁਪਨਾ ਆ ਰਿਹਾ ਸੀ, ਇਹ ਸੁਪਨੇ ਵਿਚ ਰਾਜਾ ਬਣਿਆ ਹੋਇਆ ਸੀ ਤੇ ਤੈਂ ਇਹਨੂੰ ਜਗਾ ਦਿਤਾ; ਬੜੀ ਮਾੜੀ ਗੱਲ ਕਰੀ, ਮੈਂ ਵੀ ਮਾੜੀ ਗੱਲ ਕਰੀ। ਇਹਨੇ ਜਗਾ ਦਿਤਾ ਤੇ ਕਹਿੰਦੀ, ਹੋਣੈ ਰਾਜਾ। ਚੰਗੀ ਤਰ੍ਹਾਂ ਜਗਾ ਦਿਤਾ; ਕਹਿੰਦੀ ਉਠਦਾ ਹੈਂ ਕਿ ਨਹੀਂ? ਉਹ ਉਠ ਕੇ ਅੱਖਾਂ ਮਲਣ ਲੱਗ ਗਿਆ ਤੇ ਕਹਿੰਦਾ, ਇਹ ਕੀ ਹੋ ਗਿਆ, ਮੇਰੀ ਰਾਣੀ ਕਿਥੇ ਗਈ? ਕਹਿੰਦੀ, ਕਿਹੜੀ ਰਾਣੀ ਤੇਰੀ, ਕਿਹੜਾ ਰਾਜਕੁਮਾਰ ਤੇਰਾ? ਯਾਦ ਨਹੀਂ ਆਉਂਦਾ। ਸਿਰ ਹਿਲਾਇਆ, ਪਾਣੀ ਲਿਆ ਕੇ ਅੱਖਾਂ ਵਿਚ ਪਾਇਆ; ਕਹਿੰਦੀ, ਹਾਲੇ ਤੈਨੂੰ ਸੁਰਤ ਨਹੀਂ ਆਈ, ਹਾਲੇ ਰਾਜੇ ਦੇ ਖਿਆਲ ਵਿਚ ਵੜਿਆ ਹੋਇਐਂ।

ਇਸੇ ਤਰ੍ਹਾਂ ਦੇ ਨਾਲ ਅਸੀਂ ਵੀ, ਸਾਧ ਸੰਗਤਿ ਜੀ, ਆਪਣੇ ਸਰੂਪ ਨੂੰ ਭੁੱਲ ਕੇ, ਵਾਹਿਗੁਰੂ ਨੂੰ ਭੁੱਲ ਕੇ ਸੁਪਨੇ ਵਿਚ ਰੁਲ ਗਏ – 'ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥ ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ॥' ਰਾਜ ਦੇ ਰਸ, ਭੋਗ ਵਿਸਰ ਗਏ। ਹੁਣ ਜਾਗ ਕੇ ਰੋਂਦੈ ਕਿ ਮੈਂ ਤਾਂ ਰਾਜਾ ਸੀ।

***ਆਰਜਾ ਗਈ ਵਿਹਾਇ ਧੰਧੈ ਧਾਇਆ ॥***
***ਪੂਰਨ ਭਏ ਨ ਕਾਮ ਮੋਹਿਆ ਮਾਇਆ ॥***
***ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ ॥ ਅੰਗ – 707***

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿਣ ਲੱਗੇ, "ਬੁੱਧੂ ਸ਼ਾਹ! ਇਹ ਗੱਲ ਤਾਂ ਬਹੁਤ ਛੋਟੀ ਐ। ਇਹ ਝੂਠੀ 'ਮੈਂ' ਨੂੰ ਛੱਡ ਦੇ; ਇਹ 'ਮੈਂ' ਨੇ ਸਾਰੀ ਦੁਨੀਆ ਡੋਬ ਦਿਤੀ।" ਇਸ ਤਰ੍ਹਾਂ ਕਹਿੰਦੇ ਨੇ –

***ਧਾਰਨਾ – ਕੂੜ ਮਿਠਾ ਲਗਕੇ, ਡੁੱਬ ਗਏ ਪੂਰਾਂ ਦੇ ਪੂਰ – 2, 2***
***ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ॥***
***ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥ ਅੰਗ – 468***

"ਬੁੱਧੂ ਸ਼ਾਹ! ਇਸ ਤਰ੍ਹਾਂ ਸੰਸਾਰ ਝੂਠ ਨੂੰ ਫੜ ਕੇ ਡੁੱਬਦਾ ਜਾ ਰਿਹੈ। ਇਕ ਵਾਹਿਗੁਰੂ ਸੱਚਾ ਹੈ। ਉਹਨੂੰ ਜਾਣਦਾ ਨਹੀਂ ਹੈ, ਝੂਠ ਦੇ ਨਾਲ ਪਿਆਰ ਪਾਈ ਬੈਠੈ। ਬੱਸ, ਰੌਲਾ ਇਸੇ ਗੱਲ ਦਾ

ਹੈ ਤੇ ਇਸ ਝੂਠ ਤੋਂ ਛੁਡਾਉਣ ਵਾਲਾ ਸੰਸਾਰ ਵਿਚ ਕੋਈ ਨਹੀ ਹੈ; ਕੇਵਲ ਗੁਰੂ ਹੈ'' -

***ਧਾਰਨਾ - ਗੁਰ ਬਿਨ ਡੁੱਬਦੀ ਜਾਵੇ, ਦੁਨੀਆਂ,***
***ਗੁਰ ਬਿਨ ਡੁੱਬਦੀ ਜਾਵੇ - 2, 2.***
***ਵਿਚ ਚੁਰਾਸੀ ਖਾਵੇ, ਗੋਤੇ,***
***ਵਿਚ ਚੁਰਾਸੀ ਖਾਵੇ - 2, 2.***

***ਨਾਨਕ ਮਨਮੁਖਿ ਅੰਧੁ ਪਿਆਰੁ॥***
***ਬਾਝੁ ਗੁਰੂ ਡੁਬਾ ਸੰਸਾਰੁ॥ ਅੰਗ - 138***

ਐਨਾ ਹਨ੍ਹੇਰਾ, ਐਨਾ ਵਿਖੜਾ ਸਾਗਰ ਕਿਹੈ ਮਹਾਰਾਜ ਨੇ - ਇਸ ਗੱਲ ਨੂੰ। ਗੱਲ ਛੋਟੀ ਐ; ਸਾਰੀ ਵਿਚਾਰ ਇਕ ਗੱਲ ਤੇ ਅਟਕੀ ਖੜ੍ਹੀ ਐ ਕਿ ਝੂਠੀ 'ਮੈਂ' ਨੇ ਸਾਨੂੰ ਫਸਾ ਲਿਆ। ਜਿਹੜੇ ਰੱਬ ਨੂੰ ਅਸੀਂ ਮਿਲਣ ਆਏ ਹਾਂ-

***ਧਨ ਪਿਰ ਕਾ ਇਕ ਹੀ ਸੰਗਿ ਵਾਸਾ***
***ਵਿਚਿ ਹਉਮੈ ਭੀਤਿ ਕਰਾਰੀ ॥***
***ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥***
***ਅੰਗ- 1263***

ਪੂਰਾ ਗੁਰੂ ਮਿਲ ਜਾਵੇ, ਉਹ ego (ਹਉਮੈ) ਨੂੰ ਤੋੜ ਦਿੰਦੈ। ਫੇਰ ਕੀ ਹੁੰਦੈ? '...............ਜਨ ਨਾਨਕ ਮਿਲੇ ਬਨਵਾਰੀ॥'

ਸੋ ਬੁੱਧੂ ਸ਼ਾਹ ਨੇ ਸਵਾਲ ਕਰਿਆ, ''ਸੱਚੇ ਪਾਤਸ਼ਾਹ! ਇਹ ''ਮੈਂ'' ਛੱਡੀਏ ਕਿਵੇ?'' ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ, ਅਗਲੇ ਪ੍ਰੋਗਰਾਮ ਤੇ ਵਿਚਾਰ ਕਰਨ ਦੀ ਕੋਸ਼ਿਸ਼ ਕਰਾਂਗੇ ਕਿ 'ਮੈਂ' ਕਿਵੇਂ ਛੱਡੀ ਜਾਂਦੀ ਹੈ। ਜਿਹੜਾ ਕੁਛ ਬੁੱਧੂ ਸ਼ਾਹ ਨੇ ਗੁਰੂ ਮਹਾਰਾਜ ਤੋਂ ਪੁਛਿਆ, ਉਹ ਸਾਡੇ ਵਾਸਤੇ ਵੀ ਉਸੇ ਤਰ੍ਹਾਂ ਹੈ। ਇਹ ਕੋਈ ਕਹਾਣੀ ਨਹੀਂ ਹੈ, ਇਹ ਤਾਂ ਤਰਨ ਦਾ ਇਕ ਰਸਤਾ ਹੈ ਜਿਹੜਾ ਮਹਾਰਾਜ ਨੇ ਬੜਾ ਹੀ ਸੌਖਾ ਉਸਨੂੰ ਸਮਝਾ ਕੇ ਦੱਸਿਆ। ਸੋ ਇਹ ਅਗਲੇ ਪ੍ਰੋਗਰਾਮ ਵਿਚ ਮਹਾਰਾਜ ਨੇ ਜੋ ਕਰਾਇਆ ਤਾਂ ਉਹਦੇ ਵਿਚ ਹੋਰ ਵਿਚਾਰ ਕਰਾਂਗੇ।

- ਅਨੰਦ ਸਾਹਿਬ -- ਗੁਰ ਸਤੋਤਰ --ਅਰਦਾਸਿ -

# 3

ਸ਼ਾਨ - ..................................।

ਸਤਿਨਾਮੁ ਸ੍ਰੀ ਵਾਹਿਗੁਰੂ - ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਅੰਗ - 256***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ- 289***

***ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥***
***ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥ ਅੰਗ- 1094***

***ਧਾਰਨਾ- ਹਰਿ ਦਰਸ਼ਨ ਕੀ ਆਸਾ,***
***ਮੇਰੇ ਮਨ,***
***ਹਰਿ ਦਰਸ਼ਨ ਕੀ ਆਸਾ - 2, 4***

***ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥***
***ਉਰ ਨਾ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ ॥***
***ਉਡਹੁ ਨ ਕਾਗਾ ਕਾਰੇ ॥***
***ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ ॥ ਰਹਾਉ ॥***
***ਕਹਿ ਕਬੀਰ ਜੀਵਨ ਪਦ ਕਾਰਨਿ ਹਰਿ ਕੀ ਭਗਤਿ ਕਰੀਜੈ ॥***
***ਏਕੁ ਆਧਾਰੁ ਨਾਮੁ ਨਾਰਾਇਨ ਰਸਨਾ ਰਾਮੁ ਰਵੀਜੈ ॥***
***ਅੰਗ - 337-38***

ਸਾਧ ਸੰਗਤਿ ਜੀ, ਗੱਜ ਕੇ ਬੋਲਣਾ 'ਸਤਿਨਾਮੁ ਸ੍ਰੀ ਵਾਹਿਗੁਰੂ।' ਕਾਰੋਬਾਰ ਸੰਕੋਚਦੇ ਹੋਏ ਦੂਰ-ਦਰਾਜ਼ ਤੋਂ ਆਪ ਗੁਰੂ ਦਰਬਾਰ ਵਿਚ ਪਹੁੰਚੇ ਹੋ। ਚਿਤ-ਬਿਰਤੀਆਂ ਨੂੰ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ, ਕੰਨਾਂ ਦੇ ਨਾਲ ਹਰੀ ਦਾ ਜਸ ਸ੍ਰਵਣ ਕਰੋ, ਬੁੱਧੀ ਦੇ ਨਾਲ ਵਿਚਾਰ ਕੇ ਹਿਰਦੇ ਵਿਚ ਧਾਰਨ ਦਾ ਯਤਨ ਕਰੋ ਕਿਉਂਕਿ ਜਦ ਤਕ ਹਿਰਦੇ ਵਿਚ ਬਚਨ ਧਾਰੇ ਨਹੀਂ ਜਾਂਦੇ, ਓਨੀ ਦੇਰ ਤਕ ਭੁੱਲ ਜਾਇਆ ਕਰਦੇ ਨੇ; ਸੋ ਵਿਚਾਰੋ, ਵਿਚਾਰਨ ਤੋਂ ਬਾਅਦ ਉਸਨੂੰ ਅਪਣਾਓ। ਸ਼ਬਦ ਵਿਚ ਰਸਨਾ ਦੇ ਨਾਲ ਗੱਜ-ਬੱਜ ਕੇ ਬੋਲੋ। ਜਦੋਂ ਇਸ ਤਰ੍ਹਾ ਹਰੀ ਜਸ ਕਰਾਂਗੇ, ਬਹੁਤ ਬੜਾ ਫਲ ਪ੍ਰਾਪਤ ਹੁੰਦੈ - ਇਸ ਕਲਜੁਗ ਦੇ ਅੰਦਰ, ਜਿਸਦਾ ਕਦੇ ਨਾਸ਼ ਨਹੀਂ ਹੋ ਸਕਦਾ। ਬਾਕੀ ਜੋ ਦੁਨੀਆਂ ਦੇ ਹੋਰ ਪੁੰਨ-ਦਾਨ ਨੇ - ਹਰੀ ਜਸ ਤੋਂ ਬਗੈਰ, ਸਾਰਿਆਂ ਨੂੰ ਜਮਦੂਤ ਡੰਨ ਲਾਉਂਦੇ ਨੇ -

***ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥***
***ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ***
***ਨਿਮਖ ਸਿਮਰਤ ਜਿਤੁ ਛੂਟੈ ॥ ਅੰਗ - 747***

ਕਿੱਡੀ ਵੱਡੀ ਵਡਿਆਈ ਦਿਤੀ ਹੈ ਕਿ 'ਨਿਮਖ' - ਅੱਖ ਦੇ ਇਕ ਝਮਕੇ ਤੋਂ ਵੀ ਘਟ ਸਮੇਂ ਨੂੰ ਕਹਿੰਦੇ ਨੇ, ਐਨੇ ਚਿਰ ਦੇ ਅੰਦਰ ਵੀ ਛੁਟਕਾਰਾ ਹੋ ਜਾਇਆ ਕਰਦੈ। ਕਲਿਜੁਗ ਦਾ ਸਮਾਂ ਹੈ; ਪਾਪਾਂ ਦੇ ਨਾਲ loaded (ਭਰਿਆ ਹੋਇਆ) ਚਲ ਰਿਹਾ ਹੈ - ਸਾਰਾ ਵਾਤਾਵਰਨ; ਹਿਲ ਰਿਹੈ ਆਸਮਾਨ, ਆਦਮੀ ਹਿਲ ਰਿਹੈ, ਪਰਜਾ ਹਿਲ ਰਹੀ ਹੈ, ਸਾਰਾ ਸੰਸਾਰ ਹਿਲ ਰਿਹੈ। ਕਿਸੇ ਦਾ Character (ਚਾਲ-ਚਲਣ) ਕਾਇਮ ਨਹੀਂ ਰਹਿ ਰਿਹੈ। ਹਰ ਬੰਦਾ ਔਖਾ ਹੋ ਰਿਹੈ। ਐਸੇ ਹਾਲਾਤ ਨਾਲ ਮੁਕਾਬਲਾ ਕਰਨਾ ਪੈ ਰਿਹੈ ਕਿ ਬੜਾ ਮੁਸ਼ਕਿਲ ਹੋ ਰਿਹੈ - ਸਚਾਈ ਤੇ ਖੜ੍ਹਨਾ। ਸੋ ਐਸੇ ਸਮੇਂ ਦੇ ਅੰਦਰ ਜੇ ਥੋੜਾ ਜਿਹਾ ਟਾਇਮ ਵੀ ਪਰਮੇਸ਼ਰ ਵਲ ਲਗ ਜਾਵੇ -

***ਏਕ ਚਿਤ ਜਿਹ ਇਕ ਛਿਨ ਧਿਆਇਓ॥***

***ਕਾਲ ਫਾਸ ਕੇ ਬੀਚ ਨ ਆਇਓ॥ ਅਕਾਲ ਉਸਤਤਿ***

ਪਿਛਲੀ ਵਾਰੀ ਬੇਨਤੀ ਕੀਤੀ ਸੀ; ਇਕ subject (ਵਿਸ਼ੇ) ਦੇ ਉਤੇ ਵਿਚਾਰ ਹੋ ਰਹੀ ਹੈ। ਉਹ ਇਹ ਹੈ ਕਿ ਇਕ ਬਹੁਤ ਪਹੁੰਚੀ ਹੋਈ ਰੂਹ, ਜਿਸਨੂੰ ਸਿੱਖ ਇਤਿਹਾਸ ਦੇ ਅੰਦਰ ਪੀਰ ਬੁੱਧੂ ਸ਼ਾਹ ਸਢੌਰੇ ਵਾਲੇ ਦੇ ਨਾਉਂ ਨਾਲ ਜਾਣਿਆ ਜਾਂਦੈ। ਆਪ ਮਾਮੂਲੀ ਆਦਮੀ ਨਹੀਂ ਸਨ ਕਿਉਂਕਿ ਆਪ ਸਢੌਰੇ ਦੇ ਜਾਗੀਰਦਾਰ ਸਨ, ਤੇ ਨਾਲ ਹੀ ਪਰਮੇਸ਼ਰ ਵੱਲ ਖਿਆਲ ਸੀ। ਬੇਅੰਤ ਮੁਰੀਦ, ਸਿਖੀ-ਸੇਵਕੀ ਬੜੀ ਜ਼ਬਰਦਸਤ ਹੈ, ਲੋਹ-ਲੰਗਰ ਚਲਦੇ ਨੇ। ਇਕ ਹਿੰਦੂਆਂ ਵਾਸਤੇ ਚਲਦੈ, ਇਕ ਇਸਲਾਮ ਵਾਲਿਆਂ ਵਾਸਤੇ ਚਲਦੈ; ਦੋਨਾਂ ਦੇ ਸਤਿਸੰਗ ਹੁੰਦੇ ਨੇ। ਸਾਧੂ ਮਹਾਂਪੁਰਸ਼ ਆ ਕੇ ਠਹਿਰਦੇ ਨੇ, ਉਨ੍ਹਾਂ ਦੇ ਨਾਲ ਬ੍ਰਹਮ ਦੀ ਵਿਚਾਰ ਕਰਦੇ ਨੇ; ਇਸਲਾਮ ਵਾਲੇ ਠਹਿਰਦੇ ਨੇ, ਉਨ੍ਹਾਂ ਨਾਲ ਸਤਿਸੰਗ ਹੁੰਦੈ।

ਗੁਰੂ ਦਸ਼ਮੇਸ਼ ਪਿਤਾ ਪਾਉਂਟਾ ਸਾਹਿਬ ਦੇ ਅੰਦਰ ਬਿਰਾਜਮਾਨ ਨੇ ਅਤੇ ਆਪ ਦੇ ਪਾਸ ਬਹੁਤ ਸਾਰੇ ਗੁਰਸਿਖ ਦਰਸ਼ਨ ਕਰਨ ਵਾਸਤੇ ਆਉਂਦੇ ਨੇ ਤੇ ਆਪ (ਪੀਰ ਜੀ) ਉਨ੍ਹਾਂ ਦੀ ਜ਼ਬਾਨੀ ਗੁਰੂ ਮਹਾਰਾਜ ਦੀ ਕੀਰਤੀ ਤੇ ਜਸ ਸੁਣਦੇ ਨੇ ਤੇ ਉਨ੍ਹਾਂ ਦੀ ਜੋ ਆਤਮਕ ਓਝ ਹੈ, ਉਹਦੇ ਬਾਰੇ ਅਨੁਮਾਨ ਲਾਉਣ ਦਾ ਯਤਨ ਕਰਦੇ ਨੇ। ਇਮਾਨਦਾਰ ਸੀ, ਬਹੁਤ ਇਮਾਨਦਾਰ - ਪੀਰ ਬੁੱਧੂਸ਼ਾਹ। ਐਸਾ ਨਹੀਂ ਸੀ ਕਿ ਪ੍ਰਾਪਤੀ ਕੁਛ ਨਹੀਂ ਸੀ ਹੋਈ, ਕਹੀ ਜਾਂਦਾ ਸੀ ਕਿ ਮੈਨੂੰ ਸਭ ਕੁਛ ਪ੍ਰਾਪਤ ਹੈ। ਯਤਨ ਕਰਦਾ ਸੀ ਤੇ ਸਮਾਂ ਬੀਤਦਾ ਤੁਰਿਆ ਜਾਂਦੈ ਪਰ ਅਜੇ ਤਕ ਉਹ ਅਵਸਥਾ ਜਿਸਦੀ ਵਿਚਾਰ ਸਾਧੂਆਂ ਮਹਾਂਪੁਰਸ਼ਾਂ ਦੇ ਨਾਲ ਤੇ ਬ੍ਰਹਮ ਗਿਆਨ ਦੇ ਗ੍ਰੰਥਾਂ ਦੇ ਵਿਚ ਬ੍ਰਹਮ-ਵਿਦਿਆ ਦੇ ਰਾਹੀਂ ਕੀਤੀ ਜਾਂਦੀ ਹੈ, ਉਹ ਅਵਸਥਾ ਤਾਂ ਅਜੇ ਪ੍ਰਾਪਤ ਨਹੀਂ ਹੋਈ। ਇਸ ਦਾ ਮਤਲਬ ਹੈ ਕਿ ਜ਼ਰੂਰ ਕਿਤੇ ਕਮੀ ਹੈ ਤੇ ਕਈ ਵਾਰੀ ਇਸ ਗੱਲ ਦਾ ਭੁਲੇਖਾ ਪੈਂਦੇ ਕਿ 'ਮੈਂ' ਕੀ ਹਾਂ।

ਇਹ ਹੀ ਵੱਡੀ ਸਮੱਸਿਆ ਹੈ ਸਾਡੇ ਸਾਹਮਣੇ - ਆਪਣੇ ਆਪੇ ਨੂੰ ਪਛਾਣਨ ਦੀ ਕਿ ਮੈਂ ਕੌਣ ਹਾਂ। ਜੇ ਇਸ ਗੱਲ ਦੀ

ਸੋਝੀ ਪੈ ਜਾਵੇ ਤਾਂ ਰੂਹਾਨੀਅਤ ਦੀ ਬਹੁਤ ਵੱਡੀ ਟੀਸੀ ਤੇ ਪਹੁੰਚ ਜਾਇਆ ਕਰਦੈ। ਲੇਕਿਨ ਸੰਸਾਰ ਇਸ ਗੱਲ ਬਾਰੇ ਨਾ ਤਾਂ ਵਿਚਾਰ ਕਰਦੈ ਤੇ ਨਾ ਜਾਣਨ ਦਾ ਯਤਨ ਕਰਦੈ। ਜੇ ਜਾਣੇ ਵੀ ਤਾਂ ਸਮਝ ਵਿਚ ਨਹੀਂ ਆਉਂਦਾ ਕਿਉਂਕਿ ਪੰਜ ਚੀਜ਼ਾਂ ਪ੍ਰਤੱਖ ਤੌਰ ਤੇ ਪਰਮੇਸ਼ਰ ਨੇ ਸਾਨੂੰ ਦਿਤੀਆਂ ਨੇ ਜਿਨ੍ਹਾਂ ਦੇ ਨਾਲ ਅਸੀਂ ਟੋਹਾਂ ਲਾਉਂਦੇ ਹਾਂ; ਅੱਖਾਂ ਨਾਲ ਦੇਖ ਸਕਦੇ ਹਾਂ, ਕੰਨਾਂ ਦੇ ਨਾਲ ਸੁਣ ਸਕਦੇ ਹਾਂ, ਜ਼ਬਾਨ ਦੇ ਨਾਲ ਬੋਲ ਸਕਦੇ ਹਾਂ, ਟੇਸਟ ਕਰ ਸਕਦੇ ਹਾਂ, ਚਮੜੀ ਦੇ ਨਾਲ ਸਪਰਸ਼ ਕਰ ਸਕਦੇ ਹਾਂ ਤੇ ਨੱਕ ਦੇ ਨਾਲ ਸੁੰਘ ਸਕਦੇ ਹਾਂ; ਯਾਨੀ ਪੰਜ tools (ਹਥਿਆਰ) ਸਾਨੂੰ ਵਾਹਿਗੁਰੂ ਜੀ ਨੇ ਦਿਤੇ ਨੇ - ਪ੍ਰਗਟ ਰੂਪ ਦੇ ਵਿਚ। ਇਕ ਟੂਲ ਐਸਾ ਹੈ ਜਿਹੜਾ ਗੁਪਤ ਐ, ਪ੍ਰਗਟ ਨਹੀਂ ਹੈ। ਉਹਨੂੰ ਅਨੁਭਵ ਕਹਿੰਦੇ ਨੇ। ਬੜੇ ਨਾਉਂ ਰੱਖੇ ਨੇ ਮਹਾਂਪੁਰਸ਼ਾਂ ਨੇ - ਕੋਈ 'third Eye' (ਤੀਸਰੀ ਅੱਖ) ਕਹਿੰਦੈ, ਕੋਈ 'ਤੀਸਰਾ ਤਿਲ' ਕਹਿੰਦੈ, ਕੋਈ ਕੁਛ ਕਹਿੰਦੈ, ਕੋਈ 'ਸ਼ਿਵ ਨੇਤਰ' ਕਹਿੰਦੈ, ਗੁਰੂ ਮਹਾਰਾਜ 'ਬਿਅੰਨ ਅੱਖੜੀਆਂ' ਕਹਿੰਦੇ ਨੇ ਤੇ ਇਹ ਅਨੁਭਵ ਦੀ ਬਾਤ ਹੈ ਸਾਰੀ। ਇਹ ਅਨੁਭਵ ਕੇਵਲ ਮਨੁੱਖ ਨੂੰ ਪ੍ਰਾਪਤ ਹੈ। ਇਹ ਉਡਾਰੀ ਐਨੀ ਉਚੀ ਹੈ ਕਿ ਅਸੀਂ ਇਹ ਖਾਲੀ ਸਰੀਰ ਦੇ ਵਿਚ ਰਹਿੰਦੇ ਹੋਏ, ਮਿਟੀ ਦੇ ਪੰਜਾਂ ਤੱਤਾਂ ਦੇ ਪੁਤਲੇ ਵਿਚ ਰਹਿੰਦੇ ਹੋਏ ਪਰਮ-ਜੋਤਿ ਪਰਮੇਸ਼ਰ ਨਾਲ ਇਕ-ਮਿਕ ਹੋ ਸਕਦੇ ਹਾਂ ਪਰ ਉਹਦੇ ਵਿਚ ਵੱਡੀ ਰੁਕਾਵਟ 'ਮੈਂ' ਦੀ ਹੈ। ਜਦ ਤਕ ਅਸੀਂ 'ਮੈਂ' ਦੇ ਚੰਗੀ ਤਰ੍ਹਾਂ ਵਾਕਫ ਨਹੀਂ ਹੁੰਦੇ, ਓਨੀ ਦੇਰ ਤਕ ਅਸੀਂ ਉਪਰ ਨਹੀਂ ਲੰਘ ਸਕਦੇ।

ਸੋ ਇਹ ਭੁਲੇਖਾ ਉਸਨੂੰ ਬਹੁਤ ਪੈਂਦੈ ਤੇ ਸੁਣਦੈ ਬਾਣੀ ਦੇ ਵਿਚ; ਕਿਉਂਕਿ ਸਤਿਪੁਰਸ਼ ਜੋ ਹੋਇਆ ਕਰਦੇ ਨੇ ਜਿਨ੍ਹਾਂ ਦੇ ਅੰਦਰ ਲਗਨ ਹੁੰਦੀ ਹੈ, ਉਹ ਜਿਥੇ ਵੀ ਸਤਿ ਵਸਤੂ ਹੁੰਦੀ ਹੈ - ਚਾਹੇ ਅਰਬੀ ਵਿਚ ਹੋਵੇ, ਚਾਹੇ ਸੰਸਕ੍ਰਿਤ ਵਿਚ ਹੋਵੇ, ਚਾਹੇ ਇੰਗਲਿਸ਼ ਵਿਚ ਹੋਵੇ; ਉਹਨੂੰ ਜਾਣਨ ਦਾ ਯਤਨ ਕਰਦੇ ਨੇ। ਸੋ ਉਹ ਜਾਣਨ ਦਾ ਯਤਨ ਕਰਦੈ ਕਿ -

*ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ॥*

***ਆਵਤ ਜਾਤ ਨ ਦੀਸਹੀ ਨ ਪਰ ਪੰਖੀ ਤਾਹਿ॥ ਅੰਗ- 550***

ਇਹ ਹੋਇਆ ਕੀ? ਇਕ ਪੰਖੇਰੂ ਤਾਂ ਉਹ ਹੈ ਜਿਹੜਾ ਉਡ-ਉਡ ਕੇ ਜਾਂਦੈ, ਦੂਰ-ਦਰਾਜ ਜਾਂਦੈ ਤੇ ਭੋਗ ਭੋਗਦੈ, ਤਰ੍ਹਾਂ-ਤਰ੍ਹਾਂ ਦੇ ਫਲਾਂ ਤੇ ਜਾ ਕੇ ਬੈਠਦੇ; ਕਿਤੇ ਖੱਟੇ ਫਲ ਉਹਦੇ ਸਾਹਮਣੇ ਨੇ, ਕਿਤੇ ਮਿਠੇ ਨੇ - ਅੰਗੂਰਾਂ ਵਰਗੇ, ਕਿਸੇ ਥਾਂ ਅੰਬ ਵਰਗਾ, ਕਿਤੇ ਨਿੰਬੂ ਵਰਗਾ ਖੱਟਾ ਹੈ, ਕਿਤੇ ਮਿਰਚਾਂ ਵਰਗਾ ਕੌੜਾ ਵੀ ਹੈ। ਸੋ ਇਹ ਦੁਖ-ਸੁਖ, ਜਾਣ-ਲਾਭ, ਆਪਣਾ-ਬਿਗਾਨਾ, ਪੁੰਨ-ਪਾਪ ਆਦਿ ਅਨੇਕਾਂ ਤਰ੍ਹਾਂ ਦੇ ਫਲ ਭੋਗਣ ਵਾਲਾ ਪੰਛੀ; ਉਹ ਵੀ ਇਸ ਸਰੀਰ ਵਿਚ ਰਹਿੰਦੈ ਤੇ ਇਕ ਐਸਾ ਵੀ ਸੁਣਦੇ ਹਾਂ ਕਿ ਉਹ ਇਹ ਸਾਰੇ ਨੂੰ ਦੇਖਣ ਵਾਲਾ ਹੈ ਤੇ ਇਨ੍ਹਾਂ ਦੋਹਾਂ ਦੇ ਵਿਚੋਂ ਮੈਂ ਕੌਣ ਹਾਂ; ਇਸ ਗੱਲ ਦੀ ਇਹਨੂੰ ਸੋਝੀ ਨਹੀਂ ਆਉਂਦੀ। ਦੂਸਰਾ ਹੈ ਕਿ ਪ੍ਰਭੂ ਦੇ ਬਾਰੇ ਪੂਰੀ ਤਰ੍ਹਾਂ ਇਸਨੂੰ realisation (ਅਹਿਸਾਸ) ਨਹੀਂ ਹੋਈ।

ਸੋ ਇਹ ਖਿਆਲ ਲੈ ਕੇ ਉਹ ਗੁਰੂ ਦਸ਼ਮੇਸ਼ ਪਿਤਾ ਦੇ ਪਾਸ ਪਹੁੰਚਦੈ। ਬੇਨਤੀ ਕਰਦੈ ਕਿ ਹੇ ਪਾਤਸ਼ਾਹ! ਆਪ ਕਿਰਪਾ ਕਰੋ ਤੇ ਮੈਨੂੰ ਜੁਗਤ ਦੱਸ ਦਿਉ, ਮਿਲਾ ਦਿਉ ਕਿਉਂਕਿ ਮੇਰੇ ਮਨ ਵਿਚ ਬੜੀ ਲਗਨ ਹੈ - ਜ਼ਬਰਦਸਤ।

***ਹਰਿ ਕੇ ਸੰਤ ਬਤਾਵਹੁ ਮਾਰਗੁ ਹਮ ਪੀਛੈ ਲਾਗਿ ਚਲੀ ॥***

***ਅੰਗ - 527***

ਮੈਨੂੰ ਦੱਸੋ ਤਾਂ ਸਹੀ, ਮਾਰਗ ਕਿਹੜਾ ਹੈ, ਕਿਸ ਤਰ੍ਹਾਂ ਦੇ ਨਾਲ ਉਥੇ ਪਹੁੰਚਿਆ ਜਾਂਦੈ? ਸਵਾਲ ਕਰਦੈ ਜਿਹਦੀ ਵਿਚਾਰ ਪਹਿਲਾਂ ਕੀਤੀ ਸੀ ਕਿ ਉਹ ਮਹਾਰਾਜ ਦੇ ਪਾਸ ਜਾਂਦੈ ਲੇਕਿਨ ਕੁਝ ਹਉਮੈ ਦਾ ਅਸਰ ਹੋ ਗਿਆ ਕਿ ਮੈਂ ਪੀਰ ਹਾਂ, ਮੇਰੇ ਨਾਲ ਚੇਲੇ ਨੇ; ਜੇ ਮੈਂ ਗੁਰੂ ਨੂੰ ਨਮਸ਼ਕਾਰ ਕਰੀ, ਕਿਤੇ ਮੇਰੇ ਮੁਰੀਦਾਂ ਦੇ ਮਨ ਵਿਚ ਇਹ ਨ ਗੱਲ ਆ ਜਾਵੇ ਕਿ ਸਾਡੇ ਪੀਰ ਨੂੰ ਤਾਂ ਕੁਛ ਪਤਾ ਹੀ ਨਹੀਂ। ਜਾਂਦੈ ਸਤਿਸੰਗ ਦੇ ਅੰਦਰ; ਸਤਿਸੰਗ ਦੇ ਅੰਦਰ ਜੇ ਨਿੰਮ੍ਰਤਾ ਦੇ ਨਾਲ ਜਾਈਏ ਤਾਂ ਬਹੁਤ ਵੱਡਾ ਫਲ ਫ਼ਾਪਤ ਹੋ ਜਾਂਦੈ। ਜੇ ਅਭਿਮਾਨ ਲ਼ੈ ਕੇ ਜਾਈਏ ਤਾਂ ਖਾਲੀ ਹਥ ਆਈਦੈ

ਕਿਉਂਕਿ ਅਭਿਮਾਨ ਉਚੀ ਟੀਸੀ ਹੋਇਆ ਕਰਦੀ ਹੈ ਤੇ ਉਚੀ ਟੀਸੀ ਤੇ ਪਾਣੀ ਬਰਸਿਆ ਹੋਇਆ ਹੇਠਾਂ ਰੁੜ੍ਹ ਆਉਂਦੈ। ਉਥੇ ਕੋਈ ਅਸਰ ਨਹੀਂ ਕਰਦਾ, ਸਗੋਂ ਨੁਕਸਾਨ ਕਰਦੈ; ਉਸ ਜ਼ਮੀਨ ਨੂੰ ਖਾਰ ਕੇ ਨੀਵਿਆਂ ਖੇਤਾਂ ਦੇ ਵਿਚ ਲੈ ਆਵੇਗਾ। ਇਸੇ ਤਰ੍ਹਾਂ ਜਿਹੜੇ ਉਚੇ ਮਨ ਨੇ, ਉਚੇ ਮਨਾਂ ਦੇ ਵਿਚ ਉਪਦੇਸ਼ ਠਹਿਰਿਆ ਨਹੀਂ ਕਰਦਾ। ਉਹ ਤਾਂ ਹੇਠਾਂ ਨਿਰਮਲ ਹਿਰਦਿਆਂ ਵਿਚ, ਨਿੰਮ੍ਰਤਾ ਵਾਲੇ ਹਿਰਦਿਆਂ ਵਿਚ ਟਿਕਿਆ ਕਰਦੈ –

***ਫਰੀਦਾ ਗਰਬੁ ਜਿਨ੍ਾ ਵਡਿਆਈਆ ਧਨਿ ਜੋਬਨਿ ਆਗਾਹ ॥***
***ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥ ਅੰਗ – 1383***

ਸੋ ਉਹ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਦੇ ਪਾਸ ਆ ਕੇ ਸਵਾਲ ਕਰਦੈ ਕਿ ਪਾਤਸ਼ਾਹ! ਅੱਲਾਹ ਤਾਲਾ ਦਾ ਵਸਲ (ਮਿਲਾਪ) ਕਿਵੇਂ ਹੋ ਸਕਦੈ, ਅੱਲਾਹ ਦਾ ਮੇਲ ਕਿਵੇਂ ਹੋ ਸਕਦੈ? ਜੀਵ ਨੂੰ ਅੱਲਾਹ ਦਾ ਮੇਲ ਕਿਵੇਂ ਹੋ ਸਕਦੈ ਜਾਂ ਇਉਂ ਸਮਝ ਲਓ ਕਿ ਰੂਹ ਤੇ ਅੱਲਾਹ ਕਿਵੇਂ ਮਿਲ ਸਕਦੇ ਨੇ? ਗੁਰੂ ਮਹਾਰਾਜ ਕਹਿਣ ਲੱਗੇ, "ਪੀਰ ਜੀ! ਜਿਵੇਂ ਰਾਤ ਤੇ ਦਿਨ।" ਹੁਣ ਹੈਰਾਨ ਹੁੰਦੈ ਕਿ ਰਾਤ ਤੇ ਦਿਨ ਦਾ ਤਾਂ ਕਦੇ ਮੇਲ ਹੀ ਨਹੀਂ ਹੁੰਦਾ। ਚੁੱਪ ਕਰ ਰਿਹਾ, ਹੁਣ ਜਵਾਬ ਨਹੀਂ ਦੇ ਰਿਹਾ। ਸਮਝਣ ਦਾ ਯਤਨ ਕਰਦੈ ਤੇ ਮਨ ਵਿਚ ਵਿਚਾਰ ਕਰਦੈ ਕਿ ਗੱਲ ਕਿਵੇਂ ਹੋ ਸਕਦੀ ਹੈ। ਰਾਤ ਦਾ ਤਾਂ ਅੱਜ ਤਾਂਈ ਦਿਨ ਨਾਲ ਮੇਲ ਨਹੀਂ ਹੋਇਆ ਕਦੇ, ਤੇ ਮਹਾਰਾਜ ਵਲ ਦੇਖ ਰਿਹੈ। ਮਹਾਰਾਜ ਨੇ ਅੰਦਰਲਾ ਭਾਵ ਜਾਣ ਕੇ ਕਿਹਾ, "ਠੀਕ ਹੈ ਪੀਰ ਜੀ! ਇਸੇ ਤਰ੍ਹਾਂ ਹੈ, ਜਿਵੇਂ ਤੁਸੀਂ ਸਮਝਦੇ ਹੋ।" ਹੋਰ ਹੈਰਾਨ ਹੋ ਗਿਆ ਕਿ ਮੈਂ ਤਾਂ ਸਮਝਿਆ ਹੀ ਕੁਛ ਨਹੀਂ ਤੇ ਮਹਾਰਾਜ ਕਹਿੰਦੇ ਜਿਵੇਂ ਸਮਝਦਾ ਹੈਂ। ਬੜੀ ਅਧੀਨਗੀ ਦੇ ਨਾਲ ਦੋਇ ਹੱਥ ਜੋੜ ਕੇ ਕਹਿਣ ਲੱਗੇ, "ਪਾਤਸ਼ਾਹ! ਰਾਤ ਦਾ ਤਾਂ ਕਦੇ ਦਿਨ ਨਾਲ ਮੇਲ ਨਹੀਂ ਹੋਇਆ। ਸੋ ਜੀਵ ਨੂੰ ਪਰਮੇਸ਼ਰ ਦਾ ਮੇਲ ਕਿਸ ਤਰ੍ਹਾਂ ਹੋ ਸਕੇਗਾ?" ਮਹਾਰਾਜ ਕਹਿੰਦੇ, "ਬੁੱਧੂਸ਼ਾਹ! ਜਦੋਂ ਦਿਨ ਚੜ੍ਹਦੈ, ਸੂਰਜ ਚੜ੍ਹਦੈ ਤਾਂ ਹਨ੍ਹੇਰਾ ਖਤਮ ਹੋ ਜਾਂਦੈ; ਹਨ੍ਹੇਰੇ ਨੇ ਹੀ ਰੌਲਾ ਪਾਇਆ ਹੋਇਐ ਤੇ ਹਨ੍ਹੇਰਾ ਸਾਰਾ

ਕੂੜ ਦਾ ਪਸਾਰਾ ਕਰਕੇ ਹੈ। ਕੂੜ ਦਾ ਜੋ ਮਹਿਕਮਾ ਹੈ, ਉਹਦੇ ਵਿਚ ਸਾਰਿਆਂ ਤੋਂ ਪ੍ਰਧਾਨ ego (ਹਉਮੈ) ਹੋਇਆ ਕਰਦੀ ਹੈ। ਇਹ ਹਉਮੈ ਹੀ ਹੈ ਜਿਹੜੀ ਪਰਮੇਸ਼ਰ ਦੇ ਰਸਤੇ ਵਿਚ ਬੜੀ ਭਾਰੀ ਰੁਕਾਵਟ ਹੈ। ਇਹਦੇ ਵਿਚ ਸਾਰਾ ਸੰਸਾਰ ਫਸਿਆ ਹੋਇਐ। ਇਕ ਦੋ ਚਾਰ ਨਹੀਂ; ਦੇਵੀ ਦੇਵਤੇ, ਵੱਡੇ-ਵੱਡੇ ਬੇਅੰਤ ਜਿਹੜੇ ਹੈਗੇ, ਸਭ ਫਸੇ ਹੋਏ ਨੇ - ਇਹਦੇ ਵਿਚ। ਜਦ ਤਕ ਹਉਮੈ ਦੀ ਕੰਧ ਨਹੀਂ ਟੁੱਟਦੀ ਜਿਹੜੀ ਕਿ ਹੈ ਨਹੀਂ ਲੇਕਿਨ ਬਣਾਈ ਹੋਈ ਹੈ - ਝੂਠ ਦੀ ਦੀਵਾਰ। ਝੂਠ ਦੇ ਨਾਲ ਇਹਦਾ ਵਾਹ ਪੈ ਗਿਆ - ਝੂਠ ਦੀਆਂ ਨੇਕੀਆਂ ਕਰਦੈ, ਕੂੜ ਦੇ ਬੰਧਨ ਪਾਈ ਬੈਠੈ, ਕੂੜ ਦੀਆਂ ਨੇਕੀਆਂ, ਕੂੜ ਦੀਆਂ ਬਦੀਆਂ ਨੇ, ਕੂੜ ਦੇ ਹੀ ਮਜ਼ਹਬ ਨੇ; ਸਾਰਾ ਕੂੜ ਏ ਕੂੜ ਹੈ -

***ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥***
***ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥***
***ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥ ਅੰਗ - 468***

ਝੂਠ ਦੇ ਨਾਲ ਇਹਨੇ ਪਿਆਰ ਪਾ ਲਿਆ। ਜਿਹੜੀ ਚੀਜ਼ ਹੈ ਨਹੀਂ ਲੇਕਿਨ ਪਿਆਰ ਪੈ ਗਿਆ। ਕਿਸ ਤਰ੍ਹਾਂ ਦੇ ਨਾਲ ਨਹੀਂ ਹੈ - ਹਨ੍ਹੇਰਾ ਹੋਵੇ, ਰੱਸੀ ਪਈ ਹੋਵੇ ਤੇ ਉਹਦੇ ਵਿਚ ਇਹਨੂੰ ਅਧਿਆਸ ਹੋ ਗਿਆ - ਮਟਕ ਚਾਨਣੇ ਵਿਚ, ਕਿ ਸੱਪ ਪਿਐ। ਉਹਦਾ ਅਸਰ ਮਨ ਤੇ ਚਲਿਆ ਗਿਆ, ਡਰਨ ਲਗ ਗਿਆ ਤੇ ਸੋਟੀ ਭਾਲਦੈ, ਟਾਰਚ ਭਾਲਦੈ; ਜੇ ਦੋਇ ਚੀਜ਼ਾਂ ਨਹੀਂ ਮਿਲਦੀਆਂ ਤਾਂ ਦਰਵਾਜ਼ਾ ਬੰਦ ਕਰਦੈ; ਜੋ ਝੀਥਾਂ ਨੇ, ਉਨ੍ਹਾਂ ਥਾਂਈ ਦੇਖਦੈ - ਮੰਜੇ ਦੇ ਉਪਰ ਚੜ੍ਹ ਕੇ। ਡਰੀ ਜਾਂਦੈ ਕਿ ਸੱਪ ਅੰਦਰ ਨਾ ਆ ਜਾਏ। ਜਦ ਦਿਨ ਚੜ੍ਹ ਗਿਆ ਫੇਰ ਦੇਖਣ ਜਾਂਦੈ ਕਿ ਸੱਪ ਅਜੇ ਉਥੇ ਹੀ ਹੈ ਕਿ ਚਲਿਆ ਗਿਆ? ਉਥੇ ਜਾ ਕੇ ਹੈਰਾਨ ਹੋ ਗਿਆ - ਦੇਖ ਕੇ, ਕਿ ਸੱਪ ਤਾਂ ਹੈ ਹੀ ਨਹੀਂ; ਇਹ ਤਾਂ ਰੱਸੀ ਹੀ ਸੀ -

***ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥***
***ਅੰਗ - 658***

ਹੁਣ ਪਤਾ ਲੱਗਿਐ ਕਿ ਇਹ ਤਾਂ ਰੱਸੀ ਹੀ ਸੀ। ਸੱਪ

ਤਾਂ ਹੋਇਆ ਈ ਨੀਂ ਹੈ, ਤਿੰਨ ਕਾਲ ਨਹੀਂ ਸੀ। ਕੇਵਲ ਅਧਿਆਸ ਕਰਕੇ, ਮਨ ਦੀ ਮਨੌਤ ਕਰਕੇ ਸਾਨੂੰ ਇਹ ਚੀਜ਼ ਦਿਸਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਇਹ ਜੋ ਚੀਜ਼ਾਂ ਸਾਨੂੰ ਦਿਸਦੀਆਂ ਨੇ, ਪਰਮੇਸ਼ਰ ਤੋਂ ਬਗੈਰ ਤਾਂ ਹੈ ਨਹੀਂ ਕੋਈ ਚੀਜ਼ ਏਥੇ। ਕੇਵਲ ਮਨ ਦਾ ਬਾਰ-ਬਾਰ ਅਧਿਆਸ ਪੱਕ ਜਾਣ ਕਰਕੇ ਇਕ ਤਾਂ 'ਮੈਂ' ਬਣ ਗਈ ਅਤੇ ਇਕ ਇਹ ਕੂੜ ਦਾ ਪਸਾਰਾ, ਜਿਹਦੇ ਵਿਚ ਇਹ ਫਸਿਆ ਹੋਇਐ, ਇਹਦੇ ਆਲੇ-ਦੁਆਲੇ ਚਾਰੇ ਪਾਸੇ ਫੈਲ ਗਿਆ। ਮਹਾਰਾਜ ਕਹਿੰਦੇ, ਸਭ ਕੂੜ ਹੈ - ਜਿੰਨਾਂ ਕੁਛ ਵੀ ਤੂੰ ਦੇਖਦੈਂ -

***ਧਾਰਨਾ - ਕੂੜ ਕਪੜੇ ਤੇ ਰੂਪ ਕਾਇਆਂ ਤੇਰੀ,***
***ਕੂੜ ਪਹਿਨਣਹਾਰ ਬੰਦਿਆ - 2, 2***

***ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥***
***ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥ ਅੰਗ - 468***

ਮਹਾਰਾਜ ਫੁਰਮਾਉਂਦੇ ਨੇ ਕਿ ਸਭ ਝੂਠ ਦਾ ਪਲੰਦਾ ਜਮ੍ਹਾਂ ਹੋਇਆ ਹੋਇਐ। ਏਥੇ ਆ ਕੇ ਅਸੀਂ ਬਹੁਤ confuse ਹੋ ਜਾਂਦੇ ਹਾਂ, ਉਲਝਨ ਵਿਚ ਪੈ ਜਾਂਦੇ ਹਾਂ - ਪੜ੍ਹੇ-ਲਿਖੇ ਬੰਦੇ ਵੀ, ਕਿ ਇਹ ਸਭ ਝੂਠ ਹੈ - ਜੋ ਕੁਛ ਨਜ਼ਰ ਆਉਂਦੈ? ਇਹ ਤਾਂ ਹੱਥ ਲਾਉਂਦੇ ਹਾਂ, ਮਕਾਨ ਨੂੰ, ਹੱਥ ਲੱਗਦੈ; ਇਹ ਝੂਠ ਕਿਵੇਂ ਹੋ ਸਕਦੈ? ਭੱਠਿਆਂ ਵਿਚੋਂ ਇੱਟਾਂ ਲਿਆਂਦੀਆਂ ਨੇ, ਸੀਮਿੰਟ ਲਿਆਂਦੈ, ਤਾਂ ਮਕਾਨ ਬਣੇ ਨੇ। ਇਹ ਸਰੀਰ ਹੈ, ਕਿੰਨੀ ਦੇਰ ਵਿਚ ਕਾਇਮ ਹੋਇਐ, ਇਹਦੀ ਉਮਰ ਹੈ, ਇਹਦਾ ਇਤਿਹਾਸ ਹੈ; ਇਹ ਝੂਠ ਕਿਵੇਂ ਹੈ? ਏਥੇ ਆ ਕੇ ਅਸੀਂ confuse ਹੋ ਜਾਂਦੇ ਹਾਂ, ਉਲਝ ਜਾਂਦੇ ਹਾਂ; ਮੰਨਣ ਨੂੰ ਤਿਆਰ ਨਹੀਂ ਹੁੰਦੇ। ਮਹਾਰਾਜ ਪੜ੍ਹ ਅਸੀਂ ਜ਼ਰੂਰ ਲੈਂਦੇ ਹਾਂ ਪਰ ਅਰਥ ਭਾਲਾਂਗੇ ਕਿ ਇਹਦੇ ਹੋਰ ਅਰਥ ਲੱਭ ਜਾਣ ਸਾਨੂੰ। ਕੋਸ਼ਿਸ਼ ਕਰਾਂਗੇ ਕਿ ਨਹੀਂ, ਇਹ ਨਹੀਂ ਹੈ। ਇਨ੍ਹਾਂ ਦੀ ਹਸਤੀ ਤਾਂ ਹੈ, ਪਰ ਇਹ ਬਦਲਦੇ ਨੇ, ਬਿਨਸਦੇ ਨੇ। ਮਹਾਰਾਜ ਕਹਿੰਦੇ, ਅਜੇ ਵੀ ਭੁਲੇਖੇ ਵਿਚ ਹੈਂ। ਇਹ ਅਧਿਆਸ ਹੋ ਗਿਆ - ਬਾਰ-ਬਾਰ, ਅਧਿਆਸ ਪੱਕ ਗਿਆ, ਅਗਿਆਨ ਵਿਚ ਆ ਗਿਆ। ਹੈ ਤਾਂ ਇਹ ਪਰਮੇਸ਼ਰ ਹੀ ਸਾਰਾ, ਪਰ ਤੇਰੇ

ਵਾਸਤੇ ਸੰਸਾਰ ਬਣ ਗਿਆ।

ਫੇਰ ਸਵਾਲ ਉਠਦੈ ਕਿ ਇਸ ਤਰ੍ਹਾਂ ਬਣ ਵੀ ਸਕਦੈ? ਕਹਿੰਦੇ, ਹਾਂ ਇਹ ਸਭ ਮਨ ਦੀ ਮਨੌਤ ਹੋਇਆ ਕਰਦੀ ਹੈ। ਇਕ ਬੰਦੇ ਦਾ ਦਿਮਾਗ ਫਿਰ ਜਾਵੇ, ਫਿਰੇ ਹੋਏ ਦਿਮਾਗ ਦੇ ਅੰਦਰ ਉਹਨੂੰ ਕੋਈ ਸੋਝੀ ਨਹੀਂ ਰਹਿੰਦੀ ਕਿ ਮੇਰੇ ਘਰ ਦਾ ਕੌਣ ਹੈ ਤੇ ਬਾਹਰਲਾ ਕੌਣ ਹੈ। ਜਿਨ੍ਹਾਂ ਦਾ ਪਾਗਲਾਂ ਨਾਲ ਵਾਹ ਪੈਂਦੈ, ਉਨ੍ਹਾਂ ਨੂੰ ਪਤੈ ਕਿ ਉਹ ਮਿੱਤਰਾਂ ਨੂੰ ਦੁਸ਼ਮਣ ਕਹਿੰਦੇ ਨੇ, ਦੁਸ਼ਮਣਾਂ ਨੂੰ ਮਿੱਤਰ ਕਹਿੰਦੇ ਨੇ। ਜੋ ਖਿਆਲ ਦਿਮਾਗ ਵਿਚ ਹਾਵੀ ਹੋ ਗਿਆ, ਉਹ ਹੀ ਕਹੀ ਜਾਣੈ ਉਹਨੇ ਕਿਉਂਕਿ ਅਧਿਆਸ ਪੱਕ ਜਾਂਦੈ। ਅਧਿਆਸ ਪੱਕਿਆ ਹੋਇਆ ਹੋਣ ਕਰਕੇ ਅਸੀਂ ਇਸ ਨੂੰ ਹਟਾ ਨਹੀਂ ਸਕਦੇ, ਉਪਰ ਨਹੀਂ ਜਾ ਸਕਦੇ, ਸੱਤਿ ਦੇ ਵਿਚ ਨਹੀਂ ਪਹੁੰਚ ਸਕਦੇ; ਅੱਸਤਿ ਦੇ ਵਿਚ ਡੇਰੇ ਲਾਈ ਬੈਠੇ ਹਾਂ - ਕੂੜ ਕਪਟ ਦੇ ਅੰਦਰ। ਸੁਪਨਾ ਆਉਂਦੈ ਆਦਮੀ ਨੂੰ - ਬਹੁਤ ਲੰਮਾ ਸੁਪਨਾ। ਬਹੁਤ ਸੁਪਨੇ ਐਸੇ ਹੁੰਦੇ ਨੇ ਜਿਹੜੇ ਬੜੀ ਦੇਰ ਤੱਕ ਯਾਦ ਰਹਿੰਦੇ ਨੇ, ਭੁੱਲਦਾ ਨਹੀਂ ਹੈ ਬੰਦਾ। ਕਈ ਸੁਪਨਿਆਂ ਦੇ ਵਿਚ ਪੂਰੀ ਸੋਝੀ ਹੁੰਦੀ ਹੈ, ਪੂਰੀ ਤਰ੍ਹਾਂ ਦੇ ਨਾਲ ਸਭ ਕੁਛ ਜਾਣਦੇ ਹੁੰਦੇ ਨੇ ਲੇਕਿਨ ਸੁਪਨੇ ਦੇ ਵਿਚ ਇਹ ਤਾਕਤ ਨਹੀਂ ਹੈ ਕਿ ਉਸ ਬੰਦੇ ਨੂੰ ਇਹ ਪਤਾ ਲਗ ਜਾਏ ਕਿ ਮੈਂ ਕਿਸੇ ਕੋਠੀ ਦਾ ਮਾਲਕ ਹਾਂ ਜਾਂ ਮੇਰਾ ਬੈਂਕ ਵਿਚ ਪੈਸਾ ਪਿਐ ਜਾਂ ਮੇਰਾ ਪਰਿਵਾਰ ਕਿਹੜਾ ਹੈ। ਇਹ ਨਹੀਂ ਜਾਣ ਸਕਦਾ ਉਹ। ਸਾਮ੍ਹਣੇ ਸੁਪਨੇ ਵਿਚ ਆ ਜਾਏ ਤਾਂ ਜਾਣ ਜਾਂਦੈ ਲੇਕਿਨ ਉਂਵ ਨਹੀਂ ਪਤਾ ਤੇ ਮਹਾਰਾਜ ਫੁਰਮਾਉਂਦੇ ਨੇ ਕਿ ਜਿਵੇਂ ਸੁਪਨਾ ਭੁੱਲ ਜਾਈਦੈ -

***ਜਿਉ ਸੁਪਨੈ ਨਿਸਿ ਭੁਲੀਐ ਜਬ ਲਗਿ ਨਿਦ੍ਰਾ ਹੋਇ ॥ ਅੰਗ - 63***

ਜਿੰਨਾਂ ਚਿਰ ਨੀਂਦ ਰਹਿੰਦੀ ਹੈ, ਅਸੀਂ ਭੁੱਲੇ ਰਹਿਦੇ ਹਾਂ -

***ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ ॥ਅੰਗ- 63***

ਇਸੇ ਤਰ੍ਹਾਂ ਮਾਇਆ ਦੇ ਅਧੀਨ ਇਹ ਜੀਵ ਆ ਗਿਆ

ਜਿਹੜਾ ਇਸ ਸਰੀਰ ਵਿਚ ਰਹਿੰਦੈ ਤੇ ਹਉਮੈ ਦੇ ਅੰਧਰ ਤੇ ਦ੍ਵੈਤ ਦੇ ਅੰਦਰ ਫਸਿਆ ਹੋਇਆ ਸੁਪਨਾ ਟੁਟਦਾ ਨਹੀਂ ਹੈ -

***ਗੁਰਮਤਿ ਹੋਇ ਵੀਚਾਰੀਐ ਸੁਪਨਾ ਇਹੁ ਜਗੁ ਲੋਇ ॥ ਅੰਗ - 63***

ਗੁਰੂ ਦੀ ਮਤਿ ਧਾਰਨ ਕਰਕੇ ਵਿਚਾਰ ਕਰੋ। ਇਹ ਜਿਹੜਾ ਸੰਸਾਰ ਹੈ, ਇਹ ਬਿਲਕੁਲ ਸੁਪਨੇ ਵਰਗਾ ਹੈ -

***ਧਾਰਨਾ - ਜਗ ਜੀਵਨ ਐਸਾ ਜੀ, ਸੁਪਨੇ ਜੈਸਾ,***

***ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥***
***ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ ॥ ਅੰਗ- 808***

ਜਿਸ ਤਰ੍ਹਾਂ ਸੁਪਨਾ ਹੈ, ਵੈਸਾ ਹੀ ਇਹ ਜੋ ਸਾਨੂੰ ਨਜ਼ਰ ਆਉਂਦੈ ਜਿਹਨੂੰ ਅਸੀਂ ਜਾਗ੍ਰਤ ਕਹਿੰਦੇ ਹਾਂ, ਇਹ ਵੀ ਸੁਪਨੇ ਵਰਗਾ ਹੀ ਹੈ। ਅਸਲੀਅਤ ਕੁਛ ਹੋਰ ਹੈ, ਸੱਚ ਕੁਛ ਹੋਰ ਹੈ।

ਇਕ ਵਾਰੀ ਇਕ ਰਾਜਾ ਕਿਸੇ ਬਹੁਤ ਬੜੇ ਗਨੀਮ ਦੇ ਨਾਲ ਯੁੱਧ ਕਰ ਰਿਹੈ। ਪੰਜ ਛੇ ਦਿਨ ਲੜਦਾ ਰਿਹਾ ਲਗਾਤਾਰ, ਸੁੱਤਾ ਨਹੀਂ ਹੈ, ਅੰਗ-ਅੰਗ ਥੱਕ ਗਿਆ। ਫਤਹਿ ਪਾ ਲਈ, ਰਾਜਧਾਨੀ ਵਿਚ ਵਾਪਸ ਆ ਗਿਆ ਤੇ ਹੁਕਮ ਕਰ ਦਿਤਾ ਕਿ ਮੈਂ ਹੁਣ ਮਹਿਲ ਦੇ ਵਿਚ ਜਾ ਕੇ, ਬੈਡ ਰੂਮ ਵਿਚ ਜਾ ਕੇ ਆਰਾਮ ਕਰਨੈ ਤੇ ਮੈਨੂੰ ਕੋਈ ਨ ਜਗਾਇਓ, ਚਾਹੇ ਕੁਛ ਹੋ ਜਾਏ। ਰਾਜਾ ਜਾ ਕੇ ਸੌਂ ਗਿਆ। ਇਕ ਦਿਨ, ਦੋ ਦਿਨ, ਜਦ ਤੀਸਰਾ ਦਿਨ ਆਇਆ, ਐਸੀ ਕੁਦਰਤ ਹੋਈ ਕਿ ਉਹਦਾ ਰਾਜਕੁਮਾਰ ਚੜ੍ਹਾਈ ਕਰ ਗਿਆ। ਸਾਰੇ ਮਹੱਲ ਦੇ ਵਿਚ ਰੋਣਾ ਪੈ ਗਿਆ। ਜੋ ਵੱਡਾ ਵਜ਼ੀਰ ਐ - ਪ੍ਰਾਈਮ ਮਨਿਸਟਰ, ਉਹਨੂੰ ਕਹਿੰਦੇ ਨੇ ਕਿ ਰਾਜਾ ਜੀ ਨੂੰ ਖਬਰ ਕਰੋ। ਉਹ ਕਹਿਣ ਲੱਗਿਆ ਕਿ ਉਹਨੇ ਹੁਕਮ ਦਿਤਾ ਹੋਇਐ ਕਿ ਕੁਛ ਹੋ ਜਾਵੇ ਪਰ ਮੈਨੂੰ ਜਗਾਉਣਾ ਨਹੀਂ ਹੈ। ਦੂਸਰਾ ਦਿਨ ਵੀ ਲੰਘ ਗਿਆ, ਤੀਸਰਾ ਦਿਨ ਆ ਗਿਆ। ਸਾਰਿਆਂ ਨੇ ਸਲਾਹ ਕਰੀ ਕਿ ਰਾਜੇ ਨੂੰ ਜਗਾਓ ਵਜ਼ੀਰ ਸਾਹਿਬ ਤੁਸੀਂ। ਕਹਿਣ ਲੱਗਿਆ, ਉਹਦਾ ਸਖਤ ਹੁਕਮ ਹੈ ਤੇ ਨਾਲ ਇਹ ਵੀ ਕਿਹੈ ਕਿ ਜਿਹੜਾ ਮੈਨੂੰ ਜਗਾਊਗਾ, ਉਹਨੂੰ ਮੈਂ ਉਥੇ ਹੀ ਵੱਢ ਦੇਣੈ। ਹੁਣ ਕੌਣ ਹੈ ਜੋ ਹੁਕਮ ਦੀ ਉਲੰਘਣਾ ਕਰੇ ਉਹਦੀ? ਅਖੀਰ

ਨੂੰ ਚੌਥਾ ਦਿਨ ਹੋਇਆ ਤਾਂ ਵਜ਼ੀਰ ਦੇ ਮਨ ਵਿਚ ਖਿਆਲ ਆਇਆ ਕਿ ਕੋਈ ਗੱਲ ਨਹੀਂ, ਜੇ ਮਾਰਿਆ ਜਾਊਂਗਾ, ਪਿਆ ਮਾਰਿਆ ਜਾਵਾਂ। ਮੇਰਾ ਫਰਜ਼ ਬਣਦੈ ਕਿ ਮੈਂ ਰਾਜੇ ਨੂੰ ਜਗਾਵਾਂ। ਸੋ ਉਸ ਵੇਲੇ ਉਹਨੇ ਅੰਦਰ ਜਾ ਕੇ ਰਾਜੇ ਨੂੰ ਜਗਾਇਆ।

ਓਧਰ ਰਾਜੇ ਨੂੰ ਸੁਪਨਾ ਆ ਰਿਹੈ ਕਿ ਇਕ ਬਹੁਤ ਬੜੀ ਸਲਤਨਤ ਦਾ ਮਾਲਕ ਬਣ ਗਿਆ। ਜੁੱਧ ਜਿਤਦਾ ਗਿਆ, ਬੇਅੰਤ ਲੱਖਾਂ ਦੀ ਤਾਦਾਦ ਵਿਚ ਫੌਜ ਲੈ ਕੇ ਚੜ੍ਹ ਗਿਆ। ਇਕ ਦੇਸ ਤੋਂ ਦੂਜੇ ਦੇਸ, ਦੂਜੇ ਤੋਂ ਤੀਜਾ; ਸਾਰੀ ਸ੍ਰਿਸ਼ਟੀ ਨੂੰ ਫਤਹਿ ਕਰ ਲਿਆ। ਉਹਤੇ ਬਾਅਦ ਕਿੰਨੇ ਵਿਆਹ ਕਰਾਏ; ਬੜੇ ਆਰਾਮ ਦੇ ਨਾਲ ਰਹਿ ਰਿਹੈ। ਪਰਵਾਰ ਹੋ ਗਿਆ, ਚਾਰ ਪੁੱਤਰ ਹੋ ਗਏ, ਚਾਰਾਂ ਦੇ ਨਾਲ ਪਿਆਰ ਕਰਦੈ, ਨਾਉਂ ਰੱਖੇ ਹੋਏ ਨੇ ਸਾਰਿਆਂ ਦੇ ਤੇ ਕੋਈ ਪਤਾ ਨਹੀਂ ਕਿ ਮੇਰਾ ਸਰੀਰ ਕਿਥੇ ਹੈ, ਮੈਂ ਕੌਣ ਹਾਂ, ਮੇਰਾ ਰਾਜ ਕਿਹੜਾ ਸੀ? ਸੁਪਨੇ ਦੇ ਵਿਚ ਬਹੁਤ ਬੜਾ ਰਾਜਾ ਬਣਿਆ ਬੈਠੈ ਤੇ ਪੁਤਰਾਂ ਦੇ ਨਾਲ ਖੇਲ੍ਹ ਰਿਹੈ, ਪਿਆਰ ਕਰਦੈ ਤੇ ਐਸੇ ਬਚਨ ਕਰਦੈ ਕਿ ਬੇਟਾ! ਮੈਂ ਤੁਹਾਥੋਂ ਵਿਛੜ ਕੇ ਜਿਉਂਦਾ ਨਹੀਂ ਰਹਿ ਸਕਦਾ; ਮੇਰੀ ਮੌਤ ਹੋ ਜਾਏਗੀ ਜੇ ਤੁਸੀਂ ਮੇਰੇ ਨਾਲੋਂ ਵਿਛੜ ਗਏ। ਉਸ ਵੇਲੇ ਵਜ਼ੀਰ ਨੇ ਜਗਾ ਦਿਤਾ। ਜਾਗਿਆ, ਤਾਂ ਰਾਜਾ ਰੋਣ ਲਗ ਗਿਆ - ਉਚੀ-ਉਚੀ। ਵਜ਼ੀਰ ਕਹਿੰਦਾ, ਮਹਾਰਾਜ! ਰੋਣ ਦਾ ਕੋਈ ਕਾਰਨ ਨਹੀਂ ਹੈ, ਤੁਸੀਂ ਥੋੜ੍ਹੀ ਹੋਸ਼ ਵਿਚ ਆਓ। ਇਵੇਂ ਲਗਦੈ ਕਿ ਤੁਹਾਨੂੰ ਕੋਈ ਗਹਿਰਾ ਸੁਪਨਾ ਆ ਰਿਹਾ ਸੀ। ਦੇਖਿਆ, ਦੇਖ ਕੇ ਪਛਾਣਦਾ ਨਹੀਂ ਕਿ ਓਥੇ ਵਜ਼ੀਰ ਹੋਰ ਨੇ, ਓਥੇ ਰਾਣੀਆਂ ਹੋਰ ਨੇ, ਇਹ ਰਾਣੀਆਂ ਹੋਰ ਖੜ੍ਹੀਆਂ ਨੇ, ਇਹ ਵਜ਼ੀਰ ਹੋਰ ਖੜ੍ਹਾ ਹੈ; ਇਹ ਰਾਜਕੁਮਾਰ ਹੋਰ ਸੀ ਜਿਹੜਾ ਚੜ੍ਹਾਈ ਕਰ ਗਿਆ, ਉਹ ਰਾਜਕੁਮਾਰ ਹੋਰ ਨੇ; ਰੋਈ ਜਾਂਦੈ, ਪਤਾ ਨਹੀਂ ਲਗਦਾ ਉਹਨੂੰ ਕਿ ਮੈਂ ਕਿਥੇ ਆ ਗਿਆ, ਮੇਰੇ ਬੱਚੇ ਕਿਥੇ ਚਲੇ ਗਏ? ਬਾਰ-ਬਾਰ ਉਹਨੂੰ ਸਾਵਧਾਨ ਕਰਨ ਕਿ ਮਹਾਰਾਜ! ਤੁਹਾਡਾ ਰਾਜ ਕੁਮਾਰ ਚੜ੍ਹਾਈ ਕਰ ਗਿਆ। ਉਹ ਕਹਿੰਦੈ, ਤੁਸੀਂ ਇਕ ਨੂੰ ਕਹਿੰਦੇ ਓਂ, ਮੇਰੇ ਤਾਂ ਚਾਰ ਚੜ੍ਹਾਈ ਕਰ ਗਏ; ਪਤਾ

ਨਹੀਂ ਕਿਥੇ ਚਲੇ ਗਏ – ਚਾਰ ਰਾਜ ਕੁਮਾਰ, ਮੇਰੀਆਂ ਰਾਣੀਆਂ ਕਿਥੇ ਚਲੀਆਂ ਗਈਆਂ; ਮੈਂ ਤਾਂ ਸਾਰੀ ਸ੍ਰਿਸ਼ਟੀ ਦਾ ਬਾਦਸ਼ਾਹ ਬਣਿਆ ਹੋਇਆ ਸੀ।

ਸੋ ਇਹ ਵੀ ਸੁਪਨਾ ਹੈ, ਉਹ ਵੀ ਸੁਪਨਾ ਹੈ। ਮਹਾਰਾਜ ਕਹਿੰਦੇ, ਭੁੱਲ ਗਿਆ – 'ਜਿਉ ਸੁਪਨੈ ਨਿਸਿ ਭੁਲੀਐ ਜਬ ਲਗਿ ਨਿਦ੍ਰਾ ਹੋਇ॥' ਭੁੱਲਿਆ ਰਹਿੰਦੈ। ਬਾਣੀ ਦੇ ਅੰਦਰ ਇਕ ਦ੍ਰਿਸ਼ਟਾਂਤ ਆਉਂਦੈ – ਇਸੇ ਸਬੰਧ ਦੇ ਵਿਚ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਨਰਪਤ ਏਕ ਸਿੰਘਾਸਨ ਸੋਇਆ,***
***ਸੁਪਨੇ ਭਇਆ ਭਿਖਾਰੀ ਜੀ –2, 2***

***ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥***
***ਅਛਤ ਰਾਜ ਬਿਛੁਰਤ ਦੁਖੁ ਪਾਇਆ***
***ਸੋ ਗਤਿ ਭਈ ਹਮਾਰੀ ॥ ਅੰਗ– 657***

ਕੀ ਹੋਇਆ? ਰਾਜ ਜਾਂਦਾ ਰਿਹਾ, ਦੁਖ ਹੋਇਆ। ਮਸ਼ਹੂਰ ਸੁਪਨਾ ਹੈ – ਅਧਿਆਤਮਵਾਦ ਦੇ ਅੰਦਰ।

ਦੋ ਰਾਜਿਆਂ ਦੇ ਬਾਰੇ ਦੱਸਿਆ ਕਰਦੇ ਨੇ ਕਿ ਰਾਜਾ ਜਨਕ ਇਕ ਵਾਰੀ ਮਹਾਂਪੁਰਸ਼ਾਂ ਦੇ ਪਾਸ ਬੈਠੈ। ਉਥੇ ਵਿਚਾਰ ਚੱਲ ਰਹੀ ਹੈ ਕਿ ਮਾਇਆ ਪਰਮੇਸ਼ਰ ਦੀ ਐਡੀ ਪ੍ਰਬਲ ਹੈ ਕਿ ਹੁੰਦੀ ਹੋਈ ਚੀਜ਼ ਨੂੰ ਤਾਂ ਕਹਿੰਦੀ ਹੈ – 'ਹੈ ਨਹੀਂ'; ਤੇ ਜਿਹੜੀ ਹੁੰਦੀ ਹੈ ਨਹੀਂ, ਉਹਨੂੰ ਕਹਿੰਦੀ ਹੈ – 'ਹੈਗੀ।' ਦੂਸਰਾ – ਪਰਮੇਸ਼ਰ ਹਰ ਥਾਂ ਦੇ ਉਤੇ ਹਾਜ਼ਰ–ਨਾਜ਼ਰ ਹੈ। ਵਾਹਿਗੁਰੂ ਤੋਂ ਬਗੈਰ ਸ੍ਰਿਸ਼ਟੀ ਦਾ ਕੋਈ ਵਜੂਦ ਨਹੀਂ ਹੈ, ਇਹ ਸ੍ਰਿਸ਼ਟੀ ਖਤਮ ਹੋ ਜਾਂਦੀ ਹੈ। ਲੇਕਿਨ ਮਾਇਆ ਐਡੀ ਪ੍ਰਬਲ ਹੈ ਕਿ ਪ੍ਰੀਪੂਰਨ ਪਰਮੇਸ਼ਰ, ਕ੍ਰੋੜਾਂ ਬ੍ਰਹਿਮੰਡਾਂ ਦੇ ਮਾਲਕ ਨੂੰ ਭੁਲਾ ਕੇ ਅਲਪੱਗ ਚੀਜ਼ਾਂ ਦੇ ਨਾਲ, ਬਾਲ–ਬੱਚਿਆਂ ਦੇ ਨਾਲ, ਪ੍ਰਾਪਰਟੀ ਦੇ ਨਾਲ, ਹੋਰ ਸੁਆਹ–ਖੇਹ ਦੇ ਨਾਲ ਪਿਆਰ ਪਾ ਦਿੰਦੀ ਹੈ ਤੇ ਪਰਮੇਸ਼ਰ ਨੂੰ ਭੁਲਾ ਦਿੰਦੀ ਹੈ –

***ਇਨਿ ਮਾਇਆ ਜਗਦੀਸ ਗੁਸਾਈ ਤੁਮ੍ਹਰੇ ਚਰਨ ਬਿਸਾਰੇ ॥***
***ਕਿੰਚਤ ਪ੍ਰੀਤਿ ਨ ਉਪਜੈ***

ਉਹ ਮਾਲਕ ਜਿਹੜਾ ਸਭ ਨੂੰ ਦਿੰਦਾ ਹੀ ਦਿੰਦਾ ਜਾਂਦੈ, ਉਹਦੇ ਨਾਲ ਬਿਲਕੁਲ ਪਿਆਰ ਨਹੀਂ ਮਨੁੱਖ ਦਾ ਹੁੰਦਾ ਕਿਉਂਕਿ ਮਾਇਆ ਨੇ ਭੁਲਾ ਦਿਤਾ। ਉਸ ਵੇਲੇ ਰਾਜਾ ਜਨਕ ਕਹਿਣ ਲੱਗਿਆ ਕਿ ਮਹਾਰਾਜ! ਜੇ ਆਦਮੀ ਨੂੰ ਪਤਾ ਹੋਵੇ, ਫੇਰ ਤਾਂ ਭੁੱਲਦਾ ਨਹੀਂ।ਉਹ ਕਹਿਣ ਲੱਗੇ, ਨਹੀਂ ਰਾਜਨ! ਆਦਮੀ ਤਾਂ ਐਨਾ ਭੁੱਲਦੈ ਕਿ ਆਪਣੇ ਆਪ ਨੂੰ ਵੀ ਭੁੱਲ ਜਾਂਦੈ; ਉਹਨੂੰ ਪਤਾ ਨਹੀਂ ਲਗਦਾ। ਆਦਮੀ ਦੇ ਤਾਂ ਦਿਮਾਗ ਵਿਚ ਥੋੜ੍ਹਾ ਜਿਹਾ ਵੀ ਫਰਕ ਪੈ ਜਾਏ, ਉਸੇ ਵੇਲੇ ਭੁੱਲ ਜਾਂਦੈ; ਕੋਈ ਪਤਾ ਨਹੀਂ ਲਗਦਾ ਕਿਉਂਕਿ ਦਿਮਾਗ ਹੀ ਹੈ, ਮਨ ਹੀ ਹੈ ਸਭ ਕੁਛ; ਇਹੀ ਦੁਸ਼ਮਣ ਬਣਾਉਂਦੈ, ਇਹੀ ਮਿਤਰ ਬਣਾਉਂਦੈ। ਇਹਦਾ ਕੋਈ ਆਪਣਾ ਹੀ ਸੰਤੁਲਨ ਹੈ ਜਿਹਦੇ ਨਾਲ ਇਹ ਦੁਨੀਆਂ ਨੂੰ ਦੇਖ ਰਿਹੈ - ਕੁਛ ਆਪਣੇ ਬਣਾਉਂਦੈ, ਕੁਛ ਬਿਗਾਨੇ ਬਣਾਉਂਦੈ, ਕੁਛ ਪਾਪੀ ਬਣਾਉਂਦੈ, ਪੁੰਨੀ ਬਣਾਉਂਦੈ; ਜਿਹੋ ਜਿਹੀ ਧਾਰਨਾ ਹੈ ਮਨ ਦੇ ਅੰਦਰ, ਵੈਸਾ ਹੀ ਸੰਸਾਰ ਨੂੰ ਦਰਜਾ ਦੇਈ ਜਾਂਦੈ।

ਇਕ ਵਾਰੀ ਮੈਂ ਇਕ ਪਿੰਡ ਵਿਚ ਗਿਆ ਹੋਇਆ ਸੀ। ਉਥੇ ਇਕ ਮਕਾਨ ਦੇ ਵਿਚੋਂ ਆਵਾਜ਼ ਆਈ, ਮੇਰਾ ਨਾਂ ਲੈ ਕੇ ਆਵਾਜ਼ ਮਾਰੀ। ਮੈਂ ਉਥੇ ਚਲਿਆ ਗਿਆ। ਖਿੜਕੀ ਥਾਂਈਂ ਦੇਖਿਆ ਕਿ ਇਕ ਬੰਦਾ ਬੰਨ੍ਹਿਆ ਹੋਇਐ। ਪੈਰਾਂ ਵਿਚ ਸੰਗਲ ਪਾਏ ਹੋਏ ਨੇ, ਘੁੰਮਦਾ ਫਿਰਦੈ, ਪਰ ਖਿੜਕੀ ਦੇ ਨੇੜੇ ਨਹੀਂ ਆ ਸਕਦਾ। ਮੈਨੂੰ ਕਹਿਣ ਲੱਗਿਆ, ਅੰਦਰ ਲੰਘ ਆਉ; ਇਹ ਸੋਫਾ ਸੈਟ ਪਏ ਨੇ, ਇਨ੍ਹਾਂ ਤੇ ਤੁਸੀਂ ਬਹਿ ਜਾਉ ਤੇ ਕੁਛ ਖਾਣ ਵਾਸਤੇ - ਤੁਸੀਂ ਐਸਾ ਕਰੋ ਕਿ ਮੇਰੀ ਮਹਾਰਾਣੀ ਹੈ ਉਥੇ ਸਾਹਮਣੇ - ਕਿਲੇ ਵਿਚ; ਐਥੋਂ ਤੁਸੀਂ ਬੈੱਲ (bell) ਕਰ ਦਿਉ, ਘੰਟੀ ਵਜਾ ਦਿਉ, ਉਹ ਆ ਜਾਏਗੀ ਤੇ ਉਥੇ ਮੇਰੇ ਵਜ਼ੀਰ ਬੈਠੇ ਨੇ, ਮੇਰਾ ਸਭ ਕੁਛ ਹੈ। ਪੂਰਾ ਹੀ ਰਾਜ ਦਾ ਠਾਠ ਉਹਨੇ ਮੈਨੂੰ ਗਿਣ ਕੇ ਦੱਸ ਦਿਤਾ। ਉਹ ਜਿਹਨੂੰ ਕਿਲਾ ਕਹਿੰਦਾ ਸੀ, ਉਹ ਇਕ ਥੇਹ ਸੀ। ਉਥੇ ਕੋਈ ਗੱਡੇ ਵਾਲੇ ਆ ਗਏ ਤੇ ਉਹ ਮਿੱਟੀ ਪੁੱਟਣ ਲਗ

ਗਏ। ਉਚੀ-ਉਚੀ ਗਾਲ੍ਹਾਂ ਕੱਢਦੈ ਕਿ ਤੁਸੀਂ ਮੇਰੇ ਕਿਲੇ ਦੀਆਂ ਕੰਧਾਂ ਤੋੜਦੇ ਹੋ; ਸਿਪਾਹੀ ਕਿੱਥੇ ਨੇ, ਫੜੋ ਇਨ੍ਹਾਂ ਨੂੰ। ਮੈਂ ਹੈਰਾਨ ਹੋ ਗਿਆ ਕਿਉਂਕਿ ਮੈਂ ਪਹਿਲੀ ਵਾਰੀ ਉਹਨੂੰ ਇਸ ਤਰ੍ਹਾਂ ਦੇਖਿਆ ਸੀ; ਪਹਿਲਾਂ ਚੰਗਾ ਭਲਾ ਸੀ। ਕਿੰਨਾਂ ਮਨ ਦੇ ਉਤੇ ਅਸਰ ਪਿਆ! ਉਹ ਤਾਂਗਾ ਵਾਹੁੰਦਾ ਹੁੰਦਾ ਸੀ; ਕਿਥੇ ਤਾਂਗਾ ਵਾਹੁੰਦੈ, ਕਿਥੇ ਰਾਜਾ ਬਣ ਗਿਆ, ਕਿਲਾ ਬਣ ਗਿਆ, ਰਾਣੀਆਂ ਬਣ ਗਈਆ, ਰਾਜਧਾਨੀ ਬਣ ਗਈ, ਸੋਫਾ ਸੈਟ ਆ ਗਏ, ਸਭ ਕੁਛ ਆ ਗਿਆ। ਅਸਲ ਵਿਚ ਤਾਂ ਕੋਈ ਚੀਜ਼ ਨੀਂ ਸੀ ਉਥੇ। ਉਹਦੇ ਮਨ ਦੀ ਭਾਵਨਾ ਕਰਕੇ ਹੀ ਸਭ ਚੀਜ਼ਾਂ ਦਾ ਪਤਾ ਲਗ ਰਿਹਾ ਸੀ। ਇਸੇ ਤਰ੍ਹਾਂ ਦੇ ਨਾਲ ਕੁਛ ਦਾ ਕੁਛ ਹੋ ਜਾਂਦੈ।

ਰਾਜਾ ਜਨਕ ਇਕ ਵਾਰੀ ਸਿੰਘਾਸਣ ਤੇ ਬੈਠੇ। ਗਰਮੀ ਦਾ ਮਹੀਨਾ, ਖੱਸ ਦੀਆਂ ਟੱਟੀਆਂ ਲਾ ਕੇ ਠੰਢਾ-ਠਾਰ ਕਰਿਆ ਹੋਇਐ ਥਾਂ, ਤੇ ਕਿਉੜੇ ਦੇ ਛਿੜਕਾ ਹੋ ਰਹੇ ਨੇ, ਸੁਗੰਧੀਆਂ ਹੀ ਸੁਗੰਧੀਆਂ ਨੇ; ਰਾਣੀਆਂ ਸੇਵਾ ਕਰ ਰਹੀਆਂ ਨੇ ਤੇ ਹੋਰ ਅਮੀਰ ਵਜ਼ੀਰ ਸਭ ਬੈਠੇ ਨੇ। ਉਥੇ ਥੋੜ੍ਹਾ ਜਿਹਾ ਚਿਰ ਉਹਨੂੰ ਨੀਂਦ ਆ ਗਈ। ਨੀਂਦ ਦੇ ਅੰਦਰ ਕੀ ਦੇਖਦੈ ਕਿ ਇਹ ਕਿਸੇ ਦੇਸ਼ ਦਾ ਰਾਜਾ ਹੈ, ਬਹੁਤ ਸਾਰੀਆਂ ਰਾਣੀਆਂ ਨੇ ਉਸ ਦੀਆਂ, ਤੇ ਕਿਸੇ ਹੋਰ ਰਾਜੇ ਨੇ ਇਹਦੇ ਉਤੇ ਚੜ੍ਹਾਈ ਕਰ ਦਿਤੀ। ਉਸ ਰਾਜੇ ਨੇ ਇਹਨੂੰ ਜਿੱਤ ਲਿਆ ਤੇ ਪਬਲਿਕ ਇਹ ਕਹਿੰਦੀ ਹੈ ਕਿ ਮਹਾਰਾਜ! ਚੰਗਾ ਹੋਇਆ ਤੁਸੀਂ ਸਾਨੂੰ ਇਸ ਨਿਰਦਈ ਰਾਜੇ ਤੋਂ ਛੁਡਾਇਐ। ਸਜ਼ਾ ਦੇ ਦਿਤੀ ਕਿ ਕੋਈ ਬੰਦਾ ਇਹਦੀ ਹਮਦਰਦੀ ਨ ਕਰੇ।

ਦੁਪਹਿਰ ਦਾ ਵਕਤ ਹੈ। ਕਪੜੇ ਸਾਰੇ ਉਤਾਰ ਲਏ; ਇਕ ਕਖਾਈ ਰਹਿਣ ਦਿਤੀ, ਪੈਰੋਂ ਜੁੱਤੀ ਲਾਹ ਲਈ ਤੇ ਹੁਕਮ ਦੇ ਦਿਤਾ ਕਿ ਇਹਨੂੰ ਨਿਰਾਦਰ ਕਰਕੇ ਦੇਸ਼-ਬਦਰ ਕਰ ਦਿਤਾ ਜਾਵੇ। ਉਸ ਵੇਲੇ ਰਾਣੀਆਂ ਵੀ ਇਸ ਨਾਲ ਕੋਈ ਹਮਦਰਦੀ ਨਹੀਂ ਕਰਦੀਆਂ। ਇਹ ਹਮਦਰਦੀ ਮੰਗਦੈ ਕਿ ਤੁਸੀਂ ਤਾਂ ਮੈਨੂੰ ਜਾਣਦੀਓਂ; ਪਰ ਉਹ ਵੀ ਨਹੀਂ ਅੱਖ ਮਿਲਾਉਂਦੀਆਂ। ਕਹਿੰਦੀਆਂ ਨੇ ਕਿ ਤੂੰ ਤਾਂ ਮਹਾਂ ਪਾਪੀ ਹੈਂ। ਵਜ਼ੀਰ ਨੂੰ ਕਹਿੰਦੈ, ਆਪਣੇ ਕਮਾਂਡਰ-ਇਨ-ਚੀਫ ਨੂੰ

ਕਹਿੰਦੈ, ਹੋਰ ਸਭ ਬਾਡੀਗਾਰਡਾਂ ਨੂੰ ਕਹਿੰਦੈ ਕਿ ਮੈਨੂੰ ਕੋਈ ਜੁੱਤੀ ਤਾਂ ਪਹਿਨਣ ਨੂੰ ਦੇ ਦਿਉ; ਜੇ ਕੱਢਣੈ, ਕਪੜੇ ਤਾਂ ਦੇ ਦਿਉ, ਪਾਣੀ ਤਾਂ ਦੇ ਦਿਉ। ਹੁਕਮ ਸੀ ਕਿ ਕੋਈ ਬੰਦਾ, ਜਿਹੜਾ ਇਹਦੀ ਸਹਾਇਤਾ ਕਰੇਗਾ, ਉਹਨੂੰ ਇਹਦੇ ਨਾਲ ਹੀ ਸਜ਼ਾ ਦਿਤੀ ਜਾਏਗੀ; ਜਿਹੜਾ ਇਹਦਾ ਨਿਰਾਦਰ ਕਰੇਗਾ, ਉਹਨੂੰ ਇਨਾਮ ਮਿਲਣਗੇ।

ਸੋ ਜੀਅ ਭਰ ਕੇ ਉਹਦਾ ਨਿਰਾਦਰ ਹੋਇਆ। ਰੋਂਦਾ ਹੋਇਆ, ਦੁਖੀ ਹੁੰਦਾ ਨੰਗੇ ਪੈਰੀਂ ਤੁਰਿਆ ਜਾ ਰਿਹੈ; ਕਦੇ ਤੁਰਿਆ ਨਹੀਂ ਸੀ, ਪੈਰਾਂ ਵਿਚ ਛਾਲੇ ਪੈ ਗਏ। ਧਰਤੀ ਬਹੁਤ ਗਰਮ ਹੋਈ-ਹੋਈ ਐ, ਪਾਣੀ ਦੀ ਪਿਆਸ ਲਗਦੀ ਐ, ਪਾਣੀ ਵਾਸਤੇ ਬਾਰ-ਬਾਰ ਬੇਨਤੀਆਂ ਕਰਦੈ ਪਰ ਕੋਈ ਪਾਣੀ ਨੀਂ ਦਿੰਦਾ। ਅਖੀਰ, ਰਾਤ ਪੈ ਗਈ ਤੇ ਜੰਗਲ ਦੇ ਅੰਦਰ ਠਹਿਰ ਗਿਆ। ਜੰਗਲੀ ਜਾਨਵਰ ਆ ਗਏ - ਸੱਪ ਫਿਰਦੇ ਨੇ - ਵੱਡੇ-ਵੱਡੇ ਅਜਗਰ, ਸ਼ੇਰ ਫਿਰਦੇ ਨੇ ਤੇ ਹੋਰ ਜੰਗਲੀ ਜਾਨਵਰ ਫਿਰ ਰਹੇ ਨੇ। ਡਰਦਾ ਫਿਰਦੈ, ਦਰਖਤਾਂ ਉਤੇ ਚੜ੍ਹ-ਚੜ੍ਹ ਕੇ ਬਚਦੈ। ਸਾਰੀ ਰਾਤ ਬੇ-ਆਰਾਮ ਰਿਹਾ। ਦੂਸਰਾ ਦਿਨ ਚੜ੍ਹਿਆ, ਸਿਪਾਹੀ ਫੇਰ ਆ ਗਏ, ਪੁਲਿਸ ਆ ਗਈ। ਉਨ੍ਹਾਂ ਨੇ ਅੱਗੇ ਲਾ ਲਿਆ। ਦੋ ਦਿਨ, ਦੋ ਰਾਤਾਂ ਰਾਜ ਦੇ ਵਿਚ ਤੁਰਦਾ ਰਿਹਾ; ਬਹੁਤ ਦੁਖੀ ਹੋ ਗਿਆ, ਬੋਲਿਆ ਨਹੀਂ ਜਾਂਦਾ, ਬੱਚਿਆਂ ਨੇ ਕਮਲਾ ਸਮਝ ਕੇ ਇੱਟਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ, ਥਾਂ-ਥਾਂ ਜ਼ਖਮ ਹੋ ਗਏ।

ਉਹ ਤੇ ਬਾਅਦ ਦੂਸਰੇ ਰਾਜੇ ਦੀ ਹੱਦ ਵਿਚ ਚਲਿਆ ਗਿਆ। ਉਥੇ ਇਕ ਕਾਫਲਾ ਤੁਰਿਆ ਜਾ ਰਿਹੈ ਤੇ ਉਨ੍ਹਾਂ ਨੂੰ ਕਹਿੰਦੈ ਕਿ ਮੈਨੂੰ ਕੁਛ ਖਾਣ ਨੂੰ ਦਿਉ, ਮੈਂ ਭੁੱਖਾ ਹਾਂ। ਮੈਂ ਰਾਜਾ ਹਾਂ, ਮੈਂ ਬਾਦਸ਼ਾਹ ਹਾਂ, ਮੇਰੀ ਬਾਦਸ਼ਾਹੀ ਖੁੱਸ ਗਈ। ਉਹ ਇਕ-ਇਕ ਕੌਡੀ ਦਿੰਦੇ ਨੇ। 19 ਕੌਡੀਆਂ ਉਹਦੇ ਕੋਲ ਹੋ ਗਈਆਂ। ਰੋਂਦੈ ਕਿ ਮੈਂ ਖਜ਼ਾਨਿਆਂ ਦਾ ਮਾਲਕ, ਮੇਰੀ ਆਹ ਦਸ਼ਾ ਹੋ ਗਈ ਕਿ ਮੈਨੂੰ ਕੌਡੀ ਦਿੰਦੇ ਨੇ - ਭਿਖਾਰੀ ਸਮਝ ਕੇ। ਮੈਂ ਕਹਿਨਾਂ ਕਿ ਮੈਂ ਬਾਦਸ਼ਾਹ ਸੀ, ਮੇਰੀ ਬਾਦਸ਼ਾਹੀ ਜਾਂਦੀ ਰਹੀ। ਕੋਈ ਤਰਸ ਨਹੀਂ ਕਰਦਾ। ਭੁੱਖ ਨਾਲ ਵਿਆਕੁਲ ਹੋਇਆ ਪਿਐ। ਅਖੀਰ, ਇਕ

ਨੇ ਦਸਿਆ ਕਿ ਤੂੰ ਐਸ ਤਰ੍ਹਾਂ ਕਰ, ਔਹ ਸਾਮ੍ਹਣੇ ਲੰਗਰ ਚਲਦੈ, ਛੇਤਰ ਚਲਦੈ, ਉਥੇ ਪਰਸ਼ਾਦਾ ਮਿਲਦੈ; ਉਥੇ ਚਲਿਆ ਜਾਹ। ਕੋਲ ਗਿਆ ਤਾਂ ਖਿਚੜੀ ਵਰਤ ਰਹੀ ਹੈ। ਉਥੇ ਜਾ ਕੇ ਲਾਇਨ ਵਿਚ ਖੜ੍ਹਾ ਹੋ ਗਿਆ। ਜਦ ਵਾਰੀ ਆਈ ਤਾਂ ਕਹਿਣ ਲੱਗੇ, ਤੇਰੇ ਹੱਥਾਂ ਦੇ ਵਿਚ ਕਿੱਥੇ ਪਾਵਾਂਗੇ? ਇਸ ਤਰ੍ਹਾਂ ਕਰ, ਕੋਈ ਪਾਤਰ, ਬਰਤਨ ਲੈ ਕੇ ਆ। ਬਰਤਨ ਲੈਣ ਜਾਂਦੈ, 19 ਕੌਡੀਆਂ ਦਾ ਇਕ ਕਸੋਰਾ ਮਿਲਦੈ - ਮਿੱਟੀ ਦਾ। ਉਹ ਲੈ ਕੇ ਜਦ ਪਹੁੰਚਦੈ, ਜਦ ਨੂੰ ਖਿਚੜੀ ਖਤਮ ਹੋ ਜਾਂਦੀ ਹੈ। ਉਸ ਵੇਲੇ ਬਹੁਤ ਵਿਰਲਾਪ ਕਰਦੈ। ਪ੍ਰਬੰਧਕ ਧੱਕੇ ਮਾਰਦੇ ਨੇ ਕਿ ਬਾਹਰ ਨਿਕਲੋ, ਹੁਣ ਖਿਚੜੀ ਨਹੀਂ ਹੈ। ਇਹ ਕਹਿਣ ਲੱਗਿਆ ਕਿ ਮੈਂ ਤਾਂ ਪਹਿਲਾਂ ਵਾਰੀ ਲਾ ਕੇ ਗਿਆ ਸੀ; ਤੁਸੀਂ ਹੀ ਕਿਹਾ ਸੀ ਕਿ ਬਰਤਨ ਲੈ ਕੇ ਆ। ਤਰਸ ਆਇਆ ਉਹਨੂੰ, ਖੁਰਚਣ ਉਹਨੇ ਖੁਰਚੀ ਤੇ ਉਹਦੇ ਬਰਤਨ ਵਿਚ ਪਾ ਦਿਤੀ। ਕਹਿਣ ਲੱਗਿਆ, ਐਂ ਕਰ, ਔਥੋਂ ਘਿਉ ਲੈ-ਲੈ, ਦੋ ਚਮਚੇ ਘਿਓ ਦੇ ਮਿਲਦੇ ਨੇ। ਹੱਥ ਕੰਬਦੇ ਨੇ, ਸਰੀਰ ਕੰਬ ਰਿਹੈ, ਦੁਖੀ ਹੋਇਆ ਹੋਇਐ, presence of mind (ਮਨ ਦੀ ਹਾਜ਼ਰੀ) ਹੈ ਨਹੀਂ, ਘਾਬਰਿਆ ਪਿਐ। ਬੇਨਤੀ ਕਰੀ ਕਿ ਘਿਓ ਦਾ ਇਕ ਚਮਚ ਵੀ ਪਾ ਦਿਉ। ਜਦ ਪਾਉਣ ਲੱਗੇ, ਹੱਥ ਹਿਲ ਗਿਆ, ਥੱਲੇ ਗਿਰ ਗਿਆ। ਉਹ ਕਹਿੰਦੇ, ਇਹ ਕੀ ਕਰਦੈਂ, ਮੈਂ ਨਹੀਂ ਘਿਉ ਦਿੰਦਾ। ਫੇਰ ਬੇਨਤੀਆਂ ਕਰਦੈ। ਉਸ ਵੇਲੇ ਇਹਨੇ ਘਿਓ ਦਾ ਚਮਚਾ ਲਿਆ। ਉਹ ਕਹਿੰਦੇ, ਦੂਰ ਬੈਠ ਕੇ ਖਾ, ਏਥੇ ਨਾ ਖਾਈਂ, ਲੰਗਰ ਬੰਦ ਹੋ ਗਿਆ ਹੁਣ, ਦਰਵਾਜ਼ੇ ਬੰਦ ਕਰਨੇ ਨੇ।

ਬਾਹਰ ਨਿਕਲ ਜਾਂਦੈ, ਮੈਦਾਨ ਵਿਚ ਬੈਠ ਕੇ ਜਦ ਖਾਣ ਲਗਦੈ, ਦੋ ਸਾਨ੍ਹ ਭਿੜਦੇ ਨੇ, ਉਨ੍ਹਾਂ ਦੀ ਫੇਟ ਵਿਚ ਆ ਜਾਂਦੈ। ਬੁਰਕੀ ਅਜੇ ਮੂੰਹ ਵਿਚ ਨਹੀਂ ਪਾਈ; ਫੇਟ ਵਿਚ ਆਇਆ ਦੂਰ ਜਾ ਕੇ ਗਿਰਿਆ। ਸੱਟ ਲੱਗੀ ਤੇ ਨਾਲ ਦੀ ਨਾਲ ਝਟਕਾ ਖਾ ਕੇ ਜਾਗ ਆ ਗਈ। ਜਾਗ ਆਈ ਤਾਂ ਉਹ ਜਿਹੜਾ ਸੁਪਨਾ ਦੇਖਿਆ ਸੀ, ਅੱਖਾਂ ਤੋਂ ਲਾਂਭੇ ਨਹੀਂ ਹੁੰਦਾ; ਪ੍ਰਤੱਖ ਨਜ਼ਰ ਆਉਂਦੈ, ਜਿਵੇਂ ਫਿਲਮ ਸਾਮ੍ਹਣੇ ਖੜ੍ਹੀ ਹੋਵੇ। ਹੁਣ ਨਿਰਣਾ ਨਹੀਂ ਕਰ ਸਕਦਾ, ਪਤਾ

ਨਹੀਂ ਲਗਦਾ। ਉਸੇ ਵੇਲੇ ਚੁੱਪ ਕਰਕੇ ਰਿਟਾਇਰਿੰਗ ਰੂਮ (ਆਰਾਮ ਘਰ) ਵਿਚ ਚਲਿਆ ਗਿਆ। ਸ਼ਾਮ ਹੋ ਗਈ, ਘੋੜੇ ਤੇ ਸਵਾਰ ਹੋ ਗਿਆ; ਜਾ ਕੇ ਥਾਉਂ ਦੇਖਦਾ ਫਿਰਦੈ। ਹੈਰਾਨ ਹੋ ਗਿਆ ਕਿ ਇਹ ਥਾਂ ਉਹ ਹੀ ਹੈ ਜਿਥੋਂ ਦੀ ਮੈਨੂੰ ਧੱਕੇ ਦੇ ਕੇ ਲੈ ਗਏ ਸੀ। ਕੋਈ ਪਿਛਲੇ ਜਨਮ ਦੇ ਸੰਸਕਾਰ ਜਾਗ ਪਏ; ਜਿਹੜੇ ਦੇਖੇ ਹੋਏ ਥਾਂ ਸੀ, ਉਹ ਫੇਰ ਦੇਖ ਲਏ - ਛੇਤਰ ਵੀ ਦੇਖਿਆ, ਹਰ ਚੀਜ਼ ਦੇਖੀ। ਹੁਣ ਸਮਝ ਵਿਚ ਨਹੀਂ ਆਉਂਦੀ ਕਿ ਇਹ ਹੋ ਕੀ ਗਿਆ ਮੈਨੂੰ? ਕਿਹੜੀ ਅਵਸਥਾ ਸਤਿ ਹੈ? ਉਹ ਸੱਤਿ ਹੈ ਕਿ ਇਹ ਸੱਤਿ ਹੈ? ਉਹਨੇ ਸਾਰੇ ਭਾਰਤ ਵਰਸ਼ ਦੇ ਵਿਦਵਾਨ ਇਕੱਠੇ ਕਰ ਲਏ ਅਤੇ ਸਵਾਲ ਰੱਖ ਦਿਤਾ ਕਿ ਉਹ ਸੱਤਿ ਹੈ ਜਾਂ ਇਹ ਸੱਤਿ ਹੈ; ਇਹ ਸੱਚਾ ਜਾਂ ਉਹ ਸੱਚਾ।

ਅੱਠ ਸਾਲ ਲੰਘ ਗਏ, ਕਿਸੇ ਨੂੰ ਜਾਣ ਨਹੀਂ ਦਿੰਦਾ। ਕਹਿੰਦਾ, ਮੇਰੇ ਸਵਾਲ ਦਾ ਜਵਾਬ ਦਿਉ; ਤੁਹਾਡੀ ਸੇਵਾ ਹੋਏਗੀ, ਬਾਲ-ਬੱਚਿਆਂ ਨੂੰ ਖਰਚਾ ਭੇਜੂੰਗਾ ਪਰ ਮੈਂ ਜਾਣ ਉਸ ਵੇਲੇ ਦੇਵਾਂਗਾ ਜਦੋਂ ਮੇਰੇ ਸਵਾਲ ਦਾ ਜਵਾਬ ਮਿਲਿਆ। ਅੱਠ ਸਾਲ ਲੰਘਣ ਤੋਂ ਬਾਅਦ ਵੀ ਕੋਈ ਜਵਾਬ ਨਹੀਂ ਮਿਲਿਆ। ਇਕ ਥਾਂ ਇਕ ਕੁਬੜਾ ਅੱਠ ਸਾਲ ਦਾ ਬੱਚਾ ਗਾਇਤ੍ਰੀ ਪੜ੍ਹਨ ਵਾਸਤੇ ਜਾ ਰਿਹੈ ਤੇ ਬੱਚੇ ਛੇੜ ਰਹੇ ਨੇ ਕਿਉਂਕਿ ਉਹਦੇ ਸਰੀਰ ਵਿਚ ਅੱਠ ਵਿੰਗ ਪੈਂਦੇ ਸੀ। ਇਕ ਬੱਚੇ ਨੇ ਕਿਹਾ ਕਿ ਇਹਨੂੰ ਕੁਛ ਨਾ ਕਹੋ, ਇਹਦਾ ਨਾਨਾ ਬੜਾ ਕ੍ਰੋਧਵਾਨ ਹੈ; ਐਸਾ ਨ ਹੋਵੇ ਕਿ ਆਪਣੇ ਮਗਰ ਪੈ ਜਾਏ। ਇਹਦਾ ਵਿਚਾਰੇ ਦਾ ਪਿਓ ਨਹੀਂ ਹੈ। ਉਹਨੇ ਪਹਿਲੇ ਦਿਨ ਸੁਣਿਆ ਕਿ ਮੇਰਾ ਪਿਤਾ ਨਹੀਂ ਹੈ। ਮਾਂ ਦੇ ਪਾਸ ਆ ਗਿਆ, ਆ ਕੇ ਕਹਿਣ ਲੱਗਿਆ -

''ਮਾਤਾ! ਮੇਰਾ ਪਿਤਾ ਦੱਸ ਕਿਥੇ ਹੈ?''

''ਬੜਾ ਮਾੜਾ ਕੰਮ ਹੋਇਆ; ਮੈਂ ਤੇਰੇ ਪਿਤਾ ਨੂੰ ਪਿਤਾ ਕਹਿੰਦਾ ਰਿਹਾ। ਮਾਤਾ! ਬੜੀ ਗਲਤ ਗੱਲ ਕਰੀ ਹੈ। ਮੇਰਾ ਪਿਤਾ ਦੱਸ ਕਿਥੇ ਹੈ?''

"ਤੇਰਾ ਪਿਤਾ ਮਿਥਲਾਪੁਰੀ ਦੇ ਵਿਚ ਰਾਜਾ ਜਨਕ ਦੇ ਇਕ ਸਵਾਲ ਦਾ ਜਵਾਬ ਦੇਣ ਗਿਆ ਹੋਇਆ ਅੱਠ ਸਾਲ ਤੋਂ ਉਥੇ ਹੈ।"

"ਉਹ ਕਿਹੜਾ ਸਵਾਲ ਹੈ ਜਿਹਦਾ ਜਵਾਬ ਨਹੀਂ ਦੇ ਸਕਿਆ?"

"ਬੇਟਾ! ਤੇਰਾ ਪਿਤਾ ਹੀ ਨਹੀਂ ਇਕੱਲਾ; ਸਾਰੇ ਭਾਰਤਵਰਸ਼ ਦੇ ਵਿਦਵਾਨ, ਮਹਾਂਪੁਰਸ਼, ਪੰਡਿਤ ਸਭ ਉਸ ਥਾਂ ਦੇ ਉਤੇ ਨੇ, ਕੋਈ ਜਵਾਬ ਨਹੀਂ ਦੇ ਸਕਿਆ। ਰਾਜਾ ਇਹ ਕਹਿੰਦੈ ਕਿ ਜਦ ਤਾਂਈ ਮੇਰੇ ਸਵਾਲ ਦਾ ਜਵਾਬ ਨਹੀਂ ਦਿੰਦੇ, ਮੈਂ ਜਾਣ ਨਹੀਂ ਦੇਣਾ।"

"ਇਹ ਦੱਸ, ਸਵਾਲ ਕੀ ਹੈ?"

"ਇਉਂ ਕਹਿੰਦੈ ਕਿ ਇਹ ਸੱਚਾ ਹੈ ਕਿ ਉਹ ਸੱਚਾ ਹੈ? ਇਹਦਾ ਕੋਈ ਜਵਾਬ ਨਹੀਂ ਦਿੰਦਾ।"

"ਇਹ ਤਾਂ ਸਵਾਲ ਤਾਂ ਕੁਝ ਵੀ ਨਹੀਂ ਹੈ। ਮੈਂ ਜਵਾਬ ਦੇਵਾਂਗਾ।"

ਮਾਤਾ ਨੇ ਭੇਜ ਦਿਤਾ। ਪਾਲਕੀ ਲੈ ਕੇ ਜਾਂਦੈ। ਗਰਮੀ ਦਾ ਮਹੀਨਾ ਹੈ ਤੇ ਇਕ ਗਲੀ ਦੇ ਵਿਚ ਹੇਠਾਂ ਉਤਰ ਕੇ ਬੈਠ ਗਿਆ ਤੇ ਓਧਰੋਂ ਰਾਜਾ ਜਨਕ ਦੀ ਸਵਾਰੀ ਆ ਰਹੀ ਹੈ। ਉਹਦਾ ਜਿਹੜਾ ਛੜੀਦਾਰ ਹੈ, ਉਹ ਦੂਰੋਂ ਆਵਾਜ਼ ਦਿੰਦੈ ਕਿ ਰਾਜਾ ਜੀ ਦੀ ਸਵਾਰੀ ਆ ਰਹੀ ਹੈ; ਰਸਤਾ ਛੱਡੋ, ਰਸਤਾ ਛੱਡੋ। ਇਹਦੇ ਕੋਲ ਆ ਗਿਆ, ਦੇਖਿਆ ਤਾਂ ਇਹ ਸੜਕ ਦੇ ਵਿਚਾਲੇ ਬੈਠੈ। ਕਹਿਣ ਲੱਗਿਆ, "ਤੂੰ ਕੌਣ ਐਂ?" ਹੱਸ ਪਿਆ ਇਹ ਬੱਚਾ, ਕਹਿਣ ਲੱਗਿਆ, ਮੈਨੂੰ ਇਉਂ ਲਗਦੈ ਕਿ ਤੂੰ ਅੱਖਾਂ ਦੇ ਹੁੰਦੇ ਹੋਏ ਅੰਨ੍ਹਾਂ ਹੈਂ। ਤੈਨੂੰ ਦਿਸਦਾ ਨਹੀਂ ਮੈਂ ਕੌਣ ਹਾਂ? ਮੈਂ ਛੁਪਾਇਆ ਹੋਇਆ ਕੁਛ ਨਹੀਂ; ਤਿਲਕ ਲੱਗਿਆ ਹੋਇਐ, ਜਨੇਊ ਮੇਰੇ ਪਾਇਆ ਹੋਇਐ, ਮੇਰੇ ਬਸਤਰਾਂ ਤੋਂ ਤੂੰ ਜਾਣ ਸਕਦੈਂ ਕਿ ਮੈਂ ਕੌਣ ਹਾਂ। ਤੂੰ ਹੀ ਨਹੀਂ ਅੰਨ੍ਹਾ, ਤੇਰਾ ਰਾਜਾ ਵੀ ਜ਼ਰੂਰ ਅੰਨ੍ਹਾ ਹੋਣੈ। ਐਨੀ ਗੱਲ ਸੁਣ ਕੇ ਵਾਪਿਸ ਚਲਿਆ ਗਿਆ। ਜਾ ਕੇ ਕਹਿਣ ਲੱਗਿਆ

–

''ਮਹਾਰਾਜ! ਇਕ ਬੱਚਾ ਬੈਠਾ ਹੈ ਤੇ ਮੈਂ ਰਸਤਾ ਮੰਗਿਆ ਸੀ; ਉਹਨੇ ਮੈਨੂੰ ਬੜਾ ਅਜੀਬ ਜਵਾਬ ਦਿਤਾ।''

''ਕੀ ਜਵਾਬ ਦਿਤੈ?''

''ਮਹਾਰਾਜ! ਮੈਂ ਉਹਨੂੰ ਕਹਿ ਬੈਠਾ ਕਿ ਤੂੰ ਕੌਣ ਐਂ? ਉਹ ਕਹਿੰਦੈ, ਤੇਰੇ ਨੇਤਰ ਨਹੀਂ ਹਨ, ਨੇਤਰ ਹੁੰਦੇ ਹੋਏ ਤੂੰ ਅੰਨ੍ਹਾ ਹੈਂ। ਤੈਨੂੰ ਪਤਾ ਨਹੀਂ ਮੈਂ ਕੌਣ ਹਾਂ? ਫੇਰ ਮੈਂ ਕਿਹਾ ਕਿ ਰਾਜਾ ਜੀ ਦੀ ਸਵਾਰੀ ਆ ਰਹੀ ਹੈ, ਤੂੰ ਰਸਤਾ ਦੇ-ਦੇ। ਕਹਿੰਦਾ, ਤੈਨੂੰ ਪਤੈ! ਤੇਰੇ ਰਾਜੇ ਦੇ ਰਾਜ ਵਿਚ ਕੋਈ ਇਨਸਾਫ ਨਹੀਂ ਹੈ ਕਿਉਂਕਿ ਰਸਤਾ ਹਮੇਸ਼ਾ, ਜਿਹੜਾ ਜਵਾਨ ਹੁੰਦੈ, ਉਹ ਦਿਆ ਕਰਦੈ। ਮੈਂ ਬੱਚਾ ਹਾਂ, ਕੁਬੜਾ ਹਾਂ ਤੇ ਮੇਰੇ ਸਰੀਰ ਵਿਚ ਕਿੰਨੇ ਬਲ ਨੇ; ਰਾਜਾ ਮੈਥੋਂ ਰਸਤਾ ਮੰਗਣ ਦਾ ਅਧਿਕਾਰੀ ਨਹੀਂ ਹੈ?''

''ਗੱਲ ਤਾਂ ਉਹਨੇ ਠੀਕ ਕਹੀ ਹੈ। ਜਾਹ, ਬੁਲਾ ਕੇ ਲਿਆ।'' ਉਸੇ ਵੇਲੇ ਉਹ ਜਾਂਦੈ, ਜਾ ਕੇ ਕਹਿਣ ਲੱਗਿਆ –

''ਤੈਂਨੂੰ ਮਹਾਰਾਜ ਯਾਦ ਕਰਦੇ ਨੇ। ਮੇਰੇ ਨਾਲ ਚਲੋ।''

''ਇਹ ਤਾਂ ਮੈਨੂੰ ਪਤਾ ਲਗ ਗਿਆ ਕਿ ਤੇਰੇ ਰਾਜੇ ਨੂੰ ਬਿਲਕੁਲ ਹੀ ਗਿਆਨ ਨਹੀਂ ਹੈ, ਬਿਲਕੁਲ ਹੀ ਨਹੀਂ ਪਤਾ ਕਿ ਬ੍ਰਹਮਚਾਰੀਆਂ ਦੇ ਨਾਲ ਕਿਵੇਂ ਵਰਤਾਉ ਕਰਨਾ ਚਾਹੀਦੈ? ਉਹ ਕੋਈ ਰਾਜ ਸਿੰਘਾਸਨ ਤੇ ਨਹੀਂ ਬੈਠਾ; ਸੈਰ ਕਰ ਰਿਹੈ ਤੇ ਮੈਂ ਉਹਦੇ ਕੋਲ ਕਿਉਂ ਜਾਵਾਂ, ਜਦ ਮੈਨੂੰ ਕੋਈ ਗਰਜ਼ ਨਹੀਂ ਹੈ, ਕੋਈ ਮੇਰਾ ਮਤਲਬ ਨਹੀਂ ਹੈ। ਜੇ ਉਹਨੂੰ ਮਤਲਬ ਹੈ ਤਾਂ ਉਹ ਮੇਰੇ ਕੋਲ ਆਵੇ।'' ਰਾਜੇ ਕੋਲ ਜਾ ਕੇ ਜਵਾਬ ਦਿਤਾ ਤੇ ਉਹ ਕਹਿਣ ਲੱਗਿਆ –

''ਬੜੀ ਭੁੱਲ ਹੋਈ। ਵਾਕਈ ਬੱਚਾ ਕੋਈ ਅਲੌਕਿਕ ਹੈ।'' ਕੋਲ ਆਇਆ, ਆ ਕੇ ਖਿਮਾ ਮੰਗੀ ਤੇ ਕਹਿਣ ਲੱਗੇ –

''ਮਹਾਰਾਜ, ਮੇਰੇ ਮਹਿਲਾਂ ਵਿਚ ਚਲੋ ਤੇ ਆਪਣੇ ਆਉਣ ਦਾ ਮੰਤਵ ਦੱਸੋ।''

''ਰਾਜਨ! ਅੱਠ ਸਾਲ ਤੋਂ ਤੂੰ ਰਿਸ਼ੀਆਂ, ਮੁਨੀਆਂ, ਪੰਡਿਤਾਂ ਨੂੰ ਬਿਠਾਈਂ ਬੈਠੈਂ ਤੇ ਮੈਂ ਤੇਰੇ ਸਵਾਲ ਦਾ ਜਵਾਬ ਦੇਣ ਵਾਸਤੇ ਆਇਆ ਹਾਂ।''

'ਮਹਾਰਾਜ, ਅੱਜ ਤਾਂ ਮਹਿਲਾਂ ਵਿਚ ਠਹਿਰੋ, ਕਲ੍ਹ ਨੂੰ ਸਭਾ ਹੋਏਗੀ; ਸਭਾ ਵਿਚ ਜਵਾਬ ਹੋਏਗਾ।''

ਸੋ ਦੂਸਰੇ ਦਿਨ ਸਭਾ ਲੱਗੀ। ਉਸ ਵੇਲੇ ਜਦ ਇਹ ਬੱਚਾ ਪੌੜੀਆ ਚੜ੍ਹ ਰਿਹੈ - ਸਿੰਘ ਦੁਆਰ ਤੋਂ, ਉਸ ਵੇਲੇ ਜਿੰਨੀ ਸਭਾ ਬੈਠੀ ਸੀ, ਸਾਰੀ ਹੱਸ ਪਈ। ਰਾਜੇ ਨੂੰ ਵੀ ਹਾਸਾ ਆ ਗਿਆ - ਰਾਜਾ ਜਨਕ ਨੂੰ, ਲੇਕਿਨ ਰੋਕ ਲਿਆ ਉਹਨੇ - ਸਰਾਪ ਦੇ ਡਰ ਤੋਂ। ਇਸ ਬੱਚੇ ਨੇ ਜਦ ਦੇਖਿਆ ਸਾਰਿਆਂ ਨੂੰ, ਇਹ ਵੀ ਬਨਾਵਟੀ ਹਾਸਾ ਹੱਸਣ ਲੱਗ ਗਿਆ, ਉਨ੍ਹਾਂ ਨੂੰ ਚਿੜਾਉਣ ਲੱਗ ਗਿਆ। ਉਸ ਵੇਲੇ ਸਾਰਿਆਂ ਨੇ ਸ਼ਿਕਾਇਤ ਕਰੀ ਕਿ ਦੇਖੋ ਮਹਾਰਾਜ, ਬੱਚਾ ਕਿਵੇਂ ਸਾਨੂੰ ਚਿੜਾਅ ਰਿਹੈ, ਕਿਵੇਂ ਦੰਦੀਆਂ ਚਿੜਾਉਂਦੈ। ਇਹਨੂੰ ਪੁੱਛਣਾ ਚਾਹੀਦੈ। ਰਾਜੇ ਨੇ ਕਿਹਾ ਕਿ ਬ੍ਰਹਮਚਾਰੀ! ਇਸ ਤਰ੍ਹਾਂ ਤੁਸੀਂ ਕਿਉਂ ਹੱਸੇ ਹੋਂ ਇਨ੍ਹਾਂ ਨੂੰ?

''ਕਹਿਣ ਲੱਗਿਆ, ਰਾਜਾ! ਮੈਂ ਇਸ ਕਰਕੇ ਹੱਸਿਆ ਹਾਂ ਕਿ ਤੇਰੀ ਸਭਾ ਸਾਰੀ ਹੀ ਮੂਰਖਾਂ ਦੀ ਹੈ। ਇਕ ਵੀ ਬੰਦਾ ਇਨ੍ਹਾਂ ਵਿਚ ਅਕਲ ਵਾਲਾ ਨਹੀਂ ਹੈ। ਪੁੱਛੋ ਤਾਂ ਇਨ੍ਹਾਂ ਨੂੰ ਕਿਉਂ ਹੱਸੇ? ਮੈਨੂੰ ਪਤੈ, ਇਹ ਮੇਰੇ ਸਰੀਰ ਦੇ ਵਿੰਗ ਦੇਖ ਕੇ ਹੱਸੇ ਨੇ ਕਿਉਂਕਿ ਅੱਠ ਵਿੰਗ ਮੇਰੇ ਸਰੀਰ ਵਿਚ ਪੈਂਦੇ ਨੇ। ਪਰ ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਮੇਰੀ ਆਤਮਾ ਵਿਚ ਕੋਈ ਵਿੰਗ ਨਹੀਂ ਹੈ। ਜੇ ਗੰਨੇ ਵਿਚ ਵਿੰਗ ਹੋਣ ਤਾਂ ਗੰਨੇ ਦੇ ਰਸ ਵਿਚ ਕੋਈ ਵਿੰਗ ਨਹੀਂ ਹੋਇਆ ਕਰਦਾ। ਸੋ ਇਹ ਚਰਮ ਦ੍ਰਿਸ਼ਟੀ ਪੁਰਸ਼ ਨੇ, ਮੈਂ ਤਾਂ ਇਸ ਕਰਕੇ ਹੱਸਿਆਂ। ਇਹ ਚਰਮ ਦ੍ਰਿਸ਼ਟੀ ਪੁਰਸ਼ ਨੇ ਏਥੇ ਬੈਠੇ; ਆਤਮਦਰਸ਼ੀ ਨਹੀਂ ਹਨ, ਚਰਮਦਰਸ਼ੀ ਨੇ।'' ਸਾਰੇ ਚੁੱਪ ਕਰ ਗਏ। ਕਹਿਣ ਲੱਗਿਆ, ''ਸਵਾਲ ਕਰੋ।'' ਸੋ ਰਾਜਾ ਜਨਕ ਸਾਮ੍ਹਣੇ ਖੜ੍ਹਾ ਹੋ ਗਿਆ, ਹੱਥ ਬੰਨ੍ਹ ਕੇ ਕਹਿਣ ਲੱਗਿਆ, ''ਮਹਾਂਪੁਰਸ਼ੋ! ਮੇਰਾ ਸਵਾਲ ਇਹ ਹੈ ਕਿ ਇਹ ਸੱਚਾ ਕਿ ਉਹ ਸੱਚਾ?''

''ਇਹ ਕੋਈ ਸਵਾਲ ਹੈ? ਜਿਵੇਂ ਸਵਾਲ ਕਰਿਐ, ਓਵੇਂ ਜਿਵੇਂ ਜਵਾਬ ਦੇਵਾਂ? ਇਹ ਵੀ ਝੂਠਾ, ਉਹ ਵੀ ਝੂਠਾ; ਇਹ ਵੀ ਕੂੜ, ਇਹ ਵੀ ਕੂੜ; ਤਸੱਲੀ ਹੋਈ?''

''ਕੁਛ ਸਮਝ ਵਿਚ ਆਇਆ, ਮਹਾਰਾਜ!''

''ਮੈਂ ਦਸਦਾਂ ਤੁਹਾਨੂੰ। ਸਭਾ ਜਨੋ! ਇਸ ਰਾਜੇ ਨੂੰ ਇਕ ਭਿਅੰਕਰ ਸੁਪਨਾ ਆਇਆ। ਸੁਪਨਾ ਐਸਾ ਆਇਆ ਕਿ ਇਹਦੀ ਬਹੁਤ ਬੇਇਜ਼ਤੀ ਹੋਈ। ਸਾਰ ਸੁਪਨਾ ਖੋਲ੍ਹ ਕੇ ਦੱਸਿਆ ਕਿ ਇਹ ਇਸ ਗੱਲ ਤੋਂ ਨਹੀਂ ਦੱਸ ਰਿਹਾ ਕਿ ਮੈਂ ਜੇ ਦੱਸਿਆ ਤਾਂ ਬਹੁਤ ਹਾਸੀ ਹੋਏਗੀ, ਬਹੁਤ ਬੇਇਜ਼ਤੀ ਹੋਏਗੀ; ਗੋਲਮੋਲ ਸਵਾਲ ਕਰ ਦਿਤਾ। ਸੋ ਉਹ ਸੁਪਨਾ ਇਸਨੂੰ ਆਇਆ ਜਿਸਨੂੰ ਇਹ ਸੱਚ ਮੰਨੀ ਬੈਠੈ ਤੇ ਇਹਨੇ ਸਵਾਲ ਕਰ ਦਿਤਾ ਕਿ ਇਹ ਸੱਚਾ ਕਿ ਉਹ ਸੱਚਾ; ਸੁਪਨਾ ਸੱਚਾ ਹੈ ਜਾਂ ਜਿਹੜੀ ਇਹ ਜਾਗ੍ਰਤ ਹੈ, ਇਹ ਸੱਚੀ ਹੈ। ਪਰ ਇਹ ਦੋਇ ਝੂਠੇ ਨੇ; ਇਹ ਵੀ ਝੂਠਾ ਤੇ ਉਹ ਵੀ ਝੂਠਾ। ਸੱਚੀ ਅਵਸਥਾ ਤਾਂ ਕੂੜ ਤੋਂ ਉਪਰ ਹੈ - ਤ੍ਰਿਗੁਣ ਅਤੀਤ। ਉਹ ਸੱਚ ਲਾਂਭੇ ਹੈ, ਇਹ ਦ੍ਰਿਸ਼ਟਮਾਨ ਹੈ।''

***ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ ਅੰਗ - 1083***
***ਇਹ ਮਿਥਿਆ ਚੀਜ਼ ਹੈ, ਤੇ ਇਹ ਹੈ ਨਹੀਂ।***
***ਸੁਪਨਾ ਯੇ ਸਭ ਜਗਤ ਹੈ, ਯਾ ਤੇਰਾ ਹੈ ਖਿਆਲ।***
***ਜਾਦੂਗਰ ਖੁਦ ਹੋਇ ਤੂੰ, ਰਚਿਆ ਇੰਦ੍ਰਜਾਲ।***
***ਰਚਿਆ ਇੰਦ੍ਰਜਾਲ, ਨਹੀਂ ਇਲ ਇਸ ਮੇਂ ਦੇਣਾ।***
***ਝੂਠ ਦੁੱਖ ਅਰ ਸੁਖ, ਝੂਠ ਦੇਣਾ ਤੇ ਲੈਣਾ।***
***ਝੂਠ ਹਰਖ ਅਰ ਸ਼ੋਕ, ਝੂਠ ਜੀਵਣ ਅਰ ਮਰਨਾ।***
***ਜਾਦੂ ਕਾ ਹੈ ਖੇਲ੍ਹ ਜਗਤ ਯਾ ਜਾਨੇ ਸੁਪਨਾ।***

***ਬਾਜੀਗਰਿ ਜੈਸੇ ਬਾਜੀ ਪਾਈ ॥***
***ਨਾਨਾ ਰੂਪ ਭੇਖ ਦਿਖਲਾਈ ॥***
***ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥***
***ਤਬ ਏਕੋਏਕੰਕਾਰਾ ॥ ਅੰਗ- 736***

ਜਾਦੂਗਰ ਨੇ ਜਾਦੂ ਦੀ ਖੇਲ੍ਹ ਰਚ ਦਿਤੀ ਲੇਕਿਨ ਜਦੋਂ

ਬੰਦ ਕਰੀ, ਉਸ ਵੇਲੇ ਕੀ ਹੋਇਆ? ਜਾਦੂਗਰ ਇਕੱਲਾ ਹੀ ਖੜ੍ਹਾ ਹੈ, ਕੋਈ ਚੀਜ਼ ਨਹੀਂ ਉਹਦੇ ਕੋਲ। ਸੋ ਕਹਿਣ ਲੱਗਿਆ, "ਇਸ ਤਰ੍ਹਾਂ ਇਹ ਸੰਸਾਰ ਸੁਪਨਾ ਹੈ। ਰਾਜਨ! ਤੇਰੇ ਯਾਦ ਹੋਣੈ, 8-10 ਸਾਲ ਪਹਿਲਾਂ ਮਹਾਂਪੁਰਸ਼ਾਂ ਨਾਲ ਤੂੰ ਬਚਨ ਕਰਿਆ ਸੀ ਕਿ ਮਾਇਆ ਕੀ ਕਰ ਸਕਦੀ ਹੈ। ਤੂੰ ਸਾਧੂ-ਸੇਵੀ ਹੋਣ ਕਰਕੇ ਤੈਨੂੰ ਥੋੜ੍ਹੀ ਜਿਹੀ ਮਾਇਆ ਦਿਖਾਈ ਹੈ, ਲੇਕਿਨ ਉਹਦੇ ਵਿਚ ਤੇਰੀ ਪ੍ਰੇਸ਼ਾਨੀ 8 ਸਾਲ ਰਹੀ।"

ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ, ਇਹ ਜਗਤ ਕੀ ਹੈ -

***ਜਗਿ ਜੀਵਨੁ ਐਸਾ ਸੁਪਨੇ ਜੈਸਾ................॥ ਅੰਗ - 482***
***ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥***

***ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ ॥***
***ਅੰਗ- 808***

ਮਹਾਰਾਜ ਕਹਿਣ ਲੱਗੇ - "ਬੁੱਧੂ ਸ਼ਾਹ! ਅਸੀਂ ਝੂਠ ਦੇ ਨਾਲ ਪਿਆਰ ਪਾਇਆ ਹੋਇਐ। ਝੂਠ ਦੇ ਨਾਲ ਪਿਆਰ ਪੈਣ ਕਰਕੇ ਪਤਾ ਨਹੀਂ ਲਗਦਾ।"

"ਮਹਾਰਾਜ, ਫੇਰ ਅਸੀਂ ਰੂਹ ਨਹੀਂ ਹੈਗੇ?"

"ਰੂਹ ਤਾਂ ਹੈਗੇ ਪਰ ਝੂਠੀ 'ਮੈਂ' ਨਹੀਂ ਹੈਗੇ। ਝੂਠੀ ਮੈਂ ਦੇ ਨਾਲ 'ਮੇਰੀ' ਰਲ ਜਾਂਦੀ ਹੈ। 'ਮੇਰੀ ਤੇ ਮੈਂ' ਨੇ ਰਲ ਕੇ ਇਸ ਬੰਦੇ ਨੂੰ ਚੱਕਰ ਵਿਚ ਪਾਇਆ ਹੋਇਐ। ਇਹ ਪ੍ਰਭੂ ਤੋਂ ਦੂਰ ਹੋ ਕੇ ਭੋਗਾਂ ਤੇ ਰਸਾਂ ਵਿਚ ਪੈ ਕੇ ਪੁਨਹ-ਪੁਨਹ, ਬਾਰ-ਬਾਰ ਅਧਿਆਸ ਹੋ ਗਿਆ ਇਹਨੂੰ। ਕ੍ਰੋੜਾਂ ਜੁਗਾਂ ਤੋਂ ਅਧਿਆਸ ਹੋ ਗਿਆ 'ਮੈਂ-ਮੈਂ-ਮੈਂ-ਮੈਂ' ਦਾ। ਇਹ ਜਾਨਵਰ ਬਣਦੈ, ਤਾਂ ਵੀ 'ਮੈਂ' -

***ਕਈ ਜਨਮ ਭਏ ਕੀਟ ਪਤੰਗਾ ॥***
***ਕਈ ਜਨਮ ਗਜ ਮੀਨ ਕੁਰੰਗਾ ॥***
***ਕਈ ਜਨਮ ਪੰਖੀ ਸਰਪ ਹੋਇਓ ॥***
***ਕਈ ਜਨਮ ਹੈਵਰ ਬ੍ਰਿਖ ਜੋਇਓ ॥ ਅੰਗ - 176***

ਇਹਦੀ 'ਮੈਂ' ਲਈ ਫਿਰਦੀ ਹੈ ਇਹਨੂੰ। ਜਿੰਨੀ ਦੇਰ 'ਮੈਂ' ਦਾ ਖਾਤਮਾ ਨਹੀਂ ਹੁੰਦਾ ਤੇ ਸੱਚ ਨੂੰ ਨਹੀਂ ਸਮਝਦਾ, ਓਨੀ ਦੇਰ

ਤੱਕ ਇਹਨੂੰ ਪਤਾ ਨਹੀਂ ਲਗਦਾ।

***ਕੂੜੇ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ॥ ਅੰਗ - 468***

ਪੂਰਾਂ ਦੇ ਪੂਰ ਡੁੱਬ ਗਏ - ਝੂਠ ਨਾਲ ਪਿਆਰ ਪਾ ਕੇ।

***ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥ ਅੰਗ - 468***

ਇਕ 'ਤੂੰ' ਹੀ ਸੱਚਾ ਹੈਂ, ਬਾਕੀ ਏਥੇ ਸਾਰਾ ਝੂਠ ਦਾ ਹੀ ਪਸਾਰਾ ਹੋਇਆ ਹੋਇਐ।" ਸੋ ਇਸ ਤਰ੍ਹਾਂ ਕਹਿਣ ਲੱਗੇ, "ਬੁੱਧੂ ਸ਼ਾਹ! ਇਹ ਜੀਵ ਝੂਠ ਦੇ ਨਾਲ ਪਰਚਿਆ ਹੋਇਐ। ਇਹਨੂੰ ਜਗਾਉਣ ਵਾਸਤੇ ਕਿੰਨੇ ਮਹਾਂਪੁਰਸ਼ ਆਏ ਨੇ, ਕਿੰਨੇ ਗੁਰੂ ਪੀਰ ਆਏ ਨੇ, ਕਿੰਨੇ ਵੇਦ ਸ਼ਾਸਤਰ ਰਚੇ ਗਏ - ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ - ਸਾਰੇ ਧਰਮ ਗ੍ਰੰਥ; ਉਹ ਸਾਰੇ ਕੋਸ਼ਿਸ਼ ਕਰਦੇ ਨੇ ਕਿ ਇਹਨੂੰ ਜਗਾ ਦਿਤਾ ਜਾਵੇ ਪਰ ਇਹ ਜਾਗਦਾ ਨਹੀਂ ਹੈ।" ਇਸ ਤਰ੍ਹਾਂ ਮਹਾਰਾਜ ਫੁਰਮਾਉਂਦੇ ਨੇ -

***ਧਾਰਨਾ - ਤੈਨੂੰ ਜਾਗ ਨ ਗਾਫਲਾ ਆਈ,***
***ਸੁੱਤਿਆਂ ਨੂੰ ਜੁੱਗ ਬੀਤ ਗਏ - 2, 2.***

ਰਜੋ ਗੁਣ, ਤਮੋ ਗੁਣ, ਸਤੋ ਗੁਣ - ਮਾਇਆ ਦੇ ਤਿੰਨ ਰੂਪ ਨੇ। ਸਾਰਾ ਸੰਸਾਰ ਇਨ੍ਹਾਂ ਤਿੰਨਾਂ ਗੁਣਾਂ ਵਿਚ ਖੇਲ੍ਹਦੈ, ਚੌਥੇ ਵਿਚ ਮਹਾਂਪੁਰਸ਼ ਸਦਾ ਵਾਸਤੇ ਜਾਗਦੇ ਨੇ -

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥***
***ਅੰਗ - 920***

ਸਾਰੀ ਉਮਰ, ਜੁਗਾਂ ਦੇ ਜੁਗ ਸੁੱਤੇ ਦੇ ਬਤੀਤ ਹੁੰਦੇ ਤੁਰੇ ਜਾ ਰਹੇ ਨੇ ਪਰ ਜਾਗ ਨਹੀਂ ਆਈ। ਸੁਪਨਾ ਜੋ ਹੈ ਰੈਣ ਦਾ, ਉਹ ਸਮਝ ਲਓ ਕਿ ਇਕ ਰਾਤ ਦਾ ਸੁਪਨਾ, ਕੁਛ ਘੜੀਆਂ ਦਾ ਜਾਂ ਕੁਛ ਮਿੰਟਾਂ ਦਾ ਹੈ, ਪਰ ਇਹ ਸੁਪਨਾ ਲੰਮਾ ਹੈ; ਮੁੱਕ ਇਹਨੇ ਵੀ ਜਾਣੈ। ਇਕ ਸੁਪਨੇ ਤੋਂ ਦੂਜਾ, ਦੂਜੇ ਤੋਂ ਤੀਜਾ; ਇਸ ਤਰ੍ਹਾਂ ਸਮਝ ਲਓ ਕਿ ਇਕ ਬੰਦਾ ਇਕ ਸੇਰ ਘਾਟਾ ਖਾਂਦੈ ਤੇ ਉਹਦੇ ਕੋਲ 1 ਸੇਰ ਹੀ ਆਟਾ ਹੈ। ਉਹਨੂੰ ਜਦ ਖਾ ਲਏਗਾ, ਆਟਾ ਖਤਮ ਹੋ ਜਾਵੇਗਾ। ਇਕ ਬੰਦਾ ਹੈ, ਉਹਦੇ ਕੋਲ 100 ਕੁਇੰਟਲ ਆਟਾ ਹੈ; ਉਹ ਵੀ ਇਕ ਸੇਰ ਖਾਂਦੈ, ਪਰ ਉਹਨੇ ਵੀ ਮੁੱਕ ਜਾਣੈ।

ਉਹਨੇ ਰੋਜ਼ ਦਾ ਇਕ ਸੇਰ ਖਾ ਕੇ 100 ਕੁਇੰਟਲ ਮੁਕਾ ਦੇਣੈ। ਜਿਸ ਤਰ੍ਹਾਂ ਇਹ ਸੁਪਨਾ ਹੈ, ਉਸੇ ਤਰ੍ਹਾਂ ਉਹ ਸੁਪਨਾ ਹੈ। ਮਹਾਰਾਜ ਕਹਿੰਦੇ –

***ਜਾਗਿ ਲੇਹੁ ਰੇ ਮਨਾ ਜਾਗਿ ਕਹਾ ਗਾਫਲ ਸੋਇਆ॥ ਅੰਗ – 726***

ਗਾਫਲ ਹੋ ਕੇ ਸੁੱਤਾ ਪਿਐ –

***ਤਿਹੀ ਗੁਣੀ ਤ੍ਰਿਭਵਣੁ ਵਿਆਪਿਆ ਭਾਈ ਗੁਰਮੁਖਿ ਬੂਝ ਬੁਝਾਇ॥***
***ਅੰਗ – 603***

***ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥***
***ਸਾਬਤੁ ਵਸਤੁ ਓਹੁ ਅਪਨੀ ਲਹੈ ॥ ਰਹਾਉ ॥***
***ਸਗਲ ਸਹੇਲੀ ਅਪਨੈ ਰਸ ਮਾਤੀ ॥***
***ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥***
***ਮੁਸਨਹਾਰ ਪੰਚ ਬਟਵਾਰੇ ॥***
***ਸੂਨੇ ਨਗਰਿ ਪਰੇ ਠਗਹਾਰੇ ॥ ਅੰਗ – 182***

ਕਹਿੰਦੇ, ਇਹ ਲੁਟਦੇ ਹੀ ਜਾਂਦੇ ਨੇ, ਇਹ ਲੁੱਟ ਖਾਈ ਜਾ ਰਿਹੈ। ਨਾਮ ਦਾ ਧਨ ਲੁੱਟਿਆ ਜਾ ਰਿਹੈ ਤੇ ਨੀਂਦ ਨਹੀਂ ਇਸਦੀ ਖੁੱਲ੍ਹਦੀ, ਜਾਗ ਨਹੀਂ ਇਸਨੂੰ ਆਉਂਦੀ। ਮਹਾਰਾਜ ਕਹਿੰਦੇ –

"ਬੁੱਧੁਸ਼ਾਹ! ਇਹ ਜਿਹੜਾ ਕੂੜ ਹੈ, ਇਹਨੂੰ ਛੱਡ ਦੇ; ਸੱਚ ਦੀ ਪ੍ਰਾਪਤੀ ਹੋ ਜਾਵੇਗੀ।"

ਮਹਾਰਾਜ! ਫੇਰ ਇਲਾਜ ਕੀ ਹੈ – ਕੂੜ ਨੂੰ ਛੱਡਣ ਦਾ?"

"ਸੱਚ ਦੀ ਪ੍ਰਾਪਤੀ; ਹੋਰ ਕੀ ਇਲਾਜ ਹੈ।"

"ਸੱਚ ਕਿਵੇਂ ਆਵੇ?"

"ਕੂੜ ਛੱਡਿਆਂ। ਝੂਠ ਨੂੰ ਛੱਡ ਦੇ, ਸੱਚ ਆ ਜਾਏਗਾ।"

"ਮਹਾਰਾਜ! ਕੂੜ ਛੱਡਿਆ ਨਹੀਂ ਜਾਂਦਾ, ਬੜੇ ਮੈਂ ਸ਼ਾਸਤਰ ਪੜ੍ਹੇ ਨੇ।"

"ਕਿਤਾਬਾਂ ਪੜ੍ਹਿਆਂ, ਸ਼ਾਸਤ੍ਰ ਪੜ੍ਹਨ ਨਾਲ ਤਾਂ ਨਹੀਂ ਇਹ ਚੀਜ਼ ਜਾਂਦੀ, ਪ੍ਰੇਮੀਆਂ! ਪੜ੍ਹਿਆਂ ਤੇ ਤਾਂ ਦੂਣੀ ਮੈਲ ਲਗਦੀ ਹੈ।

ਇਹ ਮੈਲ ਪੜ੍ਹਿਆਂ ਤੋਂ ਨਹੀਂ ਜਾਂਦੀ, ਇਹ ਤਾਂ -

***ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥ ਅੰਗ - 148***

ਬੁੱਝਣਾ ਪੈਂਦੈ, realise (ਅਨੁਭਵ) ਕਰਨਾ ਪੈਂਦੈ -

***ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥***
***ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥***
***ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥***
***ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥***
***ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥ ਅੰਗ - 467***

''ਐਂ ਨਹੀਂ ਮੈਲ ਜਾਂਦੀ।। -

***ਧਾਰਨਾ - ਬਹੁਤਾ ਪੜ੍ਹਿਆਂ ਤੋਂ ਮੈਲ ਨਹੀਂਓਂ ਜਾਣੀ,***

ਪੁੱਛ ਲੈ ਗਿਆਨੀਆਂ ਤੋਂ - 2, 2

''ਬੁੱਧੂ ਸ਼ਾਹ! ਪੜ੍ਹਾਈ ਦੇ ਨਾਲ ਨਹੀਂ ਗੱਲ ਬਣਿਆ ਕਰਦੀ। ਕਿੰਨਾਂ ਹੀ ਪੜ੍ਹ ਲੈ - 'ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥ ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥' ਇਹ ਤਾਂ -

***ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ॥***
***ਅੰਗ - 39***

ਜਦ ਤਾਂਈ ਦੂਜਾ ਭਾਉ ਹਿਰਦੇ ਵਿਚੋਂ ਨਹੀਂ ਹਟਦਾ, ਓਨਾਂ ਚਿਰ ਮੈਲ ਨਹੀਂ ਜਾਣੀ - ਹਉਮੈ ਦੀ -

***ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥***
***ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥***
***ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥ਅੰਗ - 39***

ਸੈਂਕੜੇ ਤੀਰਥਾਂ ਤੇ ਨ੍ਹਾ ਲੈ; ਨਹੀਂ ਹਉਮੈ ਦੀ ਮੈਲ ਲਹਿੰਦੀ - 'ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥' ਜਿੰਨੇ ਕਰਮ ਕਰਦੈਂ, ਓਨੀਓਂ ਮੈਲ ਵਧਦੀ ਜਾਂਦੀ ਹੈ - 'ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ॥' ਪੜ੍ਹੇ ਤੋਂ ਨਹੀਂ ਮੈਲ ਉਤਰਦੀ। ਸੋ ਇਹ ਤਾਂ ਤੂੰ ਹੋਰ ਮੈਲ ਲਾ ਲਈ।''

''ਮਹਾਰਾਜ! ਬਥੇਰਾ ਪੜ੍ਹਿਆਂ, ਸ਼ਾਸਤਰ ਪੜ੍ਹਿਆਂ, ਪਰ ਕੁਛ

ਛੁੱਟਦਾ ਨਹੀਂ।"

ਇਸ ਤਰ੍ਹਾਂ ਤਾਂ ਮੈਲ ਜਾਇਆ ਨਹੀਂ ਕਰਦੀ, ਸਗੋਂ ਸੰਸੇ ਪੈਦਾ ਹੋ ਜਾਇਆ ਕਰਦੇ ਨੇ। ਬਹੁਤੀਆਂ ਕਿਤਾਬਾਂ ਵਣ ਹੋਇਆ ਕਰਦੈ; ਬੇਅੰਤ ਬੰਦਿਆਂ ਨੇ ਲਿਖੀਆਂ ਹੁੰਦੀਆਂ ਨੇ ਤੇ ਆਪਣੇ-ਆਪਣੇ ਸਭ ਦੇ ਖਿਆਲ ਹੁੰਦੇ ਹਨ। ਉਨ੍ਹਾਂ ਦਾ ਕੁਦਰਤੀ ਅਸਰ ਮਨ ਦੇ ਉਤੇ ਪੈਣ ਲਗ ਜਾਂਦੈ। ਜੇ ਪੜ੍ਹਨਾ ਹੀ ਹੈ ਤਾਂ ਗੁਰੂ ਗ੍ਰੰਥ ਸਾਹਿਬ ਪੜ੍ਹ ਲੈ; ਹੋਰ ਪੜ੍ਹਨ ਦੀ ਲੋੜ ਨਹੀਂ। ਜਿੰਨਾਂ ਹੋਰ ਪੜ੍ਹੇਗਾ, ਓਨਾਂ ਹੀ ਖਰਾਬ ਹੁੰਦਾ ਜਾਂਦੈ ਬੰਦਾ। ਸੋ ਇਸ ਤਰ੍ਹਾਂ ਪੜ੍ਹੇ ਤੋਂ ਨਹੀਂ ਛੁਟਕਾਰਾ ਹੁੰਦਾ। ਇਹ ਤਾਂ ਜਦ ਤਕ ਗੁਰੂ ਦਾ ਗਿਆਨ ਨਹੀਂ ਵਸਦਾ - ਹਿਰਦੇ ਦੇ ਅੰਦਰ, ਓਨਾਂ ਚਿਰ ਹਨ੍ਹੇਰਾ ਦੂਰ ਨਹੀਂ ਹੋਇਆ ਕਰਦਾ -

***ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ॥***

***ਅੰਗ - 39***

ਗੁਰੂ ਦੀ ਕਿਰਪਾ ਹੋ ਜਾਵੇ, ਫੇਰ ਇਹ ਹਉਮੈ ਖਤਮ ਹੋ ਜਾਇਆ ਕਰਦੀ ਐ, ਆਪੇ ਦੀ ਫਿਰ ਸਮਾਈ ਹੋ ਜਾਂਦੀ ਐ - ਸੱਚੇ ਦੇ ਵਿਚ -

***ਜਿਉ ਅੰਧੇਰੈ ਦੀਪਕੁ ਬਾਲੀਐ***
***ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥ ਅੰਗ -39***
***ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥***
***ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥ਅੰਗ - 39***

ਇਕ ਬਹੁਤ ਪੜ੍ਹਿਆ ਲਿਖਿਆ ਪੰਡਿਤ ਸੀ। ਖਟ-ਸ਼ਾਸਤਰੀ ਉਹਨੂੰ ਕਹਿੰਦੇ ਸੀ। ਛੇ ਸ਼ਾਸਤਰਾਂ ਦਾ ਅਧਿਐਨ ਕਰਕੇ ਜਿਸ ਵਕਤ ਵਾਪਿਸ ਆਇਆ, ਉਸ ਵਕਤ ਮਨ ਦੇ ਅੰਦਰ ਇਕ ਸੰਸਾ ਵਿਆਪ ਗਿਆ, ਉਹਦੇ ਨਾਲ ਬੜਾ ਦੁਖੀ ਹੋਇਆ ਕਰੇ। ਕਥਾ ਕਰਿਆ ਕਰੇ, ਸਭ ਕੁਛ ਕਰਿਆ ਕਰੇ, ਪਰ ਯਾਦਾਸ਼ਤ ਦੇ ਬਲ ਤੇ ਕਰੇ; ਅਨੁਭਵ ਨਹੀਂ ਸੀ। ਇਕ ਵਾਰੀ ਉਹਨੇ ਕਿਹਾ ਕਿ ਕਿਸੇ ਮਹਾਂਪੁਰਸ਼ ਤੋਂ ਪੁਛੀਏ। ਸੰਤਾਂ ਦੇ ਕੋਲ ਗਿਆ, ਜਾ ਕੇ ਆਪਣਾ ਦੁਖ ਦੱਸਿਆ ਕਿ ਮਹਾਰਾਜ, ਮੈਂ ਛੇ ਸ਼ਾਸਤਰ ਪੜ੍ਹੇ ਨੇ

– ਵੇਦਾਂਤ ਸ਼ਾਸਤਰ ਪੜ੍ਹਿਐ, ਪਾਤੰਜਲ ਪੜ੍ਹਿਐ, ਨਿਆਇ ਪੜ੍ਹਿਐ, ਸਾਂਖਯ ਪੜਿਐ ਤੇ ਵੈਸ਼ੈਸ਼ਿਕ ਪੜ੍ਹਿਐ, ਮੀਮਾਂਸਾ ਪੜ੍ਹਿਐ; ਪਰ ਮੈਂ ਤਾਂ ਕਿਸੇ ਕਿਨਾਰੇ ਨਹੀਂ ਪਹੁੰਚਿਆ। ਮੈਂ ਇਸ ਕਰਕੇ ਕਿਨਾਰੇ ਨਹੀਂ ਪਹੁੰਚਿਆ ਕਿ ਸਾਰੇ ਹੀ ਇਹ ਦਸਦੇ ਨੇ ਕਿ ਰੱਬ ਦਾ ਨਾ ਕੋਈ ਰੂਪ ਹੈ, ਨ ਰੰਗ ਹੈ, ਨ ਰੇਖ ਹੈ, ਨ ਭੇਖ ਹੈ, ਨ ਕੋਈ ਚੱਕਰ ਹੈ, ਨ ਚਿਹਨ ਹੈ, ਨ ਉਹ ਅੱਖਾਂ ਨਾਲ ਦੇਖਿਆ ਜਾਂਦੈ, ਨ ਕੰਨਾਂ ਨਾਲ ਸੁਣਿਆ ਜਾਦੈ, ਨ ਉਹ ਛੁਹਿਆ ਜਾਂਦੈ, ਨ ਟੇਸਟ (ਸੁਆਦ) ਕੀਤਾ ਜਾਂਦੈ, ਨ ਉਹ ਸੁੰਘਿਆ ਜਾ ਸਕਦੈ; ਫੇਰ ਤਾਂ ਉਹ ਹੋਈ ਹੀ ਨ ਕੋਈ ਚੀਜ਼। ਜਿਹੜੀ ਪੰਜ ਗਿਆ ਟੂਲਜ਼ (ਸੰਦ) ਇੰਦ੍ਰਿਆਂ ਦੇ ਨਾਲ ਸਮਝ ਵਿਚ ਨਹੀਂ ਆ ਸਕਦੀ, ਉਹਨੂੰ ਅਗੰਮ ਤੇ ਅਗੋਚਰ ਕਹਿੰਦੇ ਨੇ; ਗੰਮਤਾ ਨਹੀਂ ਉਹਦੀ ਹੋ ਸਕਦੀ। ਇਹ ਜਿਹੜੇ ਸਰੀਰ ਦੇ ਅੰਦਰ ਟੂਲਜ਼ ਦਿਤੇ ਨੇ – ਪਰਮੇਸ਼ਰ ਨੇ, ਇਨ੍ਹਾਂ ਨਾਲ ਤਾਂ ਨਹੀਂ ਰੱਬ ਦਿਸਦਾ। ਫੇਰ ਮੈਂ ਇਸ ਨਿਸਚੇ ਤੇ ਪਹੁੰਚਿਆਂ ਕਿ ਇਹ ਤਾਂ ਐਵੇਂ ਬੱਚਿਆਂ ਨੂੰ ਪਰਚਾਉਣ ਦਾ ਖਿਆਲ ਹੈ ਕਿ ਰੱਬ ਹੈ, ਦਰਅਸਲ ਹੈ ਨਹੀਂ ਰੱਬ। ਜੇ ਹੈਗਾ ਤਾਂ ਮੈਨੂੰ ਦਿਖਾਓ।

ਮਹਾਂਪੁਰਸ਼ਾਂ ਨੇ ਦੇਖ ਲਿਆ ਕਿ ਇਹ ਬੰਦਾ ਗੱਲਾਂ ਨਾਲ ਤਾਂ ਨਹੀਂ ਆਉਣਾ ਕਾਬੂ। ਇਹ ਤਾਂ ਸਾਰੀਆਂ ਉਕਤੀਆਂ ਜੁਗਤੀਆਂ ਜਾਣਦੈ, ਇਹਨੇ ਤਾਂ ਖਹਿੜਾ ਹੀ ਨਹੀਂ ਛੱਡਣਾ ਸਾਡਾ। ਸੰਤਾਂ ਦਾ ਆਮ ਸੁਭਾਉ ਹੁੰਦੈ ਕਿ ਬਹਿਸ ਵਿਚ ਨਹੀਂ ਪੈਂਦੇ। ਜੇ ਕੋਈ ਆਵੇ ਜਗਿਆਸੂ ਬਣ ਕੇ, ਉਸ ਨਾਲ ਤਾਂ ਉਹ ਗੱਲ ਕਰਦੇ ਨੇ; ਜੇ ਕੋਈ ਬਹਿਸ ਕਰਨ ਆਵੇ, ਐਵੇਂ ਹੀ ਉਰਲੀਆਂ-ਪਰਲੀਆਂ ਗੱਲਾਂ ਮਾਰਨ ਵਾਲਾ ਆਵੇ ਤਾਂ ਚੁੱਪ ਕਰ ਜਾਂਦੇ ਨੇ ਕਿਉਂਕਿ ਲੋੜ ਹੀ ਨਹੀਂ ਹੁੰਦੀ, ਕੋਈ ਮਤਲਬ ਹੀ ਨਹੀਂ ਹੁੰਦਾ; ਇਸ ਕਰਕੇ ਚੁੱਪ ਰਹਿੰਦੇ ਨੇ। ਮਹਾਤਮਾ ਚੁੱਪ ਕਰ ਰਹੇ, ਤੇ ਉਹਨੇ ਫੇਰ ਕਿਹਾ, ਤਾਂ ਕਹਿੰਦੇ, ਦੇਖ ਪ੍ਰੇਮੀਆਂ! ਮੈਂ ਤਾਂ ਹੈਗਾ ਅਨਪੜ੍ਹ ਜਿਹਾ। ਪੜ੍ਹਿਆਂ ਹੋਇਆਂ ਦੀ ਬਾਤ ਹੋਰ ਹੁੰਦੀ ਹੈ ਤੇ ਬੁੱਝਿਆਂ ਦੀ ਹੋਰ ਹੋਇਆ ਕਰਦੀ ਹੈ।

ਇਕ ਵਾਰੀ ਸਾਡੇ ਪਿੰਡ (ਧਮੋਟ, ਜ਼ਿਲਾ ਲੁਧਿਆਣਾ) ਸਾਡੇ

ਖੂਹ ਦੇ ਉਤੇ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਆਏ ਹੋਏ ਸੀ - ਮਸਤੂਆਣੇ ਵਾਲੇ ਮਹਾਂਪੁਰਸ਼। ਉਥੇ ਸੰਗਤਾਂ ਦਰਸ਼ਨ ਕਰਨ ਆਉਂਦੀਆਂ ਸੀ। ਆਪ ਦੇ ਦੀਵਾਨ ਪਿੰਡ ਵਿਚ ਲਗਦੇ ਸੀ। ਇਥੇ ਹੀ ਸਾਡੇ ਨਗਰ ਦੇ ਅੰਦਰ ਇਕ ਸਾਧ ਸੀਗਾ ਵੇਦਾਂਤੀ - ਵੇਦਾਂਤ ਪੜ੍ਹਿਆ ਹੋਇਆ ਸੀ। ਉਹ ਚਲਿਆ ਗਿਆ ਤੇ ਕਹਿਣ ਲੱਗਿਆ ਕਿ ਸੰਤਾਂ ਨੂੰ ਮੈਂ ਦੇਖਿਐ, ਕੁਛ ਨਹੀਂ ਆਉਂਦਾ ਉਨ੍ਹਾਂ ਨੂੰ। ਬ੍ਰਹਮ ਦੇ ਬਾਰੇ ਤਾਂ ਉਨ੍ਹਾਂ ਨੂੰ ਕੋਈ ਗਿਆਨ ਹੀ ਨਹੀਂ ਹੈ, ਨ ਕਦੇ ਬਚਨ ਕਰਦੇ ਨੇ।

ਮਹਾਤਮਾ ਬਚਨ ਹਿਸਾਬ ਨਾਲ ਹੀ ਕਰਦੇ ਹੁੰਦੇ ਨੇ। ਜਿਥੇ ਸਮਝਣ ਵਾਲਾ ਹੀ ਕੋਈ ਨ ਹੋਵੇ,, ਉਥੇ ਮਸਤ ਰਹਿੰਦੇ ਨੇ, ਉਥੇ ਉਹੋ ਜਿਹੀਆਂ ਗੱਲਾਂ ਕਰਦੇ ਨੇ - ਭਿਆਨਕ ਦੀ ਥਾਂ ਭਿਆਨਕ, ਰੌਚਕ ਦੀ ਥਾਂ ਰੋਚਕ, ਯਥਾਰਥ ਦੀ ਥਾਂ ਯਥਾਰਥ। ਜਿਹੋ ਜਿਹਾ ਜਗਿਆਸੂ ਹੁੰਦੈ, ਵੈਸੇ ਹੀ ਬਚਨ ਕਰਦੇ ਨੇ ਕਿਉਂਕਿ ਅਸੂਲ ਹੈ -

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ਹ ॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥***

***ਅੰਗ - 1365***

ਗਾਹਕ ਹੋਵੇ ਨ, ਤੇ ਹੀਰੇ ਕੱਢ ਕੇ ਬਹਿ ਜਾਵੇ; ਹੀਰਿਆਂ ਦਾ ਪਾਰਖੂ ਤਾਂ ਕੋਈ ਹੈ ਨਹੀਂ, ਰਤਨਾਂ ਦਾ ਪਾਰਖੂ ਕੋਈ ਨਹੀਂ। ਇਸ ਕਰਕੇ ਉਹ ਐਵੇਂ ਹੀ ਜਾਣਗੇ -

***ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ ॥***
***ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ ॥ ਅੰਗ- 1372***

ਮਹਾਂਪੁਰਸ਼ ਜਾਣਦੇ ਸਭ ਕੁਛ ਹੁੰਦੇ ਨੇ, ਲੇਕਿਨ ਅਵਸਥਾ ਭੇਦ ਨਾਲ ਬਚਨ ਕਰਦੇ ਨੇ। ਸੋ ਉਹ ਮਹਾਂਪੁਰਸ਼ਾਂ ਕੋਲ ਜਾ ਕੇ ਕਹਿਣ ਲੱਗਿਆ -

"ਮਹਾਰਾਜ! ਮੈਂ ਤੁਹਾਡੇ ਨਾਲ ਬ੍ਰਹਮ ਬਾਰੇ ਕੁਛ ਬਚਨ ਕਰਨੇ ਨੇ।"

"ਸਾਨੂੰ ਤਾਂ ਪਤਾ ਨਹੀਂ ਹੈ, ਅਸੀਂ ਤਾਂ ਅਨਪੜ੍ਹ ਜਿਹੇ

ਹਾਂ। ਪਹਿਲਾਂ ਫੌਜ ਵਿਚ ਨੌਕਰੀ ਕਰੀ ਹੈ ਤੇ ਹੁਣ ਇਹ ਸ਼ਬਦ ਪੜ੍ਹਨੇ ਸਾਨੂੰ ਆ ਗਏ; ਹੋਰ ਤਾਂ ਸਾਨੂੰ ਕੁਛ ਨਹੀਂ ਆਉਂਦਾ, ਪ੍ਰੇਮੀਆਂ। ਗੁਰੂ ਦੀ ਬਾਣੀ ਅਸੀਂ ਪੜ੍ਹੀ ਜਾਂਦੇ ਹਾਂ, ਇਹਦੇ ਵਿਚੋਂ ਦੇਖ ਲੈ ਜਿਹੜਾ ਕੁਛ ਹੈ।''

''ਮਹਾਰਾਜ, ਤੁਸੀਂ ਸੰਤ ਹੋ। ਤੁਹਾਨੂੰ ਭਿਆਨਕ ਅਤੇ ਰੌਚਕ ਬਚਨ ਨਹੀਂ ਕਰਨੇ ਚਾਹੀਦੇ; ਯਥਾਰਥ ਬਚਨ ਕਰਨੇ ਚਾਹੀਦੇ ਨੇ - ਬ੍ਰਹਮ ਦੇ। ਇਨ੍ਹਾਂ ਦਾ ਹਨ੍ਹੇਰਾ ਕਿਵੇਂ ਦੂਰ ਹੋਏਗਾ?''

ਮਹਾਤਮਾ ਚੁੱਪ ਕਰ ਗਏ। ਕਹਿੰਦਾ, ''ਆਉਂਦਾ ਹੀ ਨਹੀਂ ਹੈ, ਤਾਂ ਹੀ ਨਹੀਂ ਬਚਨ ਕਰਦੇ।'' ਉਹ ਫੇਰ ਸ਼ਾਂਤ ਸੁਭਾਅ ਰਹੇ, ਕੁਛ ਨਹੀਂ ਜਵਾਬ ਦਿਤਾ। ਇਹ ਚੁੱਪ ਕਰਕੇ ਖਪ-ਖੁਪ ਕੇ ਤੁਰ ਗਿਆ। ਜਦੋਂ ਬਗਲ ਨੂੰ ਨਿਕਲਣ ਲੱਗਿਆ, ਖੂਹ ਦੇ ਉਤੇ ਅੜਾਖੋੜ ਸੀ; ਉਥੇ ਇਕ ਹੋਰ ਪਿੰਡ ਦਾ ਬੰਦਾ ਆ ਗਿਆ, ਉਹਦਾ ਨਾਂ ਹਰਦਿਤ ਸਿੰਘ ਸੀ, ਉਹਨੂੰ ਭੇੜੂ ਕਹਿੰਦੇ ਸੀ। ਉਹ ਕਹਿੰਦਾ -

''ਬਾਬਾ! ਕਿਧਰੋਂ ਆਇਐਂ?''

''ਤੇਰੇ ਸੰਤ ਕੋਲੋਂ ਆਇਆਂ। ਉਹਨੂੰ ਤਾਂ ਕੱਖ ਵੀ ਨਹੀਂ ਪਤਾ ਕਿਸੇ ਗੱਲ ਦਾ।''

''ਕੀ ਗੱਲ?''

''ਮੈਂ ਬ੍ਰਹਮ ਦੀ ਚਰਚਾ ਕਰਨ ਗਿਆ ਸੀ - ਬ੍ਰਹਮ ਕੀ ਹੁੰਦੈ?''

''ਬ੍ਰਹਮ ਕੀ ਹੁੰਦੈ? ਮੈਂ ਤੈਥੋਂ ਹੀ ਸੁਣਿਐਂ ਕਿ ਬ੍ਰਹਮ ਸਾਰੇ ਪਰੀਪੂਰਨ ਹੈ। ਤੇਰੇ ਵਿਚ ਹੈਗਾ?''

''ਹਾਂ।''

''ਤੇਰੇ ਸਿਰ ਵਿਚ ਹੈਗਾ?''

''ਸਿਰ ਵਿਚ ਕੀ; ਪੈਰ ਤੋਂ ਲੈ ਕੇ ਸਿਰ ਤੱਕ ਸਾਰੇ ਸਰੀਰ ਵਿਚ ਹੈ।''

''ਮੇਰੀ ਜੁੱਤੀ ਵਿਚ ਹੈਗਾ?''

"ਲੈ, ਜਦ ਮੈਂ ਤੈਨੂੰ ਕਹਿ ਦਿਤਾ; ਬ੍ਰਹਮ ਤੋਂ ਬਿਨਾਂ ਕੋਈ ਥਾਂ ਹੈ ਹੀ ਨਹੀਂ।"

ਉਹਨੇ ਜੁੱਤੀ ਖੋਲ੍ਹੀ, ਸਾਧ ਨੂੰ ਢਾਹ ਲਿਆ, ਸਿਰ ਵਿਚ ਮਾਰੀ ਜਾਵੇ। ਉਹ ਰੌਲਾ ਪਾਵੇ ਕਿ ਤੂੰ ਕਿਉਂ ਮਾਰੀ ਜਾਨੈ। ਕਹਿੰਦਾ, "ਬ੍ਰਹਮ ਦਾ ਬ੍ਰਹਮ ਨਾਲ ਮਿਲਾਪ ਕਰਾਉਂਨਾਂ; ਵਿਛੁੜੇ ਹੋਏ ਸੀ। ਏਧਰ ਪੈਰ ਵਿਚ ਸੀ ਤੇ ਓਧਰ ਸਿਰ ਵਿਚ ਸੀ।" ਏਨੇ ਨੂੰ ਸੰਤਾਂ ਨੇ ਕਿਹਾ, ਜਾਓ ਭਾਈ, ਰੌਲਾ ਪੈ ਗਿਆ। ਜਾ ਕੇ ਛੁਡਾਇਆ। ਉਥੇ ਆ ਗਿਆ ਹਰਦਿਤ ਸਿੰਘ; ਸੰਤਾਂ ਨੇ ਸਾਰੇ ਬਚਨ ਸੁਣੇ ਤੇ ਕਹਿਣ ਲੱਗੇ, "ਭਾਈ, ਪੜ੍ਹਿਆ ਹੋਇਆ ਸਾਧ ਸੀਗਾ; ਬੁੱਝੀ ਹੋਈ ਬਾਤ ਨਹੀਂ ਸੀ।" ਜਿਹਨੇ ਬੁੱਝ ਲਈ, ਉਹਨੂੰ ਦੂਜਾ ਦਿਸਦਾ ਹੀ ਨਹੀਂ; ਕੀਹਦੇ ਨਾਲ ਚਰਚਾ ਕਰਨੀ ਹੈਂ। ਜਦ ਸਾਰੇ ਹੀ ਆਪੇ ਹੀ ਆਪ ਹੈ, ਫੇਰ ਕੀਹਦੇ ਨਾਲ ਚਰਚਾ, ਕੀਹਦਾ ਉਪਦੇਸ਼। ਇਹ ਤਾਂ ਪ੍ਰਾਲਬਧ ਅਨੁਸਾਰ ਜਿਹੋ ਜਿਹੇ ਬਚਨ ਹੁੰਦੇ ਨੇ, ਮਹਾਂਪੁਰਸ਼ਾਂ ਦੇ ਮੁਖ ਤੋਂ ਨਿਕਲੀ ਜਾਂਦੇ ਨੇ।

ਸੋ ਸੰਤਾਂ ਨੇ ਦੇਖ ਲਿਆ ਕਿ ਇਹ ਪੜ੍ਹਿਆ ਹੋਇਆ ਬੰਦਾ ਹੈ, ਖਹਿੜਾ ਛੁਡਾਈਏ ਇਹਤੋਂ। ਕਹਿਣ ਲੱਗੇ ਕਿ ਪ੍ਰੇਮੀਆਂ! ਮੈਂ ਤਾਂ ਹੈਗਾ ਅਨਪੜ੍ਹ, ਆਪਾਂ ਨੂੰ ਤਾਂ ਨਹੀਂ ਪਤਾ। ਅਸੀਂ ਤਾਂ ਸੇਵਾ ਕਰਦੇ ਹਾਂ, ਆਏ ਗਿਆਂ ਦੇ ਪਰਸ਼ਾਦੇ ਲਾਹੁੰਦੇ ਹਾਂ, ਹੋਰ ਸੇਵਾ ਕਰਦੇ ਹਾਂ। ਬਾਕੀ ਅਸੀਂ ਤਾਂ ਆਪਣਾ ਗੁਜ਼ਾਰਾ ਹੀ ਕਰਦੇ ਹਾਂ, ਤੂੰ ਕਿਸੇ ਸੰਤ ਕੋਲ ਚਲਿਆ ਜਾਹ। ਫਲਾਣੇ ਸੰਤ ਨੇ, ਉਥੇ ਭੇਜ ਦਿਤਾ। ਉਥੇ ਗਿਆ, ਜਾ ਕੇ ਦੱਸਿਆ ਕਿ ਮੈਨੂੰ ਮਹਾਂਪੁਰਸ਼ਾਂ ਨੇ ਤੁਹਾਡੇ ਪਾਸ ਭੇਜਿਐ; ਮੈਂ ਕੋਈ ਸ਼ੰਕਾ ਨਵਿਰਤ ਕਰਨੈ। ਕਿਉਂਕਿ ਸ਼ੰਕੇ ਵਾਲਾ ਜਿਹੜਾ ਪੁਰਸ਼ ਹੈ, ਉਹ ਦੁਖੀ ਹੋਇਆ ਕਰਦੈ।

ਤਿੰਨੇ ਦੁਖੀ ਨੇ ਸੰਸਾਰ ਵਿਚ - ਇਕ ਤਾਂ ਜਿਹਦੇ ਮਨ ਵਿਚ ਸੰਸਾ ਹੋਵੇ ਕਿਉਂਕਿ ਸੰਸੇ ਕਰਕੇ ਹੀ ਇਹ ਸੰਸਾਰ ਬਣਿਐ। ਦੂਸਰਾ ਉਹ ਦੁਖੀ ਹੁੰਦੈ ਜਿਹਨੂੰ ਗਿਆਨ ਨ ਹੋਵੇ-ਅਗਿਆਨੀ ਹੋਵੇ। ਤੀਸਰਾ ਦੁਖੀ ਹੋਇਆ ਕਰਦੈ-ਛੋਟਾ ਬਾਲ, ਛੇ ਕੁ ਮਹੀਨੇ ਦਾ ਕਿਉਂਕਿ ਉਹਨੂੰ ਪਤਾ ਨਹੀਂ ਹੁੰਦਾ ਮਲਮੂਤਰ ਦਾ; ਉਹਨੂੰ ਕੋਈ

ਪਤਾ ਨਹੀਂ ਹੁੰਦਾ, ਨ ਕਹਿ ਸਕਦੈ। ਦੂਸਰੇ ਦੇ ਰਹਿਮ ਤੇ ਹੋਇਆ ਕਰਦੈ।

ਸੋ ਮਹਾਤਮਾ ਨੇ ਕਿਹਾ, "ਕੀ ਸ਼ੰਕਾ ਤੈਨੂੰ ਪੈ ਗਿਆ?" ਕਹਿਣ ਲੱਗਿਆ, "ਮਹਾਰਾਜ, ਮੈਂ ਛੇ ਸ਼ਾਸਤਰ ਪੜ੍ਹਿਆਂ, ਤੇ ਉਨ੍ਹਾਂ ਵਿਚ ਮੈਂ ਅਨੁਮਾਨ ਲਾਇਐ ਕਿ ਜਿਹਦਾ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ; ਉਹ ਚੀਜ਼ ਹੀ ਨਹੀਂ ਹੈ ਜਿਹੜੀ ਸੁੰਘੀ ਨਹੀਂ ਜਾ ਸਕਦੀ, ਹੱਥ ਨਹੀਂ ਲਾਇਆ ਜਾ ਸਕਦਾ।" ਸੰਤ ਚੁੱਪ ਕਰ ਗਏ। ਉਹਨੇ ਪੰਜ ਸੱਤ ਵਾਰੀ ਸਵਾਲ ਕਰਿਆ ਤੇ ਕਹਿੰਦਾ, "ਤੁਸੀਂ ਮੇਰੇ ਸਵਾਲ ਦਾ ਜਵਾਬ ਕਿਉਂ ਨਹੀਂ ਦਿੰਦੇ?" ਸੰਤ ਚੁੱਪ ਕਰੀ ਬੈਠੇ ਨੇ। ਕਹਿੰਦਾ, "ਬੜ- ਬੜੇ ਮੂਰਖਾਂ ਨਾਲ ਵਾਹ ਪੈਂਦੈ। ਪਹਿਲਾਂ ਇਕ ਮੂਰਖ ਨਾਲ ਪਿਆ, ਉਹਨੇ ਦੂਜੇ ਮੂਰਖ ਕੋਲ ਭੇਜ ਦਿਤਾ।" ਸੰਤ ਫੇਰ ਚੁੱਪ ਰਹੇ। ਕਹਿੰਦਾ, "ਸੰਤ ਜੀ! ਮੈਂ ਜਵਾਬ ਲੈਣ ਆਇਆਂ। ਹਾਂ ਜਾਂ ਨਾਂ, ਕੁਛ ਤਾਂ ਬੋਲੋ ਮੂੰਹ ਤੋਂ।" ਸੰਤਾਂ ਕੋਲ ਇਕ ਰੋੜਾ ਪਿਆ ਸੀ, ਚੁੱਕ ਕੇ ਮਾਰਿਆ। ਰੋੜਾ ਲਗਦੀ ਸਾਰ ਉਹ ਗੁੱਸੇ ਵਿਚ ਆ ਗਿਆ। ਦੋ ਤਿੰਨ ਮੁੱਕੇ ਮਾਰੇ ਉਹਨੇ ਸੰਤਾਂ ਦੇ। ਕਹਿੰਦੇ -

"ਕਾਹਨੂੰ ਮਾਰੀ ਜਾਨੈ; ਮੈਂ ਤਾਂ ਤੇਰੇ ਸਵਾਲ ਦਾ ਜਵਾਬ ਦਿਤੈ।"

"ਮੇਰੇ ਸਵਾਲ ਦਾ ਜਵਾਬ ਕੀ ਹੈ? ਤੁਸੀਂ ਰੋੜਾ ਮਾਰ ਕੇ ਸਵਾਲ ਦਾ ਜਵਾਬ ਦਿਤੈ?"

"ਪ੍ਰੇਮੀਆਂ! ਮੈਂ ਤੈਨੂੰ ਇਸ਼ਾਰੇ ਨਾਲ ਗੱਲ ਸਮਝਾ ਦਿਤੀ। ਜਦ ਤੈਨੂੰ ਪਤਾ ਲਗਣੈ ਫੇਰ ਤੂੰ ਪਛਤਾਵੇਂਗਾ, ਫੇਰ ਤੂੰ ਮੁਆਫੀ ਮੰਗੇਂਗਾ। ਤੈਨੂੰ ਕੀ ਹੋਇਆ ਰੋੜਾ ਲੱਗੇ ਤੇ?"

"ਮੈਨੂੰ ਦਰਦ ਹੋਇਐ, ਪੀੜ ਹੋਈ ਹੈ।"

"ਪੀੜ ਦਾ ਕੀ ਰੂਪ ਹੈ, ਕੀ ਰੰਗ ਹੈ, ਕਿੰਨੀ ਲੰਮੀ ਹੈ, ਕਿੰਨੀ ਕੁ ਚੌੜੀ ਹੈ, ਕਿੰਨੀ ਕੁ ਭਾਰੀ ਹੈ, ਕਿੰਨੀ ਕੁ ਉਚੀ ਹੈ, ਕਿੰਨੀ ਕੁ ਛੋਟੀ ਹੈ; ਦੱਸ ਸਕਦੈਂ ਮੈਨੂੰ ਕੋਈ ਚੀਜ਼?"

"ਇਹ ਤਾਂ ਨਹੀਂ ਹੈ।"

"ਫੇਰ ਹੈਗੀ ਤਾਂ ਸਹੀ ਨਾ! ਤੂੰ ਤਾਂ ਇਹ ਕਹਿੰਦਾ ਸੀ ਕਿ ਜਿਸ ਦਾ ਕੋਈ ਚੱਕਰ ਨਹੀਂ, ਚਿਹਨ ਨਹੀਂ, ਬਰਨ ਨਹੀਂ, ਜ਼ਾਤ ਨਹੀਂ, ਪਾਤ ਨਹੀਂ, ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ; ਉਹ ਹੈ ਹੀ ਨਹੀਂ। ਇਹ ਪੀੜ ਦੀ ਕੀ ਹੈ? ਪੀੜ ਨੂੰ ਕਿਹਨੇ ਜਾਣਿਐ? ਅਨੁਭਵ ਕਰੀ ਜਾਨੈ। ਇਸੇ ਤਰ੍ਹਾਂ ਉਹ ਅਨੁਭਵ ਹੁੰਦੈ ਪ੍ਰਮੇਸ਼ਰ। ਅੱਖਾਂ ਨਾਲ ਦੇਖਣ ਵਾਲੀ ਚੀਜ਼ ਨਹੀਂ ਹੈ। ਉਹ ਅੱਖਾਂ ਹੋਰ ਨੇ -

***ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥***

***ਅੰਗ- 577***

ਮੇਰਾ ਪਰਮੇਸ਼ਰ ਉਨ੍ਹਾਂ ਅੱਖਾਂ ਨਾਲ, ਅਨੁਭਵ ਦੀਆਂ ਅੱਖਾਂ ਨਾਲ ਦਿਸਦੈ, ਪ੍ਰੇਮੀਆਂ! ਇਨ੍ਹਾਂ ਅੱਖਾਂ ਨਾਲ ਤੂੰ ਦੇਖਣ ਦਾ ਜਤਨ ਕਰਦੈਂ! ਇਹ ਅੱਖਾਂ ਤਾਂ ਪ੍ਰਕਿਰਤੀ ਦੀਆਂ ਅੱਖਾਂ ਨੇ, ਪ੍ਰਕਿਰਤੀ ਦੇਖ ਸਕਦੀਆਂ ਨੇ; ਮੈਟਰ ਦੀਆਂ ਬਣੀਆਂ ਹੋਈਆਂ ਨੇ, ਮੈਟਰ ਦਿਸਦੈ ਇਨ੍ਹਾਂ ਨਾਲ ਤਾਂ। ਉਹ ਵੀ ਪੂਰਾ ਨਹੀਂ ਦਿਸਦਾ। ਜੇ ਰਾਤ ਹੋਵੇ ਤਾਂ ਮਦਦ ਲੈਂਦੇ ਹਾਂ ਅਸੀਂ ਟਾਰਚ ਦੀ। ਰੌਸ਼ਨੀ ਦੀ ਮਦਦ ਹੋਵੇ, ਤਾਂ ਦਿਸਦੈ। ਇਹ ਤਾਂ ਅਧੂਰੀਆਂ ਚੀਜ਼ਾਂ ਨੇ। ਫੇਰ ਰਾਤ ਨੂੰ ਵੀ ਕਹਿ ਦੇ, ਕੁਛ ਨਹੀਂ ਹੈ, ਦਿਸਦਾ ਨਹੀਂ ਹੈ ਮੈਨੂੰ।"

ਸੋ ਬਹੁਤਾ ਪੜ੍ਹਿਆਂ ਤੇ ਮੈਲ ਨਹੀਂ ਜਾਇਆ ਕਰਦੀ ਅੰਦਰਲੀ, ਸਾਧ ਸੰਗਤ ਜੀ। ਬੁੱਧੂਸ਼ਾਹ ਕਹਿਣ ਲੱਗਿਆ -

"ਮਹਾਰਾਜ! ਕੂੜ ਦਾ ਕੀ ਇਲਾਜ ਹੈ?"

" ਸੱਚ ਦੀ ਪ੍ਰਾਪਤੀ।"

"ਫੇਰ ਸੱਚ ਆਵੇ ਕਿਵੇਂ?"

"ਕੂੜ ਛੱਡਿਆਂ।"

"ਮਹਾਰਾਜ, ਛੁੱਟਦਾ ਨਹੀਂ ਹੈ ਕੂੜ, ਬੜਾ ਕੁਛ ਕੀਤੈ। ਪੜ੍ਹਿਆ ਹੋਇਆ ਵੀ ਬਹੁਤ ਹਾਂ ਮੈਂ ਸ਼ਾਸਤਰ ਪੜ੍ਹੇ ਨੇ, ਵੇਦਾਂਤ ਸ਼ਾਸਤਰ ਵੀ ਮੈਂ ਪੜ੍ਹਿਆ, ਹੋਰ ਸ਼ਾਸਤਰ ਵੀ ਪੜ੍ਹੇ ਨੇ। ਤਪ ਵੀ

ਮੈਂ ਕੀਤੈ, ਨੇਕੀਆਂ ਵੀ ਕੀਤੀਆਂ ਨੇ, ਰੋਜ਼ੇ ਵੀ ਰੱਖੇ ਨੇ, ਮੈਂ ਚਿਲੇ ਵੀ ਕੱਟੇ ਨੇ।''

''ਬੁੱਧੂਸ਼ਾਹ! ਇਹ ਤਾਂ ਤੂੰ ਬੇੜੀਆਂ ਬੰਨ੍ਹ ਲਈਆਂ। ਇਹ ਹਉਮੈ ਵਿਚ ਕੀਤੀਆਂ ਹੋਈਆਂ ਚੀਜ਼ਾਂ ਸੰਗਲ ਬਣ ਜਾਂਦੀਆਂ ਨੇ ਤੇ ਜਦ ਤਕ ਤੈਨੂੰ ਹਉਮੈ ਦੀ ਸਮਝ ਨਹੀਂ ਪੈਂਦੀ, ਓਨੀ ਦੇਰ ਤਕ ਸੱਚ ਦੀ ਪ੍ਰਾਪਤੀ ਨਹੀਂ ਹੋ ਸਕਦੀ। ਹਉਮੈ ਕੂੜ ਹੈ।'' ਸਵਾਲ ਹੈ - ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਇਸ ਤਰ੍ਹਾਂ ਪੜ੍ਹੋ ਪਿਆਰ ਨਾਲ -

***ਧਾਰਨਾ - ਕਿਵ ਸਚਿਆਰਾ ਹੋਈਐ,***
***ਕਿਵ ਕੂੜੈ ਤੂਟੈ ਪਾਲਿ - 2, 2.***

***ਕਿਵ ਸਚਿਆਰਾ ਹੋਈਐ***
***ਕਿਵ ਕੂੜੈ ਤੁਟੈ ਪਾਲਿ॥ ਅੰਗ- 1***

''ਮਹਾਰਾਜ! ਕਿਰਪਾ ਕਰਕੇ ਦੱਸੋ।''

''ਬੁੱਧੂ ਸ਼ਾਹ, ਅਸੀਂ ਤਾਂ ਦੱਸ ਦਿਤੈ ਤੈਨੂੰ ਕਿ ਝੂਠ ਨੂੰ ਛੱਡ ਦੇ। ਝੂਠ ਛੱਡੇ ਤੇ ਸਚਿਆਰਾ ਬਣ ਜਾਏਂਗਾ।''

''ਮਹਾਰਾਜ, ਛੁੱਟਦਾ ਨਹੀਂ ਹੈ।''

''ਸਤਿਸੰਗ ਵਿਚ ਆ ਕੇ ਛੁੱਟ ਜਾਂਦੈ।''

''ਸੱਚੇ ਪਾਤਸ਼ਾਹ! ਏਸ ਤੋਂ ਬੜਾ ਤਾਂ ਸਤਿਸੰਗ ਕੋਈ ਹੋ ਨਹੀਂ ਸਕਦਾ। ਮੈਂ ਆਪ ਦੀ ਸੰਗਤਿ ਵਿਚ ਆਇਆਂ - ਇਸੇ ਗੱਲ ਵਾਸਤੇ।''

''ਆਇਆ ਤਾਂ ਠੀਕ ਹੈਂ, ਪਰ ਤੂੰ ਝੂਠ ਦੀ ਸੰਜੋਅ (ਵਰਦੀ) ਪਹਿਨ ਕੇ ਆਇਐਂ - ਸਾਡੇ ਕੋਲ, ਸੱਚ ਨਾਲ ਨਹੀਂ ਆਇਆ।

''ਮਹਾਰਾਜ! ਕਿਸ ਤਰ੍ਹਾਂ?''

''ਮੈਂ ਪੀਰ ਹਾਂ, ਮੇਰੇ ਨਾਲ ਚੇਲੇ ਨੇ; ਜੇ ਮੈਂ ਜਾ ਕੇ ਮੱਥਾ ਟੇਕਿਆ ਤਾਂ ਮੇਰੇ ਚੇਲੇ ਕੀ ਕਹਿਣਗੇ ਤੇ ਮੈਂ ਫੇਰ ਛੋਟਾ ਹੋ ਜਾਵਾਂਗਾ, ਤੇ ਇਹ ਕਹਿਣਗੇ ਕਿ ਇਸਲਾਮ ਵਾਲਾ ਹੋ ਕੇ ਹਿੰਦੂ

ਦੇ ਅੱਗੇ ਝੁਕ ਗਿਆ। ਸੰਜੋਅ ਪਹਿਨ ਕੇ ਆਇਐਂ ਨ ਝੂਠ ਦੀ। ਇਹ ਤਾਂ ਛੱਡਣੀ ਤੇਰੇ ਅਖਤਿਆਰ ਸੀ। ਇਸ ਤਰ੍ਹਾਂ ਦੇ ਨਾਲ ਇਹ ਸਾਰੇ ਕਰਤੱਬ ਜਿੰਨੇ ਨੇ, ਬੁੱਧੂਸ਼ਾਹ! ਇਹ ਸਾਰੇ ਝੂਠ ਦੇ ਕਰਤੱਬ ਨੇ, ਹਉਮੈ ਦੇ ਕਰਤੱਬ ਨੇ।"

"ਮਹਾਰਾਜ, ਮੇਰੇ ਤੇ ਕ੍ਰਿਪਾ ਕਰੋ। ਮੈਂ ਅਜੇ ਤਕ ਨਹੀਂ ਗੱਲ ਸਮਝ ਨਹੀਂ ਸਕਿਆ ਜਿਹੜੀ ਤੁਸੀਂ ਕਹਿ ਰਹੇ ਹੋਂ। ਮੈਨੂੰ ਇਸ ਬਾਰੇ ਥੋੜ੍ਹਾ ਹੋਰ ਸਮਝਾਓ ਤਾਂ ਕਿ ਚੰਗੀ ਤਰ੍ਹਾਂ ਮੇਰੇ ਜਹਿਨ-ਨਸ਼ੀਨ ਹੋ ਜਾਵੇ ਕਿ ਇਹ ਕੀ ਚੀਜ਼ ਹੋਈ ਜਿਹੜੀ 'ਮੈਂ-ਮੈਂ' ਨੇ ਸਾਰਾ ਜਗਤ ਫਸਾਇਆ ਹੋਇਐ। ਕੋਲ ਰਹਿੰਦੈ ਵਾਹਿਗੁਰੂ, ਨਾਲ ਰਹਿੰਦੈ, ਦੇਖਦੈ, ਸੁਣਦੈ, ਸਭ ਕੁਛ ਕਰਦੈ -

***ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ॥***

***ਅੰਗ - 612***

ਤੇ ਮੈਨੂੰ 'ਮੈਂ' ਦੇ ਬਾਰੇ ਸਮਝਾਓ। ਮਹਾਰਾਜ, ਕ੍ਰਿਪਾ ਕਰੋ।"

ਦੇਖੋ, ਇਹ ਭਰਮ ਪੈ ਗਿਆ। ਭਰਮ ਪੈਣ ਕਰਕੇ ਬਾਰ-ਬਾਰ ਦੇ ਅਧਿਆਸ ਨਾਲ ਇਹਦੀ 'ਮੈਂ' ਨਹੀਂ ਟੁੱਟ ਸਕਦੀ। ਇਹ 'ਮੈਂ' ਫੈਲ ਗਈ ਜਿਵੇਂ ਅਮਰ ਵੇਲ ਫੈਲ ਜਾਂਦੀ ਹੈ। ਬੇਰੀ ਉਤੇ ਸੁੱਟ ਦਿਉ ਇਕ ਡੱਕਾ, ਉਹ ਬੇਰੀ ਦਾ ਹੀ ਰਸ ਖਾ-ਖਾ ਕੇ ਫੈਲ ਜਾਂਦੀ ਹੈ ਤੇ ਬੇਰੀ ਨੂੰ ਹੀ ਢਕ ਲੈਂਦੀ ਐ। ਇਸੇ ਤਰ੍ਹਾਂ ਜਿਹੜੀ ਝੂਠ ਦੀ ਵੇਲ ਹੈ - 'ਮੈਂ' ਦੀ, ਇਹ ਸਾਖੀ ਚੇਤਨ ਜਿਹੜਾ ਤੇਰਾ ਅਸਲੀ ਰੂਪ ਹੈ, ਉਸੇ ਤੋਂ ਸੱਤਾ ਲੈ ਕੇ, ਫੈਲ ਕੇ ਉਸ ਨੂੰ ਹੀ ਢਕ ਲਿਆ। ਤੇ ਉਲਟੀ ਮੱਤ ਹੋ ਕੇ ਉਲਟੀਆਂ ਗੱਲਾਂ ਸਮਝਣ ਲਗ ਗਿਆ। ਉਲਟ ਸਮਝਦੈ ਕਿ ਮੈਂ ਪਾਪੀ ਹਾਂ, ਮੈਂ ਪੁੰਨੀ ਹਾਂ, ਮੈਂ ਫਲਾਣੇ ਧਰਮ ਦਾ, ਮੈਂ ਫਲਾਣੇ ਧਰਮ ਦਾ, ਮੈਂ ਅਮੀਰ ਹਾਂ, ਮੈਂ ਗਰੀਬ ਹਾਂ, ਮੈਂ ਦੁਖੀ ਹਾਂ, ਮੈਂ ਸੁਖੀ ਹਾਂ। ਕਹਿੰਦੇ, ਗੁਰੂ ਤੋਂ ਜਿਹੜੇ ਮਤ ਲੈਂਦੇ ਨੇ, ਦੋ ਕਿਸਮ ਦੇ ਨੇ - ਇਕ ਤਾਂ ਉਹ ਨੇ ਜਿਹੜੇ ਗੁਰੂ ਦੀ ਮੱਤ ਧਾਰਨ ਕਰਕੇ ਗੁਰੂ ਦੇ ਹੁਕਮ ਦੇ ਮੁਤਾਬਿਕ ਚਲਦੇ ਨੇ; ਆਪਣੀ ਮੱਤ ਨੂੰ ਵਿਚ ਨਹੀਂ ਲਿਆਉਂਦੇ। ਤੇ ਇਕ ਉਹ ਨੇ ਜਿਹੜੇ ਗੁਰੂ ਦੀ ਮੱਤ ਸੁਣ ਤਾਂ ਲੈਂਦੇ ਨੇ ਲੇਕਿਨ ਆਪਣੇ

ਮਨ ਦੀ ਮੱਤ ਛੱਡਣ ਨੂੰ ਤਿਆਰ ਨਹੀਂ ਹੁੰਦੇ। ਜਿਹੜੇ ਉਹ ਪੁਰਸ਼ ਨੇ, ਉਨ੍ਹਾਂ ਨੂੰ ਇਹ ਜਿਹੜੀ ਮੋਹਣੀ 'ਮੈਂ' ਹੈ, ਇਹ ਖਾ ਜਾਂਦੀ ਐ –

***ਧਾਰਨਾ – ਮਨਮੁਖਾਂ ਨੂੰ ਗਈ ਖਾਏ, ਪਿਆਰੇ,***
***ਹਉਮੈ ਮਮਤਾ ਮੋਹਣੀ – 2, 2.***

ਇਹ 'ਹਉਮੈ ਮਮਤਾ' (I and my), ਮਹਾਰਾਜ ਕਹਿੰਦੇ, ਬੜੀ ਚੰਗੀ ਚੀਜ਼ ਐ, ਇਹ ਮਨ ਨੂੰ ਮੋਹ ਲੈਂਦੀ ਐ। ਜੇ ਕੋਈ ਇੱਜ਼ਤ ਨ ਕਰੇ ਭੋਰਾ ਕੁ, ਗੁੱਸਾ ਆ ਜਾਂਦੈ ਕਿਉਂਕਿ ਮੋਹਣੀ ਹੈ ਇਹ ਚੀਜ਼; ਕੋਈ ਬੁਲਾਵੇ ਨ ਚੰਗੀ ਤਰ੍ਹਾਂ ਨਾਲ, ਤਾਂ ਗੁੱਸਾ ਆ ਜਾਂਦੈ; ਜੇ ਕੋਈ ਖੜ੍ਹ ਕੇ ਸਟੇਜ ਤੇ ਪ੍ਰਸੰਸਾ ਨ ਕਰੇ ਤਾਂ ਵੀ ਮਾੜਾ ਲਗਦੈ ਕਿ ਮੇਰੀ ਤਾਂ ਪ੍ਰਸੰਸਾ ਹੀ ਨਹੀਂ ਕਰੀ। ਇਹ ਬੜੀ ਮੋਹਣੀ, ਬੜੀ ਪਿਆਰੀ ਲਗਦੀ ਐ ਪੀਰ ਜੀ। ਦੇਖੋ, ਤੁਹਾਡੇ ਮਨ ਵਿਚ ਆਈ ਨ ਮੋਹਣੀ! ਕਿ ਜੇ ਮੈਂ ਮੱਥਾ ਟੇਕਿਆ, ਕਿਤੇ ਮੈਂ ਛੋਟਾ ਨ ਹੋ ਜਾਵਾਂ ਤੇ ਮੈਨੂੰ ਕਿਤੇ ਐਂ ਨ ਕਹਿ ਦੇਣ ਕਿ ਇਹ ਹਿੰਦੂ ਅੱਗੇ, ਗੁਰੂ ਅੱਗੇ ਨਿਵਦੈ। ਕਿੰਨੀ ਮੋਹਣੀ ਲਗਦੀ ਐ! ਇਕ ਰੂਪ ਨੀਂ ਹੈ, ਇਹਦੇ ਬੇਅੰਤ ਰੂਪ ਨੇ। ਕਹਿੰਦੇ –

***ਹਉਮੈ ਮਮਤਾ ਮੋਹਣੀ ਮਨਮੁਖਾ ਨੋ ਗਈ ਖਾਇ ॥ ਅੰਗ – 513***

ਜਿਹੜੇ ਗੁਰੂ ਦੇ ਪਿੱਛੇ ਨਹੀਂ ਲਗਦੇ, ਉਹ ਤਾਂ ਖਾਧੇ ਹੀ ਖਾਧੇ ਨੇ –

***ਜੋ ਮੋਹਿ ਦੂਜੈ ਚਿਤੁ ਲਾਇਦੇ ਤਿਨਾ ਵਿਆਪਿ ਰਹੀ ਲਪਟਾਇ ॥***
***ਗੁਰ ਕੈ ਸਬਦਿ ਪਰਜਾਲੀਐ ਤਾ ਏਹ ਵਿਚਹੁ ਜਾਇ ॥***
***ਅੰਗ – 513***

ਜਿੰਨਾਂ ਚਿਰ ਗੁਰੂ ਦੇ ਸ਼ਬਦ ਦੇ ਨਾਲ ਇਹਦੇ ਹਿਰਦੇ ਵਿਚ ਗਿਆਨ ਦਾ ਚਾਨਣਾ ਨਹੀਂ ਹੁੰਦਾ –

***ਬਿਨੁ ਸਬਦੈ ਅੰਤਰਿ ਆਨੇਰਾ ॥***
***ਨ ਵਸਤੁ ਲਹੈ ਨ ਚੂਕੈ ਫੇਰਾ ॥***
***ਸਤਿਗੁਰ ਹਥਿ ਕੁੰਜੀ***
***ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥***
***ਅੰਗ – 124***

ਜਿੰਨਾਂ ਚਿਰ ਗੁਰੂ ਸ਼ਬਦ ਨਹੀਂ ਦਿੰਦਾ ਤੇ ਸ਼ਬਦ ਦਾ ਪ੍ਰਕਾਸ਼ ਅੰਦਰ ਨਹੀਂ ਹੁੰਦਾ, ਗਿਆਨ ਦਾ ਦੀਵਾ ਅੰਦਰ ਨਹੀਂ ਜਗਦਾ, ਓਨੀਂ ਦੇਰ ਤਾਂ, ਬੁੱਧੂ ਸ਼ਾਹ! ਇਹ ਖਾਂਦੀ ਹੀ ਖਾਂਦੀ ਐ। ਇਹ ਉਸ ਵੇਲੇ ਹਟਦੀ ਐ ਜਦ -

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥***
***ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥ਅੰਗ-93***

ਬਾਕੀ ਜਿਹੜਾ ਤੂੰ ਇਹ ਕਹਿਨੈ ਕਿ ਮੈਂ ਚਿਲੇ ਕੱਟੇ; ਚਿਲੇ ਕੱਟਣ ਨਾਲ ਤਾਂ ਜਾਂਦੀ ਨਹੀਂ ਇਹ। ਸੰਸਾਰ ਨੂੰ ਬੜੇ ਸੁਹਣੇ ਲਗਦੇ ਨੇ, 'ਕਿ ਫਲਾਣੇ ਸੰਤ ਤਾਂ ਛੇ ਮਹੀਨੇ ਦੇ ਭੋਰੇ ਵਿਚ ਹੀ ਬੈਠੇ ਨੇ।' ਮਹਿਮਾ ਹੋ ਜਾਏਗੀ, ਸ਼ਕਤੀਆਂ ਆ ਜਾਣਗੀਆਂ, ਅੰਤਰਜਾਮਤਾ ਆ ਜਾਏਗੀ, ਪ੍ਰੇਰਨਾ ਸ਼ਕਤੀ ਆ ਜਾਏਗੀ, ਬਿਮਾਰ ਰਾਜ਼ੀ ਹੋਣ ਲਗ ਜਾਣਗੇ। ਪਰ ਸੰਗਲ ਤਾਂ ਹਉਮੈ ਦੇ ਬੰਨ੍ਹ ਲਏ ਨਾ! ਗੱਲ ਤਾਂ ਉਥੇ ਪਹੁੰਚਣ ਦੀ ਹੈ। ਉਥੇ ਤਾਂ ਪਹੁੰਚ ਨਹੀਂ ਸਕਿਆ, ਜਿਥੇ ਜਾਣਾ ਚਾਹੀਦੈ। ਸੋ ਜਿੰਨੇ ਵੀ ਕਰਮ ਆਦਮੀ ਕਰਦੈ, ਇਹ ਤਾਂ -

***ਜੋ ਜੋ ਕਰਮ ਕੀਏ ਹਉ ਹਉਮੈ............॥ ਅੰਗ- 999***

'ਮੈਂ ਕਰੇ, ਮੈਂ ਕਰੇ, ਮੈਂ ਐਨਾ ਨਾਮ ਜਪਿਆ, ਮੈਂ ਐਨੇ ਪਾਠ ਕਰਦਾਂ, ਮੈਂ ਐਂ ਕਰਦਾਂ।' ਚਾਹੇ ਨੇਕੀ ਦੀ ਹਉਮੈ ਹੈ, ਚਾਹੇ ਬਦੀ ਦੀ ਹਉਮੈ ਹੈ; ਹਉਮੈ ਦੋਏ ਨੇ - ਇਕ ਲੋਹੇ ਦਾ ਸੰਗਲ ਹੈ, ਇਕ ਸੋਨੇ ਦਾ ਸੰਗਲ ਹੈ; ਹੱਥਕੜੀਆਂ ਦੋਏ ਨੇ, ਤੇ ਇਹ ਤਾਂ ਸਾਰੇ ਕਰਮ ਐਵੇਂ ਹੀ ਜਾਂਦੇ ਨੇ, ਜਿੰਨੇ ਵੀ ਕੋਈ ਕਰਦੈ।" ਇਉਂ ਫੁਰਮਾਉਂਦੇ ਨੇ -

***ਧਾਰਨਾ - ਜੋ ਜੋ ਕਰਮ ਕੀਏ ਹਉ ਹਉਮੈ,***
***ਤੇ ਤੇ ਭਏ ਅਜਾਏ ਜੀ - 2, 2.***
***ਜੋ ਜੋ ਕਰਮ ਕੀਏ ਹਉ ਹਉਮੈ ਤੇ ਤੇ ਭਏ ਅਜਾਏ॥ ਅੰਗ - 999***

"ਚਿਲੇ ਕੱਟ ਲਏ, ਦਾਨ ਕਰ ਲਏ, ਲੰਗਰ ਚਲਾ ਲਏ, ਪੜ੍ਹ ਲਿਆ; ਬੁੱਧੂਸ਼ਾਹ! ਇਹ ਤਾਂ ਥਾਂ ਸਿਰ ਨਹੀਂ ਪਏ - ਕਰਮ, ਅਜਾਈਂ ਗਏ ਨੇ, ਗਲਤ ਥਾਂ ਦੇ ਉਤੇ ਚਲੇ ਗਏ। ਤੇ ਇਹ ਜਿਹੜੇ

ਸ਼ਾਸਤਰ ਪੜ੍ਹ ਲਏ, ਇਹਦੇ ਨਾਲ 'ਮੈਂ' ਭਾਵ ਤਾਂ ਹਟਿਆ ਨ; ਉਪਰ ਹੋਰ ਇਕ 'ਮੈਂ' ਭਾਵ ਆ ਗਿਆ ਕਿ ਮੈਂ ਵੇਦਾਂਤ ਸ਼ਾਸਤਰ ਵੀ ਵਿਚਾਰਿਐ, ਮੈਂ ਗੁਰੂ ਗ੍ਰੰਥ ਸਾਹਿਬ ਦੇ ਵੀ ਸਾਰੇ ਅਰਥ ਕਰ ਸਕਦਾਂ, ਮੈਂ ਸੰਸਕ੍ਰਿਤ ਵੀ ਪੜ੍ਹਿਆ ਹੋਇਆਂ, ਮੈਂ ਉਹਦੇ ਵੀ ਅਰਥ ਕਰ ਸਕਦਾਂ, ਅੰਗਰੇਜ਼ੀ ਵੀ ਬਹੁਤ ਜਾਣਦਾਂ। ਕਹਿੰਦੇ, ਇਹਦੇ ਨਾਲ ਤਾਂ ਦੂਣੀ ਮੈਲ ਲਗਦੀ ਹੈ; ਇਹਦੇ ਨਾਲ ਮੈਲ ਨਹੀਂ ਹਟਦੀ'' –

***ਹਉਮੈ ਕਰਮ ਕਿਛੁ ਬਿਧਿ ਨਹੀ ਜਾਣੈ ॥***
***ਜਿਉ ਕੁੰਚਰੁ ਨਾਇ ਖਾਕੁ ਸਿਰਿ ਛਾਣੈ ॥ ਅੰਗ- 367***

ਹਉਮੈ ਦੇ ਵਿਚ ਤਰੀਕਾ ਨਹੀਂ ਜਾਣਦਾ ਕਿ ਕਰਮ ਕੀ ਹੈ –

***ਕਰਮ ਕਰਤ ਹੋਵੈ ਨਿਹਕਰਮ॥ ਅੰਗ- 274***

ਸਭ ਕੁਝ ਕਰਕੇ ਵੀ ਕਹੇ, 'ਮੈਂ ਨਹੀਂ ਕੁਝ ਕਰਿਆ।' ਇਕ ਤਾਂ ਮੂੰਹ ਨਾਲ ਹੀ ਕਹਿੰਦੇ, ਇਕ ਸੱਚੀਂ ਮੁੱਚੀਂ ਕਹਿੰਦੈ। ਇਹਦਾ ਤਰੀਕਾ ਵਿਚਕਾਰਲਾ ਹੈ, Via media ਸਾਧ ਸੰਗਤ ਜੀ। ਉਹ ਇਹ ਹੈ ਕਿ ਹਰ ਵਕਤ ਅਰਦਾਸ ਵਿਚ ਰਹੇ ਕਿ ਸੱਚੇ ਪਾਤਸ਼ਾਹ, ਤੈਂ ਮੈਨੂੰ ਲੰਗਰ ਦੀ ਸੇਵਾ ਕਰਨ ਲਾ ਦਿਤੀ; ਤੇਰੀ ਬਹੁਤ ਮਿਹਰਬਾਨੀ ਹੈ ਕਿ ਮੇਰੇ ਵਰਗੇ ਬੰਦੇ ਤੋਂ ਇਹ ਸੇਵਾ ਕਰਾ ਲਈ ਤੈਂ। ਜੇ ਤਾਂ ਸੱਚਮੁਚ ਕਹਿੰਦੈ, ਫੇਰ ਤਾਂ ਠੀਕ ਹੈ। ਪਰ ਜੇ wordly (ਕੇਵਲ ਮੂੰਹ ਨਾਲ) ਕਹਿੰਦੈ, ਉਹ ਆਪਣੇ ਆਪ ਨੂੰ ਧੋਖਾ ਦਿੰਦੈ। ਨ, ਸੱਚੀਓਂ ਜੇ ਦਿਲ ਵਿਚ ਇਹ ਗੱਲ ਆ ਜਾਵੇ ਫੇਰ ਤਾਂ ਵਿਧੀ ਆ ਗਈ, ਨਹੀਂ ਤਾਂ ਫੇਰ ਇਹ ਜਿਹੜੀ ਝੂਠੀ 'ਮੈਂ' ਹੈ, ਮਹਾਰਾਜ ਕਹਿੰਦੇ, ਇਹਦੇ ਨਾਲ ਦੂਣੀ ਮੈਲ ਲਗਦੀ ਹੈ – 'ਹਉਮੈ ਕਰਮ ਕਿਛੁ ਬਿਧਿ ਨਹੀ ਜਾਣੈ॥ ਜਿਉ ਕੁੰਚਰੁ ਨਾਇ ਖਾਕੁ ਸਿਰਿ ਛਾਣੈ॥' ਨਹਾ ਤਾਂ ਲਿਆ, ਪਰ ਉਪਰ ਫੇਰ ਮਿੱਟੀ ਪਾ ਲਈ – 'ਬਹੁਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥' ਜਿੰਨੇ ਕਰਮ ਕਮਾਉਂਦੈ, ਦੂਣੀ ਮੈਲ ਲੱਗ ਜਾਂਦੀ ਹੈ –

***ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥***
***ਅੰਗ – 974***

ਕਹਿੰਦਾ, ਮੈਂ ਤਾਂ ਬੜਾ ਪੰਡਿਤ ਹਾਂ ਜੀ, ਬਹੁਤ ਵਿਦਵਾਨ ਹਾਂ, ਮੈਂ ਤਾਂ ਬੜਾ ਜੋਗੀ ਹਾਂ, ਜੋਗ ਕਰਨ ਵਾਲਾ ਹਾਂ; ਇਨ੍ਹਾਂ ਨੇ ਤਾਂ ਮੈਨੂੰ ਸਮਝਿਆ ਹੀ ਕੁਛ ਨਹੀਂ। ਮੈਂ ਬੜਾ ਸੰਨਿਆਸੀ ਹਾਂ, ਮੈਂ ਕਵੀ ਹਾਂ, ਮੈਂ ਵੱਡੀ ਕੁਲ ਨਾਲ ਸਬੰਧ ਰੱਖਣ ਵਾਲਾ ਹਾਂ, ਵੱਡੀ ਸੰਪਰਦਾ ਨਾਲ ਮੇਰਾ ਸਬੰਧ ਹੈ; ਗਿਆਨੀ ਹਾਂ ਮੈਂ, ਗੁਣੀ ਹਾਂ, ਸੂਰਮਾ ਹਾਂ, ਮੈਂ ਦਾਤਾ ਹਾਂ; ਕਿੰਨੀਆ ਗੱਲਾਂ ਮਹਾਰਾਜ ਨੇ ਕਹਿ ਦਿਤੀਆਂ –

***ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥***
***ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥***

***ਅੰਗ – 974***

ਇਹ ਬੁਧਿ ਨਹੀਂ ਜਾਂਦੀ ਸਾਡੇ ਵਿਚੋਂ। ਸਦਾ ਸਾਵਧਾਨ ਹੋਣਾ ਪੈਂਦੈ, warning (ਚਿਤਾਵਨੀ) ਹੈ ਗੁਰੂ ਸਾਹਿਬ ਵਿਚ ਕਿਉਂਕਿ ਇਨ੍ਹਾਂ ਨੇ ਸਾਨੂੰ ਪਾਰ ਲੈ ਕੇ ਜਾਣੈ। ਪਰ ਲੈ ਕੇ ਤਾਂ ਜਾਣਗੇ, ਜੇ ਬਾਣੀ ਦੀ ਵਿਚਾਰ ਕਰਾਂਗੇ। ਮਸਲਾ ਬੜਾ ਜ਼ਬਰਦਸਤ ਹੈ। ਇਹਦੇ ਵਿਚ ਸਭ ਖਪ ਗਏ –

***ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ ॥***
***ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ ॥***

***ਅੰਗ – 1375***

ਵਿਚੋਂ ਸੱਚ ਨਿਕਲਦਾ ਹੀ ਨਹੀਂ ਪਾਸੇ; ਝੂਠ ਨਾਲ ਏ ਰਲਿਆ ਪਿਐ। ਸੋ ਇਹ ਸਾਰੇ ਬੰਧਨ ਨੇ –

***ਕਰਮ ਧਰਮ ਸਭਿ ਬੰਧਨਾ ਪਾਪ ਪੁੰਨ ਸਨਬੰਧੁ ॥***
***ਮਮਤਾ ਮੋਹੁ ਸੁ ਬੰਧਨਾ ਪੁਤ੍ਰ ਕਲਤ੍ਰ ਸੁ ਧੰਧੁ ॥***
***ਜਹ ਦੇਖਾ ਤਹ ਜੇਵਰੀ ਮਾਇਆ ਕਾ ਸਨਬੰਧੁ ॥ ਅੰਗ– 551***

ਮਹਾਰਾਜ ਕਹਿੰਦੇ, ਜਿਧਰ ਦੇਖਦੇ ਹਾਂ, ਹਥਕੜੀਆਂ ਹੀ ਹਥਕੜੀਆਂ ਨੇ – 'ਮਾਇਆ ਕਾ ਸਨਬੰਧੁ॥' ਐਸ ਤਰ੍ਹਾਂ ਜੀਵ ਫਸਦੈ। ਇਹ ਜਿਹੜਾ ਝੂਠੀ 'ਮੈਂ' ਦਾ ਅਧਿਆਸ ਪੱਕ ਗਿਆ, ਇਹ ਨਿਕਲਦਾ ਨਹੀਂ ਹੈ ਜਦ ਤਾਈਂ ਅਸਲੀ 'ਮੈਂ' ਨੂੰ ਨਹੀਂ ਪਛਾਣਦਾ।

ਇਕ ਵਾਰੀ ਇਕ ਸ਼ਹਿਰ ਦੇ ਅੰਦਰ ਇਕ ਮਹਾਤਮਾ ਜਾਇਆ ਕਰਦੇ ਸੀ। ਉਥੇ ਇਕ ਪੇਂਜਾ ਸੀ - ਰੂੰ ਪਿੰਜਣ ਵਾਲਾ। ਬਹੁਤ ਵਧੀਆ ਰੂੰ ਪਿੰਜਿਆ ਕਰਦਾ ਸੀ, ਤੇ ਸੰਤ, ਪ੍ਰੇਮੀਆਂ ਨੂੰ ਕਹਿ ਦਿਆ ਕਰੇ ਸੀ ਕਿ ਸੰਗਤਾਂ ਸੀ ਸੇਵਾ ਕਰਨੀ ਐਂ, ਠੰਢ ਆ ਗਈ ਤੇ ਰਜ਼ਾਈਆਂ ਦੇਣੀਆਂ ਨੇ। ਉਹਦੇ ਵਾਸਤੇ ਉਸ ਪੇਂਜੇ ਕੋਲ ਜਾ ਕੇ ਰਜ਼ਾਈਆਂ ਭਰਾਇਆ ਕਰਦੇ ਸੀ। ਰੂੰ ਪਿੰਜਾਉਣੀ ਤੇ ਉਥੇ ਹੀ ਨਗੰਦਣੀਆਂ; ਬਹੁਤ ਵਧੀਆਂ ਪਸੰਦ ਆਉਂਦੀਆਂ ਸੀ। ਇਕ ਵਾਰੀ ਕੀ ਹੋਇਆ ਕਿ ਰਾਜੇ ਤਕ ਵੀ ਉਹਦੀ ਗੱਲ ਪਹੁੰਚ ਗਈ। ਰਾਜਾ ਵੀ ਉਹਦੇ ਕੋਲ ਭੇਜਣ ਲੱਗ ਗਿਆ। ਇਕ ਵਾਰੀ ਉਹ ਪੇਂਜਾ ਸੁੱਤਾ ਪਿਐ, ਸੁਪਨਾ ਆ ਗਿਆ ਉਹਨੂੰ ਕਿ ਰਾਜੇ ਨੇ 50 ਗੱਡੇ ਰੂੰ ਦੇ ਭਰ ਕੇ ਭੇਜ ਦਿਤੇ - ਉਹਦੇ ਕੋਲ, ਤੇ ਨਾਲ ਹੁਕਮ ਕਰ ਦਿਤਾ ਕਿ ਐਤਕੀਂ ਕੁੰਭ ਦਾ ਮੇਲਾ ਹੈ, ਉਥੇ ਰਜ਼ਾਈਆਂ ਸੰਤਾਂ ਨੂੰ ਦੇਣੀਆਂ ਨੇ; 50 ਗੱਡਿਆਂ ਦੀਆਂ ਰਜ਼ਾਈਆਂ ਪਿੰਜ ਕੇ ਬਣਾ ਦੇ, ਤੇ ਪੈਸਾ ਤੈਨੂੰ ਇਕ ਨਹੀਂ ਦੇਣਾ। ਐਨਾ ਡੂੰਘਾ ਸੁਪਨਾ ਆਇਆ। ਸਾਧਸੰਗਤ ਜੀ, ਸੁਪਨੇ ਵਿਚ ਜਿਵੇਂ ਦਿਲ ਫੇਲ੍ਹ ਹੋ ਜਾਂਦੈ, ਕਈ ਬੰਦੇ ਮਰ ਜਾਂਦੇਨੇ ਸੁਪਨੇ ਵਿਚ ਹੀ, ਐਨਾਂ ਡਰਹੋ ਜਾਂਦੈਂ। ਸੋ ਸੁਪਨੇ ਵਿਚ ਉਸਦੇ ਦਿਮਾਗ ਤੇ ਅਸਰ ਹੋ ਗਿਆ ਉਹਦਾ। ਉਹ ਜਦੋਂ ਜਾਗਿਆ, ਇਹੀ ਗੱਲ ਕਹੀ ਜਾਵੇ ਕਿ ਮੈਂ ਨਹੀਂ ਮੁਫਤ ਕੰਮ ਕਰ ਸਕਦਾ; ਮੈਂ ਐਨਾ ਕੰਮ ਕਿਵੇਂ ਕਰ ਦੇਵਾਂਗਾ; ਮੇਥੋਂ ਨਹੀਂ ਹੋ ਸਕਦਾ, ਮੈਂ ਕਿਵੇਂ ਐਨੀਆਂ ਰਜ਼ਾਈਆਂ ਦੀ ਰੂੰ ਪਿੰਜ ਦੇਵਾਂਗਾ? ਇਕੋ ਹੀ ਗੱਲ ਕਹੀ ਜਾਇਆ ਕਰੇ। ਕਿਸੇ ਦੀ ਰੂੰ ਆਵੇ, ਕਹਿੰਦਾ, ਮੈਂ ਨਹੀਂ ਪਿੰਜ ਸਕਦਾ, ਪੰਜਾਹ ਗੱਡੇ ਮੈਂ ਕਿਵੇਂ ਪਿੰਜ ਦਊਂ। ਸਾਰਿਆਂ ਨੇ ਸਮਝ ਲਿਆ ਕਿ ਇਹਦਾ ਤਾਂ ਦਿਮਾਗ ਖਰਾਬ ਹੋ ਗਿਆ। ਇਕ ਸਾਲ ਲੰਘ ਗਿਆ। ਇਕ ਸਾਲ ਤੇ ਬਾਅਦ ਮਹਾਤਮਾ ਫੇਰ ਆਏ ਤੇ ਕਹਿਣ ਲੱਗੇ -

"ਉਹ ਪੇਂਜਾ ਕਿਥੇ ਹੈ?"

"ਮਹਾਰਾਜ, ਉਹਦਾ ਦਿਮਾਗ ਫਿਰ ਗਿਆ।"

"ਕਹਿੰਦਾ ਕੀ ਹੈ?"

''ਇਉਂ ਕਹੀ ਜਾਂਦੈ ਕਿ ਮੈਂ 50 ਗੱਡੇ ਰੂੰ ਦੇ ਕਿਵੇਂ ਪਿੰਜ ਦਊਂ।''

ਮਹਾਤਮਾ ਨੇ ਯੋਗ-ਬਲ ਦੇ ਨਾਲ ਦੇਖਿਆ ਕਿ ਇਹਨੂੰ ਤਾਂ ਅਧਿਆਸ ਪੱਕਾ ਹੋ ਗਿਆ। ਸੁਪਨਾ ਆਇਆ ਸੀ, ਸੁਪਨੇ ਦੇ ਵਿਚ ਭੁੱਲ ਗਿਆ ਤੇ ਭੁੱਲੇ ਹੋਏ ਨੂੰ ਅਧਿਆਸ ਪੱਕ ਗਿਆ ਤੇ ਹੁਣ ਇਹ ਗੱਲ ਕਹੀ ਜਾਂਦੈ। ਕਿਸੇ ਜੁਗਤ ਨਾਲ ਉਹਨੂੰ ਠੀਕ ਕਰੀਏ। ਬੁਲਾ ਕੇ ਲਿਆਂਦਾ ਤੇ ਕਹਿਣ ਲੱਗੇ -

''ਪ੍ਰੇਮੀਆਂ! ਉਹ ਰਾਜੇ ਨੇ ਤੈਨੂੰ ਜਿਹੜੀ ਰੂੰ ਭੇਜੀ ਸੀ, ਉਹਦਾ ਤੈਨੂੰ ਪਤੈ ਕੀ ਬਣਿਆ?''

''ਕੀ ਬਣਿਆ ਜੀ?''

''ਅਸੀਓਂ ਭੇਜੀ ਸੀਗੀ, ਰਾਜੇ ਨੇ ਨਹੀਂ ਸੀ ਭੇਜੀ। ਅਸੀਂ ਕਿਹਾ ਕਿ ਤੇਰੀ ਸੇਵਾ ਹੋ ਜਾਏਗੀ ਤੇ ਜਦ ਰੂੰ ਆ ਰਹੀ ਸੀ, ਇਕ ਜਿਹੜਾ ਮੂਹਰਲਾ ਸੀ ਬੰਦਾ, ਉਹਨੇ ਅੱਗ ਜਾਲੀ ਤੇ ਉਹਦੇ ਗੱਡੇ ਨੂੰ ਲੱਗ ਗਈ। ਹਵਾ ਚਲਦੀ ਸੀ ਤੇਜ਼, 50 ਏ ਗੱਡੇ ਰੂੰ ਦੇ ਮਚ ਗਏ, ਬਲਦ-ਬੁਲਦ ਤੇ ਆਦਮੀ ਮਸਾਂ ਛਾਲਾਂ ਮਾਰ ਕੇ ਬਚੇ।''

''ਅੱਛਾ ਮਹਾਰਾਜ! ਜਲ ਗਈ ਰੂੰ?''

''ਹਾਂ, ਉਹ ਤਾਂ ਸਾਰੀ ਜਲ ਗਈ।''

''ਹੁਣ?''

''ਹੁਣ ਤਾਂ ਅਸੀਂ ਤੇਥੋਂ ਪੈਸੇ ਦੇ ਕੇ ਕਰਾਇਆ ਕਰਾਂਗੇ ਕੰਮ। ਮੁਫਤ ਨਹੀਂ ਕਰਾਉਣਾ ਹੁਣ।'' ਉਸੇ ਵੇਲੇ ਉਹਦਾ ਦਿਮਾਗ ਸੈਟ ਹੋ ਗਿਆ। ਇਹਨੂੰ 'ਅਧਿਆਸ' ਕਹਿੰਦੇ ਨੇ। spiriuality (ਰੂਹਾਨੀਅਤ) ਦਾ ਅੱਖਰ ਹੈ - 'ਅਧਿਆਸ', ਬਾਰ-ਬਾਰ ਖਿਆਲ ਦੇ ਨਾਲ ਕੋਈ ਖਿਆਲ ਪੱਕ ਜਾਣਾ। ਸੋ ਇਹ ਖਿਆਲ ਸਾਨੂੰ ਪੱਕ ਗਿਆ 'ਮੈਂ' ਦਾ, ਜੋ ਉਤਰਦਾ ਨਹੀਂ।

ਸੋ ਮਹਾਰਾਜ ਕਹਿਣ ਲੱਗੇ, ''ਬੁੱਧੂ ਸ਼ਾਹ, ਇਸ ਤਰ੍ਹਾਂ ਦੇ ਨਾਲ ਇਹ ਝੂਠ ਛੱਡਿਆ ਨਹੀਂ ਜਾਂਦਾ।'' ਕਹਿਣ ਲੱਗਿਆ, ''ਮੈਨੂੰ ਸੱਚੇ ਪਾਤਸ਼ਾਹ, ਖੋਲ੍ਹ ਕੇ ਦਰਸ਼ਨ ਕਰਾਓ ਕਿ ਕੂੜੀ ਮੈਂ ਹਟੇ ਕਿਵੇਂ?

ਸੱਚੀ ਮੈਂ ਦੇ ਦਰਸ਼ਨ ਕਿਵੇਂ ਹੋਣ? ਆਪ ਕ੍ਰਿਪਾ ਕਰੋ।" ਮਹਾਰਾਜ ਕਹਿੰਦੇ, "ਦੇਖ, ਜੇ ਸੱਚੀਂ ਮੈਂ ਦੇ ਦਰਸਨ ਹੋ ਜਾਣ, ਫੇਰ ਕੂੜੀ ਮੈਂ ਆਪੇ ਹਟ ਜਾਏਗੀ, ਜਿਵੇਂ ਸੂਰਜ ਚੜ੍ਹੇ ਤੇ ਹਨ੍ਹੇਰਾ ਖਤਮ ਹੋ ਜਾਂਦੈ। ਤੂੰ ਚਾਲੀਸੇ ਕੱਟੇ; ਇਹ ਹਨ੍ਹੇਰਾ ਹੋਰ ਵਧ ਗਿਆ ਤੇ ਜਦ ਸੱਚ ਦਾ ਸੂਰਜ ਚੜ੍ਹ ਜਾਣੈ ਤਾਂ ਹਨ੍ਹੇਰਾ ਆਪੇ ਹੀ ਹਟ ਜਾਣੈ। ਉਪਾਉ ਇਹਦਾ ਹੈਗਾ - ਸਤਿਸੰਗ, ਪਰ ਤੂੰ ਸਤਿਸੰਗ ਵਿਚ ਨਿਰਮਾਣ ਹੋ ਕੇ ਨਹੀਂ ਆਇਆ; ਕੂੜ ਦੀ ਸੰਜੋਅ ਪਹਿਨ ਕੇ ਆਇਐਂ, ਝੂਠ ਦਾ ਚੋਲਾ ਪਹਿਨ ਕੇ ਆਇਐਂ - ਮੈਂ ਪੀਰ ਹਾਂ, ਮੇਰੇ ਚੇਲੇ ਨੇ।"

"ਫੇਰ ਮਹਾਰਾਜ, ਮੈਨੂੰ ਹੁਣ ਕਿਸੇ ਰਸਤੇ ਪਾਓ।"

"ਪਹਿਲਾਂ ਹਉਮੈ ਦੇ ਬੰਧਨਾਂ ਨੂੰ ਸਮਝ ਲੈ। ਜਦ ਤਕ ਤੂੰ ਹਉਮੈ ਦੇ ਬੰਧਨ ਨਹੀਂ ਸਮਝਦਾ, ਓਨੀ ਦੇਰ ਤਕ ਤੈਨੂੰ ਰਸਤਾ ਨਹੀਂ ਲੱਭਣਾ" -

***ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥***
***ਨਾਨਕ ਹੁਕਮੀ ਲਿਖੀਐ ਲੇਖੁ ॥ ਜੇਹਾ ਵੇਖਹਿ ਤੇਹਾ ਵੇਖੁ ॥***

***ਅੰਗ- 466***

ਜੇ ਹਉਮੈ ਵਿਚ ਦੇਖੇਂਗਾ, ਤਾਂ ਹੋਰ ਤਰ੍ਹਾਂ ਨਜ਼ਰ ਆਊ; ਜੇ ਹਉਮੈ ਤੋਂ ਰਹਿਤ ਹੋ ਕੇ ਦੇਖੇਂਗਾ, ਤਾਂ -

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥***
***ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥***

***ਅੰਗ- 610***

ਕਿਉਂਕਿ ਹਉਮੈ ਤੋਂ ਦੂਰ ਹੋ ਕੇ ਦੇਖਿਐ -

***ਨਾ ਕੋ ਮੂਰਖੁ ਨਾ ਕੋ ਸਿਆਣਾ ॥ ਵਰਤੈ ਸਭ ਕਿਛੁ ਤੇਰਾ ਭਾਣਾ ॥***

***ਅੰਗ - 598***

ਹਉਮੈ ਵਾਲਾ ਕਹਿੰਦੈ ਕਿ ਮੂਰਖ ਵੀ ਹੈਗੇ, ਸਿਆਣੇ ਵੀ ਹੈਗੇ, ਕਿਉਂਕਿ ਫਰਕ ਪੈ ਗਿਆ। ਮਹਾਰਾਜ ਕਹਿੰਦੇ, "ਇਹ ਹੀ ਚੀਜ਼ ਹੈ ਬੁੱਧੂ ਸ਼ਾਹ! ਜਿਹੜੀ ਪਰਮੇਸ਼ਰ ਨੂੰ ਦੇਖਣ ਨਹੀਂ ਦਿੰਦੀ। ਪਰਮੇਸ਼ਰ ਨਾਲ ਰਹਿੰਦੈ, ਤੇਰਾ ਆਪਣਾ ਆਪਾ ਹੀ ਹੈ; ਜਿਹੜਾ

ਤੂੰ ਰੂਹ ਹੈਂ, ਉਹ ਸੱਚੀ ਰੂਹ ਹੈ ਲੇਕਿਨ ਉਹਦੇ ਤੇ ਪੜਦਾ ਝੂਠ ਨੇ ਪਾ ਦਿਤਾ।" ਇਉਂ ਫੁਰਮਾਉਂਦੇ ਨੇ -

***ਧਾਰਨਾ - ਹਉਂ ਹਉਂ ਭੀਤਿ ਭਇਓ ਹੈ ਬੀਚੋ,***
***ਸੁਨਤ ਦੇਸ ਨਿਕਟਾਇਓ ਜੀ - 2, 2***

"ਬਿਲਕੁਲ ਨੇੜੇ ਹੈ ਰੱਬ ਦਾ ਦੇਸ। ਇਹ ਨ ਕਹਿ ਕਿ ਸੱਤਵੇਂ ਆਸਮਾਨ ਤੇ ਬੈਠੈ ਜਾਂ ਕਿਤੇ ਦੂਰ-ਦਰਾਜ਼ ਬੈਠੈ, ਜੋ ਸਾਡੀ ਆਵਾਜ਼ ਨੀਂ ਸੁਣਦਾ। ਕਿਵੇਂ ਕਹਿੰਦੀ ਏ ਬਾਣੀ, ਧਿਆਨ ਦੇ ਕੇ ਦੇਖੋ।" ਕਬੀਰ ਸਾਹਿਬ ਕਹਿੰਦੇ ਨੇ - ਵਿਅੰਗ ਨਾਲ -

***ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ॥***
***ਅੰਗ - 1375***

ਮੈਂ ਹੱਜ ਕਰਨ ਚੱਲ ਪਿਆ, ਰਾਹ ਵਿਚ ਮੈਨੂੰ ਖੁਦਾ ਮਿਲ ਗਿਆ। ਖੁਦਾ ਮਿਲਿਆ ਤਾਂ ਉਹਨੇ ਮੇਰੇ ਨਾਲ ਪਿਆਰ ਨਹੀਂ ਕਰਿਆ, ਮੈਨੂੰ ਪੁਚਕਾਰਿਆ ਨੀਂ; ਅੱਗੇ ਮੇਰੇ ਨਾਲ ਪਿਆਰ ਪ੍ਰੇਮ ਨਾਲ ਗੱਲ ਕਰਦਾ ਸੀ। ਪਰ ਹੁਣ -

***ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨ੍ਹਿ ਫੁਰਮਾਈ ਗਾਇ ॥***
***ਅੰਗ - 1375***

ਮੇਰੇ ਨਾਲ ਬਦੋ-ਬਦੀ ਲੜ ਪਿਆ ਰੱਬ, ਕਹਿੰਦਾ - 'ਤੁਝੈ ਕਿਨਿ ਫੁਰਮਾਈ ਗਾਇ॥' ਤੈਨੂੰ ਕੀਹਨੇ ਦੱਸ ਦਿਤਾ ਕਿ ਮੈਂ ਕਿਸੇ ਖਾਸ ਥਾਂ ਤੇ ਰਹਿਨਾਂ, ਦੂਰ-ਦਰਾਜ਼ ਰਹਿਨਾਂ। ਤੂੰ ਜਾਣਦਾ-ਬੁਝਦੈਂ, ਮੈਂ ਤੇਰੇ ਨਾਲ, ਤੇਰੇ ਅੰਦਰ ਰਹਿਨਾਂ; ਜਿਥੇ ਤੂੰ ਰਹਿਨੈ, ਉਥੇ ਮੈਂ ਰਹਿਨਾਂ। ਤੂੰ ਮੈਨੂੰ ਭਾਲਣ ਵਾਸਤੇ ਉਥੇ ਕਿਉਂ ਜਾਨੈ -

***ਧਨ ਪਿਰ ਕਾ ਇਕ ਹੀ ਸੰਗਿ ਵਾਸਾ...............॥ ਅੰਗ- 1263***

ਆਪਾਂ ਦੋਵੇਂ ਇਕੱਠੇ ਰਹਿੰਦੇ ਹਾਂ, ਤੂੰ ਮੈਨੂੰ ਭਾਲਣ ਵਾਸਤੇ ਓਥੇ ਜਾਂਦੈਂ -

***ਕਾਹੇ ਰੇ ਬਨ ਖੋਜਨ ਜਾਈ ॥***
***ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥ਰਹਾਉ ॥***
***ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥***
***ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥***
***ਅੰਗ- 684***

ਜਿਵੇਂ ਸ਼ੀਸ਼ੇ ਦੇ ਅੰਦਰ ਪਰਛਾਵਾਂ ਹੁੰਦੈ, ਜਿਵੇਂ ਫੁੱਲ ਦੇ ਅੰਦਰ ਵਾਸ਼ਨਾ ਹੁੰਦੀ ਹੈ - 'ਤੈਸੇ ਹੀ ਹਰਿ ਬਸੇ ਨਿਰੰਤਰਿ ਤੇਰੇ ਅੰਦਰ ਵਸਦੈ। ਐਨਾ ਕੁ ਤਾਂ ਵਿਸ਼ਵਾਸ਼ ਕਰ ਲੈ। ਇਹ ਵਿਸ਼ਵਾਸ਼ ਨਹੀਂ ਸਾਥੋਂ ਹੁੰਦਾ ਕਿ ਵਾਹਿਗੁਰੂ ਮੇਰੇ ਅੰਦਰ ਹੈ। ਜੇ ਕਿਤੇ ਵਿਸ਼ਵਾਸ਼ ਹੋ ਜਾਵੇ, ਕਦੇ ਵੀ ਆਦਮੀ ਗਲਤ ਕੰਮ ਨਹੀਂ ਕਰੇਗਾ ਕਿਉਂਕਿ ਪਤਾ ਹੈ ਕਿ ਮੇਰੇ ਅੰਦਰ ਰਹਿੰਦੈ - ਕਰੋੜਾਂ ਬ੍ਰਹਿਮੰਡਾਂ ਦਾ ਮਾਲਕ। ਉਹ ਤਾਂ ਦੇਖਦੈ, ਸੁਣਦੈ, ਮੇਰੇ ਨਾਲ ਰਹਿੰਦੈ। ਫੇਰ ਉਹ ਕੋਈ ਡਰਾਉਣਾ ਨਹੀਂ ਹੈ। ਉਹ ਤਾਂ ਪਿਆਰ ਹੈ, ਪਿਆਰ ਕਰਦੈ - Love is god, God is love. ਜਿਹੜਾ ਪਿਆਰਾ ਹੈ ਉਹਨੂੰ ਅਸੀਂ ਭੁੱਲ ਜਾਂਦੇ ਹਾਂ -

***ਮਿਹਰਵਾਨੁ ਸਾਹਿਬੁ ਮਿਹਰਵਾਨੁ ॥ ਸਾਹਿਬੁ ਮੇਰਾ ਮਿਹਰਵਾਨੁ ॥***
***ਜੀਅ ਸਗਲ ਕਉ ਦੇਇ ਦਾਨੁ ॥ ਰਹਾਉ ॥ ਅੰਗ - 724***

ਜਿਹੜਾ ਸਾਰਿਆਂ ਨੂੰ ਦਾਨ ਦਿੰਦੈ, ਪਾਪੀਆਂ ਨੂੰ ਵੀ ਪਾਲਦੈ, ਪੁੰਨੀਆਂ ਨੂੰ ਵੀ ਪਾਲਦੈ, ਫੇਰ ਉਹਦੇ ਨਾਲ ਤਾਂ ਪਿਆਰ ਚਾਹੀਦੈ। ਕਹਿੰਦੇ, ਉਹ ਤਾਂ ਤੇਰੇ ਨਾਲ ਰਹਿੰਦੈ -

***ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥***
***ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥***
***ਅੰਗ - 684***

ਅੰਦਰ ਵੀ ਤੇ ਬਾਹਰ ਵੀ ਇਕੋ ਹੀ ਜਾਣੋ; ਗੁਰੂ ਦਾ ਗਿਆਨ ਇਹ ਦੱਸਦੈ। ਲੇਕਿਨ ਫੇਰ ਓਹੀ ਸਵਾਲ ਆ ਗਿਆ -

***ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥***
***ਅੰਗ - 684***

ਇਹ ਜਿਹੜੀ ਹਉਮੈ ਦੀ ਲਕੀਰ ਪੈ ਗਈ, ਇਹ ਮਿਟਦੀ ਨਹੀਂ -

***ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥ ਅੰਗ - 624***

ਐਨਾ ਕੁ ਪੜਦਾ ਹੈ, ਜਿੰਨਾ ਕੁ ਪਲਾਸਟਿਕ ਦਾ ਪਤਲੇ ਤੋਂ ਪਤਲਾ ਕਾਗਜ਼ ਹੁੰਦੈ।

ਸੋ ਮਹਾਰਾਜ ਕਹਿਣ ਲੱਗੇ, "ਬੁੱਧਸ਼ਾਹ! ਇਹ ਸਾਰੀ ਬਿਮਾਰੀ ਜਿਹੜੀ ਹੈ ਨ ਸੰਸਾਰ ਦੇ ਅੰਦਰ, ਹਉਮੈ ਦੀ ਹੈ, ਜਿਹੜੀ ਪਰਮੇਸ਼ਰ ਨੂੰ ਮਿਲਣ ਨਹੀਂ ਦਿੰਦੀ" –

***ਧਾਰਨਾ – ਸਾਰੇ ਜੱਗ ਨੂੰ ਹਰੀ ਦੇ ਨਾਲੋਂ ਤੋੜਿਆ,***
***ਹਉਮੈ ਵਾਲਾ ਰੋਗ ਹੈ ਬੁਰਾ – 2, 2.***

***ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥***
***ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥***
***ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥***

***ਅੰਗ – 466***

"ਬੁੱਧੂਸ਼ਾਹ! ਸਾਰੀ ਵਿਚਾਰ ਜੋ ਆਪਾਂ ਕਰੀ ਐ, ਉਹ ਇਹ ਹੈ ਕਿ ਬੰਦਾ ਝੂਠ ਦੇ ਨਾਲ ਪਰਚਿਆ ਹੋਇਐ; ਸੱਚ ਨੂੰ ਚਾਹੁੰਦਾ ਨਹੀਂ ਹੈ। ਜਿੰਨਾ ਚਿਰ ਇਹ ਸੱਚ ਨੂੰ ਨਹੀਂ ਚਾਹੁੰਦਾ, ਓਨੀ ਦੇਰ ਤਕ ਇਹਨੂੰ ਸੱਚ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ। ਸੋ ਇਸ ਤਰ੍ਹਾਂ ਹੁਕਮ ਪਛਾਣ। ਜਦ ਤਕ ਹੁਕਮ ਨਹੀਂ ਪਛਾਣਦਾ, ਓਨਾਂ ਚਿਰ ਹਉਮੈ ਨਹੀਂ ਹਟਿਆ ਕਰਦੀ। ਦੂਜਾ ਇਹ ਕਿ ਹਉਮੈ ਨੂੰ ਆਪਣੇ ਆਪ ਨਹੀਂ ਕੋਈ ਹਟਾ ਸਕਦਾ – ਸੰਸਾਰ ਵਿਚ। ਅੱਜ ਤਕ ਤਾਂ ਕੋਈ ਨਹੀਂ ਆਇਆ ਜਿਹੜਾ ਆਪਣੇ ਆਪ ਹੀ ਹਟਾ ਲਵੇ। ਹਉਮੈ ਗੁਰੂ ਦੀ ਕਿਰਪਾ ਨਾਲ ਹਟਦੀ ਹੈ" –

***ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥***
***ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥***

***ਅੰਗ – 466***

***ਬਿਨੁ ਭਾਗਾ ਐਸਾ ਸਤਿਗੁਰੁ ਨ ਪਾਈਐ...............॥***

***ਅੰਗ – 490***

ਦੂਜੀ ਗੱਲ ਹੈ ਕਿ ਭਾਗਾਂ ਦਾ ਸਵਾਲ ਆ ਗਿਆ –

***ਜਿਨ ਮਸਤਕਿ ਧੁਰਿ ਹਰਿ ਲਿਖਿਆ***
***ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥ ਅੰਗ– 450***

ਭਾਗ ਹੋਣ ਤਾਂ ਸਤਿਗੁਰ ਮਿਲ ਜਾਵੇ –

***ਬਿਨੁ ਭਾਗਾ ਐਸਾ ਸਤਿਗੁਰੁ ਨ ਪਾਈਐ ਜੇ ਲੋਚੈ ਸਭੁ ਕੋਇ ॥***

***ਕੂੜੈ ਕੀ ਪਾਲਿ ਵਿਚਹੁ ਨਿਕਲੈ ਤਾ ਸਦਾ ਸੁਖੁ ਹੋਇ ॥***
***ਅੰਗ - 490***

ਜਿਹੜਾ ਕੂੜ ਦੀ ਕੰਧ ਤੋੜ ਦੇਵੇ, ਐਸਾ ਸਤਿਗੁਰੂ ਨਹੀਂ ਮਿਲਦਾ। ਜੇ ਮਿਲ ਜਾਵੇ -

***ਨਾਨਕ ਐਸੇ ਸਤਿਗੁਰ ਕੀ ਕਿਆ***
***ਓਹੁ ਸੇਵਕੁ ਸੇਵਾ ਕਰੇ ਗੁਰ ਆਗੈ ਜੀਉ ਧਰੇਇ ॥ ਅੰਗ - 490***

ਹੁਣ ਏਥੇ ਸਾਡੀ sacrifice (ਕੁਰਬਾਨੀ) ਦਾ ਸਵਾਲ ਆ ਜਾਂਦੈ ਕਿ ਜੇ ਐਹੋ ਜਿਹਾ ਗੁਰੂ ਮਿਲ ਜਾਵੇ, ਫੇਰ ਉਹਦੀ ਸੇਵਾ ਕੀ ਕਰੇ? ਆਪਣਾ ਆਪ ਸੌਂਪ ਦਿਉ ਗੁਰੂ ਨੂੰ, surrender (ਹਵਾਲੇ) ਕਰ ਦਿਓ ਕਿ -

***ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥***
***ਅੰਗ - 1375***
***ਸਤਿਗੁਰ ਕਾ ਭਾਣਾ ਚਿਤਿ ਕਰੇ ਸਤਿਗੁਰੁ ਆਪੇ ਕ੍ਰਿਪਾ ਕਰੇਇ ॥***
***ਅੰਗ - 490***

ਜਿਹੜਾ ਕੁਛ ਭਾਉਂਦਾ ਹੈ ਉਹਨੂੰ, ਉਹ ਮੰਨ ਜਾਵੇ - ਖੁਸ਼ ਹੋ ਕੇ। ਜਦੋਂ ਅਸੀਂ ਖੁਸ਼ ਹੋ ਕੇ ਮੰਨ ਲਵਾਂਗੇ, ਫੇਰ -

***ਹੁਕਮੁ ਪਛਾਣਿ ਤਾ ਖਸਮੈ ਮਿਲਣਾ॥ ਅੰਗ - 92***

ਜਦੋਂ ਹੁਕਮ ਨੂੰ ਪਛਾਣ ਲਿਆ, ਫੇਰ ਖਸਮ ਨੂੰ ਮਿਲੀਦੈ।

***ਹੁਕਮੈ ਬੂਝੈ ਤਤੁ ਪਛਾਣੈ॥ ਅੰਗ - 1289***

ਜਦੋਂ ਅਸੀਂ ਤੱਤ ਨੂੰ ਪਛਾਣ ਕੇ ਹੁਕਮ ਬੁੱਝਦੇ ਹਾਂ, ਫੇਰ -

***ਇਹੁ ਪਰਸਾਦੁ ਗੁਰੂ ਤੇ ਜਾਣੈ॥ ਅੰਗ - 1289***

ਗੁਰੂ ਦੀ ਕਿਰਪਾ ਹੋਵੇ, ਤਾਂ ਇਹ ਹੋਇਆ ਕਰਦੈ -

***ਧਾਰਨਾ - ਹੁਕਮੈ ਅੰਦਰ ਸਭ ਕੋ, ਬਾਹਰ ਹੁਕਮ ਨ ਕੋਇ - 2, 2.***

"ਬੁੱਧੂ ਸ਼ਾਹ! ਜਿਥੇ 'ਮੈਂ' ਹੈ, ਉਥੇ ਹੁਕਮ ਨਹੀਂ ਹੋਇਆ ਕਰਦਾ; ਜਦੋਂ 'ਮੈਂ' ਮਰ ਗਈ, ਫੇਰ ਹੁਕਮ ਦੀ ਪਛਾਣ ਆਉਂਦੀ ਹੈ -

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ ਅੰਗ - 1***

ਇਹ ਕੰਧ ਕਿਵੇਂ ਟੁੱਟੇ? ਇਕੋ ਲਾਇਨ ਵਿਚ ਜਵਾਬ ਹੈ –

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ ਅੰਗ – 1***

'ਹੁਕਮ' ਤੇ 'ਰਜ਼ਾ' ਨੂੰ ਸਮਝ ਲੈ, ਤੇ ਇਹ ਤੇਰੇ ਨਾਲ ਲਿਖਿਆ ਹੋਇਐ –

***ਹੁਕਮੁ ਪਛਾਣਿ ਤਾ ਖਸਮੈ ਮਿਲਣਾ॥ ਅੰਗ – 92***

***ਹੁਕਮੈ ਬੂਝੈ ਤਤੁ ਪਛਾਣੈ॥ ਇਹੁ ਪਰਸਾਦੁ ਗੁਰੂ ਤੇ ਜਾਣੈ॥***
***ਅੰਗ – 1289***

ਸੋ ਇਸ ਤਰ੍ਹਾਂ ਹੁਕਮ ਦੀ ਪਛਾਣ ਜਿੰਨੀ ਦੇਰ ਤਕ ਨਹੀਂ ਆਉਂਦੀ, ਓਨੀ ਦੇਰ ਤੱਕ ਹਉਮੈ ਦਾ ਨਾਸ਼ ਨਹੀਂ ਹੋਇਆ ਕਰਦਾ –

***ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ ਅੰਗ – 1***

ਇਉਂ ਫੇਰ ਹਉਮੈ ਖਤਮ ਹੋ ਜਾਂਦੀ ਹੈ ਕਿਉਂਕਿ ਹੁਕਮ 'ਚ ਆ ਗਿਆ।'' ਮਹਾਰਾਜ ਕਹਿੰਦੇ, ''ਦੇਖ, ਹੁਕਮੀ ਪਰੀਪੂਰਨ ਹੈ ਨ – ਵਾਹਿਗੁਰੂ! ਕੋਈ ਐਸਾ ਥਾਂ ਨਹੀਂ ਹੈ, ਜਿਥੇ ਉਹ ਨ ਮੌਜੂਦ ਹੋਵੇ। ਅਸੀਂ ਇਉਂ ਨਹੀਂ ਕਹਿ ਸਕਦੇ ਕਿ ਐਨੀ ਦੂਰ ਹੈ – ਉਹ ਬੇਅੰਤ ਪਰ੍ਹੇ ਤੋਂ ਪਰ੍ਹੇ ਹੈ। ਜਿਥੇ ਉਹ ਹੈ, ਉਥੇ ਉਸ ਹੁਕਮੀ ਦਾ ਹੁਕਮ ਵੀ ਪੂਰਨ ਹੈ। ਇਹ ਸਾਡੇ ਸਰੀਰ ਵਿਚ, ਸਾਡੇ ਮਨ ਵਿਚ ਹੁਕਮ ਹੈ, ਪੰਜਾਂ ਗਿਆਨ ਇੰਦਰਿਆਂ ਵਿਚ ਹੁਕਮ ਹੈ, ਕਰਮ ਇੰਦਰਿਆਂ ਵਿਚ ਹੁਕਮ ਹੈ, ਬੁੱਧੀ 'ਚ ਹੁਕਮ ਹੈ, ਸਰੀਰ 'ਚ ਹੁਕਮ ਹੈ, ਸੁਭਾਅ 'ਚ ਹੁਕਮ ਹੈ, ਸਭ ਵਿਚ ਹੁਕਮ ਹੈ। ਜਿਥੇ ਤੂੰ ਹੈਂ, ਉਥੇ ਨਾਲ ਹੀ ਹੁਕਮ ਲਿਖਿਆ ਹੋਇਐ – 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥' ਕਿਉਂਕਿ ਕੋਈ ਥਾਂ ਐਸਾ ਨਹੀਂ, ਜਿਥੇ ਹੁਕਮ ਨਹੀਂ ਲਿਖਿਆ। ਜੋ ਕੁਛ ਹੋ ਰਿਹੈ, ਸਭ ਉਹਦੇ ਹੁਕਮ ਨਾਲੇ ਹੋ ਰਿਹੈ। ਆਦਮੀ ਦਾ ਤਾਣ ਕੋਈ ਨਹੀਂ ਹੈ।'' ਜੀਵ ਦਾ ਤਾਣ ਕੀ ਹੈ? ਕਹਿੰਦੇ –

***ਆਖਣਿ ਜੋਰੁ ਚੁਪੈ ਨਹ ਜੋਰੁ ॥***

***ਜੋਰੁ ਨ ਮੰਗਣਿ ਦੇਣਿ ਨ ਜੋਰੁ ॥***
***ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥***
***ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥***
***ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥***
***ਜੋਰੁ ਨ ਜੁਗਤੀ ਛੁਟੈ ਸੰਸਾਰੁ ॥*** ***ਅੰਗ - 7***

ਜ਼ੋਰ ਹੀ ਜ਼ੋਰ ਹੈ ਸਾਰੇ, ਪ੍ਰਮੇਸ਼ਰ ਦਾ ਹੀ ਹੁਕਮ ਚਲ ਰਿਹੈ। ਇਹਨੂੰ ਬੁੱਝ ਲੈ। ਜਿਥੇ ਵਾਹਿਗੁਰੂ ਰਖਦੈ, ਉਹ ਹੀ ਬੈਕੁੰਠ ਹੈ। ਜਿਵੇਂ ਬਿੱਲੀ ਦਾ ਬੱਚਾ ਹੁੰਦੈ; ਬਿੱਲੀ ਜਿਹੜੇ ਘਰ ਵੀ ਉਹਨੂੰ ਮੂੰਹ ਵਿਚ ਚੱਕ ਕੇ ਲੈ ਜਾਂਦੀ ਹੈ, ਉਹਦੇ ਭਲੇ ਵਾਸਤੇ ਹੀ ਲੈ ਕੇ ਜਾਂਦੀ ਹੈ। ਐਸ ਤਰ੍ਹਾਂ ਨਿਰ-ਸੰਕਲਪ ਹੁੰਦਾ ਜਾਹ। ਜਿੰਨਾਂ-ਜਿੰਨਾਂ ਨਿਰ-ਵਿਕਲਪ ਹੁੰਦਾ ਜਾਵੇਗਾ, ਓਨਾਂ-ਓਨਾਂ ਝੂਠ ਛੁਟਦਾ ਜਾਏਗਾ। ਜਦ ਨਿਰ-ਸੰਕਲਪ ਹੋ ਗਿਆ, ਸੰਕਲਪ ਉਠਣ ਤੋਂ ਹਟ ਗਿਆ, ਉਸੇ ਵੇਲੇ ਤੇਥੋਂ ਝੂਠ ਖਹਿੜਾ ਛੁਡਾ ਜਾਏਗਾ। ਫੇਰ ਝੂਠ ਨਹੀਂ ਆਉਂਦਾ, ਫੇਰ ਸੱਚ ਅੰਦਰ ਪ੍ਰਵੇਸ਼ ਕਰ ਜਾਏਗਾ। ਸੋ ਇਸ ਕਰਕੇ ਇਹਦਾ ਇਲਾਜ ਇਕੋ ਹੀ ਹੈ - ਪਹਿਲਾ ਤਾਂ ਇਹ ਹੈ ਕਿ ਝੂਠ ਜਿਹੜਾ ਮਿੱਠਾ ਲਗਦੈ, ਉਹਨੂੰ ਮਿੱਠਾ ਨ ਮੰਨ -

***ਕੂੜੁ ਮਿਠਾ ਕੂੜੁ ਮਾਖਿਉ ਕੂੜਿ ਡੋਬੇ ਪੂਰੁ ॥*** ***ਅੰਗ - 468***

ਇਹ ਸ਼ਹਿਦ ਵਾਂਗਣ ਮਿੱਠਾ ਲਗਦੈ। ਸਾਰਾ ਸੰਸਾਰ ਝੂਠ ਵਿਚ ਲਗ ਕੇ ਖਰਾਬ ਹੋ ਰਿਹੈ - ਮੇਰੇ ਪੁੱਤਰ, ਮੇਰੀ ਜਾਇਦਾਦ, ਮੇਰੀਆਂ ਕੋਠੀਆਂ, ਮੈਂ ਫਲਾਣਾ ਅਫਸਰ, ਮੈਂ ਐਨੀ ਤਰੱਕੀ ਕਰ ਲਈ, ਮੈਂ ਐਂ ਕਰ ਲਿਆ; ਇਹ ਸਾਰਾ ਹੀ ਝੂਠ ਚੱਲ ਰਿਹੈ। ਥੋੜ੍ਹੇ ਦਿਨਾਂ ਨੂੰ ਦੇਖ ਲਈਂ, ਨ ਤੂੰ, ਤੇ ਨਾ ਮੈਂ, ਕੋਈ ਨਹੀਂ ਏਥੇ ਰਹਿੰਦਾ; ਸਾਰਾ ਹੀ ਸਮਾਜ ਨਸ਼ਟ ਹੋ ਜਾਂਦੈ, ਕੁਛ ਨਹੀਂ ਰਹਿੰਦਾ। ਜੇ ਸੱਚ ਹੋਵੇ ਤਾਂ ਰਹੇ। ਉਹ ਫੇਰ ਨਾਸ਼ ਕਿਉਂ ਹੋ ਜਾਂਦੈ? ਉਹ ਹੈ ਹੀ ਅਜਿਹਾ। ਮਹਾਰਾਜ ਕਹਿੰਦੇ, ਇਹਨੂੰ ਮਾਖਿਓ (ਸ਼ਹਿਦ) ਵਾਂਗ ਮਿੱਠਾ ਮੰਨ ਕੇ ਇਸ ਦੇ ਵਿਚ ਫਸਿਆ ਪਿਐ - ਇਹ ਜੀਵ -

***ਕੂੜੁ ਮਿਠਾ ਕੂੜੁ ਮਾਖਿਉ ਕੂੜਿ ਡੋਬੇ ਪੂਰ ।।*** ***ਅੰਗ - 468***

ਪੂਰਾਂ ਦੇ ਪੂਰ ਡੁੱਬ ਗਏ ਇਸ ਵਿਚ ਫਸਕੇ -

***ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥ 1 ॥ ਅੰਗ – 468***

ਸੋ ਦੂਸਰਾ ਇਲਾਜ ਹੈ ਕਿ ਤੂੰ ਉਸ ਪਾਰਬ੍ਰਹਮ ਪ੍ਰਮੇਸ਼ਰ ਨੂੰ ਸੱਚ ਕਰਕੇ ਜਾਣ ਕਿ ਉਹ ਸੱਚ ਹੈ। ਉਹ ਕਿਸੇ ਥਾਂ ਤੋਂ ਕਦੇ ਪਰ੍ਹੇ ਨੀਂ ਹੁੰਦਾ। ਆਪਾਂ ਇਹ ਨਹੀਂ ਕਹਿ ਸਕਦੇ ਕਿ ਹੈ ਨਹੀਂ –

***ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ॥ ਅੰਗ – 705***

ਪਹਿਲਾਂ ਸੰਸਾਰ ਬਣਾਉਣ ਤੋਂ – 'ਆਦਿ ਸਚੁ' ਜਦ ਸੰਸਾਰ ਬਣਾਇਆ – 'ਜੁਗਾਦਿ ਸਚੁ', ਅੱਜ ਹੁਣ – 'ਹੈ ਭੀ ਸਚੁ', ਜਦੋਂ ਸੰਸਾਰ ਨਹੀਂ ਰਹਿੰਦਾ 'ਨਾਨਕ ਹੋਸੀ ਭੀ ਸਚੁ।' ਉਸ ਸੱਚ ਦੇ ਵਿਚ ਵਿਸ਼ਵਾਸ਼ ਲਿਆ; ਉਹਦੇ ਬਗੈਰ ਬਾਕੀ ਸਭ ਕੂੜ ਹੈ –

***ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ ॥***
***ਨਾਨਕ ਸੋ ਜਨੁ ਸਚਿ ਸਮਾਤਾ ॥ਅੰਗ – 283***

ਜਿਹਨੇ ਇਹਨੂੰ ਸੱਚ ਕਰਕੇ ਨਹੀਂ ਜਾਣਿਆ, ਉਹ ਨੀਂ ਸੱਚ ਵਿਚ ਸਮਾਇਆ ਕਰਦਾ। ਸੋ ਸੱਚ ਦੀ ਪਛਾਣ, ਬੁੱਧੂਸ਼ਾਹ! ਜਿਨਾਂ ਚਿਰ ਤੈਨੂੰ ਨਹੀਂ ਆਉਂਦੀ, ਓਨੀ ਦੇਰ ਤਕ ਪ੍ਰੇਮੀਆਂ, ਇਹ ਬਾਤ ਨਹੀਂ ਬਣਿਆ ਕਰਦੀ।

''ਮਹਾਰਾਜ, ਕਿਰਪਾ ਕਰਕੇ ਮੈਨੂੰ ਸੱਚ ਜਣਾ ਦਿਉ।''

''ਸੱਚ ਨੂੰ ਜਾਣਨ ਵਾਸਤੇ ਕੁਛ ਜ਼ਰੂਰੀ ਗੱਲਾਂ ਨੇ। ਉਹਦੇ ਵਿਚ ਕੁਛ ਚੀਜ਼ਾਂ ਸਮਝਣ ਵਾਲੀਆਂ ਨੇ, ਤਾਂ ਸੱਚ ਨੂੰ ਜਾਣਿਆ ਜਾਂਦੈ –

***ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਅੰਗ – 468***

ਵਾਹਿਗੁਰੂ ਹਿਰਦੇ ਵਿਚ ਹਰ ਵਕਤ ਰਹੇ, ਉਥੇ ਝੂਠ ਨ ਆਵੇ ਕਦੇ। ਫੇਰ ਜਦੋਂ ਸੱਚੇ ਨੇ ਉਥੇ ਰਹਿ ਪੈਣੈ, ਫੇਰ –

***ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥ ਅੰਗ – 468***

ਫੇਰ ਹਿਰਦੇ ਦੀ ਸਚਾਈ ਹੋਵੇ – ਅਡੰਬਰ ਨ ਕੋਈ ਵੀ ਹੋਵੇ; ਜਿਹੋ ਜਿਹਾ ਹੈ – ਉਹੋ ਜਿਹਾ ਹੀ ਰਹੇ। ਜਦੋਂ ਹਿਰਦੇ ਵਿਚ ਪਰਮੇਸ਼ਰ ਆ ਗਿਆ, 'ਵਾਹਿਗੁਰੂ' ਦਾ ਨਿਵਾਸ ਹੋ ਗਿਆ; ਫੇਰ

ਕੀ ਹੋਊ? ਫੇਰ ਕੂੜ ਨੱਠ ਜਾਣੈ, ਕੂੜ ਨੂੰ ਤਾਂ ਥਾਂ ਨਹੀਂ ਉਥੇ ਮਿਲਦੀ। ਸੋ ਪਰਮੇਸ਼ਰ ਨਾਲ ਪਿਆਰ ਕਿੰਨਾਂ ਹੋਵੇ? ਜਿਵੇਂ ਜਿਹਦੇ ਨਾਲ ਸਾਡਾ ਪਿਆਰ ਹੋਵੇ; ਵਾਹਿਗੁਰੂ ਦੇ ਉਤੇ, ਨਿਰੰਕਾਰ ਦੇ ਉਤੇ ਸ਼ਰਧਾ ਹੋਵੇ, ਪਿਆਰ ਹੋਵੇ। ਮਹਾਰਾਜ ਦੱਸਦੇ ਨੇ ਕਿ ਪਿਆਰ ਕਰਿਐ, ਉਹਨੂੰ ਐਂ ਪਤੈ ਕਿ ਜੇ ਉਹ ਪਿਆਰੇ ਦਾ ਕੋਈ ਨਾਂ ਲੈ ਦੇਵੇ ਆ ਕੇ, ਉਹਦਾ ਰੋਮ-ਰੋਮ ਹਰਾ ਹੋ ਜਾਂਦੈ - ਨਾਂ ਸੁਣਦੇ ਸਾਰ; ਪਿਆਰ ਤਾਂ ਉਸੇ ਨੂੰ ਕਹਿੰਦੇ ਨੇ। ਜੇ ਹਿਰਦਾ ਸੱਚਾ ਹੋਇਆ ਤੇ ਉਹਦਾ ਨਿਵਾਸ ਹੋ ਗਿਆ; ਫੇਰ ਝੂਠ ਦੀ ਮੈਲ ਉਤਰ ਜਾਣੀ ਹੈਂ, ਤਨ ਤੇ ਮਨ ਦੋਏ ਅੱਛੇ ਹੋ ਜਾਣੇ ਨੇ, ਦੋਹਾਂ ਦੀ ਮੈਲ ਲਹਿ ਜਾਣੀ ਹੈਂ। ਹੁਣ ਜਾਣਿਆ ਕਿਵੇਂ ਜਾਵੇ ਕਿ ਪਿਆਰ ਹੈ - ਉਹਦੇ ਨਾਲ? ਜਿਹੜਾ ਪਿਆਰ ਹੁੰਦੈ, ਉਹਦਾ ਨਾਂ ਲੈ ਦੇਵੇ ਕੋਈ; ਜਿਵੇਂ ਮਾਲਕ ਨੂੰ ਕੋਈ ਸਰਦਾਰ ਜੀ ਕਹਿੰਦੈ - ਨੌਕਰ, ਕੋਈ ਪਿਤਾ ਜੀ ਕਹਿੰਦੈ, ਕੋਈ ਉਹਦਾ ਨਾਂ ਲੈਂਦੈ; ਜਿਹੋ ਜਿਹਾ ਕਿਸੇ ਦਾ ਦਰਜਾ-ਬਦਰਜਾ ਹੈ, ਉਸੇ ਤਰ੍ਹਾਂ ਹੈ।"

ਅਸੀਂ ਤੁਹਾਨੂੰ ਪ੍ਰੈਕਟੀਕਲੀ (ਉਦਾਹਰਣ ਰੂਪ ਵਿਚ) ਦੱਸਦੇ ਹਾਂ, ਸਾਧ ਸੰਗਤ ਜੀ! ਮਹਾਰਾਜ ਜੀ ਦਾ ਜੇ ਕੋਈ ਨਾਂ ਲੈ ਦਿੰਦਾ ਸੀ, ਸਾਡੇ ਰੋਮ-ਰੋਮ ਵਿਚ ਝਰਨਾਹਟਾਂ ਚੱਲਣ ਲਗ ਜਾਂਦੀਆਂ ਸੀ, ਕਿਉਂਕਿ ਪਿਆਰ ਸੀ - ਸੰਤ ਮਹਾਰਾਜ ਕਹਿ ਦੇਣ, ਕੋਈ ਨਾਂ ਲੈ ਕੇ ਕਹਿ ਦੇਵੇ, ਰਾੜੇ ਵਾਲੇ ਮਹਾਂਪੁਰਸ਼ ਕਹਿ ਦੇਵੇ; ਨਾਂ ਤਾਂ ਅਨੇਕਾਂ ਸਨ ਪਰ ਹਸਤੀ ਤਾਂ ਇਕੋ ਹੀ ਹੈ। ਜਿਹਦੇ ਨਾਲ ਪਿਆਰ ਹੁੰਦੈ, ਉਹਦਾ ਨਾਂ ਲੈਂਦੇ ਸਾਰ ਰੋਮ-ਰੋਮ ਖਿੜ ਜਾਂਦੈ -

***ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥***
***ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥ ਅੰਗ - 468***

ਮਨ ਖਿੜ ਜਾਵੇ - ਜੇ ਕੋਈ ਅੱਲਾ ਕਹਿੰਦੈ ਤਾਂ ਖੇੜਾ ਆ ਜਾਵੇ; ਰਾਮ ਕਹਿੰਦੈ, ਪ੍ਰਭੂ ਕਹਿੰਦੈ, ਗੋਬਿੰਦ ਕਹਿੰਦੈ, ਵਾਹਿਗੁਰੂ ਕਹਿੰਦੈ; ਖੇੜਾ ਆ ਜਾਵੇ। ਅਸੀਂ ਤਾਂ ਸਹਿੰਦੇ ਹੀ ਨਹੀਂ। ਜੇ ਮੰਦਰ ਜਾ ਕੇ ਵਾਹਿਗੁਰੂ-ਵਾਹਿਗੁਰੂ ਕਰੇ, ਉਹ ਕਹਿੰਦੇ ਨੇ ਇਹ ਕੀ ਕਰਿਐ ਤੈਂ? ਗੁਰਦੁਆਰੇ ਕੋਈ ਆ ਕੇ ਰਾਮ-ਰਾਮ ਕਹੇ, ਅਸੀਂ ਨਹੀਂ

ਕਹਿਣ ਦਿੰਦੇ ਕਿਉਂਕਿ ਸਾਡਾ ਪਿਆਰ ਨਹੀਂ ਉਸ ਹਸਤੀ ਦੇ ਨਾਲ। ਪਿਆਰ ਦੇ ਨਾਲ ਤਾਂ ਜਦ ਵੀ ਉਹਦਾ ਕਿਸੇ ਨੇ ਨਾਂ ਲੈ ਲਿਆ – ਚਾਹੇ ਅੰਗਰੇਜ਼ੀ ਵਿਚ ਲੈ ਲਿਆ, ਫਾਰਸੀ ਵਿਚ ਲੈ ਲਿਆ, ਸੰਸਕ੍ਰਿਤ ਵਿਚ ਲੈ ਲਿਆ, ਪੰਜਾਬੀ ਵਿਚ ਲੈ ਲਿਆ, ਫੇਰ ਤਾਂ ਮਨ ਖਿੜ ਜਾਣਾ ਚਾਹੀਦੈ। 'ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥ ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ॥' ਫੇਰ ਮੁਕਤੀ ਦਾ ਦੁਆਰਾ, ਪਰਮੇਸ਼ਰ ਦਾ ਦਰ ਖੁੱਲ੍ਹ ਜਾਂਦੈ ਉਹਦੇ ਵਾਸਤੇ। ਫੇਰ ਆਪਣੇ ਅੰਦਰਲੇ ਨੂੰ ਸੱਚ ਨਾਲ ਜੋੜਨ ਵਾਸਤੇ ਜੁਗਤੀ ਦੀ ਲੋੜ ਹੈ। ਜੁਗਤੀ ਕੀ ਹੈ – ਨ ਸਰੀਰ ਨਾਲ ਕੋਈ ਮਾੜਾ ਕੰਮ ਕਰੇ ਤੇ ਨ ਕੋਈ ਮਨ ਦੇ ਨਾਲ ਕਰੇ। ਇਹ ਅੰਦਰਲੀਆਂ ਰਹਿਤਾਂ ਨੇ –

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ ਅੰਗ – 274***
***ਕਰਨ ਨ ਸੁਨੈ ਕਾਹੂ ਕੀ ਨਿੰਦਾ॥ ਅੰਗ – 274***

ਸੇਵਾ ਕਰੇ, ਸਭ ਨੂੰ ਪਰਮੇਸ਼ਰ ਦਾ ਰੂਪ ਜਾਣ ਕੇ ਪਿਆਰ ਕਰੇ। ਫੇਰ ਝੂਠ ਨ ਬੋਲੇ, ਚੋਰੀ ਨ ਕਰੇ, ਨਿੰਦਿਆ ਨ ਕਰੇ, ਚੁਗਲੀ ਨ ਕਰੇ, ਕਿਸੇ ਨਾਲ ਈਰਖਾ ਨ ਕਰੇ; ਸਤਿਸੰਗ ਵਿਚ ਜਾਵੇ, ਸੇਵਾ ਕਰੇ, ਪਿਆਰ ਕਰੇ। ਇਹ ਰਹਿਤਾਂ ਹੁੰਦੀਆਂ ਨੇ, ਜੁਗਤਿ ਹੁੰਦੀ ਐ –

***ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥ ਅੰਗ – 468***

ਜਿੰਨਾਂ ਚਿਰ ਜੁਗਤਿ ਨਹੀਂ ਜਾਣਦਾ, ਓਨਾਂ ਚਿਰ ਗੱਲ ਨਹੀਂ ਬਣਦੀ। ਇਹ ਸੰਤਾਂ ਦੇ ਕੋਲ ਜੁਗਤਿ ਹੁੰਦੀ ਹੈ –

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥ ਅੰਗ – 1373***

ਸੰਤ ਜੁਗਤਿ ਦੱਸ ਦਿੰਦੇ ਨੇ ਕਿ ਇਉਂ ਕਰ ਲੈ, ਇਸ ਤਰ੍ਹਾਂ ਤੂੰ ਪਾਰ ਲੰਘ ਜਾਵੇਂਗਾ। ਸੋ ਇਹ ਜੁਗਤਿ ਆਉਣੀ ਚਾਹੀਦੀ ਐ।

***ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥***
***ਅੰਗ – 468***

ਜਿਹੜਾ ਇਹ ਸਰੀਰ ਹੈ ਨ - 'ਕਾਇਆਂ" ਇਹਦੇ ਵਿਚ ਕ੍ਰੋਧ ਨੂੰ ਨਾ ਵੜਨ ਦੇਵੇ, ਲੋਭ ਨੂੰ ਨਾ ਵੜਨ ਦੇਵੇ, ਮੋਹ ਨੂੰ, ਅਭਿਮਾਨ ਨੂੰ, ਕਾਮ ਨੂੰ, ਈਰਖਾ ਨੂੰ, ਨਿੰਦਿਆ ਨੂੰ, ਚੁਗਲੀ ਨੂੰ, ਸ਼ਬਦ ਸਪਰਸ਼ ਰੂਪ ਰਸ ਗੰਧ, ਪੰਜ ਕਿਸਮ ਦੇ ਅਭਿਮਾਨ - ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ, ਇਨ੍ਹਾਂ ਨੂੰ ਨ ਵੜਨ ਦੇਵੇ। ਜਦੋਂ ਧਰਤੀ ਸਾਧੀ ਹੋਈ ਹੈ, ਫੇਰ ਕਿਸਾਨ ਜਿਹੜਾ ਹੈ, ਉਹਦੇ ਵਿਚ ਨਦੀਣ ਨਹੀਂ ਗਿਰਨ ਦਿੰਦਾ ਕਿ ਇਹ ਤਾਂ ਸਾਰੇ ਹੀ ਜੰਮ ਪਊ, ਜੇ ਇਹ ਧਰਤੀ ਵਿਚ ਪੈ ਗਿਆ। ਫੇਰ ਇਹਦੇ ਵਿਚ - 'ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥' ਵਾਹਿਗੁਰੂ ਬੀਜ, ਇਹਦੇ ਵਿਚ ਪਿਆਰ ਬੀਜ - ਵਾਹਿਗੁਰੂ ਦਾ। 'ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ' ਬੀਜ ਦੇ, ਰਾਮ-ਰਾਮ, ਅੱਲਾਹ-ਅੱਲਾਹ ਬੀਜਣਾ ਸ਼ੁਰੂ ਕਰ ਦੇ; ਪਹਿਲਾਂ ਇਹ ਜੁਗਤਿ ਜਾਣ ਲੈ।

***ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥ ਅੰਗ - 468***

ਫੇਰ ਜਿਹੜੀ ਗੁਰੂ ਦੀ ਸੱਚੀ ਸਿੱਖਿਆ ਹੈ, ਉਹ ਤੂੰ ਹਿਰਦੇ ਵਿਚ ਬੀਜ ਦੇ, ਕਿ ਵਾਹਿਗੁਰੂ ਸਾਰੇ ਹੀ ਹੈ -

***ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥***
***ਅੰਗ - 468***

ਇਸ ਸਿੱਖਿਆ ਨੂੰ ਹਿਰਦੇ ਵਿਚ ਵਸਾ ਲੈ -

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥ ਅੰਗ - 1378***

ਕਿਉਂ ਜੰਗਲਾਂ ਵਿਚ ਭਾਲਦਾ ਫਿਰਦੈਂ; ਉਹ ਤਾਂ ਹਿਰਦੇ ਵਿਚ ਵਸਦੈ, ਤੂੰ ਤੇ ਉਹ ਦੂਰ ਨਹੀਂ ਹੈਗੇ, ਦੋਇ ਇਕੋ ਰੂਪ, ਓਤ-ਪੋਤਿ ਹੋਏ-ਹੋਏ ਓਂ, ਫਰਕ ਨਹੀਂ ਹੈ -

***ਕਹੁ ਕਬੀਰ ਇਹੁ ਰਾਮ ਕੀ ਅੰਸੁ॥ ਅੰਗ - 871***
***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ਅੰਗ - 441***

ਤੂੰ ਵੀ ਓਹੀ ਚੀਜ਼ ਹੈਂ, ਜਿਹੜੀ ਵਾਹਿਗੁਰੂ ਹੈ; ਫਰਕ ਕੇਵਲ ਐਨਾ ਕੁ ਹੈ -

***ਤੂ ਪੂਰਾ ਹਮ ਊਰੇ ਹੋਛੇ ਤੂ ਗਉਰਾ ਹਮ ਹਉਰੇ॥ ਅੰਗ - 597***

ਤੂੰ ਪੂਰਾ ਹੈਂ, ਅਸੀਂ ਊਰੇ ਹਾਂ ਪਰ ਹਾਂ ਇਕੋ ਹੀ; ਅਸੀਂ ਕਤਰੇ ਹਾਂ, ਤੂੰ ਸਮੁੰਦਰ ਹੈਂ। ਸੋ ਇਹ ਜਿਹੜੀ ਸਿਖਿਆ ਹੈ ਗੁਰੂ ਦੀ, ਇਹਨੂੰ ਹਿਰਦੇ ਵਿਚ ਬੀਜ ਦੇ।

***ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥ ਅੰਗ - 468***

ਜਿਹੜੀ ਜੀਵ ਆਤਮਾ ਨੂੰ ਲਈ ਫਿਰਦੈ - ਸਾਡਾ ਮਨ, ਨਠਾਈ ਫਿਰਦੈ; ਇਹਦੇ ਤੇ ਦਇਆ ਕਰੋ ਪ੍ਰੇਮੀਓਂ! ਕ੍ਰੋੜਾਂ ਜਨਮ ਬੀਤ ਗਏ, ਜੁਗਾਂ ਦੇ ਜੁਗ ਬੀਤ ਗਏ ਸਾਨੂੰ - ਘੁੰਮਦਿਆਂ ਨੂੰ; ਇਹਦੇ ਉਤੇ ਰਹਿਮ ਕਰ ਲਉ। ਬਾਹਰਲੇ ਰਹਿਮ ਨੇ ਨੀਂ ਕੁਛ ਵੀ ਸੰਵਾਰਨਾ। ਪਹਿਲਾਂ ਰਹਿਮ ਆਪਣੇ ਆਪ ਤੇ ਕਰੋ - '................ਕਿਛੁ ਪੁੰਨੁ ਦਾਨੁ ਕਰੇਇ' -

***ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥***
***ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥ ਅੰਗ - 468***

ਮਹਾਰਾਜ ਨੇ ਏਥੇ ਇਹ ਕਹਿ ਦਿਤਾ ਕਿ ਹੁਣ ਸੱਚ, ਤਾਂ ਠਹਿਰੇਗਾ ਜਦੋਂ ਤੁਸੀਂ, ਜਿਥੇ ਆਤਮਾ ਦਾ ਰਸ ਪਰੀਪੂਰਨ ਹੈ, ਜਿਥੇ ਇਕ ਵਾਹਿਗੁਰੂ ਨਜ਼ਰ ਆਉਂਦੈ, ਜਿਥੇ ਇਕੋ ਆਤਮਾ ਪਰੀਪੂਰਨ ਨਜ਼ਰ ਆਉਂਦੀ ਹੈ, ਉਥੇ ਨਿਵਾਸ ਰੱਖੋਗੇ; ਹੇਠਾਂ ਨ ਉਤਰੋ, 'ਮੈਂ ਮੇਰੀ' ਵਿਚ ਨਾ ਆਉ। ਫੇਰ 'ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥' ਸਤਿਗੁਰੂ ਨੂੰ ਪੁੱਛ ਲੈ, ਏਥੇ ਬੈਠ ਜਾ ਤੇ ਏਥੇ ਨਿਵਾਸ ਕਰ ਲੈ, ਇਥੇ ਟਿਕ ਹੁਣ। ਜੇ ਟਿਕ ਨਹੀਂ ਹੁੰਦਾ ਤਾਂ ਅੰਮ੍ਰਿਤ ਵੇਲੇ ਜਾਗ ਕੇ, ਇਸ਼ਨਾਨ ਕਰਕੇ ਬਹਿ ਜਾਇਆ ਕਰ। ਇਥੇ ਚੜ੍ਹਾਈ ਕਰ, ਜਿਸ ਬਾਰੇ ਮਹਾਰਾਜ ਦਾ ਹੁਕਮ ਹੈ -

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਅੰਗ - 305***

ਇਥੇ ਅੰਮ੍ਰਿਤ ਦੇ ਸਰੋਵਰ ਤੇ ਟਿਕੋ। ਓਥੇ ਜਦ ਟਿਕੋਂਗੇ, ਮਨ ਨਾਸ਼ ਹੋ ਜਾਏਗਾ; ਮਨ ਨਹੀਂ ਫੇਰ ਕੋਈ ਗੱਲ ਕਰੇਗਾ, ਹੁਕਮ ਵਿਚ ਆ ਜਾਏਗਾ, ਮਨ ਦਾ ਜਦੋਂ ਨਾਸ਼ ਹੋ ਜਾਂਦੈ। ਵਾਸ਼ਨਾ ਖ੍ਹੈ

ਹੋ ਜਾਏਗੀ, ਕੋਈ ਵਾਸ਼ਨਾ ਨਹੀਂ ਰਹਿੰਦੀ – ਨ ਪੁੱਤਰ ਵਾਸ਼ਨਾ, ਨ ਧਨ ਵਾਸ਼ਨਾ, ਨ ਸੰਸਾਰ ਵਾਸ਼ਨਾ, ਨ ਲੋਕ ਲਾਜ ਵਾਸ਼ਨਾ, ਨ ਅਨਸ਼ਠਾਨ ਵਾਸ਼ਨਾ – ਕੋਈ ਵਾਸ਼ਨਾ ਨਹੀਂ ਫੁਰੇਗੀ, ਕਿਉਂਕਿ ਹੁਕਮ ਵਿਚ ਖੇਡਣ ਲਗ ਗਿਆ, ਹੁਕਮੀ ਦੇ ਨਾਲ ਜੁੜ ਗਿਆ ਤੇ ਵਾਸ਼ਨਾ ਖਤਮ ਹੋ ਗਈ, ਫੇਰ ਇਹਦਾ ਆਤਮ ਤੀਰਥ ਤੇ ਨਿਵਾਸ ਹੁੰਦੈ –

***ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥ ਅੰਗ – 468***

ਫੇਰ ਹੇਠਾਂ ਨ ਉਤਰੇ, ਜੀਵ ਬਿਰਤੀ ਵਿਚ ਨ ਆਵੇ; ਬ੍ਰਹਮ ਬਿਰਤੀ ਵਿਚ ਆਪਣੇ ਆਪ ਨੂੰ ਰੱਖੇ, ਉਨਮਨੀ ਦੇ ਵਿਚ ਵਾਸਾ ਕਰੇ, ਮਨ ਵਿਚ ਨ ਆਵੇ।

***ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥***
***ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥ ਅੰਗ – 468***

ਫੇਰ ਜਿਹੜਾ ਇਹ ਸੱਚ ਹੈ – ਤੱਤ ਗਿਆਨ ਆ ਗਿਆ। ਇਹ ਪੂਰੇ ਮੋਹ ਦੇ ਵਿਚ ਸਹੇੜੇ ਜਿੰਨੇ ਵੀ ਪਾਪ ਨੇ, ਜਿੰਨੇ ਹਉਮੈ ਦੇ ਵਿਚ ਚਾਹੇ ਪਾਪ ਕਰੇ ਨੇ, ਚਾਹੇ ਪੁੰਨ ਕਰੇ ਨੇ; ਸਭ ਬੰਧਨ ਨੇ ਸਾਧ ਸੰਗਤ ਜੀ, ਇਹ ਫੇਰ ਸਾਰੀ ਮੈਲ ਨੂੰ ਵੱਢ ਕੇ ਧੋ ਦਿੰਦੈ, ਧੋ ਕੇ ਬਾਹਰ ਕੱਢ ਦਿੰਦੈ – 'ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥' ਇਸ ਤਰ੍ਹਾਂ ਪੜ੍ਹ ਲਾਉ –

***ਧਾਰਨਾ – ਸੱਚ ਸਾਰਿਆਂ ਪਾਪਾਂ ਦੀ ਮੈਲ ਕੱਟਦੈ,***
***ਸੱਚ ਨੂੰ ਪਛਾਣ ਲੈ ਮਨਾ – 2, 2.***

"ਇਸੇ ਤਰ੍ਹਾਂ, ਬੁੱਧੂ ਸ਼ਾਹ! ਅੱਲਾਹ ਦਾ ਮੇਲ ਜੇ ਰੂਹ ਨੂੰ ਕਰਾਉਣੈ ਤਾਂ ਸੱਚ ਨੂੰ ਪਛਾਣ। ਜਿੰਨਾ ਚਿਰ ਸੱਚ ਦੀ ਪਛਾਣ ਨਹੀਂ ਆਉਂਦੀ, ਓਨੀ ਦੇਰ ਤਕ ਬਾਤ ਨਹੀਂ ਬਣਿਆ ਕਰਦੀ।"

ਇਸ ਤਰ੍ਹਾਂ ਜਦ ਏਨੇ ਬਚਨ ਮਹਾਰਾਜ ਤੋਂ ਸੁਣੇ, ਉਸੇ ਵੇਲੇ ਜਿਹੜੀ 'ਅਹੰ ਬੁੱਧੀ' ਦੀ ਚਿਕਨਾਈ ਲੱਗੀ ਹੋਈ ਸੀ, ਉਹ ਸਾਰੀ ਬਚਨਾਂ ਦੇ ਨਾਲ ਲਹਿ ਗਈ ਸਾਧ ਸੰਗਤ ਜੀ –

***ਅਹੰਬੁਧਿ ਮਨ ਪੂਰਿ ਥਿਧਾਈ ॥***

***ਸਾਧ ਧੂਰਿ ਕਰਿ ਸੁਧ ਮੰਜਾਈ ॥ ਅੰਗ - 200***

ਮਾਂਜੀ ਗਈ, ਮਨ ਦੇ ਵਿਚ ਪ੍ਰਕਾਸ਼ ਹੋ ਗਿਆ, ਅਨ੍ਹੇਰਾ ਖਤਮ ਹੋ ਗਿਆ ਤੇ ਕਹਿਣ ਲੱਗਿਆ, ''ਹੁਣ ਮਹਾਰਾਜ! ਬੁੱਧੂ ਸ਼ਾਹ ਮਰ ਗਿਆ - 'ਹਉਂ ਮੂਆ'।'' ਮਹਾਰਾਜ ਕਹਿੰਦੇ, ''ਫੇਰ 'ਖੁਦਾ ਹੂਆ', ਜੇ 'ਹਉਂ ਮੂਆ'; ਹਉਂ ਦਾ ਹੀ ਝਗੜਾ ਹੈ ਸਾਰਾ, ਤੇ ਜਦੋਂ 'ਹਉਂ' ਮਰ ਗਿਆ, ਫੇਰ ਬਾਕੀ ਕੀ ਰਹਿ ਗਿਆ?'' ਉਸ ਵੇਲੇ ਬੁੱਧੂ ਸ਼ਾਹ ਵੱਜਦ ਵਿਚ ਆ ਗਿਆ, ਨੱਚਣਾ ਸ਼ੁਰੂ ਕਰ ਦਿਤਾ - ਮਹਾਰਾਜ ਦੇ ਸਾਮ੍ਹਣੇ। ਨੱਚ ਰਿਹੈ ਵਜਦ ਵਿਚ ਆ ਕੇ, ਸਾਂਭਿਆ ਨਹੀਂ ਜਾਂਦਾ ਸੱਚ। ਮਹਾਰਾਜ ਦੇ ਨੇੜੇ ਆ ਗਿਆ। ਮਹਾਰਾਜ ਨੇ ਬਾਂਹ ਫੜ ਲਈ, ਹੱਥ ਘੁੱਟ ਦਿਤਾ ਤੇ ਨੇਤਰਾਂ ਵਿਚ ਨੇਤਰ ਪਾ ਕੇ ਸਾਰੇ ਹੀ ਛੌੜ ਕੱਟ ਦਿਤੇ। ਉਸ ਵੇਲੇ ਇਕੋ ਇਕ ਨਜ਼ਰ ਆ ਰਿਹੈ, ਸਾਧ ਸੰਗਤ ਜੀ, ਦੂਸਰਾ ਖਤਮ ਕਰ ਦਿਤਾ। ਉਸ ਵੇਲੇ ਉਹਦੇ ਮਨ ਦੀ ਭਾਵਨਾ ਇਸ ਤਰ੍ਹਾਂ ਜਾਗੀ -

***ਧਾਰਨਾ - ਮੇਰਾ ਮੁਝ ਮੈਂ ਕਿਛੁ ਨਹੀਂ - 2, 2.***
***ਜੋ ਕਿਛੁ ਹੈ ਸੋ ਤੇਰਾ, ਮੇਰਾ ਮੁਝ ਮੈਂ ਕਿਛੁ ਨਹੀਂ।***

***ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥***
***ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥ ਅੰਗ - 1375***

''ਮਹਾਰਾਜ! ਮੈਂ ਤਾਂ ਖਤਮ ਹੋ ਗਿਆ, ਮੈਂ ਨਹੀਂ ਰਿਹਾ -

***ਆਪਨ ਤਨੁ ਨਹੀ ਜਾ ਕੋ ਗਰਬਾ ॥***
***ਮਿਲਖ ਨਹੀ ਆਪਨ ਦਰਬਾ ॥***
***ਆਪਨ ਨਹੀ ਕਾ ਕਉ ਲਪਟਾਇਓ ॥***
***ਆਪਨ ਨਾਮੁ ਸਤਿਗੁਰ ਤੇ ਪਾਇਓ ॥ ਰਹਾਉ ॥***
***ਸੁਤ ਬਨਿਤਾ ਆਪਨ ਨਹੀ ਭਾਈ ॥***
***ਇਸਟ ਮੀਤ ਆਪ ਬਾਪੁ ਨ ਮਾਈ ॥ ਅੰਗ - 187***

ਕੋਈ ਵੀਜ਼ ਵੀ ਨਹੀਂ ਮੇਰੀ ਰਹੀ'' -

***ਸੁਇਨਾ ਰੂਪਾ ਫੁਨਿ ਨਹੀ ਦਾਮ ॥***
***ਹੈਵਰ ਗੈਵਰ ਆਪਨ ਨਹੀ ਕਾਮ ॥***

***ਕਹੁ ਨਾਨਕ ਜੋ ਗੁਰਿ ਬਖਸਿ ਮਿਲਾਇਆ ॥ f***
***ਤਸ ਕਾ ਸਭੁ ਕਿਛੁ ਜਿਸ ਕਾ ਹਰਿ ਰਾਇਆ ॥ ਅੰਗ - 187***

ਸਭ ਕੁਛ ਦਾ ਮਾਲਕ ਬਣ ਗਿਆ। ਆਪਣਾ ਆਪ ਛੱਡ ਦਿਤਾ; ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਬਣਾ ਦਿਤਾ। ਮਹਾਰਾਜ ਨੇ ਦ੍ਰਿਸ਼ਟੀ ਕਰ ਦਿਤੀ। ਦ੍ਰਿਸ਼ਟੀ ਕਰਦੇ ਸਾਰ, ਉਸੇ ਵੇਲੇ ਸਾਧ ਸੰਗਤ ਜੀ, ਜਿਹੜੇ ਹਉਮੈ ਦੇ ਕਪਾਟ ਲੱਗੇ ਹੋਏ ਸੀ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥ ਅੰਗ - 954***

ਇਉਂ ਪੜ੍ਹੋ - ਅੱਧੋ ਅੱਧ -

***ਧਾਰਨਾ - ਜਦੋਂ ਨਦਰ ਗੁਰਾਂ ਨੇ ਮਾਰੀ -***
***ਬਜਰ ਕਪਾਟ ਖੁੱਲ੍ਹ ਗਏ - 4***

***ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ॥ ਅੰਗ-346***

ਮਹਾਰਾਜ ਕਹਿੰਦੇ, ਜਦੋਂ ਸੂਰਜ ਚੜ੍ਹ ਜਾਵੇ, ਸਾਰੇ ਹੀ ਜਾਣਦੇ ਨੇ ਕਿ ਰਾਤ ਚਲੀ ਜਾਂਦੀ ਹੈ - ਦਿਨ ਚੜ੍ਹਦੇ ਸਾਰ।

***ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥ ਅੰਗ - 346***

ਜੇ ਪਾਰਸ ਨੂੰ ਤਾਂਬੇ ਨਾਲ ਲਾ ਦਿਉ, ਉਸੇ ਵੇਲੇ ਸੋਨਾ ਬਣ ਜਾਂਦੈ। ਗੁਰੂ ਮਹਾਰਾਜ ਦੇ ਹੱਥ ਘੁੱਟਣ ਦੀ ਦੇਰ ਸੀ, ਨਿਗਾਹ ਕਰਨ ਦੀ ਦੇਰ ਸੀ; ਉਸੇ ਵੇਲੇ ਬ੍ਰਹਮਗਿਆਨ ਵਿਚ ਪਹੁੰਚਾ ਦਿਤਾ।

***ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥ ਅੰਗ - 346***

ਪੂਰੇ ਗੁਰੂ ਦੇ ਨਾਲ, ਤਾਂ ਭੇਟ ਹੁੰਦੀ ਹੈ, ਜੇ ਪਿਛੋਂ ਲਿਖਿਆ ਹੋਵੇ - ਮੱਥੇ ਦੇ ਅੰਦਰ। ਫੇਰ -

***ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥***
***ਅੰਗ - 346***

ਹੁਣ ਇਹ ਦੋਏ ਇਕ ਹੋ ਗਏ। ਜਿਸਨੂੰ ਅਸੀਂ ਮਨ ਕਹਿੰਦੇ ਹਾਂ, ਉਹ ਵੀ ਉਨਮਨ ਬਣ ਗਿਆ; ਜਿਹੜਾ ਉਨਮਨ ਹੈ, ਉਹ ਵੀ ਉਨਮਨ ਬਣ ਗਿਆ; ਦੋਏ ਆਪਸ ਵਿਚ ਮਿਲ ਗਏ - 'ਛੁਟਕਤ ਬਜਰ ਕਪਾਟ।।' ਬਜਰ ਕਪਾਟ ਖੁੱਲ੍ਹ ਗਏ। ਹੁਣ ਅੰਦਰੋਂ ਦੇਖਣਾ ਸ਼ੁਰੂ ਕਰ ਦਿਤਾ ।

***ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ॥***

***ਅੰਗ - 346***

ਭਰਮ ਦੇ ਬੰਧਨ ਕੱਟ ਦਿਤੇ, ਵਿਕਾਰ ਕੱਟ ਦਿਤੇ -

***ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ ॥***
***ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ ॥***
***ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸ ॥***

***ਅੰਗ - 346***

ਸੋ ਦਿਸਿਆ ਕੀ? ਸਾਰੇ ਵਾਹਿਗੁਰੂ ਹੀ ਵਾਹਿਗੁਰੂ ਨਜ਼ਰ ਆ ਰਿਹੈ -

***ਏਕਸੁ ਸਿਉ ਜਾ ਕਾ ਮਨੁ ਰਾਤਾ ॥***
***ਵਿਸਰੀ ਤਿਸੈ ਪਰਾਈ ਤਾਤਾ ॥***
***ਬਿਨੁ ਗੋਬਿੰਦ ਨ ਦੀਸੈ ਕੋਈ ॥***
***ਕਰਨ ਕਰਾਵਨ ਕਰਤਾ ਸੋਈ ॥ ਅੰਗ - 189***

ਹੁਣ ਵਾਹਿਗੁਰੂ ਤੋਂ ਬਿਨਾਂ ਕੋਈ ਹੋਰ ਦਿਸਣ ਤੋਂ ਹਟ ਗਿਆ। ਸੋ ਇਸ ਤਰ੍ਹਾਂ ਮਹਾਰਾਜ ਕਹਿਣ ਲੱਗੇ ਕਿ ਬੁੱਧੂਸ਼ਾਹ! ਇਹ ਸਾਰਾ ਸੰਸਾਰ ਹੁਕਮ ਵਿਚ ਚਲ ਰਿਹੈ। ਜਿਹੜਾ ਹੁਕਮ ਨੂੰ ਮੰਨ ਲੈਂਦੈ, ਉਹ ਸੱਚ ਤਕ ਪਹੁੰਚ ਜਾਂਦੈ। ਜਿਹੜਾ ਹੁਕਮ ਨੂੰ ਨਹੀਂ ਮੰਨਦਾ, ਆਪਣੀ 'ਮੈਂ' ਰਖਦੈ, ਉਹ ਤਾਂ ਫਿਰ ਭੁੱਲਿਆ ਹੀ ਰਹਿੰਦੈ - ਹਉਮੈ ਦੇ ਚੱਕਰ ਵਿਚ; ਜੰਮਦਾ ਰਹਿੰਦੈ, ਮਰਦਾ ਰਹਿੰਦੈ, ਜੰਮਦਾ ਰਹਿੰਦੈ, ਮਰਦਾ ਰਹਿੰਦੈ; ਸਾਰਾ ਹੁਕਮ ਦੇ ਵਿਚ ਹੀ ਹੈ -

***ਆਖਣੁ ਵੇਖਣੁ ਬੋਲਣੁ ਚਲਣੁ ਜੀਵਣੁ ਮਰਣਾ ਧਾਤੁ ॥***
***ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ ॥***

***ਅੰਗ - 145***

ਉਹਦਾ ਹੁਕਮ ਸਭ ਦੇ ਅੰਦਰ ਚਲਦੈ -

***ਕਰਨ ਕਰਾਵਨ ਕਰਨੈ ਜੋਗੁ ॥***
***ਜੋ ਤਿਸੁ ਭਾਵੈ ਸੋਈ ਹੋਗੁ ॥***
***ਖਿਨ ਮਹਿ ਥਾਪਿ ਉਥਾਪਨਹਾਰਾ ॥***
***ਅੰਤੁ ਨਹੀ ਕਿਛੁ ਪਾਰਾਵਾਰਾ ॥***
***ਹੁਕਮੇ ਧਾਰਿ ਅਧਰ ਰਹਾਵੈ ॥***

***ਹੁਕਮੇ ਉਪਜੈ ਹੁਕਮਿ ਸਮਾਵੈ ॥***
***ਹੁਕਮੇ ਊਚ ਨੀਚ ਬਿਉਹਾਰ ॥***
***ਹੁਕਮੇ ਅਨਿਕ ਰੰਗ ਪਰਕਾਰ ॥***
***ਕਰਿ ਕਰਿ ਦੇਖੈ ਅਪਨੀ ਵਡਿਆਈ ॥***
***ਨਾਨਕ ਸਭ ਮਹਿ ਰਹਿਆ ਸਮਾਈ ॥ ਅੰਗ - 276***

ਸੋ ਇਸ ਤਰ੍ਹਾਂ ਬ੍ਰਹਮਗਿਆਨ ਦੇ ਵਿਚ ਪਹੁੰਚਾ ਦਿਤਾ, ਸਾਰੇ ਛੌੜ ਕੱਟ ਦਿਤੇ। ਹੁਣ ਬ੍ਰਹਮਗਿਆਨੀ ਦਾ ਜੀਵਨ ਕਿਹੋ ਜਿਹਾ ਹੁੰਦੈ, ਇਹ ਆਪਾਂ ਅਗਲੇ ਪ੍ਰੋਗਰਾਮ ਵਿਚ ਵਿਚਾਰ ਕਰਾਂਗੇ ਕਿ ਬੁੱਧੂ ਸ਼ਾਹ ਨੇ ਜੀਵਨ ਇਸ ਉਪਦੇਸ਼ ਤੋਂ ਬਾਅਦ ਕਿਸ ਤਰ੍ਹਾਂ ਨਾਲ ਗੁਜ਼ਾਰਿਆ ਕਿਉਂਕਿ ਗਿਆਨ ਤਾਂ ਹੋ ਗਿਆ, ਉਸ ਤੋਂ ਅੱਗੇ ਉਹਦੀ ਵਰਤੋਂ ਕਿਸ ਤਰ੍ਹਾਂ ਦੀ ਹੁੰਦੀ ਐ ਸੰਸਾਰ ਵਿਚ - ਗਿਆਨਵਾਨ ਦੀ, ਜਿਹਨੂੰ ਸਭ ਥਾਂ ਪਰਮੇਸ਼ਰ ਨਜ਼ਰ ਆਉਂਦੈ।

ਸੋ ਮਹਾਰਾਜ ਕਹਿਣ ਲੱਗੇ, "ਬੁੱਧੂਸ਼ਾਹ! ਇਹ ਜਿੰਨਾਂ ਤੂੰ ਸਾਜ-ਸਮਾਜ ਦੇਖਦੈਂ, ਫੌਜਾਂ ਦੇਖਦੈਂ, ਸ਼ਸ਼ਤਰ ਦੇਖਦੈਂ, ਕਿਲੇ ਰਚੇ ਹੋਏ ਦੇਖਦੈ; ਅਸੀਂ ਕੁਛ ਨਹੀਂ ਕਰ ਰਹੇ, ਸਭ ਕੁਛ ਹੁਕਮ ਵਿਚ ਹੋ ਰਿਹੈ। ਹੁਕਮ ਵਿਚੇ ਹੋਣੈ, ਹੁਕਮ ਵਿਚੇ ਜਾਣੈ; ਸਭ ਕੁਛ ਹੁਕਮ ਵਿਚੇ ਹੋ ਰਿਹੈ।"

ਇਸ ਤਰ੍ਹਾਂ ਸਾਧ ਸੰਗਤ ਜੀ, ਉਹ ਪੀਰ ਬੁੱਧੂ ਸ਼ਾਹ, ਜਿਹਦੇ ਮਨ ਦੇ ਅੰਦਰ ਬੜੀ ਲਗਨ ਸੀ, ਪਰ ਇਕ ਗੱਲ ਸਮਝ ਵਿਚ ਨਹੀਂ ਸੀ ਆਉਂਦੀ ਕਿ -

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥ਅੰਗ - 550***

ਮੈਂ ਕਿਹੜਾ ਹੋਇਆ - ਸਾਖੀ ਚੇਤਨ ਹਾਂ ਕਿ ਇਹ ਦੁਖ-ਸੁਖ ਭੋਗਣ ਵਾਲਾ ਹਾਂ? ਦੋਹਾਂ ਵਿਚੋਂ ਮੇਰਾ ਰੂਪ ਕਿਹੜਾ ਹੈ? ਹਉਮੈ ਵਿਚ ਹੋਣ ਕਰਕੇ ਆਦਮੀ ਨੂੰ ਦੁਖ-ਸੁਖ ਭੋਗਣ ਵਾਲਾ ਆਪਣਾ ਆਪ ਲਗਦੈ। ਜਦੋਂ ਹਉਮੈ ਤੋਂ ਉਪਰ ਲੰਘ ਜਾਂਦੈ, ਫੇਰ ਇਹ ਸਾਖੀ ਚੇਤਨ ਪਰੀਪੂਰਨ ਪਰਮੇਸ਼ਰ ਹੀ ਨਜ਼ਰ ਆਉਂਦੈ -

***ਬ੍ਰਹਮ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥***

***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥***
***ਅੰਗ - 846***

ਸੋ ਸਾਰੇ ਇਕੋ ਹੀ ਪਰਮੇਸ਼ਰ ਹੈ, ਇਕ ਦਿਖਾ ਦਿਤਾ ਮਹਾਰਾਜ ਨੇ। ਕਰਿਆ ਕੀ? ਹਉਮੈ ਦਾ ਪੜਦਾ ਲਾਹ ਦਿਤਾ। ਹਉਮੈ ਕਰਕੇ ਹੀ ਅਸੀਂ ਪਰਮੇਸ਼ਰ ਨਾਲੋਂ ਟੁੱਟੇ ਹੋਏ ਹਾਂ। ਇਹ ਹਉਮੈ ਹੀ ਸਾਰੀਆਂ ਬਿਮਾਰੀਆਂ ਦੀ ਜੜ੍ਹ ਹੈ। ਜਿੰਨੀ ਬੇਈਮਾਨੀ, ਜਿੰਨਾਂ ਰੌਲਾ-ਗੌਲਾ ਸੰਸਾਰ ਵਿਚ ਪਿਆ ਹੋਇਐ; ਸਾਰਾ ਹਉਮੈ ਕਰਕੇ ਹੀ ਹੈ ਕਿਉਂਕਿ ਐਸਾ ਫੁਰਮਾਨ ਹੈ - ਸ੍ਰੀ ਗੁਰੂ ਨਾਨਕ ਸਾਹਿਬ ਦਾ।

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥ ਅੰਗ - 466***

ਸ੍ਰੀ ਗੁਰੂ ਨਾਨਕ ਸਾਹਿਬ ਨੂੰ ਪੁੱਛਿਆ - ਸਿੱਧਾਂ ਨੇ ਕਿ ਹੇ ਨਾਨਕ! ਤੂੰ ਕਹਿਨੈਂ ਕਿ ਸਾਰੇ ਹੀ ਵਾਹਿਗੁਰੂ ਹੈ ਤੇ ਆਪ ਹੀ ਸਾਰਿਆਂ ਰੂਪਾਂ ਵਿਚ ਹੈ। ਗੁਰੂ ਮਹਾਰਾਜ ਗੁਰੂ ਦਸ਼ਮੇਸ਼ ਪਿਤਾ ਵੀ ਇਸ ਤਰ੍ਹਾਂ ਫੁਰਮਾਉਂਦੇ ਨੇ -

***ਕਤਹੂੰ ਸੁਚੇਤ ਹੁਇਕੈ, ਚੇਤਨਾ ਕੋ ਚਾਰ ਕੀਓ,***
***ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥***
***ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,***
***ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥***
***ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,***
***ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥***
***ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪਰੀਤ,***
***ਕਹੂੰ ਤ੍ਰਿਗੁਨ ਅਤੀਤ, ਕਹੂੰ ਸਰਗੁਨ ਸਮੇਤ ਹੋ॥ ਅਕਾਲ ਉਸਤਤਿ***

ਨੌਂ ਕੱਬਿਤ ਹੋਰ ਨੇ ਇਸੇ ਤਰ੍ਹਾਂ ਦੇ; ਅਖੀਰ ਦੇ ਉਤੇ ਲਿਖਦੇ ਨੇ -

***ਕਹੂੰ ਬਰ ਦੇਤ ਕਹੂੰ ਛਲ ਸੇ ਛਿਨਾਇ ਲੇਤ,***
***ਸਰਬ ਕਾਲ ਸਰਬ ਠਉਰ ਏਕ ਸੇ ਲਗਤ ਹੋ॥ ਅਕਾਲ ਉਸਤਤਿ***

ਜੋ ਵੀ ਕ੍ਰਿਆ ਹੋ ਰਹੀ ਐ, ਸਭ ਸਾਨੂੰ ਤੇਰੀ ਹੀ ਕ੍ਰਿਆ

ਲਗਦੀ ਐ।

ਸੋ ਇਸ ਤਰ੍ਹਾਂ ਨਾਲ ਦ੍ਰਿਸ਼ਟੀ ਖੋਲ੍ਹ ਦਿਤੀ - ਬੁੱਧੂ ਸ਼ਾਹ ਦੀ, ਤੇ ਹਉਮੈ ਦੇ ਵਿਚੋਂ ਉਪਰ ਚੁੱਕ ਦਿਤਾ। ਸਰੀਰ ਉਹੀ ਹੈ, ਅੱਖਾਂ ਉਹੀ ਨੇ, ਕੰਨ ਉਹੀ ਨੇ, ਨੱਕ ਉਹੀ ਐ, ਚਮੜੀ ਉਹੀ ਹੈ, ਲੇਕਿਨ ਹੁਣ ਉਹ ਦ੍ਰਿਸ਼ਟੀ ਬਦਲ ਗਈ। ਦ੍ਰਿਸ਼ਟੀ ਬਦਲਣ ਨਾਲ ਕੀ ਹੋਇਆ -

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ***
***ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥***

***ਅੰਗ - 922***

ਸਾਰਾ ਸੰਸਾਰ ਹਰੀ ਦਾ ਰੂਪ ਹੋ ਕੇ ਨਜ਼ਰ ਆ ਗਿਆ -

***ਧਾਰਨਾ - ਰਾਮ ਬੋਲੇ, ਰਾਮ ਬੋਲੇ, ਰਾਮ ਬੋਲਦੈ,***
***ਸਾਰੀਆਂ ਘਟਾਂ ਦੇ ਵਿਚ ਰਾਮ ਬੋਲਦੈ - 2, 2.***

ਇਸ ਤਰ੍ਹਾਂ ਪੂਰਨ ਪਦਵੀ ਤੇ, ਜਿਥੇ ਮਨੋ ਨਾਸ਼, ਵਾਸ਼ਨਾ ਖ੍ਹੈ, ਤੱਤ ਗਿਆਨ ਤੇ ਹਰ ਥਾਂ ਦੇ ਉਤੇ ਪਰਮੇਸ਼ਰ ਨਜ਼ਰ ਆਉਂਦੈ, ਐਸੀ ਅਵਸਥਾ ਵਿਚ ਬੁੱਧੂ ਸ਼ਾਹ ਨੂੰ ਗੁਰੂ ਮਹਾਰਾਜ ਦਸ਼ਮੇਸ਼ ਪਿਤਾ ਨੇ ਪਹੁੰਚਾ ਦਿਤਾ।

ਅਸੀਂ ਵੀ ਸੁਣੀ ਹੈ ਸਾਰੀ ਗੱਲ ਤੇ ਸਾਰੀਆਂ ਜੁਗਤੀਆਂ ਸੁਣਨ ਦਾ ਯਤਨ ਕੀਤੈ। ਸਾਧ ਸੰਗਤ ਜੀ, ਇਹਨੂੰ follow ਕਰੋ (ਅਪਣਾਉ), ਵਿਚਾਰੋ; ਵਿਚਾਰ ਕੇ ਇਸ ਪਾਸੇ ਵਲ ਆਏ ਬਿਨਾਂ ਖਹਿੜਾ ਨਹੀਂ ਛੁਟਣਾ। ਬੜੀਆਂ ਤਰਕਾਂ ਨੇ, ਬੜੀਆਂ ਗੱਲਾਂ ਨੇ; ਇਹ ਸਭ ਹਉਮੈ ਦੀਆਂ ਬਾਤਾਂ ਨੇ - 'ਝਖਣਾ ਝਾਖ' ਹੈ -

***ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥ ਅੰਗ - 922***

ਜਿੰਨਾਂ ਜੀਅ ਕਰਦੈ, ਝਖਣਾ ਝਾਖ ਕਰ ਲਓ; ਅਖੀਰ ਖਹਿੜਾ ਏਥੇ ਆ ਕੇ ਹੀ ਛੁਟਣੈ ਜਦ ਅਸੀਂ ਸੱਚਮੁੱਚ ਹੁਕਮ ਦੇ

ਵਿਚ ਆ ਜਾਵਾਂਗੇ, ਹੁਕਮ ਦੇ ਵਿਚ ਜੀਵਨ ਇਕ ਸੁਰ ਕਰ ਲਵਾਂਗੇ; ਫੇਰ ਹਉਮੈ ਸਾਰੀ ਖਤਮ ਹੋ ਜਾਂਦੀ ਐ। ਇਹ ਤਾਂ ਵਾਧੂ ਜਿਹੀ ਚੀਜ਼ ਹੋ ਜਾਂਦੀ ਹੈ, ਇਹਦੀ ਕੋਈ ਲੋੜ ਨਹੀਂ ਰਹਿੰਦੀ। ਇਹ ਓਨਾਂ ਚਿਰ ਹੀ ਹੈ, ਜਿੰਨਾਂ ਚਿਰ ਕੁਛ ਕਰਦੀ ਹੈ ਇਹ। ਜਦ ਇਹਦਾ ਕਰਨਾ-ਧਰਨਾ ਹੀ ਖਤਮ ਹੋ ਗਿਆ, ਹੁਕਮ ਵਿਚ ਹੀ ਚੱਲਣੈ; ਫੇਰ 'ਮੈਂ' ਖਤਮ ਹੋ ਗਈ। ਪਰ ਇਹ ਔਖੀ ਖੇਡ ਹੈ -

***ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥***

***ਅੰਗ - 219***

ਕੋਈ ਹੀ ਰੱਬ ਦਾ ਪਿਆਰਾ ਹੈ, ਜਿਸ ਨੇ ਇਸ ਬਾਤ ਨੂੰ ਸਮਝਿਐ। ਬਹੁਤ ਔਖਾ ਹੈ। ਮਹਾਰਾਜ ਕੋਲ ਅਰਦਾਸ ਕਰੋ ਕਿ ਸਾਡੀ ਵੀ ਹਉਮੈ ਦਾ ਨਾਸ਼ ਹੋ ਜਾਵੇ ਤੇ ਸਾਨੂੰ ਵੀ ਇਸੇ ਸਰੀਰ ਦੇ ਅੰਦਰ ਇਹ ਦ੍ਰਿਸ਼ਟੀ ਪ੍ਰਾਪਤ ਹੋ ਜਾਵੇ।

- ਅਨੰਦ ਸਾਹਿਬ -

-ਗੁਰ ਸਤੋਤਰ -

- ਅਰਦਾਸ -

# 4

ਸ਼ਾਨ.................................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਅੰਗ - 256*
*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਵਾਹਿਗੁਰੂ, ਜਗਤ ਜਲੰਦਾ ਰਖ ਲੈ - 2, 2.*
*ਪਿਆਰੇ, ਅਪਣੀ ਕਿਰਪਾ ਧਾਰ - 2, 2.*

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥*
*ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ ॥*
*ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ ॥ ਅੰਗ - 853*

*ਧਾਰਨਾ - ਨਾਮ ਖਜ਼ਾਨਾ ਭਗਤੀ ਪਾਇਆ,*
*ਮਨ ਤਨ ਤ੍ਰਿਪਤ ਅਘਾਏ - 2, 2.*

ਸਾਧ ਸੰਗਤਿ ਜੀ, ਗੱਜ ਕੇ ਬੋਲਣਾ, ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਵਿਚ ਪਹੁੰਚੇ ਹੋ। ਜਿੰਨੇ ਕਦਮ ਕੋਈ ਚਲ ਕੇ ਆਉਂਦੈ; ਐਸਾ ਤੱਤ-ਬੇਤੇ ਮਹਾਂਪੁਰਸ਼ਾਂ ਦਾ ਮਤ ਹੈ ਕਿ ਉਸਨੂੰ ਓਨੇ ਯੱਗਾਂ ਦਾ ਫਲ ਪ੍ਰਾਪਤ ਹੋ ਜਾਂਦੈ। ਸਭ ਤੋਂ ਸੁਖਾਲੀ ਭਗਤੀ ਹੈ ਕਲਿਜੁਗ ਦੇ ਅੰਦਰ - ਹਰੀ ਦਾ ਜਸ ਕਰਨਾ ਤੁ ਸਤਿਸੰਗਤ ਕਰਨੀ। ਦੋ ਚੀਜ਼ਾਂ ਤੋਂ ਬਗੈਰ

ਆਦਮੀ ਨੂੰ ਰਸਤਾ ਨਹੀਂ ਮਿਲਿਆ ਕਰਦਾ -

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ ॥*** ***ਅੰਗ - 642***

ਗੁਰੂ ਮਹਾਰਾਜ ਦੀ ਬਖਸ਼ਿਸ਼ ਹੈ ਕਿ ਇਸ ਜਲਦੇ ਬਲਦੇ ਕਲਿਜੁਗ ਦੇ ਅੰਦਰ ਜਦੋਂ ਈਰਖਾ ਦੀਆਂ, ਤ੍ਰਿਸ਼ਨਾ ਦੀਆਂ, ਵਾਸ਼ਨਾਵਾਂ ਦੀਆਂ ਜੁਆਲਾ ਭੜਕੀਆਂ ਪਈਆਂ ਨੇ ਤੇ ਆਦਮੀ ਇਕ ਦੂਜੇ ਨੂੰ ਰੌਂਦ ਕੇ, ਉਤੋਂ ਦੀ ਲੰਘ ਕੇ ਆਪਣੇ ਹਿਤ ਪੂਰੇ ਕਰਨਾ ਚਾਹੁੰਦੈ; ਉਸ ਵੇਲੇ ਐਸੀ ਦੌੜ ਦੇ ਵਿਚ, ਜੇ ਕੋਈ ਮਨ ਨੂੰ ਠੰਢਕ ਪਾਉਣ ਵਾਲੀ ਚੀਜ਼ ਹੈ, ਤਾਂ ਉਹ ਸਤਿਸੰਗ ਹੈ, ਸਾਧ ਸੰਗਤ ਜੀ; ਹੋਰ ਨਹੀਂ ਕਿਤੇ ਵੀ ਸੰਸਾਰ ਵਿਚ ਸੁਖ ਮਿਲਿਆ ਕਰਦਾ। ਮਨ ਤੇ ਤਨ ਦੀਆ ਬੇਅੰਤ ਭੁੱਖਾਂ ਨੇ। ਇਨ੍ਹਾਂ ਭੁੱਖਾਂ ਦੀ ਕੋਈ ਗਿਣਤੀ ਨੀਂ ਹੈ। ਜਦ ਤੋਂ ਆਦਮੀ ਪੈਦਾ ਹੁੰਦੈ, ਤੇ ਜਦੋਂ ਜਾਂਦੈ, ਉਸ ਤੇ ਵੀ ਬਾਅਦ ਜਿਥੇ ਜਾ ਕੇ ਜੀਵ-ਆਤਮਾ ਵਸਦੀ ਹੈ, ਆਦਮੀ ਦੇ ਗਲੋਂ ਭੁੱਖ ਨਹੀਂ ਲਹਿੰਦੀ; ਕੋਈ ਤਰੀਕਾ ਨਹੀਂ ਹੈ, ਨ ਇਹ ਪਦਾਰਥਾਂ ਦੇ ਨਾਲ ਲਹਿੰਦੀ ਹੈ -

***ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥ ਅੰਗ - 1***

ਜਿੰਨਾਂ ਜੀਅ ਕਰਦੈ, ਭੋਗ ਪ੍ਰਾਪਤ ਕਰ ਲਉ -

***ਜੇ ਲਖ ਇਸਤਰੀਆ ਭੋਗ ਕਰਹਿ ਨਵਖੰਡ ਰਾਜੁ ਕਮਾਹਿ॥***
***ਅੰਗ - 26***

ਲੱਖਾਂ ਇਸਤ੍ਰੀਆਂ ਤੇ ਨੌਂ ਖੰਡਾਂ ਦਾ ਰਾਜ - ਇਹ ਵੀ ਮਨ ਦੀ ਭੁੱਖ ਨਹੀਂ ਦੂਰ ਕਰ ਸਕਦੇ। ਪੈਸੇ ਦੇ ਅੰਬਾਰ ਲੱਗੇ ਹੋਣ, ਬੈਂਕ ਬੈਲੈਂਸ ਹੋਣ, ਖਰਬਾਂ-ਖਰਬਾਂ ਰੁਪਿਆ ਬੈਕਾਂ ਵਿਚ ਹੋਵੇ - ਇਹ ਵੀ ਮਨ ਦੀ ਭੁੱਖ ਦੂਰ ਨਹੀਂ ਕਰਦਾ ਕਿਉਂਕਿ ਮਨ ਭੁੱਖਾ ਹੈ। ਇਹਦੀਆਂ ਭੁੱਖਾਂ ਦਾ ਕੋਈ ਸ਼ੁਮਾਰ ਨਹੀਂ ਹੈ। ਇਹਨੂੰ ਪਤਾ ਨਹੀਂ ਹੈ ਕਿ ਉਹ ਕਿਹੜੀ ਚੀਜ਼ ਹੈ ਜਿਹਦੇ ਨਾਲ ਮੇਰੀ ਭੁੱਖ ਦੂਰ ਹੋ ਜਾਏ। ਇਹ ਇਕ ਐਸੀ ਗਲਤੀ ਕਰਦੈ ਕਿ ਅੱਗ ਜਲ ਰਹੀ ਹੈ, ਅੱਗ ਦੇ ਵਿਚ ਲੱਕੜਾਂ ਪਾਈ ਜਾਂਦੈ, ਪਾਈ ਜਾਂਦੈ

ਤੇ ਭਾਂਬੜ ਉਚਾ ਹੋਈ ਜਾਂਦੈ। ਸੋ ਇਨ੍ਹਾਂ ਚੀਜ਼ਾਂ, ਪਦਾਰਥਾਂ ਦੇ ਨਾਲ ਇਹਦੀ ਭੁੱਖ ਨਹੀਂ ਲਹਿੰਦੀ। ਇਹਦੀ ਭੁੱਖ ਜੇ ਲਹਿ ਸਕਦੀ ਹੈ ਤਾਂ ਮਹਾਰਾਜ ਕਹਿੰਦੇ, ਇਹਦੇ ਅੰਦਰ ਹੀ ਇਕ ਚੀਜ਼ ਹੈ; ਜੇ ਉਹਦਾ ਇਸਨੂੰ ਗਿਆਨ ਹੋ ਜਾਵੇ ਤਾਂ ਇਹਦੀਆਂ ਸਾਰੀਆਂ ਭੁੱਖਾਂ ਉਤਰ ਜਾਂਦੀਆਂ ਨੇ। ਵੈਸੇ ਪ੍ਰਾਪਤੀਆਂ ਦੇ ਨਾਲ -

***ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥***
***ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥***
***ਪਰੈ ਪਰੈ ਹੀ ਕਉ ਲੁਝੀ ਹੇ॥ ਅੰਗ - 213***

ਲੱਖਾਂ ਜੋੜ ਲਏ। ਜੇ ਲੱਖ ਕ੍ਰੋੜ ਜੋੜ ਲਏ ਜਿਹਨੂੰ 100 ਖਰਬ ਕਹਿੰਦੇ ਨੇ, ਮਨ ਫੇਰ ਅਗਾਹਾਂ ਜਾਂਦੈ ਲੇਕਿਨ ਤ੍ਰਿਸ਼ਨਾ ਤਾਂ ਬੁਝਦੀ ਨਹੀਂ। ਤ੍ਰਿਸ਼ਨਾ ਇਕ ਚੀਜ਼ ਦੀ ਨਹੀਂ ਹੈ; ਜਦ ਤੱਕ ਇਹਦੇ ਸੁਆਸ ਨੇ, ਓਨੀ ਦੇਰ ਤੱਕ ਅਨੇਕ ਪਦਾਰਥਾਂ ਦੀ, ਵਾਸ਼ਨਾ ਦੀ ਤ੍ਰਿਸ਼ਨਾ ਬੁਝਿਆ ਨਹੀਂ ਕਰਦੀ। ਤ੍ਰਿਸ਼ਨਾ ਇਕ ਵੱਡੀ ਚੀਜ਼ ਹੈ ਜਿਹੜੀ ਪਰਮੇਸ਼ਰ ਦੇ ਰਸਤੇ ਵਿਚ, ਭਜਨ ਕਰਨ ਦੇ ਰਸਤੇ ਵਿਚ ਰੁਕਾਵਟ ਹੈ। ਇਹ ਮਨ ਨੂੰ ਜਾਲਦੀ ਹੈ। ਐਂ ਸਮਝ ਲਓ ਕਿ ਟੀ.ਬੀ ਦੀ ਬਿਮਾਰੀ ਲੱਗੀ ਹੋਈ ਹੈ - ਮਨ ਨੂੰ; ਨ ਇਹ ਬੁਝੇ ਤੇ ਨ ਬੰਦਾ ਰਾਜ਼ੀ ਹੋਵੇ।

ਗੁਰੂ ਨਾਨਕ ਪਾਤਸ਼ਾਹ - ਆਪ ਇਕ ਸਥਾਨ ਤੇ ਬੈਠੇ ਨੇ ਕਿ ਅਚਾਨਕ ਮਰਦਾਨੇ ਦੀ ਨਿਗ੍ਹਾ ਪਈ ਤੇ ਕਹਿੰਦਾ, "ਮਹਾਰਾਜ! ਸਮੁੰਦਰ ਉਛਾਲੇ ਮਾਰ ਰਿਹੈ, ਬਹੁਤ ਉਚੀਆਂ ਲਹਿਰਾਂ ਆ ਰਹੀਆਂ ਨੇ। ਏਥੇ ਹੀ ਨਹੀਂ ਮਹਾਰਾਜ। ਅੱਗ ਲੱਗੀ ਹੋਈ ਹੈ - ਸਮੁੰਦਰ ਨੂੰ; ਹੁਣ ਧਰਤੀ ਨੂੰ ਅੱਗ ਲੱਗ ਗਈ, ਰੜੇ ਮੈਦਾਨ ਨੂੰ ਅੱਗ ਲਗ ਗਈ। ਮਹਾਰਾਜ! ਆਪਾਂ ਹੁਣ ਇਸ ਅੱਗ ਤੋਂ ਬਚ ਨਹੀਂ ਸਕਦੇ।" ਮਹਾਰਾਜ ਕਹਿੰਦੇ, "ਮਰਦਾਨਿਆਂ! ਡਰ ਨ। ਡਰਦਾ ਉਹ ਹੁੰਦੈ ਜਿਹਦੇ ਵਿਸ਼ਵਾਸ਼ ਤੋਂ ਨਿਰੰਕਾਰ ਭੁੱਲਿਆ ਹੁੰਦੈ। ਦੂਸਰਾ ਉਹ ਨਹੀਂ ਡਰਦਾ ਜਿਹਨੂੰ ਇਹ ਪਤਾ ਹੈ ਕਿ -

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥ ਅੰਗ - 394***

ਉਹ ਮੇਰੇ ਨਾਲ ਰਹਿੰਦੈ ਤੇ ਉਹਦੇ ਹੁਕਮ ਵਿਚ ਸਭ ਕੁਛ

ਹੋ ਰਿਹੈ।" ਕਹਿੰਦੇ, ਉਹ ਨਹੀਂ ਡਰਿਆ ਕਰਦਾ, ਨਿਰੰਕਾਰ ਦਾ ਚਾਕਰ ਨੀਂ ਡਰਿਆ ਕਰਦਾ ਕਿਉਂਕਿ ਉਹ 'ਨਿਰਭਉ' ਹੈ -

***ਨਿਰਭਉ ਜਪੈ ਸਗਲ ਭਉ ਮਿਟੈ॥ ਅੰਗ - 293***

ਜਿਹੜਾ ਉਹਨੂੰ ਜਪਦੈ, ਉਹਦੇ ਡਰ ਸਾਰੇ ਦੂਰ ਹੋ ਜਾਂਦੇ ਨੇ ਕਿਉਂਕਿ ਉਹਦੇ ਹੁਕਮ ਤੋਂ ਬਗੈਰ ਕੁਛ ਨਹੀਂ ਹੁੰਦਾ। ਜਿਹੜਾ ਕੁਛ ਹੋਣੈ, ਉਹ ਸਾਨੂੰ ਪ੍ਰਵਾਨ ਕਰ ਲੈਣਾ ਚਾਹੀਦੈ। ਰੌਲਾ ਉਥੇ ਹੀ ਪੈਂਦਾ ਹੈ ਜਿੱਥੇ ਹੁਕਮ ਕੁਛ ਹੋਰ ਚਲ ਰਿਹੈ ਤੇ ਅਸੀਂ ਕਹਿੰਦੇ ਹਾਂ ਕਿ ਇਹ ਨ ਹੋਵੇ; ਇਹ ਨਹੀਂ ਹੋਣਾ ਚਾਹੀਦਾ, ਇਹ ਨਜਾਇਜ਼ ਹੋ ਰਿਹੈ ਮੇਰੇ ਨਾਲ, ਗਲਤ ਹੋ ਰਿਹੈ; ਐਂ ਹੋਣਾ ਚਾਹੀਦੈ। ਅਸੀਂ ਪਰਮੇਸ਼ਰ ਨੂੰ ਹੁਕਮ ਦਿੰਦੇ ਹਾਂ, ਕਿ ਹੇ ਰੱਬਾ! ਜੇ ਤੈਂ ਮੇਰੇ ਨਾਲ ਸਬੰਧ ਰੱਖਣੈ ਤਾਂ ਮੇਰੇ ਐਹ-ਐਹ ਕੰਮ ਕਰ ਦੇ। ਅਸੀਂ ਇਹ ਨਹੀਂ ਕਹਿੰਦੇ ਕਿ ਹੇ ਪ੍ਰਭੂ! ਤੂੰ ਮੈਨੂੰ ਆਪਣੇ ਨਾਲ ਜੋੜ ਲੈ। ਰੱਬ ਨੂੰ ਆਪਣੇ ਪਿਛੇ ਲਾਉਂਦੈ; ਇਕ ਨਿੱਕਾ ਜਿਹਾ ਕਿਣਕਾ, ਇਕ ਕਿਰਨ ਸੂਰਜ ਨੂੰ ਕਹਿੰਦੀ ਹੈ ਕਿ ਤੂੰ ਮੇਰੇ ਮਗਰ ਲਗ ਕੇ ਚੱਲ। ਸੋ ਇਸ ਤਰ੍ਹਾਂ ਦੇ ਨਾਲ ਜੋ ਕੁਛ ਪਰਮੇਸ਼ਰ ਵੱਲੋਂ ਹੋ ਰਿਹੈ, ਭਾਈ! ਉਹਦੇ ਨਾਲ ਸਮਝੌਤਾ ਕਰਕੇ ਫੇਰ ਨਹੀਂ ਡਰ ਹੋਇਆ ਕਰਦਾ। ਨਹੀਂ ਤਾਂ ਆਦਮੀ ਦਾ ਡਰ ਜ਼ਿੰਦਗੀ ਭਰ ਖਤਮ ਨਹੀਂ ਹੁੰਦਾ; ਇਹਨੂੰ ਅੰਦੇਸ਼ਾ ਕਹਿੰਦੇ ਨੇ। ਇਕ ਆਸ਼ਾ ਹੋਇਆ ਕਰਦੀ ਹੈ, ਇਕ ਅੰਦੇਸ਼ਾ ਹੋਇਆ ਕਰਦੈ। ਇਹ ਰੱਬ ਦੇ ਦਰ ਦੇ ਉਤੇ ਬਜਰ ਕਪਾਟ ਲੱਗੇ ਹੋਏ ਨੇ; ਜੁੜੇ ਪਏ ਨੇ, ਖੁੱਲਦੇ ਨਹੀਂ -

***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥ ਅੰਗ - 954***

***ਦੂਖੁ ਦਰਵਾਜਾ ਰੋਹੁ ਰਖਵਾਲਾ***
***ਆਸਾ ਅੰਦੇਸਾ ਦੁਇ ਪਟ ਜੜੇ॥ ਅੰਗ - 877***

ਮਹਾਰਾਜ ਕਹਿੰਦੇ, ਵਾਹਿਗੁਰੂ ਦੇ ਦਰ ਦੇ ਉਤੇ ਇਕ ਆਸ਼ਾਵਾਂ ਦਾ, ਤੇ ਇਕ ਡਰ ਦਾ ਦਰਵਾਜ਼ਾ ਬੰਦ ਹੋ ਗਿਆ। ਦੋ ਦਰਵਾਜ਼ੇ ਨੇ, ਦੋ ਪਟ ਨੇ; ਦੋਇ ਬੰਦ ਹੋ ਗਏ।

ਸੋ ਇਸ ਤਰ੍ਹਾਂ ਕਹਿੰਦੇ, "ਮਰਦਾਨਿਆਂ! ਡਰ ਨ, ਅੱਗ ਹਟ ਜਾਏਗੀ ਹੈ। ਅਨ੍ਹੇਰੀ ਚਲਦੀ ਹੈ - ਕਾਲੀ ਬੋਲੀ, ਦਰਖਤ

ਉਡਾਈ ਜਾਂਦੀ ਹੈ।" ਕਹਿੰਦਾ, "ਮਹਾਰਾਜ! ਹੁਣ ਤਾਂ ਦਰਖਤਾਂ ਨੂੰ ਰੋੜ੍ਹਣ ਵਾਲੀ ਅਨ੍ਹੇਰੀ ਆ ਗਈ।" ਕਹਿੰਦਾ, ਮਹਾਰਾਜ! ਹੁਣ ਆਪਾਂ ਤਾਂ ਬਚਦੇ ਨਹੀਂ ਹੈਗੇ ਕਿਉਂਕਿ ਐਸੀ ਅਨ੍ਹੇਰੀ ਕਦੇ ਅੱਜ ਤਾਈਂ ਨਹੀਂ ਦੇਖੀ।'' ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ, "ਮਰਦਾਨਿਆਂ! ਤੂੰ ਫਿਕਰ ਨ ਕਰ।" ਬਹੁਤ ਭਾਰੀ ਗੜਾ ਆ ਕੇ ਗਿਰਿਆ, ਟੋਆ ਪੈ ਗਿਆ। ਗੜੇ ਪੈਣੇ ਸ਼ੁਰੂ ਹੋ ਗਏ, ਬਹੁਤ ਵੱਡੇ-ਵੱਡੇ ਪੈ ਰਹੇ ਨੇ - ਸ਼ੇਰਾਂ ਦੇ, ਮਣਾਂ ਦੇ। ਮਰਦਾਨੇ ਨੇ ਕਿਹਾ, "ਸੱਚੇ ਪਾਤਸ਼ਾਹ! ਜੇ ਇਕ ਲਗ ਗਿਆ, ਫੇਰ ਨਹੀਂ ਬਚਾਉ ਹੁੰਦਾ।" ਕਹਿੰਦੇ, "ਮਰਦਾਨਿਆਂ! ਨਿਰੰਕਾਰ ਦੇ ਨਾਮ ਨੂੰ ਯਾਦ ਕਰ। ਉਹਦੇ ਉਤੋਂ ਦੀ ਕੋਈ ਨਹੀਂ ਹੈ, ਸਾਰੇ ਉਹਦੇ ਥੱਲੇ ਨੇ। ਇਨ੍ਹਾਂ ਦੀ ਤਾਕਤ ਨਹੀਂ ਕਿ ਇਹ ਕੁਦਰਤ ਦੀਆਂ ਚੀਜ਼ਾਂ ਪਰਮੇਸ਼ਰ ਦੇ ਹੁਕਮ ਤੋਂ ਬਗੈਰ ਕਿਸੇ ਦਾ ਕੁਛ ਬਿਗਾੜ ਸਕਣ ਕਿਉਂਕਿ ਸਾਰਿਆਂ ਦੇ ਉਤੇ ਪ੍ਰਭੂ ਦਾ ਹੁਕਮ ਚੱਲ ਰਿਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਪਉਣ ਪਾਣੀ ਦੇਵਤੇ ਸਾਰੇ, ਚੱਲਦੇ ਨੇ ਭੈ ਵਿਚ ਜੀ - 2, 2.

***ਭੈ ਵਿਚਿ ਪਵਣੁ ਵਹੈ ਸਦ ਵਾਉ॥***
***ਭੈ ਵਿਚਿ ਚਲਹਿ ਲਖ ਦਰੀਆਉ॥***
***ਭੈ ਵਿਚਿ ਅਗਨਿ ਕਢੈ ਵੇਗਾਰਿ॥***
***ਭੈ ਵਿਚਿ ਧਰਤੀ ਦਬੀ ਭਾਰਿ॥ ਅੰਗ - 464***

"ਮਰਦਾਨਿਆਂ! ਇਹ ਜਿੰਨੀ ਪ੍ਰਕਿਰਤੀ, ਜਿੰਨੀਆਂ ਕੁਦਰਤ ਦੀਆਂ ਸ਼ਕਤੀਆਂ - ਬਿਜਲੀ, ਪਾਣੀ, ਹਵਾ ਆਦਿ ਇਹ ਸਾਰੀਆਂ ਭਾਵੇਂ ਦਰਿਆ, ਪਹਾੜ ਦਰਖਤ - ਜਿੰਨੀਆਂ ਵੀ ਸ਼ਕਤੀਆਂ ਨੇ, ਇਨ੍ਹਾਂ ਦੇ ਉਤੇ ਨਿਰੰਕਾਰ ਦਾ ਹੁਕਮ ਚਲਦੈ -

***ਸਗਲਿਆ ਭਉ ਲਿਖਿਆ ਸਿਰਿ ਲੇਖੁ॥***
***ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥ ਅੰਗ - 464***

ਨਿਰੰਕਾਰ ਦਾ ਭੈ ਸਭ ਦੇ ਸਿਰ ਦੇ ਉਤੇ ਹੈ, ਤੂੰ ਫਿਕਰ ਨ ਕਰ; ਉਠ, ਵਾਹਿਗੁਰੂ ਕਹਿ ਕੇ ਕਾਰ ਕੱਢ ਲੈ।" ਕਾਰ ਕੱਢ ਦਿਤੀ, ਖਤਮ ਹੋ ਗਿਆ ਸਾਰਾ ਖੇਲ੍ਹ। ਕਪੜਾ ਲੈ ਕੇ ਪੈ ਗਿਆ।

ਉਠ ਕੇ ਬੈਠ ਗਿਆ, ਨੇਤਰ ਖੋਲ੍ਹ ਕੇ ਦੇਖਿਆ, ਆਸਮਾਨ ਸਾਫ ਹੋ ਗਿਆ। ਕੀ ਦੇਖਦੈ ਕਿ ਆਸਮਾਨਾਂ ਦੇ ਨਾਲ, ਬੱਦਲਾਂ ਦੇ ਨਾਲ ਸਿਰ ਲੱਗਿਆ ਹੋਇਆ, ਨਗਨ ਤੁਰਿਆ ਆ ਰਿਹੈ ਕੋਈ। ਬਹੁਤ ਭਿਆਨਕ ਸ਼ਕਲ ਦੇਖ ਕੇ ਡਰ ਗਿਆ –

"ਪਾਤਸ਼ਾਹ! ਕੀ ਬਲਾਅ ਆ ਰਹੀ ਹੈ?"

"ਮਰਦਾਨਿਆਂ! ਜਿਹਨੇ ਬਾਕੀਆਂ ਤੋਂ ਰੱਖਿਆ, ਉਹ ਇਸ ਤੋਂ ਵੀ ਰੱਖ ਲਏਗਾ। ਤੂੰ ਫਿਕਰ ਨ ਕਰ।" ਥੋੜ੍ਹੀ ਦੇਰ ਤੋਂ ਬਾਅਦ ਦੇਖਦੈ – ਮਨੁੱਖ ਜਿੱਡਾ ਸਰੀਰ ਹੈ, ਸਾਮ੍ਹਣੇ ਆ ਗਿਆ; ਨਮਸਕਾਰ ਕਰਦੈ, ਬੰਦਨਾਂ ਕਰਦੈ। ਪਾਤਸ਼ਾਹ ਪੁੱਛਦੇ ਨੇ –

"ਕੌਣ ਹੈਂ ਤੂੰ?"

"ਪਾਤਸ਼ਾਹ! ਤੂੰ ਇਸ ਯੁੱਗ ਦਾ ਤਾਰਕ, ਤੇ ਮੈਂ ਇਸ ਯੁੱਗ ਦਾ ਮਾਲਕ; ਮੈਂ ਕਲਿਜੁਗ ਹਾਂ।"

"ਕੀ ਕਰਨੈ ਤੂੰ! ਐਨੇ ਭਿਆਨਕ ਰੂਪ ਦਿਖਾਏ ਨੇ।"

"ਮੇਰੇ ਰਾਜ ਵਿਚ ਇਸੇ ਤਰ੍ਹਾਂ ਵਰਤਣੈ।"

"ਤੂੰ ਨਗਨ ਹੈਂ।"

"ਇਨਸਾਨੀਅਤ ਨੰਗੀ ਹੋ ਜਾਵੇਗੀ – ਮੇਰੇ ਰਾਜ ਦੇ ਅੰਦਰ; ਪਰਦਾ ਖਤਮ ਹੋ ਜਾਵੇਗਾ। ਜੀਭ ਦੇ ਰਸ, ਇੰਦ੍ਰੀਆਂ ਦੇ ਰਸ ਵਿਚ ਪੈ ਕੇ ਸੰਸਾਰ ਡੁੱਬ ਜਾਏਗਾ, ਕੋਈ ਨਹੀਂ ਤਰ ਸਕੇਗਾ। ਜਿੰਨੇ ਪਾਪ ਗਿਣੀਦੇ ਨੇ, ਉਹ ਸਾਰੇ ਵੱਡੇ-ਵੱਡੇ ਪਾਪ ਮੇਰੇ ਯੁੱਗ ਵਿਚ ਹੋਣਗੇ।"

"ਕਲਿਜੁਗ !

***ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥***
***ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥***

***ਅੰਗ – 902***

ਇਹ ਜਿਹੜੇ ਕੰਮ ਕਰੇਂਗਾ, ਦੁਨੀਆਂ ਨੂੰ ਦੁਖੀ ਕਰੇਂਗਾ, ਉਲਟ ਰਸਤਿਆਂ ਤੇ ਲਾਏਂਗਾ, ਪਾਪਾਂ ਵਿਚ ਪ੍ਰਵਿਰਤ ਕਰਕੇ ਨਰਕਾਂ

ਨੂੰ ਭੇਜੇਂਗਾ; ਕਿਸੇ ਨੂੰ ਗਲਤ ਰਸਤੇ ਤੇ ਪਾ ਦੇਣਾ ਮਹਾਂ-ਪਾਪ ਹੋਇਆ ਕਰਦੈ; ਕਿਸੇ ਨੂੰ ਚੁੱਕ ਕੇ ਸਿੱਧੇ ਰਸਤੇ ਪਾ ਦੇਣਾ ਮਹਾਂ-ਪੁੰਨ ਹੋਇਆ ਕਰਦੈ। ਐਡੇ-ਐਡੇ ਪਾਪਾਂ ਦਾ ਜਦ ਤੈਨੂੰ ਫਲ ਭੁਗਤਣਾ ਪਏਗਾ, ਉਸ ਵੇਲੇ, ਅਸੀਂ ਨਿਰੰਕਾਰ ਦੇ ਚਾਕਰ - ਸਾਡੇ ਹੱਥੋਂ ਤੇਰੀ ਮੌਤ ਹੋਏਗੀ - 'ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ॥'

ਭੈ ਵਿਚ ਆ ਗਿਆ, "ਹੇ ਨਾਨਕ! ਮੇਰੇ ਤੇ ਕ੍ਰਿਪਾ ਕਰੋ। ਤੁਸੀਂ ਸੰਸਾਰ ਨੂੰ ਤਾਰਨ ਵਾਸਤੇ ਸ਼ਕਤੀ ਲੈ ਕੇ ਆਏ ਹੋ? ਕਿਹੜੀ ਸ਼ਕਤੀ ਹੈ ਤੁਹਾਡੇ ਕੋਲ, ਜਿਹਦੇ ਨਾਲ ਐਨੇ ਪਾਪਾਂ ਦੇ ਵਿਚੋਂ, ਐਨੇ ਭੁਲੇਖਿਆਂ ਦੇ ਵਿਚੋਂ, ਐਨੀ ਮਾਇਆ ਦੇ ਚਕਾਚੌਂਧ ਕਰਨ ਵਾਲੇ ਚਮਤਕਾਰਿਆਂ ਦੇ ਵਿਚੋਂ, ਲਸ਼ਕਾਰਿਆਂ ਦੇ ਵਿਚੋਂ ਸੰਸਾਰ ਨੂੰ ਕੱਢੋਗੇ"? ਕੋਈ ਹੈ ਚੀਜ਼?"

"ਹਾਂ, ਅਸੀਂ ਪਰਮੇਸ਼ਰ ਦਾ ਨਾਮ ਲੈ ਕੇ ਆਏ ਹਾਂ ਜਿਹਦੇ ਉਪਰ ਕਿਸੇ ਚੀਜ਼ ਦੀ ਸ਼ਕਤੀ ਨਹੀਂ ਹੈ।"

"ਕੀ ਕਰੇਗਾ ਨਾਮ?"

ਮਹਾਰਾਜ ਕਹਿੰਦੇ, "ਸਾਰੀ ਜ਼ਿੰਦਗੀ ਪਾਪਾਂ 'ਚ ਲੰਘ ਜਾਵੇ, ਸਾਰੀ ਜ਼ਿੰਦਗੀ ਬੇ-ਸੁਰਤੀ 'ਚ ਲੰਘ ਜਾਵੇ, ਨੀਂਦ 'ਚ ਲੰਘ ਜਾਵੇ; ਨਹੀਂ ਸੋਝੀ ਆਈ, ਪਰ ਇਕ ਸੁਆਸ ਬਚ ਜਾਵੇ, ਉਹ ਵੀ ਅੱਧਾ ਅੰਦਰ ਨੂੰ ਚਲਿਆ ਜਾਵੇ ਤੇ ਅੱਧਾ ਬਾਹਰ ਨੂੰ ਆਉਣ ਵਾਲਾ ਬਚ ਜਾਵੇ; ਜੇ ਜਦ ਵੀ ਉਹਦੀ ਬਿਰਤੀ ਨਾਮ ਨਾਲ ਲਗ ਜਾਵੇ, ਉਹਦੇ ਸਾਰੇ ਪਾਪ ਇਉਂ ਜਲ ਜਾਣਗੇ ਜਿਵੇਂ ਕ੍ਰੋੜਾਂ ਮਣ ਲੱਕੜੀ ਅੱਗ ਦੇ ਨਾਲ ਜਲ ਜਾਇਆ ਕਰਦੀ ਹੈ। ਸੋ ਅਸੀਂ ਉਹ ਨਾਮ ਲੈ ਕੇ ਆਏ ਹਾਂ -

***ਅਬ ਕਲੂ ਆਇਓ ਰੇ ॥***
***ਇਕੁ ਨਾਮੁ ਬੋਵਹੁ ਬੋਵਹੁ ॥***
***ਅਨ ਰੂਤਿ ਨਾਹੀ ਨਾਹੀ ॥***
***ਮਤੁ ਭਰਮਿ ਭੂਲਹੁ ਭੂਲਹੁ ॥*** ***ਅੰਗ - 1185***
***ਏਕ ਚਿਤ ਜਿਹ ਇਕ ਛਿਨ ਧਿਆਇਓ॥***

***ਕਾਲ ਫਾਸਿ ਕੇ ਬੀਚ ਨ ਆਇਓ॥ (ਅਕਾਲ ਉਸਤਤਿ)***

ਤੇਰੇ ਪਾਪਾਂ ਦਾ, ਤੇਰੀਆਂ ਕੁਰੀਤੀਆਂ ਦਾ, ਤੇਰੀਆਂ ਭੁੱਲ-ਭੁਲਾਈਆਂ ਦਾ ਜ਼ੋਰ ਨਹੀਂ ਸੰਸਾਰ ਤੇ ਚਲਣਾ। ਜਿਸਦੇ ਹਿਰਦੇ ਵਿਚ ਨਾਮ ਹੋਵੇਗਾ, ਜਿਸਦੀ ਰਸਨਾ ਤੋਂ 'ਵਾਹਿਗੁਰੂ', 'ਰਾਮ', 'ਅੱਲਾਹ' ਦਾ ਉਚਾਰਨ ਹੋਏਗਾ, ਜਿਸ ਦੇ ਕੰਨ ਨਾਮ ਸ੍ਰਵਣ ਕਰਦੇ ਹੋਣਗੇ, ਜਿਸਦਾ ਸਰੀਰ ਸਤਿਸੰਗਤ ਦੇ ਮੰਡਲ ਵਿਚ ਆ ਕੇ ਬੈਠੇਗਾ, ਕਲਿਜੁਗ! ਉਥੇ ਤੇਰਾ ਜ਼ੋਰ ਨਹੀਂ ਚੱਲਣਾ। ਇਉਂ ਸੰਸਾਰ ਦਾ ਉਧਾਰ ਹੋ ਜਾਏਗਾ।''

''ਪਾਤਸ਼ਾਹ! ਮੇਰੀ ਭੁੱਲ ਖਿਮਾ ਕਰੋ। ਮੈਂ ਜ਼ੋਰ ਦਿਖਾਇਐ ਆਪ ਨੂੰ, ਪਰ ਮੈਂ ਹਾਰਿਆ। ਮੇਥੋਂ ਕੁਛ ਭੇਟਾਵਾਂ ਲਓ।'' ''ਕੀ ਚੀਜ਼ਾਂ ਦੇ ਸਕਦੈ? ਸਾਨੂੰ ਲੋੜ ਹੀ ਨਹੀਂ ਹੈ। ਕਿਉਂਕਿ ਜਿਸ ਨੂੰ ਲੋੜ ਨ ਹੋਵੇ, ਉਹ ਬਾਦਸ਼ਾਹਾਂ ਦਾ ਬਾਦਸ਼ਾਹ ਹੁੰਦੈ।''

***ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ॥ ਅੰਗ - 1373***

ਆਦਮੀ ਨੀਵਾਂ ਉਸ ਵੇਲੇ ਹੁੰਦੈ, ਜਦੋਂ ਉਹਨੂੰ ਲੋੜ ਪੈ ਜਾਵੇ। ਲੋੜ ਨੂੰ ਦੂਸਰੇ ਅੱਖਰਾਂ ਵਿਚ ਗਉਂ ਕਹਿੰਦੇ ਨੇ। ਗਉਂ ਜਿਹੜਾ ਹੈ, ਇਹ ਬੰਦੇ ਨੂੰ ਬਹੁਤ ਨੀਵਾਂ ਲੈ ਜਾਂਦੈ।

ਇਕ ਵਾਰੀ ਇਕ ਬਾਦਸ਼ਾਹ ਇਹ ਗੱਲ ਕਹਿਣ ਲੱਗਿਆ - ਸਾਰੇ ਦਰਬਾਰੀਆਂ ਨੂੰ ਕਿ ਦੁਨੀਆਂ ਵਿਚ ਸਭ ਤੋਂ ਪਿਆਰੀ ਚੀਜ਼ ਕਿਹੜੀ ਹੈ? ਕਿਸੇ ਨੇ ਕਿਹਾ, ਪੁੱਤਰ ਪਿਆਰੇ ਨੇ; ਕਿਸੇ ਨੇ ਕਿਹਾ proprerty (ਜਾਇਦਾਦ) ਪਿਆਰੀ ਹੈ; ਕਿਸੇ ਨੇ ਦੱਸਿਆ, ਸਬੰਧੀ ਪਿਆਰੇ ਨੇ। ਉਹ ਕਹਿੰਦਾ, ਨਹੀਂ, ਮੈਂ ਪ੍ਰੈਕਟੀਕਲੀ ਦੇਖਣਾ ਚਾਹੁੰਦਾ ਹਾਂ। ਮੈਨੂੰ ਦੱਸੋ, ਕਿਹੜੀ ਚੀਜ਼ ਪਿਆਰੀ ਹੈ?

ਉਸ ਵੇਲੇ ਸਭ ਨੂੰ ਫਿਕਰ ਹੋਇਆ। ਇਕ ਮਹਾਤਮਾ ਦੇ ਕੋਲ ਚਲੇ ਗਏ। ਮਹਾਤਮਾ ਨੇ ਕਿਹਾ ਕਿ ਬਾਦਸ਼ਾਹ ਨੂੰ ਕਹਿ ਦਿਓ, ਅਸੀਂ ਦੱਸ ਦੇਵਾਂਗੇ। ਓਥੇ ਜੋ ਕਾਜ਼ੀ ਮੌਲਾਣੇ ਸਨ - ਦਿਨ ਨੇੜੇ ਆ ਗਿਆ, ਬਹੁਤ ਫਿਕਰ ਵਿਚ ਪੈ ਗਏ। ਇਕੋ ਆਸ ਰਹਿ ਗਈ ਕਿ ਮਹਾਤਮਾ ਨੂੰ ਲੈ ਕੇ ਆਈਏ। ਉਨ੍ਹਾਂ ਨੂੰ ਲੈਣ ਵਾਸਤੇ

ਜਾਂਦੇ ਨੇ। ਉਹ ਮਹਾਤਮਾ ਕਹਿੰਦੇ, "ਐਂ ਨਹੀਂ ਮੈਂ ਜਾਣਾ। ਪਾਲਕੀ ਲਿਆਓ, ਪਾਲਕੀ ਵਿਚ ਮੈਂ ਬੈਠਾਂਗਾ ਤੇ ਤੁਸੀਂ ਜਿਹੜੇ ਵੱਡੇ ਹੋਂ, ਇਹ ਚੁਕੋਂਗੇ ਤੇ ਤੁਹਾਡੀ ਪਿੱਠ ਦੇ ਪਿਛੇ ਧਰਮ ਪੁਸਤਕਾਂ ਬੰਨ੍ਹੀਆਂ ਹੋਣਗੀਆਂ ਤੇ ਫੇਰ ਮੈਂ ਸਭਾ ਵਿਚ ਜਾ ਕੇ ਜਵਾਬ ਦੇਵਾਂਗਾ।" ਇਸੇ ਤਰ੍ਹਾਂ ਕੀਤਾ ਗਿਆ। ਉਹ ਸਭਾ ਵਿਚ ਪਹੁੰਚ ਜਾਂਦੇ ਨੇ। ਰਾਜਾ ਕਹਿਣ ਲੱਗਿਆ, "ਦੱਸੋ, ਕਿਹੜੀ ਚੀਜ਼ ਸਭ ਤੋਂ ਪਿਆਰੀ ਹੈ?"

ਉਹ ਕਹਿਣ ਲੱਗੇ, "ਤੁਹਾਨੂੰ ਪ੍ਰੈਕਟੀਕਲੀ ਦੱਸਦੇ ਹਾਂ ਕਿ ਇਹ ਵੱਡੇ-ਵੱਡੇ ਅਫਸਰ, ਵੱਡੇ-ਵੱਡੇ ਮੁੱਲਾਂ ਮੌਲਾਣੇ, ਜਿਹੜੇ ਫਤਵੇ ਦਿੰਦੇ ਨੇ, ਧਰਮ ਪੁਸਤਕਾਂ ਦੇਖੋ ਅੱਜ ਇਨ੍ਹਾਂ ਨੇ ਕਿਸ ਤਰ੍ਹਾਂ ਹੇਠਾਂ ਬੰਨ੍ਹੀਆਂ ਹੋਈਆਂ ਨੇ, ਬੇਅਦਬੀ ਹੋ ਰਹੀ ਹੈ ਤੇ ਧਰਮ ਪੁਸਤਕਾਂ ਬੰਨ੍ਹ ਕੇ ਪਾਲਕੀ ਦੇ ਵਿਚ ਮੈਨੂੰ ਬਿਠਾਇਆ ਹੋਇਐ। ਚਾਹੀਦਾ ਤਾਂ ਇਹ ਸੀ ਕਿ ਧਰਮ ਪੁਸਤਕਾਂ ਸਭ ਤੋਂ ਉਪਰ ਰੱਖੀਆਂ ਹੁੰਦੀਆਂ। ਇਹ ਪਾਲਕੀ ਵਿਚ ਮੈਨੂੰ ਲੈ ਕੇ ਆਏ ਨੇ। ਬਾਦਸ਼ਾਹ! ਸੰਸਾਰ ਦੇ ਵਿਚ ਜੇ ਕੋਈ ਚੀਜ਼ ਸਭ ਤੋਂ ਪਿਆਰੀ ਹੈ ਤਾਂ ਗਉਂ ਪਿਆਰਾ ਹੁੰਦੈ।"

ਸੋ ਇਸ ਤਰ੍ਹਾਂ ਜਦੋਂ ਆਦਮੀ ਨੂੰ ਵਾਸ਼ਨਾ ਹੋ ਜਾਵੇ, ਗਉਂ ਹੋਵੇ, ਲੋੜ ਹੋਵੇ, ਉਸ ਵੇਲੇ ਬਹੁਤ ਨੀਵਾਂ ਚਲਿਆ ਜਾਂਦੈ। ਜੋ ਆਦਮੀ ਗਉਂ ਵਿਚ ਨਹੀਂ ਆਉਂਦਾ; ਇਸ ਗੱਲ ਵਿਚ ਨਹੀਂ ਆਉਂਦਾ ਕਿ ਫਲਾਣੇ ਤੋਂ ਮੈਨੂੰ ਇਹ ਫਾਇਦਾ ਹੋਵੇਗਾ, ਉਹ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿੰਦੈ। ਗਿਣਤੀਆਂ-ਮਿਣਤੀਆਂ ਵਿਚ ਆ ਕੇ ਆਦਮੀ ਨੀਵਾਂ ਹੋ ਜਾਇਆ ਕਰਦੈ - 'ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ॥' ਤਿੰਨਾਂ ਲੋਕਾਂ ਦਾ ਜੋ ਬਾਦਸ਼ਾਹ ਇੰਦਰ ਹੈ, ਉਹ ਤਾਂ ਕੰਗਾਲ ਹੈ, ਉਹਦੇ ਕੋਲ ਕੁਛ ਨਹੀਂ ਹੈ।

ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗਿਆ, "ਪਾਤਸ਼ਾਹ! ਮੈਥੋਂ ਸੇਵਾ ਲਉ ਕਿਉਂਕਿ ਮੇਰੇ ਯੁੱਗ ਦੇ ਅੰਦਰ ਵੱਡੇ-ਵੱਡੇ ਉਪਦਰਵ ਹੋਣਗੇ, un-natural (ਗੈਰ-ਕੁਦਰਤੀ) ਗੱਲਾਂ ਹੋਣਗੀਆਂ; Natural calamities (ਕੁਦਰਤੀ ਆਫਤਾਂ) ਸੰਸਾਰ ਦਾ ਸੱਤਿਆਨਾਸ਼

ਕਰ ਦੇਣਗੀਆ; ਵਿਸ਼ਵਾਸ਼ ਜਾਂਦਾ ਰਹੇਗਾ, ਆਦਮੀ-ਆਦਮੀ ਨੂੰ ਮਾਰੇਗਾ, ਜਿਊਣਾ ਔਖਾ ਹੋ ਜਾਵੇਗਾ। ਮੇਰੇ ਤੇ ਕਿਰਪਾ ਕਰੋ।" ਕਹਿੰਦੇ, "ਕੀ ਦੇ ਸਕਦੈਂ ਤੂੰ?" ਕਹਿਣ ਲੱਗਿਆ, "ਪਾਤਸ਼ਾਹ! ਮੇਰੇ ਕੋਲ ਮਾਇਆ ਦੇ ਚਮਤਕਾਰੇ ਬਹੁਤ ਨੇ। ਮੈਂ ਆਪ ਦੇ ਵਾਸਤੇ ਮੋਤੀਆਂ ਦੇ ਮੰਦਰ ਰਚ ਦਿੰਦਾ ਹਾਂ - ਸੁਗੰਧੀਆਂ ਨਾਲ ਸੁਗੰਧਤ ਹੋਏ-ਹੋਏ; ਹੀਰੇ ਤੇ ਲਾਲਾਂ ਨਾਲ ਜੜੇ ਪਲੰਘ ਆਪ ਦੇ ਆਰਾਮ ਵਾਸਤੇ; ਸਵਰਗ ਦੀਆਂ ਮੋਹਣੀਆਂ ਨਾਲੋਂ ਸੁੰਦਰ ਇਸਤ੍ਰੀਆਂ ਆਪ ਦੀ ਸੇਵਾ ਵਾਸਤੇ; ਸ਼ਕਤੀਆਂ, ਰਿਧੀਆਂ-ਸਿੱਧੀਆਂ, ਦੁਨੀਆਂ ਦੇ ਤਾਂਤਿਆਂ ਦੇ ਤਾਂਤੇ ਬੱਧੇ ਰਹਿਣਗੇ; ਗਉਂ ਵਿਚ ਲੋਕ ਆ ਕੇ ਦਰਵਾਜ਼ੇ ਤੇ ਖੜ੍ਹੇ ਰਹਿਣਗੇ ਤੇ ਬਾਦਸ਼ਾਹੀ ਤਾਕਤ ਮੇਰੇ ਪਾਸ ਹੈ; ਸਾਰੇ ਸੰਸਾਰ ਦਾ ਚੱਕ੍ਰਵਰਤੀ ਬਾਦਸ਼ਾਹ ਬਣਾ ਦਿੰਦਾ। ਇਹ ਚੀਜ਼ਾਂ ਲੈ ਕੇ ਤੁਸੀਂ ਮੇਰੀ ਸੇਵਾ ਕਬੂਲ ਕਰੋ।"

ਮਹਾਰਾਜ ਕਹਿੰਦੇ, "ਕਲਿਜੁਗ! ਇਹ ਚੀਜ਼ਾਂ ਜਿਹੜੀਆਂ ਨੇ, ਸ਼ਾਂਤੀ ਦੇਣ ਵਾਲੀਆਂ ਨਹੀਂ ਹਨ। ਇਹ ਚੀਜ਼ਾਂ ਜਿਹੜੀਆਂ ਤੂੰ ਗਿਣੀਆਂ ਨੇ, ਇਨ੍ਹਾਂ ਭੋਗਾਂ ਦੇ ਵਿਚੋਂ ਅਸ਼ਾਂਤੀ ਨਿਕਲਦੀ ਹੈ। ਸੋਨੇ ਦੇ ਮੰਦਰ ਆਦਮੀ ਦੇ ਮਨ ਨੂੰ ਤ੍ਰਿਪਤ ਨਹੀਂ ਕਰ ਸਕਦੇ, ਸ਼ਾਂਤੀ ਨਹੀਂ ਦੇ ਸਕਦੇ। ਬੇਅੰਤ ਕਿਸਮ ਦੇ ਭੋਗ, ਸੁੰਦਰ ਥਾਵਾਂ ਆਦਮੀ ਦੇ ਮਨ ਨੂੰ ਸ਼ਾਂਤੀ ਨਹੀਂ ਦੇ ਸਕਦੀਆਂ। ਬੇਅੰਤ ਰਿੱਧੀਆਂ-ਸਿੱਧੀਆਂ, ਸ਼ਕਤੀਆਂ ਸ਼ਾਂਤੀ ਨਹੀਂ ਦੇ ਸਕਦੀਆਂ। ਰਾਜਸੀ ਸ਼ਕਤੀ - ਸ਼ਾਂਤੀ ਤਾਂ ਕੀ, ਉਹ ਤਾਂ ਕੰਡਿਆਂ ਦਾ ਤਾਜ ਹੁੰਦੈ -

***ਛਤ੍ਰਧਾਰ ਬਾਦਿਸਾਹੀਆ ਵਿਚਿ ਸਹਸੇ ਪਰੀਆ॥ ਅੰਗ - 42***

ਉਹ ਤਾਂ ਸਹਸਿਆਂ 'ਚ ਭਰੀਆਂ ਹੁੰਦੀਆਂ ਨੇ। ਇਹ ਬੰਦਗੀ ਕਰਨ ਵਾਲੇ ਦੇ ਬਰਾਬਰ ਨਹੀਂ ਪਹੁੰਚ ਸਕਦੀਆਂ।

***ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥***

***ਅੰਗ - 858***

ਕਹਿੰਦੇ, ਸਭ ਤੋਂ ਵੱਡਾ ਹੈ - ਭਗਤੀ ਕਰਨ ਵਾਲਾ, ਜਿਹਦੇ ਹਿਰਦੇ ਵਿਚ ਨਾਮ ਹੈ। ਉਸ ਤੋਂ ਵੱਡਾ ਕੋਈ ਰਾਜਾ ਨਹੀਂ ਹੋਇਆ ਕਰਦਾ। ਜਿਹਦੇ ਹਿਰਦੇ ਵਿਚ ਨਾਮ ਹੈ -

***ਜਿਸ ਨੋ ਬਖਸੇ ਸਿਫਤਿ ਸਾਲਾਹ॥***
***ਨਾਨਕ ਪਾਤਿਸ਼ਾਹੀ ਪਾਤਿਸਾਹੁ॥*** ***ਅੰਗ - 5***

ਉਹ ਬਾਦਸ਼ਾਹਾਂ ਦਾ ਬਾਦਸ਼ਾਹ ਹੁੰਦੈ। ਇਹ ਤਾਂ ਸਾਰੀਆਂ ਚੀਜ਼ਾਂ ਭੁਲਾਉਂਦੀਆਂ ਨੇ, ਨਾਮ ਤੋਂ ਤੋੜਦੀਆਂ ਨੇ। ਜਦੋਂ ਆਦਮੀ ਨਾਮ ਨਾਲੋਂ ਟੁੱਟ ਜਾਵੇ, ਫੇਰ ਮਨ ਭੁਲਾਉਂਦੀਆਂ ਨੇ, ਨਾਮ ਤੋਂ ਤੋੜਦੀਆਂ ਨੇ। ਜਦੋਂ ਆਦਮੀ ਨਾਮ ਨਾਲੋਂ ਟੁੱਟ ਜਾਵੇ, ਫੇਰ ਮਨ ਭਟਕਣ ਲਗ ਜਾਂਦੈ। ਉਹਨੂੰ ਪਤਾ ਨਹੀਂ ਰਹਿੰਦਾ ਕਿ ਸ਼ਾਂਤੀ ਕੀ ਚੀਜ਼ ਹੁੰਦੀ ਐ; ਸ਼ਾਂਤੀ ਨੀਂ ਆਇਆ ਕਰਦੀ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਕਿਤੇ ਭੁੱਲ ਨ ਜਾਈਂ ਓ ਮਨਾਂ ਮੇਰਿਆ,***
***ਮੋਤੀਆਂ ਦੇ ਮੰਦਰ ਦੇਖ ਕੇ - 2, 2.***

***ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥***
***ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ਅੰਗ - 14***

ਕਲਿਜੁਗ! ਇਹ ਜਿੰਨੀਆਂ ਚੀਜ਼ਾਂ ਤੂੰ ਚਾਹੁੰਨੈਂ ਕਿ ਸੇਵਾ ਵਾਸਤੇ ਦੇਵਾਂ, ਇਹ ਤਾਂ ਪਰਮੇਸ਼ਰ ਦੇ ਨਾਮ ਨੂੰ ਭੁਲਾਉਂਦੀਆਂ ਨੇ; ਮਾੜੀਆਂ ਨਹੀਂ ਹਨ ਜੇ ਸੋਝੀ ਰਹਿ ਜਾਏ, ਜੇ ਇਨ੍ਹਾਂ ਵਿਚ ਡੁੱਬੇ ਨਾ, ਪਰ ਡੁੱਬ ਜਾਂਦਾ ਹੈ ਬੰਦਾ ਕਿਉਂਕਿ ਪ੍ਰਕਿਰਤੀ ਦਾ ਸੁਭਾਅ ਹੈ। ਗਰਮ ਹਵਾ ਚਲਦੀ ਹੋਵੇ, ਲੂ ਚਲਦੀ ਹੋਵੇ, ਠੰਢੀ ਹਵਾ ਚਲਦੀ ਹੋਵੇ, ਕਿਵੇਂ ਆਦਮੀ ਬਚ ਜਾਏਗਾ। ਉਹਨੇ ਆਪਣਾ ਅਸਰ ਕਰਨੈ। ਇਸੇ ਤਰ੍ਹਾਂ ਮਾਇਆ ਦੇ ਝਲਕਾਰਿਆਂ ਨੇ ਮਨੁੱਖ ਦੇ ਉਤੇ ਅਸਰ ਕਰਨੈ। ਉਹਨੇ ਸੁਰਤੀ ਦੀ ਇਕਾਗਰਤਾ ਭੰਗ ਕਰਨੀ ਹੈ। ਉਹਦੇ ਵਿਚ ਪਰਮੇਸ਼ਰ ਦੇ ਨਾਮ ਨਾਲੋਂ ਟੁੱਟ ਜਾਂਦੈ -

***ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥***
***ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥***
***ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥***
***ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥***

***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥***
***ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥***
***ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ਅੰਗ – 14***

ਕਲਿਜੁਗ! ਇਹ ਤਾਂ ਆਦਮੀ ਦੀ attention divide ਕਰਦੀਆਂ ਨੇ, ਧਿਆਨ ਵੰਡ ਦਿੰਦੀਆਂ ਨੇ। ਕਿੰਨਾਂ ਈ ਬੰਦਾ ਸੰਭਲਿਆ ਹੋਇਆ ਕਿਉਂ ਨਾ ਹੋਵੇ, deteched (ਨਿਰਲੇਪ) ਨਹੀਂ ਰਹਿ ਸਕਦਾ; ਇਸ ਦੇ ਵਿਚ ਧਿਆਨ ਰਹੇਗਾ। ਜਿੰਨੀ ਪ੍ਰਕਿਰਤੀ ਫੈਲੇਗੀ, ਓਨਾਂ ਉਹਦਾ ਧਿਆਨ ਫੈਲੇਗਾ। ਸੋ ਇਹਦੇ ਨਾਲ ਉਹ ਨਾਮ ਦੇ ਸੈਂਟਰ ਨਾਲੋਂ ਟੁੱਟ ਜਾਏਗਾ। ਜਦੋਂ ਨਾਮ ਦੀ ਧਾਰਾ ਦੇ ਨਾਲੋਂ ਟੁੱਟਿਆ, ਉਸ ਵੇਲੇ ਹਿਰਦੇ ਵਿਚ ਕਲਪਣਾ ਜਾਗੇਗੀ, ਵਾਸ਼ਨਾਵਾਂ ਜਾਗਣਗੀਆਂ ਤੇ ਤ੍ਰਿਸ਼ਨਾ ਦੀ ਅੱਗ ਨਾਲ ਜਲੇਗਾ, ਜਲ ਕੇ ਮਨੂਰ ਬਣ ਜਾਏਗਾ –

***ਹਰਿ ਬਿਨੁ ਜੀਉ ਜਲਿ ਬਲਿ ਜਾਉ॥***
***ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥ ਅੰਗ – 14***

ਪ੍ਰਭੂ ਦੇ ਨਾਮ ਤੋਂ ਬਗੈਰ ਹੋਰ ਥਾਉਂ ਨਹੀਂ ਕੋਈ ਹੁੰਦਾ। ਇਹ ਸਾਰਾ ਸੰਸਾਰ ਮਨੂਰ ਹੋਇਆ ਪਿਐ। ਸ਼ਾਂਤੀ ਨੀਂ ਆਇਆ ਕਰਦੀ –

***ਬਿਨੁ ਹਰਿ ਨਾਮ ਨ ਸ਼ਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥***
***ਅੰਗ – 707***

***ਧਾਰਨਾ – ਕਿਤ ਬਿਧ ਮਨ ਧੀਰੇ ਜੀ – 2, 2***
***ਬਿਨ ਹਰਿ ਨਾਮ ਨ ਸ਼ਾਂਤ ਹੋਇ – 2, 2.***

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥***
***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥***
***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥***
***ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥***
***ਅੰਗ – 707***

***ਧਾਰਨਾ - ਕਿਤ ਬਿਧ ਮਨ ਧੀਰੇ ਜੀ -2,2..***
***ਬਿਨ ਹਰਿ ਨਾਮ ਨ ਸ਼ਾਂਤ ਹੋਇ -2,2.***
***ਕਿਤ ਬਿਧ ਮਨ ਧੀਰੇ ਜੀ ,..............-2.***

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥***
***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥***
***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥***
***ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥***

***ਅੰਗ - 707***

ਜਿਵੇਂ ਬਿਸ਼ਟਾ ਦਾ ਕੀੜਾ ਕੁਰਬਲ-ਕੁਰਬਲ ਕਰਦੈ, ਇਉਂ ਮਾਇਆ ਦੇ ਵਿਚ ਫਸੇ ਜੀਵ ਨੂੰ ਸ਼ਾਂਤੀ ਨਹੀਂ ਪ੍ਰਾਪਤ ਹੁੰਦੀ। ਕਲਪਣਾ ਮਨ ਦੇ ਅੰਦਰ ਲੱਗੀ ਰਹਿੰਦੀ ਹੈ, ਹਰ ਵਕਤ ਨਰਵਸ ਸਿਸਟਮ (ਨਾੜੀ ਪ੍ਰਬੰਧ) ਦੇ ਉਤੇ ਵਜ਼ਨ ਪਿਆ ਰਹਿੰਦੈ, ਬੇਅੰਤ ਕਿਸਮ ਦੀਆਂ ਬਿਮਾਰੀਆਂ ਲਗ ਜਾਂਦੀਆਂ ਨੇ। ਮਹਾਰਾਜ ਕਹਿੰਦੇ - 'ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥' ਨਾਮ ਤੋਂ ਬਿਨਾਂ ਸ਼ਾਂਤੀ ਨਹੀਂ ਆਉਣੀ। ਕਲਿਜੁਗ! ਇਹ ਚੀਜ਼ਾਂ - ਜੇ ਨਾਮ ਪੱਲੇ ਹੋਵੇ, ਫੇਰ ਤਾਂ ਮੁਬਾਰਕ ਨੇ; ਜੇ ਨਾਮ ਪੱਲੇ ਨਹੀਂ, ਭੁਲਾਉਣ ਵਾਲੀਆਂ ਨੇ ਤਾਂ ਇਹ worthless (ਬੇਕਾਰ) ਚੀਜ਼ਾਂ ਨੇ, ਲੋੜ ਨਹੀਂ ਇਨ੍ਹਾਂ ਦੀ, ਕਿਉਂਕਿ ਮਨ ਵਾਸ਼ਨਾਵਾਂ ਦੇ ਅੰਦਰ ਪਿਆ ਹੋਇਐ, ਕਲਪਣਾ ਦੇ ਅੰਦਰ ਪਿਆ ਹੋਇਐ, ਅੱਗ ਦੇ ਵਿਚ ਜਲ ਰਿਹੈ ਤੇ ਜਦ ਤਕ ਪ੍ਰਭੂ ਦੇ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ, ਪ੍ਰਭੂ ਦੇ ਦਰਸ਼ਨ ਨਹੀਂ ਹੁੰਦੇ, ਇਹ ਮਨ ਸ਼ਾਂਤ ਨਹੀਂ ਹੋਇਆ ਕਰਦਾ। ਭਗਤੀ ਕਰਨ ਦੇ ਨਾਲ, ਭਜਨ ਕਰਨ ਵਾਲਿਆਂ ਨੂੰ ਇਹ ਖਜ਼ਾਨਾ ਨਾਮ ਦਾ ਪ੍ਰਾਪਤ ਹੁੰਦੈ।

***ਨਾਮ ਖਜਾਨਾ ਭਗਤੀ ਪਾਇਆ ਮਨ ਤਨ ਤ੍ਰਿਪਤਿ ਅਘਾਏ॥***

***ਅੰਗ - 208***

ਜਦ ਨਾਮ ਦਾ ਖਜ਼ਾਨਾ ਪ੍ਰਾਪਤ ਹੋ ਗਿਆ; ਮਨ ਤੇ ਤਨ ਦੋਇ ਰੱਜ ਜਾਂਦੇ ਨੇ।

ਪਿਛਲੇ ਕਈ ਦਿਨਾਂ ਤੋਂ ਪੀਰ ਬੁੱਧੂਸ਼ਾਹ ਦਾ ਜ਼ਿਕਰ ਚਲ ਰਿਹੈ। ਆਪ ਇਕ ਪਹੁੰਚੀ ਹੋਈ ਹਸਤੀ ਸਨ ਲੇਕਿਨ ਇਕ step (ਕਦਮ) ਪਿਛੇ ਸਨ। ਬਹੁਤ ਸਾਰੇ ਦੱਸ ਦਿੰਦੇ ਨੇ, ਬਹੁਤ ਸਾਰੇ ਨਹੀਂ ਦਸਦੇ, ਲੇਕਿਨ ਆਪ ਬਹੁਤ ਇਮਾਨਦਾਰ ਸਨ। ਜੀਵਨ ਮੁਕਤ ਪੁਰਸ਼ ਦੀ ਅਵਸਥਾ ਪੜ੍ਹਦੇ ਸੀ, ਸੁਣਦੇ ਸੀ, ਨਿਹਚਲ-ਚਿਤ ਵਾਲੇ ਦੀ ਅਵਸਥਾ ਸੁਣਦੇ ਸੀ, ਪੜ੍ਹਦੇ ਤੇ ਵਿਚਾਰਦੇ ਸੀ। ਆਪਣੇ ਆਪ ਨੂੰ ਉਹਦੇ ਨਾਲ ਤੁਲਨਾ ਦਿੰਦੇ ਸੀ; ਦੇਖਦੇ ਸੀ ਕਿ ਮੇਰੇ ਵਿਚ ਕੋਈ ਘਾਟ ਹੈ, ਕੋਈ ਕਸਰ ਹੈ - ਮੇਰੀ ਪ੍ਰਾਪਤੀ ਦੇ ਅੰਦਰ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਪਾਉਂਟਾ ਸਾਹਿਬ ਬਿਰਾਜਮਾਨ ਨੇ, ਉਮਰ ਛੋਟੀ ਹੈ। ਬੁੱਧੂ ਸ਼ਾਹ ਨੇ ਸੁਣਿਆ, ਗੁਰੂ ਜੀ ਬਾਰੇ ਪਤਾ ਲੱਗਿਆ, ਸ਼ਰਧਾ ਬਣ ਗਈ। ਬਹੁਤ ਸਾਰੇ ਮੁਰੀਦ ਲੈ ਕੇ ਗੁਰੂ ਦੇ ਦਰ ਤੇ ਪਹੁੰਚ ਗਏ। ਘਰੋਂ ਸ਼ਰਧਾ ਨਾਲ ਤੁਰੇ ਲੇਕਿਨ ਕੋਲ ਆ ਕੇ ego (ਹਉਮੈ) ਆ ਗਈ ਹੈ। ਹਉਮੈ, ਸਾਧ ਸੰਗਤ ਜੀ, ਬਹੁਤ ਬੁਰੀ ਚੀਜ਼ ਹੈ। ਇਹਤੋਂ ਬੁਰੀ ਸੰਸਾਰ ਦੇ ਅੰਦਰ ਕੋਈ ਚੀਜ਼ ਨਹੀਂ ਹੈ। ਸਾਰੇ ਦੁਖਾਂ ਦਾ ਕਾਰਨ ego ਹੈ - ਹਉਮੈ; ਮੈਨੂੰ ਫਲਾਣੇ ਨੇ ਐਂ ਕਹਿ ਦਿਤਾ, ਉਹਨੂੰ ਇਹ ਕਹਿਣਾ ਨਹੀਂ ਸੀ ਚਾਹੀਦਾ। ਇਹ 'ਮੈਂ', ਰੱਬ ਤੇ ਜੀਵ ਦੇ ਵਿਚਾਲੇ ਇਕ ਦੀਵਾਰ, ਝੂਠੀ ਦੀਵਾਰ ਹੈ। ਐਧਰਲੇ ਪਾਸੇ ਪਰਛਾਵਾਂ ਪੈ ਕੇ ਜੀਵ ਬਣ ਜਾਂਦੈ। ਉਤੇ ਹੈ ਪਰਮੇਸ਼ਰ। ਜੇ ਸੋਝੀ ਪੈ ਜਾਵੇ ਕਿ ਮੇਰੀ ਤਾਂ ਕੋਈ ਹਸਤੀ ਹੀ ਨਹੀਂ, ਇਹ ਤਾਂ ਨਿਰੰਕਾਰ ਆਪ ਹੀ ਹੈ, ਫੇਰ ਗੱਲ ਮੁੱਕ ਜਾਂਦੀ ਹੈ ਪਰ ਸਮਝ ਪੈਂਦੀ ਨਹੀਂ ਕਦੇ, ਸਾਰੀ ਜ਼ਿੰਦਗੀ ਨਹੀਂ ਪੈਂਦੀ - ਨ ਪੜ੍ਹਨ ਨਾਲ, ਨ ਕੁਝ ਕਰਨ ਨਾਲ। ਗੁਰੂ ਮਹਾਰਾਜ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਬੇਨਤੀ ਕਰਦੈ। ਕੋਲ ਆ ਕੇ ਇਹ ਹੋ ਗਿਆ ਕਿ ਜੇ ਮੈਂ ਚਰਨੀਂ ਪੈ ਗਿਆ, ਸਿਜਦਾ ਕੀਤਾ ਤਾਂ ਮੇਰੇ ਮੁਰੀਦ ਕਹਿਣਗੇ ਕਿ ਸਾਡਾ ਪੀਰ ਇਸਲਾਮ ਵਾਲਾ ਹੋ ਕੇ ਇਕ ਹਿੰਦੂ ਦੇ ਪੈਰੀਂ ਪੈ ਗਿਆ; ਗਿਲਾਨੀ ਜਾਗੇਗੀ ਇਨ੍ਹਾਂ ਦੇ ਮਨ ਵਿਚ। ਉਹ ਜਿਹੜਾ ਝੂਠਾ ਮਾਣ ਸੀ, ਉਸ ਨੇ ਅਸਲੀਅਤ

ਤੋਂ ਖੁੰਝਾ ਦਿਤਾ ਕਿਉਂਕਿ ਇਹ ਚੀਜ਼ ਬਹੁਤ ਔਖੀ ਹੈ -

*ਕਬੀਰ ਮਾਇਆ ਤਜੀ ਤ ਕਿਆ ਭਇਆ*
*ਜਉ ਮਾਨੁ ਤਜਿਆ ਨਹੀ ਜਾਇ ॥*
*ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥ ਅੰਗ - 1372*

'ਮਾਣ' ego ਨੂੰ ਕਹਿੰਦੇ ਨੇ, ਹਸਤੀ ਨੂੰ ਕਹਿੰਦੇ ਨੇ, 'ਮੈਂ' ਨੂੰ ਕਹਿੰਦੇ ਨੇ। 'ਮੈਂ' ਨੂੰ ਆਦਮੀ ਬਚਾ ਕੇ ਰਖਣਾ ਚਾਹੁੰਦੈ, ਉਚਾ ਰੱਖਣਾ ਚਾਹੁੰਦੈ, ਦੂਸਰਿਆਂ ਤੋਂ ਵਖਰਾ ਰਖਣਾ ਚਾਹੁੰਦੈ। ਇਹੋ ਚੀਜ਼ 'ਮੈਂ' ਦਾ ਲੱਛਣ ਹੈ -

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥ ਅੰਗ - 466*

ਕੋਲ ਆ ਗਿਆ, ਆ ਕੇ ਦਸਤਪੰਜਾ ਲਿਆ। ਕਹਿਣ ਲੱਗਿਆ, ''ਮਹਾਰਾਜ! ਗੁਰੂ ਨਾਨਕ ਦੇ ਦਰ ਤੇ ਆਇਆ ਹਾਂ - ਸਵਾਲੀ ਬਣ ਕੇ।'' ਮਹਾਰਾਜ ਮੁਸਕਰਾ ਪਏ, ਕਹਿਣ ਲੱਗੇ - ''ਦੱਸੋ।''

''ਰੂਹ ਤੇ ਅੱਲਾ ਦਾ ਮੇਲ ਕਿਵੇਂ ਹੋਵੇ?''

''ਜਿਵੇਂ ਦਿਨ ਤੇ ਰਾਤ ਦਾ ਹੁੰਦੈ।''

ਸਮਝ ਨ ਸਕਿਆ ਕਿ ਦਿਨ ਤੇ ਰਾਤ ਦਾ ਤਾਂ ਮੇਲ ਹੁੰਦਾ ਹੀ ਨਹੀਂ; ਜਦੋਂ ਦਿਨ ਆਉਂਦੈ, ਰਾਤ ਮੁੱਕ ਜਾਂਦੀ ਹੈ। ਸੋਚਣ ਲੱਗ ਗਿਆ। ਥੋੜ੍ਹੀ ਜਿਹੀ ਆਵਾਜ਼ ਨਿਕਲੀ ਮੂੰਹ ਤੋਂ.......। ਮਹਾਰਾਜ ਕਹਿੰਦੇ, ''ਹਾਂ, ਇਵੇਂ ਜਿਵੇਂ ਹੈ, ਜਿਵੇਂ ਤੂੰ ਸਮਝਿਐ।''

ਕਹਿ ਨਹੀਂ ਸਕਦਾ ਕਿ ਮੈਂ ਸਮਝਿਆ ਨਹੀਂ। Insult (ਹੱਤਕ) ਮੰਨਦੈ ਕਿ ਮੇਰੇ ਮੁਰੀਦ ਕੀ ਕਹਿਣਗੇ ਕਿ ਐਨੀ ਕੁ ਗੱਲ ਹੀ ਸਮਝ 'ਚ ਨਹੀਂ ਪਈ ਸਾਡੇ ਪੀਰ ਦੇ। ਅਖੀਰ ਹਿੰਮਤ ਕੀਤੀ, ਕਹਿੰਦਾ, ''ਮਹਾਰਾਜ! ਮੈਂ ਸਮਝਿਆ ਨਹੀਂ। ਜਦੋਂ ਰਾਤ ਆਉਂਦੀ ਹੈ, ਦਿਨ ਤਾਂ ਰਹਿੰਦਾ ਹੀ ਨਹੀਂ, ਦਿਨ ਆਵੇ ਤਾਂ ਰਾਤ ਖਤਮ ਹੋ ਜਾਂਦੀ ਹੈ।''

ਮਹਾਰਾਜ ਕਹਿੰਦੇ, ''ਇਵੇਂ ਜਿਵੇਂ ਜਿਹੜੇ ਝੂਠ ਦੀ ਰਾਤ

ਪੈ ਕੇ 'ਮੈਂ' ਬਣਿਆ ਹੋਇਐਂ, ਇਹ ਜਦੋਂ ਸੱਚ ਦਾ ਸੂਰਜ ਚੜ੍ਹਦੈ, ਪਰਮੇਸ਼ਰ ਆਉਂਦੈ, ਉਹ ਫੇਰ ਖਤਮ ਹੋ ਜਾਇਆ ਕਰਦੀ ਹੈ।"

"ਮਹਾਰਾਜ! ਫੇਰ ਅਸੀਂ ਰੂਹ ਨਹੀਂ ਹੈਗੇ?"

"ਰੂਹ ਤਾਂ ਹੈਗੇ ਪਰ ਝੂਠੀ ਰੂਹ ਨਹੀਂ ਹੈਗੇ। ਤੂੰ ਪਰਛਾਵੇਂ ਨੂੰ ਮੰਨੀ ਜਾਨੈ, ਪ੍ਰਤਿਬਿੰਬ ਨੂੰ ਮੰਨਦੈਂ, ਪਰਛਾਵੇਂ ਨੂੰ ਤੂੰ ਸੱਚ ਕਹਿੰਦਾ ਹੈਂ। ਤੇ ਜਦੋਂ ਸੱਚ ਦਾ ਪ੍ਰਕਾਸ਼ ਹੋ ਜਾਵੇ ਫੇਰ ਉਸ ਵੇਲੇ ਪਰਛਾਵਾਂ ਨਹੀਂ ਰਿਹਾ ਕਰਦਾ। ਇਹ ਭਰਮ ਪਏ ਹੋਏ ਨੇ - ਜੀਵ ਦੇ ਅੰਦਰ।"

"ਮਹਾਰਾਜ, ਸੱਚ ਕਿਵੇਂ ਪ੍ਰਾਪਤ ਹੋਵੇ?"

"ਝੂਠ ਛੱਡਣ ਨਾਲ।"

"ਛੁੱਟਦਾ ਨਹੀਂ ਮਹਾਰਾਜ! ਬਹੁਤ ਯਤਨ ਕੀਤੇ - ਚਾਲੀਸੇ ਕੱਟੇ, ਰੋਜ਼ੇ ਰੱਖੇ, ਦਾਨ ਕੀਤੇ, ਜਕਾਤ ਦਿਤੀ, ਲੰਗਰ ਚਲਾਏ, ਸੇਵਾ ਕੀਤੀ।"

"ਇਹ ਸਾਰਾ ਹਉਮੈ ਦੇ ਅਧੀਨ ਹੋ ਕੇ ਕਰਿਐ। ਇਹ ਤਾਂ ਹਉਮੈ ਦੇ ਸੰਗਲ ਬਣ ਜਾਂਦੇ ਨੇ। ਜਦ ਤੱਕ ਸੇਵਾ ਨਿਸ਼ਕਾਮ ਨਹੀਂ ਹੁੰਦੀ, ਦਾਨ ਨਿਸ਼ਕਾਮ ਨਹੀਂ ਹੁੰਦਾ; ਇਹ ਸੰਗਲ ਬਣ ਜਾਂਦੇ ਨੇ - ਬੰਨ੍ਹ ਲੈਂਦੇ ਨੇ ਬੰਦੇ ਨੂੰ -

***ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥ ਅੰਗ - 1414***

ਧਰਮਰਾਜ ਦੇ ਜਾ ਕੇ ਇਹਨੂੰ ਫਲ ਮਿਲਦੈ। ਹਰ ਬੰਦਾ ਕਹਿੰਦੈ, ਮੈਂ ਕੁਝ ਪੁੰਨ ਕਰਾਂ, ਕੁਝ ਫਲ ਮਿਲੇ। ਪੁੰਨ ਕਰਿਆ ਹੋਇਆ, ਦਾਨ ਕਰਿਆ ਹੋਇਆ ਬਿਰਥਾ ਨਹੀਂ ਜਾਇਆ ਕਰਦਾ। ਸਿਰਫ ਇਕ ਗੱਲ ਨਾਲ ਬਿਰਥਾ ਜਾਂਦੈ, ਜੇ ਦਾਨ ਕਰਨ ਤੋਂ ਬਾਅਦ -

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥***
***ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ ॥***

***ਅੰਗ - 1428***

ਫੇਰ ਨਿਹਫਲ ਚਲਿਆ ਜਾਂਦੈ, ਜਿਵੇਂ ਹਾਥੀ ਇਸ਼ਨਾਨ

ਕਰਕੇ ਫੇਰ ਆਪਣੇ ਉਤੇ ਮਿੱਟੀ ਪਾ ਲੈਂਦੈ; ਨਹੀਂ ਤਾਂ ਦਾਨ ਕਰਿਆ ਹੋਇਆ ਫਲ ਦਿੰਦੈ, ਲੱਖਾਂ ਕਰੋੜਾਂ ਗੁਣਾਂ ਵਧ ਜਾਂਦੈ, ਦਲਿੱਦਰ ਦਾ ਖਾਤਮਾ ਕਰਦੈ। ਇਹ ਤਾਂ ਸਾਰੀ ਹਉਮੈ ਦੀ ਖੇਡ ਹੈ ਪੀਰ ਜੀ! ਹਉਮੈ ਦੇ ਵਿਚ ਹੀ ਇਹ ਗੱਲਾਂ ਕੀਤੀਆਂ ਗਈਆਂ।"

"ਮਹਾਰਾਜ! ਜਪ ਤਪ ਕਰੇ ਨੇ, ਪੁੰਨ ਕਰੇ ਨੇ।"

"ਇਹ ਤਾਂ ਸੰਗਲ ਬੰਨ੍ਹ ਲਏ।"

"ਪਾਤਸ਼ਾਹ! ਫੇਰ ਇਹ ਕਿਵੇਂ ਛੱਡਾਂ?"

"ਸਤਿਸੰਗਤ ਵਿਚ ਆਇਆ ਕਰ।"

"ਆਇਆ ਤਾਂ ਹਾਂ ਮਹਾਰਾਜ - ਸਤਿਸੰਗਤ ਵਿਚ।"

"ਝੂਠ ਦਾ ਚੋਲਾ ਪਾ ਕੇ ਆਇਐਂ ਕਿ ਮੈਂ ਪੀਰ ਹਾਂ, ਮੇਰੇ ਨਾਲ ਮੁਰੀਦ ਹਨ; ਜੇ ਮੈਂ ਗੁਰੂ ਦੇ ਚਰਨੀਂ ਢਹਿ ਪਿਆ ਤਾਂ ਮੁਰੀਦ ਕਹਿਣਗੇ ਕਿ ਸਾਡਾ ਪੀਰ ਛੋਟਾ ਹੈ, ਗੁਰੂ ਵੱਡਾ ਹੈ। ਸੰਜੋਅ ਪਹਿਨ ਕੇ ਆਇਐਂ। ਬਚਨ ਕਿਥੋਂ ਘਾਇਲ ਕਰਨਗੇ ਜਦੋਂ ਸੰਜੋਅ ਪਹਿਨ ਲਈ - ਹਉਮੈ ਦੀ। ਉਸ ਵੇਲੇ ਮਹਾਤਮਾ ਬਚਨ ਨਹੀਂ ਕਰਿਆ ਕਰਦੇ -

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ ॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥***

***ਅੰਗ - 1365***

ਜਦ ਗਾਹਕ ਹੀ ਨਹੀਂ ਬਣ ਕੇ ਆਇਆ, ਫੇਰ ਬਚਨ ਕਿਹੜੀ ਗੱਲ ਦਾ ਮਿਲ ਜਾਏ; ਗਾਹਕ ਨੂੰ ਹੀ ਮਿਲਦੈ, ਦੂਸਰੇ ਨੂੰ ਨਹੀਂ ਮਿਲਦਾ। ਬੁੱਧੂ ਸ਼ਾਹ! ਤੂੰ ਤਾਂ ਸੰਜੋਅ ਪਹਿਨ ਕੇ ਆਇਐਂ - ਹਉਮੈ ਦੀ ਸੰਜੋਅ। ਛੱਡ ਦੇ ਇਹਨੂੰ - 'ਮੈਂ' ਨੂੰ ਛੱਡ ਦੇ।" ਉਸੇ ਵੇਲੇ ਗੱਲ ਸਮਝ ਵਿਚ ਪੈ ਗਈ। ਨਚਣਾ ਸ਼ੁਰੂ ਕਰ ਦਿਤਾ, ਵਜ਼ਦ ਵਿਚ ਆ ਗਿਆ। ਮਹਾਰਾਜ ਨੇ ਕਿਰਪਾ ਕਰ ਦਿਤੀ। ਹੱਥ ਫੜਿਆ ਤੇ ਥੋੜ੍ਹਾ ਘੁੱਟਿਆ। ਬਜਰ ਕਪਾਟ ਖੁਲ੍ਹ ਗਏ, ਦ੍ਰਿਸ਼ਟੀ ਬਖਸ਼ ਦਿਤੀ। ਸੋ ਉਸ ਵੇਲੇ ਨਾਮ ਪ੍ਰਾਪਤ ਹੋ ਗਿਆ ਸਾਧ ਸੰਗਤਿ ਜੀ ਉਸਨੂੰ, ਨਿਹਚਲ ਬੁੱਧੀ ਪ੍ਰਾਪਤ ਹੋ ਗਈ ਤੇ ਜਦੋਂ ਨਾਮ ਦੀ

ਪ੍ਰਾਪਤੀ ਹੋ ਜਾਵੇ, ਉਸ ਵੇਲੇ ਆਦਮੀ ਦੇ ਉਤੇ ਅਸਰ ਹੋਇਆ ਕਰਦੈ। ਇਹ ਨਹੀਂ ਹੁੰਦਾ ਕਿ ਮੈਨੂੰ ਨਾਮ ਪ੍ਰਾਪਤ ਹੋ ਗਿਆ, ਮੈਂ ਨਾਮ ਲੈ ਲਿਆ ਫਲਾਣੇ ਸੰਤਾਂ ਤੋਂ। ਕਹਿੰਦੇ, ਕੋਈ ਫਰਕ ਵੀ ਪਿਆ? ਨਾਮ ਤਾਂ ਮਨ ਵਿਚ ਵਸਦੈ, ਨਾਮ ਦੀ ਪ੍ਰਾਪਤੀ ਹੁੰਦੀ ਹੈ; ਕਿਥੋਂ ਹੁੰਦੀ ਹੈ? ਕਹਿੰਦੇ, ਇਹਦੀ ਜੁਗਤ ਹੈ। ਉਹ ਇਹ ਹੈ ਕਿ –

***ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥***
***ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ ॥***

***ਅੰਗ – 649***

ਗੁਰੂ ਤੋਂ ਬਗੈਰ 'ਨਾਮ' ਦੀ ਪ੍ਰਾਪਤੀ ਨਹੀਂ ਹੁੰਦੀ। ਗੁਰੂ ਬਾਹਰੋਂ ਨਾਮ ਪ੍ਰਾਪਤ ਕਰਾਉਂਦੈ। ਨਾਮ ਤਾਂ ਤੇਰੇ ਅੰਦਰ ਹੈ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ – 293***

ਪਰ ਉਹ ਜੁਗਤੀ ਦਸ ਦਿੰਦੈ। ਪਾਣੀ ਤਾਂ ਧਰਤੀ ਦੇ ਅੰਦਰ ਪਹਿਲਾਂ ਹੀ ਹੈ ਪਰ ਜਿਹੜਾ ਟੈਕਨੀਕਲ ਬੰਦਾ ਹੈ, ਉਹ ਦੱਸ ਦਿੰਦੈ ਕਿ ਇਥੇ ਬੋਰ ਕਰੋ ਤੇ ਇਥੇ ਮੋਟਰ ਫਿੱਟ ਕਰੋ, ਰਿਫਲੈਕਸ ਵਾਲਵ ਲਾਉ, ਫੇਰ ਹੇਠਾਂ ਦਾ ਜਿਹੜਾ ਖਾਲੀ-ਪੁਣਾ ਹੈ – ਉਤੋਂ ਪਾਣੀ ਪਾਈ ਜਾਓ, ਬਟਣ ਦੱਬੀ ਜਾਓ, ਅੰਦਰਲਾ ਪਾਣੀ ਉਤੇ ਚੜ੍ਹੀ ਜਾਣੈ ਤੇ ਜਦੋਂ ਪਾਣੀ ਰਿਫਲੈਕਸ ਵਾਲਵ ਨਾਲ ਲਗ ਗਿਆ ਤੇ ਫੇਰ ਨ ਉਪਰਲੇ ਪਾਣੀ ਨੇ ਮੁਕਣੈ, ਨਾ ਹੇਠਲੇ ਨੇ ਮੁਕਣੈ। ਸੋ ਨਾਮ ਤਾਂ ਤੇਰੇ ਅੰਦਰ ਹੀ ਹੈ। ਗੁਰੂ ਕੋਲ ਜੁਗਤੀ ਹੋਇਆ ਕਰਦੀ ਹੈ, ਕਿਰਪਾ ਹੋਇਆ ਕਰਦੀ ਹੈ। ਉਹਦੇ ਸ਼ਬਦ ਦੀ ਕਮਾਈ ਕਰ, ਨਾਮ ਪ੍ਰਾਪਤ ਹੋ ਜਾਏਗਾ। ਜਦੋਂ ਨਾਮ ਦੀ ਪ੍ਰਾਪਤੀ ਹੋ ਗਈ ਫੇਰ............ਕੋਈ ਫਰਕ ਪੈਂਦੈ? ਮਹਾਰਾਜ ਕਹਿੰਦੇ, ਫਰਕ ਪੈਂਦੈ ਕਿਉਂਕਿ ਨਾਮ ਜਿਹੜਾ ਹੈ, ਇਹਦਾ ਕੋਈ ਮੁੱਲ ਨਹੀਂ –

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥ਅੰਗ – 81***

ਇਹਦੀ ਕੀਮਤ ਕੋਈ ਨਹੀਂ ਜਾਣਦਾ ਸੰਸਾਰ ਦੇ ਅੰਦਰ - ਨਾਮ ਦੀ। ਐਡਾ ਕੀਮਤੀ ਪਦਾਰਥ ਹੈ - ਸੰਸਾਰ ਦੇ ਕੋਲ; ਰੌਲਾ ਪਾਉਣ ਦੇ ਨਾਲ ਵੀ ਸੰਸਾਰ ਦੀ ਰੁਚੀ ਨਹੀਂ ਬਦਲਦੀ ਕਿ ਮੈਂ ਨਾਮ ਦੀ ਪ੍ਰਾਪਤੀ ਕਰਾਂ। ਓਹੀ ਜੀਵਨ, ਓਹੀ ਗੱਲਾਂ, ਉਨ੍ਹਾਂ ਹੀ ਗੱਲਾਂ ਵਿਚ ਪਿਆ ਰਹਿੰਦੈ। ਸੋ -

***ਅਨੂਪ ਪਦਾਰਥ ਨਾਮ ਸੁਨਹੁ ਸਗਲ ਧਿਆਇਲੇ ਮੀਤਾ॥***

***ਅੰਗ - 208***

ਅਨੂਪ ਕਹਿੰਦੇ ਨੇ ਜਿਸਦੀ ਉਪਮਾ ਹੀ ਨ ਹੋ ਸਕਦੀ ਹੋਵੇ; ਐਸਾ ਪਦਾਰਥ ਨਾਮ ਸੁਣੋ ਭਾਈ। ਉਹਦਾ ਧਿਆਨ ਧਰੋ, ਧਿਆਵੋ।

***ਹਰਿ ਅਉਖਧੁ ਜਾ ਕਉ ਗੁਰਿ ਦੀਆ....................॥***

***ਅੰਗ - 208***

ਨਾਮ ਦਾਰੂ ਹੈ। ਜਦੋਂ ਨਾਮ ਦੇ ਦਿੰਦੈ ਗੁਰੂ, ਉਸ ਵੇਲੇ ਵੱਡੇ ਤੋਂ ਵੱਡਾ ਰੋਗ ਜਿਹੜਾ ਹਉਮੈ ਦਾ ਹੈ, ਉਹ ਵੀ ਕੱਟਿਆ ਜਾਂਦੈ -

***ਧਾਰਨਾ - ਨਾਮ ਪੂਰਿਆਂ ਗੁਰਾਂ ਤੋਂ ਮਿਲਦਾ,***
***ਹਉਮੈ ਵਾਲੇ ਰੋਗ ਕੱਟਦਾ - 2, 2.***

ਇਕ ਰੋਗ ਨਹੀਂ ਕੱਟਦਾ; ਜਿੰਨੇ ਵੀ ਰੋਗ ਨੇ ਸੰਸਾਰ ਦੇ - ਚਾਹੇ ਵਾਸ਼ਨਾਵਾਂ ਦੇ ਰੋਗ ਨੇ, ਤ੍ਰਿਸ਼ਨਾ ਦੇ ਰੋਗ ਨੇ, ਹਉਮੈ ਦਾ ਰੋਗ ਹੈ, ਈਰਖਾ ਦਾ ਰੋਗ ਹੈ, ਨਿੰਦਿਆ ਦਾ ਰੋਗ ਹੈ, ਚੁਗਲੀ ਦਾ ਰੋਗ ਹੈ; ਅਨੇਕਾਂ ਰੋਗ ਨੇ - ਭਾਵੇਂ ਸਰੀਰ ਦੇ ਰੋਗ ਨੇ, ਭਾਵੇਂ ਆਤਮਿਕ ਰੋਗ ਨੇ, ਭਾਵੇਂ ਭਾਈਚਾਰਕ ਰੋਗ ਨੇ; ਜਿੰਨੀਆਂ ਵੀ ਮਨ ਦੀਆਂ ਪ੍ਰੇਸ਼ਾਨੀਆਂ ਨੇ, ਆਧੀਆਂ-ਬਿਆਧੀਆਂ-ਉਪਾਧੀਆਂ - ਤਿੰਨੇ ਤਾਪ, ਪੰਜੇ ਕਲੇਸ਼ - ਅਵਿਦਿਆ, ਅਸਿਮਤਾ, ਅਭਿਨਿਵੇਸ਼, ਰਾਗ, ਦ੍ਵੈਸ਼; ਇਹ ਸਾਰਿਆਂ ਦਾ ਜੇ ਕੋਈ ਇਕੋ ਇਕ ਦਾਰੂ ਹੈ ਤਾਂ, ਸਾਧ ਸੰਗਤ ਜੀ! ਉਹ ਪਰਮੇਸ਼ਰ ਦਾ ਨਾਮ ਹੈ -

***ਧਾਰਨਾ - ਤੇਰੇ ਸਾਰਿਆਂ ਦੂਖਾਂ ਦੀ ਹੈ ਦਾਰੂ,***
***ਇਕੋ ਨਾਮ ਵਾਹਿਗੁਰੂ ਦਾ - 2, 2.***
***ਸਰਬ ਰੋਗ ਕਾ ਅਉਖਦੁ ਨਾਮੁ॥ ਅੰਗ - 274***

ਜਿੰਨੇ ਵੀ ਸੰਸਾਰ ਦੇ ਅੰਦਰ ਦੁਖ ਨੇ; ਜੇ ਇਕੋ ਚੀਜ਼, ਇਕੋ ਮੰਤਰ ਉਨ੍ਹਾਂ ਦੀ ਨਵਿਰਤੀ ਕਰ ਸਕਦਾ ਹੈ ਤਾਂ, ਸਾਧ ਸੰਗਤ ਜੀ, ਉਹ 'ਨਾਮ' ਹੈ। ਸੋ ਇਸ 'ਨਾਮ' ਦੀ ਜਿਸਨੂੰ ਪ੍ਰਾਪਤੀ ਹੋ ਜਾਵੇ, ਉਹਦਾ ਮਨ ਵੀ ਤੇ ਤਨ ਵੀ ਤ੍ਰਿਪਤ ਹੋ ਜਾਂਦੇ ਨੇ, ਰੱਜ ਜਾਂਦੇ ਨੇ, ਭੁੱਖ ਨਹੀਂ ਰਿਹਾ ਕਰਦੀ; ਭੁੱਖਾਂ ਸਾਰੀਆਂ ਖਤਮ ਹੋ ਜਾਂਦੀਆਂ ਨੇ - 'ਹਰਿ ਅਉਖਧੁ ਜਾ ਕਉ ਗੁਰਿ ਦੀਆ...........।' ਜਿਹਨੂੰ 'ਨਾਮ' ਦੇ ਦਿਤਾ, ਹਰੀ ਦੇ ਨਾਮ ਦੀ ਅਉਖਧ ਦੇ ਦਿਤੀ, ਉਹ ਕਰਦਾ ਕੀ ਹੈ -

***............ਤਾ ਕੇ ਨਿਰਮਲ ਚੀਤਾ॥ ਅੰਗ - 208***

ਉਹਦਾ ਚਿਤ ਮੈਲਾ ਹੋਇਆ-ਹੋਇਆ, ਗੰਦਾ ਹੋਇਆ-ਹੋਇਆ, ਪਵਿੱਤ੍ਰ ਹੋ ਜਾਵੇਗਾ। ਇਸ ਤਰ੍ਹਾਂ ਹੋ ਜਾਵੇਗਾ ਜਿਵੇਂ ਇਕ ਚੁਬੱਚਾ ਗੰਦੇ ਪਾਣੀ ਨਾਲ ਭਰਿਆ ਹੋਇਆ ਬਦਬੂ ਮਾਰਦਾ ਹੋਵੇ, ਕਿਰਮ ਚਲਦੇ ਹੋਣ; ਉਪਰ ਇਕ ਪਾਣੀ ਦੀ ਟੂਟੀ ਹੋਵੇ ਤੇ ਟੂਟੀ ਖੋਲ ਦਿਓ ਤੁਸੀਂ। ਹੌਲੀ-ਹੌਲੀ ਪਾਣੀ ਉਹਦੇ ਵਿਚ ਪੈਣਾ ਸ਼ੁਰੂ ਹੋ ਜਾਏਗਾ, ਭਰ ਕੇ ਉਛਲਣਾ ਸ਼ੁਰੂ ਹੋ ਜਾਏਗਾ, ਮੈਲ ਬਾਹਰ ਜਾਣ ਲੱਗ ਜਾਏਗੀ; ਇਕ ਸਮਾਂ ਆਏਗਾ ਕਿ ਉਹ ਬਿਲਕੁਲ ਨਿਰਮਲ ਹੋ ਜਾਏਗਾ। ਮੈਲੇ ਪਾਣੀ ਨਾਲ ਭਰੀ ਹੋਈ ਪਰਾਤ ਕੋਠੇ ਤੇ ਪਈ ਹੈ। ਸਾਵਣ ਦਾ ਮਹੀਨਾ ਹੈ, ਮੀਂਹ ਪੈ ਰਿਹੈ ਜ਼ੋਰ ਦੀ। ਜਦੋਂ ਜਾ ਕੇ ਦੇਖਦੇ ਹਾਂ, ਹੈਰਾਨ ਹੁੰਦੇ ਹਾਂ ਕਿ ਉਹ ਮੈਲਾ ਪਾਣੀ ਕਿੱਧਰ ਚਲਿਆ ਗਿਆ? ਨਿਰਮਲ ਪਿਆ ਹੈ, ਦੂਸਰੇ ਪਾਣੀ ਨੇ ਉਹ ਮੈਲਾ ਪਾਣੀ ਕੱਢ ਦਿਤਾ। ਇਸੇ ਤਰ੍ਹਾਂ ਜਦ ਇਕ-ਤਾਰ ਨਾਮ ਅਸੀਂ ਜਪਦੇ ਹਾਂ - ਲਗਾਤਾਰ, ਜਿਹਨੂੰ ਲਿਵ ਕਹਿੰਦੇ ਨੇ, ਉਸ ਵੇਲੇ -

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ ॥***
***ਖੰਨਲੀ ਧੋਤੀ ਉਜਲੀ ਨ ਹੋਵਈ***
***ਜੇ ਸਉ ਧੋਵਣਿ ਪਾਹੁ ॥ ਅੰਗ - 651***

ਐਨਾ ਮੈਲਾ ਮਨ - ਜਨਮਾਂ ਜਨਮਾਂਤਰਾਂ ਦੀ ਮੈਲ ਨਾਲ ਭਰਿਆ ਹੋਇਆ, ਬਦਬੂਦਾਰ ਹੋਇਆ-ਹੋਇਆ, ਸੜਿਆਂਦ ਛੱਡਦਾ ਹੋਇਆ ਨਿਰਮਲ ਹੋ ਜਾਂਦੈ। ਫੇਰ ਨਿਰਮਲ ਹੋਣ ਦੇ ਨਾਲ ਕੀ ਹੁੰਦੈ? ਮਹਾਰਾਜ ਕਹਿੰਦੇ, ਫੇਰ ਜਿਹੜੇ ਰੱਬ ਨੂੰ ਤੂੰ ਵਾਹਿਗੁਰੂ-ਵਾਹਿਗੁਰੂ ਕਹਿੰਦਾ ਹੈਂ, ਉਹ ਰੱਬ ਫੇਰ ਤੇਰਾ ਨਾਮ ਲੈਣ ਲਗ ਜਾਂਦੈ, ਉਲਟ ਜਾਂਦੈ; ਉਹ ਤੇਰਾ ਹੀ ਨਾਂ ਲਏਗਾ -

***ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥***
***ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥***

***ਅੰਗ - 1367***

ਪਤਾ ਹੀ ਨਹੀਂ ਲਗਦਾ ਕਿ ਰੱਬ ਕਿਹੜਾ ਹੈ ਤੇ ਮੈਂ ਕਿਹੜਾ ਹਾਂ। ਕਹਿੰਦੇ, ਰਲ ਗਏ - ਆਪਸ ਵਿਚ -

***ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥ ਅੰਗ - 969***

ਕਿਉਂਕਿ ਨਿਰਮਲ ਹੋ ਗਿਆ। ਵਾਹਿਗੁਰੂ ਵੀ ਨਿਰਮਲ ਹੈ। ਤੇ ਇਹ ਹਰੀ ਦੀ ਅਉਖਧ ਜਿਹੜੀ 'ਨਾਮ' ਦੀ ਪ੍ਰਾਪਤ ਹੋਈ - ਗੁਰੂ ਤੋਂ - 'ਹਰਿ ਅਉਖਧੁ ਜਾ ਕਉ ਗੁਰਿ ਦੀਆ ਤਾ ਕੇ ਨਿਰਮਲ ਚੀਤਾ॥' ਇਹਦੇ ਨਾਲ ਨਿਰਮਲ ਹੋ ਕੇ ਰੱਬ ਬਣ ਗਿਆ।

ਸੋ ਪਹਿਲਾ ਤਾਂ ਹੋਇਆ ਕਿ ਇਹ ਦਵਾਈ ਹੈ, ਦੂਸਰਾ - ਇਹ ਮੈਲ ਕੱਟਦੈ -

***ਭਰੀਐ ਮਤਿ ਪਾਪਾ ਕੈ ਸੰਗਿ॥***
***ਓਹੁ ਧੋਪੈ ਨਾਵੈ ਕੈ ਰੰਗਿ॥ ਅੰਗ - 4***

'ਰੰਗਿ' ਪਿਆਰ ਨੂੰ ਕਹਿੰਦੇ ਨੇ - ਨਾਮ ਦੇ ਪਿਆਰ ਦੇ ਸਾਬਣ ਨਾਲ ਮਲ ਕੇ ਧੋ ਲਓ -

***ਭਰੀਐ ਹਥੁ ਪੈਰੁ ਤਨੁ ਦੇਹ ॥***
***ਪਾਣੀ ਧੋਤੈ ਉਤਰਸੁ ਖੇਹ ॥***
***ਮੂਤ ਪਲੀਤੀ ਕਪੜੁ ਹੋਇ ॥***
***ਦੇ ਸਾਬੂਣੁ ਲਈਐ ਓਹੁ ਧੋਇ ॥***
***ਭਰੀਐ ਮਤਿ ਪਾਪਾ ਕੈ ਸੰਗਿ ॥***
***ਓਹੁ ਧੋਪੈ ਨਾਵੈ ਕੈ ਰੰਗਿ ॥ਅੰਗ - 4***

ਸੋ, ਚਿਤ ਨਾਮ ਤੋਂ ਬਗੈਰ ਨਿਰਮਲ ਨਹੀਂ ਹੁੰਦਾ; ਕਰਮਾਂ

ਨਾਲ ਨਿਰਮਲ ਨਹੀਂ ਹੋਇਆ ਕਰਦਾ, ਕਰਮਾਂ ਨਾਲ ਤਾਂ ਹੋਰ ਮੈਲਾ ਹੋ ਜਾਇਆ ਕਰਦੈ ਕਿਉਂਕਿ 'ਅਹੰਭਾਵ' ਜਾਗ ਪੈਂਦੈ - ਮੈਂ ਕਰਮ ਕਰਦਾ ਹਾਂ, ਮੈਂ ਅੰਮ੍ਰਿਤ ਵੇਲੇ ਜਾਗਦਾ ਹਾਂ, ਮੈਂ ਦਾਨ ਕਰਦਾ ਹਾਂ, ਮੈਂ ਸੇਵਾ ਕਰਦਾ ਹਾਂ, ਮੈਂ ਸਾਰੀ ਜ਼ਮੀਨ ਦਾਨ ਕਰ ਦਿਤੀ। ਮੈਲਾ ਹੋ ਗਿਆ, ਬੰਧਨ ਪੈ ਗਏ। ਲੀਕ ਮਿਟਦੀ ਨਹੀਂ ਹੈ, ਐਨੀ ਗਹਿਰੀ ਚਲੀ ਜਾਂਦੀ ਹੈ; ਬਦਲਾ ਚਾਹੁੰਦਾ ਹੈ ਆਦਮੀ। ਪਰ ਚਿਤ ਤਾਂ ਮੈਲਾ ਹੈ। ਜਦ ਚਿਤ ਨਿਰਮਲ ਹੋ ਜਾਂਦੈ; ਪਰਮੇਸ਼ਰ ਇਹਦੇ ਨਾਲ ਰਹਿੰਦਾ, ਇਕੋ ਹੀ ਹੋ ਜਾਂਦੇ ਨੇ - ਦੋ ਨਹੀਂ ਰਹਿੰਦੇ, ਪਤਾ ਨਹੀਂ ਲਗਦਾ। ਉਹੋ ਜਿਹਾ ਹੀ ਨਿਰਮਲ ਇਹ ਹੋ ਜਾਂਦੈ, ਉਹੋ ਜਿਹਾ ਹੀ ਉਹ ਹੈ; ਕੌਣ ਪਛਾਣ ਲਊ? ਪਾਣੀ ਦਾ ਕਤਰਾ ਪਾਣੀ ਵਿਚ ਪਾ ਦਿਉ, ਪਛਾਣ ਰਹਿੰਦੀ ਹੈ? ਉਹ ਤਾਂ ਉਹਦਾ ਰੂਪ ਹੋ ਜਾਂਦੈ -

***ਜਿਉ ਜਲ ਮਹਿ ਜਲੁ ਆਇ ਖਟਾਨਾ॥***
***ਤਿਉ ਜੋਤੀ ਸੰਗਿ ਜੋਤਿ ਸਮਾਨਾ॥*** ***ਅੰਗ - 278***

ਸੋ ਤੀਸਰਾ ਕੰਮ ਨਾਮ ਕਰਦੈ -

***ਅੰਧਕਾਰੁ ਮਿਟਿਓ ਤਿਹ ਤਨ ਤੇ..................॥ ਅੰਗ - 208***

ਸਾਡੇ ਤਨ ਦੇ ਉਤੇ, ਤੇ ਮਨ ਦੇ ਉਤੇ ਅਨ੍ਹੇਰਾ ਛਾਇਆ ਹੋਇਐ, darkness ਛਾਈ ਹੋਈ ਐ; ਉਹ ਅਨ੍ਹੇਰਾ ਮਿਟਣਾ ਸ਼ੁਰੂ ਹੋ ਜਾਂਦੈ। ਫੇਰ ਉਹ ਗੁਰੂ ਦਾ ਸ਼ਬਦ, ਦੀਵਾ ਬਣ ਕੇ ਅੰਦਰ ਪ੍ਰਕਾਸ਼ ਹੋ ਜਾਂਦੈ -

***......................ਗੁਰਿ ਸਬਦਿ ਦੀਪਕੁ ਪਰਗਾਸਾ॥ ਅੰਗ - 208***

ਦੀਵਾ ਬਣ ਕੇ ਜਦ ਪ੍ਰਕਾਸ਼ ਹੋਇਆ, ਫੇਰ ਚੀਜ਼ਾਂ ਦਿਸਣ ਲੱਗ ਜਾਂਦੀਆਂ ਨੇ, ਕਿਉਂਕਿ ਜਦ ਤਕ ਇਹ ਦੀਵਾ ਨਹੀਂ ਮਿਲਦਾ -

***ਬਿਨੁ ਸਬਦੈ ਅੰਤਰਿ ਆਨੇਰਾ॥*** ***ਅੰਗ - 124***

ਅਨ੍ਹੇਰਾ ਹੈ ਅੰਦਰ - ਬਗੈਰ ਸ਼ਬਦ ਤੋਂ।

***ਨ ਵਸਤੁ ਲਹੈ ਨ ਚੂਕੈ ਫੇਰਾ॥*** ***ਅੰਗ - 124***

ਆਤਮ ਵਸਤੂ ਦੀ ਪ੍ਰਾਪਤੀ ਨਹੀਂ ਹੁੰਦੀ। ਆਤਮਾ ਤਾਂ

ਨਿਤ ਹੈ, ਲੇਕਿਨ 'ਜੀਵ ਭਾਵ' ਦੇ ਵਿਚ ਗੁਆਈ ਬੈਠਾ ਹੈ - ਉਹਨੂੰ। ਹੈ ਅੰਦਰ ਹੀ - ਪਰਮੇਸ਼ਰ ਵੀ, ਆਤਮਾ ਵੀ। ਆਪਣੇ ਸਰੂਪ ਨੂੰ ਵੀ ਭੁੱਲੀ ਬੈਠੈ ਤੇ ਪਰਮੇਸ਼ਰ ਨੂੰ ਵੀ ਭੁੱਲੀ ਬੈਠੈ। ਆਪਣੇ ਆਪ ਨੂੰ ਭੁੱਲ ਜਾਂਦੈ।

ਇਕ ਐਸੀ ਸਾਖੀ ਨਾਲ ਮਹਾਂਪੁਰਸ਼ ਸਮਝਾਇਆ ਕਰਦੇ ਨੇ ਕਿ ਇਕ ਕੋਈ ਸਾਧਾਰਨ ਬੰਦਾ ਸੀ - ਸਾਦੇ ਮਨ ਦਾ। ਕਹਿਣ ਲੱਗਿਆ -

''ਮਾਂ, ਦੁਨੀਆਂ ਮੇਲੇ ਜਾਂਦੀ ਹੈ ਤੇ ਮੈਂ ਵੀ ਜਾਣਾ ਚਾਹੁੰਦਾ ਹਾਂ।''

''ਪੁੱਤ, ਤੂੰ ਗੁਆਚ ਨ ਜਾਈਂ ਕਿਤੇ ਮੇਲੇ ਦੇ ਅੰਦਰ।''

''ਮਾਂ, ਮੈਨੂੰ ਕੋਈ ਨਿਸ਼ਾਨੀ ਦੇ-ਦੇ। ਮੈਨੂੰ ਪਤਾ ਰਹੇਗਾ, ਫੇਰ ਨਹੀਂ ਮੈਂ ਗੁਆਚਦਾ ।''

ਮਾਂ ਨੇ ਇਕ ਰੱਸੀ ਗਲ ਦੇ ਅੰਦਰ ਪਾ ਦਿਤੀ; ਗੰਢ ਦੇ ਦਿਤੀ ਜਿਵੇਂ ਤੰਦੀਰਾ ਪਾਈਦੈ। ਕਹਿੰਦੀ, ''ਲੈ ਪੁੱਤ! ਆਹ ਰੱਸੀ ਮੈਂ ਗਲ ਨੂੰ ਬੰਨ੍ਹਦੀ ਹਾਂ, ਫੇਰ ਤੂੰ ਗੁਆਚੇਂਗਾ ਨਹੀਂ, ਘਰ ਨੂੰ ਆ ਜਾਵੇਂਗਾ।'' ਉਥੋਂ ਚਲਿਆ ਗਿਆ। ਮੇਲਾ ਦੇਖਦਾ ਰਿਹਾ ਤੇ ਫੇਰ ਸੌਂ ਗਿਆ। ਕੋਲ ਕੋਈ ਮਸਖਰਾ ਸੀ। ਉਹਨੇ ਕਿਹਾ ਕਿ ਇਹ ਰੱਸੀ ਗਲ ਵਿਚ ਬੰਨ੍ਹੀ ਫਿਰਦੈ। ਉਹਨੇ ਰੱਸੀ ਖੋਲ੍ਹ ਦਿਤੀ ਤੇ ਖੋਲ੍ਹ ਕੇ ਪਰੇ ਮਾਰੀ - ਵਗਾਹ ਕੇ। ਉਹਨੂੰ ਜਦ ਜਾਗ ਆਈ ਤਾਂ ਦੇਖਿਆ ਕਿ ਮੇਰੇ ਤਾਂ ਰੱਸੀ ਨਹੀਂ ਬੰਨ੍ਹੀਂ ਹੋਈ, ਮੈਂ ਤਾਂ ਗੁਆਚ ਗਿਆ। ਰੋਣ ਲਗ ਗਿਆ, ਬਹੁਤ ਰੋਂਦੈ। ਉਹ ਉਹਨੂੰ ਹੋਰ ਮਸਖਰੀਆਂ ਕਰਦੇ ਨੇ। ਕਹਿੰਦੇ, ''ਰੋਂਦਾ ਕਿਉਂ ਹੈਂ?'' ਕਹਿੰਦਾ, ''ਮੈਂ ਤਾਂ ਗੁਆਚ ਗਿਆ; ਹੁਣ ਮੇਰਾ ਕੀ ਬਣੂ, ਮੈਂ ਤਾਂ ਗੁਆਚ ਗਿਆ।'' ਉਸ ਵੇਲੇ ਕੋਈ ਮਹਾਤਮਾ ਸੀ, ਉਨ੍ਹਾਂ ਨੇ ਕਿਹਾ, ''ਪ੍ਰੇਮੀਆਂ! ਤੂੰ ਗੁਆਚਿਆ ਨਹੀਂ ਹੈਂ; ਰੱਸੀ ਜੋ ਤੇਰੇ ਗਲ ਵਿਚ ਸੀ, ਉਹ ਵਾਧੂ ਸੀ। ਤੂੰ ਤਾਂ ਅਪਣੇ ਅਸਲੀ ਸਰੂਪ ਵਿਚ ਹੀ ਹੈਂ।''

ਸੋ ਇਸੇ ਤਰ੍ਹਾਂ ਦੇ ਨਾਲ ਹੀ ਇਹ ਜਿਹੜਾ ਜੀਵ ਹੈ, ਇਹਦੇ ਗਲ ਵਿਚ 'ਮੈਂ' ਦੀ ਰੱਸੀ ਪਾ ਦਿਤੀ - ਪਰਮੇਸ਼ਰ ਨੇ, ਕਿ ਗੁਆਚ ਨ ਜਾਵੇ। ਪਰ ਮਹਾਤਮਾ ਇਸਨੂੰ ਦੱਸਦੇ ਨੇ ਕਿ ਤੂੰ ਗੁਆਚਿਆ ਨਹੀਂ ਹੈ; ਇਹ ਮਾਇਆ ਦੀ ਰੱਸੀ ਦੇ ਨਾਲ ਤੂੰ ਗੁਆਚਿਆ ਹੋਇਆ ਹੈਂ। ਮਾਇਆ ਦੀ ਰੱਸੀ ਲਾਹ ਦੇ, ਤੂੰ ਆਪਣੇ ਸਰੂਪ ਵਿਚ ਪਹਿਲਾਂ ਵੀ ਸੀ, ਹੁਣ ਵੀ ਐਂ। ਆਤਮਾ ਤਾਂ ਉਸੇ ਤਰ੍ਹਾਂ ਹੈ-ਸਭ ਦੇ ਅੰਦਰ। ਆਤਮਾ ਨੇ ਕਿਤੋਂ ਆਉਣਾ ਨਹੀਂ, ਆਤਮਾ ਨੇ ਪ੍ਰਗਟ ਨਹੀਂ ਹੋਣਾ; ਆਤਮਾ ਤਾਂ ਇਹਦੀ ਰਗ-ਰਗ ਦੇ ਅੰਦਰ ਹੈ, ਖ਼ੂਨ ਦੇ ਅੰਦਰ ਹੈ, ਸਾਹਾਂ ਦੇ ਅੰਦਰ ਹੈ, ਸੋਚ ਦੇ ਅੰਦਰ ਹੈ। ਆਤਮਾ ਤੋਂ ਬਿਨਾਂ ਤਾਂ ਇਹ ਰਹਿੰਦਾ ਹੀ ਨਹੀਂ; ਇਹ ਹੈ ਹੀ ਆਤਮਾ। ਬਾਕੀ ਸਰੀਰ ਤਾਂ ਇਕ ਇਹਦਾ ਬਾਹਰਲਾ ਕੋਟ ਹੈ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥***
***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥ ਅੰਗ - 954***

ਸੋ ਇਸ ਤਰ੍ਹਾਂ ਅਨ੍ਹੇਰਾ ਹੁੰਦੈ, ਜਦੋਂ ਸ਼ਬਦ ਨਾ ਹੋਵੇ - ਇਹਦੇ ਅੰਦਰ - 'ਬਿਨੁ ਸਬਦੈ ਅੰਤਰਿ ਆਨੇਰਾ॥ ਨ ਵਸਤੁ ਲਹੈ ਨ ਚੁਕੈ ਫੇਰਾ॥' ਜਦ ਤਕ ਇਹ ਆਪਣੇ ਸਰੂਪ ਵਿਚ ਨਹੀਂ ਆਉਂਦਾ, ਓਨੀ ਦੇਰ ਤਕ ਇਹ ਜੰਮਦਾ ਰਹੇਗਾ, ਮਰਦਾ ਰਹੇਗਾ। ਇਸ ਗੱਲ ਨੂੰ ਇਹ ਸਮਝਦਾ ਹੀ ਨਹੀਂ, ਦਿਮਾਗ ਵਿਚ ਹੀ ਨਹੀਂ ਇਹ ਗੱਲ ਵੜਦੀ ਕਿ ਮੈਂ ਜੰਮਦਾ ਰਹੂੰਗਾ, ਮਰਦਾ ਰਹੂੰਗਾ; ਐਨੀ ਕੁ ਗੱਲ ਹੈ।

***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲ ਨਾਹੀ***
***ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ - 124***

ਇਹਦੀ ਕੁੰਜੀ (ਸ਼ਬਦ ਦੀ) ਸਤਿਗੁਰ ਦੇ ਹੱਥ ਵਿਚ ਹੈ। ਹੋਰ ਕੋਈ ਤਰੀਕਾ ਨਹੀਂ ਜਿਹਦੇ ਨਾਲ ਇਹ ਦਰ ਖੁਲ੍ਹ ਜਾਵੇ ਤੇ ਚਾਨਣਾ ਹੋ ਜਾਵੇ। ਸੋ ਗੁਰੂ ਦੇ ਕੋਲ ਮੰਤਰ ਹੁੰਦੈ। ਉਸ ਮੰਤਰ ਨੂੰ ਪ੍ਰਾਪਤ ਕਰਨ ਵਾਲੇ ਤਾਂ ਹੈਗੇ ਧੰਨ ਭਾਗੀ, ਤੇ ਉਨ੍ਹਾਂ ਤੋਂ ਵੱਡੇ

ਭਾਗ ਉਨ੍ਹਾਂ ਦੇ ਨੇ ਜਿਹੜੇ ਇਸ ਮੰਤਰ ਦੀ ਕਮਾਈ ਕਰਦੇ ਨੇ, ਤੇ ਉਨ੍ਹਾਂ ਤੋਂ ਵੱਡੇ ਭਾਗ ਉਨ੍ਹਾਂ ਦੇ ਨੇ ਜਿਨ੍ਹਾਂ ਨੇ ਇਸ ਮੰਤਰ ਦੀ ਕਮਾਈ ਕਰਕੇ ਪ੍ਰਕਾਸ਼ ਕਰ ਲਿਆ - ਆਪਣੇ ਅੰਦਰ। ਪ੍ਰਕਾਸ਼ ਕਰਨ ਦੇ ਨਾਲ ਅਨ੍ਹੇਰੇ ਦੇ ਵਿਚ ਜੋ ਚੀਜ਼ਾਂ ਡਰਾਉਣੀਆਂ ਨਜ਼ਰ ਆਉਂਦੀਆਂ ਸੀ, ਉਹ ਖਤਮ ਹੋ ਗਈਆਂ ਸਾਰੀਆਂ, ਤੇ ਤੱਤ ਦਿਸਣ ਲਗ ਗਿਆ। ਸੋ ਪ੍ਰਕਾਸ਼ ਹੋ ਗਿਆ ਗੁਰੂ ਦੇ ਕੋਲੋਂ ਕੁੰਜੀ ਲੈ ਕੇ, ਪਰ ਗੁਰੂ ਨਹੀਂ ਮਿਲਦਾ। ਪੂਰੇ ਭਾਗ ਹੋਣ ਤਾਂ ਇਸ ਗੱਲ ਦੀ ਸੋਝੀ ਪੈਂਦੀ ਐ, ਨਹੀਂ ਪੈਂਦੀ ਨਹੀਂ। ਸੋ ਗੁਰੂ ਨੇ ਦੀਪਕ ਜਲਾ ਦਿਤਾ -

***ਅੰਧਕਾਰੁ ਮਿਟਿਓ ਤਿਹ ਤਨ ਤੇ ਗੁਰਿ ਸਬਦਿ ਦੀਪਕੁ ਪਰਗਾਸਾ ॥***
***ਅੰਗ - 208***

ਗੁਰੂ ਨੇ ਸ਼ਬਦ ਦਾ ਦੀਵਾ ਜਾਲ ਦਿਤਾ। ਫੇਰ ਕੀ ਹੋਇਆ? ਕਹਿੰਦੇ, ਦੀਵਾ ਬਲਦੇ ਸਾਰ ਇਹ ਜਿਹੜਾ ਜਾਲ ਪਿਆ ਹੋਇਆ ਸੀ - ਭਰਮ ਦਾ, ਜਿਹਦੇ ਕਰਕੇ ਅਸੀਂ 'ਜੀਵ' ਬਣੇ ਹੋਏ ਸੀ, ''ਮੈਂ-ਮੈਂ-ਮੈਂ-ਮੈਂ ਕਰਦੇ ਸੀ, ਉਹ ਕਟ ਦਿਤੀ ਫਾਹੀ; ਕੈਂਚੀ ਜਿਵੇਂ ਕੱਟ ਦਿੰਦੀ ਐ, ਐਂ ਕੱਟ ਦਿਤੀ -

***ਭ੍ਰਮ ਕੀ ਜਾਲੀ ਤਾ ਕੀ ਕਾਟੀ...........॥ ਅੰਗ - 208***

ਪਰ ਕੱਟੀ ਕੀਹਦੀ? ਜਿਹਨੂੰ ਸਾਧੂ ਦੀ ਸੰਗਤਿ ਉਤੇ ਵਿਸ਼ਵਾਸ਼ ਆ ਗਿਆ, ਉਹਦੇ ਬਚਨਾਂ ਤੇ ਵਿਸ਼ਵਾਸ਼ ਆ ਗਿਆ -

***.............ਜਾ ਕਉ ਸਾਧਸੰਗਤਿ ਬਿਸ੍ਵਾਸਾ॥ ਅੰਗ - 208***

ਭਰਮ ਪਏ ਹੋਏ ਨੇ, ਭਰਮ ਦੇ ਨਾਲ ਇਹ ਦੁਖੀ ਹੋ ਰਿਹੈ ਜੀਵ। ਇਹਨੂੰ ਕੋਈ ਸੁਖੀ ਨਹੀਂ ਕਰ ਸਕਦਾ, ਕਿਤੋਂ ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ; ਜਿੰਨਾਂ ਜੀਅ ਕਰਦੈ - ਖਪ ਲਵੇ -

***ਐਸਾ ਜਗੁ ਦੇਖਿਆ ਜੂਆਰੀ ॥***
***ਸਭਿ ਸੁਖ ਮਾਗੈ ਨਾਮੁ ਬਿਸਾਰੀ ॥ ਅੰਗ - 222***

ਨਾਮ ਨੂੰ ਭੁੱਲ ਕੇ ਸੁੱਖਾਂ ਨੂੰ ਚਾਹੁੰਦੈ। ਪਰ ਨਾਮ ਤੋਂ ਬਿਨਾਂ ਤਾਂ ਸੁੱਖਾਂ ਦੀ ਪ੍ਰਾਪਤੀ ਨਹੀਂ ਹੋਣੀ। ਨਾਮ ਦੀ ਸੋਝੀ - ਜਦ ਤਕ

ਅੰਦਰੋਂ ਨਾਮ ਪ੍ਰਗਟ ਨਹੀਂ ਹੁੰਦਾ, ਆਦਮੀ ਸੁਖੀ ਨਹੀਂ ਹੋ ਸਕਦਾ, ਭਰਮ ਇਸ ਦਾ ਮਿਟਿਆ ਨਹੀਂ ਕਰਦਾ। ਬੜੇ ਅਜੀਬ ਕਿਸਮ ਦੇ ਭਰਮ ਨੇ। ਮਹਾਂਪੁਰਸ਼ ਸਮਝਾਉਂਦੇ ਨੇ ਕਿ ਇਕ ਬੰਦਾ ਪਾਣੀ ਨੂੰ ਦੇਖ ਰਿਹੈ। ਬਹੁਤ ਸਾਰੇ ਘੜੇ ਪਏ ਨੇ, ਬਰਤਨ ਪਏ ਨੇ, ਪ੍ਰਾਤਾਂ ਪਈਆਂ ਨੇ; ਮੀਂਹ ਪੈ ਗਿਆ ਜ਼ੋਰ ਦੀ, ਉਹ ਸਾਰੇ ਹੀ ਭਾਂਡੇ ਭਰ ਗਏ। ਆਸਮਾਨ ਨਿਰਮਲ ਹੋ ਗਿਆ। ਚੰਦਰਮਾ ਦਾ ਚਾਨਣਾ ਹੋ ਗਿਆ। ਹੇਠਾਂ ਦੇਖਣਾ ਸ਼ੁਰੂ ਕਰਦੈ - ਬਰਤਨਾਂ ਦੇ ਵਿਚ। ਉਹ ਕੀ ਦੇਖਦੈ ਕਿ ਹਰੇਕ ਦੇ ਵਿਚ ਇਕ ਚੰਦਰਮਾ ਦਿਸਦੈ। ਭਰਮ ਪੈ ਗਿਆ ਕਿ ਐਹ ਚੰਦ੍ਰਮਾ ਅਸਲੀ ਹੈ ਕਿ ਉਹ ਚੰਦਰਮਾ ਅਸਲੀ ਹੈ; ਪਤਾ ਨਹੀਂ ਲਗਦਾ। ਲੇਕਿਨ ਜਦ ਪਾਣੀ ਡੋਲ੍ਹ ਦਿੰਦੈ, ਉਸ ਵੇਲੇ ਕੀ ਹੁੰਦੈ? ਪ੍ਰਤੀਬਿੰਬ ਬਿੰਬ ਨੂੰ ਮਿਲ ਜਾਂਦੈ। ਜਿਹੜਾ ਅਸਲੀ ਚੰਦ੍ਰਮਾ ਹੈ, ਉਹ ਗਾਇਬ ਨਹੀਂ ਹੋਇਆ; ਉਹਦਾ ਜਿਹੜਾ ਪਰਛਾਵਾਂ ਸੀ, ਉਹਦੇ ਨਾਲ ਹੀ ਮਿਲ ਗਿਆ। ਪਹਿਲਾਂ ਉਹਦੀ ਹਸਤੀ ਹੀ ਕੋਈ ਨਹੀਂ ਸੀ, ਝੂਠਾ ਸੀ, ਉਹਦਾ ਵਜੂਦ ਨਹੀਂ ਸੀ। ਪਰ ਇਹ ਜਿਹੜਾ ਪਰਛਾਵਾਂ ਹੈ, ਚਮਕ ਪੈਂਦੀ ਹੈ - ਸ਼ੀਸੇ ਦੀ ਅੰਦਰ ਚਮਕ ਪੈਂਦੀ ਹੋਵੇ, ਘਰ ਵਿਚ ਰੌਸ਼ਨੀ ਹੋ ਜਾਂਦੀ ਹੈ ਕਿਉਂਕਿ ਪ੍ਰਤੀਬਿੰਬ ਪੈ ਗਿਆ ਤੇ ਜੇ ਮੂੰਹ ਘੁਮਾ ਦੇਵੋ - ਦੂਜੇ ਪਾਸੇ ਨੂੰ, ਉਹ ਹਟ ਜਾਂਦੈ। ਉਹ ਗਿਆ ਤਾਂ ਕਿਤੇ ਨਹੀਂ ਹੈ; ਕੇਵਲ ਇਕ ਭੁਲੇਖਾ ਸੀ, ਭਰਮ ਸੀਗਾ।

ਇਸੇ ਤਰ੍ਹਾਂ ਦੇ ਨਾਲ ਇਕ ਭਰਮ ਪਿਆ ਹੋਇਐ ਕਿ ਮੈਂ ਜੀਵ ਹਾਂ ਤੇ ਵਾਹਿਗੁਰੂ ਹੋਰ ਹੈ। ਇਹ ਭਰਮ ਪਿਆ ਹੋਇਆ ਨਹੀਂ ਟੁੱਟਦਾ; ਜ਼ੋਰ ਲਾ ਲਉ ਜਿਹਦਾ ਲਗਦਾ। ਇਹ intellectually (ਦਿਮਾਗੀ ਤੌਰ ਤੇ) ਤਾਂ ਆਦਮੀ ਮੰਨ ਲਏਗਾ, practically (ਅਮਲੀ ਤੌਰ ਤੇ) ਨਹੀਂ ਮੰਨਦਾ ਕਿਉਂਕਿ ਗੁਰੂ ਤੋਂ ਸ਼ਬਦ ਨਹੀਂ ਪ੍ਰਾਪਤ ਹੋਇਆ। ਗੁਰੂ ਦਾ ਸ਼ਬਦ ਦੀਵਾ ਹੈ। ਦੀਵੇ ਦੇ ਚਾਨਣ ਵਿਚ ਦੇਖਿਆ ਨਹੀਂ ਇਸ ਨੇ, ਜਿਸ ਕਰਕੇ ਇਹਦਾ ਭਰਮ ਨਹੀਂ ਟੁੱਟਦਾ। ਇਹਨੂੰ 'ਭੇਦ ਭਰਮ' ਕਹਿੰਦੇ ਨੇ - ਰੱਬ ਦੇ ਨਾਲੋਂ ਆਪਣਾ ਹੋਰ ਸਰੂਪ ਜਾਣਨਾ ਕਿ ਮੈਂ ਹੋਰ ਹਾਂ, ਰੱਬ ਹੋਰ ਹੈ -

ਹੈਗਾ ਇਕੋ ਹੀ। ਮਹਾਰਾਜ ਕਹਿੰਦੇ ਨੇ ਕਿ ਤੂੰ ਪਛਾਣ ਕਰ; ਰੱਬ ਵੀ ਜੋਤਿ ਸਰੂਪ ਹੈ, ਤੂੰ ਵੀ ਜੋਤਿ ਸਰੂਪ ਹੈਂ -

***ਧਾਰਨਾ - ਮਨ ਤੂੰ ਜੋਤ ਸਰੂਪ ਹੈਂ, ਆਪਣਾ ਮੂਲ ਪਛਾਣ - 2, 2.***

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ਅੰਗ - 441***

ਕਿੱਡਾ ਬੜਾ ਭੁਲੇਖਾ ਲਗ ਗਿਆ - ਮੈਂ ਸਾਢੇ ਤਿੰਨ ਹੱਥ ਦੀ ਦੇਹ ਹਾਂ। ਇਹ ਜਿਹੜਾ ਸਰੀਰ ਹੈ, ਇਹ ਥੋੜ੍ਹੀ ਦੇਰ ਤੋਂ ਸਾਨੂੰ ਮਿਲਿਐ। ਤਿੰਨ ਅਵਸਥਾ ਨੇ ਇਹਦੀਆਂ -

***ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥***

***ਅੰਗ - 1428***

ਪਹਿਲਾਂ ਬਾਲਕ ਸੀ। ਬਾਲ ਅਵਸਥਾ ਨੂੰ ਜੁਆਨੀ ਖਾ ਗਈ, ਉਹਦਾ ਨਾਮ-ਨਿਸ਼ਾਨ ਨਹੀਂ ਕਿਤੇ ਰਿਹਾ। ਜੁਆਨੀ ਨੂੰ ਬੁਢੇਪਾ ਖਾ ਗਿਆ। ਭਾਲਦਾ ਫਿਰਦੈ ਜੁਆਨੀ ਨੂੰ - ਬਜ਼ਾਰਾਂ ਵਿਚ ਜਾ ਕੇ। ਰੰਗ ਪੁਛਦੈ ਕਿ ਕੋਈ ਰੰਗ ਹੈ ਐਹੋ ਜਿਹਾ ਜਿਹਦੇ ਨਾਲ ਮੇਰਾ ਬੁਢਾਪਾ ਮਿਟ ਜਾਵੇ? ਦੰਦ ਲਵਾਉਂਦੈ, ਐਨਕਾਂ ਲਵਾਉਂਦੈ। ਜੁਆਨੀ ਤਾਂ ਮੁੜ ਕੇ ਆਉਂਦੀ ਨਹੀਂ ਹੈ; ਉਹ ਨਹੀਂ ਆਉਂਦੀ, ਜਿਹੜੀ ਲੰਘ ਗਈ। ਇਹਨੂੰ ਆਪਣਾ ਆਪ ਸਮਝਦੈ ਕਿ ਮੈਂ ਹਾਂ। ਇਸ ਤਰ੍ਹਾਂ ਸਮਝ ਲਓ ਕਿ ਕੋਈ ਆਦਮੀ ਮਕਾਨ ਵਿਚ ਬੈਠੈ ਤੇ ਉਹਨੂੰ ਪੁੱਛੋ, ਤੂੰ ਕੌਣ ਹੈਂ?" ਉਹ ਕੋਠੀ ਦਾ ਨੰਬਰ ਦਸ ਦੇਵੇ ਕਿ ਮੈਂ ਐਨੇ ਨੰਬਰ ਕੋਠੀ ਹਾਂ। ਕਹਿੰਦੇ, ਤੂੰ ਕੋਠੀ ਵਿਚ ਰਹਿਣ ਵਾਲਾ ਹੈਂ ਕਿ ਕੋਠੀ ਹੈਂ? ਨਸ਼ਾ ਪੀਤਾ ਹੋਇਐ ਤੇ ਕਹੀ ਜਾਂਦੈ, ਮੈਂ ਕੋਠੀ ਹਾਂ ਕਿਉਂਕਿ ਬੁੱਧੀ ਭ੍ਰਿਸ਼ਟ ਹੋ ਗਈ। ਆਪਣੇ ਆਪ ਨੂੰ ਭੁਲਿਆ ਬੈਠੈ।

ਮਹਾਂਪੁਰਸ਼ ਦੱਸਿਆ ਕਰਦੇ ਸੀ ਕਿ ਇਕ ਰਾਜਾ ਸੀ ਕੋਈ। Invitation (ਸੱਦਾ ਪੱਤਰ) ਆਇਆ ਤੇ dinner (ਦਾਅਵਤ) ਤੇ ਚਲਿਆ ਗਿਆ। ਉਥੇ ਜਾ ਕੇ ਬਹੁਤੀ ਸ਼ਰਾਬ ਪੀ ਲਈ ਉਹਨੇ, ਤੇ ਅਵਾ-ਤਵਾ ਬੋਲਣ ਲਗ ਗਿਆ। ਜੋ ਨਾਲ ਸੀ ਅਫਸਰ, ਸੈਕਟਰੀ ਬਗੈਰਾ, ਉਨ੍ਹਾਂ ਨੇ ਦੇਖ ਲਿਆ ਕਿ ਐਸ ਵੇਲੇ ਇਹ ਸਭ ਕੁਛ ਭੁੱਲ ਚੁੱਕਿਐ ਤੇ ਹੁਣ ਇਹਨੂੰ ਲੈ ਚੱਲੀਏ। ਜਦੋਂ ਸਵਾਰੀ

'ਚ ਲੈ ਕੇ ਆਏ - ਮਹੱਲ ਦੇ ਦਰਵਾਜ਼ੇ ਦੇ ਅੰਦਰ, ਬਾਹਰਲੇ ਪਾਸੇ ਕੁਆਰਟਰ ਗਾਰਦ ਦਾ ਪਹਿਰਾ ਸੀ। ਮਹੱਲ ਦੇ ਚਾਰੇ ਪਾਸੇ ਘੋੜ ਸਵਾਰ ਵੀ ਘੁੰਮਦੇ ਫਿਰਦੇ ਨੇ, ਪੈਦਲ ਵੀ ਘੁੰਮਦੇ ਫਿਰਦੇ ਨੇ। ਇਕ ਨੂੰ ਦੂਸਰਾ ਮਿਲਦੈ, ਦੂਸਰੇ ਨੂੰ ਤੀਸਰਾ ਮਿਲਦੈ ਤੇ ਇਸ ਤਰ੍ਹਾਂ ਸਾਰੇ ਗੇੜਾ ਕੱਢਦੇ ਨੇ। ਇਹਨੇ ਦੇਖਿਆ ਤੇ ਕਹਿਣ ਲੱਗਿਆ -

"ਰੋਕੋ! ਕੀ ਕਰਦੇ ਹੋ?"

"ਪਹਿਰਾ ਦਿੰਦੇ ਹਾਂ।"

"ਕੀਹਦਾ ਪਹਿਰਾ ਦਿੰਦੇ ਹੋ?"

ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਬਾਦਸ਼ਾਹ ਗਿਆ ਹੋਇਐ। ਕਹਿਣ ਲੱਗੇ -

"ਇਹਦੇ ਅੰਦਰ ਰਾਜਾ ਹੈ। ਇਹ ਸਾਡੀ ਡਿਊਟੀ ਹੈ ਕਿ ਗੈਰ ਆਦਮੀ ਕੁਆਰਟਰ ਸਾਈਨ ਦਿਤੇ ਤੋਂ ਬਗੈਰ ਅੰਦਰ ਨ ਚਲਿਆ ਜਾਵੇ।'"

"ਮੈਂ ਵੀ ਪਹਿਰਾ ਦੇਣੈ।"

"ਆਪ ਤਾਂ ਮਹਾਰਾਜ ਜੋ। ਆਪ ਦੇ ਵਾਸਤੇ ਪਹਿਰੇਦਾਰ ਖੜ੍ਹੇ ਨੇ।"

"ਨਹੀਂ ਨਹੀਂ, ਮੈਂ ਕੋਈ ਰਾਜਾ ਨਹੀਂ। ਮੈਂ ਪਹਿਰਾ ਦੇਣੈ।"

ਜ਼ਿੱਦ ਕਰੀ। ਉਸੇ ਵੇਲੇ ਉਨ੍ਹਾਂ ਨੇ ਸਿਪਾਹੀ ਦੀ ਵਰਦੀ ਲਿਆ ਦਿਤੀ, ਬੂਟ ਪਾ ਲਏ, ਪੱਟੀਆਂ ਕੱਸ ਲਈਆਂ, ਵਰਦੀ ਪਾ ਲਈ, ਰਾਈਫਲ ਲੈ ਲਈ, ਬੰਨਡੋਲੀਅਰ ਗਲ ਵਿਚ ਪਾ ਲਿਆ। ਉਵੇਂ ਜਿਵੇਂ ਲੈਫਟ ਰਾਈਟ, ਲੈਫਟ ਰਾਈਟ ਕਰਕੇ ਪਹਿਰਾ ਦੇਣ ਲਗ ਗਿਆ। ਭੁੱਲ ਗਿਆ ਕਿ ਮੈਂ ਬਾਦਸ਼ਾਹ ਸੀ। ਸਾਰੇ ਅਹਿਲਕਾਰ, ਸੈਕਟਰੀ ਬਗੈਰਾ ਜੋ ਵੀ ਨਾਲ ਸੀ, ਛੁਪ ਕੇ ਬੈਠ ਗਏ ਕਿ ਜਦੋਂ ਹੋਸ਼ ਆਏਗੀ, ਉਸ ਵੇਲੇ ਅਸਲੀ ਕਪੜੇ ਇਹਨਾਂ ਨੂੰ ਪਹਿਨਾ ਦਿਤੇ ਜਾਣਗੇ। ਸੋ ਫਿਰਦੇ-ਫਿਰਦੇ ਜਦ ਹੋਸ਼ ਪਰਤੀ ਤਾਂ ਦੇਖਣ ਲੱਗ ਗਿਆ - ਆਪਣੇ ਬੂਟਾਂ ਨੂੰ ਕਿ ਐਹ ਬੂਟ ਮੈਂ

ਕਦ ਪਾ ਲਏ, ਇਹ ਰਾਈਫਲ ਮੇਰੇ ਹਥ ਵਿਚ ਕਿਥੋਂ ਆ ਗਈ, ਇਹ ਬੰਨਡੋਲੀਅਰ ਕਿਥੋਂ ਆ ਗਿਆ, ਮੈਂ ਸਿਪਾਹੀ ਕਿਵੇਂ ਬਣ ਗਿਆ? ਮੈਂ ਤਾਂ ਬਾਦਸ਼ਾਹ ਸੀ, ਇਹ ਫੌਜਾਂ ਤਾਂ ਮੇਰੀਆਂ ਰੱਖੀਆਂ ਹੋਈਆਂ ਸੀ - ਆਪਣੀ ਰਾਖੀ ਵਾਸਤੇ, ਮੈਂ ਇਥੇ ਪਹਿਰਾ ਲਵਾਇਆ। ਜਦੋਂ ਇਉਂ ਥੋੜ੍ਹਾ ਜਿਹਾ ਚੇਤਨ ਦੇਖਿਆ, ਉਸ ਵੇਲੇ ਆ ਕੇ ਸਾਰਿਆਂ ਨੇ ਜੈ-ਜੈਕਾਰ ਕੀਤੀ-'ਮਹਾਰਾਜਾ ਕੀ ਜੈ।' ਕਹਿੰਦੇ -

"ਇਹ ਕੀ?"

"ਮਹਾਰਾਜ! ਨਸ਼ਾ ਚੜ੍ਹ ਗਿਆ ਸੀ - ਆਪਨੂੰ। ਉਸ ਨਸ਼ੇ ਦੇ influence (ਅਸਰ) ਕਰਕੇ ਆਪਣੇ ਆਪ ਨੂੰ ਭੁੱਲ ਗਏ ਸੀ।"

"ਬੜੀ ਗਲਤੀ ਕਰੀ। ਤੁਸੀਂ ਹਟਾਉਣਾ ਸੀ।"

"ਮਹਾਰਾਜ! ਅਸੀਂ ਤਾਂ ਬਹੁਤ ਕਿਹਾ ਆਪ ਨੂੰ।"

ਜਿਹਨੂੰ ਨਸ਼ਾ ਚੜ੍ਹ ਜਾਵੇ, ਉਹ ਕਿਸੇ ਦੀ ਕੋਈ ਬਾਤ ਮੰਨਦੈ? ਜ਼ੋਰ ਲਾ ਲਓ, ਨਹੀਂ ਮੰਨਦਾ। ਕਿੰਨੇ ਨੇ ਜਿਹੜੇ ਸ਼ਰਾਬ ਪੀ ਕੇ ਆਪਣਾ ਹੀ ਨੁਕਸਾਨ ਕਰਦੇ ਨੇ। ਪੈਸੇ ਦਾ ਨੁਕਸਾਨ, ਬੱਚਿਆਂ ਵਿਚ ਬੇ-ਪਰਤੀਤੀ, ਘਰ ਵਿਚ ਦੁਖ ਕਲੇਸ਼ ਲੈ ਕੇ ਆਉਂਦੇ ਨੇ, ਬੇਚੈਨੀ ਪੈਦਾ ਕਰਦੇ ਨੇ ਲੇਕਿਨ ਫੇਰ ਨਹੀਂ ਸਮਝਦੇ। ਨਸ਼ੇ ਦਾ ਐਸਾ ਆਦਮੀ ਦੇ ਮਨ ਤੇ ਅਸਰ ਹੁੰਦੈ ਕਿ ਉਹ ਭੁੱਲ ਜਾਂਦਾ ਹੈ। ਇਸੇ ਕਰਕੇ ਗੁਰੂ ਮਹਾਰਾਜ ਨੇ ਕਿਹੈ ਕਿ ਨਸ਼ਾ ਜੇ ਤੂੰ ਚਾਹੁੰਦਾ ਹੈਂ, ਇਹ ਬਾਹਰਲੇ ਨਸ਼ੇ ਛੱਡ ਦੇ। ਇਹ ਤੇਰੇ ਸਰੀਰ ਨੂੰ ਨੁਕਸਾਨ ਕਰਦੇ ਨੇ, ਬਰਬਾਦ ਕਰਦੇ ਨੇ। ਤੇਰੇ ਅੰਦਰ ਪਰਮੇਸ਼ਰ ਨੇ ਇਕ ਨਸ਼ਾ ਰੱਖਿਆ ਹੋਇਐ; ਉਹ ਜੇ ਤੇਰੇ ਅੰਦਰੋਂ ਪ੍ਰਗਟ ਹੋ ਜਾਵੇ, ਜੇ ਇਕ ਵਾਰੀ ਚੜ੍ਹ ਜਾਵੇ ਤਾਂ ਜ਼ਿੰਦਗੀ ਭਰ ਨਹੀਂ ਉਤਰਿਆ ਕਰਦਾ; ਉਹਦੇ ਚੜ੍ਹਨ ਦੀ ਦੇਰ ਹੈ -

***ਪੋਸਤ ਮਦ ਅਫੀਮ ਭੰਗ ਉਤਰ ਜਾਇ ਪਰਭਾਤਿ॥ (ਜਨਮਸਾਖੀ)***

ਸ਼ਾਮ ਨੂੰ ਪੀਂਦੇ ਨੇ, ਸਵੇਰ ਨੂੰ ਤੋੜ ਲਗ ਜਾਏਗੀ। ਫੇਰ ਦਰ-ਦਰ ਤੇ ਫਿਰਦੈ, ਪੁਛਦਾ ਫਿਰਦੈ ਕਿ ਲੱਸੀ ਹੋਵੇ, ਕੋਈ ਖੱਟੀ

ਚੀਜ਼ ਹੋਵੇ - ਤੋੜ ਲਗੀ ਪਈ ਹੈ। ਮਹਾਰਾਜ ਕਹਿੰਦੇ, ਅਸਲੀ ਨਸ਼ਾ ਤੇਰੇ ਅੰਦਰ ਹੈ, ਜਿਹਨੂੰ 'ਨਾਮ' ਕਹਿੰਦੇ ਨੇ। Vibration (ਝਰਨਾਹਟ) ਹੈ ਤੇਰੀ ਸਰੀਰ ਦੇ ਅੰਦਰ, ਰਸ ਹੈ ਤੇਰੀ body (ਦੇਹ) ਦੇ ਅੰਦਰ, ਪ੍ਰਕਾਸ਼ ਹੈ, ਚੜ੍ਹਦੀ ਕਲਾ ਹੈ। ਉਹ ਜੇ ਇਕ ਵਾਰੀ ਚੜ੍ਹ ਜਾਵੇ, ਫੇਰ ਉਹ ਟੁੱਟਿਆ ਨਹੀਂ ਕਰਦਾ, ਉਹ ਨਸ਼ਾ ਲਿਹਾ ਨਹੀਂ ਕਰਦਾ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਚੜ੍ਹੀ ਰਹੇ ਦਿਨ ਰਾਤ,***
***ਨਾਮ ਖੁਮਾਰੀ, ਨਾਮ ਖੁਮਾਰੀ - 2, 2.***
***ਪੋਸਤ ਮਦ ਅਫੀਮ ਭੰਗ ਉਤਰ ਜਾਇ ਪਰਭਾਤਿ॥***
***ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ॥ (ਜਨਮ ਸਾਖੀ)***

ਸੋ ਨਸ਼ਾ ਚੜ੍ਹ ਗਿਆ, ਭੁੱਲ ਗਿਆ - ਆਪਣੇ ਆਪ ਨੂੰ; ਸਿਪਾਹੀ ਬਣ ਗਿਆ, ਪਦਵੀ ਤੋਂ ਹੇਠਾਂ ਗਿਰ ਗਿਆ, ਪਹਿਰਾ ਦਿੰਦੈ। ਹੋਸ਼ ਆ ਗਈ, ਪਛਤਾਵਾ ਕਰਦੈ ਕਿ ਇਹ ਕੀ ਹੋਇਆ ਸੀ? ਐਨਾ ਭੁੱਲ ਗਿਆ ਮੈਂ? ਬੜਾ ਮਾੜਾ ਕੰਮ ਕਰਿਆ। ਕਹਿੰਦੇ -

"ਮਹਾਰਾਜ! ਤੁਸੀਂ ਕੱਲੇ ਨਹੀਂ ਭੁੱਲੇ, ਇਹ ਸਾਰਾ ਸੰਸਾਰ ਹੀ ਭੁੱਲਿਆ ਪਿਐ।"

"ਹੈਂ! ਸਾਰਾ ਸੰਸਾਰ ਭੁੱਲ ਗਿਆ? ਕਿਸ ਤਰ੍ਹਾਂ ਭੁੱਲ ਗਿਆ?"

ਕਹਿੰਦੇ, ਮਹਾਰਾਜ! ਇਹ ਹੈ ਆਤਮ ਸ਼ਹਿਜ਼ਾਦਾ। ਵਾਹਿਗੁਰੂ ਦੀ ਅੰਸ਼ ਹੈ, ਜਾਂ ਐਂ ਕਹਿ ਲਓ ਕਿ ਵਾਹਿਗੁਰੂ ਦਾ ਪੁੱਤਰ ਹੈ; ਭੁੱਲ ਕੇ ਜੀਵ ਬਣ ਗਿਆ, ਜੀਵ ਬਣ ਕੇ ਦੁਖੀ ਹੋਇਆ ਫਿਰਦੈ, ਦਰ-ਦਰ ਫਿਰਦੈ - ਭਟਕਦਾ, ਮਾੜੀ-ਮਾੜੀ ਚੀਜ਼ ਦੀ ਪ੍ਰਾਪਤੀ ਵਾਸਤੇ ਲਿਲੜੀਆਂ ਕੱਢਦਾ ਫਿਰਦੈ, ਸੁਪਨੇ ਵਿਚ ਜਾਗਦੈ। ਸੋ ਇਸ ਤਰ੍ਹਾਂ ਸਾਰਾ ਸੰਸਾਰ ਸੁੱਤਾ ਪਿਐ, ਭੁੱਲਿਆ ਹੋਇਐ। ਇਹਨੂੰ ਭੇਦ ਭਰਮ ਕਹਿੰਦੇ ਨੇ। ਆਪਣੇ ਸਰੂਪ ਨੂੰ ਭੁੱਲ ਗਿਆ ਤੇ ਜੀਵ ਬਣ ਕੇ ਦੁਖੀ ਹੁੰਦੈ।

ਦੂਜਾ ਭਰਮ ਮਹਾਂਪੁਰਸ਼ ਕਹਿੰਦੇ ਨੇ, ਸੋਭਤ ਦਾ ਭਰਮ ਪੈ ਗਿਆ - ਸੋਭਤ ਦਾ, ਸੰਗਤ ਦਾ। ਸੰਗਤ ਕਹਿੰਦੇ ਨੇ, ਜਿਹੋ ਜਿਹੀ ਚੀਜ਼ ਨਾਲ ਮਿਲਦੈ ਬੰਦਾ, ਉਹੋ ਜਿਹਾ ਬਣਦੈ -

***ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥***
***ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥ ਅੰਗ - 1369***

ਜਿਹੋ ਜਿਹੀ ਚੀਜ਼ ਦੀ ਸੰਗਤ ਕਰਦੈ, ਉਹੋ ਜਿਹਾ ਹੀ ਫਲ ਉਹਨੂੰ ਪ੍ਰਾਪਤ ਹੋ ਜਾਂਦੈ। ਇਕ ਸਫਟਕ ਮਣੀ ਹੋਇਆ ਕਰਦੀ ਹੈ, ਬਲੌਰ ਜਿਹਨੂੰ ਕਹਿੰਦੇ ਨੇ। ਉਹ ਜੇ ਲਾਲ ਰੰਗ ਦੇ ਕਪੜੇ ਕੋਲ ਰੱਖ ਦੇਈਏ ਜਾਂ ਗੁਲਾਬ ਦੇ ਫੁੱਲ ਕੋਲ ਰੱਖ ਦੇਈਏ ਤਾਂ ਉਹ ਗੁਲਾਬੀ ਬਣ ਜਾਂਦੀ ਐ; ਪੀਲੇ ਕਪੜੇ ਕੋਲ ਰੱਖ ਦੇਈਏ, ਪੀਲੀ ਬਣ ਜਾਂਦੀ ਹੈ; ਕਾਲੇ ਕੋਲ ਰੱਖ ਦੇਈਏ, ਕਾਲੀ ਹੋ ਜਾਂਦੀ ਹੈ; ਨੀਲੇ ਕੋਲ ਰੱਖ ਦੇਈਏ, ਨੀਲੀ ਹੋ ਜਾਂਦੀ ਐ। ਜਿਹੋ ਜਿਹਾ ਰੰਗ ਕੋਲ ਹੋਵੇਗਾ, ਉਹੋ ਜਿਹਾ ਰੰਗ ਉਹਦੇ ਵਿਚੀਂ ਪ੍ਰਤੀਤ ਦੇਣ ਲਗ ਜਾਂਦੈ। ਆਪਣਾ ਅਸਲਾ ਖੋ ਬੈਠਦੀ ਹੈ; ਆਪ ਬਿਲਕੁਲ ਨਿਰਮਲ ਹੈ ਲੇਕਿਨ ਸੰਗ-ਦੋਸ਼ ਹੋ ਗਿਆ ਉਹਨੂੰ, ਸੰਗਤ ਦਾ ਦੋਸ਼ ਹੋ ਗਿਆ।

ਇਸ ਤਰ੍ਹਾਂ ਦੇ ਨਾਲ ਇਹ ਜੋ ਇਹਦੀ conciousness (ਚੇਤਨਤਾ) ਸੀ, awareness ਸੀ, ਉਹ ਅੰਤਸ਼ਕਰਨ ਦੇ ਮਿਲਾਪ ਦੇ ਨਾਲ, ਜਦੋਂ ਚੇਤਨ ਦਾ ਪ੍ਰਕਾਸ਼ ਪਿਆ ਅੰਤਸ਼ਕਰਨ ਦੇ ਅੰਦਰ...........। 'ਅੰਤਸ਼ਕਰਨ' ਇਕ term (ਪਰਿਭਾਸ਼ਕ ਸ਼ਬਦ) ਹੈ; ਚਾਰ ਚੀਜ਼ਾਂ ਹੁੰਦੀਆ ਨੇ - ਇਕ ਮਨ ਹੁੰਦੈ, ਬੁੱਧੀ ਹੁੰਦੀ ਹੈ, ਚਿਤ ਹੁੰਦੈ ਅਤੇ ਮੈਂ ਭਾਵ ਹੁੰਦੈ। ਇਨ੍ਹਾਂ ਚਾਰਾਂ ਨੂੰ ਰਲਾ ਕੇ 'ਅੰਤਸ਼ਕਰਨ' ਕਹਿੰਦੇ ਨੇ। ਜੀਵ ਦੇ ਅੰਦਰ ਜਦ ਤਕ ਅਹੰਭਾਵ ਹੈ, ਓਦੋਂ ਤਕ ਇਹ ਜੰਮਦਾ ਰਹੇਗਾ, ਮਰਦਾ ਰਹੇਗਾ। ਇਹਦਾ ਛੁਟਕਾਰਾ ਨਹੀਂ ਹੁੰਦਾ ਕਦੇ ਵੀ। ਇਹ ਗੁਰੂ ਗ੍ਰੰਥ ਸਾਹਿਬ ਦਾ ਮਤ ਹੈ। ਜਦੋਂ ਇਹ 'ਮੈਂ-ਭਾਵ' ਖੋ ਕੇ ਮਨ, ਅ-ਮਨ ਹੋ ਜਾਏਗਾ, ਮਨੋ ਨਾਸ਼ ਹੋ ਜਾਏਗਾ, ਵਾਸ਼ਨਾ ਖਤਮ ਹੋ ਜਾਏਗੀ, ਤੱਤ ਗਿਆਨ ਪ੍ਰਗਟ ਹੋ ਜਾਏਗਾ, ਓਦੋਂ ਇਹਦਾ ਆਉਣਾ ਜਾਣਾ ਖਤਮ ਹੋ

ਜਾਏਗਾ। Still ਅਵਸਥਾ, ਸਥਿਰ ਅਵਸਥਾ ਪੂਰੀਆਂ ਸ਼ਕਤੀਆਂ ਦੇ ਨਾਲ ਇਹਨੂੰ ਪ੍ਰਾਪਤ ਹੋ ਕੇ ਪਰਮੇਸ਼ਰ ਦੇ ਵਿਚ ਲੀਨ ਹੋ ਜਾਏਗਾ। ਦੂਜੇ ਅੱਖਰਾਂ ਵਿਚ ਐਂ ਸਮਝ ਲਓ ਕਿ ਇਹ ਰੱਬ ਬਣ ਜਾਏਗਾ। ਫੇਰ ਇਹਦਾ ਆਉਣਾ ਜਾਣਾ ਨਹੀਂ ਰਹਿੰਦਾ - ਈਸ਼ਵਰ ਬਣ ਜਾਏਗਾ। ਸੋ ਇਹਦੇ ਨਾਲ ਮਿਲਾਪ ਹੋਣ ਕਰਕੇ, ਇਹ ਜੀਵ ਬਣ ਗਿਆ। ਜੀਵ ਬਣ ਕੇ ਹੁਣ ਕਹਿੰਦੈ, 'ਮੈਂ ਕਰਦਾਂ, ਮੈਂ ਭੋਗਦਾਂ, ਮੈਂ ਪੁੰਨ ਕਰਦਾਂ, ਮੈਂ ਪਾਪ ਕਰਦਾਂ।'' ਕਰਤਾ ਤੇ ਭੁਗਤਾ ਬਣ ਗਿਆ। 'ਮੈਂ' ਕਰਨ ਦੇ ਨਾਲ ਕਿਰਿਆ ਇਹਦੇ ਵਿਚ ਆ ਗਈ। ਉਹਦੇ ਨਾਲ ਇਹਨੂੰ ਭੁੱਲ ਪੈ ਕੇ ਜੀਵ ਬਣ ਗਿਆ; ਸੀਗਾ 'ਨਿਰਮਲ ਆਤਮਾ।' ਸੋ ਦੂਸਰਾ ਭਰਮ ਪੈ ਗਿਆ।

ਤੀਸਰਾ ਹੋਇਆ ਕਰਦੈ ਜਿਹਨੂੰ ਕਰਤਿਤ੍ਰ ਭਰਮ ਕਹਿੰਦੇ ਨੇ। ਉਹ ਇਸ ਤਰ੍ਹਾਂ ਹੈ ਜਿਵੇਂ ਆਕਾਸ਼ ਹੋਵੇ। ਆਕਾਸ਼ ਤਾਂ ਪਰੀਪੂਰਨ ਹੈ। ਪਰ ਇਕ ਤਾਂ ਇਸਦੇ ਵਿਚ ਕਾਰਨ ਸਰੀਰ ਹੈ, ਇਕ ਸੂਖਸ਼ਮ ਸਰੀਰ ਹੈ, ਇਕ ਇਹ ਸਥੂਲ ਸਰੀਰ ਹੈ। ਤਿੰਨਾਂ ਵਿਚ ਆਤਮਾ ਦਾ ਪ੍ਰਕਾਸ਼ ਹੋ ਰਿਹੈ। ਸਥੂਲ ਸਰੀਰ ਦੇ ਵਿਚ ਤਾਂ ਇਹ 'ਜੀਵ' ਬਣਿਆ ਹੋਇਐ। ਇਹਦੇ ਉਪਰਲੇ ਪਾਸੇ ਆਤਮਾ ਹੈ। ਹੈ ਓਹੀ ਆਤਮਾ ਲੇਕਿਨ ਬਿਆਧੀ ਹੈ। ਜਿਵੇਂ ਕਿਸੇ ਘੜੇ ਦੇ ਵਿਚ space (ਖਾਲੀ ਥਾਂ) ਹੋਵੇ, ਉਹਨੂੰ ਅਸੀਂ ਘਟਾ ਆਕਾਸ਼ ਕਹਿੰਦੇ ਹਾਂ; ਕੋਠੀ ਦੇ ਵਿਚ space ਹੋਵੇ, ਉਹਨੂੰ 'ਮਟਾ ਆਕਾਸ਼' ਕਹਿੰਦੇ ਹਾਂ; ਬੱਦਲ ਛਾਏ ਹੋਣ ਤਾਂ ਉਹਨੂੰ ਅਸੀਂ 'ਮੇਘਾ ਅਕਾਸ਼' ਕਹਿੰਦੇ ਹਾਂ; ਜੇ ਬੱਦਲ ਨਾ ਹੋਣ, ਬਿਲਕੁਲ ਨਿਰਮਲ ਹੋਵੇ ਤਾਂ 'ਮਹਾਂ ਆਕਾਸ਼' ਕਹਿੰਦੇ ਹਾਂ। ਆਕਾਸ਼ ਤਾਂ ਇਕੋ ਹੀ ਹੈ ਪਰ ਬਿਆਧੀ ਕਰਕੇ ਵੱਖਰੇ-ਵੱਖਰੇ ਨਾਮ ਧਰ ਲਏ। ਇਸ ਤਰ੍ਹਾਂ ਦੇ ਨਾਲ ਕਾਰਨ ਸਰੀਰ, ਸੂਖਸ਼ਮ ਸਰੀਰ ਅਤੇ ਸਥੂਲ ਸਰੀਰ - ਇਹਦੇ ਵਿਚ ਇਹ ਆਤਮ ਜੋਤੀ ਜਿਹੜੀ ਹੈ, ਇਹ ਛੋਟੀ ਜਿਹੀ ਕਹਾਉਣ ਲਗ ਗਈ; ਹੈ ਆਤਮਾ ਹੀ ਸਾਰੇ। ਇਹ ਭਰਮ ਪੈ ਗਿਆ ਇਸਨੂੰ। ਇਹ ਅਸੰਗ ਹੈ ਤੇ ਵਿਆਪਕ ਹੈ। ਪਰ ਇਹ ਕਹਿੰਦੈ, ਨਹੀਂ, ਮੈਨੂੰ ਸੰਗ ਮਿਲਦੈ, ਮੈਂ ਵਿਆਪਕ ਨਹੀਂ, ਮੈਂ ਇਕ

ਪੁਰਖੀ ਹਾਂ, ਇਕ ਥਾਂ ਦਾ ਵਾਸੀ ਹਾਂ।

ਚੌਥਾ ਭਰਮ ਹੋਇਆ ਕਰਦੈ - ਵਿਕਾਰ ਭਰਮ। ਵਿਕਾਰ ਭਰਮ ਇਹ ਹੁੰਦੈ ਕਿ ਇਹ ਜਿਹੜਾ ਸੰਸਾਰ ਹੈ, ਇਹ ਵਾਹਿਗੁਰੂ ਨਹੀਂ ਹੈ। ਇਹ ਵਾਹਿਗੁਰੂ ਤੋਂ ਵੱਖਰੀ ਹੋਰ ਚੀਜ਼ ਹੈ। ਗੁਰੂ ਮਹਾਰਾਜ ਕਹਿੰਦੇ, ਨਹੀਂ, ਇਹ ਤੈਨੂੰ ਭੁਲੇਖਾ ਪੈ ਗਿਆ, ਤੈਨੂੰ ਹਨ੍ਹੇਰੇ ਦਾ ਭੁਲੇਖਾ ਪੈ ਗਿਆ।ਤੇਰੇ ਮਨ ਵਿਚ ਅਨ੍ਹੇਰਾ ਪਿਆ ਹੋਇਆ ਹੋਇਐ, ਅੰਤਸ਼ਕਰਨ ਵਿਚ ਅਨ੍ਹੇਰ-ਗੁਬਾਰ ਹੈ।ਉਹਦੇ ਨਾਲ ਤੈਨੂੰ ਭੁਲੇਖਾ ਪੈ ਗਿਆ। ਕਹਿੰਦਾ, ਭੁਲੇਖਾ ਕਿਵੇਂ ਪੈ ਜਾਂਦੈ?

ਅੰਮ੍ਰਿਤ ਵੇਲਾ ਹੋਵੇ, ਮਟਕ ਚਾਨਣਾ ਹੋਵੈ, ਦਰਵਾਜ਼ੇ ਦੇ ਅੱਗੇ ਵਿਹੜੇ ਦੇ ਵਿਚ ਕੋਈ ਰੱਸੀ ਸਿੱਟ ਜਾਵੇ; ਆਪਾਂ ਨੂੰ ਨ ਹੋਵੇ ਗਿਆਨ; ਜਦੋਂ ਬਾਹਰ ਨਿਕਲਾਂਗੇ, ਇਕ ਦਮ ਡਰ ਜਾਵਾਂਗੇ ਕਿ ਸੱਪ ਪਿਐ। ਟਾਰਚ ਲੱਭਾਂਗੇ ਜਾਂ ਉਡੀਕ ਕਰਾਂਗੇ। ਜੇ ਅੰਦਰ ਮਟਕ ਚਾਨਣਾ ਜਿਹਾ ਹੋਵੇ, ਘਰ ਵਿਚ ਰੱਸੀ ਪਈ ਹੋਵੇ; ਦੇਖ ਕੇ ਡਰ ਜਾਂਦੈ ਕਿ ਸੱਪ ਪਿਐ। ਮੰਜੇ ਤੋਂ ਪੈਰ ਨਹੀਂ ਲਾਹੁੰਦਾ, ਡਰੀ ਜਾਂਦੈ ਕਿ ਕਿਤੇ ਉਤੇ ਨ ਚੜ੍ਹ ਆਵੇ। ਕਿੰਨਾਂ ਅਸਰ ਹੋ ਗਿਆ? ਇਕ ਚੀਜ਼ ਹੈ ਨਹੀਂ ਪਰ ਉਹਦਾ ਅਸਰ ਕਿੰਨਾਂ ਜ਼ਬਰਦਸਤ ਹੈ। ਜਦ ਚਾਨਣ ਹੁੰਦੈ, ਦੇਖਦੈ ਕਿ ਇਹ ਤਾਂ ਕੁਛ ਵੀ ਨਹੀਂ ਹੈ; ਰਸੀ ਪਈ ਸੀ, ਮੈਨੂੰ ਭਰਮ ਹੋ ਗਿਆ, ਭੁਲੇਖਾ ਪੈ ਗਿਆ। ਜਿਸ ਤਰ੍ਹਾਂ ਰੜੇ ਮੈਦਾਨ ਦੇ ਅੰਦਰ ਮ੍ਰਿਗ-ਤ੍ਰਿਸ਼ਨਾ ਦਾ ਜਲ ਕਹਿੰਦੇ ਨੇ। ਰੜਾ ਮੈਦਾਨ ਹੋਵੇ, ਧੁੱਪ ਚਮਕਦੀ ਹੋਵੇ; ਹਰਨ ਨੂੰ ਭੁਲੇਖਾ ਪੈਂਦੈ ਕਿ ਉਹ ਸਾਹਮਣੇ ਦਰਿਆ ਚਲਦੈ। ਮਨੁੱਖ ਨੂੰ ਵੀ ਪੈ ਜਾਂਦੈ, ਪਰ ਮਨੁੱਖ ਨੂੰ ਐਨਾ ਗਿਆਨ ਹੁੰਦੈ ਕਿ ਏਥੇ ਤਾਂ ਦਰਿਆ ਕਦੇ ਹੋਇਆ ਹੀ ਨਹੀਂ, ਇਹ ਤਾਂ ਮੇਰੀਆਂ ਅੱਖਾਂ ਦਾ ਭੁਲੇਖਾ ਹੈ। ਕਾਰ ਚਲਾਓ ਗਰਮੀਆਂ ਦੇ ਮਹੀਨੇ। ਦੂਰੋਂ ਐਂ ਲਗਦੈ ਜਿਵੇਂ ਮੀਂਹ ਪਿਆ ਹੁੰਦੈ। ਦਰਖਤਾਂ ਦੇ ਪਰਛਾਵੇਂ ਸੜਕ ਵਿਚੀਂ ਦਿਸਦੇ ਨੇ। ਗਿਆਨ ਹੋਣ ਕਰਕੇ ਇਹਨੂੰ ਪਤੈ ਕਿ ਇਹ ਅੱਖਾਂ ਦਾ ਭਰਮ ਹੈ ਕੋਈ। ਅਸਲ ਵਿਚ ਇਹ ਨਾਂ ਤਾਂ ਥਾਂ ਗਿੱਲਾ ਹੈ ਤੇ ਨਾ ਪਰਛਾਵੇਂ ਸੜਕ ਵਿਚ ਪਏ ਨੇ।

ਸੋ ਇਸ ਤਰ੍ਹਾਂ ਅਣਹੋਈ ਚੀਜ਼ ਹੋਈ ਦਿਸਣੀ - ਇਹਨੂੰ 'ਵਿਕਾਰ ਭਰਮ' ਕਿਹਾ ਕਰਦੇ ਨੇ। ਸੰਸਾਰ ਹੈ ਤਾਂ ਪ੍ਰਮੇਸ਼ਰ ਦਾ ਰੂਪ, ਲੇਕਿਨ ਵੈਰੀ ਦਿਸਦੇ ਨੇ, ਮਿੱਤਰ ਦਿਸਦੇ ਨੇ, ਆਪਣੇ ਦਿਸਦੇ ਨੇ, ਮਾੜੇ ਦਿਸਦੇ ਨੇ, ਭੁੱਲੇ ਹੋਏ ਦਿਸਦੇ ਨੇ, ਕਿਉਂਕਿ ਨਜ਼ਰ ਵਿਚ ਫਰਕ ਪੈ ਗਿਆ। ਅੱਖ ਦੇ ਕੋਇ ਅੰਦਰ ਉਂਗਲੀ ਨਾਲ ਦੱਬ ਦਿਓ ਡੇਲਾ। ਚੰਦਰਮਾ ਇਕ ਹੈ, ਪਰ ਦਿਸਦੇ ਨੇ ਦੋ। ਭੁਲੇਖਾ ਕਾਹਦਾ ਪੈ ਗਿਆ? ਨਜ਼ਰ ਦਾ ਪੈ ਗਿਆ। ਇਸੇ ਤਰ੍ਹਾਂ ਬੁੱਧੀ ਦਾ ਭੁਲੇਖਾ ਪੈਣ ਦੇ ਨਾਲ ਸੰਸਾਰ ਦੁਖ ਦਾ ਸਰੂਪ ਹੋ ਕੇ ਨਜ਼ਰ ਆਉਣ ਲਗ ਗਿਆ। ਮਹਾਰਾਜ ਕਹਿੰਦੇ, ਨਹੀਂ -

***ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥***

***ਅੰਗ - 463***

ਇਹ ਤਾਂ ਵਾਹਿਗੁਰੂ ਨੇ ਆਪਣੇ ਰਹਿਣ ਵਾਸਤੇ ਬਣਾਇਐ। ਇਹ ਜਿਹੜੇ ਦੁਖ-ਸੁਖ ਪ੍ਰਤੀਤ ਹੁੰਦੇ ਨੇ, ਇਹ ਮਾਇਆ ਦੇ ਝਲਕਾਰੇ ਕਰਕੇ ਆਪਣੇ-ਬਿਗਾਨੇ, ਚੰਗੇ-ਮਾੜੇ ਨਜ਼ਰ ਆਉਂਦੇ ਨੇ। ਜਦੋਂ ਮਾਇਆ ਦਾ ਝਲਕਾਰਾ ਹਟ ਜਾਵੇ, ਉਦੋਂ ਕੀ ਹੁੰਦੈ? -

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥***
***ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥***

***ਅੰਗ - 610***

***ਨਾ ਕੋ ਮੂਰਖੁ ਨਾ ਕੋ ਸਿਆਣਾ॥***
***ਵਰਤੈ ਸਭ ਕਿਛੁ ਤੇਰਾ ਭਾਣਾ॥*** ***ਅੰਗ - 98***
***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ***
***ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥***

***ਅੰਗ - 922***

ਇਸ ਤਰ੍ਹਾਂ ਮਹਾਰਾਜ ਕਹਿੰਦੇ ਨੇ। ਪੜ੍ਹੋ ਪਿਆਰ ਨਾਲ -

***ਧਾਰਨਾ - ਤੂੰਹੀਂ ਤੂੰਹੀਂ ਮੋਹਿਨਾ, ਤੂੰਹੀਂ ਤੂੰਹੀਂ ਮੋਹਿਨਾ - 2, 4.***

***ਗੁਰਹਿ ਦਿਖਾਇਓ ਲੋਇਨਾ॥ ਅੰਗ - 407***

ਜਿਹਨੂੰ ਬਿਅੰਨ ਅੱਖੜੀਆਂ ਕਹਿੰਦੇ ਨੇ, ਤੀਸਰਾ ਤਿਲ ਕਹਿੰਦੇ ਨੇ, ਟਹਰਿਦ ਏਇ ਕਹਿੰਦੇ ਨੇ; ਉਹ ਗੁਰੂ ਨੇ ਦਿਖਾ ਦਿਤੀ। ਗੁਰੂ ਨੇ ਉਹ ਦਿਖਾ ਕੇ ਭਰਮ ਕੱਟ ਦਿਤਾ। ਦਿਸਿਆ ਕੀ?

***ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥***
***ਅੰਗ - 407***

ਸੋ ਭਰਮ ਕਰਕੇ ਰੱਸੀ ਦਾ ਸੱਪ ਨਜ਼ਰ ਆ ਰਿਹਾ ਸੀ; ਇਹ ਤਾਂ ਵਾਹਿਗੁਰੂ ਆਪੇ ਹੀ ਪਸਰਿਆ ਹੋਇਐ -

***ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥***
***ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥ ਅੰਗ - 537***

ਵਿਚ ਵੀ ਹੈ, ਬਾਹਰ ਵੀ ਹੈ; ਆਹ ਹੀ ਬਚਿਤ੍ਰ ਬਾਤ ਹੈ -

***ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥***
***ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥***
***ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥***
***ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥***
***ਕਰਿ ਆਸਣੁ ਡਿਠੋ ਚਾਉ ॥ ਅੰਗ - 463***

ਆਪਣੇ ਆਪ ਤੋਂ ਆਪੇ ਹੀ ਪੈਦਾ ਕਰ ਦਿਤਾ - ਸਾਰਾ ਸੰਸਾਰ। ਫੇਰ ਜਿਹੜਾ ਆਪਣੇ ਆਪ ਤੋਂ ਆਪੇ ਹੀ ਕਰਿਐ, ਇਹ ਉਹਦਾ ਹੀ ਰੂਪ ਹੈ ਸਾਧ ਸੰਗਤ ਜੀ! ਬਾਹਰ ਨਹੀਂ ਹੈ।

ਸੋ ਪੰਜਵਾਂ ਜੋ ਭਰਮ ਹੋਇਆ ਕਰਦੈ, ਉਹ ਹੈ 'ਬ੍ਰਹਮ ਤੇ ਜਗਤ ਭਿੰਨ-ਭਿੰਨ ਜਾਣਨਾ।' ਉਹ ਇਹ ਹੋਇਐ ਕਰਦੈ ਕਿ ਵਾਹਿਗੁਰੂ ਹੋਰ ਹੈ ਤੇ ਇਹ ਸੰਸਾਰ ਵਕਾਰ ਹੈ ਉਹਦਾ। ਇਹ ਮਾਇਆ ਪ੍ਰਕਿਰਤੀ ਵਾਹਿਗੁਰੂ ਦੇ ਨਾਲ ਰਲ ਹੀ ਨਹੀਂ ਸਕਦੀ ਕਦੇ। ਮਹਾਰਾਜ ਕਹਿੰਦੇ, ਨਹੀਂ, ਇਸ ਤਰ੍ਹਾਂ ਨਹੀਂ; ਇਹ ਵੀ ਇਕ ਭਰਮ ਹੈ -

***ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥***
***ਅੰਗ - 658***

ਇਕ ਗਹਿਣੇ ਬਣਾਉਣ ਵਾਲਾ ਸੋਨਾ ਲੈ ਕੇ ਗਹਿਣੇ ਬਣਾ ਰਿਹੈ। ਜੌਹਰੀ ਦੇ ਚਲੇ ਜਾਓ, ਬੇਅੰਤ ਗਹਿਣੇ - ਅਨੇਕਾਂ ਕਿਸਮਾਂ ਦੇ, ਅਨੇਕਾਂ ਰੂਪਾਂ ਦੇ, ਅਨੇਕਾਂ ਡਿਜ਼ਾਇਨਾਂ ਦੇ ਉਥੇ ਪਏ ਨੇ। ਉਹ ਕੀ ਹੈ ਸਾਰਾ ਕੁਛ? ਇਹ ਕਹਾਂਗੇ ਕਿ ਇਹ ਸੋਨਾ ਹੈ। ਕੈਰਟ ਘੱਟ-ਵੱਧ ਹੋ ਜਾਂਦੈ ਲੇਕਿਨ ਹੈ ਤਾਂ ਉਹ ਸੋਨਾ ਹੀ ਸਾਰਾ। ਅਸਲੀ ਚੀਜ਼ ਸੋਨਾ ਹੈ, ਸੋਨੇ ਦਾ ਹੀ ਮੁੱਲ ਹੈ; ਖੋਟ ਦਾ ਮੁੱਲ ਕੋਈ ਨਹੀਂ। ਸੋ ਇਸੇ ਤਰ੍ਹਾਂ ਇਹ ਭਰਮ ਹੈ। ਮਹਾਰਾਜ ਕਹਿੰਦੇ, ਜਦੋਂ ਪਰਮੇਸ਼ਰ ਦਾ ਨਾਮ ਪ੍ਰਾਪਤ ਹੋ ਗਿਆ ਭਾਈ ਤੈਨੂੰ! ਉਸ ਵੇਲੇ - 'ਭ੍ਰਮ ਕੀ ਜਾਲੀ ਤਾ ਕੀ ਕਾਟੀ॥' ਉਹਦੀ ਭਰਮ ਦੀ ਜਾਲੀ, ਇਹ ਜਿਹੜਾ ਜਾਲ ਪਿਆ ਹੋਇਐ ਐਡਾ ਲੰਮਾ-ਚੌੜਾ, ਇਹ ਕੱਟ ਦਿਤਾ ਨਾਮ ਨੇ। '...............ਜਾ ਕਉ ਸਾਧਸੰਗਤਿ ਬਿਸ੍ਵਾਸਾ॥' ਜਿਹਨੂੰ ਸਾਧਸੰਗਤ ਦੇ ਉਤੇ ਵਿਸ਼ਵਾਸ਼ ਆ ਗਿਆ, ਨਾਮ ਦੀ ਪ੍ਰਾਪਤੀ ਹੋ ਗਈ, ਉਸ ਵੇਲੇ ਇਹ ਜਾਲ ਕੱਟਿਆ ਗਿਆ। ਫੇਰ ਇਹ ਭਵਜਲ ਦੇ ਵਿਚੋਂ ਤਰ ਜਾਂਦੈ -

***ਤਾਰੀਲੇ ਭਵਜਲੁ ਤਾਰੂ ਬਿਖੜਾ...................॥ ਅੰਗ - 208***

ਕਹਿੰਦੇ, ਬਹੁਤ ਔਖਾ ਹੈ ਜਿਹੜਾ ਤਰਿਆ ਹੀ ਨਹੀਂ ਜਾ ਸਕਦਾ। ਇਹ ਜਹਾਜ਼ ਹੈ - 'ਵਾਹਿਗੁਰੂ ਨਾਮ ਜਹਾਜ਼ ਹੈ, ਚੜ੍ਹੇ ਸੋ ਉਤਰੇ ਪਾਰ।' ਇਹ ਬੋਹਿਥਾ ਹੈ, ਜਹਾਜ਼ ਹੈ -

***............ਬੋਹਿਥ ਸਾਧੂ ਸੰਗਾ॥ ਅੰਗ - 208***

ਸਾਧੂ ਦੀ ਸੰਗਤ ਵਿਚੋਂ ਜਹਾਜ਼ ਮਿਲ ਗਿਆ। ਫੇਰ ਕੀ ਹੋਇਆ? ਕਹਿੰਦੇ -

***ਪੂਰਨ ਹੋਈ ਮਨ ਕੀ ਆਸਾ............॥ ਅੰਗ - 208***

ਆਸ਼ਾਵਾਂ, ਵਾਸ਼ਨਾਵਾਂ - ਜਿਹਦੇ ਕਰਕੇ ਮਨ ਕਲਪਦਾ ਫਿਰਦਾ ਸੀ, ਉਹ ਸਾਰੀਆਂ ਹੀ ਨਾਮ ਨੇ ਪੂਰਨ ਕਰ ਦਿਤੀਆਂ, ਕਿਉਂਕਿ ਇਹ ਪੂਰਨ ਕਰਨ ਨੂੰ ਸਮਰੱਥ ਹੈ -

***ਪ੍ਰਭ ਕੈ ਸਿਮਰਨਿ ਪੂਰਨ ਆਸਾ॥ ਅੰਗ - 263***

ਪ੍ਰਭੂ ਦਾ ਸਿਮਰਨ ਕਰਨ ਦੇ ਨਾਲ ਸਾਰੀਆਂ ਹੀ ਆਸਾਂ ਪੂਰੀਆਂ ਹੋ ਜਾਂਦੀਆ ਨੇ -

***ਧਾਰਨਾ - ਆਸਾਂ ਸਭ ਪੂਰੀਆਂ,***
***ਪ੍ਰਭ ਜੀ ਦਾ ਸਿਮਰਨ ਕਰਕੇ - 2, 2.***

ਜੋ ਵੀ ਇੱਛਾ ਹੈ -

***ਜੋ ਮਾਗਹਿ ਸੋਈ ਸੋਈ ਪਾਵਹਿ***
***ਸੇਵਿ ਹਰਿ ਕੇ ਚਰਣ ਰਸਾਇਣ ॥ ਅੰਗ - 714***

ਐਸੀ ਚੀਜ਼ ਰਸਾਇਣ ਵਰਗੀ ਕਿਤੋਂ ਨਹੀਂ ਪ੍ਰਾਪਤ ਹੁੰਦੀ। ਗੁਰੂ ਕੋਲ ਨਾਮ ਰੂਪੀ ਰਸਾਇਣ ਹੈ।

***ਪੂਰਨ ਹੋਈ ਮਨ ਕੀ ਆਸਾ ਗੁਰੁ ਭੇਟਿਓ ਹਰਿ ਰੰਗਾ॥***
***ਅੰਗ - 208***

ਪਿਆਰ ਦੇ ਵਿਚ ਆ ਕੇ ਗੁਰੂ ਦੇ ਨਾਲ ਮਿਲਾਪ ਹੋਇਆ। ਨਾਮ ਦਿਤਾ ਗੁਰੂ ਨੇ, ਮਨ ਦੀ ਆਸਾ ਪੂਰੀ ਹੋ ਗਈ, ਅੰਧਕਾਰ ਕੱਟਿਆ ਗਿਆ। ਦਾਰੂ ਬਣਿਆਂ, ਪਹਿਲਾਂ ਨਾਮ, ਫੇਰ ਦੀਵਾ ਬਣਿਆ, ਫੇਰ ਕੈਂਚੀ ਬਣਿਆ- ਭਰਮ ਦਾ ਜਾਲ ਕੱਟਣ ਨੂੰ, ਫੇਰ ਜਹਾਜ਼ ਬਣਿਆ, ਫੇਰ ਚਿੰਤਾਮਣਿ ਵੱਟੀ ਬਣੀ। ਸਾਰੀਆਂ ਆਸਾਂ ਪੂਰੀਆਂ ਕਰ ਦਿਤੀਆਂ। 'ਜੋ ਮਾਗਹਿ ਸੋਈ ਸੋਈ ਪਾਵਹਿ...........॥' ਜੋ ਵੀ ਮੰਗਦੈ ਬੰਦਾ, ਉਹ ਸਾਰੀ ਚੀਜ਼ ਦੀ ਪ੍ਰਾਪਤੀ ਹੁੰਦੀ ਹੈ। ਸਿਹਤ ਮੰਗ ਲਉ, ਸਿਹਤ ਮਿਲ ਜਾਂਦੀ ਹੈ; ਔਲਾਦ ਨਹੀਂ ਹੁੰਦੀ, ਔਲਾਦ ਮੰਗ ਲਉ। ਨਾਮ ਵਿਚ ਸ਼ਕਤੀ ਹੈ -

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ - 649***

ਜਿਹਦੇ ਹਿਰਦੇ ਵਿਚ ਨਾਮ ਵਸ ਗਿਆ, ਵਾਹਿਗੁਰੂ ਵਸ ਗਿਆ; ਉਹ ਆਪ ਤਾਂ ਕੀ, ਸਾਰੇ ਸੰਸਾਰ ਦੀਆਂ ਆਸਾਂ ਪੂਰੀਆਂ ਕਰਨ ਦੀ ਤਾਕਤ ਰਖਦੈ, ਪਰ ਸੰਸਾਰ ਭੁੱਲਿਆ ਹੋਇਆ ਐਡੀ-ਐਡੀ ਕੀਮਤੀ ਚੀਜ਼ ਨੂੰ ਗੁਆਈਂ ਬੈਠੈ। ਪ੍ਰਾਪਤੀ ਕਰਨ ਵਾਸਤੇ ਕੋਈ ਉਦਮ ਨਹੀਂ ਕਰਦਾ ਕਿਉਂਕਿ ਮਾਇਆ ਨੇ ਮੋਹ ਲਿਆ ਇਸਨੂੰ -

***ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥***

***ਮਨਮੁਖ ਖਾਧੇ ਗੁਰਮੁਖਿ ਉਬਰੇ***
***ਜਿਨੀ ਸਚਿ ਨਾਮਿ ਚਿਤੁ ਲਾਇਆ ॥ ਅੰਗ - 643***

ਖਾਧੇ ਕੌਣ? ਜਿਹੜੇ ਮਨ ਦੇ ਪਿਛੇ ਲਗਦੇ ਨੇ। ਜਿਨ੍ਹਾਂ ਨੇ ਗੁਰੂ ਦਾ ਪੱਲਾ ਫੜ ਲਿਆ, ਗੁਰੂ ਦਾ ਬਚਨ ਮੰਨ ਲਿਆ; ਉਹ ਨਹੀਂ ਇਹਤੋਂ ਖਾਧੇ ਜਾਂਦੇ, ਉਨ੍ਹਾਂ ਤੋਂ ਤਾਂ ਡਰਦੀ ਹੈ। ਸੰਤਾਂ ਦੇ ਨੇੜੇ ਨਹੀਂ ਆਉਂਦੀ, ਦੌੜ ਜਾਂਦੀ ਹੈ। ਬਾਕੀ ਸਾਰੇ ਸੰਸਾਰ ਨੂੰ ਖਾ ਲਿਆ ਇਹਨੇ - 'ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥' ਮਹਾਰਾਜ ਕਹਿੰਦੇ, ਇਹ ਨਾਮ ਦੀ ਪ੍ਰਾਪਤੀ ਤੋਂ ਬਿਨਾਂ -

***ਬਿਨੁ ਨਾਵੈ ਜਗੁ ਕਮਲਾ ਫਿਰੈ...................॥ ਅੰਗ - 643***

ਪਾਗਲ ਹੋਇਆ ਫਿਰਦੈ, madness ਵਿਚ ਤੁਰਿਆ ਫਿਰਦੈ ਸਾਰਾ ਸੰਸਾਰ -

***...................ਗੁਰਮੁਖਿ ਨਦਰੀ ਆਇਆ॥ ਅੰਗ - 643***

ਗੁਰਮੁਖਾਂ ਨੂੰ ਨਿਗਾਹ ਵਿਚ ਆ ਗਿਆ ਕਿ ਇਹ ਸੰਸਾਰ ਨੂੰ ਕੀ ਹੋ ਗਿਆ। ਹਲਕਿਆ ਫਿਰਦੈ, ਕਮਲਾ ਹੋਇਆ ਫਿਰਦੈ, mad (ਪਾਗਲ) ਹੋਇਆ ਹੋਇਐ; ਆਪੇ ਹੀ ਆਪਣੇ ਆਪ ਤੋਂ ਡਰੀ ਜਾਂਦੈ। ਆਪੇ ਹੀ ਆਪਣੇ ਆਪ ਨੂੰ ਮੰਨੀ ਜਾਂਦੈ ਕਿ ਇਹ ਫਲਾਣੀ ਜਾਤ ਦਾ, ਔਹ ਫਲਾਣੀ ਜਾਤ ਦਾ। ਹਵਾ ਦੀ ਕਦੇ ਜਾਤ ਗਿਣੀ ਹੈ ਕਿਸੇ ਨੇ ਕਿ ਕਿਹੜੀ ਜਾਤ ਦੀ ਆ ਰਹੀ ਐ? ਇਹ ਇਸਲਾਮ ਵਾਲੀ ਹਵਾ ਆ ਰਹੀ ਐ ਕਿ ਹਿੰਦੂ ਵਾਲੀ ਆ ਰਹੀ ਹੈ ਕਿ ਮੁਸਲਮਾਨ ਵਾਲੀ, ਕਿ ਸਿੱਖਾਂ ਵਾਲੀ? ਪਾਣੀ ਦੀ ਕੋਈ ਜਾਤ ਹੈ? ਅੱਗ ਦੀ ਕੋਈ ਜਾਤ ਹੈ? ਆਕਾਸ਼ ਮਿੱਟੀ ਦੀ ਕੋਈ ਜਾਤ ਹੈ? ਇਹ ਪੰਜੇ ਚੀਜ਼ਾਂ ਨੂੰ ਗੁੰਨ੍ਹ ਕੇ ਐਹ ਸਰੀਰ ਬਣਾ ਦਿਤਾ, ਇਹਦੀ ਜਾਤ ਬਣ ਗਈ। ਕਹਿੰਦੇ, ਜਾਤ ਕਿਥੋਂ ਆ ਗਈ? ਜਾਤ ਦਾ ਤੈਨੂੰ ਭਰਮ ਲਗ ਗਿਆ। 'ਮੇਰੀ-ਮੇਰੀ' ਇਹਨੂੰ ਘੁਮਾ ਰਹੀ ਹੈ, ਪਾਗਲ (mad) ਹੋਇਆ-ਹੋਇਐ, ਕਮਲਾ ਹੋਇਆ ਫਿਰਦੈ। ਜਦੋਂ ਨਾਮ ਦੀ ਪ੍ਰਾਪਤੀ ਹੋ ਗਈ, ਉਸ ਵੇਲੇ -

***ਪੂਰਨ ਹੋਈ ਮਨ ਕੀ ਆਸਾ ਗੁਰੁ ਭੇਟਿਓ ਹਰਿ ਰੰਗਾ॥***

*ਨਾਮ ਖਜਾਨਾ ਭਗਤੀ ਪਾਇਆ............॥ ਅੰਗ - 208*

ਹੁਣ ਖਜ਼ਾਨਾ ਬਣ ਗਿਆ - ਨਾਮ ਦਾ। ਜਿੰਨਾਂ ਜੀਅ ਕਰਦੈ, ਖਾ ਲੈ; ਮੁਕਦਾ ਨਹੀਂ ਹੈ ਐਡਾ ਵੱਡਾ ਅਤੁੱਟ ਨਾਮ ਧਨ ਪ੍ਰਾਪਤ ਹੋ ਗਿਆ। ਇਕ ਨੂੰ ਹੀ ਨਹੀਂ ਤਾਰਦਾ -

*ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥*

*ਅੰਗ - 608*

ਕਰੋੜਾਂ ਦਾ ਉਧਾਰ ਕਰਦੈ। ਨਾਮ ਦਾ ਖਜ਼ਾਨਾ ਨਹੀਂ ਮੁੱਕਦਾ; ਐਡਾ ਖਜ਼ਾਨਾ ਉਹਨੂੰ ਪ੍ਰਾਪਤ ਹੋ ਗਿਆ ਕਿ ਤੋਟ ਹੀ ਨਹੀਂ ਆਉਂਦੀ; ਨ ਜਮਦੂਤ ਇਹਨੂੰ ਲੁੱਟ ਸਕਦੇ ਨੇ, ਨ ਚੋਰ ਇਹਨੂੰ ਲਿਜਾ ਸਕਦੇ ਨੇ, ਨ ਪਾਣੀ ਵਿਚ ਡੁਬਦੈ, ਨ ਅੱਗ ਜਾਲ ਸਕਦੀ ਹੈ, ਨ ਧੁੱਪ ਸੁਕਾ ਸਕਦੀ ਐ। ਐਸਾ ਖਜ਼ਾਨਾ ਉਹਦੇ ਹਿਰਦੇ ਵਿਚ ਵਸ ਗਿਆ - 'ਨਾਮ ਖਜਾਨਾ ਭਗਤੀ ਪਾਇਆ....................॥' ਜਦੋਂ ਪ੍ਰਾਪਤ ਹੋ ਗਿਆ, ਫੇਰ ਕੀ ਹੋਇਆ? ਕਹਿੰਦੇ, ਫੇਰ ਮਨ ਵੀ, ਤਨ ਵੀ ਰੱਜ ਗਏ, ਹੁਣ ਕੋਈ ਵਾਸ਼ਨਾ ਨਹੀਂ ਰਹੀ; ਸਾਰੀਆਂ ਵਾਸ਼ਨਾਵਾਂ ਛੱਡ ਦਿਤੀਆਂ -

*ਧਾਰਨਾ - ਨਾਮ ਖਜ਼ਾਨਾ ਭਗਤੀ ਪਾਇਆ,*
*ਮਨ ਤਨ ਤ੍ਰਿਪਤ ਅਘਾਇ ਜੀ - 2, 2.*

ਮਨ ਦੀਆਂ ਸਾਰੀਆਂ ਵਾਸ਼ਨਾਵਾਂ ਖਤਮ ਹੋ ਗਈਆ, ਉਹਨਾਂ ਦੀ ਜੜ੍ਹ ਹੀ ਕੱਟੀ ਗਈ। ਮਨੋ ਨਾਸ਼, ਵਾਸ਼ਨਾ ਖੈ ਹੋ ਗਈ। ਹੁਣ ਭੁੱਖ ਖਤਮ ਹੋ ਗਈ, ਕੋਈ ਭੁੱਖ ਨਹੀਂ ਰਹੀ, ਰੱਜ ਗਿਆ; 'ਅਘਾਇ' ਕਹਿੰਦੇ ਨੇ - ਰੱਜ ਗਿਆ। ਲੇਕਿਨ ਮਹਾਰਾਜ ਕਹਿੰਦੇ -

*ਨਾਨਕ ਹੁਰਿ ਜੀਉ ਤ ਕਉ ਦੇਵੈ............॥ ਅੰਗ - 208*

ਐਹ ਚੀਜ਼ਾਂ ਵਾਲਾ ਖਜ਼ਾਨਾ ਉਹਨੂੰ ਦਿੰਦੈ -

*......................ਜਾ ਕਉ ਹੁਕਮੁ ਮਨਾਏ॥ ਅੰਗ - 208*

ਜਿਸ ਤੋਂ ਆਪਣਾ ਹੁਕਮ ਮਨਾ ਲਵੇ, ਜਿਹਨੇ ਹੁਕਮ ਵਿਚ ਇਕ ਸੁਰ ਕਰ ਲਿਆ - ਆਪਣੇ ਆਪ ਨੂੰ। ਗੁਰੂ ਦਸ਼ਮੇਸ਼ ਪਿਤਾ

ਕਹਿਣ ਲੱਗੇ, "ਬੁੱਧੂ ਸ਼ਾਹ! ਕੀ ਪੁੱਛਦੈਂ ਕਿ ਇਹ ਛੱਡਿਆ ਨਹੀਂ ਜਾਂਦਾ ਝੂਠ?

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ ਅੰਗ - 1***

ਹੁਕਮ ਮੰਨ ਲੈ; ਹੁਕਮ ਮੰਨਣ ਸਾਰ ਇਹ ਝੂਠ ਦੀ ਕੰਧ ਢਹਿ ਜਾਏਗੀ -

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ ਅੰਗ - 1***

ਸਾਰੀ ਕਿਰਿਆ ਹੁਕਮ ਦੀ ਹੋ ਰਹੀ ਹੈ। 'ਹੁਕਮੀ' ਕੋਈ ਭੁੱਲ ਨਹੀਂ ਕਰਦਾ, ਕੋਈ ਗਲਤੀ ਨਹੀਂ ਕਰਦਾ; ਉਹਨੇ ਹੀ ਸਾਰਾ ਕੁਛ ਕਰਿਐ। ਜੇ ਹੁਕਮ ਨੂੰ ਬੁੱਝ ਲਵੇ ਤਾਂ ਦਰ ਦੀ ਸੋਝੀ ਪੈ ਜਾਏਗੀ।" ਐਨਾ ਮਹਾਰਾਜ ਨੇ ਜਦੋਂ ਇਸ਼ਾਰਾ ਕਰਿਆ, ਉਸੇ ਵੇਲੇ ਜਿਵੇਂ ਅਨ੍ਹੇਰੀ ਰਾਤ ਦੇ ਅੰਦਰ ਜੇ ਸੂਰਜ ਚੜ੍ਹ ਜਾਵੇ ਤਾਂ ਅਨ੍ਹੇਰਾ ਖਤਮ ਹੋ ਜਾਂਦੈ -

***ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ॥***
***ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥ ਅੰਗ - 346***

ਛੂਹਣ ਦੀ ਦੇਰ ਹੈ, ਉਸੇ ਵੇਲੇ ਸੋਨਾ ਬਣ ਜਾਂਦੈ - ਪਾਰਸ ਦੇ ਨਾਲ ਧਾਤ ਛੂਹਣ ਤੇ -

***ਪਰਮ ਪਰਸ ਗੁਰੁ ਭੇਟੀਐ....................॥ ਅੰਗ - 346***

ਜੇ ਪਾਰਸ ਬਨਾਉਣ ਵਾਲਾ ਗੁਰੂ ਮਿਲ ਜਾਵੇ, ਫੇਰ ਕੀ ਹੁੰਦੈ? ਕਹਿੰਦੇ, ਉਸੇ ਵੇਲੇ -

***..................ਪੂਰਬ ਲਿਖਤ ਲਿਲਾਟ॥ ਅੰਗ - 346***

ਪੂਰਬ ਲਿਖਿਆ ਲੇਖ ਹੋਵੇ - ਮੱਥੇ ਤੇ -

***ਪੂਰਬ ਕਰਮ ਅੰਕੁਰ ਜਬ ਪ੍ਰਗਟੇ....................॥ ਅੰਗ - 204***

ਜਦੋਂ ਕੋਈ ਪਿਛਲਾ ਕਰਮ ਪ੍ਰਗਟ ਹੋ ਗਿਆ, ਵਾਰੀ ਆ ਗਈ ਉਹਦੀ - ਸ਼ੁਭ ਪ੍ਰਾਪਤੀ ਵਾਸਤੇ; ਫੇਰ ਪਹਿਲੀ ਗੱਲ ਕੀ ਹੁੰਦੀ ਐ? ਪਹਿਲੀ ਗੱਲ ਇਹ ਹੁੰਦੀ ਹੈ -

***....................ਭੇਟਿਓ ਪੁਰਖੁ ਰਸਿਕ ਬੈਰਾਗੀ॥ ਅੰਗ - 204***

ਰਸੀਏ ਪੁਰਸ਼ ਦਾ ਮੇਲ ਹੋਏਗਾ। ਫੋਕੇ ਗਿਆਨੀ ਦਾ ਮੇਲ

ਨਹੀਂ ਹੋਏਗਾ ਜੋ ਕਹਿੰਦਾ ਕੁਛ ਹੋਰ ਹੈ ਤੇ ਕਰਦਾ ਕੁਛ ਹੋਰ ਹੈ। ਰਸੀਆ ਉਹ ਹੁੰਦੈ ਜਿਹੜਾ ਨਾਮ ਦੇ ਰਸ ਵਿਚ ਦਿਨ ਰਾਤ ਰਹਿੰਦੈ, ਜਿਹਦੇ ਮਨ ਵਿਚ ਵਿਕਾਰ ਨਹੀਂ ਪੈਦਾ ਹੁੰਦਾ, ਰਸ ਵਿਚ ਰਹਿੰਦੈ। ਐਸੇ ਰਸੀਏ ਦੀ ਸੰਗਤਿ ਕਰਕੇ ਆਦਮੀ ਰਸੀਆ ਹੋ ਜਾਂਦੈ; ਖੁਸ਼ਕ ਗਿਆਨੀ ਦੀ ਸੰਗਤਿ ਕਰਕੇ ਮੁਖ-ਗਿਆਨੀ ਹੋ ਜਾਂਦੈ। ਮੁਖ ਗਿਆਨੀ ਨੂੰ ਮਹਾਰਾਜ ਕਹਿੰਦੇ ਨੇ ਕਿ ਉਹ ਤਾਂ ਮੁਰਦਾ ਹੁੰਦੈ -

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥***
***ਅੰਗ - 253***

ਸੋ ਫੇਰ ਹੁੰਦਾ ਕੀ ਹੈ? ਕਹਿੰਦੇ, ਰਸਿਕ ਵੈਰਾਗੀ ਨਾਲ ਮੇਲ ਹੋ ਜਾਂਦੈ ਤੇ ਅਸਰ ਕੀ ਹੁੰਦੈ -

***ਮਿਟਿਓ ਅੰਧੇਰੁ ਮਿਲਤ ਹਰਿ***
***ਨਾਨਕ ਜਨਮ ਜਨਮ ਕੀ ਸੋਈ ਜਾਗੀ ॥*** ***ਅੰਗ - 204***

ਆਹ ਜਿਹੜਾ ਮਨ ਦੇ ਵਿਚ ਭਰਮਾਂ ਦਾ ਅਨ੍ਹੇਰਾ ਸੀ ਪਿਆ ਹੋਇਆ, ਉਹਨੂੰ ਮਿਲਦੇ ਸਾਰ ਮਿਟ ਜਾਂਦੈ। ***'.................ਜਨਮ ਜਨਮ ਕੀ ਸੋਈ ਜਾਗੀ॥'*** ਜਾਗ ਆ ਜਾਂਦੀ ਐ। ਸਾਰਾ ਸੰਸਾਰ ਸੁੱਤਾ ਪਿਐ -

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ...........॥ ਅੰਗ - 920***

ਰਜੋ ਗੁਣ, ਤਮੋ ਗੁਣ, ਸਤੋ ਗੁਣ - ਇਹ ਲਹਿਰਾਂ ਚਲਦੀਆ ਨੇ। ਇਹਦੇ ਵਿਚ ਇਕ, ਦੋ, ਚਾਰ, ਦਸ, ਵੀਹ ਨੀਂ ਹੈਗੇ; ਸਾਰਾ ਹੀ ਸੰਸਾਰ ਹੈ। ਇਥੇ ਧਰਮਾਂ ਦੀ ਬਾਤ ਨੀਂ ਕਿ ਫਲਾਣਾ ਧਰਮ ਜਾਗਦੈ। ਨ! ਸਾਰਾ ਹੀ ਸੰਸਾਰ ਸੁੱਤਾ ਪਿਐ - ਤਿੰਨਾਂ ਗੁਣਾਂ ਵਿਚ। ਭਰਮ ਦੇ ਵਿਚ ਆ ਕੇ ਸੌਂ ਗਿਆ, ਭਰਮ ਪੈ ਗਏ ਇਹਨੂੰ -

***....................ਸੁਤਿਆ ਰੈਣਿ ਵਿਹਾਣੀ॥ ਅੰਗ - 920***

ਸੁੱਤੇ ਦੀ ਹੀ ਰਾਤ ਲੰਘ ਗਈ। ਪਰ ਗੁਰੂ ਦੀ ਕਿਰਪਾ ਹੋ ਜਾਵੇ -

***ਗੁਰ ਕਿਰਪਾ ਤੇ ਸੇ ਜਨ ਜਾਗੇ***

***ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥***
***ਕਹੈ ਨਾਨਕੁ ਸੋ ਤਤੁ ਪਾਏ***
***ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ ॥***
***ਅੰਗ - 920***

ਗੁਰੂ ਦੀ ਹੋ ਜਾਵੇ ਕ੍ਰਿਪਾ, ਫੇਰ ਹਰੀ ਨ ਭੁੱਲੇ - ਫੇਰ ਉਮਰ ਰੂਪੀ ਜਿਹੜੀ ਰਾਤ ਹੈ, ਇਹ ਜਾਗਦੇ ਦੀ ਲੰਘ ਜਾਂਦੀ ਹੈ; ਬਾਕੀ ਸਾਰਾ ਸੰਸਾਰ ਲੁਟਿਆ ਜਾਂਦੈ - ਸੁੱਤਾ ਪਿਆ। ਕੇਵਲ ਗੁਰਮੁਖ ਜਾਗਦੈ। ਉਹ ਸਾਬਤ ਰੱਖ ਲੈਂਦੈ ਆਪਣਾ ਘਰ-ਬਾਰ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਜਦ ਮਿਲਦੈ -

***............ਪੂਰਬ ਲਿਖਤ ਲਿਲਾਟ॥***
***ਉਨਮਨ ਮਨ ਮਨ ਹੀ ਮਿਲੇ ਛੂਟਕਤ ਬਜਰ ਕਪਾਟ॥ ਅੰਗ - 346***

ਆਤਮਾ ਤੇ ਜੀਵ ਦਾ ਮੇਲ ਹੋ ਜਾਂਦੈ। ਆਹ ਜਿਹੜਾ ਮਨ ਹੈ, ਇਹ ਹੀ ਮਨ ਉਲਟ ਕੇ -

***ਅਬ ਮਨੁ ਉਲਟਿ ਸਨਾਤਨੁ ਹੂਆ॥ ਅੰਗ - 327***
***ਕਹਿ ਕਬੀਰ ਬੁਧਿ ਹਰਿ ਲਈ ਮੇਰੀ***
***ਬੁਧਿ ਬਦਲੀ ਸਿਧਿ ਪਾਈ॥ ਅੰਗ - 339***

ਆਹ ਬੁੱਧੀ ਬਦਲ ਕੇ ਸਿੱਧੀ ਪ੍ਰਾਪਤ ਹੋ ਜਾਂਦੀ ਹੈ, ਰੱਬ ਨੂੰ ਦੇਖਣ ਵਾਲੀ ਆਤਮ-ਵਿਸ਼ੈਣੀ ਬੁੱਧੀ ਪ੍ਰਾਪਤ ਹੋ ਜਾਂਦੀ ਹੈ। ਉਸ ਵੇਲੇ ਕੀ ਹੁੰਦੈ? ਕਹਿੰਦੇ, ***'............ਛੂਟਕਤ ਬਜਰ ਕਪਾਟ॥'*** ਉਸ ਵੇਲੇ ਬਜਰ ਕਪਾਟ ਖੁੱਲ੍ਹ ਕੇ ਇਕੋ ਹੀ ਪਰਮੇਸ਼ਰ ਨਜ਼ਰ ਆਉਣਾ ਸ਼ੁਰੂ ਹੋ ਜਾਇਆ ਕਰਦੈ ।

ਸੋ ਗੁਰੂ ਮਹਾਰਾਜ ਨੇ ਹੁਕਮ ਦ੍ਰਿੜ੍ਹ ਕਰਾ ਦਿਤਾ - ਬੁੱਧੂ ਸ਼ਾਹ ਨੂੰ। ਕਹਿੰਦੇ, "ਪੀਰ ਜੀ! ਜਿੰਨਾਂ ਕੁਛ ਤੂੰ ਦੇਖਦੈਂ -

***ਆਖਣੁ ਵੇਖਣੁ ਬੋਲਣੁ ਚਲਣੁ ਜੀਵਣੁ ਮਰਣਾ ਧਾਤੁ ॥***
***ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ ॥***
***ਅੰਗ - 145***

ਹੁਕਮ ਸਾਜਿਐ ਉਸ ਨੇ, ਤੇ ਇਹ ਸਾਰੇ ਸੰਸਾਰ ਨੂੰ ਹੁਕਮ ਵਿਚ, ਮਰਿਯਾਦਾ ਵਿਚ ਰਖਦੈ; ਹੁਕਮ ਤੋਂ ਬਾਹਰ ਨੀਂ ਜਾਣ ਦਿੰਦਾ।

ਉਹਦਾ ਹੀ ਹੁਕਮ ਚਲ ਰਿਹੈ।" ਸੋ ਜਦੋਂ ਇਹ ਸੋਝੀ ਆ ਗਈ, ਸਾਧ ਸੰਗਤਿ! ਬਿਰਤੀ ਚੜ੍ਹ ਗਈ ਉਹਦੀ, ਅਰੂੜ ਬਿਰਤੀ ਵਿਚ ਚਲਾ ਗਿਆ, ਸਮਾਧੀ ਲਗ ਗਈ। ਦੂਜਾ ਨਜ਼ਰ ਆਉਣ ਤੋਂ ਹਟ ਗਿਆ, ਆਪਣੇ ਆਪ ਨੂੰ ਭੁੱਲ ਗਿਆ। ਅੱਜ ਪਤਾ ਲੱਗਿਆ ਕਿ ਕੀ ਭਾਵ ਸੀ -

*ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥*
*ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥ ਅੰਗ - 550*

ਭਰਮ ਪਿਆ ਰਹਿੰਦਾ ਸੀ ਕਿ ਮੈਂ ਉਹ ਜੀਵ ਹਾਂ - ਸਰੀਰ ਰੂਪੀ ਦਰਖਤ ਦੇ ਉਤੇ, ਜਿਹੜਾ ਕਰਤਾ, ਭੁਗਤਾ, ਫਲ ਖਾਂਦੈ, ਦੁਖ-ਸੁਖ ਭੋਗਦੈ, ਪੁੰਨੀ-ਪਾਪੀ ਬਣਦੈ। ਉਹ ਹਾਂ ਮੈਂ, ਜਾਂ ਕਿ ਉਹ ਹਾਂ ਜਿਹਦੇ ਵਾਸ਼ਨਾ ਰੂਪੀ ਖੰਭ ਨਹੀਂ ਹਨ ਤੇ ਕਿਤੇ ਜਾਂਦਾ ਹੀ ਨਹੀਂ, ਪਰਮ ਆਨੰਦ ਅਵਸਥਾ ਵਿਚ ਰਹਿੰਦੈ। ਅੱਜ ਪਤਾ ਲੱਗਿਆ ਕਿ ਮੈਂ ਵਾਸ਼ਨਾ ਰੂਪੀ ਖੰਭਾਂ ਤੋਂ ਰਹਿਤ ਕੇਵਲ ਆਤਮ ਸਰੂਪ ਹਾਂ। ਨਾਮ ਨੇ ਹਉਮੈ ਕੱਟ ਦਿਤੀ, ਅਗਿਆਨ ਦੂਰ ਕਰ ਦਿਤਾ, ਮੋਹ-ਮਾਇਆ ਨੂੰ ਕੱਟ ਦਿਤਾ, ਸੁਰਤਿ ਨੂੰ ਤਰਨ ਵਾਲੀ ਬਣਾ ਦਿਤਾ, ਆਸ ਅੰਦੇਸ਼ੇ ਦੇ ਬੱਜਰ ਕਪਾਟ ਖੋਲ੍ਹ ਦਿਤੇ, ਹੁਕਮ ਵਿਚ ਚਲਾ ਦਿਤਾ। ਉਸ ਵੇਲੇ ਸਹਿਜ ਅਵਸਥਾ ਪ੍ਰਾਪਤ ਹੋ ਗਈ, ਜੀਵਨ ਅਨੰਦ ਦੇ ਨਾਲ ਭਰ ਗਿਆ। ਹੁਣ ਅਨੰਦ ਸਾਂਭਿਆ ਨਹੀਂ ਜਾਂਦਾ। ਅਸੀਂ ਵੀ ਕਹਿੰਦੇ ਹਾਂ -

*ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥*
*ਅੰਗ - 917*

ਅੱਜ ਪਤਾ ਲੱਗਿਐ ਕਿ ਅਨੰਦ ਕਿਸਨੂੰ ਕਹਿੰਦੇ ਨੇ। ਅਸੀਂ ਤਾਂ ਪ੍ਰਸ਼ਾਦਾ ਛਕ ਕੇ ਕਹਿ ਦਿੰਦੇ ਹਾਂ - 'ਹੋ ਗਿਆ ਮੈਂ ਅਨੰਦ।' ਕੋਈ ਕਿਸੇ ਥਾਂ ਤੇ ਚਲਿਆ ਗਿਆ - ਪਿਕਨਿਕ ਤੇ, ਕਹਿੰਦਾ - 'ਜੀ ਬੜਾ ਅਨੰਦ ਆਇਆ।' ਇਹ ਅਧੂਰਾ ਆਨੰਦ ਹੈ ਜਿਹੜਾ ਇਕ ਵਾਰੀ ਆ ਕੇ ਥੋੜ੍ਹੀ ਦੇਰ ਬਾਅਦ ਚਲਿਆ ਗਿਆ। ਅਨੰਦ ਉਹ ਹੈ ਕਿ full capacity (ਲਬਾਲਬ) ਤਕ ਭਰ ਜਾਵੇ। ਸੋ ਉਹ full capacity ਤਕ ਭਰ ਗਿਆ, ਦ੍ਵੈਤ ਖਤਮ ਹੋ ਗਈ,

ਆਤਮ-ਵਿਸ਼ੈਣੀ ਬੁੱਧ ਦਾ ਪ੍ਰਕਾਸ਼ ਹੋ ਗਿਆ। ਜਿਹੜੀ ਦੁਰਮਤਿ ਸੀ ਜਿਸਦੇ ਨਾਲ ਚੰਗਾ-ਮਾੜਾ ਦੇਖਦਾ ਸੀ, ਉਹ ਦੂਰ ਹੋ ਗਈ ਸਾਧ ਸੰਗਤਿ ਜੀ! ਹੁਣ ਕੋਈ ਬਿਗਾਨਾ ਨਹੀਂ ਲਗਦਾ; ਸਾਰੇ ਆਪਣੇ ਹੀ ਲਗਦੇ ਨੇ। ਜਦ ਤਕ ਬਿਗਾਨਾ ਲਗਦੈ, ਓਨੀ ਦੇਰ ਤਕ ਬੁੱਧੀ ਨਿਹਚਲ ਨਹੀਂ ਹੋਇਆ ਕਰਦੀ। ਇਸ ਤਰ੍ਹਾਂ ਗੁਰੂ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਜਬ ਧਾਰੈ ਕੋਈ ਵੈਰੀ ਮੀਤ - 2, 2.***
***ਤਬ ਲਗ ਨਿਹਚਲ ਨਾਹੀ ਚੀਤਿ - 2, 2.***

ਜਦੋਂ ਤਕ ਇਹਨੂੰ ਆਪਣੇ ਲਗਦੇ ਨੇ, ਬਿਗਾਨੇ ਲਗਦੇ ਨੇ; ਨਿਹਚਲ ਚਿਤ ਨਹੀਂ ਹੋਇਆ ਕਰਦਾ। ਗੁਰੂ ਨੌਵੇਂ ਪਾਤਸ਼ਾਹ ਨਿਹਚਲ ਚਿਤ ਦੀਆਂ ਨਿਸ਼ਾਨੀਆਂ ਦੱਸਦੇ ਨੇ -

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥***
***ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥ਰਹਾਉ ॥***
***ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥***
***ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥***
***ਅੰਗ - 633***

ਇਹ ਸਾਰੀ ਚੀਜ਼ ਜਦ ਹਿਰਦੇ ਵਿਚ ਵਸ ਜਾਵੇ....ਇਹ ਵਸਦੀ ਉਦੋਂ ਹੈ, ਜਦ ਅੰਦਰ ਨਾਮ ਦਾ ਪ੍ਰਕਾਸ਼ ਹੋ ਜਾਂਦੈ। ਓਨਾਂ ਚਿਰ ਨਿਹਚਲ ਚਿਤ ਨਹੀਂ ਹੁੰਦਾ। ਮਹਾਰਾਜ ਕਹਿੰਦੇ -

***ਜਬ ਲਗੁ ਜਾਨੈ ਮੁਝ ਤੇ ਕਛੁ ਹੋਇ॥ ਅੰਗ - 278***

'ਮੈਂ ਕਰਦਾਂ; ਜੇ ਮੈਂ ਨ ਹੋਵਾਂ, ਆਹ ਗੱਲ ਨਹੀਂ ਹੋਣੀ।' ਹੁਕਮ 'ਚ ਨਹੀਂ ਆਇਆ - ਓਨੀ ਦੇਰ ਤਕ, ਜਦ ਤਕ ਕਹਿੰਦੈ, ਮੈਂ ਕਰਦਾ ਹਾਂ -

***ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ॥***
***ਤਬ ਇਸ ਕਉ ਸੁਖੁ ਨਾਹੀ ਕੋਇ ॥ ਅੰਗ - 278***

ਓਨੇ ਚਿਰ ਤਕ ਸੁਖੀ ਕਿਸ ਤਰ੍ਹਾਂ ਹੋਏਗਾ? ਇਹ ਤਾਂ ਜੰਮਦਾ ਰਹੇਗਾ, ਮਰਦਾ ਰਹੇਗਾ, ਜੰਮਦਾ ਰਹੇਗਾ, ਮਰਦਾ ਰਹੇਗਾ -

***ਜਬ ਇਹ ਜਾਨੈ ਮੈ ਕਿਛੁ ਕਰਤਾ ॥***
***ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥ ਅੰਗ - 278***

ਹੁਣ ਕਿਵੇਂ ਤਰ ਜਾਏਂਗਾ? ਅਰਦਾਸ ਕਰਦੇ ਨੇ ਭਾਈ ਸਾਹਿਬ ਕਿ ਸੱਚੇ ਪਾਤਸ਼ਾਹ! ਸੱਚਖੰਡ ਵਿਚ ਨਿਵਾਸ ਦੇਹ; ਨੇੜੇ ਤੇੜੇ ਨਹੀਂ - ਸਿੱਧਾ ਹੀ ਸੱਚ ਖੰਡ ਵਿਚ। ਨ ਅਰਦਾਸ ਕਰਨ ਵਾਲੇ ਨੂੰ ਪਤੈ ਕਿ ਸਚਖੰਡ ਕੀ ਹੁੰਦੈ, ਨ ਕਰਾਉਣ ਵਾਲੇ ਨੂੰ ਪਤੈ ਕਿ ਸੱਚਖੰਡ ਵਿਚ ਕਿਵੇਂ ਚਲਿਆ ਜਾਏਗਾ। ਕਰਮ, ਉਪਾਸ਼ਨਾ, ਗਿਆਨ ਵਿਗਿਆਨ - ਜਦ ਤਕ 'ਹਉਮੈਂ' ਦਾ ਨਾਸ਼ ਨਹੀਂ ਹੁੰਦਾ, ਓਨੀ ਦੇਰ ਤਕ ਹੁਕਮ ਹੈ ਕਿ -

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥ ਅੰਗ - 466***

ਸਵਰਗ ਵਿਚ ਤਾਂ ਜਾ ਸਕਦੈ, ਪਰ ਸੱਚਖੰਡ ਵਿਚ ਤਾਂ ਕੋਈ ਵਿਰਲਾ ਹੀ ਸਮਝਦੈ। ....ਇਹ ਤਾਂ ਚੀਜ਼ ਹੀ ਹੋਰ ਹੈ। ਓਥੇ ਤਾਂ ਉਹ ਜਾਂਦੇ ਨੇ -

***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥***
***ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥***
***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥ ਅੰਗ - 517***

'ਰਤਿਆ' ਪਿਆਰ ਨੂੰ ਕਹਿੰਦੇ ਨੇ, ਜਿਹੜੇ ਵਾਹਿਗੁਰੂ ਦੇ ਪਿਆਰ ਵਿਚ ਰੱਤੇ ਗਏ। ਜੇ ਪਿਆਰ ਖੰਡਤ ਹੈ, ਵੰਡਿਆ ਹੋਇਆ ਹੈ - ਵਿਚੇ ਕੋਠੀਆਂ ਦਾ ਪਿਆਰ, ਮਾਇਆ, ਆਪਣੇ ਅਹੁਦੇ ਦਾ ਪਿਆਰ, ਆਪਣੇ ਸਰੀਰ ਦਾ ਪਿਆਰ, ਬਾਲ-ਬੱਚਿਆਂ ਦਾ ਪਿਆਰ; ਫੇਰ ਤਾਂ ਪਿਆਰ ਖੰਡਤ ਹੋ ਗਿਆ। ਖੰਡਤ ਪਿਆਰ ਨਹੀਂ ਉਹ ਮੰਗਦਾ। ਮਹਾਰਾਜ ਕਹਿੰਦੇ -

***ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ॥***
***ਅੰਗ - 657***

ਉਹ ਤਾਂ ਪਿਆਰ ਮੰਗਦੈ - ਪੂਰਾ ਪਿਆਰ। ਹਾਂ, ਇਹ ਗੱਲ ਵੱਖਰੀ ਹੈ ਕਿ ਜਦ ਉਹਦੇ ਨਾਲ ਪਿਆ ਹੋ ਜਾਂਦੈ, ਉਹਨੂੰ ਸਾਰਿਆਂ ਵਿਚ ਪਛਾਣ ਕੇ ਸਾਰਿਆਂ ਨਾਲ ਹੀ ਪਿਆਰ ਹੋ ਜਾਂਦੈ,

ਸਾਰਿਆਂ ਨੂੰ ਓਸਦਾ ਰੂਪ ਹੀ ਸਮਝਦੈ; ਅੱਡ-ਅੱਡ ਨਹੀਂ ਸਮਝਦਾ। ਫੇਰ ਕਿਸੇ ਨਾਲ ਦ੍ਵੈਤ ਨਹੀਂ ਹੁੰਦੀ। ਸੋ ਇਸ ਤਰ੍ਹਾਂ ਜਦ ਤਕ ਹਉਮੈ ਹੈ - ***'ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥'*** ਇਹਦੇ ਵਿਚ ਜੂਨੀਆਂ ਤੋਂ ਬਚ ਨਹੀਂ ਸਕਦਾ। ਸਤਚਖੰਡ ਵਿਚ ਜਾਣ ਦਾ ਤਾਂ ਇਕੋ ਤਰੀਕਾ ਹੈ -

***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥***
***ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ॥***
***ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥ ਅੰਗ - 517***

ਕੋਈ-ਕੋਈ ਹੈ ਜਿਹੜਾ ਇਸ ਬਾਤ ਨੂੰ ਸਮਝ ਕੇ ਸੱਚਖੰਡ ਵਿਚ ਜਾਂਦੈ। ਬਾਕੀ ਤਾਂ ਆਪਣੇ ਕਰਮਾਂ ਨੂੰ ਨਾਲ ਲੈ ਕੇ, ਕਰਮਾਂ ਦੀ ਗੱਠੜੀ ਬੰਨ੍ਹ ਕੇ ਲੈ ਜਾਂਦੇ ਹਨ। ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਸੱਚੇ ਪਾਤਸ਼ਾਹ! ਇਹਨੂੰ ਸੱਚਖੰਡ ਵਿਚ ਨਿਵਾਸ ਦੇ-ਦੇ। ਅਸੀਂ ਸੱਚਖੰਡ ਨੂੰ ਸਮਝਿਆ ਹੀ ਨਹੀਂ; ਅਸੀਂ ਤਾਂ ਐਵੇਂ ਸਮਝਦੇ ਹਾਂ ਕਿ ਉਥੇ ਕਿਤੇ ਥਾਂ ਦੇ ਦੇ, ਭੂਤ ਨ ਬਣਨ ਦੇਈਂ।

ਸੋ ਇਸ ਤਰ੍ਹਾਂ ਦੇ ਨਾਲ ਜਦ ਤਕ constitution (ਵਿਧਾਨ) ਹੈ - ਬਾਣੀ ਦਾ, ਮਹਾਰਾਜ ਕਹਿੰਦੇ - ***'ਜਬ ਇਹ ਜਾਨੈ ਮੈ ਕਿਛੁ ਕਰਤਾ॥ ਤਬ ਲਗੁ ਗਰਭ ਜੋਨਿ ਮਹਿ ਫਿਰਤਾ॥'*** ਮਾਂ ਦੇ ਪੇਟ ਵਿਚ ਆਊ; ਚਾਹੇ ਸੂਰੀ ਦਾ ਪੇਟ ਹੋਵੇ, ਚਾਹੇ ਕੁੱਤੀ ਦਾ ਹੋਵੇ, ਚਾਹੇ ਘੋੜੀ ਦਾ ਹੋਵੇ, ਚਾਹੇ ਬੀਬੀ ਦਾ ਹੋਵੇ; ਇਹਨੇ ਜੰਮਣਾ ਹੀ ਹੈ, ਗਰਭ ਵਿਚ ਆਉਣੈ ਹੀ ਹੈ ਕਿਉਂਕਿ 'ਮੈਂ' ਧਾਰੀ ਫਿਰਦੈ - ***'ਜਬ ਧਾਰੈ ਕੋਊ ਬੈਰੀ ਮੀਤੁ॥'*** ਜਦ ਤਕ ਕਹਿੰਦੈ - ਇਹ ਵੈਰੀ ਹੈ, ਇਹ ਚੰਗਾ ਨਹੀਂ ਬੰਦਾ, ਇਹ ਮਾੜਾ ਬੰਦਾ ਹੈ; ਫੇਰ ਕੀ ਹੋਏਗਾ? ਫੇਰ ਤੈਨੂੰ ਪ੍ਰਾਪਤੀ ਨਹੀਂ ਹੋਈ ਪ੍ਰੇਮੀਆਂ! ***'ਤਬ ਲਗੁ ਨਿਹਚਲੁ ਨਾਹੀ ਚੀਤੁ॥ ਜਬ ਲਗੁ ਮੋਹ ਮਗਨ ਸੰਗਿ ਮਾਇ॥'*** ਜਦ ਤਕ ਮਾਇਆ ਦੇ ਨਾਲ, ਪ੍ਰਕਿਰਤੀ ਦੇ ਨਾਲ - ਚੇਤਨ ਮਾਇਆ, ਜੜ੍ਹ ਮਾਇਆ, ਸੂਖਸ਼ਮ ਮਾਇਆ ਦੇ ਨਾਲ ਤੇਰਾ ਮੋਹ ਪਿਆ ਹੋਇਐ; ਚਾਹੇ ਰਿੱਧੀਆਂ-ਸਿੱਧੀਆਂ ਨਾਲ ਹੈ, ਚਾਹੇ ਬਾਲ-ਬੱਚਿਆਂ ਨਾਲ ਹੈ, ਚਾਹੇ ਆਪਣੀ community

(ਜ਼ਾਤ) ਨਾਲ ਹੈ; ਇਹ ਮੋਹ ਤਾਂ ਤੇਰਾ ਮਾਇਆ ਦਾ ਮੋਹ ਹੈ। ਓਨੀ ਦੇਰ ਤਕ ਤੂੰ ਤਰ ਨਹੀਂ ਸਕਣਾ। ***'ਤਬ ਲਗੁ ਧਰਮ ਰਾਇ ਦੇਇ ਸਜਾਇ॥'*** ਓਨਾਂ ਚਿਰ ਸਜ਼ਾ ਇਹਦੇ ਸਿਰ ਤੋਂ ਨਹੀਂ ਟਲਦੀ।

ਸੋ ਬੁੱਧੂ ਸ਼ਾਹ ਦੇ ਨੇਤਰ ਪ੍ਰਕਾਸ਼ ਹੋ ਗਏ, ਇਕ ਦਿਸ ਪਿਆ, ਮਸਤੀ ਵਿਚ ਆ ਗਿਆ। ਮਸਤੀ ਵਿਚ ਆਉਣ ਨਾਲ ਜਦ ਆਤਮ-ਵਿਸ਼ੈਣੀ ਬੁੱਧੀ ਆ ਜਾਵੇ, ਉਸ ਵੇਲੇ ਫੁਰਨਾ ਹਟ ਜਾਂਦੈ, ਅਫੁਰ ਅਵਸਥਾ ਆ ਜਾਂਦੀ ਹੈ। ਤਿੰਨ ਚੀਜ਼ਾਂ ਦਾ ਨਾਸ਼ ਹੋ ਜਾਂਦੈ - ਮਨੋ ਨਾਸ਼, ਵਾਸ਼ਨਾ ਖੈ, ਤਤੂ ਗਿਆਨ ਪ੍ਰਗਟ ਹੋ ਜਾਂਦੈ। ਦ੍ਵੈਤ ਦਾ ਖਾਤਮਾ ਹੋ ਜਾਂਦੈ। ਉਸ ਵੇਲੇ ਇਹ ਮਨ ਜਿਹੜਾ ਹੈ 'ਉਨਮਨ' ਵਿਚ ਚਲਿਆ ਗਿਆ, ਆਤਮ ਮੰਡਲ ਦੇ ਵਿਚ ਪ੍ਰਵੇਸ਼ ਕਰ ਗਿਆ। ਤੇ ਜਦੋਂ ਪ੍ਰਵੇਸ਼ ਕਰਦੈ, ਆਹ ਜਿਹੜਾ ਅਸੀਂ ਜ਼ੋਰ ਨਾਲ ਕਹਿੰਦੇ ਹਾਂ - ਨ ਧਾਰੋ ਕਿਸੇ ਨੂੰ ਵੈਰੀ, ਨ ਧਾਰੋ ਕਿਸੇ ਨੂੰ ਮਿੱਤਰ.....ਇਹ ਭਾਵਨਾ ਦੌੜ ਜਾਂਦੀ ਹੈ, ਖਤਮ ਹੋ ਜਾਂਦੀ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਉਨਮਨ ਮਨੂਆ, ਸੁੰਨ ਸਮਾਨਾ,***
***ਦੁਬਿਧਾ ਦੁਰਮਤਿ ਭਾਗੀ ਜੀ -2, 2***

ਆਹ ਹੀ ਮਨ, ਜਿਹੜਾ ਸੰਸਾਰ ਵਲ ਨੂੰ ਦੌੜਿਆ ਫਿਰਦੈ, ਪਲਟ ਕੇ ਸਨਾਤਨ ਬਣ ਗਿਆ, ਆਤਮਾ ਵਿਚ ਸਮਾਅ ਗਿਆ। ਸੁੰਨ ਅਵਸਥਾ, ਫੁਰਨੇ ਤੋਂ ਰਹਿਤ ਅਵਸਥਾ ਜਦੋਂ ਪ੍ਰਾਪਤ ਹੋਈ; ਦਰਜਾ ਕਿੱਡਾ ਹੋ ਗਿਆ? ਮਹਾਰਾਜ ਕਹਿੰਦੇ, ਪਹਿਲਾਂ ਤਾਂ ਦੁਬਿਧਾ ਨੱਠ ਗਈ। ਦੁਰਮਤਿ, ਜਿਹੜੀ ਗੁਰੂ ਤੋਂ ਬਗੈਰ ਆਪਣੀ ਮੱਤ ਸੀ - ਮਨਮਤਿ, ਦੁਰਮਤਿ; ਇਹ ਹੌਲੀ-ਹੌਲੀ ਨਹੀਂ ਗਈ, ਛਾਲਾਂ ਮਾਰਦੀ ਨੱਠ ਗਈ। ਫੇਰ ਨਹੀਂ ਓਥੇ ਆਇਆ ਕਰਦੀ ਦੁਬਾਰਾ; ਛੱਡ ਜਾਇਆ ਕਰਦੀ ਹੈ। ਸੋ ਆਪ ਫੁਰਮਾਨ ਕਰਦੇ ਨੇ ਕਿ -

***ਅਨਹਤ ਸੁੰਨਿ ਰਤੇ ਸੇ ਕੈਸੇ॥***
***ਜਿਸਤੇ ਉਪਜੇ ਤਿਸਹੀ ਜੈਸੇ॥ ਅੰਗ - 943***

ਜਿਹੜੇ ਇਸ ਅਵਸਥਾ ਦੇ ਵਿਚ ਪਹੁੰਚ ਜਾਂਦੇ ਨੇ -

ਅਨਹਤ ਸੁੰਨ ਦੇ ਅੰਦਰ, ਉਹ ਵਾਹਿਗੁਰੂ ਦਾ ਰੂਪ ਬਣ ਜਾਂਦੇ ਨੇ। ਉਨ੍ਹਾਂ ਦਾ ਤੇ ਪ੍ਰਮੇਸ਼ਰ ਦਾ ਫਰਕ ਨਹੀਂ ਹੋਇਆ ਕਰਦਾ। ਉਨ੍ਹਾਂ ਨੂੰ ਇਹ ਪਦਵੀ ਪ੍ਰਾਪਤ ਹੋ ਜਾਂਦੀ ਹੈ -

***ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥ (ਸਰਬ ਲੋਹ ਗ੍ਰੰਥ)***

'ਖਾਲਸੇ' ਦੀ ਪਦਵੀ ਪ੍ਰਾਪਤ ਹੋ ਗਈ। ਐਵੇਂ ਨਾਉਂ ਰੱਖੇ ਤੇ ਤਾਂ ਨੀਂ 'ਖਾਲਸਾ' ਬਣ ਜਾਂਦਾ। ਬਹੁਤ ਉਚੀ ਅਵਸਥਾ ਦੱਸੀ ਹੈ ਮਹਾਰਾਜ ਨੇ - ਖਾਲਸੇ ਦੀ। ਇਕ ਸ਼ਬਦ ਦੇ ਅੰਦਰ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਜਪੋ ਖਾਲਸਾ, ਤੁਸੀਂ ਜਾਗਦੀ ਜੋਤ ਨੂੰ - 2, 2.***

***ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥***
***ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ॥***
***ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥***
***(ਸਵੱਯੇ ਪਾਤਸ਼ਾਹੀ 10)***

ਜਦੋਂ ਜੋਤ ਦਾ ਪ੍ਰਕਾਸ਼ ਹੋ ਗਿਆ - ਸਰੀਰ ਦੇ ਅੰਦਰ - ***'ਤਬ ਖਾਲਸ ਤਾਹਿ ਨਖਾਲਸ ਜਾਨੈ॥'*** ਐਹ ਨਖਾਲਸ ਸੰਸਾਰ ਦੇ ਅੰਦਰ, ਫੇਰ ਉਹਨੂੰ ਖਾਲਸ ਜਾਣੋ ਭਾਈ। ਸੋ ਖਾਲਸਾ ਪਦਵੀ ਹੈ -

***ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***(ਸਰਬ ਲੋਹ ਗ੍ਰੰਥ)***

ਉਨਮਨ ਦੇ ਵਿਚ ਜਿਹਦਾ ਮਨ ਸਮਾਅ ਗਿਆ, ਆਤਮਾ ਦਾ ਰਸ ਜਿਹਨੂੰ ਆ ਗਿਆ, ਉਹ ਖਾਲਸਾ ਹੁੰਦੈ ਤੇ ਉਹਦੀ ਪਦਵੀ ਹੁੰਦੀ ਹੈ ਕਿ ਮੇਰੇ ਵਿਚ, ਵਾਹਿਗੁਰੂ ਵਿਚ ਤੇ ਉਹਦੇ ਵਿਚ ਕੋਈ ਭੇਦ ਨਹੀਂ ਹੁੰਦਾ।

***ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮਹਿ ਹੌ ਕਰੌ ਨਿਵਾਸ॥***
***(ਸਰਬ ਲੋਹ ਗ੍ਰੰਥ)***

ਉਹਨੂੰ ਖਾਲਸਾ ਕਿਹੈ। ਸੋ ਇਹ ਪਦਵੀ ਬੁੱਧੂ ਸ਼ਾਹ ਨੂੰ

ਪ੍ਰਾਪਤ ਹੋ ਗਈ।

***ਉਨਮਨਿ ਮਨੂਆ ਸੁੰਨਿ ਸਮਾਨਾ....................॥ ਅੰਗ - 33***

ਸੁੰਨ ਵਿਚ ਸਮਾਅ ਗਿਆ - ਅਫੁਰ ਅਵਸਥਾ ਵਿਚ। ਅਫੁਰ ਅਵਸਥਾ ਵਿਚ ਉਹ ਸਮਾਏਗਾ ਜਿਹੜਾ ਹੁਕਮ ਵਿਚ ਹੈ। ਓਥੇ ਜਿਹੜਾ ਫੁਰਨਾ ਹੁੰਦੈ, ਉਹ cosmic (ਅਗੰਮੀ) ਹੁੰਦੈ; ਮਨ ਦਾ ਨਹੀਂ ਹੋਇਆ ਕਰਦਾ। ਉਥੇ ਪਰਮੇਸ਼ਰ ਦਾ ਫੁਰਨਾ ਸਰੀਰ ਵਿਚ ਚਲਦੈ ਪਰ ਅਵਸਥਾ ਪ੍ਰਾਪਤ ਹੁੰਦੀ ਹੈ -

***ਜੀਵਤ ਮਰੈ ਮਰੈ ਫੁਨਿ ਜੀਵੈ...............॥ ਅੰਗ - 332***

ਹਉਮੈ ਨੂੰ ਮਾਰ ਦੇਵੇ ਪਹਿਲਾਂ, 'ਮੈਂ' ਨੂੰ ਖਤਮ ਕਰ ਦੇਵੇ ਕਿ ਮੈਂ, ਨਹੀਂ ਹਾਂ ਕੁਛ ਵੀ। ਫੇਰ ਮੌਤ ਦੇ ਵਿਚੋਂ ਆਤਮਕ ਜੀਵਨ ਦੇ ਵਿਚ ਜਿਉਂਦਾ ਹੋਵੇ, ਤੇ ਜਦੋਂ ਜਿਉਂਦਾ ਹੋ ਜਾਏਗਾ, ਉਸ ਵੇਲੇ ਸਹਿਜੇ ਹੀ ਸੁੱਤੇ ਸਿੱਧ ਹੀ ਐਸਾ ਹੋ ਜਾਏਗਾ -

***.....................ਐਸੇ ਸੁੰਨਿ ਸਮਾਇਆ॥ ਅੰਗ - 332***

ਐਸ ਮਾਇਆ ਦੇ ਵਿਚ ਰਹਿੰਦਾ ਹੋਇਆ, ਬਾਲ-ਬੱਚਿਆਂ ਦੇ ਵਿਚ, ਕਾਰੋਬਾਰ ਕਰਦਾ ਹੋਇਆ, ਦੁਕਾਨਦਾਰੀ ਕਰਦਾ ਹੋਇਆ, ਨੌਕਰੀਆਂ ਚਾਕਰੀਆਂ, ਫੌਜ ਦੇ ਵਿਚ ਅਫਸਰੀਆਂ ਕਰਦਾ, ਖੇਤੀ ਕਰਦਾ, ਟਰੱਕ ਚਲਾਉਂਦਾ, ਹੋਰ ਅਨੇਕਾਂ ਕੰਮ ਕਰਦਿਆਂ ਹੋਇਆਂ ਉਹਦੇ 'ਤੇ ਮਾਇਆ ਦਾ ਅਸਰ ਨਹੀਂ ਹੁੰਦਾ। ਜੈਸੇ ਜਲ ਦੇ ਵਿਚ ਮੁਰਗਾਬੀ ਹੁੰਦੀ ਹੈ -

***ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥***

***ਅੰਗ - 938***

ਕਮਲ ਜਿਵੇਂ ਰਹਿੰਦੈ - ਬਗੈਰ ਅਸਰ ਤੋਂ। ਮੁਰਗਾਬੀ ਜਿਥੋਂ ਜੀਅ ਚਾਹੇ, ਉਡ ਜਾਂਦੀ ਹੈ ਕਿਉਂਕਿ ਉਹਦੇ ਖੰਭ ਨਹੀਂ ਭਿੱਜਦੇ; ਹੋਰ ਸਭ ਦੇ ਖੰਭ ਭਿੱਜ ਜਾਂਦੇ ਨੇ, ਉਡ ਨਹੀਂ ਸਕਦੇ ਜਾਨਵਰ। ਕਹਿੰਦੇ, ਇਸ ਤਰ੍ਹਾਂ ਰਹਿੰਦੈ ਉਹ। ਫੇਰ ਉਹ ਭਵਜਲ ਵਿਚ ਨਹੀਂ ਆਉਂਦਾ -

***ਮੇਰੇ ਰਾਮ ਐਸਾ ਖੀਰੁ ਬਿਲੋਈਐ॥ ਅੰਗ - 332***

ਕਹਿੰਦੇ, ਐਸੇ ਢੰਗ ਦੇ ਨਾਲ ਦੁੱਧ ਨੂੰ ਬਿਲੋਵਣਾ ਕਰੋ -

***ਗੁਰਮਤਿ ਮਨੂਆ ਅਸਥਿਰੁ ਰਾਖਹੁ***
***ਇਨ ਬਿਧਿ ਅੰਮ੍ਰਿਤੁ ਪੀਓਈਐ॥ ਅੰਗ - 332***

ਗੁਰਮਤਿ ਧਾਰਨ ਕਰਕੇ ਇਹ ਮਨ ਜਦੋਂ ਨਿਹਚਲ ਹੋ ਗਿਆ, ਸਮ-ਅਵਸਥਾ ਜਦ ਪ੍ਰਾਪਤ ਹੋ ਗਈ, ਇਸ ਨਾਲ ਫੇਰ ਅੰਦਰੋਂ ਅੰਮ੍ਰਿਤ ਪ੍ਰਗਟ ਹੋ ਜਾਂਦੈ। ਉਹ ਚੀਜ਼, ਜਿਹਦੇ ਪ੍ਰਾਪਤ ਹੋਣ ਨਾਲ ਆਦਮੀ ਮਰਦਾ ਨਹੀਂ, ਉਹ ਅੰਮ੍ਰਿਤ, 'ਆਤਮਾ' ਹੈ; ਆਤਮ-ਸਥਿਤੀ ਹੋ ਜਾਇਆ ਕਰਦੀ ਹੈ ਤੇ -

***ਗੁਰ ਕੈ ਬਾਣਿ ਬਜਰ ਕਲ ਛੇਦੀ.............॥ ਅੰਗ - 332***

ਇਹ ਜਿਹੜੀ ਕਲ ਸੀ, ਕੱਟੀ ਨਹੀਂ ਸੀ ਜਾਂਦੀ; ਗੁਰੂ ਦੇ ਸ਼ਬਦ ਦੇ ਨਾਲ ਇਹਨੂੰ ਛੇਦ ਦਿਤਾ, ਫੇਰ -

***.............ਪਰਗਟਿਆ ਪਦੁ ਪਰਗਾਸਾ॥ ਅੰਗ - 332***

ਰੋਸ਼ਨੀ ਦਾ ਪਦ ਪਰਗਟ ਹੋ ਗਿਆ, ਅਵਸਥਾ ਪਰਗਟ ਹੋ ਗਈ।

***ਸਕਤਿ ਅਧੇਰ ਜੇਵੜੀ ਭ੍ਰਮੁ ਚੂਕਾ.......................॥***
***ਅੰਗ - 332***

ਹੁਣ ਜਿਹੜੀ ਮਾਇਆ ਨੇ ਸੰਗਲ ਪਾ ਕੇ ਬੰਨ੍ਹਿਆ ਹੋਇਆ ਸੀ, ਉਹ ਜੇਵੜੀ ਸੀ - ਹਨ੍ਹੇਰੇ ਦੀ; ਉਹ ਕੱਟੀ ਗਈ, ਤੇ ਹੁਣ -

***........................ਨਿਹਚਲੁ ਸਿਵ ਘਰਿ ਬਾਸਾ॥ ਅੰਗ - 332***

ਵਾਹਿਗੁਰੂ ਦੇ ਘਰ ਵਿਚ ਵਾਸਾ ਹੋ ਗਿਆ। ਜਿਹੜਾ ਜੀਵ ਸੀ, ਉਹ ਮਾਇਆ ਦੇ ਘਰ ਵਿਚੋਂ ਨਿਕਲ ਕੇ ਆਪਣੇ ਘਰ ਵਿਚ ਚਲਾ ਗਿਆ, ਆਤਮ-ਮੰਡਲ ਵਿਚ ਪ੍ਰਵੇਸ਼ ਕਰ ਗਿਆ -

***ਤਿਨਿ ਬਿਨੁ ਬਾਣੈ ਧਨਖੁ ਚਢਾਈਐ ਇਹੁ ਜਗੁ ਬੇਧਿਆ ਭਾਈ॥***
***ਅੰਗ - 333***

ਮਾਇਆ ਦੇ ਕਿਤੇ ਬਾਣ ਨਹੀਂ ਸਿੰਨ੍ਹੇ ਹੋਏ; ਬਗੈਰ ਬਾਣ ਤੋਂ ਸਾਰੇ ਜਗਤ ਨੂੰ ਬੰਨ੍ਹ ਕੇ ਰੱਖਿਆ ਹੋਇਐ - ਮੋਹਿਤ ਕਰਕੇ -

***ਦਹ ਦਿਸ ਬੂਡੀ ਪਵਨੁ ਝੁਲਾਵੈ ਡੋਰਿ ਰਹੀ ਲਿਵ ਲਾਈ ॥***

***ਉਨਮਨਿ ਮਨੂਆ ਸੁੰਨਿ ਸਮਾਨਾ ਦੁਬਿਧਾ ਦੁਰਮਤਿ ਭਾਗੀ ॥***
***ਕਹੁ ਕਬੀਰ ਅਨਭਉ ਇਕੁ ਦੇਖਿਆ ਰਾਮ ਨਾਮਿ ਲਿਵ ਲਾਗੀ ॥***
***ਅੰਗ - 33***

ਹੁਣ ਅੱਖ ਖੁਲ੍ਹ ਗਈ - ਅੰਦਰਲੀ, ਦੇਖ ਲਿਆ ਇਕ। ਫੇਰ ਉਥੇ ਕੀ ਹੋਇਆ - ***'ਰਾਮ ਨਾਮਿ ਲਿਵ ਲਾਗੀ॥'*** ਹੁਣ ਲਿਵ ਲਗ ਗਈ।

ਸੋ ਐਸੀ ਅਵਸਥਾ ਗੁਰੂ ਮਹਾਰਾਜ ਨੇ ਮਿਹਰ ਕਰਕੇ ਪੀਰ ਬੁੱਧੂਸ਼ਾਹ ਨੂੰ ਬਖਸ਼ ਦਿਤੀ। ਬਹੁਤ ਉੱਚੀ ਅਵਸਥਾ ਹੈ। ਏਸ ਅਵਸਥਾ ਨੂੰ 'ਜੀਵਨ ਮੁਕਤਿ ਅਵਸਥਾ' ਫੁਰਮਾਉਂਦੇ ਨੇ -

***ਧਾਰਨਾ - ਮਿਲ ਗਈ ਜੀਵਨ ਮੁਕਤੀ,***
***ਕਿਰਪਾ, ਗੁਰ ਪੂਰੇ ਦੀ ਹੋ ਗਈ -2***

ਇਕ ਮੁਕਤੀ ਉਹ ਹੁੰਦੀ ਹੈ ਜਿਹਨੂੰ ਸਮਝਿਆ ਇਹ ਜਾਂਦੈ ਕਿ ਮਰਨ ਤੋਂ ਬਾਅਦ ਮੁਕਤ ਹੋ ਜਾਏਗਾ, ਪਰ ਬਾਣੀ ਅੰਦਰ ਆਉਂਦੈ -

***ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥***
***ਅੰਗ - 1292***

ਕਾਹਦੀ ਮੁਕਤੀ ਹੈ ਜੇ ਜਿਊਂਦੇ-ਜਿਊਂਦੇ ਨ ਮੁਕਤ ਹੋਏ। ਜਿਉਂਦਾ ਵੀ ਹੋਵੇ ਤੇ ਆਦਮੀ ਨੂੰ ਮੁਕਤ ਅਵਸਥਾ ਵੀ ਪ੍ਰਾਪਤ ਹੋਵੇ। ਨਿਸ਼ਾਨੀ ਹੁੰਦੀ ਹੈ ਕੋਈ ਉਹਦੀ? ਮਹਾਰਾਜ ਕਹਿੰਦੇ, ਹਾਂ, ਨਿਸ਼ਾਨੀ ਹੁੰਦੀ ਹੈ। ਉਹ ਖਾਂਦਾ ਵੀ ਉਸੇ ਤਰ੍ਹਾਂ ਹੈ ਜਿਵੇਂ ਦੂਜੇ ਖਾਂਦੇ ਨੇ, ਪਹਿਨਦਾ ਵੀ ਹੈ, ਬਾਲ-ਬੱਚਿਆਂ ਵਿਚ ਵੀ ਖੇਲ੍ਹਦੈ, ਕਾਰੋਬਾਰ ਵੀ ਕਰਦੈ ਪਰ ਉਹਦਾ ਜਿਹੜਾ attitude of mind (ਮਨੋ ਬਿਰਤੀ) ਹੈ, ਸੋਝੀ ਹੈ, ਉਹ ਸੰਸਾਰ ਨਾਲੋਂ ਵੱਖਰੀ ਹੋਇਆ ਕਰਦੀ ਹੈ। ਕਹਿੰਦੇ, ਪਹਿਲੀ ਚੀਜ਼ ਇਹ ਹੁੰਦੀ ਹੈ ਕਿ ਵਾਹਿਗੁਰੂ ਦੇ ਹੁਕਮ ਵਿਚ ਜੋ ਕੁਛ ਵੀ ਹੁੰਦੈ, ਉਹਨੂੰ ਪਰਵਾਨ ਕਰਦੈ, ਉਹਨੂੰ ਹੁਕਮ ਮਿੱਠਾ ਲਗਦੈ -

***ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਅੰਗ - 275***

ਹਿਤ ਨਾਲ ਦੇਖਦੈ; ਚਾਹੇ ਮਾਣ ਹੋ ਜਾਏ, ਚਾਹੇ ਅਪਮਾਨ

ਹੋ ਜਾਏ; ਉਹ ਕਹਿੰਦੇ ਕਿ ਹੁਕਮ ਦੀ ਖੇਡ ਹੋ ਰਹੀ ਐ। ਹੁਕਮ ਨੂੰ ਮਿੱਠਾ ਕਰਕੇ ਮੰਨਦੈ -

***ਤੇਰਾ ਕੀਆ ਮੀਠਾ ਲਾਗੈ॥ ਅੰਗ - 394***

ਕੋਈ ਸ਼ਿਕਵਾ ਨਹੀਂ ਕਰਦਾ।

ਭਾਈ ਮਨੀ ਸਿੰਘ ਜੀ - ਆਪ ਜੀ ਨੂੰ ਸਜ਼ਾ ਮਿਲ ਗਈ ਕਿ ਇਹਦੇ ਬੰਦ-ਬੰਦ ਕੱਟ ਦਿਤੇ ਜਾਣ। ਉਸ ਵੇਲੇ ਆਪ ਨੇ ਬੜੀ ਹੀ ਖੁਸ਼ੀ ਨਾਲ ਪ੍ਰਵਾਨ ਕੀਤੀ। ਕੋਈ ਸ਼ਿਕਵਾ ਨਹੀਂ ਕੀਤਾ ਕਿ ਹੇ ਪ੍ਰਭੂ, ਇਹ ਕੀ ਕਰ ਦਿਤਾ, ਮੈਂ ਤਾਂ ਤੇਰਾ ਨਾਮ ਜਪਦਾ ਸੀ। ਸਾਡੇ ਤਾਂ ਭੋਰਾ ਕੁ ਨਾਮ ਜਪ ਕੇ ਕਹਿੰਦੇ ਨੇ -'ਮੇਰਾ ਤਾਂ ਕੁਛ ਬਣਿਆ ਨਹੀਂ ਹੈ, ਮੈਂ ਤਾਂ ਜੀ ਪਾਠ ਵੀ ਕਰਿਐ, ਮੇਰਾ ਕੁਛ ਬਣਿਆ ਨਹੀਂ।' ਆਪ ਸਾਰੀ ਜ਼ਿੰਦਗੀ ਗੁਰੂ ਦਸਮੇਸ਼ ਪਿਤਾ ਜੀ ਨਾਲ ਰਹੇ। ਬ੍ਰਹਮਗਿਆਨ ਅਵਸਥਾ ਦੀ ਪ੍ਰਾਪਤੀ, ਪੂਰੀਆਂ ਸ਼ਕਤੀਆਂ ਦੇ ਮਾਲਕ ਸਨ। ਹੁਣ ਪ੍ਰਮੇਸ਼ਰ ਨੂੰ ਨਹੀਂ ਕਹਿੰਦੇ ਕਿ ਹੇ ਪਰਮੇਸ਼ਰ! ਬਖਸ਼ ਲੈ, ਮੇਰੀ ਮਦਦ ਕਰ, ਮੇਰੇ ਤੇ ਕਿਰਪਾ ਕਰ, ਮੇਰੇ ਤੋਂ ਨਹੀਂ ਇਹ ਸਜ਼ਾ ਝੱਲੀ ਜਾਣੀ, ਪਰ ਨਹੀਂ; ਹਿਤ ਲਗਦੈ, ਪਿਆਰੀ ਲਗਦੀ ਹੈ। ਨਿਖਾਸ ਚੌਂਕ ਵਿਚ ਲੈ ਗਏ, ਬਿਠਾ ਲਿਆ। ਜਲਾਦ ਆ ਜਾਂਦੈ, ਕਹਿੰਦੈ -

''ਮਨੀ ਸਿੰਘ! ਕੂਹਣੀ ਰੱਖ ਐਹ ਅੱਡੇ ਦੇ ਉਤੇ।''

"ਕੀ ਗੱਲ?"

"ਤੇਰੇ ਬੰਦ-ਬੰਦ ਜੁਦਾ ਕਰਨੇ (ਕੱਟਣੇ) ਨੇ।"

ਹੱਸ ਪਏ ਦੇਖ ਕੇ ਉਪਰ ਨੂੰ। ਨੇਤਰਾਂ ਦੇ ਅੰਦਰ ਕੋਈ ਅਨੋਖੀ ਚਮਕ ਹੈ, ਚਿਹਰੇ ਦੇ ਉਤੇ ਲਾਲੀ ਆ ਗਈ। ਜਲਾਦ ਹੈਰਾਨ ਹੋ ਗਿਆ ਕਿ ਬੜੇ ਬੰਦਿਆਂ ਦੇ ਅੱਗੇ ਮੈਂ ਬੰਦ-ਬੰਦ ਕੱਟੇ ਨੇ ਪਰ ਐਂ ਤਾਂ ਕੋਈ ਨਹੀਂ ਦੇਖਿਆ ਕਿ ਏਥੇ ਬੈਠ ਕੇ ਚਿਹਰਾ ਲਾਲ ਹੋ ਜਾਵੇ। ਪੀਲੇ ਭੂਕ ਤਾਂ ਹੋ ਜਾਂਦੇ ਨੇ, ਉਤਰ ਜਾਂਦੇ ਨੇ ਚਿਹਰੇ, ਨੇਤਰ ਫਿੱਕੇ ਪੈ ਜਾਂਦੇ ਨੇ, ਮਰਨ ਤੋਂ ਪਹਿਲਾਂ ਹੀ ਮਰ ਜਾਂਦੇ ਨੇ, ਗਸ਼ ਪੈ ਜਾਂਦੀ ਹੈ; ਫੜ-ਫੜ ਕੇ ਕੱਟਦਾ ਸੀ।

"ਕੀ ਗੱਲ ਹੈ ਮਨੀ ਸਿੰਘ! ਸੁਣਿਆ ਨਹੀਂ ਹੁਕਮ?"

"ਤੇਰੇ ਨਾਲੋਂ ਜ਼ਿਆਦਾ ਸੁਣਿਐ। ਬੰਦ-ਬੰਦ ਕੱਟਣ ਦੇ ਹੁਕਮ ਹੋਏ ਨੇ?"

"ਹਾਂ।"

"ਫੇਰ ਬੰਦ ਤਾਂ ਪਹਿਲਾਂ ਉਂਗਲੀ ਤੋਂ ਸ਼ੁਰੂ ਹੁੰਦੈ। ਪਹਿਲਾਂ ਇਕ ਪੋਟਾ, ਦੂਆ, ਤੀਆ ਫੇਰ ਦੂਜੀ ਉਂਗਲੀ ਦੀ ਵਾਰੀ ਤੇ ਇਹ ਜਿਹੜਾ ਪੰਦਰਾਂ ਵਾਰੀ ਤੂੰ ਕਰਨੈ, ਫੇਰ ਵਾਰੀ ਆਉਣੀ ਹੈ ਪ੍ਰੇਮੀਆਂ ਮੇਰੀ ਕੂਹਣੀ ਦੀ; ਹੁਣੇ ਨਹੀਂ ਆਉਣੀ, ਜਿਵੇਂ ਤੂੰ ਕਰਦੈਂ। ਹੁਕਮ ਅਦੂਲੀ ਨ ਕਰ, ਪੂਰਾ ਹੁਕਮ ਪਾਲ। ਮੈਂ ਵੀ ਹੁਕਮ ਪਾਲ ਰਿਹਾਂ - ਆਪਣੇ ਮਾਲਕ ਦਾ। ਮੇਰੇ ਮਾਲਕ ਦਾ ਇਹ ਹੁਕਮ ਹੈ ਕਿ ਤੂੰ ਏਥੇ ਬਲੀ ਦੇ-ਦੇ, ਕੁਰਬਾਨੀ ਦੇ-ਦੇ, ਕੁਰਬਾਨ ਹੋ ਜਾ। ਮੇਰਾ ਸਰੀਰ ਲੇਖੇ ਵਿਚ ਲਗ ਰਿਹੈ। ਅਕਾਲ ਪੁਰਖ ਨੇ ਇਸ ਸਰੀਰ ਤੋਂ ਕੋਈ ਸੇਵਾ ਕਰਾਉਣੀ ਹੈ - ਇਸ ਤਰ੍ਹਾਂ ਕਰਕੇ।" ਸੋ ਇਹ ਹੈ - ***'ਪ੍ਰਭ ਕੀ ਆਗਿਆ ਆਤਮ ਹਿਤਾਵੈ॥'***

ਆਰਾ ਚਲ ਰਿਹੈ ਭਾਈ ਮਤੀ ਦਾਸ ਦੇ ਸਿਰ ਤੇ। ਸਭ ਤਿਆਰੀ ਹੋਈ-ਹੋਈ ਹੈ, ਲੱਕੜਾਂ ਵਿਚ ਬੰਨ੍ਹ ਦਿਤਾ; ਜੱਲਾਦ ਦੇਖਦੈ ਕਿ ਚਿਹਰੇ ਤੇ ਲਾਲੀ ਆ ਗਈ, ਨੇਤਰਾਂ ਵਿਚ ਚਮਕ ਆ ਗਈ -

"ਭਾਈ ਮਤੀ ਦਾਸ! ਇਹ ਕੀ ਹੋ ਰਿਹੈ?"

"ਹੁਣ ਟਾਈਮ ਨਹੀਂ ਇਨ੍ਹਾਂ ਗੱਲਾਂ ਦਾ।"

"ਮੈਨੂੰ ਦੱਸ, ਕੋਈ ਤੇਰੀ ਸੇਵਾ ਕਰਾਂ ਕਿਉਂਕਿ ਮੈਂ ਪ੍ਰਭਾਵਿਤ ਹੋ ਗਿਆਂ। ਮੇਰੇ ਵਰਗਾ ਪੱਥਰ-ਦਿਲ ਬੰਦਾ..........। ਤੇਰੇ ਦਰਸ਼ਨ ਕਰਕੇ ਮੇਰੇ ਅੰਦਰ ਕੋਈ ਰੌਸ਼ਨੀ ਦੀ ਕਿਰਨ ਜਾਗ ਪਈ ਹੈ। ਮੈਂ ਕੁਝ ਹੋਰ ਤਾਂ ਨਹੀਂ ਕਰ ਸਕਦਾ; ਐਂ ਦੱਸ, ਸੁਖਾਲਾ ਤੂੰ ਕਿਵੇਂ ਜਾ ਸਕਦੈਂ - ਸੰਸਾਰ ਤੋਂ? ਇਹ ਮੈਂ ਮਦਦ ਕਰ ਸਕਦਾਂ।"

"ਜੇ ਸੁਖਾਲਾ ਕਰਨੈ ਤਾਂ ਮੇਰੇ ਸਤਿਗੁਰੂ ਵੱਲ ਮੇਰੀ ਪਿੱਠ

ਹੈ; ਮੂੰਹ ਕਰ ਦੇ ਮੇਰਾ ਓਧਰ ਨੂੰ, ਤਾਂ ਕਿ ਮੈਂ ਅੰਤ ਦੇ ਸਮੇਂ ਉਨ੍ਹਾਂ ਦੀ ਆਗਿਆ ਦੇ ਵਿਚ ਖੁਸ਼ੀ-ਖੁਸ਼ੀ ਉਨ੍ਹਾਂ ਦੇ ਲੋਕ ਨੂੰ ਜਾਵਾਂ। ਏਥੇ ਵੀ ਹੈ ਤੇ ਅੱਗੇ ਵੀ ਉਹ ਹੈ। ਜਾਣਾ ਆਉਣਾ ਤਾਂ ਅਸੀਂ ਕਿਤੇ ਵੀ ਨਹੀਂ, ਕੇਵਲ ਸਰੀਰ ਦੀ ਬਿਆਧੀ ਹੈ। ਜੇ ਘੜਾ ਭੰਨ ਦਿਉ, ਆਕਾਸ਼ ਕਿਥੇ ਜਾਂਦੈ?

***ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ॥***

***ਅੰਗ - 695***

ਆਉਂਦਾ ਜਾਂਦਾ ਨਹੀਂ ਏਥੇ ਕੋਈ; ਨ ਕੋਈ ਮਰਦੈ, ਨ ਕੋਈ ਜੰਮਦੈ। ਇਹ ਤਾਂ ਇਕ ਖੇਲ੍ਹ ਹੋ ਰਿਹੈ - ਕਰਤਾ ਪੁਰਖ ਦਾ।'' ਸੋ ਇਹ 'ਆਤਮ ਹਿਤਾਵੈ' ਕਹਾਉਂਦੈ; ਆਤਮਾ ਨੂੰ ਹਿਤ ਲਗਣਾ, ਪਿਆਰੀ ਲੱਗਣੀ -

***ਜੀਵਨ ਮੁਕਤਿ ਸੋਊ ਕਹਾਵੈ॥ ਅੰਗ - 275***

ਉਹਨੂੰ ਜੀਵਨ ਮੁਕਤ ਕਿਹਾ ਜਾਂਦੈ।

***ਤੈਸਾ ਹਰਖੁ ਤੈਸਾ ਉਸੁ ਸੋਗੁ॥ ਅੰਗ - 275***

ਸੋਗ ਆ ਗਿਆ, ਤਾਂ ਵੀ ਉਹ ਹੀ ਬਾਤ: ਖੁਸ਼ੀਆਂ ਦੇ ਪ੍ਰਣਾਲੇ ਖੁਲ੍ਹ ਗਏ, ਤਾਂ ਵੀ ਉਹੋ ਜਿਹਾ -

***ਸਦਾ ਅਨੰਦੁ ਤਹ ਨਹੀ ਬਿਓਗੁ॥***
***ਤੈਸਾ ਸਵਰਨੁ ਤੈਸੀ ਉਸੁ ਮਾਟੀ॥ ਅੰਗ - 275***

ਮਿੱਟੀ ਤੇ ਸੋਨਾ ਇਕ ਦਰਜੇ ਤੇ ਰੱਖਣਾ; ਸੋਨਾ ਦੇਖ ਕੇ ਲਾਲਚ ਵਿਚ ਨਹੀਂ ਆਉਣਾ, ਮਿੱਟੀ ਦੇਖ ਕੇ ਨਫਰਤ ਨਹੀਂ ਕਰਨੀਂ - ਇਹ ਜੀਵਨ ਹੈ। ਵਿਕਣਾ ਨਹੀਂ ਹੈ ਸੋਨੇ ਦੇ ਨਾਲ, ਕਿ ਵਿਕ ਹੀ ਗਿਆ। ਇਕੋ ਅਵਸਥਾ ਹੈ -

***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥ ਅੰਗ - 275***

ਬਾਬਾ ਖੁਦਾ ਸਿੰਘ ਜੀ - ਆਪ ਪਟਿਆਲੇ ਕਥਾ ਕਰ ਰਹੇ ਨੇ - ਇਸ ਸ਼ਬਦ ਦੀ। ਉਥੇ ਦਾ ਜੋ ਰਾਜ ਪੰਡਤ ਸੀ, ਉਹ ਆਪ ਦੀ ਮਹਿਮਾ ਰਾਜੇ ਦੇ ਹਿਰਦੇ ਦੇ ਵਿਚ ਵਸਦੀ ਦੇਖ ਕੇ ਈਰਖਾ ਨਾਲ ਭੁੱਜ ਗਿਆ ਤੇ ਕੋਈ ਮੌਕਾ ਭਾਲਦੈ ਕਿ ਕਿਸੇ ਨ ਕਿਸੇ ਤਰ੍ਹਾਂ ਮਹਾਤਮਾ ਨੂੰ ਮੈਂ ਝੂਠਾ ਸਾਬਤ ਕਰਾਂ। ਪੂਰਨ ਮਹਾਤਮਾ

ਦੇ ਸਾਹਮਣੇ ਪੜ੍ਹਿਆਂ ਹੋਇਆਂ ਦੀ ਬਾਤ ਨਹੀਂ ਚਲਦੀ ਕਿਉਂਕਿ ਉਹ ਅਨੁਭਵ ਤੋਂ ਬੋਲਦੇ ਨੇ। ਕਿਤਾਬਾਂ ਵਾਲੇ ਦੇ ਮੂਹਰੇ ਅਨ੍ਹੇਰਾ ਹੁੰਦੈ, ਅਨੁਭਵ ਵਾਲੇ ਦੇ ਮੂਹਰੇ ਪ੍ਰਕਾਸ਼-ਏ-ਪ੍ਰਕਾਸ਼ ਹੁੰਦੈ, ਉਹਦੇ ਵਿਚੋਂ ਗੱਲ ਕਰੀ ਜਾਂਦੇ ਨੇ - ਲੈ-ਲੈ ਕੇ। ਸੋ ਜਦੋਂ ਕਥਾ ਹੋ ਗਈ, ਕਹਿਣ ਲੱਗਿਆ -

"ਬਾਬਾ ਜੀ! ਐਹ ਗੁਰੂ ਮਹਾਰਾਜ ਨੇ ਕੋਈ ਅਲੰਕਾਰਕ ਬਾਣੀ ਰਚੀ ਹੈ ਕਿ - ***'ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥'*** ਅੰਮ੍ਰਿਤ ਤੇ ਬਿਖ ਕਿਵੇਂ ਇਕੋ ਜਿਹੇ ਹੋ ਜਾਣਗੇ?"

"ਪੰਡਤ ਜੀ! ਇਹ ਗੱਲ ਹੋਰ ਹੈ; ਵਿਹੁ ਵੀ ਅੰਮ੍ਰਿਤ ਹੈ, ਅੰਮ੍ਰਿਤ ਵੀ ਅੰਮ੍ਰਿਤ ਹੈ।"

"ਜੇ ਇਹ ਦੋਇ ਚੀਜ਼ਾਂ ਨੇ, ਫੇਰ ਤੁਸੀਂ ਵਿਹੁ ਨੂੰ ਅੰਮ੍ਰਿਤ ਕਰਕੇ ਪੀ ਸਕਦੇ ਹੋ?"

"ਤੇਰੀ ਮਰਜ਼ੀ!"

ਦੂਜੇ ਦਿਨ ਸੰਖੀਆ ਘੋਲ ਕੇ ਲੈ ਆਇਆ। ਕਹਿੰਦਾ -

"ਉਸੇ ਸ਼ਬਦ ਦੀ ਫੇਰ ਕਥਾ ਕਰੋ।"

"ਤੂੰ ਗੱਲ ਦੱਸ।"

"ਮੈਂ ਸੰਖੀਆ ਲਿਆਂਦੈ ਘੋਲ ਕੇ। ਮੇਰੇ ਮਨ ਵਿਚ ਸ਼ੰਕਾ ਹੈ ਕਿ ਗੁਰੂ ਮਹਾਰਾਜ ਨੇ ਇਹ ਅਲੰਕਾਰਕ ਬਾਣੀ ਲਿਖੀ ਹੈ, ਤੱਤ ਨਹੀਂ ਲਿਖਿਆ।"

"ਗੁਰੂ ਗ੍ਰੰਥ ਸਾਹਿਬ ਦੇ ਅੰਦਰ ਤਾਂ ਇਕ ਵੀ ਬਾਤ ਨਹੀਂ ਜਿਹੜੀ ਸਤਿ ਨ ਹੋਵੇ।"

"ਫੇਰ ਮਹਾਰਾਜ, ਇਹ ਪੀ ਲਓ। ਕੋਈ ਪੀਵੇ, ਜੇ ਹੈ ਕੋਈ ਸੰਗਤਿ ਦੇ ਅੰਦਰ ਮਹਾਤਮਾ।"

"ਪੰਡਿਤ ਜੀ, ਅੰਤਬਾਰਾ ਨਹੀਂ ਲਈਦਾ। ਸੰਗਤ ਵਿਚ ਖਬਰੇ ਕਿੰਨੇ ਬ੍ਰਹਮ ਅਵਸਥਾ ਵਾਲੇ ਬੈਠੇ ਨੇ। ਚਲੋ, ਦਾਸ ਹੀ ਪੀ ਲੈਂਦੈ, ਕਾਹਨੂੰ ਆਪਾਂ ਐਨਾਂ ਕਰਨੈ।" ਕਥਾ ਕਰਦੇ ਸੀ। ਆਪ ਨੇ

ਦ੍ਰਿਸ਼ਟੀ ਕਰੀ; ਦ੍ਰਿਸ਼ਟੀ ਵਿਚ ਕੀ ਹੁੰਦੈ -

***ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥ ਅੰਗ - 273***

ਅੰਮ੍ਰਿਤ ਦੀ ਵਰਖਾ ਹੁੰਦੀ ਹੈ - ਬ੍ਰਹਮਗਿਆਨੀ ਦੇ ਨੇਤਰਾਂ ਵਿਚੋਂ।

ਗੁਰੂ ਦੂਜੇ ਪਾਤਸ਼ਾਹ - ਉਨ੍ਹਾਂ ਪਾਸ ਬਿਮਾਰ ਆ ਕੇ ਬੈਠ ਜਾਂਦੇ ਸੀ - ਬੇਅੰਤ ਬਿਮਾਰ। ਲਾਇਨਾਂ ਲਗ ਜਾਂਦੀਆਂ ਸੀ। ਜਿਥੋਂ ਦੀ ਸੰਗਤ ਲੰਘਦੀ ਸੀ, ਆਪ ਨੇ ਦੋਹੀਂ ਪਾਸੀਂ ਬਿਠਾਲ ਲੈਣੇ। ਕਹਿੰਦੇ, ਲਉ, ਇਉਂ ਕਰਿਓ ਗੁਰਮੁਖੋ! ਹੁਣ ਤੁਸੀਂ ਪਰਮੇਸ਼ਰ ਨਾਲ ਜੁੜੇ ਹੋਏ ਹੋਂ। ਇਕ ਪਰਉਪਕਾਰ ਕਰਦੇ ਜਾਇਓ। 'ਕੱਲੇ 'ਕੱਲੇ ਬਿਮਾਰ ਵੱਲ ਦੇਖਦੇ ਜਾਇਓ। ਉਨ੍ਹਾਂ ਨੇ 'ਕੱਲੇ 'ਕੱਲੇ ਨੂੰ ਦੇਖਦੇ ਚਲੇ ਜਾਣਾ। ਗੁਰੂ ਮਹਾਰਾਜ ਜੀ ਨੇ ਜਦ ਦ੍ਰਿਸ਼ਟੀ ਕਰਨੀ, ਕੋਹੜੀ ਦਾ ਸਵਰਨ ਵਰਗਾ ਸਰੀਰ ਹੋ ਜਾਣਾ, ਕਿਉਂਕਿ ਅੰਮ੍ਰਿਤ ਵਰਸਦੈ - ਬੰਦਗੀ ਕਰਨ ਵਾਲੇ ਦੇ ਨੇਤਰਾਂ 'ਚੋਂ; ਦ੍ਵੈਤ ਨਹੀਂ ਵਰਸਦੀ, ਘ੍ਰਿਣਾ ਨਹੀਂ ਵਰਸਦੀ, ਵੈਰ ਨਹੀਂ ਵਰਸਦਾ; ਅੰਮ੍ਰਿਤ ਦੀ ਵਰਖਾ ਹੁੰਦੀ ਹੈ। ਸਭ ਨੂੰ ਖਿੱਚ ਲੈਂਦੈ, ਸਭ ਆਪਣੇ ਹੀ ਲਗਦੇ ਨੇ।

ਸੋ ਉਸ ਵੇਲੇ ਬ੍ਰਹਮ ਦ੍ਰਿਸ਼ਟੀ ਕਰਕੇ ਬਾਬਾ ਜੀ ਨੇ ਜ਼ਹਿਰ ਪੀ ਕੇ ਕਥਾ ਜਾਰੀ ਰੱਖੀ। ਹੈਰਾਨ ਹੋ ਗਿਆ ਕਿ ਨ ਗਲ ਫਟਿਆ, ਨ ਕੋਈ ਹੋਰ ਗੱਲ ਹੋਈ ਹੈ। ਅਖੀਰ, ਚਰਨੀਂ ਪੈ ਗਿਆ ਤੇ ਕਹਿੰਦਾ, "ਬਾਬਾ ਜੀ, ਠੀਕ ਹੈ ਲੇਕਿਨ ਅਸੀਂ ਪੰਡਤ ਹਾਂ, ਪੜ੍ਹੇ ਹੋਏ ਬੰਦੇ ਹਾਂ। ਪੜ੍ਹ-ਪੜ੍ਹ ਕੇ ਅਸੀਂ ਗੱਡੇ ਲੱਦੇ ਨੇ। ਪੜ੍ਹ-ਪੜ੍ਹ ਕੇ ਬੇੜੀਆਂ ਭਰੀਆਂ ਨੇ, ਪੜ੍ਹ-ਪੜ੍ਹ ਕੇ ਅਸੀਂ ਕਿਤਾਬਾਂ ਦੇ ਢੇਰ ਲਾ ਦਿਤੇ ਪਰ ਸਾਨੂੰ ਇਹ ਗੱਲ ਸਮਝ ਨਹੀਂ ਆਈ -

***ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ ਅੰਗ - 467***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥***
***ਤੈਸਾ ਮਾਨੁ ਤੈਸਾ ਅਭਿਮਾਨੁ ॥***
***ਤੈਸਾ ਰੰਕੁ ਤੈਸਾ ਰਾਜਾਨੁ ॥***
***ਜੋ ਵਰਤਾਏ ਸਾਈ ਜੁਗਤਿ ॥***
***ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥ ਅੰਗ - 275***

ਸੋ ਜੀਵਨ ਮੁਕਤੀ ਤੇ ਬੁੱਧੂ ਸ਼ਾਹ ਨੂੰ ਪਹੁੰਚਾ ਦਿਤਾ। ਉਹਨੂੰ ਹੀ ਨਹੀਂ ਪਹੁੰਚਾਇਆ, ਗੁਰੂ ਮਹਾਰਾਜ ਨੇ ਪ੍ਰਕਾਸ਼ ਦਾ ਥੰਮ ਗੱਡ ਦਿਤਾ ਤਾਂ ਕਿ ਸਾਡੇ ਮਨ ਵਿਚ ਨਿਹਚਾ ਆ ਜਾਏ, ਮਨ ਵਿਚ ਸਥਿਤੀ ਆ ਜਾਏ, ਜੇ ਬੁੱਧੂ ਸ਼ਾਹ ਨਾਲ ਹੋਇਆ। ਗੁਰੂ ਮਹਾਰਾਜ ਤਾਂ ਕਿਤੇ ਦੂਰ ਨਹੀਂ ਗਏ। ਆਹ ਤੁਹਾਡੇ ਕੋਲ ਨੇ ਬਿਰਾਜੇ ਹੋਏ। ਉਹੀ ਅਵਸਥਾ ਸਾਡੇ ਤੇ ਤਾਰੀ ਹੋ ਸਕਦੀ ਹੈ, ਲੇਕਿਨ ਨੁਕਸ ਇਹ ਹੈ ਕਿ ਅਸੀਂ ਪੂਰਨ ਨੂੰ ਨਹੀਂ ਮਿਲਣਾ ਚਾਹੁੰਦੇ। ਪਿਆਰ ਤਾਂ ਪਾ ਲਿਆ ਅਸੀਂ ਕੂੜ ਦੇ ਨਾਲ; ਕੂੜੀ ਦੁਨੀਆਂ ਦੇ ਪਸਾਰੇ ਵਿਚ ਆਪਣੇ ਆਪ ਨੂੰ ਫਸਾ ਕੇ ਨਿਕਲਣ ਦਾ ਨ ਅਸੀਂ ਇਰਾਦਾ ਕਰਦੇ ਹਾਂ, ਨ ਚਾਹੁੰਦੇ ਹਾਂ। ਅਸੀਂ ਕਹਿੰਦੇ ਹਾਂ ਕਿ ਏਥੇ ਹੀ ਰਹੀਏ। ਕਹਿੰਦੇ, ਗਾਹਾਂ ਫੇਰ? ਕਹਿੰਦੇ, ਦੇਖੀ ਜਾਊ ਜਿਹੜਾ ਕੁਛ ਗਾਹਾਂ ਹੋਊ। ਇਹ ਤਾਂ ਸਮੇਂ ਦੀ ਗੱਲ ਹੁੰਦੀ ਹੈ। ਜਦ ਵਕਤ ਲੰਘ ਗਿਆ ਫੇਰ 'ਦੇਖੀ ਜਾਊ' ਨੇ ਕੁਛ ਨਹੀਂ ਕਰਨਾ -

***ਧਾਰਨਾ - ਰੋਵੇਂਗੀ ਜਿੰਦੇ, ਵੇਲਾ ਹੱਥ ਨਹੀਓਂ ਆਉਣਾ - 2, 2.***
***ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥***
***ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥***

***ਅੰਗ - 1428***

ਮਨ ਵਿਚ ਪਛਤਾਵਾ ਰਹਿ ਜਾਂਦੈ -

***ਗੁਰ ਸੇਵਾ ਤੇ ਭਗਤਿ ਕਮਾਈ ॥***
***ਤਬ ਇਹ ਮਾਨਸ ਦੇਹੀ ਪਾਈ ॥***
***ਇਸ ਦੇਹੀ ਕਉ ਸਿਮਰਹਿ ਦੇਵ ॥***
***ਸੋ ਦੇਹੀ ਭਜੁ ਹਰਿ ਕੀ ਸੇਵ ॥***
***ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥ ਅੰਗ - 1159***

ਮਹਾਰਾਜ ਕਿੰਨਾ ਪਿਆਰ ਨਾਲ ਕਹਿੰਦੇ ਨੇ, "ਦੇਖਿਓ ਬੱਚਿਓ! ਭੁੱਲ ਨ ਜਾਇਉ; ਗੋਬਿੰਦ ਨੂੰ ਧਿਆਵੋ, ਗੋਬਿੰਦ ਦਾ ਨਾਮ ਲਉ -

***ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥***
***ਮਾਨਸ ਜਨਮ ਕਾ ਏਹੀ ਲਾਹੁ ॥ ਰਹਾਉ ॥ ਅੰਗ - 1159***

ਹੋਰ ਨ ਮੈਥੋਂ ਮੰਗਿਆ ਕਰੋ। ਉਹ ਕਿਸਮਤ ਵਿਚ ਤੁਹਾਡੇ ਪਹਿਲਾਂ ਹੀ ਲਿਖਿਆ ਪਿਐ - ਸਭ ਕੁਛ। ਦੁਖ-ਸੁਖ ਲੈ ਕੇ ਹੀ ਆਇਐ ਬੰਦਾ - ਦਰਗਾਹ ਵਿਚੋਂ। ਗੋਬਿੰਦ ਨੂੰ ਯਾਦ ਕਰੋ ਕਿਉਂਕਿ -

***ਮਾਨਸ ਜਨਮ ਕਾ ਏਹੀ ਲਾਹੁ ॥***
***ਜਬ ਲਗੁ ਜਰਾ ਰੋਗੁ ਨਹੀ ਆਇਆ ॥***
***ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥***
***ਜਬ ਲਗੁ ਬਿਕਲ ਭਈ ਨਹੀ ਬਾਨੀ ॥***
***ਭਜਿ ਲੇਹਿ ਰੇ ਮਨ ਸਾਰਿਗਪਾਨੀ ॥***
***ਅਬ ਨ ਭਜਸਿ ਭਜਸਿ ਕਬ ਭਾਈ ॥***
***ਆਵੈ ਅੰਤੁ ਨ ਭਜਿਆ ਜਾਈ ॥***
***ਜੋ ਕਿਛੁ ਕਰਹਿ ਸੋਈ ਅਬ ਸਾਰੁ ॥ ਅੰਗ - 1159***

ਜਿਹੜਾ ਕੁਛ ਹੁਣ ਕਰ ਲਏਂਗਾ, ਓਹੀ ਪੱਲੇ ਰਹਿ ਜਾਣੈ; ਫੇਰ ਨਹੀਂ ਹੋਣਾ -

***ਜੋ ਕਿਛੁ ਕਰਹਿ ਸੋਈ ਅਬ ਸਾਰੁ ॥***
***ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥ ਅੰਗ - 1159***

ਫੇਰ ਪਛਤਾਵਾ ਰਹਿ ਜਾਂਦੈ; ਸਰੀਰ ਛੁਟ ਜਾਂਦੈ, ਉਸ ਵੇਲੇ ਆਦਮੀ ਰੋਂਦੈ - ਅਖੀਰਲੀ ਘੜੀ ਤੇ, ਕਿ ਮੈਂ ਕੁਛ ਨ ਕਰਿਆ। ਆਹ ਮੈਂ ਕਾਹਦੇ 'ਚ ਫਸ ਗਿਆ, ਮੇਰੇ ਨਾਲ ਤਾਂ ਕੁਛ ਜਾ ਨਹੀਂ ਰਿਹਾ -

***ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥***
***ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥ ਅੰਗ - 1365***

ਸੌ ਖਰਬ ਰੁਪਿਆ ਜਿਹਦਾ ਜਮ੍ਹਾਂ ਹੈ ਨ। ਉਹ ਵੀ ਖਾਲੀ ਹੱਥ, ਨੰਗੇ ਪੈਰੀਂ ਸੰਸਾਰ ਤੋਂ ਚਲਿਆ ਜਾਂਦੈ। ਸੋ ਇਹ ਅਵਸਥਾ ਭਾਗਾਂ ਵਾਲਿਆਂ ਨੂੰ ਪ੍ਰਾਪਤ ਹੁੰਦੀ ਐ, ਸਾਧ ਸੰਗਤ ਜੀ! ਗੁਰੂ ਘਰ ਵਿਚ ਸਭ ਕੁਛ ਹੈ ਲੇਕਿਨ ਅਸੀਂ ਖੋਜਦੇ ਨਹੀਂ ਹਾਂ। ਇਕ-ਇਕ ਸ਼ਬਦ ਦੇ ਅੰਦਰ ਬਹੁਤ ਵੱਡੇ ਸਿਧਾਂਤ ਲੁਕੇ ਪਏ ਨੇ - ਬਹੁਤ ਵੱਡੇ ਸਿਧਾਂਤ। ਪੜ੍ਹ-ਪੜ੍ਹ ਕੇ ਉਤੋਂ ਦੀ ਲੰਘਦੇ ਤੁਰੇ ਜਾਂਦੇ ਹਾਂ; ਡੂੰਘਾਈ ਵਿਚ ਨਹੀਂ ਜਾਂਦੇ। ਇਕੋ ਸ਼ਬਦ ਸਾਰੀ ਜ਼ਿੰਦਗੀ

ਵਾਸਤੇ ਕਾਫੀ ਹੈ, ਜੇ ਵਿਚਾਰ ਲਿਆ ਜਾਵੇ।

ਸੋ ਇਸ ਤਰ੍ਹਾਂ ਅਟਕੀ ਹੋਈ ਰੂਹ, ਕਿੱਡੀ ਵੱਡੀ ਰੂਹ - ਸੈਂਕੜੇ ਹਜ਼ਾਰਾਂ ਦੀ ਤਾਦਾਦ ਦੇ ਅੰਦਰ ਮੁਰੀਦ ਨੇ, ਦੂਰ-ਦੂਰ ਤੱਕ ਮਹਿਮਾ ਫੈਲੀ ਹੋਈ ਹੈ, ਰਿੱਧੀਆਂ-ਸਿੱਧੀਆਂ, ਕਾਮਨਾਵਾਂ ਤੇ ਵਾਸ਼ਨਾਵਾਂ ਸਭ ਦੀਆਂ ਪੂਰੀਆਂ ਕਰਦੇ ਨੇ; ਅੰਤਰਜਾਮਤਾ ਹੈ, ਪ੍ਰੇਰਨਾ ਸ਼ਕਤੀ ਹੈ, ਦੂਰਦਰਸ਼ੀ ਹੈ; ਸਭ ਕੁਛ ਜਾਣਦੈ। ਸਾਰੀਆਂ ਸ਼ਕਤੀਆਂ ਦੇ ਹੁੰਦੇ ਹੋਏ ਅਟਕ ਗਿਆ - ਅਖੀਰ ਤੇ ਜਾ ਕੇ। ਇਕ ਭਰਮ ਪੈ ਗਿਆ, ਕੰਧ ਆ ਗਈ ਮੂਹਰੇ-ਹਉਮੈ ਦੀ; ਟੁੱਟਦੀ ਨਹੀਂ, ਕਹਿੰਦੇ -

***ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ॥***

***ਅੰਗ - 1263***

ਪਰਮੇਸ਼ਰ ਮਿਲਾ ਦਿਤਾ ਤੇ ਉਚੀ ਅਵਸਥਾ ਤੇ ਪਹੁੰਚਾ ਦਿਤਾ। ਸੋ ਇਸ ਤੋਂ ਅੱਗੇ ਕਿਸ ਤਰ੍ਹਾਂ ਦਾ ਜੀਵਨ ਰਿਹਾ, ਕੀ ਉਹ ਸੋਚਦਾ ਰਿਹਾ, ਕਿਵੇਂ ਪਰਿਵਾਰ ਵਿਚ ਵਰਤਿਆ; ਇਸ ਦੀ ਵਿਚਾਰ ਅਗਲੇ ਪ੍ਰੋਗਰਾਮ ਵਿਚ ਮਹਾਰਾਜ ਕਰਾਉਣਗੇ। ਸੋ ਹੁਣ ਸਾਰੇ ਪ੍ਰੇਮੀ ਗੁਰ ਸਤੋਤਰ ਵਿਚ ਬੋਲੋ।

- ਅਨੰਦ ਸਾਹਿਬ --ਗੁਰ ਸਤੋਤਰ --ਅਰਦਾਸਿ -

# 5

ਸ਼ਾਨ..................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਅੰਗ - 256*
*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*
*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥ਅੰਗ - 537*
*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥ਅੰਗ - 290*
*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,*
*ਮੈਂ ਕਿਛੁ ਨਾਹੀ, ਮੈਂ ਕਿਛੁ ਨਾਹੀ - 2, 2.*
*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ ॥*
*ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ*
*ਨਾਨਕ ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥ ਅੰਗ - 827*

***ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,***
***ਤਿਨ ਕੀ ਕਥਾ ਨਿਰਾਰੀ ਰੇ - 2, 2.***
***ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ ॥***
***ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ ॥***
***ਅੰਗ - 855***

ਸਾਧ ਸੰਗਤ ਜੀ, ਗੱਜ ਕੇ ਬੋਲਣਾ - 'ਸਤਿਨਾਮੁ ਸ੍ਰੀ ਵਾਹਿਗੁਰੂ।' ਇਕ ਜੋ ਪ੍ਰਮੇਸ਼ਰ ਨੂੰ ਭਾ ਜਾਂਦੇ ਨੇ, ਇਕ ਪਰਮੇਸ਼ਰ ਤੋਂ ਦੂਰ ਚਲੇ ਜਾਂਦੇ ਨੇ; ਦੋਹਾਂ ਦੇ ਜੀਵਨ ਦੇ ਅੰਦਰ ਬਹੁਤ ਬੜਾ ਪਾੜ ਹੋਇਆ ਕਰਦੈ। ਪਰਮੇਸ਼ਰ ਨੂੰ ਭਾਏ ਹੋਏ ਜੋ ਹੋਇਆ ਕਰਦੇ ਨੇ, ਉਨ੍ਹਾਂ ਦੀਆਂ ਸਾਰੀਆਂ ਕਥਾਵਾਂ, ਸਾਰੀ approach (ਰਵੱਯਾ), ਸਾਰੀ ਜ਼ਿੰਦਗੀ ਦਾ ਤਜਰਬਾ ਦੂਸਰੀ ਆਮ ਜ਼ਿੰਦਗੀ ਨਾਲੋਂ ਨਿਆਰਾ ਹੋਇਆ ਕਰਦੈ ਕਿਉਂਕਿ ਆਮ ਜ਼ਿੰਦਗੀ ਹਮੇਸ਼ਾ ਹਿਤ ਵਿਚ ਰਹਿੰਦੀ ਹੈ - ਮੈਨੂੰ ਆਹ ਮਿਲ ਜਾਏ, ਮੈਨੂੰ ਔਹ ਮਿਲ ਪਾਏ, ਮੈਨੂੰ ਆਹ ਮਿਲ ਜਾਏ। ਜੋ ਨਿਆਰਾ ਹੋਇਆ ਕਰਦੈ - ਹਰੀ ਦਾ ਸੇਵਕ, ਉਹ ਕਹਿੰਦੈ - ਮੈਂ ਆਹ ਵੀ ਦੇ ਦੇਵਾਂ, ਧਨ ਵੀ ਦੇ ਦੇਵਾਂ, ਮਨ ਵੀ ਦੇ ਦੇਵਾਂ; ਕੁਛ ਨ ਆਪਣੇ ਕੋਲ ਰੱਖਾਂ। ਜੋ ਕੁਛ ਮੈਨੂੰ ਪ੍ਰਮੇਸ਼ਰ ਨੇ ਦਿਤੈ, ਮੈਂ ਸਭ ਕੁਛ ਦੇ ਦੇਵਾਂ। ਸੋ ਦੋਹਾਂ ਦਾ ਫਰਕ ਕਿਉਂ ਹੁੰਦੈ - ਇਕ ਦੇ ਅੰਦਰ ਗ੍ਰਹਿਸਤ ਹੁੰਦੈ, ਪਕੜ ਹੋਇਆ ਕਰਦੀ ਹੈ; ਇਕ ਦੇ ਅੰਦਰ ਨਿਗ੍ਰਹ ਹੋਇਆ ਕਰਦੈ, detachment (ਤਿਆਗ) ਹੋਇਆ ਕਰਦੀ ਹੈ। ਇਕ ਦਾ ਰਸਤਾ ਜਿਧਰੋਂ ਸੂਰਜ ਚੜ੍ਹਦੈ, ਓਧਰ ਨੂੰ ਹੈ; ਇਕ ਦਾ ਰਸਤਾ ਜਿਧਰ ਸੂਰਜ ਛਿਪਦੈ, ਓਧਰ ਨੂੰ ਹੈ। ਸੋ ਦੋਹਾਂ ਦੇ ਵਿਚ ਸਾਂਝਾਂ ਕੋਈ factor (ਮਾਰਗ) ਨਹੀਂ ਹੁੰਦਾ; ਅਗਮ ਹੋਇਐ ਕਰਦੈ, ਆਮ ਆਦਮੀ ਦੀ ਸਮਝ ਤੋਂ ਪਰ੍ਹੇ ਦੀ ਬਾਤ ਹੋਇਆ ਕਰਦੀ ਹੈ। ਜਿਥੇ ਆਮ ਮਨੁੱਖ ਸੋਚ ਨਹੀਂ ਸਕਦਾ, ਉਸ ਥਾਂ ਦੇ ਉਤੇ ਪਰਮੇਸ਼ਰ ਦਾ ਸੇਵਕ ਖੇਲ੍ਹਿਆ ਕਰਦੈ।

ਸੋ ਆਪਾਂ ਬਹੁਤ ਦਿਨਾਂ ਤੋਂ ਵਿਚਾਰ ਕਰ ਰਹੇ ਸੀ। ਕਾਫੀ ਵੀ.ਡੀ.ਓ ਫਿਲਮਾਂ ਇਕੋ ਸ਼ਖਸ਼ੀਅਤ ਦੇ ਦੁਆਲੇ ਘੁੰਮਦੀਆਂ ਨੇ

ਜਿਸ ਦਾ ਨਾਉਂ 'ਪੀਰ ਬੁੱਧੂ ਸ਼ਾਹ' ਹੈ। ਗੁਰੂ ਦਸਮੇਂ ਪਾਤਸ਼ਾਹ ਜੀ ਦੇ ਪਾਸ ਆਉਂਦੈ; ਬਹੁਤ ਪਹੁੰਚਿਆ ਹੋਇਆ ਸੀ, ਬਹੁਤ ਮੁਰੀਦ ਸਨ, ਬੜੀ ਮਾਨਤਾ ਸੀ, ਸ਼ਕਤੀਆਂ ਵਾਲਾ ਸੀ, ਕਾਮਨਾਵਾਂ ਪੂਰੀਆਂ ਕਰਿਆ ਕਰਦਾ ਸੀ - ਆਪਣੇ ਮੁਰੀਦਾਂ ਦੀਆਂ। ਹੋਰ ਵੀ ਅਨੇਕਾਂ ਗੁਣ ਸਨ - ਉਹਦੇ ਅੰਦਰ, ਸਮਾਨ ਦ੍ਰਿਸ਼ਟੀ ਸੀ, ਧਰਮ ਦੇ ਵਿਤਕਰੇ ਦੀ ਉਸ ਦੇ ਅੱਗੇ ਕੋਈ ਕੰਧ ਨਹੀਂ ਸੀ। ਇਸ ਕੰਧ ਤੋਂ ਪਰ੍ਹੇ ਉਹ - ***"ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ॥' (ਅਕਾਲ ਉਸਤਤਿ)*** ਏਥੇ ਖੜ੍ਹਾ ਸੀ। ਤੁਅੱਸਬ ਨਾਮ ਦੀ ਚੀਜ਼ ਉਹਦੇ ਅੰਦਰ ਕੋਈ ਨਹੀਂ ਸੀ। ਜਿੰਨਾਂ ਪਿਆਰ ਇਸਲਾਮ ਵਾਲਿਆਂ ਨੂੰ ਕਰਦਾ ਸੀ, ਓਨਾਂ ਹੀ ਹਿੰਦੂਆਂ ਨੂੰ ਕਰਦਾ ਸੀ। ਇਕ ਲੰਗਰ ਉਨ੍ਹਾਂ ਵਾਸਤੇ ਸੀ, ਇਕ ਲੰਗਰ ਇਨ੍ਹਾਂ ਵਾਸਤੇ ਸੀ। ਸੱਚ ਦੀ ਖੋਜ ਦਾ ਮੁਤਲਾਸ਼ੀ ਸੀ। ਸੱਚੇ ਦਿਲੋਂ ਚਾਹੁੰਦਾ ਸੀ ਕਿ ਮੈਂ ਸੱਚ ਨੂੰ ਪਹਿਚਾਣ ਲਵਾਂ ਲੇਕਿਨ ਅਜੇ ਤੱਕ ਕਾਮਨਾ ਪੂਰੀ ਨਹੀਂ ਸੀ ਹੋਈ। ਨੇੜੇ-ਨੇੜੇ ਘੁੰਮਦਾ ਸੀ। ਇਕ point (ਨੁਕਤਾ) ਰਹਿੰਦਾ ਸੀ, ਇਕ ਕਦਮ ਰਹਿੰਦਾ ਸੀ ਜਿਹੜਾ ਬਗੈਰ ਗੁਰੂ ਤੋਂ ਪੁੱਟਿਆ ਨਹੀਂ ਜਾ ਸਕਦਾ ਸੀ। ਆਦਮੀ ਦੇ ਵਿਚ ਤਾਕਤ ਨਹੀਂ ਕਿ ਆਖਰੀ ਕਦਮ ਆਪ ਪੁੱਟ ਲਵੇ। ਉਹ ਜੋ ਸ਼ਕਤੀ ਹੈ - ਨਦਰੀ ਨਦਰਿ ਨਿਹਾਲ ਦੀ, ਮਿਹਰ, ਬਖਸ਼ਿਸ਼ ਦੀ ਸ਼ਕਤੀ ਹੈ, ਪਰਮੇਸ਼ਰ ਦੇ ਹੱਥ ਵਿਚ ਹੋਇਆ ਕਰਦੀ ਹੈ ਜਾਂ ਪਰਮੇਸ਼ਰ ਦੇ ਪਿਆਰਿਆਂ ਦੇ ਹੱਥ ਵਿਚ ਹੋਇਆ ਕਰਦੀ ਹੈ ਜਿਹੜੇ ਅਭੇਦ ਅਵਸਥਾ ਦੇ ਹੁੰਦੇ ਨੇ, ਪਰਮੇਸ਼ਰ ਦੇ ਅੰਦਰ ਦਿਨ ਰਾਤ ਸਮਾਏ ਰਹਿੰਦੇ ਨੇ। ਉਨ੍ਹਾਂ ਕੋਲ veto power (ਹੋਣੀ ਬਦਲਣ ਦੀ ਸ਼ਕਤੀ) ਹੋਇਆ ਕਰਦੀ ਹੈ ਕਿ ਦਰਵਾਜ਼ਾ ਖੁਲ੍ਹਵਾ ਦੇਣ।

ਗੁਰੂ ਦਸ਼ਮੇਸ਼ ਪਿਤਾ ਜੀ ਦੇ ਪਾਸ ਆਉਂਦੈ ਪੀਰ ਬੁੱਧੂ ਸ਼ਾਹ; ਇਹੋ ਪ੍ਰਸਨ ਕਰਦੈ -

"ਮਹਾਰਾਜ! ਰੂਹ ਦਾ ਤੇ ਖੁਦਾ ਦਾ ਮੇਲ ਕਿਵੇਂ ਹੋਵੇ?

"ਜਿਵੇਂ ਦਿਨ ਤੇ ਰਾਤ ਦਾ।"

ਹੈਰਾਨ ਹੋ ਗਿਆ ਕਿ ਦਿਨ ਤਾਂ ਕਦੇ ਰਾਤ ਨੂੰ ਮਿਲਿਆ

ਹੀ ਨਹੀਂ। ਜਦੋਂ ਦਿਨ ਆਉਂਦੈ, ਰਾਤ ਖਤਮ ਹੋ ਜਾਂਦੀ ਹੈ।

"ਮਹਾਰਾਜ! ਮੈਂ ਸਮਝਿਆ ਨਹੀ।"

"ਜਿਵੇਂ ਤੂੰ ਸਮਝਿਐਂ, ਇਵੇਂ ਜਿਵੇਂ ਹੈ ਬਾਤ।"

"ਖੋਲ੍ਹ ਕੇ ਦੱਸੋ ਮਹਾਰਾਜ! ਝੂਠ ਦਾ ਸੱਚ ਨਾਲ ਮੇਲ ਕਿਵੇਂ ਹੋਵੇ?"

"ਜਦੋਂ ਸੱਚ ਪ੍ਰਗਟ ਹੋ ਜਾਣੈ, ਝੂਠ ਨਾਂ ਦੀ ਚੀਜ਼ ਖਤਮ ਹੋ ਜਾਣੀ ਹੈਂ, ਝੂਠ ਨਾਂ ਦੀ ਚੀਜ਼ ਨਹੀਂ ਰਹਿਣੀ। ਸੱਚ-ਸੱਚ ਹੋਇਐ ਕਰਦੈ। ਝੂਠ ਦੀ ਕੋਈ ਜੜ੍ਹ ਨਹੀਂ ਹੁੰਦੀ, ਬੇ-ਬੁਨਿਆਦ ਚੀਜ਼ ਹੁੰਦੀ ਹੈ?"

"ਮਹਾਰਾਜ, ਅਜੇ ਵੀ ਨਹੀਂ ਮੈਂ ਸਮਝਿਆ। ਇਹਦੇ ਵਾਸਤੇ ਮੈਂ ਬੜੇ ਜਤਨ ਕੀਤੇ ਨੇ - ਚਿਲੇ ਕੱਟੇ, ਦਾਨ ਦਿਤਾ, ਸਾਧਨਾਂ ਕਰੀਆਂ, ਬੜੇ ਪਾਠ ਕੀਤੇ, ਤਪ ਕੀਤੇ।"

"ਇਹ ਤਾਂ ਤੂੰ ਝੂਠ ਨੂੰ ਤਕੜਾ ਕਰਨ ਵਾਲੀਆਂ ਗੱਲਾਂ ਕੀਤੀਆਂ ਸਾਰੀਆਂ।"

"ਮਹਾਰਾਜ! ਇਹ ਚੀਜ਼ਾਂ ਝੂਠ ਨੂੰ ਤਕੜਾ ਕਰਦੀਆ ਨੇ?"

"ਹਾਂ! ਜੇ ਝੂਠ ਦੇ ਵਿਚ ਬੈਠ ਕੇ ਕਰੀਆਂ ਜਾਣ।"

"ਮੈਂ ਸਮਝਿਆ ਨਹੀਂ। ਮੈਨੂੰ ਹੋਰ ਖੋਲ੍ਹ ਕੇ ਸਮਝਾਉ।"

"ਬੁੱਧੂਸ਼ਾਹ! ਇਕ ਝੂਠ ਹੈ ਜਿਹਨੂੰ 'ਮੈਂ' ਕਹਿਨੈ; ਇਕ ਸੱਚ ਹੈ ਜਿਹਨੂੰ ਅੱਲਾ ਕਹਿਨੈ, ਵਾਹਿਗੁਰੂ ਕਹਿਨੈ, ਰਾਮ ਕਹਿਨੈ, ਭਗਵਾਨ ਕਹਿਨੈ। ਜੋ ਝੂਠ ਹੈ, ਉਹਦੀ ਕੋਈ ਬੁਨਿਆਦ ਨਹੀਂ ਹੋਇਆ ਕਰਦੀ। ਦੁਨੀਆਂ ਦੇ ਅੰਦਰ ਬੇਅੰਤ ਮਿਸਾਲਾਂ ਨੇ। ਹਨ੍ਹੇਰੇ ਦੇ ਵਿਚ ਰੱਸੀ ਪਈ ਹੋਵੇ, ਝੂਠ ਕਹਿੰਦੈ ਕਿ ਸੱਪ ਪਿਐ। ਲੇਕਿਨ ਸੱਚ ਇਹ ਹੈ ਕਿ ਜਦੋਂ ਪ੍ਰਕਾਸ਼ ਹੁੰਦੈ, ਉਹ ਕਹਿੰਦੈ ਕਿ ਸੱਪ ਤਾਂ ਹੈ ਈ ਨਹੀਂ ਸੀ; ਇਹ ਤਾਂ ਰੱਸੀ ਸੀ। ਲੇਕਿਨ ਝੂਠ ਦਾ ਵਜੂਦ ਬਣ ਗਿਆ। ਝੂਠ ਉਸੇ ਨੂੰ ਕਹਿੰਦੇ ਨੇ ਕਿ ਹੁੰਦੀ ਚੀਜ਼ ਨੂੰ ਅਣਹੋਂਦੀ ਕਰਕੇ ਦੇਖਣਾ ਤੇ ਅਣਹੋਂਦੀ ਨੂੰ ਹੁੰਦੀ ਕਰਕੇ ਦੇਖਣਾ। ਪਰਛਾਵਾਂ

ਪੈ ਰਿਹੈ - ਚੰਦ੍ਰਮਾ ਦਾ - ਹਜ਼ਾਰਾਂ ਘੜਿਆਂ ਦੇ ਅੰਦਰ। ਕੱਲੇ-ਕੱਲੇ ਘੜੇ ਦੇ ਅੰਦਰ ਚੰਦਰਮਾ ਦਿਸਦੈ। ਡੰਡਾ ਲੈ ਕੇ ਘੜੇ ਭੰਨ ਦਿਤੇ; ਚੰਦਰਮਾ ਕਿੱਥੇ ਚਲਿਆ ਗਿਆ? ਪ੍ਰਤਿਬਿੰਬ ਬਿੰਬ ਵਿਚ ਸਮਾਅ ਗਿਆ। ਪ੍ਰਤਿਬਿੰਬ ਕੋਈ ਚੀਜ਼ ਨਹੀਂ ਸੀ; ਇਕ ਝੂਠ ਦਾ ਪਰਛਾਵਾਂ ਸੀ। ਸੋ ਕਹਿੰਦੇ, ਇਸੇ ਤਰ੍ਹਾਂ ਦੇ ਨਾਲ ਜਿਹੜਾ ਇਹ 'ਮੈਂ' ਬਣਿਆਂ ਹੋਇਐ ਇਨਸਾਨ; ਇਹ ਇਕ ਪਰਛਾਵਾਂ ਹੈ, ਇਕ ਮਨੌਤ ਹੈ; ਦਰਅਸਲ ਹੈ ਨਹੀਂ।''

''ਫਿਰ ਮਹਾਰਾਜ, ਏਥੇ ਹੈ ਕੀ?''

''ਨਿਰਾ ਸੱਚ। ਏਥੇ ਦੂਸਰਾ ਨਹੀਂ ਕੋਈ, ਆਪ-ਏ ਪਰਮੇਸ਼ਰ ਅਨੇਕਾ ਰੰਗਾਂ ਦੇ ਵਿਚ ਖੇਲ੍ਹ ਰਿਹੈ। ਜਿਸਨੇ ਇਹ ਪਛਾਣ ਲਿਆ, ਉਹਦੇ ਕੋਲੋਂ ਝੂਠ ਖਤਮ ਹੋ ਗਿਆ। ਮੋਟੇ ਅੱਖਰਾਂ ਦੇ ਵਿਚ, ਬੁੱਧੂ ਸ਼ਾਹ ਇਹ ਜੋ ਇਨਸਾਨ ਹੈ, ਇਹ 'ਮੈਂ' ਦਾ ਘੇਰਿਆ ਹੋਇਐ ਜਿਹਨੂੰ ego (ਹਉਮੈ) ਕਹਿੰਦੇ ਨੇ।'' Ego (ਹਉਮੈ) ਦੀ ਨਿਸ਼ਾਨੀ ਕੀ ਹੁੰਦੀ ਹੈ? ਆਦਮੀ ਇਹ ਕਹਿੰਦੈ ਕਿ 'ਮੈਂ' ਹਾਂ। ਜਦੋਂ 'ਮੈਂ' ਮੰਨੇਂਗਾ ਤਾਂ 'ਮੈਂ' ਦੁਖ ਹੋਵੇਗਾ। ਜਦੋਂ ਕੋਈ ਉਸਤਤਿ ਕਰੇਗਾ, 'ਮੈਂ' ਫੁੱਲੇਗੀ; ਕੋਈ ਨਿੰਦਿਆ ਕਰੇਗਾ, ਮਾੜੇ ਸ਼ਬਦ ਵਰਤੇਗਾ ਤਾਂ 'ਮੈਂ' ਦੁਖ ਹੋਏਗੀ, ਕਲਪੇਗੀ, ਲੜਨ ਨੂੰ ਤਿਆਰ ਹੋ ਜਾਏਗਾ ਕਿਉਂਕਿ 'ਮੈਂ' ਬਹੁਤ ਵੱਡੀ ਚੀਜ਼ ਹੈ - ਆਦਮੀ ਦੇ ਅੰਦਰ। ਮਹਾਰਾਜ ਕਹਿੰਦੇ -

***.............ਅਣਹੋਦਾ ਆਪੁ ਗਣਾਇਦੇ॥ ਅੰਗ - 468***

ਹੈ ਨਹੀਂ, ਲੇਕਿਨ ਐਵੇਂ ਹੀ ਇਕ ਝੂਠੀ ਚੀਜ਼ ਨੂੰ ਫੜ ਕੇ ਬਹਿ ਗਿਆ - ਅਗਿਆਨੀ ਹੋ ਕੇ, ਤੇ ਜੰਮਣ ਮਰਨ ਨਹੀਂ ਇਹਦਾ ਛੁੱਟਦਾ; ਜੰਮਦਾ ਰਹਿੰਦੈ, ਮਰਦਾ ਰਹਿੰਦੈ, ਜੰਮਦਾ ਰਹਿੰਦੈ, ਮਰਦਾ ਰਹਿੰਦੈ; ਐਨੀ ਬਿਮਾਰੀ, ਐਨੀ ਤਕਲੀਫ - ਪੰਜ ਕਿਸਮ ਦੇ ਕਲੇਸ਼ - ਅਵਿਦਿਆ, ਅਸਿਮਤਾ, ਅਭੀਨਿਵੇਸ਼, ਰਾਗ, ਦਵੈਸ਼ ਇਹਦੇ ਗਲ ਪਏ ਰਹਿੰਦੇ ਨੇ, ਤੇ ਇਨ੍ਹਾਂ ਦਾ ਮਾਰਿਆ ਹੋਇਆ ਜਨਮ-ਜਨਮਾਂਤਰਾਂ ਵਿਚ ਘੁੰਮਣ ਦਾ ਦੁਖ, ਜੂਨਾਂ ਵਿਚ ਘੁੰਮਣ ਦਾ ਦੁਖ ਭੋਗਦੈ। ਚੌਰਾਸੀ ਲੱਖ ਜੂਨਾਂ ਵਿਚ ਘੁੰਮਦਾ ਫਿਰਦੈ - ਕੇਵਲ

'ਮੈਂ' ਦਾ ਮਾਰਿਆ ਹੋਇਆ; ਇਹਨੂੰ ਛੱਡ ਨਹੀਂ ਸਕਦਾ। ''ਫੇਰ ਮਹਾਰਾਜ, ''ਮੈਂ' ਝੂਠੀ ਰੂਹ ਹੋਈ ਨਾ?'' ਮਹਾਰਾਜ ਕਹਿੰਦੇ, ''ਜਿਹੜੀ ਝੂਠੀ ਰੂਹ ਹੈ, ਉਹ ਹੈ ਨਹੀਂ; ਜਿਹੜੀ ਸੱਚੀ ਹੈ, ਉਹ ਹੈ। ਸੱਚੀ ਨੂੰ ਤੂੰ ਪਛਾਣ।''

ਮਹਾਰਾਜ ਨੇ ਕ੍ਰਿਪਾ ਕੀਤੀ, ਕਹਿੰਦੇ, ''ਬੁੱਧੂਸ਼ਾਹ! 'ਮੈਂ' ਛੱਡ ਦੇ। ਬਾਕੀ ਕੀ ਰਹਿ ਗਿਆ?'' ਵੱਜਦ ਵਿਚ ਆ ਗਿਆ, ਵਿਸਮਾਦ ਵਿਚ ਆ ਗਿਆ ਕਿਉਂਕਿ ਪੂਰਾ ਜਗਿਆਸੂ ਸੀ। ਨੱਚਣਾ ਸ਼ੁਰੂ ਕਰ ਦਿਤਾ। ਮਹਾਰਾਜ ਨੇ ਬ੍ਰਹਮਗਿਆਨ ਦੀ ਦਾਤ ਦੇ ਦਿਤੀ, ਦੋ ਤੋਂ ਇਕ ਬਣਾ ਦਿਤਾ।

ਗਿਆਨ ਦੋ ਤਰ੍ਹਾਂ ਦਾ ਹੁੰਦੈ - ਇਕ ਤਾਂ ਉਹ ਹੁੰਦੈ ਜੋ ਸਮਾਧੀ ਦੇ ਵਿਚ ਆਦਮੀ ਨੂੰ ਆਉਂਦੈ, ਜਿਹਦੀ ਬਿਰਤੀ ਉਚੀ ਚੜ੍ਹ ਜਾਂਦੀ ਹੈ; ਇਕ ਗਿਆਨ ਦੀ ਵਰਤੋਂ ਹੁੰਦੀ ਹੈ, ਜਿਹਨੂੰ 'ਸੱਚ-ਮਈ ਜੀਵਨ' ਕਹਿੰਦੇ ਨੇ -

***ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥ ਅੰਗ - 62***

ਸੱਚ ਦੇ ਵਿਚ ਰੱਤੇ ਹੋਏ ਦਾ ਜੋ ਜੀਵਨ ਹੈ, ਉਹ ਉਹਦੀ ਪ੍ਰਤੱਖ ਨਿਸ਼ਾਨੀ ਹੋਇਆ ਕਰਦੀ ਹੈ - ਸੰਸਾਰ ਦੇ ਅੰਦਰ, ਕਿਉਂਕਿ ਉਹ intellectual (ਦਿਮਾਗੀ) ਚੀਜ਼ ਨ ਰਹੀ, ਉਹ ਪ੍ਰਤੱਖ ਰੂਪ ਦੇ ਅੰਦਰ ਆ ਗਈ। ਸੋ ਪ੍ਰਤੱਖ ਦਾ ਜੀਵਨ ਬਤੀਤ ਕਰਨਾ ਸ਼ੁਰੂ ਕਰ ਦਿਤਾ।

ਗੁਰੂ ਮਹਾਰਾਜ ਪਾਉਂਟਾ ਸਾਹਿਬ ਦੇ ਅੰਦਰ ਇਕ ਬਹੁਤ ਬੜਾ ਕਾਰਜ ਕਰ ਰਹੇ ਨੇ। 102 ਲਿਖਾਰੀ, ਜਿਨ੍ਹਾਂ ਵਿਚ 50 ਕਵੀ ਤੇ 52 ਲਿਖਾਰੀ ਸਨ। ਪੁਰਾਣੀਆਂ ਪੁਸਤਕਾਂ ਸਾਰੇ ਹੀ ਧਰਮਾਂ ਦੀਆਂ, ਉਨ੍ਹਾਂ ਦਾ ਅਨੁਵਾਦ ਕਰਾ ਰਹੇ ਸਨ। ਪੁਰਾਣੀਆਂ ਪੁਸਤਕਾਂ ਸਾਰੇ ਹੀ ਧਰਮਾਂ ਦੀਆਂ, ਉਨ੍ਹਾਂ ਦਾ ਅਨੁਵਾਦ ਕਰਾ ਰਹੇ ਨੇ। 'ਕ੍ਰਿਸ਼ਨਾ ਅਵਤਾਰ' ਦਾ ਬਹੁਤ ਵੱਡਾ ਵਿਸਥਾਰ ਹੈ, ਮਹਾਰਾਜ ਨੇ ਆਪ ਲਿਖਿਐ। 'ਰਾਮਾ ਅਵਤਾਰ' ਮਹਾਰਾਜ ਨੇ ਆਪ ਲਿਖਿਐ। ਇਹ ਜਿਹੜੀ ਉਤਰਾ ਰਾਮਾਇਣ ਹੈ - ਗੁਰੂ ਮਹਾਰਾਜ ਦੀ, ਪੜ੍ਹ ਕੇ ਦੇਖੋ ਕਦੇ; ਕਿੱਡੀ ਇੱਜ਼ਤ ਹੈ ਉਸ ਦੇ ਅੰਦਰ - ਸੀਤਾ ਜੀ

ਦੀ, ਇਸਤ੍ਰੀ ਜ਼ਾਤੀ ਨੂੰ ਕਿੰਨਾਂ ਉਪਰ ਲੈ ਗਏ ਨੇ ਮਹਾਰਾਜ, ਸ਼ੰਕਿਆਂ ਤੋਂ ਉਪਰ ਕੱਢ ਦਿਤਾ ਇਸਨੂੰ। ਸੋ, ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਸੀ ਕਿ ***'ਅਵਰੁ ਵਾਸਨਾ ਨਾਹਿ ਪ੍ਰਭ ਧਰਮ ਯੁੱਧ ਕੇ ਚਾਇ।'*** ਧਰਮ ਦੇ ਵਿਚ ਸੰਸਾਰ ਨੂੰ ਲਿਆਉਣੈ ਕਿਉਂਕਿ ਅਧਰਮ ਦਾ ਜੋ ਕੂੜਾ ਬੱਦਲ ਸੀ, ਉਹਨੇ ਸੰਸਾਰ ਨੂੰ ਢਕ ਕੇ ਦੁਖੀ ਕਰ ਦਿਤਾ। ਦਰਗਾਹ ਦੇ ਅੰਦਰ ਪੁਕਾਰ ਪਹੁੰਚਦੀ ਹੈ ਕਿ ਹੇ ਪ੍ਰਭੂ! ਅਸੀਂ ਦੁਖੀ ਹਾਂ, ਧਰਤੀ ਭਾਰ ਨਹੀਂ ਸਹਿੰਦੀ।

ਉਸ ਵੇਲੇ ਸੱਚ ਦਾ ਪ੍ਰਕਾਸ਼ ਕਰਨ ਵਾਸਤੇ ਗੁਰੂ ਨਾਨਕ ਪਾਤਸ਼ਾਹ ਗੁਰੂ ਰੂਪ ਦੇ ਅੰਦਰ ਅਕਾਲ ਪੁਰਖ ਪ੍ਰਗਟ ਹੋਏ ਤੇ ਦਸਵੀਂ ਜੋਤਿ ਦੇ ਅੰਦਰ ਕੁਛ ਕੰਮ ਹੋਰ ਉਸ ਤੋਂ ਔਖਾ ਸੀ। ਉਸ ਵੇਲੇ ਇਹ ਸੀ ਕਿ ਆਪ੍ਰੇਸ਼ਨ ਕੀਤਾ ਜਾਵੇ। ਦੁਆਈਆਂ ਨਾਲ ਇਹ ਇਲਾਜ ਨਹੀਂ ਸੀ ਹੋ ਰਿਹਾ। ਲੋੜ ਸੀ ਕਿ ਇਸ ਜ਼ਹਿਰੀਲੇ ਫੋੜੇ ਦਾ ਆਪ੍ਰੇਸ਼ਨ ਕਰਕੇ ਜੋ ਕੌਮ ਹੈ, ਦੇਸ਼ ਦੀ ਸਰੀਰ ਹੈ – ਸਾਰੇ ਦੀ, ਇਹਦੇ ਵਿਚੋਂ ਬਿਮਾਰੀ ਨੂੰ ਦੂਰ ਕੀਤਾ ਜਾਵੇ। ਇਸ ਬਿਮਾਰੀ ਦੇ ਅੰਦਰ ਜੋ undersirable elements (ਅਯੋਗ ਤੱਤ) ਸੀ, ਉਹ ਸੀ 'ਅਧਰਮ' ਦੀ ਕਿਰਿਆ। ਕੁਛ elements (ਤੱਤ) ਤਾਂ ਧਰਮ ਦੇ ਉਪਦੇਸ਼ ਨਾਲ ਰਲਦੇ ਸੀ ਪਰ ਕੁਛ ਐਸਾ ਹੋ ਗਿਆ ਸੀ ਕਿ ਉਹਦਾ ਇਲਾਜ ਉਸ ਤਰ੍ਹਾਂ ਨਹੀਂ ਸੀ ਹੋ ਸਕਦਾ। ਫੇਰ ਵੀ ਸੱਚ ਦਾ ਉਪਦੇਸ਼ ਦਿੰਦੇ ਸੀ। ਉਪਦੇਸ਼ ਇਹ ਸੀ ਕਿ –

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਅੰਗ – 1427***

ਇਨਸਾਨ ਜੋ ਹੈ, ਇਹ ਪ੍ਰਭੂ ਦੀ ਜੋਤਿ ਹੈ। ਜੋ ਵੀ ਦੇਖਦੈ, ਜਿਸ ਚੀਜ਼ ਨੂੰ ਵੀ ਦੇਖਦੈ, ਉਹਦੇ ਵਿਚ ਪ੍ਰਭੂ ਦੀ ਜੋਤਿ ਹੈ। ਤੇ ਪ੍ਰਭੂ ਦੀ ਜੋਤਿ ਹੁੰਦਾ ਹੋਇਆ ਇਹ ਸਭ ਦੇ ਅੰਦਰ ਪਛਾਣੇ। ਜਦੋਂ ਸਾਰਿਆਂ ਦੇ ਅੰਦਰ ਇਕ ਦੇਖਦੈ, ਫੇਰ ਡਰ ਕਿਸ ਦਾ, ਤੇ ਡਰ ਕਿਸਨੂੰ ਦੇਣਾ, ਕਿਸ ਤੋਂ ਕੁਛ ਖੋਹਣਾ, ਕਿਸ ਨੂੰ ਸਤਾਉਣਾ। ਸੋ, ਇਨਸਾਨ ਗਿਰ ਚੁੱਕਿਆ ਸੀ, ਅੰਧਕਾਰ 'ਚ ਫਸ ਚੁੱਕਿਆ ਸੀ। ਸਮੇਂ ਦੀ ਜੋ ਹਕੂਮਤ ਸੀ, ਉਸ ਵੇਲੇ ਜੋ ਸ਼ਾਸ਼ਕ ਸਨ, ਉਨ੍ਹਾਂ ਦੇ ਅੰਦਰ ਦੋ ਤਰ੍ਹਾਂ ਦੀ ਭਾਵਨਾ ਸੀ। ਉਹ ਇਹ ਸੀ ਕਿ ਕੋਈ ਵੀ

ਸੱਚ ਦੀ ਆਵਾਜ਼ ਦੇ ਕੇ ਰੋਂਦੀ ਹੋਈ ਜੋ ਜਨਤਾ ਸੀ, ਜਿਹਦਾ ਅਧਿਕਾਰ ਕੁਛ ਵੀ ਨਹੀਂ ਸੀ ਰਿਹਾ ਤੇ ਭੇਡਾਂ ਬੱਕਰੀਆਂ ਬਣ ਗਈਆਂ ਸੀ; ਇਹ ਸਮਝਿਆ ਜਾਣ ਲਗ ਪਿਆ ਸੀ ਕਿ ਕੋਈ ਆਵੇ ਕੋਈ ਜਾਵੇ, ਭੇਡਾਂ ਤੋਂ ਤਾਂ ਉੱਨ ਹੀ ਲਾਹੁਣੀ ਹੈਂ; ਚਾਹੇ ਆਪਣੇ ਹੋਣ, ਚਾਹੇ ਬਿਗਾਨੇ ਹੋਣ, ਸਾਥੋਂ ਤਾਂ ਪੈਸਾ ਖੋਹਣਾ ਹੀ ਖੋਹਣੈ - ਰਾਜਿਆਂ ਨੇ।

ਸੋ ਇਹ ਅਵਸਥਾ ਹੋਣ ਦੇ ਨਾਲ ਜਨਤਾ ਬਹੁਤ ਥੱਲੇ ਆ ਗਈ ਸੀ। ਧਰਮੀ ਚੁੱਪ ਕਰਕੇ ਪਰਮੇਸ਼ਰ ਦੇ ਨਾਲ ਜੁੜੇ ਰਹਿੰਦੇ ਸੀ। ਜ਼ੁਰਅਤ ਨਹੀਂ ਸੀ ਕਿਸੇ ਦੇ ਅੰਦਰ ਕਿ ਅਸੱਤਿ ਦੇ ਖਿਲਾਫ ਆਵਾਜ਼ ਉਠਾ ਸਕੇ। ਗੁਰੂ ਮਹਾਰਾਜ ਉਹ ਇਤਿਹਾਸ ਲਿਆ ਰਹੇ ਸੀ ਕਿ ਸ੍ਰੀ ਰਾਮਚੰਦਰ ਮਹਾਰਾਜ ਦੇ ਵੇਲੇ ਕਿਵੇਂ ਇਨਸਾਨ ਰਹਿੰਦਾ ਸੀ, ਦੁਆਪਰ ਜੁਗ ਦੇ ਅੰਦਰ ਕ੍ਰਿਸ਼ਨ ਮਹਾਰਾਜ ਦੇ ਵੇਲੇ ਇਨਸਾਨ ਦੀ ਸੋਚ ਕੀ ਸੀ, ਕਿਸ ਤਰ੍ਹਾਂ ਦੇ ਨਾਲ ਪਰਿਵਾਰ ਦੇ ਵਿਚ ਰਹਿੰਦਾ ਸੀ, ਕਿਵੇਂ ਪੁੱਤਰ ਸੀ, ਕਿਹੋ ਜਿਹਾ ਪਿਤਾ ਸੀ, ਕਿਹੋ ਜਿਹਾ ਭਰਾ ਸੀ, ਕਿਹੋ ਜਿਹੇ ਦੇਸ਼ ਵਿਚ ਰਹਿਣ ਵਾਲਾ ਸੀ ਤੇ ਸ਼ਾਸ਼ਕ ਕਿਹੋ ਜਿਹਾ ਸੀ। ਉਹ ਇਕ ਤਰ੍ਹਾਂ ਦਾ ਗਿਆਨ ਖੁੱਲ੍ਹ ਰਿਹਾ ਸੀ। ਇਸ ਚੀਜ਼ ਨੂੰ ਗਲਤ ਸਮਝ ਕੇ ਵਿਉਂਤਾਂ ਹੋਣ ਲਗ ਗਈਆਂ ਕਿ ਹੁਣੇ ਹੀ ਇਸਨੂੰ ਦਬਾ ਦਿਤਾ ਜਾਵੇ ਤੇ ਜੇ ਇਹ ਉਠ ਖੜ੍ਹੇ ਤਾਂ ਇਹ ਆਪਣੇ ਹੱਕ ਮੰਗਣਗੇ। ਸਾਡਾ ਜੋ ਜ਼ੋਰ ਜਬਰ ਹੈ, ਇਹ ਚੱਲਣਾ ਨਹੀਂ ਹੈ।

ਗੁਰੂ ਮਹਾਰਾਜ ਪਾਉਂਟਾ ਸਾਹਿਬ ਜਾ ਕੇ ਨਿਵਾਸ ਕਰਦੇ ਸੀ। ਤੇ ਏਥੇ ਮਹਾਰਾਜ ਨੇ ਮੇਦਨੀ ਪ੍ਰਕਾਸ਼ ਜੋ ਨਾਹਨ ਦਾ ਰਾਜਾ ਸੀ ਤੇ ਫਤੇ ਸ਼ਾਹ, ਜੋ ਸ੍ਰੀ ਨਗਰ ਦਾ ਰਾਜਾ ਸੀ; ਦੋਹਾਂ ਨੂੰ ਕਿਹਾ ਕਿ ਕਿਉਂ ਲੜਦੇ ਓਂ। ਲੜ ਕੇ ਬੰਦੇ ਮਰਦੇ ਨੇ। ਇਹਦੇ ਵਿਚ ਫਰਕ ਕੋਈ ਨਹੀਂ ਪੈਂਦਾ - ਤੁਸੀਂ ਆਪਣੇ-ਆਪਣੇ ਰਾਜ ਵਿਚ ਰਾਜ ਕਰੋ; ਇਕ ਦੂਏ ਦੇ ਵਿਚ ਕਿਉਂ ਦਖਲ ਦਿੰਦੇ ਹੋ? ਤੁਸੀਂ ਮਿੱਤ੍ਰਤਾ ਦੇ ਨਾਲ ਰਹੋ ਤੇ ਆਦਰਸ਼ਕ ਰਾਜ ਦੇ ਨਾਲ ਜਨਤਾ ਨੂੰ ਸੁਖ ਦਿਓ। ਇਹ ਜਿਹੜਾ ਪੈਸਾ ਤੁਸੀਂ ਫੌਜਾਂ ਤੇ ਖਰਚ ਕੇ ਬਰਬਾਦ

ਕਰਦੇ ਹੋਂ, ਇਹੀ ਜਨਤਾ ਦੇ ਲਾਭ ਹਿੱਤ ਖਰਚੋ। ਦੋਏ ਸਮਝ ਗਏ। ਅਖੀਰ ਐਸਾ ਵਾਕਾ ਹੋਇਆ ਕਿ ਭੀਮ ਚੰਦ, ਜਿਹਦੀ ਮਹਾਰਾਜ ਜੀ ਦੇ ਨਾਲ ਬੜੀ ਈਰਖਾ ਸੀ, ਉਹਦਾ ਲੜਕਾ ਰਾਜਾ ਫਤੇ ਸ਼ਾਹ ਦੀ ਲੜਕੀ ਨਾਲ ਵਿਆਹਿਆ ਗਿਆ। ਉਸ ਵੇਲੇ ਮਹਾਰਾਜ ਨੇ ਸਵਾ ਲੱਖ ਰੁਪਏ ਦਾ ਤੰਬੋਲ ਭੇਜਿਆ। ਤਾਂ ਓਧਰ ਇਹ ਸਲਾਹ ਠਹਿਰੀ ਕਿ ਇਹਨੂੰ ਲੁੱਟ ਲਓ, ਗਿਫਟ ਨ ਲਓ; ਜ਼ੋਰ ਨਾਲ ਖੋਹ ਲਓ। ਨੰਦ ਚੰਦ, ਜੋ ਗੁਰੂ ਮਹਾਰਾਜ ਦੇ ਦੀਵਾਨ ਸਨ, ਉਨ੍ਹਾਂ ਨੂੰ ਪਤਾ ਲਗ ਗਿਆ। ਇਕ ਸੌ ਘੋੜੇ, ਜੋ ਗੁਰੂ ਮਹਾਰਾਜ ਵਾਸਤੇ ਆ ਰਹੇ ਸੀ, ਉਹ ਵੀ ਖੋਹਣ ਦਾ ਯਤਨ ਕਰਿਆ। ਪਰ ਇਹ ਕਿਸੇ ਨ ਕਿਸੇ ਤਰ੍ਹਾਂ ਮਹਾਰਾਜ ਦੀ ਮਿਹਰ ਦੇ ਨਾਲ ਨਿਕਲ ਕੇ ਪਾਉਂਟਾ ਸਾਹਿਬ ਆ ਗਏ ਤੇ ਮਹਾਰਾਜ ਨੂੰ ਖਬਰ ਕਰ ਦਿਤੀ ਕਿ ਸੱਚੇ ਪਾਤਸ਼ਾਹ, ਐਸ ਵੇਲੇ ਅਵੇਸਲੇ ਹੋਣ ਦੀ ਲੋੜ ਨਹੀਂ ਹੈ। ਸਾਹਿਤ ਰਚਿਆ ਜਾ ਰਿਹੈ, ਪੁਰਅਮਨ ਵਾਤਾਵਰਣ ਹੈ। ਮਹਾਰਾਜ! ਕੁਛ ਕਰਨਾ ਚਾਹੀਦੈ, ਉਹ ਤਾਂ ਆਏ ਸਮਝੋ। ਏਧਰ ਗੁਰੂ ਮਹਾਰਾਜ ਦੇ ਪਾਸ 500 ਪਠਾਣ ਤੇ ਚਾਰ ਸਰਦਾਰ ਜੋ ਔਰੰਗਜ਼ੇਬ ਨੇ ਕਿਸੇ ਗਲਤੀ ਦੇ ਕਾਰਨ ਕੱਢ ਦਿਤੇ ਸੀ, ਉਹ ਪੀਰ ਬੁੱਧੂ ਸ਼ਾਹ ਨੇ ਗੁਰੂ ਮਹਾਰਾਜ ਦੇ ਪਾਸ ਨੌਕਰ ਰਖਾ ਦਿਤੇ। ਲੇਕਿਨ ਇਨ੍ਹਾਂ ਦੇ ਮਨ ਡੋਲਣ ਲਗ ਗਏ। ਗੁਰੂ ਮਹਾਰਾਜ ਦਾ ਤਾਂ ਵੈਰ ਨਹੀਂ ਸੀ ਕਿਸੇ ਨਾਲ – ਬਿਲਕੁਲ। ਮਹਾਰਾਜ ਤਾਂ ਇਕ ਦ੍ਰਿਸ਼ਟੀ ਨਾਲ ਦੇਖਦੇ ਸੀ – ਸਾਰਿਆਂ ਨੂੰ, ਕਿ ਸਾਰਿਆਂ ਵਿਚ ਪਰਮੇਸ਼ਰ ਆਪ ਹੀ ਵਰਤ ਰਿਹੈ; ਸਾਰਿਆਂ ਦਾ ਭਲਾ ਚਾਹੁੰਦੇ ਸੀ। ਉਸ ਵੇਲੇ ਵੀ ਇਹ ਨਾਅਰਾ ਦਿਲੋਂ ਚਲਦਾ ਸੀ – 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ। ਹੇ ਵਾਹਿਗੁਰੂ, ਸਭ ਦਾ ਭਲਾ ਕਰ। ਸੋ ਅਕਾਰਨ ਗੱਲ ਚਲ ਪਈ। ਗੁਰੂ ਮਹਾਰਾਜ ਕਹਿੰਦੇ ਨੇ – "ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ" ਕਿ ਜੋ ਅਕਾਰਨ ਕਰਦੈ; ਚੰਗੇ ਬੰਦਿਆਂ, ਪ੍ਰਭੂ ਦੇ ਪਿਆਰਿਆਂ ਦੇ ਨਾਲ ਖਹਿਣਾ ਸ਼ੁਰੂ ਕਰਦੈ, ਉਹਦੇ ਭਾਗ ਸ਼ੁਭ ਨਹੀਂ ਹੋਇਆ ਕਰਦੇ; ਉਹਦੀ ਬੁੱਧੀ ਪੁੱਠੀ ਹੋ ਜਾਇਆ ਕਰਦੀ ਹੈ – 'ਹੋਣਹਾਰ ਹਿਰਦੇ

ਵਸੀ ਗਈ ਸਰੀਰਹੁੰ ਬੁਧਿ।' ਸੋ ਉਨ੍ਹਾਂ ਵਾਸਤੇ ਚੰਗਾ ਨਹੀਂ ਹੋਇਆ ਕਰਦਾ। ਇਸ ਤਰ੍ਹਾਂ ਫੁਰਮਾਉਂਦੇ ਹਨ -

*ਧਾਰਨਾ - ਭਾਗ ਜਿਨ੍ਹਾਂ ਦੇ ਮੰਦੇ,*
*ਖਹਿੰਦੇ ਨਾਲ ਸਾਧੂਆਂ ਦੇ - 2, 2*

*ਨਾਨਕ ਵੀਚਾਰਹਿ ਸੰਤ ਮੁਨਿ ਜਨਾਂ ਚਾਰਿ ਵੇਦ ਕਹੰਦੇ ॥*
*ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥*
*ਪਰਗਟ ਪਾਹਾਰੈ ਜਾਪਦੇ ਸਭਿ ਲੋਕ ਸੁਣੰਦੇ ॥*
*ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥*
*ਓਇ ਲੋਚਨਿ ਓਨਾ ਗੁਣਾ ਨੋ ਓਇ ਅਹੰਕਾਰਿ ਸੜੰਦੇ ॥*
*ਓਇ ਵੇਚਾਰੇ ਕਿਆ ਕਰਹਿ ਜਾਂ ਭਾਗ ਧੁਰਿ ਮੰਦੇ ॥*
*ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ ॥*
*ਵੈਰੁ ਕਰਨਿ ਨਿਰਵੈਰ ਨਾਲਿ ਧਰਮਿ ਨਿਆਇ ਪਚੰਦੇ ॥*
*ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥*
*ਪੇਡੁ ਮੁੰਢਾਹੂ ਕਟਿਆ ਤਿਸੁ ਡਾਲ ਸੁਕੰਦੇ ॥ ਅੰਗ - 317*

ਸਾਰੇ ਸਾਧੂ, ਸਾਰੇ ਮੁਨੀ, ਸਾਰੇ ਭਗਤ, ਸਾਰੇ ਗੁਰਮੁਖ, ਚਾਰ ਵੇਦ, ਛੇ ਸ਼ਾਸ਼ਤਰ, 27 ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ; ਮਹਾਰਾਜ ਕਹਿੰਦੇ, ਸਾਰੇ ਹੀ ਗ੍ਰੰਥ - ਕੀ ਕਹਿੰਦੇ ਨੇ - 'ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥' ਜੋ ਮੂੰਹ ਤੋਂ ਬੋਲ ਦਿਤਾ, ਉਹ ਬਚਨ ਹੋ ਜਾਇਆ ਕਰਦੈ ਕਿਉਂਕਿ ਉਨ੍ਹਾਂ ਦੇ ਮੂੰਹ ਦੇ ਉਤੇ ਅਸੱਤਿ ਨਹੀਂ ਹੋਇਆ ਕਰਦਾ; ਸੱਤਿ ਹੋਇਆ ਕਰਦੈ, ਸੱਤਿ ਨਾਲ ਜੁੜੇ ਹੋਏ ਨੇ। ਸੱਤਿ ਨਾਲ ਜੁੜਿਆ ਹੋਇਆ ਜੋ ਬਚਨ ਕਰਦੈ, ਉਹ ਸੱਤਿ ਹੋਇਆ ਕਰਦੈ।

ਗੁਰੂ ਸਤਵੇਂ ਪਾਤਸ਼ਾਹ ਵੇਲੇ ਭਾਈ ਗਉਰਾ - ਭਾਈ ਭਗਤੂ ਦਾ ਵੱਡਾ ਪੁੱਤਰ, ਤੇ ਭਾਈ ਆਦਮ ਬਰਾੜ ਦਾ ਪੋਤਰਾ। ਭਾਈ ਭਗਤੂ ਦਾ ਜਨਮ ਚੌਥੇ ਪਾਤਸ਼ਾਹ ਦੇ ਵਰਦਾਨ ਨਾਲ ਹੋਇਆ ਸੀ। ਭਾਈ ਆਦਮ ਨੇ ਸੇਵਾ ਕੀਤੀ, ਗੁਰੂ ਮਹਾਰਾਜ ਪ੍ਰਸੰਨ ਹੋ ਗਏ। ਕਹਿੰਦੇ, "ਬੋਲ ਭਾਈ ਆਦਮ! ਕੀ ਚਾਹੁੰਨੈ?" ਹੁਣ ਤਾਂ ਅਸੀਂ ਊਈਂ ਕਹਿ ਦਿੰਨੇ ਆਂ-ਸੰਤਾਂ ਕੋਲ ਜਾ ਕੇ, ਕਿ ਸਾਨੂੰ ਆਹ ਮਿਲ

ਜਾਏ, ਸਾਨੂੰ ਪੁੱਤਰ ਮਿਲ ਜਾਏ, ਸਾਡੀ ਸਿਹਤ ਠੀਕ ਹੋ ਜਾਵੇ, ਸਾਡਾ ਫਲਾਣਾ ਕੰਮ ਹੋ ਜਾਏ। ਐਵੇਂ ਨਹੀਂ ਸੰਤ ਕਿਹਾ ਕਰਦੇ; ਅੰਦਰੋਂ ਕੋਈ ਲਹਿਰ ਉਠ ਖੜ੍ਹੇ - ਆਪੇ ਹੀ; ਆਪੇ ਹੀ ਕਹਿ ਦਿੰਦੇ ਨੇ। ਉਹ ਲਹਿਰ ਪਰਮੇਸ਼ਰ ਦੀ ਹੋਇਆ ਕਰਦੀ ਹੈ, ਜਵਾਰਭਾਟਾ ਹੋਇਆ ਕਰਦੈ। ਗੁਰੂ ਮਹਾਰਾਜ ਨੇ ਜਦ ਦੇਖਿਆ ਕਿ ਹੱਦ ਤੋਂ ਜ਼ਿਆਦਾ ਪਾਲਾ ਸੀ ਅੱਜ, ਲੱਕੜਾਂ ਹੈ ਨਹੀਂ ਸਨ, ਕਪੜੇ ਬਸਤਰ ਸਭ ਗਿੱਲੇ ਸੀ ਤੇ ਸਰਦੀ ਦਾ ਮਹੀਨਾ ਸੀ; ਇਹ ਧੂਣੀਆਂ ਕੀਹਨੇ ਲਾਈਆਂ ਨੇ ਭਾਈ? ਕਹਿਣ ਲੱਗੇ, "ਮਹਾਰਾਜ! ਇਕ ਆਦਮ ਬਰਾੜ ਹੈ - ਜੰਗਲ ਦੇਸ ਦਾ।" ਉਨ੍ਹਾਂ ਦਿਨਾਂ ਵਿਚ ਬਠਿੰਡਾ, ਫਰੀਦਕੋਟ ਆਦਿ ਇਹ ਸਾਰੇ ਇਲਾਕੇ ਨੂੰ, ਮਾਨਸਾ ਬਗੈਰਾ ਨੂੰ ਜੰਗਲ ਦੇਸ ਕਿਹਾ ਕਰਦੇ ਸੀ। ਭੋਲੇ-ਭਾਲੇ ਲੋਕ ਹੋਇਆ ਕਰਦੇ ਸੀ। ਗੁਰੂ ਦੇ ਦਰ ਤੇ ਆ ਗਿਆ - ਭਾਈ ਆਦਮ। ਕਿਸੇ ਨੇ ਦੱਸ ਦਿਤਾ -

***ਚਾਰਿ ਪਦਾਰਥ ਜੇ ਕੋ ਮਾਗੈ॥***
***ਸਾਧ ਜਨਾ ਕੀ ਸੇਵਾ ਲਾਗੈ॥ ਅੰਗ - 266***

ਸੇਵਾ ਵਿਚ ਲਗ ਜਾਵੇ। ਸੇਵਾ ਕਿੰਨੀ ਕੁ ਕਰੇ? ਕਹਿੰਦੇ, ਜਦ ਤਾਈਂ ਉਹ ਪ੍ਰਸੰਨ ਨਹੀਂ ਹੁੰਦੇ। ਪ੍ਰਸੰਨ ਹੋ ਕੇ ਜਦ ਬਚਨ ਕਰ ਦੇਣਗੇ, ਫੇਰ ਪੂਰਾ ਹੋ ਜਾਏਗਾ।

ਸੋ ਭਾਈ ਆਦਮ ਪਰਿਵਾਰ ਸਮੇਤ ਆ ਗਿਆ - ਇਕ ਲੜਕੀ ਹੈ, ਆਪ ਹੈ ਤੇ ਘਰ ਵਾਲੀ ਹੈ। ਬਹੁਤ ਸੇਵਾ ਕਰੀ। ਇਕ ਸਾਲ ਲੰਘ ਗਿਆ, ਦੋ ਸਾਲ ਲੰਘ ਗਏ। ਲੱਕੜੀਆਂ ਲਿਆਉਂਦੈ ਰੋਜ਼ - ਗੁਰੂ ਕੇ ਲੰਗਰ ਵਾਸਤੇ। ਇਕ ਭਰ੍ਹਾ (ਬੋਝ) ਗੁਰੂ ਦੇ ਲੰਗਰ ਵਿਚ ਦਿੰਦੈ, ਇਕ ਭਰ੍ਹਾ ਆਪਣੇ ਕੋਲ ਰੱਖ ਲੈਂਦੈ ਤੇ ਮਿਹਨਤ ਕਰਕੇ ਆਪਣਾ ਪ੍ਰਸ਼ਾਦਾ ਪਾਣੀ ਚਲਾਉਂਦੈ; ਲੰਗਰੋਂ ਨਹੀਂ ਛਕਦਾ ਕੁਛ ਵੀ। ਦੋ ਢਾਈ ਸਾਲ ਲੰਘ ਗਏ। ਨਿਹਚੇ ਨਾਲ ਸੇਵਾ ਕਰ ਰਿਹੈ ਕਿ ਕਦੇ ਤਾਂ ਦਿਆਲ ਹੋਏਗਾ, ਤਾਂ ਬਚਨ ਲਵਾਂਗੇ। ਉਸ ਵੇਲੇ ਸੰਗਤ ਬਾਹਰ ਗਈ ਹੋਈ ਹੈ, ਗੁਰੂ ਮਹਾਰਾਜ ਚੌਥੇ ਪਾਤਸ਼ਾਹ ਬਾਹਰ ਗਏ ਹੋਏ ਨੇ। ਤੇ ਜਦੋਂ ਵਾਪਿਸ ਆਏ ਤਾਂ ਸਰਦੀ

ਦਾ ਮਹੀਨਾ, ਕਣੀਆਂ ਪੈਣ ਲਗ ਗਈਆ, ਕੱਪੜੇ ਭਿੱਜ ਗਏ। ਮਹਾਰਾਜ ਨੇ ਸ੍ਰੀ ਮਾਨ ਨੂੰ ਪੁੱਛਿਆ - ਲਾਂਗਰੀ ਨੂੰ, ਕਿ ਲੱਕੜ ਹੈ? ਕਹਿੰਦਾ, ''ਮਹਾਰਾਜ! ਲੰਗਰ ਜੋਗੀ ਹੀ ਹੈ।'' ਮਹਾਰਾਜ ਚੁੱਪ ਕਰਕੇ ਅੰਦਰ ਚਲੇ ਗਏ ਲੇਕਿਨ ਸੰਗਤ ਦਾ ਜੋ ਦੁਖ ਹੁੰਦੈ, ਉਹ ਐਸਾ ਨਹੀਂ ਕਿ ਗੁਰੂ ਉਸ ਤੋਂ ਅਣਜਾਣ ਹੁੰਦੈ; ਨਹੀਂ -

***ਘਟ ਘਟ ਕੇ ਅੰਤਰ ਕੀ ਜਾਨਤ॥***
***ਭਲੇ ਬੁਰੇ ਕੀ ਪੀਰ ਪਛਾਨਤਾ॥ ਚੌਪਈ ਸਾਹਿਬ***

ਗੁਰੂ ਪੀੜਾ ਨੂੰ ਪਛਾਣਦੈ। ਤੇ ਅੰਮ੍ਰਿਤ ਵੇਲੇ ਜਦ ਮਹਾਰਾਜ ਇਸ਼ਨਾਨ ਕਰਕੇ ਬਾਹਰ ਆਏ ਤਾਂ ਕੀ ਦੇਖਦੇ ਨੇ ਕਿ ਚਾਨਣ-ਏ-ਚਾਨਣ ਹੋਇਆ ਪਿਐ ਸਾਰੇ। ਉਸ ਵੇਲੇ ਮਹਾਰਾਜ ਕਹਿੰਦੇ, ''ਇਹ ਕੀਹਨੇ ਐਨੀਆਂ ਧੂਣੀਆਂ ਲਾ ਦਿਤੀਆਂ?'' ਸੇਵਾਦਾਰ ਕਹਿਣ ਲੱਗਿਆ, ''ਪਾਤਸ਼ਾਹ! ਇਕ ਆਦਮ ਨਾਮ ਦਾ ਬਰਾੜ ਜ਼ਾਤ ਦਾ ਏਥੇ ਸੇਵਾ ਕਰਦੈ। ਉਹਨੇ ਮਹਾਰਾਜ ਆਪਣੇ ਘਰੋਂ ਲਿਆ-ਲਿਆ ਕੇ ਲੱਕੜੀਆਂ ਦੇ ਢੇਰ ਲਾਏ ਨੇ - ਸਾਰਿਆਂ ਡੇਰਿਆਂ ਦੇ ਅੱਗੇ; ਇਹ ਧੂਣੀਆਂ ਮਚ ਰਹੀਆਂ ਨੇ ਤੇ ਨਿੱਘ ਹੋ ਗਿਆ। ਸੰਗਤ ਆਰਾਮ ਕਰ ਰਹੀ ਐ, ਬਸਤਰ ਸੁਕ ਗਏ ਨੇ।'' ਮਹਾਰਾਜ ਕਹਿੰਦੇ, ''ਸਵੇਰੇ ਸਾਡੇ ਪੇਸ਼ ਕਰਿਉ ਉਹਨੂੰ।'' ਸਵੇਰੇ ਪੇਸ਼ ਕਰਿਆ। ਮਹਾਰਾਜ ਕਹਿੰਦੇ, ''ਭਾਈ ਆਦਮ! ਤੇਰੀ ਸੇਵਾ ਤੋਂ ਅਸੀਂ ਬਹੁਤ ਪ੍ਰਸੰਨ ਹੋਏ ਹਾਂ; ਮੰਗ ਕੀ ਮੰਗਦੈਂ! ਗੁਰੂ ਨਾਨਕ ਦਾ ਦਰ ਖੁੱਲ੍ਹ ਗਿਆ ਤੇਰੇ ਵਾਸਤੇ।'' ਉਸ ਵੇਲੇ ਭਾਈ ਆਦਮ ਸ਼ਰਮਾਅ ਗਿਆ ਕਿ ਮੇਰੀ ਉਮਰ ਵਡੇਰੀ ਹੋ ਗਈ, ਘਰ ਵਾਲੀ ਦੀ ਉਮਰ ਵੀ ਵੱਡੀ ਹੈ, 70 ਸਾਲ ਦਾ ਹੋ ਗਿਆਂ; ਕਿਵੇਂ ਕਹਾਂ ਕਿ ਇਕ ਬੱਚੇ ਦੀ ਦਾਤ ਦੇ ਦਿਉ।'' ਸ਼ਰਮਾਅ ਗਿਆ, ਕਹਿੰਦਾ, ''ਮਹਾਰਾਜ! ਨਾਮ ਦਾਨ ਦੇ ਦਿਉ।''

ਕਹਿੰਦੇ, ''ਨਹੀਂ, ਅਸਲੀ ਗੱਲ ਕਰ ਜੋ ਲੁਕੋਈ ਬੈਠੈਂ, ਛੁਪਾਈ ਬੈਠੈਂ। ਚੰਗਾ, ਕੱਲ੍ਹ ਨੂੰ ਕਰੀਂ।'' ਤਿੰਨ ਬਚਨ ਮਹਾਰਾਜ ਨੇ ਕਰ ਦਿਤੇ। ਮਹਾਂਪੁਰਸ਼ਾਂ ਦੇ ਤਿੰਨ ਬਚਨ ਹੁੰਦੇ ਨੇ। ਤਿੰਨ ਬਚਨਾਂ ਦੇ ਅੰਦਰ ਦੇਣ ਦੀ ਤਾਂਘ ਉਭਰੀ ਹੋਈ ਹੁੰਦੀ ਹੈ, ਲਹਿਰ ਹੁੰਦੀ

ਐ - ਜਵਾਰਭਾਟੇ ਵਰਗੀ - ਪ੍ਰਸੰਨਤਾ ਦੀ। ਤੀਜੇ ਬਚਨ ਤੇ ਲੈ ਲਵੇ ਤਾਂ ਲੈ ਲਵੇ; ਨਹੀਂ ਫੇਰ ਰਹਿ ਜਾਂਦੈ। ਮਹਾਰਾਜ ਕਹਿੰਦੈ, "ਕੋਈ ਨ, ਤੂੰ ਕਲ੍ਹ ਨੂੰ ਆਈਂ; ਤੇਰੀ ਮੰਗ ਉਸੇ ਤਰ੍ਹਾਂ ਪਈ ਹੈ, ਅਸੀਂ ਬਹੁਤ ਪ੍ਰਸੰਨ ਹਾਂ।"

ਦੂਜੇ ਦਿਨ ਫੇਰ ਆਏ, ਫੇਰ ਪੁੱਛਿਆ। ਲੜਕੀ ਕਹਿਣ ਲੱਗੀ, "ਪਾਤਸ਼ਾਹ! ਇਹ ਮੇਰੇ ਮਾਂ-ਬਾਪ ਸੰਗਦੇ ਕਹਿੰਦੇ ਨਹੀਂ; ਮੈਨੂੰ ਤੁਸੀਂ ਇਕ ਵੀਰ ਦੇ ਦਿਉ।" ਮਹਾਰਾਜ ਨੇ ਨੇਤਰ ਬੰਦ ਕਰ ਲਏ ਤੇ ਫੇਰ ਖੋਲ੍ਹੇ, "ਭਾਈ ਆਦਮ! ਤੇਰੇ ਤਾਂ ਸੱਤ ਜਨਮ ਤੱਕ ਪੁੱਤਰ ਨਹੀਂ ਹੋਣਾ ਕਿਉਂਕਿ ਤੇਰੇ ਲੇਖ ਐਸੇ ਹੀ ਲਿਖੇ ਹੋਏ ਨੇ ਪਰ ਤੈਂ ਸਾਨੂੰ ਸੇਵਾ ਕਰਕੇ ਪ੍ਰਸੰਨ ਕਰ ਲਿਐ। ਤੇਰੇ ਕਰਮਾਂ ਦਾ ਪੁੱਤਰ ਕੋਈ ਨਹੀਂ ਆਉਣਾ। ਸਾਡਾ ਇਕ ਚੌਥਾ ਪੁੱਤਰ ਆਉਣੈ, ਉਹ ਪੁੱਤਰ ਅਸੀਂ ਤੈਨੂੰ ਦਿੰਦੇ ਹਾਂ ਪਰ ਉਹ ਜਮਾਂਦਰੂ ਸਿੱਧ ਹੋਏਗਾ; ਉਹਦੀ ਬੇਅਦਬੀ ਨ ਕਰੀਂ, ਨਿਰਾਦਰੀ ਨ ਕਰੀਂ; ਉਹ ਮਹਾਂਪੁਰਖ ਆਏਗਾ। ਇਸ ਤਰ੍ਹਾਂ ਉਹਦਾ ਨਾਉਂ ਭਾਈ ਭਗਤੂ ਰੱਖੀਂ।" ਸੋ ਭਾਈ ਭਗਤੂ ਪਰਵਾਨ ਸੀ - ਗੁਰੂ ਘਰ ਦੇ ਅੰਦਰ। ਸਿੱਖੀ-ਸੇਵਕੀ ਸਾਰੇ ਮਾਲਵੇ ਦੀ ਲੈ ਕੇ ਆਇਆ ਕਰਦਾ ਸੀ। ਉਹਦਾ ਲੜਕਾ - ਭਾਈ ਗਉਰਾ - ਬੜੀ ਜ਼ਮੀਨ ਜਾਇਦਾਦ ਦਾ ਮਾਲਕ ਸੀ, 300 ਘੋੜ ਸਵਾਰ ਹਰ ਵਕਤ ਨਾਲ ਰੱਖਿਆ ਕਰਦਾ ਸੀ, ਬਾਕੀ ਪੈਦਲ ਸੀ। ਘੋੜਿਆਂ ਦਾ ਦਾਣਾ ਪੀਸਣ ਵਾਸਤੇ ਗੁਰਸਿੱਖ ਸੇਵਾ ਕਰਿਆ ਕਰਦੇ ਸੀ।

ਉਨ੍ਹਾਂ ਦੇ ਵਿਚ ਇਕ ਭਾਈ ਗੋਦੜੀਆ, ਚੱਕੀ ਦੇ ਨਾਲ ਦਾਣਾ ਪੀਸਿਆ ਕਰਦਾ ਸੀ ਲੇਕਿਨ ਉਹ ਅਭੇਦ ਅਵਸਥਾ ਦਾ ਸੀ। ਇਸ ਗੱਲ ਦਾ ਕਿਸੇ ਨੂੰ ਪਤਾ ਨਹੀਂ ਲੱਗਦਾ। ਸਾਰੇ ਮਹਾਤਮਾ ਸੇਵਕਾਂ ਤੋਂ ਵੀ ਡਰਦੇ ਰਹਿੰਦੇ ਨੇ ਕਿ ਪਤਾ ਨਹੀਂ ਕੋਈ ਐਹੋ ਜਿਹਾ ਹੋਵੇ ਇਨ੍ਹਾਂ 'ਚ, ਕੋਈ ਉਲਟ ਪੁਲਟ ਬਚਨ ਨਾ ਕਰ ਦੇਵੇ; ਕਿਉਂਕਿ ਜ਼ਬਾਨ ਦੇ ਉਤੇ ਪ੍ਰਮੇਸ਼ਰ ਬਹਿ ਜਾਂਦੈ -

***ਪ੍ਰਭ ਜੀ ਬਸਹਿ ਸਾਧ ਕੀ ਰਸਨਾ॥ ਅੰਗ - 263***

ਸੋ ਇਹ ਕਿਸੇ ਪ੍ਰਬੰਧ ਦੇ ਮਾਮਲੇ ਵਿਚ ਆ ਕੇ ਇਕ ਨੌਕਰ ਨੂੰ ਘੂਰਨ ਲੱਗ ਗਏ, ਦੋ ਚਾਰ ਥੱਪੜ ਮਾਰ ਦਿਤੇ। ਤੇ ਇਹ ਚੱਕੀ ਚਲਾਉਂਦੇ-ਚਲਾਉਂਦੇ ਕਹਿਣ ਲੱਗੇ, "ਭਾਈ ਗਉਰਾ! ਇਹ ਵੀ ਗੁਰੂ ਦਾ ਸਿੱਖ ਹੈ; ਮਾਰ ਨ।" ਕਹਿੰਦੇ, "ਭਾਈ ਗੋਦੜੀਆ! ਤੈਨੂੰ ਨਹੀਂ ਪਤਾ, ਤੂੰ ਆਪਣਾ ਕੰਮ ਕਰ।" ਕਹਿੰਦੇ, "ਬੜਾ ਆਫਰਿਆ ਹੋਇਐਂ।" ਹੁਣ - 'ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥' ਸੱਤਿ ਨਾਲ ਜੁੜਿਆ ਹੋਇਆ ਸੀ, ਹੁਣ ਅਫਰੇਵਾਂ ਹੋ ਗਿਆ, ਧਰਤੀ ਤੇ ਲਿਟਣ ਲੱਗ ਗਿਆ, ਹੱਥ ਪੈਰ ਠੰਢੇ ਹੋ ਗਏ, ਨਬਜ਼ ਮੁੜਨ ਲੱਗ ਗਈ, ਪਸੀਨਾ ਆ ਗਿਆ - ਮੱਥੇ ਦੇ ਉਤੇ, ਮਰਨ ਨਿਸ਼ਾਨੀਆਂ ਆ ਗਈਆਂ। ਉਹ ਕਹਿਣ ਲੱਗਿਆ, ਭਾਈ ਗੋਦੜੀਏ ਨੂੰ ਪੁਛੋ। "ਭਾਈ ਗੋਦੜੀਆ ਤੇਰੇ ਮੁੱਖ ਤੋਂ ਉਚਾਰਨ ਹੋਇਆ ਸੀ ਕਿ ਆਫਰਿਆ ਹੋਇਐਂ; ਕਿਰਪਾ ਕਰ।" ਚਰਨ ਰੱਖ ਦਿਤਾ; ਚਰਨ ਛੁਹਣ ਦੀ ਦੇਰ ਸੀ, ਉਸੇ ਵੇਲੇ ਅਫਰੇਵਾਂ ਉਤਰ ਗਿਆ। ਕਹਿੰਦੇ, "ਭਾਈ ਗੋਦੜੀਆ, ਤੇਰੀ ਜ਼ੁਬਾਨ ਦੇ ਉਤੇ ਪ੍ਰਮੇਸ਼ਰ ਬਹਿ ਗਿਆ ਤੇ ਹੁਣ ਤੂੰ ਮੌਜ ਕਰ। ਮੈਂ ਹੁਣ ਮਸਤਕ ਨਿਵਾਉਨਾਂ ਤੈਨੂੰ।" ਹੁਣ ਗੋਦੜੀਆ ਘਰ ਆ ਗਿਆ। ਘਰ ਵਾਲਿਆਂ ਨੂੰ ਕੋਈ ਪਤਾ ਨਹੀਂ ਸੀ ਕਿ ਸਾਡਾ ਪਿਤਾ ਐਡੀ ਅਵਸਥਾ ਦਾ ਮਾਲਕ ਹੈ ਕਿਉਂਕਿ ਬੱਚੇ ਨਹੀਂ ਜਾਣਦੇ ਹੁੰਦੇ - ਪਿਤਾ ਦੀ ਗੱਲ; ਸੰਸਾਰ ਜਾਣਦਾ ਹੁੰਦੈ। ਕੋਈ ਹੀ ਬੱਚਾ ਹੈ ਜਿਹੜਾ ਆਪਣੇ ਪਿਤਾ ਦੀ ਬਾਤ ਜਾਣਦਾ ਹੋਵੇ, ਲੇਕਿਨ ਜਾਣਦਾ ਨਹੀਂ ਹੈ। ਉਹਨੂੰ ਇਕ ਮਾਮੂਲੀ ਆਦਮੀ ਸਮਝਦੈ।

ਸੋ ਉਨ੍ਹਾਂ ਨੇ ਕੰਮ ਲੈਣਾ ਸ਼ੁਰੂ ਕਰ ਦਿਤਾ। ਤੇ ਅੱਜ - ਚੇਤ ਦਾ ਮਹੀਨਾ, ਸਰ੍ਹੋਂ ਪੱਕ ਗਈਆਂ, ਰੋਹ ਦਾ ਖੇਤ ਹੈ - ਰੇਤੇ ਦਾ; ਕਹਿੰਦੇ, ਬਾਪੂ ਤੂੰ ਉਥੇ ਜਾ ਕੇ ਸਰੋਂ ਪੁੱਟ ਲੈ; ਵੱਢਣੀ ਕੀ ਹੈ, ਤੂੰ ਜੜ੍ਹੋਂ ਹੀ ਪੁੱਟੀ ਜਾਹ। ਸਵੇਰ ਦਾ ਗਿਆ ਹੋਇਆ ਸ਼ਾਮ ਹੋ ਗਈ, ਚਾਰ ਪੰਜ ਵੱਜ ਗਏ; ਨਾ ਪਾਣੀ ਆਇਆ, ਨਾ ਪਰਸ਼ਾਦਾ ਆਇਆ। ਨੂੰਹਾਂ ਨੂੰ ਤਾਂ ਪਤਾ ਹੀ ਨਹੀ ਹੁੰਦਾ ਕਿ ਬਜ਼ੁਰਗ ਦੀ ਸੇਵਾ ਕਰੀਦੀ ਹੈ ਕਿ ਨਹੀਂ। ਕੋਈ ਭਾਗਾਂ ਵਾਲੀ ਹੈ ਜਿਹਦੇ ਮਨ

'ਚ ਦਰਦ ਹੋਵੇ - ਬਿਗਾਨੇ ਪਿਉ ਦਾ, ਨਹੀਂ ਤਾਂ ਹੋਇਆ ਨਹੀਂ ਕਰਦਾ। ਉਹਨੂੰ ਆਪਣੇ ਜੀਵਨ ਦੇ ਅੰਦਰ ਬੰਧਨ ਸਮਝਦੀਆਂ ਨੇ ਕਿ ਛੇਤੀ ਜਾਵੇ, ਜਿਹੜਾ ਕੁਛ ਇਹਦੇ ਕੋਲ ਹੈ, ਉਹ ਸਭ ਸਾਨੂੰ ਮਿਲ ਜਾਵੇ; ਇਹ ਜਿਉਂਦਾ ਕਿਉਂ ਹੈਂ, ਹੋਰ ਸਭ ਮਰੀ ਜਾਂਦੇ ਨੇ। ਇਹ ਕਾਉਂ ਖਾ ਕੇ ਜੰਮਿਆ ਹੋਇਐ; ਕਾਉਂ ਖਾਧੇ ਨੇ, ਇਹਦੀ ਉਮਰ ਵੱਡੀ ਹੋ ਗਈ। ਪਰ ਅੱਜ ਕੋਈ ਭਾਗਾਂ ਵਾਲੀ ਹੈ ਜੋ ਬਜ਼ੁਰਗਾਂ ਦਾ ਸਤਿਕਾਰ ਕਰਦੀ ਹੈ, ਉਹਦੇ ਚਰਨਾਂ ਤੇ ਨਮਸ਼ਕਾਰ ਕਰਦੀ ਹੈ, ਆਗਿਆ ਮੰਨਦੀ ਹੈ ਤੇ ਇਹ ਸਮਝਦੀ ਹੈ ਕਿ ਇਹਦੀ ਸੇਵਾ ਹੀ ਮੇਰਾ ਪਰਮ ਧਰਮ ਹੈ, ਮੈਨੂੰ ਉਪਰ ਲੈ ਜਾਏਗਾ। ਬਾਕੀ ਨਿਰਾਦਰ-ਏ-ਨਿਰਾਦਰ ਹੁੰਦੈ।

ਸੋ ਇਸ ਤਰ੍ਹਾਂ ਦੇ ਨਾਲ ਉਹਨੂੰ ਕਿਸੇ ਨੇ ਨ ਪੁੱਛਿਆ - ਨ ਜਲ ਭੇਜਿਆ, ਨ ਪਰਸ਼ਾਦਾ ਭੇਜਿਆ। ਸ਼ਾਮ ਹੋ ਗਈ, ਹਾਲੋਂ ਬੇਹਾਲ ਹੋ ਗਿਆ, ਥੱਕ ਗਿਆ ਤੇ ਉਸ ਵੇਲੇ ਕੋਈ ਪਛਾਨਣ ਵਾਲੇ ਆ ਗਏ; ਉਨ੍ਹਾਂ ਨੇ ਨਮਸਕਾਰ ਕਰੀ, ਕਹਿੰਦੇ, "ਭਾਈ ਗੋਦੜੀਆ ਜੀ, ਤੁਸੀਂ ਇਹ ਕੀ ਕਰੀ ਜਾਂਦੇ ਓਂ?" ਕਹਿੰਦੇ, "ਮੈਂ ਘਰ ਦਿਆਂ ਦੀਆਂ ਜੜ੍ਹਾਂ ਪੁੱਟਦਾ ਹਾਂ।" ਕਹਿਣਾ ਤਾਂ ਇਹ ਸੀ ਕਿ ਇਹ ਘਰ ਦਿਆਂ ਦੀ ਸਰ੍ਹੋਂ ਹੈ, ਇਹ ਜੜ੍ਹੋਂ ਪੁੱਟਦਾਂ ਹਾਂ। ਬਚਨ ਹੋ ਗਿਆ, ਇਕ ਹਫਤੇ ਵਿਚ ਸਾਰੇ ਹੀ ਮਰ ਗਏ, ਜਿੰਦਾ ਲਗ ਗਿਆ ਘਰ ਨੂੰ। ਹੁਣ ਅਵਸਥਾ ਕੀ ਹੈ? ਕਹਿੰਦੇ, "ਚੰਗਾ, ਪਰਮੇਸ਼ਰ ਦੀ ਮੌਜ ਹੈ; ਹੁਣ ਅਸੀਂ ਖੁਲ੍ਹੇ ਫਿਰਾਂਗੇ।" ਅੱਗੇ ਚਲੇ ਗਏ। ਇਕ ਮਾਈ ਨੇ ਪਛਾਣ ਲਿਆ। ਦਹੀਂ ਦੇ ਦਿਤਾ - ਬੜਾ ਮਿੱਠਾ ਦਹੀਂ, ਪਰ ਮਿਰਚਾਂ ਪਾ ਦਿਤੀਆਂ ਵਿਚ। ਪੁੱਛਣ ਲਗ ਗਈ, "ਬਾਬਾ ਜੀ! ਦਹੀਂ ਕਿਹੋ ਜਿਹਾ ਲੱਗਿਆ?" ਕਹਿੰਦੇ, "ਬੀਬੀ, ਦਹੀਂ ਤਾਂ ਬਹੁਤ ਸੁਆਦ ਸੀ, ਪਰ ਸੱਪ-ਲੜਨੀਏ! ਵਿਚ ਮਿਰਚਾਂ ਪਾ ਦਿੱਤੀਆਂ।" ਹੁਣ 'ਸੱਪ-ਲੜਨੀ' ਬਚਨ ਹੋ ਗਿਆ। ਘਰ ਜਾਂਦੇ ਹੀ ਉਹਦੇ ਸੱਪ ਲੜ ਗਿਆ।

ਸੋ ਮਹਾਰਾਜ ਕਹਿੰਦੇ, "ਇਨ੍ਹਾਂ ਤੋਂ ਡਰੋ ਭਾਈ। ਕੋਈ ਐਸੀ ਗੱਲ ਨ ਕਰੋ ਕਿਉਂਕਿ 'ਸੰਤਨ ਸੇਤੀ ਮਸ਼ਕਰੀ ਕੁਲ ਡੋਬਣ ਕੀ

ਰੀਤਿ।' ਸੰਤਾਂ ਨਾਲ ਮਸ਼ਕਰੀ ਕਰ ਲਓ, ਖਹਿਣ ਲਗ ਜਾਉ; ਡੁੱਬ ਜਾਂਦੈ ਬੰਦਾ - ***'ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥ ਪਰਗਟ ਪਾਹਾਰੈ ਜਾਪਦੇ ਸਭਿ ਲੋਕ ਸੁਣੰਦੇ॥'*** ਕਹਿੰਦੇ, ਪਰਗਟ ਨੇ; ਗੁਪਤ ਨਹੀਂ ਹੈਗੇ - ***'ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥'*** ਕੋਈ ਖਹਿ ਲਉ; ਸੁਖ ਨਹੀਂ ਮਿਲਦਾ, ਕਦੇ ਨਹੀਂ ਮਿਲਦਾ। ਜਿਹਨੇ ਵੀ ਅਵੱਗਿਆ ਕਰੀ ਹੈ, ਅਖੀਰ ਦੁਖੀ ਹੋ-ਹੋ ਕੇ ਮਰੇ ਨੇ। ਇਤਿਹਾਸਾਂ ਵਿਚ ਵੀ ਲਿਖਿਆ ਹੋਇਐ, ਵੈਸੇ ਵੀ ਸਾਰੇ ਜਾਣਦੇ ਨੇ। ***'ਓਇ ਲੋਚਨਿ ਓਨਾ ਗੁਣਾ ਨੋ..............॥'*** ਸੰਤ ਕਹਿੰਦੇ ਕਿ ਇਨ੍ਹਾਂ ਦੇ ਅੰਦਰ ਗੁਣ ਆ ਜਾਣ, ਔਗੁਣ ਨਿਕਲ ਜਾਣ, ***'ਓਇ ਅਹੰਕਾਰਿ ਸੜੰਦੇ॥'*** ਪਰ ਉਹ ਹੰਕਾਰ ਦੀ ਅੱਗ ਵਿਚ ਸੜਦੇ ਨੇ -***'ਓਇ ਵੇਚਾਰੇ ਕਿਆ ਕਰਹਿ ਜਾਂ ਭਾਗ ਧੁਰਿ ਮੰਦੇ॥''*** ਦਰਗਾਹ ਤੋਂ ਹੀ ਮੱਥੇ ਦੇ ਭਾਗ ਮੰਦੇ ਹੋ ਗਏ। ਸੰਤਾਂ ਦੀ ਬਾਤ ਨਹੀਂ ਸੁਣਦੇ, ਸੰਤਾਂ ਦੀ ਜੋ ਸ਼ੁਭ ਇੱਛਿਆ ਹੈ, ਉਹਨੂੰ ਪਰਵਾਨ ਨਹੀਂ ਕਰਦੇ। ***'ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ॥'*** ਕੀਹਦੇ ਜੋਗੇ ਨੇ? ਕਹਿੰਦੇ, ਕਿਸੇ ਜੋਗੇ ਵੀ ਨਹੀਂ ਕਿਉਂਕਿ ਪਾਰਬ੍ਰਹਮ ਨੇ ਮਾਰ ਦਿਤੇ। ***'ਵੈਰੁ ਕਰਨਿ ਨਿਰਵੈਰ ਨਾਲਿ ਧਰਮਿ ਨਿਆਇ ਪਚੰਦੇ॥'*** ਨਿਰਵੈਰ ਦੇ ਨਾਲ ਵੈਰ ਕਰਦੇ ਨੇ। ***'ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ॥'*** ਬਚਨ ਹੋ ਗਿਆ, ਫੇਰ ਭਉਂਦਾ ਹੀ ਫਿਰਦੈ, ਫੇਰ ਕਿਤੇ ਟਿਕਾਣਾ ਨਹੀਂ ਮਿਲਦਾ -

***ਸੰਤ ਕਾ ਦੋਖੀ ਅਧ ਬੀਚ ਤੇ ਟੂਟੈ॥ ਅੰਗ - 280***

ਅੱਧ ਵਿਚਾਲਿਓਂ ਹੀ ਜਾਂਦੈ -

***ਸੰਤ ਕਾ ਨਿੰਦਕੁ ਰਾਜ ਤੇ ਹੀਨੁ॥***
***ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ॥ ਅੰਗ - 280***

ਦੁਖੀ ਅਰ ਦੀਨ ਹੋਇਆ ਫਿਰਦੈ, ਰਾਜਸੀ ਪਦਵੀ ਜਾਂਦੀ ਰਹਿੰਦੀ ਹੈ - ***''ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ॥ ਪੇਡੁ ਮੁੰਢਾਹੂ ਕਟਿਆ ਤਿਸੁ ਡਾਲ ਸੁਕੰਦੇ॥'*** ਜੜ੍ਹ ਹੀ ਪੱਟੀ ਗਈ ਦਰਖਤ ਦੀ, ਹੁਣ ਡਾਲ ਕਿਥੇ ਰਹਿ ਜਾਣਗੇ? ਉਹ ਵੀ

ਸੁਕ ਜਾਣਗੇ।

ਬਾਬਾ ਕਰਮ ਸਿੰਘ ਜੀ ਮਹਾਰਾਜ, ਹੋਤੀ ਮਰਦਾਨ ਵਾਲੇ - ਆਪ ਜੀ ਦੇ ਪਾਸ ਸੰਗਤ ਹੁੰਮ-ਹੁਮਾ ਕੇ ਆਉਂਦੀ ਹੈ - ਪੂਰਨਮਾਸ਼ੀ, ਸੰਗਰਾਂਦ ਨੂੰ ਤੇ ਹੋਰ ਦੀਵਾਨ ਜਦ ਲਗਦੇ ਨੇ। ਕੋਲ ਇਕ ਨਾਸਤਕਾਂ ਦਾ ਪਿੰਡ ਸੀਗਾ - ਪਠਾਣਾਂ ਦਾ; ਬਹੁਤ ਹੰਕਾਰੀ ਸੀਗੇ, ਪਰਮੇਸ਼ਰ ਦੇ ਭੈ ਵਾਲੇ ਨਹੀਂ ਸੀ, ਪੀਰਾਂ ਫਕੀਰਾਂ ਸਾਧੂਆਂ ਦੀ ਇੱਜ਼ਤ ਨਹੀਂ ਸੀ ਕਰਦੇ, ਸਗੋਂ ਲਗਦੇ ਸੀ - ਉਹਨਾਂ ਨਾਲ। ਕਹਿਣ ਲੱਗੇ, ਬੜਾ ਇਕੱਠ ਹੁੰਦੈ। ਸਲਾਹ ਕਰੀ ਸਾਰਿਆਂ ਨੇ ਬੈਠ ਕੇ, ਕਿ ਆਪਾਂ ਕਿਵੇਂ ਹਟਾਈਏ? ਕਹਿੰਦੇ, ਜਦੋਂ ਏਥੋਂ ਸੰਗਤ ਲੰਘਣ ਲੱਗੇ, ਸਾਰਿਆਂ ਦੇ ਮਗਰ ਕੁੱਤੇ ਛੱਡ ਦਿਆ ਕਰੀਏ। ਕੁੱਤੇ ਬੜੇ ਜ਼ਹਿਰੀਲੇ ਰੱਖੇ ਹੋਏ ਸੀ। ਜਦੋਂ ਸੰਗਤ ਨੇ ਆਉਣਾ, ਕੁੱਤੇ ਛੱਡ ਦੇਣੇ। ਉਨ੍ਹਾਂ ਨੇ ਵੱਢਣਾ - ਬੱਚਿਆਂ ਨੂੰ, ਬੀਬੀਆਂ ਨੂੰ, ਬੰਦਿਆਂ ਨੂੰ। ਬਚਾਓ ਕਰਨਾ, ਚੀਖ-ਚਿਹਾੜਾ ਹੋਣਾ, ਮਹਾਂਪੁਰਸ਼ਾਂ ਕੋਲ ਚਲੇ ਜਾਣਾ, ਤੇ ਉਨ੍ਹਾਂ ਨੇ ਦੇਖ ਕੇ ਕਹਿਣਾ, ਕੀ ਹੋ ਗਿਆ ਬੇਟਾ? ਮਹਾਰਾਜ! ਕੁੱਤੇ ਨੇ ਵੱਢ ਖਾਧਾ, ਕੁੱਤੇ ਛੱਡ ਦਿਤੇ ਉਨ੍ਹਾਂ ਨੇ। ਬਾਬਾ ਜੀ, ਕੀ ਕਰੀਏ; ਜਦੋਂ ਪਿੰਡ ਵਿਚੋਂ ਲੰਘਦੇ ਹਾਂ, ਕੁੱਤੇ ਛੱਡ ਦਿੰਦੇ ਨੇ। ਕਹਿੰਦੇ, ਭਾਈ ਤੁਸੀਂ ਹੋਰ ਰਸਤਾ ਲੈ ਲਿਆ ਕਰੋ। ਇਕ ਮੀਲ ਦਾ ਫਰਕ ਹੈ, ਓਧਰ ਨੂੰ ਆਉਣ ਲਗ ਜਾਉ। ਓਧਰ ਦੀ ਆਉਣ ਲਗ ਗਏ। ਪਤਾ ਲੱਗਿਆ ਕਿ ਉਹ ਹੁਣ ਓਥੋਂ ਦੀ ਆਉਂਦੇ ਨੇ। ਓਥੇ ਜਾ ਕੇ ਬਹਿ ਜਾਇਆ ਕਰਨ - ਕੁੱਤੇ ਲੈ ਕੇ। ਜਦ ਨੇੜੇ ਸੰਗਤ ਆਵੇ, ਫੇਰ ਛੱਡ ਦੇਣਾ।

ਫੇਰ ਬਾਬਾ ਜੀ ਕੋਲ ਅਰਦਾਸਿ ਕਰੀ। ਬਾਬਾ ਜੀ, ਇਹ ਹੁਣ ਉਥੇ ਵੀ ਕੁੱਤੇ ਛੱਡ ਦਿੰਦੇ ਨੇ। ਕਹਿੰਦੇ, ਭਾਈ! ਅਤਿ ਦਾ ਤੇ ਖੁਦਾ ਦਾ ਵੈਰ ਹੋਇਆ ਕਰਦੈ। ਚਲੋ, ਆਪਾਂ ਨੇ ਕੀ ਕਰਨੈ; ਹੁਣ ਜਿਹੜਾ ਮਾਲਕ ਹੈ, ਉਹ ਜਾਣੇ ਜਾਂ ਇਹ ਜਾਨਣ; ਆਪਾਂ ਵਿਚੋਂ ਨਿਕਲੋ। ਐਸੀ ਬਿਮਾਰੀ ਪਈ ਕਿ ਪਿੰਡ ਦੇ ਸਾਰੇ ਹੀ ਮਰਦ ਮਰਨੇ ਸ਼ੁਰੂ ਹੋ ਗਏ। ਅਖੀਰ ਐਸਾ ਮੌਕਾ ਆਇਆ, ਸਾਰੇ ਹੀ ਮਰ ਗਏ; ਇਕ ਬੱਚਾ ਬਚ ਗਿਆ। ਇਕ ਸਮਝਦਾਰ ਬੀਬੀ

ਸੀ - ਨੌਜਵਾਨ; ਪੀਰਾਂ ਫਕੀਰਾਂ ਦੀ ਮਹਿਮਾ ਨੂੰ ਜਾਣਦੀ ਸੀ। ਉਹਨੇ ਕਿਹਾ, ਸਾਡੇ ਬੰਦਿਆਂ ਨੇ ਮਾੜਾ ਕੰਮ ਕਰਿਆ। ਇਹ ਤਾਂ ਮੁੱਢ ਪੁੱਟਿਆ ਗਿਆ - ***'ਪੇਡੁ ਮੁੰਢਾਹੂ ਕਟਿਆ ਤਿਸੁ ਡਾਲ ਸੁਕੰਦੇ॥'*** ਹੁਣ ਤਾਂ ਡਾਲ ਕੋਈ ਬਚਣਾ ਨਹੀਂ, ਸਭ ਜਾਣੇ ਨੇ। ਮੇਰਾ ਬੱਚਾ ਵੀ ਜਾਊ। ਬੱਚਾ ਬਾਬਾ ਜੀ ਦੇ ਚਰਨਾਂ ਵਿਚ ਲਿਆ ਕੇ ਰੱਖ ਦਿਤਾ। ਕਹਿੰਦੀ, "ਬਾਬਾ ਜੀ! ਇਹ ਤੁਹਾਡਾ ਹੈ, ਕ੍ਰਿਪਾ ਕਰੋ। ਮਰਦਾਂ ਨੇ ਗਲਤੀ ਕੀਤੀ ਹੈ, ਅਸੀਂ ਨਾਲ ਦੁਖੀ ਹੋ ਰਹੇ ਆਂ।" ਕਹਿੰਦੇ, "ਕੋਈ ਨ ਬੀਬੀ! ਬੀਜ ਬਚ ਗਿਆ ਤੁਹਾਡੇ ਪਿੰਡ ਦਾ, ਨਹੀਂ ਤਾਂ ਖਤਮ ਹੋ ਜਾਣਾ ਸੀ - ***'ਪੇਡੁ ਮੂੰਡਾਹੂ ਕਟਿਆ ਤਿਸੁ ਡਾਲ ਸੁਕੰਦੇ॥'*** ਸੋ ਉਹ ਖਹਿੰਦੇ ਨੇ, ਜਿਹਦੀ ਬੁੱਧੀ ਪੁੱਠੀ ਹੋ ਜਾਵੇ -

***ਧਾਰਨਾ - ਭਾਗ ਜਿਨ੍ਹਾਂ ਦੇ ਮੰਦੇ,***
***ਖਹਿੰਦੇ ਨਾਲ ਸਾਧੂਆਂ ਦੇ - 2, 2.***

***'ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥'*** ਗੁਰੂ ਮਹਾਰਾਜ ਕਹਿੰਦੇ, ਸਾਨੂੰ ਕੋਈ ਪਤਾ ਨਹੀਂ ਸੀ ਕਿ ਇਹ ਗੱਲ ਹੋ ਜਾਊ। ਅਸੀਂ ਤਾਂ ਮਿੱਤਰਤਾ ਦਾ, ਬਖਸ਼ਿਸ਼ ਦਾ ਹੱਥ ਵਧਾਇਆ ਸੀ, ਪਰ ਉਨ੍ਹਾਂ ਨੇ ਆਪਣੇ ਸੁਭਾਉ ਦੇ ਮੁਤਾਬਿਕ ਉਲਟਾ ਵਿਹਾਰ ਕੀਤੈ। ਸੰਸਾਰ ਦੇ ਅੰਦਰ ਸੰਤ ਆਪਣਾ ਸੁਭਾਉ ਨਹੀਂ ਛੱਡਿਆ ਕਰਦੇ। ਜੇ ਕੋਈ ਨਿੰਦਿਆ ਕਰਦੈ, ਕਰੀ ਜਾਵੇ, ਪਰ ਆਪਣਾ ਗੁਣ ਨਹੀਂ ਛੱਡਿਆ ਕਰਦੇ।

ਇਕ ਵਾਰੀ ਸੁਖਦੇਵ ਮੁਨੀ ਜੀ - ਆਪ ਤੁਰੇ ਆਉਂਦੇ ਨੇ। ਆਉਂਦੇ-ਆਉਂਦੇ ਇਕ ਪਾਣੀ ਦਾ ਛੱਪੜ ਜਿਹਾ ਦੇਖਿਆ - ਛੋਟਾ ਜਿਹਾ ਟੋਆ। ਉਹਦੇ ਵਿਚ ਇਕ ਬਿੱਛੂ ਜਦੋ-ਜਹਿਦ ਕਰ ਰਿਹੈ - ਬਾਹਰ ਨਿਕਲਣ ਲਈ, ਪਰ ਨਿਕਲ ਨਹੀਂ ਸਕਦਾ; ਗਿਰ ਜਾਂਦੈ। ਇਨ੍ਹਾਂ ਨੇ ਕਿਹਾ ਕਿ ਕੋਲ ਕੋਈ ਚੀਜ਼ ਨਹੀਂ ਹੈ, ਹੱਥ ਹੇਠਾਂ ਕਰਕੇ ਉਂਗਲੀ ਤੇ ਬਿਠਾ ਲਿਆ। ਜਦੋਂ ਬਾਹਰ ਆ ਕੇ ਸਿੱਟਣ ਲੱਗੇ, ਉਹਨੇ ਡੰਗ ਮਾਰਿਆ। ਹੱਥ ਹਿੱਲ ਗਿਆ ਤੇ ਫੇਰ ਵਿਚ ਗਿਰ ਗਿਆ। ਦੂਸਰੀ ਉਂਗਲੀ ਤੇ, ਤੀਸਰੀ ਤੇ, ਚੌਥੀ ਤੇ;

ਅਖੀਰ ਦਸਵੀਂ ਉਂਗਲੀ ਤੇ ਜਦ ਬਿਠਾਇਆ; ਪਹਿਲਾਂ ਸਾਰੇ ਡੰਗ ਹੀ ਡੰਗ ਲੱਗ ਚੁੱਕੇ ਨੇ; ਕੋਈ ਕੋਲ ਖੜ੍ਹਾ ਦੇਖਦਾ ਸੀ, ਕਹਿੰਦਾ, ਸੰਤ ਜੀ! ਇਹ ਤਾਂ ਮੂਰਖ ਹੈ, ਇਹ ਡੰਗ ਮਾਰੀ ਜਾਂਦੈ। ਕਹਿੰਦੇ, ਹਾਂ ਭਾਈ, ਮੂਰਖ ਹੈ ਇਹ; ਅਸੀਂ ਤਾਂ ਫੇਰ ਮਨੁੱਖ ਹਾਂ, ਪਰਮੇਸ਼ਰ ਨੇ ਸਾਨੂੰ ਸਮਝ ਦਿਤੀ ਹੈ। ਇਹ ਜੇ ਆਪਣਾ ਸੁਭਾਅ ਨਹੀਂ ਛੱਡਦਾ - ਬੁਰਿਆਈ ਦਾ; ਅਸੀਂ ਨੇਕੀ ਦਾ ਕਿਉਂ ਛੱਡੀਏ! ਸੋ ਨੇਕੀ ਨਹੀਂ ਛੱਡਣੀ -

***.......................ਅਪੁਨਾ ਗੁਨੁ ਨ ਗਵਾਵੈ॥ ਅੰਗ - 720***

ਮਹਾਤਮਾ ਆਪਣਾ ਗੁਣ ਨਹੀਂ ਗਵਾਇਆ ਕਰਦੇ, ਫੇਰ ਵੀ ਭਲਾ ਲੋਚਦੇ ਨੇ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਤੇ ਚੜ੍ਹਾਈ ਕਰ ਦਿਤੀ; 30 ਹਜ਼ਾਰ ਫੌਜ ਤਿਆਰ ਕਰ ਲਈ। ਏਧਰ ਜਦ ਪਠਾਣਾਂ ਨੂੰ ਪਤਾ ਲੱਗਿਆ, ਜਿਹੜੇ ਬੁੱਧੂਸ਼ਾਹ ਨੇ ਰਖਾਏ ਸੀ; ਉਹ ਆਪਸ ਵਿਚ ਸਲਾਹ ਕਰਨ ਲਗ ਗਏ। ਬੰਦਾ ਆ ਗਿਆ ਉਨ੍ਹਾਂ ਕੋਲ। ਸਲਾਹ ਕਰਦੇ ਨੇ ਕਿ ਆਪਾਂ ਗੁਰੂ ਮਹਾਰਾਜ ਦਾ ਸਾਥ ਛੱਡ ਚੱਲੀਏ; ਕਿਉਂ ਲੜੀਏ"? ਜਦੋਂ ਗੁਰੂ ਮਹਾਰਾਜ ਨੂੰ ਪਤਾ ਲੱਗਿਆ ਤਾਂ ਮਹਾਰਾਜ ਨੇ ਭਾਈ ਨੰਦ ਚੰਦ ਨੂੰ ਭੇਜਿਆ। ਕਹਿੰਦੇ, ਇਨ੍ਹਾਂ ਨੂੰ ਕਹੋ ਕਿ ਅਸੀਂ ਦੁੱਗਣੀ ਤਨਖਾਹ ਦੇ ਦਿਆਂਗੇ, ਇਸ ਵੇਲੇ ਸਾਥ ਨ ਛੱਡਣ; ਕਿੰਨਾ ਚਿਰ ਹੋ ਗਿਆ ਉਨ੍ਹਾਂ ਨੂੰ ਵਿਹਲੇ ਬੈਠਿਆਂ ਨੂੰ, ਤਨਖਾਹਾਂ ਲੈਂਦਿਆਂ ਨੂੰ। ਇਸੇ ਵਾਸਤੇ ਫੌਜ ਵਿਚ ਭਰਤੀ ਕਰੇ ਸੀ ਕਿ ਜਦੋਂ ਕੋਈ ਔਖਾ ਮੌਕਾ ਆ ਬਣੇ, ਉਸ ਵੇਲੇ ਆਪਣੀ ਨਮਕ-ਹਲਾਲੀ ਦਾ ਸਬੂਤ ਦੇਣ।

ਨੰਦ ਚੰਦ ਜੀ ਨੇ ਜਾ ਕੇ ਉਨ੍ਹਾਂ ਨੂੰ ਸਮਝਾਇਆ ਤੇ ਕਹਿਣ ਲੱਗਿਆ ਕਿ ਤੁਸੀਂ ਇਸ ਤਰ੍ਹਾਂ ਨ ਕਰੋ, ਸਾਥ ਨਹੀਂ ਛੱਡੀਦਾ ਹੁੰਦਾ; ਇਹ ਤੁਸੀਂ ਕੀ ਕਰਦੇ ਹੋ? ਤਾਂ ਉਨ੍ਹਾਂ ਵਿਚ ਇਕ ਕਾਲੇ ਖਾਂ ਸੀ - ਵੱਡਾ ਅਫਸਰ ਉਨ੍ਹਾਂ ਦਾ, ਤੇ ਉਸ ਤੋਂ ਬਿਨਾਂ ਹੋਰ ਸੀ - ਨਜ਼ਾਬਤ ਖਾਨ, ਹਯਾਤ ਖਾਨ, ਭੀਖਨ ਖਾਨ; ਇਹ ਕਹਿਣ ਲੱਗੇ, ਅਸੀਂ ਤਾਂ ਘਰ ਜਾਣੈ; ਸਾਨੂੰ ਛੁੱਟੀ ਨਹੀਂ ਮਿਲੀ, ਅਸੀਂ

ਛੁੱਟੀ ਲੈਣੀ ਹੈਂ। ਉਹ ਕਹਿੰਦੇ, ਐਸੇ ਮੌਕੇ ਛੁੱਟੀ? ਜੰਗ ਹੋ ਹਟੇਗੀ, ਫੇਰ ਛੁੱਟੀ ਲੈ ਲਿਓ; ਇਹ ਤਾਂ ਗੱਲ ਠੀਕ ਨਹੀਂ ਹੋਇਆ ਕਰਦੀ, ਨਮਕ-ਹਰਾਮ ਨਹੀਂ ਹੋਣਾ ਚਾਹੀਦਾ। ਮੌਤ ਤੋਂ ਡਰਦੇ ਓਂ, ਮੌਤ ਨੇ ਵੀ ਕਦੇ ਕਿਸੇ ਨੂੰ ਛੱਡਿਐ? ਜਿਥੇ ਜੀਅ ਕਰਦੈ, ਚਲੇ ਜਾਉ; ਉਥੇ ਹੀ ਆ ਜਾਊ। ਫੇਰ ਮਹਾਰਾਜ ਕੋਲ ਆ ਕੇ ਦੱਸਿਆ ਕਿ ਮਹਾਰਾਜ, ਉਹ ਤਾਂ ਮੰਨਦੇ ਨਹੀਂ। ਮਹਾਰਾਜ ਕਹਿੰਦੇ, ਕਹਿ ਦਿਉ ਉਨ੍ਹਾਂ ਨੂੰ ਕਿ ਢਾਲਾਂ ਨਾਲ ਦੇਵਾਂਗੇ ਮੋਹਰਾਂ - ਜੰਗ ਜਿੱਤਣ ਤੋਂ ਬਾਅਦ। ਆਪਸ ਵਿਚ ਸਲਾਹਾਂ ਕਰਨ ਲੱਗ ਗਏ - ਗੱਲ ਸੁਣ ਕੇ। ਕਹਿੰਦੇ, ਲਉ, ਗੁਰੂ ਡਰ ਗਿਆ; ਹਾਰ ਜ਼ਰੂਰ ਹੋਏਗੀ। ਆਪਾਂ ਇਹ ਕਿਉਂ ਨ ਕਰੀਏ, ਆਪਾਂ ਫਤੇ ਸ਼ਾਹ ਨਾਲ ਜਾ ਕੇ ਕਿਉਂ ਨ ਰਲੀਏ, ਖਜ਼ਾਨਾ ਲੁਟੀਏ ਗੁਰੂ ਦਾ; ਪਤਾ ਤਾਂ ਆਪਾਂ ਨੂੰ ਹੈ ਹੀ ਕਿ ਬੇਅੰਤ ਖਜ਼ਾਨਾ ਹੈ। ਉਲਟੇ ਪਾਸੇ ਹੋ ਗਏ। ਉਸ ਵੇਲੇ ਕਿਸੇ ਗੱਲ ਨਾਲ ਵੀ ਨਹੀਂ ਸਮਝਦੇ। ਨੰਦ ਚੰਦ ਜੀ ਆ ਗਏ ਗੁਰੂ ਮਹਾਰਾਜ ਜੀ ਕੋਲ। ਕਹਿੰਦੇ, "ਕਿਉਂ ਨੰਦ ਚੰਦ ਜੀ, ਕੀ ਕਹਿੰਦੇ ਨੇ; ਕੋਈ ਆਇਆ ਜਵਾਬ?" ਜਵਾਬ ਕਾਹਦਾ ਆਉਣਾ ਸੀ; ਇਸ ਤਰ੍ਹਾਂ ਪੜ੍ਹ ਲਉ -

***ਧਾਰਨਾ - ਜਿਹੜੇ ਕਹਿੰਦੇ ਸੀ, ਵਾਰਾਂਗੇ ਜਾਨ ਆਪਣੀ,***
***ਔਖੇ ਵੇਲੇ ਸਾਥ ਛੱਡ ਗਏ - 2, 2.***

"ਪਾਤਸ਼ਾਹ! ਜਿਵੇਂ ਆਪ ਨੇ ਆਗਿਆ ਕਰੀ ਸੀ, ਉਸੇ ਤਰ੍ਹਾਂ ਸਮਝਾਉਣਾ ਕੀਤੈ। ਬੜਾ ਸਮਝਾਇਐ, ਤਨਖਾਹਾਂ ਦੇ ਬਾਰੇ ਵੀ ਕਿਹੈ ਕਿ ਐਡਵਾਂਸ ਲੈ ਲਓ; ਪਾਤਸ਼ਾਹ! ਕਿਸੇ ਤਰੀਕੇ ਨਾਲ ਨਹੀਂ ਮੰਨਦੇ। ਮੈਨੂੰ ਤਾਂ ਇਉਂ ਲਗਦੈ ਕਿ ਫਤੇ ਸ਼ਾਹ ਦੇ ਕਿਸੇ ਦੂਤ ਨੇ ਆ ਕੇ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲਿਆ।"

ਮਹਾਰਾਜ ਕਹਿੰਦੇ, "ਬੁਲਾਓ ਉਨ੍ਹਾਂ ਨੂੰ।" ਬੁਲਾ ਲਿਆ ਤੇ ਕਹਿਣ ਲੱਗੇ, "ਦੇਖੋ ਜਦ ਤੁਹਾਨੂੰ ਕਿਤੇ ਥਾਂ ਨਹੀਂ ਸੀ ਮਿਲਦਾ, ਔਰੰਗਜ਼ੇਬ ਨੇ ਵੀ ਤੁਹਾਨੂੰ ਕੱਢ ਦਿਤਾ ਸੀ, ਉਸ ਵੇਲੇ ਸਾਨੂੰ ਲੋੜ ਨਹੀਂ ਸੀ ਕਿਸੇ ਦੀ; ਸਹਿਜ ਸੁਭਾਅ ਤੁਹਾਡੇ ਰੋਜ਼ਗਾਰ ਵਾਸਤੇ ਤੁਹਾਨੂੰ ਨੌਕਰ ਰੱਖਿਆ - ਫੌਜ ਦੇ ਵਿਚ, ਤੇ ਹੁਣ ਸਵਾਮੀ ਭਗਤਿ

ਤਾਂ ਨ ਹੋਈ। ਨਮਕ ਖਾਂਦੇ ਰਹੇ; ਨ ਤੁਸੀਂ ਸਵਾਮੀ ਭਗਤੀ ਨੂੰ ਜਾਣਦੇ ਓਂ ਤੇ ਨ ਨਮਕ-ਹਲਾਲੀ ਹੀ ਜਾਣਦੇ ਓਂ। ਜੇ ਤੁਸੀਂ ਕਹਿੰਦੇ ਹੋਂ ਕਿ ਅਸੀਂ ਬਚ ਜਾਵਾਂਗੇ; ਮੌਤ ਤਾਂ ਛੱਡਿਆ ਨਹੀਂ ਕਰਦੀ, ਪ੍ਰੇਮੀਓਂ! ਕਿੱਥੇ ਭੱਜ ਕੇ ਬਚ ਜਾਓਂਗੇ; ਕਾਲ ਤਾਂ ਸਾਰੇ ਪਾਸੇ ਹੀ ਖੜ੍ਹੈ। ਦੂਜਾ ਇਹ ਹੈ ਕਿ ਮਾਲਕ ਦੇ ਨਾਲ ਜਦੋਂ ਕੋਈ ਨਮਕ-ਹਰਾਮ ਹੁੰਦੈ, ਉਸ ਵੇਲੇ ਪਾਪ ਲਗਦੈ ਤੇ ਜਦੋਂ ਇਹ ਸੰਸਾਰ ਤੋਂ ਜਾਂਦੈ ਤਾਂ ਰੂਹ ਦੋਜ਼ਖ ਵਿਚ ਜਾ ਕੇ ਸੜਦੀ ਰਹਿੰਦੀ ਹੈ'' -

***ਧਾਰਨ - ਰੂਹਾਂ ਸੜਨ ਦੋਜ਼ਖ ਵਿਚ ਜਾ ਕੇ,***
***ਲਾਅਨਤ ਸਾਰਾ ਜਗ ਪਾਵੇਗਾ - 2, 2.***

***ਨਮਕ ਹਲਾਲ ਨਾਥ ਕਾ ਕਰੀਐ॥***
***ਮਰਨ ਜੀਵਨ ਅਸਿਧੁਜ ਪਰ ਧਰੀਐ॥***
***ਸ੍ਵਾਮੀ ਕਹਿ ਜੋ ਰਨ ਮਧ ਤਿਆਗੈ॥***
***ਈਹਾ ਨਿੰਦ ਨਰਕ ਤਹ ਆਗੈ॥***
***ਤਾ ਕੋ ਮਾਸ ਗੀਧ ਨਹ ਲੇਹੀ॥***
***ਨਮਕ ਹਰਾਮ ਜਾਨ ਤਜਿ ਦੇਹੀ॥***
***ਆਗੈ ਸੁਰਗ ਨ ਈਹਾ ਜਸ॥***
***ਸਾਤ ਮੁਠ ਤਾਂ ਕੇ ਸਿਰ ਭਸ॥*** ***ਸ੍ਰੀ ਗੁਰ.ਪ੍ਰ.ਸੂ.ਗ੍ਰੰਥ***

ਮਹਾਰਾਜ ਕਹਿੰਦੇ, ''ਪ੍ਰੇਮੀਓਂ! ਜਾਣਦੇ ਓਂ ਕਿ ਨਮਕ-ਹਰਾਮ ਜੋ ਹੁੰਦੈ; ਲੂਣ ਹਰਾਮੀ ਨੂੰ ਕਿੰਨਾਂ ਬੁਰਾ ਗਿਣਿਆ ਗਿਐ! ਉਹਦਾ ਤਾਂ ਭਾਰ ਧਰਤੀ ਵੀ ਨਹੀਂ ਸਹਿਆ ਕਰਦੀ - ***'ਨਮਕ ਹਲਾਲ ਨਾਥ ਕਾ ਕਰੀਐ॥ ਮਰਨ ਜੀਵਨ ਅਸਿਧੁਜ ਪਰ ਧਰੀਐ॥'*** ਮਰਨਾ ਜਿਊਣਾ ਤਾਂ ਪਰਮੇਸ਼ਰ ਦੇ ਹੱਥ ਵਿਚ ਹੈ - ***'ਸ੍ਵਾਮੀ ਕਹਿ ਜੋ ਰਨ ਮਧ ਤਿਆਗੈ।'*** ਜੋ ਇਕ ਵਾਰੀ ਮਾਲਕ ਕਹਿ ਕੇ ਰਣ ਵਿਚੋਂ ਨੱਠਦੈ -

***ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥***
***ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥***

***ਅੰਗ - 1105***

ਰਣ ਤਾਂ ਅਜੇ ਸਾਮ੍ਹਣੇ ਆਇਆ ਹੀ ਨਹੀਂ, ਪਹਿਲਾਂ ਹੀ ਨੱਠਣ ਦੀਆਂ ਤਿਆਰੀਆਂ ਕਰਦੇ ਓਂ - ***'ਈਹਾ ਨਿੰਦ ਨਰਕ***

***ਤਹ ਆਗੈ॥'*** ਮੁੜ ਕੇ ਸਾਰੀ ਜ਼ਿੰਦਗੀ ਤੁਸੀਂ ਕਿਸੇ ਕੋਲ ਨਹੀਂ ਰਹਿ ਸਕਦੇ ਕਿਉਂਕਿ ਬੁਜ਼ਦਿਲ ਹੋਂ, ਮੌਕੇ ਤੇ ਨੱਠਦੇ ਓਂ, 'ਤੇ ਅੱਗੇ ਜਾ ਕੇ ਸਵਾਮੀ-ਭਗਤੀ ਨ ਕਰਨ ਦਾ ਦੋਸ਼ - ਨਰਕਾਂ ਵਿਚ ਵਾਸਾ ਮਿਲੇਗਾ - ***'ਤਾ ਕੋ ਮਾਸ ਗੀਧ ਨਹ ਲੇਹੀ॥'*** ਗਿਲਝਾਂ ਨੇ ਵੀ ਮਾਸ ਨੀਂ ਖਾਣਾ। ***'ਨਮਕ ਹਰਾਮ ਜਾਨ ਤਜਿ ਦੇਹੀ॥ ਆਗੈ ਸੁਰਗ ਨ ਈਹਾ ਜਸ॥ ਸਾਤ ਮੁਠੀ ਤਾਂ ਕੇ ਸਿਰ ਭਸ॥'*** ਸਤ ਮੁਠਾਂ ਸੁਆਹ ਦੀਆਂ - ਉਨ੍ਹਾਂ ਦੇ ਸਿਰ ਵਿਚ, ਜਿਹੜਾ ਮਾਲਕ ਕਹਿ ਕੇ ਫੇਰ ਚਲਿਆ ਜਾਏ।''

ਉਸ ਵੇਲੇ ਕਾਲੇ ਖਾਂ ਸਮਝਾਉਣ ਲੱਗਿਆ, ''ਕਹਿੰਦਾ, ''ਪ੍ਰੇਮੀਓ! ਤੁਹਾਨੂੰ ਪਤਾ ਹੈ! ਓਦੋਂ ਕਿਹੜਾ ਵਕਤ ਸੀ ਸਾਡੇ ਉਤੇ? ਕੋਈ ਰਾਜਾ ਰਾਣਾ ਸਾਨੂੰ ਪਨਾਹ ਨਹੀਂ ਸੀ ਦਿੰਦਾ ਤੇ ਹੁਣ ਆ ਕੇ ਤੁਸੀਂ ਇਨ੍ਹਾਂ ਦਾ ਸਾਥ ਛੱਡਦੇ ਓਂ? ਕਹਿੰਦੇ, ''ਦੇਖ, ਗੁਰੂ ਕੋਲ ਐਨਾ ਧਨ ਹੈ, ਜੇ ਅਪਣੇ ਹੱਥ ਲਗ ਜਾਵੇ, ਸੱਤ ਪੁਸ਼ਤਾਂ ਤਾਂਈਂ ਨਹੀਂ ਮੁੱਕਦਾ।'' ਉਹ ਕਹਿੰਦਾ, ''ਪਾਪ ਕਿੰਨਾਂ ਹੋਏਗਾ?'' ਕਹਿੰਦੇ, ''ਤੂੰ ਗਲਤ ਖਿਆਲਾਂ ਵਿਚ ਪਿਐਂ, ਤੂੰ ਵੀ ਰਲ ਜਾਹ ਸਾਡੇ ਨਾਲ - ਆਪਣੇ ਬੰਦੇ ਲੈ ਕੇ।'' ਕਹਿਣ ਲੱਗਿਆ, ''ਦੇਖੋ, ਮੈਂ ਰੱਬ ਪ੍ਰਸਤ ਬੰਦਾ ਹਾਂ - ਖੁਦਾਪ੍ਰਸਤ; ਮੈਂ ਦੋਜ਼ਖ ਦੇ ਵਿਚ ਵਿਸ਼ਵਾਸ਼ ਰਖਦਾਂ, ਬਹਿਸ਼ਤ ਵਿਚ ਵਿਸ਼ਵਾਸ਼ ਰੱਖਦਾਂ; ਪੈਗੰਬਰ ਦਾ ਹੁਕਮ ਹੈ ਕਿ ਜੋ ਮਾਲਕ ਨੂੰ ਧੋਖਾ ਦਿੰਦੈ, ਉਹ ਦੋਜ਼ਖ ਵਿਚ ਜਾ ਕੇ ਸੜਦੈ, ਤੇ ਮੈਂ ਗੁਰੂ ਮਹਾਰਾਜ ਨੂੰ ਧੋਖਾ ਨਹੀਂ ਦੇ ਸਕਦਾ'' -

***ਧਾਰਨਾ - ਦੋਜ਼ਖ ਨੂੰ ਜਾਵਾਂਗਾ, ਧੋਖਾ ਜੇ ਦੇਵਾਂ ਗੁਰਾਂ ਨੂੰ - 2, 2.***
***ਨਿਮਕ ਹਰਾਮੀ ਬਨਿਕੈ ਮਰਨਾ॥***

***ਖੋਟ ਨਸੀਬ ਕਰਾਯੋ ਕਰਨਾ॥***

***ਸ੍ਰੀ ਗੁ. ਪ੍ਰ. ਸੂ. ਗ੍ਰੰਥ, ਪੰਨਾ - 4779***

***ਤੁਮ ਗੀਦੀ ਹੈ ਕਰਿ ਮਤਿ ਮੋਟੇ॥***
***ਦੋਜ਼ਕ ਹੇਤ ਸਹੇਰਯੋ ਖੋਟੇ॥***
***ਬੰਸ ਪਠਾਨ ਕਲੰਕਤਿ ਕੀਨਾ॥***

***ਅਵਗਤਿ ਮਰਹੁ ਅਜਸੁ ਜਗ ਲੀਨਾ॥***

***ਸ੍ਰੀ ਗੁ. ਪ੍ਰ. ਸੂ. ਗ੍ਰੰਥ, ਪੰਨਾ - 4779***

ਕਹਿਣ ਲੱਗਿਆ, "ਪ੍ਰੇਮੀਓਂ! ਗੁਰੂ ਕਿੰਨਾਂ ਦਿਆਲੂ ਹੈ। ਜਦੋਂ ਕੋਈ ਵੀ ਸਾਨੂੰ ਥਾਂ ਨਹੀਂ ਸੀ ਦਿੰਦਾ, ਉਸ ਵੇਲੇ ਗੁਰੂ ਨੇ ਸਾਡੀ ਬਾਂਹ ਫੜੀ ਤੇ ਹੁਣ ਮੌਕਾ ਪਏ ਤੇ ਨੱਠ ਜਾਈਏ? ਮੈਂ ਨਹੀਂ ਜਾਣਾ - ***'ਨਿਮਕ ਹਰਾਮੀ ਬਨਿਕੈ ਮਰਨਾ। ਖੋਟ ਨਸੀਬ ਕਰਾਯੋ ਕਰਨਾ॥ ਤੁਮ ਗੀਦੀ ਹੈ ਕਰਿ ਮਤਿ ਮੋਟੇ। ਦੋਜ਼ਕ ਹੇਤ ਸਹੇਰਯੋ ਖੋਟੇ॥ ਬੰਸ ਪਠਾਨ ਕਲੰਕਤਿ ਕੀਨਾ। ਅਵਗਤਿ ਮਰਹੁ ਅਜਸੁ ਜਗ ਲੀਨਾ॥'*** ਸਾਰਾ ਜੱਗ ਰਹਿੰਦੀ ਦੁਨੀਆਂ ਤਾਂਈ ਸਾਡੀ ਨਿੰਦਿਆ ਕਰੂ! ਜਿਨ੍ਹਾਂ ਨੇ ਸਾਥੋਂ ਮਗਰੋਂ ਆਉਣੈ, ਉਨ੍ਹਾਂ ਨੇ ਵੀ ਨਿੰਦਿਆ ਕਰਨੀ ਹੈ ਕਿ ਬੜੇ ਮਾੜੇ ਸੀ, ਨਮਕ ਖਾ ਕੇ ਹਲਾਲ ਤਾਂ ਕੀ ਕਰਨਾ ਸੀ, ਦੁਸ਼ਮਣ ਦੇ ਨਾਲ ਜਾ ਕੇ ਰਲ ਗਏ।" ਮਹਾਰਾਜ ਨੂੰ ਆ ਕੇ ਦੱਸਿਆ, "ਪਾਤਸ਼ਾਹ! ਹੋਰ ਤਾਂ ਸਾਰੇ ਜਾ ਰਹੇ ਨੇ, ਇਕ ਕਾਲੇ ਖਾਂ ਡਟਿਆ ਹੋਇਐ।" ਮਹਾਰਾਜ ਨੇ ਸਿੱਖ ਭੇਜਿਆ, ਕਹਿੰਦੇ, "ਉਹਨੂੰ ਵੀ ਕਹੋ, ਜਾਵੇ। ਜਦੋਂ ਸਾਥੀ ਜਾ ਰਹੇ ਨੇ ਤਾਂ ਫੇਰ ਆਪ ਵੀ ਜਾਵੇ।" ਸੋ ਉਹ ਗੁਰ ਸਿੱਖ ਕਾਲੇ ਖਾਂ ਦੇ ਪਾਸ ਗਿਆ। ਕਹਿੰਦਾ, "ਦੇਖੋ, ਖਾਨ ਸਾਹਿਬ! ਤੁਹਾਡੇ ਸਾਥੀ ਚਲੇ ਗਏ; ਤੁਸੀਂ ਇਕੱਠੇ ਆਏ ਸੀ, ਇਕੱਠੇ ਰਹਿਣਾ ਚਾਹੀਦਾ ਸੀ; ਤੁਹਾਨੂੰ ਵੀ ਚਾਹੀਦੈ ਕਿ ਤੁਸੀਂ ਵੀ ਹੁਣ ਚਲੇ ਜਾਓ।" ਕਹਿਣ ਲੱਗਿਆ, "ਸਿੱਖਾ! ਜਿਹੋ ਜਿਹਾ ਤੇਰੇ ਅੰਦਰ ਹੈ ਪਿਆਰ - ਗੁਰੂ ਦਾ, ਉਹ ਮੇਰੇ ਅੰਦਰ ਵੀ ਹੈ। ਇਹ ਠੀਕ ਹੈ ਕਿ ਅਸੀਂ ਤਨਖਾਹ ਲੈਂਦੇ ਹਾਂ, ਤੁਸੀਂ ਤਨਖਾਹ ਨਹੀਂ ਲੈਂਦੇ ਪਰ ਸਾਡੇ ਅੰਦਰ ਵੀ ਕੋਈ ਗੈਰਤ ਹੈ, ਕੋਈ ਅਸੂਲ ਹੈ; ਅਸੀਂ ਵੀ ਖੁਦਾਬੰਦ ਤਾਲਾ ਨੂੰ ਮੰਨਦੇ ਹਾਂ ਤੇ ਮਰਨਾ ਤਾਂ ਹੈ ਸੰਸਾਰ ਤੋਂ ਜ਼ਰੂਰ, ਪਰ ਇਹ ਕਲੰਕ ਖੱਟ ਕੇ ਜਿਹੜਾ ਮਰਨੈ, ਇਹ ਮੈਂ ਮਰਨ ਨੂੰ ਤਿਆਰ ਨਹੀਂ -

***ਧਾਰਨਾ - ਮੈਂ ਨਹੀਂ ਬਣਨਾ ਨਮਕ ਹਰਾਮੀ,***
***ਸੀਸ ਵਾਰਾਂ ਆਪਣਾ - 2, 2.***

***ਮੈਂ ਨਹਿ ਬਨਿ ਹੌਂ ਨਿਮਕ ਹਰਾਮੀ॥***
***ਆਵਹੁ ਨਿਜ ਸ੍ਵਾਮੀ ਕੇ ਕਾਮੀ॥***

***ਲਰਿ ਕਰਿ ਮਰਿ ਕਰਿ ਭਿਸ਼ਤ ਸਿਧਾਵੇ॥***
***ਜੀਵਤਿ ਜੇ ਗੁਰ ਤੇ ਧਨ ਪਾਵੈਂ॥***
***ਪ੍ਰਭੁ ਕੋ ਕਰਿ ਹੈਂ ਨਿਮਕ ਹਲਾਲ॥***
***ਦੀਨ ਦੁਨੀ ਸੁਧਰਾਇ ਬਿਸਾਲ॥***

***ਸ੍ਰੀ ਗੁ. ਪ੍ਰ. ਸੂ. ਗ੍ਰੰਥ, ਪੰਨਾ - 4781***

"ਗੁਰਸਿਖਾ! ਜੇ ਤੂੰ ਗੁਰੂ ਨੂੰ ਪਿਆਰ ਕਰਦੈਂ; ਮੈਂ ਵੀ ਗੁਰੂ ਦਾ ਨਮਕ ਖਾਧੈ, ਮੈਂ ਕਿਸ ਤਰ੍ਹਾਂ ਚਲਿਆ ਜਾਵਾਂ?" ਮਹਾਰਾਜ ਨੂੰ ਜਾ ਕੇ ਦੱਸਿਆ। ਮਹਾਰਾਜ ਕਹਿੰਦੇ, "ਕੀ ਹਾਲ ਐ ਗੁਰਸਿੱਖਾ, ਕੀ ਕਹਿੰਦੈ? ਕਹਿੰਦਾ, "ਸੱਚੇ ਪਾਤਸ਼ਾਹ! ਉਹ ਕਹਿੰਦੈ ਕਿ ਮੈਂ ਤਾਂ ਆਪਣੀ ਜਾਨ ਦੇਣੀ ਹੈਂ ਕਿਉਂਕਿ ਇਸ ਵੇਲੇ ਮੈਂ ਗੁਰੂ ਦਾ ਸਾਥ ਨਹੀਂ ਛੱਡ ਸਕਦਾ; ਚਾਹੇ ਮੈਂ ਜਿਉਦਾਂ ਰਹਾਂ, ਚਾਹੇ ਮਰਾਂ। ਜੇ ਮੈਂ ਮਰਿਆ ਤਾਂ ਬਹਿਸ਼ਤ ਦੇ ਦਰਵਾਜ਼ੇ ਮੇਰੇ ਵਾਸਤੇ ਖੁਲ੍ਹੇ ਨੇ; ਜੇ ਮੈਂ ਜਿਉਂਦਾ ਰਿਹਾ ਤਾਂ ਗੁਰੂ ਦੀ ਦ੍ਰਿਸ਼ਟੀ ਮੇਰੇ ਉਤੇ ਪਏਗੀ, ਦਿਆਲਤਾ ਹੋਏਗੀ, ਖੁਸ਼ੀ ਹੋਏਗੀ। ਇਹ ਖੁਸ਼ੀ ਮੈਨੂੰ ਲੱਖਾਂ ਬਹਿਸ਼ਤਾਂ ਤੋਂ ਵੀ ਵੱਡੀ ਹੈ" -

***ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ॥***

***ਅੰਗ - 44***

ਮਹਾਰਾਜ ਕਹਿੰਦੇ, "ਬਾਕੀ?" "ਮਹਾਰਾਜ, ਬਾਕੀ ਤਾਂ ਜਾ ਰਹੇ ਨੇ।" ਮਹਾਰਾਜ ਕਹਿੰਦੇ, "ਨਗਾਰੇ ਮੂਧੇ ਮਾਰੇ ਜਾਣ।" ਨਗਾਰੇ ਮੂਧੇ ਮਾਰਨ ਦਾ ਮਤਲਬ ਹੁੰਦੈ ਕਿ ਅਸੀਂ ਬਹਾਦਰ ਨਹੀਂ ਰਹੇ, ਬੁਜ਼ਦਿਲ ਬਣ ਗਏ। ਤੇ ਨਾਲ ਗੁਰਸਿੱਖ ਨੇ ਖਬਰ ਦਿਤੀ ਕਿ ਮਹਾਰਾਜ, ਉਹ ਤਾਂ ਚਲੇ ਗਏ, ਤੇ ਜਾ ਵੀ ਫਤੇ ਸ਼ਾਹ ਵੱਲ ਨੂੰ ਰਹੇ ਨੇ, ਉਨ੍ਹਾਂ ਦੇ ਦਲ ਨਾਲ ਰਲ ਗਏ। ਮਹਾਰਾਜ ਕਹਿੰਦੇ, "ਗੁਰਸਿੱਖੋ! ਇਹ ਚੀਜ਼ ਹੁੰਦੀ ਐ ਜਿਹਨੂੰ ਅਸੀਂ ਕਹਿੰਦੇ ਹਾਂ ਕਿ ਇਸ ਸੰਸਾਰ ਦੇ ਅੰਦਰ ਮਾਇਆ ਜਿਹੜੀ ਹੈ, ਇਹ ਨਾਗਣੀ ਹੋਇਆ ਕਰਦੀ ਹੈ। ਧਨ ਦਾ ਲਾਲਚ ਦਿਤਾ ਗਿਐ ਇਨ੍ਹਾਂ ਨੂੰ। ਇਹ ਨਾਗਣੀ ਮਾਇਆ ਸਾਰੇ ਮਨੁਖਾਂ ਦੇ ਲੜਦੀ ਹੈ -

***ਧਾਰਨਾ - ਮਾਇਆ ਹੋ ਕੇ ਨਾਗਣੀ ਲੜ ਗਈ,***
***ਮਨਮੁਖ ਬੰਦਿਆਂ ਦੇ - 2, 2***

***ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥***
***ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥***
***ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ ॥***

***ਅੰਗ - 510***

"ਗੁਰਸਿਖੋ! ਇਹ ਮਾਇਆ ਨਾਗਣੀ ਦਾ ਕੰਮ ਹੈ। ਆਦਮੀ ਨੂੰ ਸਵਾਮੀ ਭਗਤ ਨਹੀਂ ਰਹਿਣ ਦਿੰਦੀ। ਨਮਕ ਹਲਾਲ ਨਹੀਂ ਰਹਿਣ ਦਿੰਦੀ, ਮਿੱਤਰ ਨੂੰ ਮਿੱਤਰ ਨਹੀਂ ਰਹਿਣ ਦਿੰਦੀ, ਪਿਉ ਪੁੱਤਰ ਦੇ ਅੰਦਰ ਫਰਕ ਪਾ ਦਿੰਦੀ ਹੈ; ਬੱਚਾ ਚਾਹੁੰਦੈ ਕਿ ਮਾਂ ਪਿਓ ਨੂੰ ਖਤਮ ਕਰਾਂ ਤੇ ਮੇਰੇ ਕੋਲ ਪੈਸਾ ਟਕਾ ਆ ਜਾਵੇ।"

ਕਬੀਰ ਸਾਹਿਬ ਇਕ ਵਾਰੀ ਬੈਠੇ ਨੇ ਤੇ ਹੋਰ ਬਹੁਤ ਸਾਰੇ ਸਾਧੂ ਬੈਠੇ ਨੇ। ਇਕ ਬੀਬੀ ਆਈ - ਬਹੁਤ ਸੁੰਦਰ ਕਪੜਿਆਂ ਦੇ ਅੰਦਰ; ਗਹਿਣੇ ਪਾਏ ਹੋਏ ਨੇ, ਆ ਕੇ ਨਮਸਕਾਰ ਕੀਤੀ। ਆਪ ਪਾਟੇ ਹੋਏ ਕਪੜਿਆਂ ਵਾਲੀਆਂ ਬੀਬੀਆਂ ਨੂੰ ਸੁਖ-ਸਾਂਦ ਪੁਛਦੇ ਨੇ - ਬੀਬਾ, ਭੈਣ ਠੀਕ ਹੋ............। ਜਦ ਇਹ ਆਈ; ਦੇਖਿਆ ਹੀ ਨਹੀਂ ਉਧਰ ਨੂੰ। ਕੋਲ ਬੈਠੇ ਮਹਾਤਮਾ ਦੇ ਧਿਆਨ ਵਿਚ ਆਇਆ - ਸਾਰਿਆਂ ਦੇ। ਜਦੋਂ ਉਹ ਪਰ੍ਹੇ ਹਟ ਕੇ ਬੈਠ ਗਈ ਪਿਛੇ ਤਾਂ ਹੌਲੀ ਦੇ ਕੇ ਇਕ ਮਹਾਤਮਾ ਨੇ ਕਿਹਾ ਕਿ ਮਹਾਰਾਜ, ਇਹ ਬੀਬੀ ਬੜੇ ਚੰਗੇ ਘਰ ਦੀ ਆਈ ਹੈ, ਬੜੀ ਸ਼ਰਧਾ ਦੇ ਨਾਲ ਇਹਨੇ, ਇਕ ਵਾਰੀ ਨਹੀਂ, ਕਿੰਨੀ ਵਾਰੀ ਮੱਥਾ ਆਪ ਦੇ ਚਰਨਾਂ ਤੇ ਝੁਕਾਉਣ ਦਾ ਯਤਨ ਕਰਿਐ ਲੇਕਿਨ ਆਪ ਨੇ ਉਹਦੇ ਵੱਲ ਦੇਖਿਆ ਹੀ ਨਹੀਂ; ਕੀ ਕਾਰਨ ਹੈ? ਕੋਈ ਪਹਿਲਾਂ ਦਾ ਰੋਸਾ ਹੈ, ਗੁੱਸਾ-ਗਿਲਾ ਹੈ? ਕਹਿੰਦੇ, ਪ੍ਰੇਮੀਓ! ਸੰਤਾਂ ਦੇ ਮਨ ਵਿਚ ਕਿਸੇ ਦੇ ਖਿਲਾਫ ਰਾਗ ਦਵੈਸ਼ ਨਹੀਂ ਹੁੰਦਾ; ਨ ਕਿਸੇ ਨਾਲ ਪਕੜ ਹੁੰਦੀ ਹੈ, ਨ ਕਿਸੇ ਨਾਲ ਨਫਰਤ ਹੁੰਦੀ ਹੈ; ਨ ਕਿਸੇ ਨੂੰ ਦੂਰ ਕਰਨਾ ਚਾਹੁੰਦੇ ਨੇ, ਨ ਕਿਸੇ ਨੂੰ ਨੇੜੇ। ਉਹਦੀ ਭਾਵਨਾ ਨੇੜੇ ਲਿਆਉਂਦੀ ਹੈ, ਭਾਵਨਾ ਹੀ ਦੂਰ ਕਰਦੀ ਹੈ। ਸੰਤ ਇਕ ਰਸ ਹੋਇਆ ਕਰਦੇ ਨੇ; ਨ ਕੋਈ ਵੈਰੀ, ਨ ਕੋਈ ਮਿਤਰ - ਕੋਈ ਨਹੀਂ ਹੋਇਆ ਕਰਦਾ; ਆਪਣਾ ਭਾਵਨਾ ਦੇ ਮੁਤਾਬਿਕ ਸੰਸਾਰ ਵਰਤਦੈ ਤੇ ਇਹ ਸ਼ੀਸ਼ਾ ਹੁੰਦੇ ਨੇ -

***ਜਿਉਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ॥***
***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ॥***

***ਭਾਈ ਗੁਰਦਾਸ ਜੀ, ਵਾਰ 34/1***

ਜਿਹੋ ਜਿਹਾ ਮੂੰਹ ਕਰਕੇ ਕੋਈ ਸੰਤਾਂ ਨੂੰ ਦੇਖਦੈ, ਉਹੋ ਜਿਹਾ ਹੀ ਉਹਦੇ ਵਿਚੋਂ ਦਿਸਣ ਲਗ ਜਾਂਦੈ; ਆਪਣਾ ਹੀ ਮੂੰਹ ਦਿਸਦਾ ਹੁੰਦੈ। ਸਾਡੀ ਤਾਂ ਰਾਗ-ਦਵੈਸ਼ ਹੈ ਹੀ ਨਹੀਂ ਕਿਸੇ ਦੇ ਨਾਲ।"ਫੇਰ ਤੁਸੀਂ ਮਹਾਰਾਜ ਐਨੀ ਬੇ-ਰੁਖੀ ਦਿਖਾਈ ਹੈ - ਇਸ ਬੀਬੀ ਤੋਂ।"

"ਪੁੱਛ ਲਓ; ਇਹ ਬੀਬੀ ਬਹੁਤ ਖਤਰਨਾਕ ਹੈ; ਤੁਹਾਨੂੰ ਨਹੀਂ ਇਹਦਾ ਪਤਾ; ਸਾਨੂੰ ਪਤੈ। ਇਹਨੇ ਤਾਂ ਨ ਬ੍ਰਹਮਾ ਨੂੰ ਛੱਡਿਐ, ਨ ਸ਼ਿਵ ਜੀ ਨੂੰ, ਨਾ ਕਿਸੇ ਦੇਵੀ ਨੂੰ, ਨ ਕਿਸੇ ਜਪੀ ਨੂੰ, ਨ ਕਿਸੇ ਤਪੀ ਨੂੰ; ਅਨੇਕ ਰੂਪ ਧਾਰਨ ਕਰਕੇ ਇਹ ਛਲ ਲੈਂਦੀ ਹੈ। ਇਹ ਤਾਂ ਛਲੋ-ਮਾਈ ਹੈ, ਛਲਦੀ ਫਿਰਦੀ ਹੈ। ਸਾਨੂੰ ਇਹਦਾ ਪਤੈ ਕਿ ਇਹਨੇ ਛਲਣ ਵਾਸਤੇ ਆਉਣੈ।"

"ਕੌਣ ਐਂ ਮਹਾਰਾਜ! ਖੋਲ੍ਹ ਕੇ ਦੱਸੋ?"

"ਮਾਇਆ ਆਈ ਹੈ ਸਰੂਪ ਧਾਰ ਕੇ।" ਬੁਲਾ ਲਿਆ ਕਬੀਰ ਸਾਹਿਬ ਨੇ। ਕਹਿੰਦੇ, "ਦੱਸ ਬੀਬੀ, ਤੇਰਾ ਕੀ ਰੂਪ ਹੈ?" ਕਹਿਣ ਲੱਗੀ, ਮਹਾਰਾਜ, ਮੇਰੇ ਅਨੇਕ ਰੂਪ ਨੇ। ਮੈਂ ਧਾਤ ਰੂਪ ਦੇ ਅੰਦਰ ਪਿਤਾ ਤੋਂ ਪੁੱਤਰ ਨੂੰ ਭੁਲਾ ਦਿੰਦੀ ਹਾਂ, ਔਰਤ ਤੋਂ ਆਦਮੀ ਨੂੰ ਮਰਵਾ ਦਿੰਦੀ ਹਾਂ। ਆਦਮੀ ਤੋਂ ਔਰਤ ਨੂੰ ਅੱਗ ਲਾ ਕੇ ਜਲਾ ਦਿੰਦੀ ਹਾਂ। ਜਾਲਦੇ ਨੇ ਨ! ਕਹਿੰਦੇ, ਦਾਜ ਥੋੜਾ ਲਿਆਂਦੈ। Bride burning ਇਹਨੂੰ ਕਹਿੰਦੇ ਨੇ। ਕਹਿੰਦੀ, ਮੇਰੇ ਬੜੇ ਕੌਤਕ ਨੇ। ਮੈਂ ਯੁੱਧ ਕਰਾ ਦਿੰਦੀ ਹਾਂ, ਕਿਸੇ ਨੂੰ ਚੈਨ ਨਾਲ ਨਹੀਂ ਰਹਿਣ ਦਿੰਦੀ। ਇਹ ਮੇਰਾ ਧਾਤ ਦਾ ਰੂਪ ਹੈ। ਦੂਜਾ ਮੇਰਾ ਜ਼ਮੀਨ ਦਾ ਸਰੂਪ ਹੈ - ਧਰਤੀ, ਮਕਾਨ ਕੋਠੀਆਂ; ਇਹਦੇ ਵਿਚ ਵੀ ਮੈਂ ਸਾਰਾ ਸੰਸਾਰ ਭੁਲਾਇਆ ਹੋਇਐ। ਤੀਸਰਾ ਮੇਰਾ ਰੂਪ ਹੈ - ਸੁੰਦਰਤਾ। ਮੈਂ ਮੋਹਣੀ ਹਾਂ, ਜਪ ਤਪ ਸਭ ਮੈਂ ਖਤਮ ਕਰ ਦਿੰਦੀ ਹਾਂ। ਚੌਥਾ ਮੇਰਾ ਰੂਪ ਹੈ ਅੰਦਰਲਾ - ਰਿੱਧੀ ਸਿੱਧੀ ਦਾ। ਮੈਂ ਸਾਰੇ ਮਹਾਤਮਾ ਨੂੰ ਤਪ ਕਰਦਿਆਂ ਨੂੰ, ਰੱਬ ਵੱਲ ਨੂੰ ਜਾਂਦਿਆਂ

ਨੂੰ ਵਿਚਾਲੇ ਹੀ ਰੋਕ ਲੈਂਦੀ ਹਾਂ –

*ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥*

*ਅੰਗ – 593*

ਇਸ ਤੋਂ ਉਤੇ ਮੈਂ ਉਨ੍ਹਾਂ ਦੀ ਮਾਨਤਾ ਕਰਾਉਂਦੀ ਹਾਂ; ਮਾਨਤਾ ਦੇ ਨਾਲ ਮਾਣ ਦੇ ਰੂਪ ਵਿਚ ਮੈਂ ਵਿਚ ਵਸ ਜਾਂਦੀ ਹਾਂ। ਮਾਇਆ ਛੱਡ ਦਿੰਦੇ ਨੇ ਪਰ ਮਾਣ ਨਹੀਂ ਛੱਡਿਆ ਜਾਂਦਾ –

*ਕਬੀਰ ਮਾਇਆ ਤਜੀ ਤ ਕਿਆ ਭਇਆ*
*ਜਉ ਮਾਨੁ ਤਜਿਆ ਨਹੀ ਜਾਇ॥*
*ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥ ਅੰਗ – 1372*

ਫੇਰ ਮੈਂ, ਮਹਾਰਾਜ, ਮਾਣ ਦਾ ਰੂਪ ਬਣ ਜਾਂਦੀ ਹਾਂ। ਸੰਤ ਜੀ! ਮੇਰਾ ਇਕ ਰੂਪ ਹੋਰ ਹੈ ਜਿਹੜਾ ਸਾਰੀ ਸ੍ਰਿਸ਼ਟੀ ਨੂੰ ਕਾਬੂ ਕਰੀਂ ਬੈਠੈ। ਉਸ ਨੂੰ ਅਵਿਦਿਆ, ignorance, illusion ਭੁੱਲ, ਹਉਮੈ, ego ਕਹਿੰਦੇ ਨੇ। ਉਹਦੇ ਵਿਚ ਮੈਂ ਸਭ ਭੁਲਾਏ ਹੋਏ ਨੇ, ਕਿਸੇ ਨੂੰ ਨਹੀਂ ਲੰਘਣ ਦਿੰਦੀ; ਰੱਬ ਦਾ ਜੋ ਰਸਤਾ ਹੈ ਉਹ ਦੇਖਣ ਹੀ ਨਹੀਂ ਦਿੰਦੀ, ਆਪਣੇ ਹੀ ਆਲੇ-ਦੁਆਲੇ ਰੱਖਦੀ ਹਾਂ –

*ਧਾਰਨਾ – ਤੁਮਰੇ ਚਰਨ ਵਿਸਾਰੇ ਜੀ,*
*ਇਨ ਮਾਇਆ ਜਗਦੀਸ ਗੁਸਾਈਂ – 2, 2.*
*ਇਨਿ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ ॥*
*ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ ॥*

*ਅੰਗ – 857*

ਕਹਿਣ ਲੱਗੀ, ਇਹ ਮੇਰਾ ਰੂਪ ਹੈ ਕਿ ਮੈਂ ਪਿਆਰ ਵਿਚ ਪਾ ਕੇ ਰੱਬ ਨੂੰ ਭੁੱਲਾ ਦਿੰਦੀ ਹਾਂ; ਕੋਈ ਵਿਰਲਾ ਹੈ ਜੋ ਮੇਰੀ ਮਾਰ ਤੋਂ ਬਚਿਆ ਹੈ। ਕਹਿਣ ਲੱਗੇ ਕਿ ਤੇਰੇ ਕੇਸ ਅਗਲੇ ਵੀ ਘਸੇ ਹੋਏ ਨੇ, ਪਿਛਲੇ ਵੀ ਘਸੇ ਹੋਏ ਨੇ। ਕਹਿੰਦੀ, ਅਗਲੇ ਇਸ ਕਰਕੇ ਘਸੇ ਹੋਏ ਨੇ ਕਿ ਮੈਂ ਮਹਾਂਪੁਰਸ਼ਾਂ ਕੋਲ ਜਾ ਕੇ ਬੇਨਤੀਆਂ ਕਰਦੀ ਹਾਂ ਕਿ ਮੈਥੋਂ ਕੰਮ ਲੈ ਲਉ; ਮੈਂ ਦਾਸੀ ਬਣ ਕੇ ਕਾਰ ਕਰਨ ਨੂੰ ਤਿਆਰ ਹੋ ਜਾਂਦੀ ਹਾਂ, ਸਭ ਕੁਛ ਆਪੇ ਲਿਆ-ਲਿਆ ਹਾਜ਼ਰ ਕਰਦੀ ਹਾਂ ਪਰ ਉਹ ਮੇਰੇ ਨਾਲ ਮਿਲਦੇ ਨਹੀਂ ਹੈਗੇ। ਤੇ

ਮੈਂ ਮਿੰਨਤਾਂ ਕਰਦੀ ਰਹਿੰਦੀ ਹਾਂ, ਨਮਸ਼ਕਾਰਾਂ ਕਰਦੀ ਦੇ ਮੇਰੇ ਮੱਥੇ ਦੇ ਵਾਲ ਘਸ ਗਏ। ਦੇਖੋ, ਮੈਂ ਮਹਾਂਪੁਰਸ਼ਾਂ ਨੂੰ ਆ ਕੇ ਨਮਸਕਾਰ ਕਰੀ ਸੀ, ਕਿੰਨੀ ਬੇਰੁਖੀ ਦਿਖਾਈ ਹੈ; ਗਰੀਬਾਂ ਦੇ ਨਾਲ ਗੱਲ ਕਰਦੇ ਨੇ, ਮੇਰੇ ਨਾਲ ਬਾਤ ਨਹੀਂ ਕਰਦੇ। ਕਿਉਂ ਨਹੀਂ ਕਰਦੇ ਕਿਉਂਕਿ ਮੇਰੇ ਮਨ ਵਿਚ ਕੁਟਿਲਤਾ ਹੈ, ਮੈਂ ਇਨ੍ਹਾਂ ਨੂੰ ਵੱਸ ਕਰਨਾ ਚਾਹੁੰਦੀ ਹਾਂ। ਸੇਵਾ ਵਾਸਤੇ ਨਹੀਂ ਮੈਂ ਆਈ; ਸੇਵਾ ਵੀ ਮੈਂ ਕਰਦੀ ਹਾਂ, ਨਾਲ ਇਹ ਵੀ ਚਾਹੁੰਦੀ ਹਾਂ ਕਿ ਮੇਰੇ ਅਸਰ ਹੇਠ ਹੋ ਜਾਉ, ਰੱਬ ਦਾ ਖਹਿੜਾ ਛੱਡੋ।

ਗੁਰੂ ਨਾਨਕ ਪਾਤਸ਼ਾਹ ਦੇ ਪਾਸ ਵੀ ਆਈ। ਆਪ ਨੇ reject (ਰੱਦ) ਕਰ ਦਿਤੀ। ਕਹਿੰਦੇ, ਨਾਂ!

***ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥***
***ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥***
***ਹਰਿ ਬਿਨੁ ਜੀਉ ਜਲਿ ਬਲਿ ਜਾਉ ॥***
***ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥ ਰਹਾਉ ॥***

***ਅੰਗ - 14***

ਨਹੀਂ ਚਾਹੀਦੇ ਮੋਤੀਆਂ ਦੇ ਮੰਦਰ, ਨਹੀਂ ਚਾਹੀਦੇ ਲਾਲਾਂ ਦੇ ਨਾਲ ਜੜ੍ਹੇ ਹੋਏ ਪਲੰਘ -

***ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥***
***ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥***
***ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥***
***ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥***
***ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥***
***ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥***

***ਅੰਗ- 14***

ਕੀ ਕਰਨੀਆਂ ਰਿਧੀਆਂ-ਸਿਧੀਆਂ; ਮਾਇਆ ਦਾ ਸਰੂਪ

ਹੈ -

***ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥***

***ਅੰਗ - 593***

ਮਹਾਰਾਜ ਕਹਿੰਦੇ, ਧ੍ਰਿਕਾਰ ਹੈ ਸਿੱਧੀ ਨੂੰ, ਧ੍ਰਿਕਾਰ ਕਰਾਮਾਤ ਨੂੰ, ਜੇ ਨਾਮ ਨਹੀਂ ਹਿਰਦੇ ਵਿਚ ਵਸਦਾ।

***ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥***
***ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥ ਅੰਗ- 14***

ਕਹਿੰਦੇ, ਬਾਦਸ਼ਾਹ ਬਣਨ ਦੀ ਲੋੜ ਨਹੀਂ ਸਾਨੂੰ -

***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥***

***ਅੰਗ - 14***

ਜਿਹੜੀਆਂ ਚੀਜ਼ਾਂ ਪਰਮੇਸ਼ਰ ਦੇ ਨਾਲੋਂ ਸਾਨੂੰ ਤੋੜਦੀਆਂ ਨੇ, ਉਹ ਨਹੀਂ ਸਾਨੂੰ ਚਾਹੀਦੀਆਂ।

ਕਹਿੰਦੀ, ਮੈਨੂੰ reject ਕਰਦੇ ਨੇ, ਪਰਵਾਨ ਨਹੀਂ ਕਰਦੇ; ਅਪਰਵਾਨ ਕਰ ਦਿੰਦੇ ਨੇ, ਦੂਰ ਰਖਦੇ ਨੇ। ਮੈਂ ਦਾਸੀ ਬਣ ਕੇ ਸੇਵਾ ਕਰਨ ਵਾਸਤੇ ਤਿਆਰ ਹਾਂ। ਸੋ ਜੋ ਮੂਹਰਲੇ ਕੇਸ ਨੇ - ਮੱਥੇ ਦੇ, ਇਹ ਮਸਤਕ ਨਿਵਾਉਂਦੀ ਦੇ ਘਸ ਗਏ। ਪਿਛਲੇ ਜਿਹੜੇ ਨੇ, ਇਹ ਜੋ ਪਾਮਰ ਪੁਰਸ਼, ਵਿਸ਼ਈ ਪੁਰਸ਼, ਵਿਸ਼ੇ-ਵਿਕਾਰਾਂ, ਭੋਗਾਂ 'ਚ ਪਏ ਹੋਏ ਮੈਨੂੰ ਪਾਪ ਦੇ ਵਾਸਤੇ ਖਰਚ ਕਰਦੇ ਨੇ, ਮੰਦੇ ਕੰਮਾਂ ਤੇ ਖਰਚ ਕਰਦੇ ਨੇ; ਮੈਂ ਦੌੜਦੀ ਹਾਂ, ਮੈਂ ਉਨ੍ਹਾਂ ਦੇ ਕੋਲ ਨਹੀਂ ਰਹਿੰਦੀ; ਉਹ ਪੈਰ ਫੜਦੇ ਨੇ, ਮੈਂ ਫੇਰ ਦੌੜਦੀ ਹਾਂ; ਇਹ ਐਸ ਤਰ੍ਹਾਂ ਉਥੇ ਘਸ ਗਏ।

ਸੰਤ ਕਹਿਣ ਲੱਗੇ, "ਮਾਇਆ! ਅਸੀਂ ਬੜਾ ਸੁਣਿਐਂ ਕਿ ਤੇਰੇ ਕੌਤਕ ਬੜੇ ਅਜੀਬ ਨੇ; ਕੋਈ ਦਿਖਾ ਤਾਂ ਸਹੀ।" ਕਬੀਰ ਸਾਹਿਬ ਕਹਿੰਦੇ, "ਚਲ ਦਿਖਾ ਦੇ।" ਕਹਿੰਦੀ, "ਚੱਲੋ ਜੰਗਲ 'ਚ।" ਜੰਗਲ 'ਚ ਚਲੀ ਗਈ। ਉਥੇ ਦੋ ਥੈਲੀਆਂ ਬਣ ਕੇ ਪੈ ਗਈ। ਚਾਰ ਮਿੱਤਰ ਤੁਰੇ ਆਉਂਦੇ ਨੇ। ਕਹਿੰਦੇ, "ਕੁਛ ਪਿਐ; ਇਹ ਆਪਾਂ ਚੁੱਕ ਲਈਏ ਤੇ ਆਪਾਂ ਸਾਰਿਆਂ ਨੇ ਇਕੱਠਾ ਹੀ ਵੰਡਣੈ।" ਜੰਗਲ 'ਚ ਚਲੇ ਗਏ, ਕਹਿੰਦੇ, "ਹੁਣ ਆਪਾਂ ਐਂ ਕਰੀਏ, ਪਹਿਲਾਂ ਖਾਣ

ਪੀਣ ਦਾ ਬੰਦੋਬਸਤ ਕਰੀਏ। ਜਦ ਅਨ੍ਹੇਰਾ ਹੋ ਜਾਏਗਾ, ਫੇਰ ਆਪਾਂ ਤੁਰ ਜਾਵਾਂਗੇ।" ਦੋ ਚਲੇ ਗਏ - ਪਰਸ਼ਾਦਾ ਲੈਣ। ਰਸਤੇ ਵਿਚ ਤੁਰੇ ਜਾ ਰਹੇ ਨੇ, ਇਕ ਦੂਜੇ ਦੇ ਚਿਹਰੇ ਵਲ ਦੇਖਦੇ ਨੇ। ਇਕ ਕਹਿੰਦਾ -

"ਤੂੰ ਉਦਾਸ ਕਿਉਂ ਹੈਂ?"

"ਪਹਿਲਾਂ ਤੂੰ ਦੱਸ।"

"ਮੈਂ ਦੱਸ ਤਾਂ ਦਿੰਨਾਂ; ਅੱਗੇ ਗੱਲ ਤਾਂ ਨਹੀਂ ਕਰੇਂਗਾ?"

"ਨਹੀਂ ਦਸਦਾ।"

"ਜੇ ਆਪਣੇ ਕੋਲ ਧਨ ਹੁੰਦਾ - ਐਨਾ, ਕਈ ਪੁਸ਼ਤਾਂ ਤੱਕ ਨਹੀਂ ਸੀ ਮੁੱਕਣਾ। ਹੁਣ ਚਾਰ ਹਿੱਸਿਆਂ 'ਚ ਤਾਂ ਕੁਛ ਨਹੀਂ ਰਹਿਣਾ।"

"ਮੈਂ ਵੀ ਇਵੇਂ ਸੋਚਦਾ ਸੀ ਕਿ ਆਪਾਂ ਦੋਹਾਂ ਨੂੰ ਮਿਲ ਜਾਏ।"

"ਫੇਰ ਕੋਈ ਜੁਗਤ!"

"ਜੁਗਤ ਤਾਂ ਐਸ ਤਰ੍ਹਾਂ ਹੈ ਕਿ ਆਪਾਂ ਵਿਹੁ ਪਾ ਕੇ ਲੈ ਜਾਨੇ ਹਾਂ - ਰੋਟੀਆਂ 'ਚ, ਖਾ ਕੇ ਆਪੇ ਮਰ ਜਾਣਗੇ। ਨਦੀ ਚਲਦੀ ਹੈ ਕੋਲ, ਵਿਚ ਸੁੱਟ ਦਿਆਂਗੇ। ਕਿਤੇ ਦੀ ਕਿਤੇ ਜਾਣਗੇ - ਰਾਤੋ-ਰਾਤ।"

ਓਧਰ ਉਹ ਚੁੱਪ ਕਰੀਂ ਬੈਠੇ ਨੇ। ਇਕ ਕਹਿਣ ਲੱਗਿਆ -

"ਤੂੰ ਉਦਾਸ ਕਿਉਂ ਹੈ?"

"ਜੇ ਆਪਣੇ ਦੋਹਾਂ ਕੋਲ ਰਹਿ ਜਾਵੇ ਤਾਂ ਬੜੀ ਚੰਗੀ ਗੱਲ ਹੈ।"

"ਆਪਾਂ ਨੱਠ ਚਲਦੇ ਹਾਂ।"

"ਨੱਠਿਆਂ ਨੂੰ ਨਹੀਂ ਜਾਣ ਦੇਣਾ; ਆਪਣੇ ਪਿੰਡ ਦੇ ਹੀ ਨੇ, ਕੱਠੇ ਹੀ ਹਾਂ ਆਪਾਂ।"

''ਫੇਰ?''

''ਆਪਾਂ ਇਨ੍ਹਾਂ ਦੀ ਜੜ੍ਹ ਹੀ ਵੱਢੀਏ। ਆਉਣਗੇ, ਇਕ ਨੂੰ ਤੂੰ ਮਾਰ ਦਈਂ, ਇਕ ਨੂੰ ਮੈਂ ਮਾਰ ਦਊਂ।''

ਇਵੇਂ ਹੀ ਹੋਇਆ। ਉਨ੍ਹਾਂ ਨੇ ਲਿਆ ਕੇ ਪਰਸ਼ਾਦੇ ਰੱਖੇ। ਇਕ ਨੇ ਉਹ ਮਾਰ ਦਿਤਾ, ਇਕ ਨੇ ਦੂਆ ਮਾਰ ਦਿਤਾ। ਜਦ ਪਰਸ਼ਾਦੇ ਛਕੇ, ਦੋਇ ਉਹ ਵੀ ਮਰ ਗਏ। ਮੋਹਰਾਂ ਦੀ ਥੈਲੀ ਓਥੇ ਹੀ ਪਈ ਹੈ। ਮਾਇਆ ਉਠ ਕੇ ਆ ਗਈ ਸੰਤਾਂ ਕੋਲ। ਕਹਿੰਦੀ, ''ਮੈਂ ਆਹ ਕੰਮ ਕਰਦੀ ਹੁੰਦੀ ਹਾਂ। ਐਂ ਸੰਸਾਰ ਭਿੜਦੈ, ਐਂ ਮਰਦੇ ਨੇ।''

ਮਹਾਰਾਜ ਕਹਿੰਦੇ, ਦੇਖੋ ਪ੍ਰੇਮੀਓਂ -

***ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥ ਅੰਗ - 510***

ਜਿਹੜੇ ਕੱਲ੍ਹ ਤੱਕ ਕਹਿੰਦੇ ਸੀ, ਮਹਾਰਾਜ! ਅਸੀਂ ਤੁਹਾਡੇ ਸੇਵਾਦਾਰ ਹਾਂ, ਜਾਨਾਂ ਵਾਰਾਂਗੇ। ਤਨਖਾਹਾਂ ਲੈਂਦੇ ਸੀ, ਤਨਖਾਹਾਂ ਵੀ ਬੜੀਆਂ ਦਿੰਦੇ ਸੀ ਮਹਾਰਾਜ - ਪੰਜ ਰੁਪਏ ਰੋਜ਼ ਦੇ ਸਰਦਾਰ ਨੂੰ, ਇਕ ਰੁਪਈਆ ਰੋਜ਼ ਦਾ ਜਵਾਨ ਨੂੰ ਦਿੰਦੇ ਸੀ। ਉਨ੍ਹਾਂ ਦਿਨਾਂ ਵਿਚ ਇਕ ਰੁਪਈਏ ਦੇ ਸਾਢੇ ਚਾਰ ਮਣ ਛੋਲੇ ਆਉਂਦੇ ਸੀ। ਹੁਣ ਬਹੁਤੀ ਦੇ ਲਾਲਚ ਵਿਚ ਨੱਠ ਗਏ, ਨਮਕ-ਹਰਾਮੀ ਹੋ ਗਏ।

ਸੋ ਉਸ ਵੇਲੇ ਮਹਾਰਾਜ ਨੇ ਨੰਦ ਚੰਦ ਜੀ ਨੂੰ ਕਿਹਾ ਕਿ ਤਿਆਰੀ ਕਰੋ, ਭੰਗਾਣੀ ਦੇ ਮੈਦਾਨ ਵਿਚ ਜਾ ਕੇ ਰਣਥੰਭਾ ਗੱਡੋ, ਸਾਰਾ ਮੈਦਾਨ ਦੇਖ ਆਓ। ਤਾਂ ਮਹਾਰਾਜ ਕੋਲ ਖਬਰ ਆਈ ਕਿ ਫੌਜਾਂ ਨੂੰ ਚਲਣ ਦਾ ਹੁਕਮ ਹੋ ਗਿਆ। ਕਹਿੰਦੇ, ''ਮਹਾਰਾਜ! 500 ਤਾਂ ਇਹ ਗਿਆ ਪਠਾਣ। ਇਕ ਕਾਲੇ ਖਾਂ ਤੁਸੀਂ ਆਪ ਹੀ ਤੋਰ ਦਿਤਾ ਤੇ 500 ਉਦਾਸੀ ਮਹਾਤਮਾ ਜਿਹੜੇ ਏਥੇ ਰਹਿੰਦੇ ਸੀ, ਉਹ ਵੀ ਮਹਾਰਾਜ, ਸਾਰੇ ਚਲੇ ਗਏ।'' ਕਹਿੰਦੇ, ''ਕੀ ਕਹਿੰਦੇ ਸੀ?''

ਕਹਿੰਦੇ, ''ਮਹਾਰਾਜ, ਰਾਤ ਬੜੀ ਗਰਮਾ-ਗਰਮ ਬਹਿਸ ਚਲਦੀ ਰਹੀ। ਉਹ ਕਹਿੰਦੇ, ਦੁਨੀਆਂ ਤਾਂ ਤਿੰਨ ਕਾਲ ਹੋਈ ਹੀ ਨਹੀਂ; ਆਪਾਂ ਕਿਉਂ ਯੁੱਧ ਵਿਚ ਚੱਲੀਏ? ਘਰ ਛੱਡਿਆ, ਬਾਰ

ਛੱਡਿਆ; ਆਪਣੇ ਆਤਮ ਅਨੰਦ ਵਿਚ ਰਹੀਏ; ਕਪੜਾ ਆਪਾਂ ਨਹੀਂ ਪਾਉਂਦੇ, ਮਕਾਨ ਵਿਚ ਆਪਾਂ ਨਹੀਂ ਰਹਿੰਦੇ; ਆਹ ਲੜਾਈ ਆਪਾਂ ਕਿਉਂ ਗਲ ਪੁਆਈਏ, ਸਾਡਾ ਕੀ ਕੰਮ ਲੜਾਈ ਨਾਲ। ਕਹਿੰਦੇ, ਮਹੰਤ ਸਮਝਾਉਂਦਾ ਰਿਹਾ - ਕਿਰਪਾਲ ਦਾਸ ਜੀ ਤੇ ਉਨ੍ਹਾਂ ਨੇ, ਮਹਾਰਾਜ ਸਵੇਰੇ ਹੀ ਅੰਮ੍ਰਿਤ ਵੇਲੇ ਜਦੋਂ ਆਪਣੀ ਆਸਾ ਦੀ ਵਾਰ ਲਗੀ ਹੋਈ ਸੀ, ਆਪਣੀਆਂ-ਆਪਣੀਆਂ ਚਿੱਪੀਆ ਚੁੱਕੀਆਂ ਤੇ ਜਿੱਧਰ ਨੂੰ ਕਿਸੇ ਦਾ ਮੂੰਹ ਹੋਇਆ, ਨੱਠ ਗਏ।" ਮਹਾਰਾਜ ਕਹਿੰਦੇ -

"ਮਹੰਤ?"

"ਮਹਾਰਾਜ, ਉਹ ਨਹੀਂ ਗਿਆ।"

"ਉਹ ਕੀ ਕਹਿੰਦੈ?"

"ਉਹ ਤਾਂ ਕਹਿੰਦਾ, ਮੈਂ ਨਾਲ ਹੀ ਜਾਨ ਦੇਵਾਂਗਾ ਗੁਰੂ ਦੇ, ਮੈਂ ਨਹੀਂ ਨੱਠਣਾ। ਇਹ ਗੁਰੂ ਨਾਨਕ ਦਾ ਘਰ ਹੈ, ਇਹਨੂੰ ਛੱਡ ਕੇ ਅਸੀਂ ਜਾਵਾਂਗੇ ਕਿੱਥੇ?"

"ਕੋਈ ਨ ਪ੍ਰੇਮੀਓਂ! ਜੜ੍ਹ ਤਾਂ ਬਚ ਗਈ ਨ। ਜੇ ਟਾਹਣੇ ਵੱਢੇ ਜਾਣ, ਪੱਤੇ ਝੜ ਜਾਣ, ਫਲ ਜਾਂਦਾ ਰਹੇ, ਟਾਹਣੀਆਂ ਜਾਂਦੀਆਂ ਰਹਿਣ; ਦਰਖਤ ਤਾਂ ਫੇਰ ਹਰਾ ਹੋ ਜਾਊ। ਗੁਰੂ ਘਰ ਦੇ ਨਾਲ ਜੜ੍ਹ ਨੇ ਜੁੜਨੈ; ਟਾਹਣੀਆਂ ਨੇ ਨਹੀਂ ਸੀ ਜੁੜਨਾ। ਕੋਈ ਗੱਲ ਨਹੀਂ। ਬੁਲਾਓ ਕ੍ਰਿਪਾਲ ਦਾਸ ਮਹੰਤ ਨੂੰ।" ਉਸੇ ਵੇਲੇ ਬੁਲਾਇਆ ਕਹਿੰਦੇ -

"ਕ੍ਰਿਪਾਲ ਜੀ, ਕਿਵੇਂ ਹੈ ਹਾਲ?"

"ਮਹਾਰਾਜ! ਜਿਸ ਤਰ੍ਹਾਂ ਤੁਸੀਂ ਰਖਦੇ ਹੋ, ਬਹੁਤ ਚੜ੍ਹਦੀਆਂ ਕਲਾਂ ਵਿਚ।" ਮਹਾਤਮਾ ਦੀ ਸੋਚਣੀ ਅੱਡ ਹੋਇਆ ਕਰਦੀ ਹੈ; ਕੋਈ ਅਸਰ ਨਹੀਂ ਪਿਆ ਕਿ 500 ਨੱਠ ਗਏ। ਕਹਿੰਦੇ -

"ਚੇਲੇ ਕਿਥੇ ਗਏ?"

"ਪਾਤਸ਼ਾਹ! ਤੇਰੀਓ ਸ਼ਰਨ ਵਿਚ ਨੇ -

***ਸੁਨਤਿ ਕ੍ਰਿਪਾਲ ਮਹੰਤ ਉਚਾਰੀ।***

***ਗੁਰ ਚੇਲੇ ਸਭਿ ਸਰਣਿ ਤੁਮਾਰੀ।***
***ਭਲੇ ਬੁਰੇ ਸੰਭਾਨ ਵਾਰੇ।***
***ਤੁਮ ਹੋ ਗੁਰ ਪੂਰਨ ਬਲਿ ਭਾਏ।***

***ਸ੍ਰੀ ਗੁ. ਪ੍ਰ. ਸੂ. ਗ੍ਰੰਥ, ਪੰਨਾ – 4789***

ਪਾਤਸ਼ਾਹ! ਤੈਂ ਹੀ ਸੰਭਾਲਣੈ ਉਨ੍ਹਾ ਨੂੰ ਵੀ; ਤੇਰੀਓ ਸ਼ਰਨ ਵਿਚ ਹਾਂ –

***ਬ੍ਰਹਮਾਦਿਕ ਸਨਕਾਦਿਕ ਸਾਰੇ।***
***ਸ਼ੇਖ ਸਾਰਦਾ ਪਾਇਂ ਨ ਪਾਰੇ॥***

***ਸ੍ਰੀ ਗੁ. ਪ੍ਰ. ਸੂ. ਗ੍ਰੰਥ, ਪੰਨਾ – 4789***

ਨ ਬ੍ਰਹਮਾ, ਨ ਸਨਕਾਦਿਕ ਤੇ ਨ ਕੋਈ ਹੋਰ ਵੱਡੇ-ਵੱਡੇ ਦੇਵੀ ਦੇਵਤੇ ਜਿੰਨੇ ਵੀ ਨੇ, ਤੇਰਾ ਪਾਰ ਕੋਈ ਨਹੀਂ ਪਾ ਸਕਦਾ।

***ਧਯਾਨ ਵਿਖੈ ਜੋਗੀਸਰ ਧਿਆਵੈਂ।***
***ਰਿਖਿ ਨਾਰਦ ਤੇ ਆਦਿਕ ਗਾਵੈਂ।***

***ਸ੍ਰੀ ਗੁ. ਪ੍ਰ. ਸੂ. ਗ੍ਰੰਥ – ਪੰਨਾ 4789***

ਤੈਨੂੰ ਧਿਆਨ ਦੇ ਵਿਚ ਲਿਆ ਕੇ ਜੋਗੀਸ਼ਰ ਧਿਆਉਂਦੇ ਨੇ, ਰਿਖੀ ਸਾਰੇ ਤੇਰੇ ਗੁਣ ਗਾਉਂਦੇ ਨੇ। ਅਸੀਂ ਤਾਂ ਧੰਨਭਾਗੀ ਹਾਂ –

***ਹਮ ਲੋਕਨਿ ਕੇ ਭਾਗ ਵਡੇਰੇ॥***
***ਲੋਚਨ ਗੋਚਰ ਤੁਮ ਕੌ ਹੇਰੇ॥ ਸ੍ਰੀ ਗੁ. ਪ੍ਰ. ਸੂ. ਗ੍ਰੰਥ – ਪੰਨਾ 4789***

ਅਸੀਂ ਤਾਂ ਅੱਖਾਂ ਦੇ ਨਾਲ ਤੁਹਾਡੇ ਦਰਸ਼ਨ ਕਰ ਰਹੇ ਹਾਂ ਪ੍ਰਭੂ!

***ਮਨ ਬਾਨੀ ਕੋ ਬਿਸ਼ੈ ਨ ਹੋਈ।***
***ਭਾਖਤਿ ਸ੍ਰੁਤਿ ਸਿੰਮ੍ਰਿਤਿ ਸਭਿ ਕੋਈ।***

***ਸ੍ਰੀ ਗੁ. ਪ੍ਰ. ਸੂ. ਗ੍ਰੰਥ – ਪੰਨਾ 4789***

ਤੈਨੂੰ ਧਿਆਨ ਦੇ ਵਿਚ ਲਿਆ ਕੇ ਜੋਗੀਸ਼ਰ ਧਿਆਉਂਦੇ ਨੇ, ਰਿਖੀ ਸਾਰੇ ਤੇਰੇ ਗੁਣ ਗਾਉਂਦੇ ਨੇ। ਅਸੀਂ ਤਾਂ ਧੰਨਭਾਗੀ ਹਾਂ – ***'ਹਮ ਲੋਕਨਿ ਕੇ ਬਾਗ ਵਡੇਰੇ॥ ਲੋਚਨ ਗੋਚਰ ਤੁਮ ਕੌ ਹੇਰੇ॥'***

ਸਾਰੇ ਸਿਮ੍ਰਿਤਿ, ਸ਼ਾਸ਼ਤ੍ਰ, ਵੇਦ ਭਾਖਦੇ ਨੇ, ਦੱਸਦੇ ਨੇ, ਕਿ ਗੁਰੂ ਦਾ ਸਰੂਪ ਮਨ ਬਾਣੀ ਤੋਂ ਉਪਰ ਹੁੰਦੈ ਤੇ ਅਸੀਂ ਕੀ ਜਾਣਦੇ ਹਾਂ? ਅਸੀਂ ਤਾਂ ਜੀਵ-ਕੋਟੀ ਦੇ ਬੰਦੇ ਹਾਂ ਤੇ ਅਸੀਂ ਪ੍ਰਭੂ-ਕੋਟੀ ਦੇ ਬਾਰੇ ਕੁਛ ਨਹੀਂ ਜਾਣਦੇ -

*ਧਾਰਨਾ - ਮੈਂ ਕੀ ਜਾਣਾਂ ਓ, ਤੇਰੀ ਸਾਰ ਨੂੰ - 2, 2*
*ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥ ਅਕਾਲ ਉਸਤਤਿ*

ਕਹਿਣ ਲੱਗੇ, "ਪਾਤਸ਼ਾਹ! ਮੈਂ ਕੀ ਜਾਣਦਾਂ" -

*ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥*
*ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥ ਅੰਗ - 726*

"ਤੁਸੀਂ ਜਾਣੋ, ਤੁਹਾਡਾ ਨਾਟਕ ਜਾਣੇ; ਕੀ ਕਰ ਰਹੇ ਓਂ, ਸਾਨੂੰ ਕੋਈ ਪਤਾ ਨਹੀਂ। ਪਾਤਸ਼ਾਹ! ਜਿਥੇ ਰੱਖੋਂਗੇ - ਰਹਾਂਗੇ; ਜਿਵੇਂ ਨਚਾਵੋਂਗੇ - ਨੱਚਾਂਗੇ, ਜਿਥੇ ਭੇਜੋਂਗੇ - ਜਾਵਾਂਗੇ, ਜਿਥੋਂ ਰੋਕੋਂਗੇ - ਰੁਕਾਂਗੇ।"

ਮਹਾਰਾਜ ਬੜੇ ਪ੍ਰਸੰਨ ਹੋਏ, ਕਹਿਣ ਲੱਗੇ, "ਕੋਈ ਨਹੀਂ ਮਹੰਤ ਜੀ! ਆਪ ਗੁਰ ਨਾਨਕ ਦੇ ਘਰ ਨਾਲ ਜੁੜੇ ਹੋ ਤੇ ਹੁਣ ਜੜ੍ਹ ਬਚ ਗਈ, ਦਰਖਤ ਆਪੇ ਫੇਰ ਬਣ ਜਾਏਗਾ; ਜੜ੍ਹ ਜੁੜੀ ਰਹਿ ਗਈ, ਟਾਹਣੀਆਂ ਦੀ ਕੋਈ ਗੱਲ ਨਹੀਂ। ਹੁਣ ਤੁਸੀਂ ਸਾਧੂ ਹੋਂ; ਐਂ ਦੱਸੋਕਿ ਕਿਵੇਂ ਰਹੂਗਾ ਯੁੱਧ?" ਦੋਇ ਹੱਥ ਬੰਨ੍ਹ ਲਏ -

"ਪਾਤਸ਼ਾਹ! ਆਪ ਹੀ ਤੁਸੀਂ ਸਭ ਕੁਛ ਕਰਨ-ਕਰਾਵਣਹਾਰ ਹੋ।"

"ਨਹੀਂ ਸੰਤ ਜੀ! ਬਾਬਾ ਸ੍ਰੀ ਚੰਦ ਜੀ ਦਾ ਵੀ ਸਾਡੇ

ਵੱਡੇ-ਵਡੇਰੇ ਆਦਰ-ਸਤਿਕਾਰ ਬਹੁਤ ਕਰਿਆ ਕਰਦੇ ਸੀ ਤੇ ਏਥੋਂ ਤਕ ਕਿ ਆਪਣੇ ਦਾੜ੍ਹੇ ਦੇ ਨਾਲ ਚਰਨ ਸਾਫ ਕਰੇ ਤੇ ਹੁਣ ਤੁਸੀਂ ਵੀ ਸਾਡੇ ਨਾਲ ਹੋਂ। ਚਲੋ, ਜੇ ਸੰਤਾਂ ਦਾ ਅਸ਼ੀਰਵਾਦ ਸਾਡੇ ਨਾਲ ਹੈ, ਸਾਨੂੰ ਕੀ ਫਰਕ ਪੈਂਦੈ; ਅਸ਼ੀਰਵਾਦ ਦਿਓ।"

"ਮਹਾਰਾਜ, ਤੁਸੀਂ ਤਾਂ ਆਪੇ ਆਪ ਹੋ - ਸਭ ਕੁਛ, ਆਪਣੇ ਸੰਤਾਂ ਨੂੰ ਆਪ ਹੀ ਵਡਿਆਉਂਦੇ ਹੋ।"

"ਸੰਤ ਜੀ! ਕਿਸ ਤਰ੍ਹਾਂ ਹੈ ਫੇਰ?"

"ਮਹਾਰਾਜ, ਮੈਂ ਨਾਲ ਹਾਂ ਤੁਹਾਡੇ।"

"ਕਿਵੇਂ ਯੁੱਧ ਕਰੋਂਗੇ; ਤੁਹਾਡੇ ਕੋਲ ਤਾਂ ਸ਼ਸਤਰ ਕੋਈ ਨਹੀਂ।"

"ਮਹਾਰਾਜ! ਇਹ ਕੁਤਕਾ ਹਰ ਵੇਲੇ ਮੈਂ ਆਪਣੇ ਨਾਲ ਰੱਖਦਾਂ। ਲੜਨਾ ਤੁਸੀਂ ਹੈਂ, ਲੜਾਉਣਾ ਤੁਸੀਂ ਹੈਂ, ਤੁਸੀਂ ਆਪੇ ਪੁਤਲੀਆਂ ਨੂੰ ਨਚਾਉਣੈ; ਇਹ ਕੁਤਕਾ ਹੀ ਬਹੁਤ ਹੈ। ਜਿਵੇਂ ਨਚਾਉਂਗੇ, ਨੱਚਾਂਗੇ।"

ਸੋ ਮਹਾਰਾਜ ਬਹੁਤ ਪ੍ਰਸੰਨ ਹੋਏ। ਅਖੀਰ ਤਿਆਰੀ ਕਰ ਲਈ ਸਾਰੀ। ਥਾਂ-ਥਾਂ ਦੇ ਉਤੇ ਭੰਗਾਣੀ ਤੋਂ ਲੈ ਕੇ ਦੂਰ ਤੱਕ ਫੌਜਾਂ ਗਿਰੀ ਨਦੀ ਲੰਘ ਕੇ ਖੜ੍ਹੀਆਂ ਕਰ ਦਿਤੀਆਂ। ਜਿੱਥੇ ਤੀਰ ਗੜ੍ਹੀ ਗੁਰਦਵਾਰਾ ਹੈ, ਉਥੇ ਮਹਾਰਾਜ ਆਪ ਖੜ੍ਹੇ ਹੋ ਗਏ। ਬਾਕੀ ਆਪਣੀ ਸਾਰੀ ਸੈਨਾ- ਸੰਗੋ ਸ਼ਾਹ ਜੋ ਆਪ ਦੇ ਭੂਆ ਦੇ ਪੁੱਤਰ ਸੀ; ਪੰਜ ਪੁੱਤਰ - ਸੰਗੋ ਸ਼ਾਹ, ਜੀਤ ਮੱਲ, ਗੰਗਾ ਰਾਮ, ਮੋਹਰੀ ਚੰਦ, ਗੁਲਾਬ ਚੰਦ; ਪੰਜੇ ਭਰਾ ਤੇ ਦਯਾ ਰਾਮ ਪ੍ਰੋਹਤ, ਨੰਦ ਚੰਦ ਅਤੇ ਹੋਰ ਅਨੇਕਾਂ ਸੂਰਮਿਆਂ ਨੂੰ ਥਾਂ-ਥਾਂ ਦੇ ਉਤੇ ਮਹਾਰਾਜ ਨੇ ਵੰਡ ਦਿਤਾ। ਤੇ ਓਧਰਲੇ ਪਾਸੇ ਜਦ ਪਠਾਣ ਗਏ ਤਾਂ ਫਤੇਸ਼ਾਹ, ਹਰੀ ਚੰਦ ਹੰਡੂਰੀਆ ਤੇ ਹੋਰ ਸਾਰੇ ਪੁਛਦੇ ਨੇ ਕਿ ਤੁਸੀਂ ਤਾਂ ਗੁਰੂ ਘਰ ਦੇ ਸਾਰੇ ਭੇਤੀ ਓਂ; ਕਿੰਨੀ ਕੁ ਫੌਜ ਹੈ ਉਨ੍ਹਾਂ ਦੇ ਨਾਲ? ਕਹਿੰਦੇ -

"ਕਿਹੜੀ ਫੌਜ ਹੈ; ਅਸੀਓਂ ਸੀਗੇ। ਅਸੀਂ ਤਾਂ ਹੁਣੇ ਲਿਆ

ਕਿ ਲਿਆ।''

''ਤੁਹਾਨੂੰ ਕੀ ਦੇਈਏ?''

''ਅਸੀਂ ਕੁਛ ਨਹੀਂ ਲੈਣਾ। ਆਉਂਦੇ ਈ ਲੜਾਈ ਲੜਾਂਗੇ ਪਰ ਗੁਰੂ ਦਾ ਖਜ਼ਾਨਾ ਲੁੱਟਾਂਗੇ; ਆਹ ਸਾਨੂੰ ਲੁੱਟ ਮਾਫ ਕਰ ਦਿਓ।''

ਗਦਾਰੀ ਕਰੀ, ਧੋਖਾ ਦਿਤਾ, ਨਮਕ-ਹਰਾਮੀ ਵੀ ਕਰੀ ਤੇ ਦੂਸਰੇ ਪਾਸੇ ਜਾ ਕੇ ਮਿਲ ਗਏ, ਕਿੰਨੀ ਤਾਕਤ ਘਟ ਗਈ। ਲੇਕਿਨ ਧੰਨ ਗੁਰੂ ਦਸ਼ਮੇਸ਼ ਪਿਤਾ; ਕਹਿੰਦੇ, ''ਕੋਈ ਨਾ, ਫਿਕਰ ਨਾ ਕਰੋ, ਚੜ੍ਹਦੀ ਕਲਾ ਵਿਚ ਰਹੋ ਖਾਲਸਾ ਜੀ! ਕੋਈ ਬਾਤ ਨਹੀਂ ਹੈ।'' ਤੇ ਥਾਂ-ਥਾਂ ਤੇ ਸੂਰਮੇ ਖੜ੍ਹੇ ਨੇ ਤੇ ਓਧਰ ਸੁਨੇਹਾ ਭੇਜਿਆ - ਬੁੱਧੂਸ਼ਾਹ ਨੂੰ, ਕਿ ਉਹ ਜਿਹੜੇ ਤੈਂ ਨਮਕ-ਹਲਾਲ ਰਖਾਏ ਸੀ, ਸਾਰੇ ਹੀ ਨਮਕ-ਹਰਾਮੀ ਕਰ ਗਏ।

ਜਦ ਬੁੱਧੂਸ਼ਾਹ ਨੂੰ ਪਤਾ ਲੱਗਿਆ; ਪੱਲਾ ਫੇਰ ਦਿਤਾ ਉਹਨੇ ਕਿ ਆਓ, ਗੁਰੂ ਦੇ ਵਾਸਤੇ ਜਿਨ੍ਹਾਂ ਨੇ ਜਾਨਾਂ ਦੇਣੀਆਂ ਨੇ। 700 ਮੁਰੀਦ, ਚਾਰ ਪੁੱਤਰ, ਦੋ ਭਰਾ ਲੈ ਕੇ ਮੈਦਾਨ-ਇ-ਜੰਗ ਵਿਚ ਇਕ ਪਾਸੇ ਹੋ ਗਿਆ ਕਿ ਇਧਰਲੇ ਪਾਸੇ ਤੋਂ ਪਹਿਲਾਂ ਰੋਕਾਂਗੇ ਦੁਸ਼ਮਨ ਨੂੰ। ਮੂਹਰੇ ਹੋ ਗਿਆ - ਸਾਰਿਆਂ ਤੋਂ। ਜਦੋਂ ਜੰਗ ਸ਼ੁਰੂ ਹੋਇਆ, ਉਸ ਵੇਲੇ ਮਹਾਰਾਜ ਨੇ ਕਿਹਾ ਕਿ ਔਹ ਕੌਣ ਲੜ ਰਹੇ ਨੇ? ਕਹਿੰਦੇ, ''ਸੱਚੇ ਪਾਤਸ਼ਾਹ! ਇਹ ਬੁੱਧੂਸ਼ਾਹ 700 ਮੁਰੀਦ ਲੈ ਕੇ ਆ ਗਿਆ, ਚਾਹੇ ਪੁੱਤਰਾਂ ਨੂੰ ਉਹਨੇ ਕਮਾਨ ਸੰਭਾਲੀ ਹੋਈ ਐ ਤੇ ਅੱਗੇ ਵੱਧ-ਵੱਧ ਕੇ ਲੜਦੇ ਨੇ।'' ਮਹਾਰਾਜ ਘੋੜੇ ਤੇ ਚੜ੍ਹ ਕੇ ਓਥੇ ਗਏ, ਯੁੱਧ ਦਾ ਰੰਗ-ਢੰਗ ਦੇਖਿਆ ਤੇ ਮੁਰੀਦਾਂ ਦਾ ਹੌਸਲਾ ਦੇਖਿਆ; ਸਾਰੇ ਹੀ ਆਪਣਾ-ਆਪਣਾ ਤਨ ਗੁਰੂ ਤੋਂ ਵਾਰਨ ਵਾਸਤੇ ਤਿਆਰ ਹੋਏ ਬੈਠੇ ਨੇ - ਮਹਾਰਾਜ ਤੋਂ ਕੁਰਬਾਨ ਜਾਣ ਵਾਸਤੇ, ਕਿਉਂਕਿ ਗੁਰੂ ਦੀ ਖੁਸ਼ੀ ਲੈਣੀ ਐਂ - ਚਾਹੇ ਤਾਂ ਭਜਨ ਕਰਕੇ ਲੈ ਲਓ, ਤਪ ਕਰਕੇ ਲੈ ਲਓ, ਸੇਵਾ ਕਰਕੇ ਲੈ ਲਓ। ਜਦ ਅਸੀਂ ਕਹਿੰਦੇ ਹਾਂ ਕਿ ਤਨ ਵੀ ਤੇਰਾ, ਮਨ ਵੀ ਤੇਰਾ, ਧਨ ਵੀ ਤੇਰਾ; ਫੇਰ ਤਨ ਜੇ ਗੁਰੂ ਛੇਤੀਂ-ਛੇਤੀਂ ਲੈ ਲਵੇ - ਆਪਣੇ ਕੰਮ ਦੇ ਵਾਸਤੇ, ਉਹ ਤਾਂ ਫੇਰ ਬਹੁਤਾ ਹੀ ਸੁਖਾਲਾ ਹੈ। ਪੂਜਾ ਪਾਠ ਵਿਚ ਤਾਂ

ਆਦਮੀ ਫੇਲ੍ਹ ਹੋ ਸਕਦੈ, ਮਾਇਆ ਪੈ ਸਕਦੀ ਐ ਪਰ ਯੁੱਧ ਦੇ ਮੈਦਾਨ ਵਿਚ ਜਿਹੜਾ ਵੀ ਗੁਰੂ ਦੇ ਵਾਸਤੇ ਗਿਆ ਹੋਇਐ, ਉਹਨੇ ਤਾਂ ਆਪਣਾ ਸਰੀਰ ਗੁਰੂ ਦੇ ਵਾਸਤੇ ਅਰਪਣ ਕਰ ਦਿਤਾ। ਗੁਰੂ ਦੀ ਮਰਜ਼ੀ ਐ, ਕੋਈ ਵੀ ਕੰਮ ਕਰਾ ਲਏ। ਸੋ ਉਹ ਇਕ ਜਜ਼ਬਾ ਹੁੰਦੈ –

***ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥***
***ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥ਅੰਗ– 1367***

ਸੋ ਇਸ ਤਰ੍ਹਾਂ ਦੱਸਦੇ ਹਨ ਕਿ ਇਹ ਕੁਝ ਔਖੀ ਖੇਡ ਹੈ –

***ਧਾਰਨਾ – ਡੇਰਾ ਨੀਂ ਜਿੰਦੇ, ਸਿਰ ਤੋਂ ਪਰ੍ਹੇ ਹੈ ਪ੍ਰੇਮ ਦਾ – 2, 2***
***ਜਉ ਤਉ ਪ੍ਰੇਮ ਖੇਲਣ ਕਾ ਚਾਉ ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ ॥***
***ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥***
***ਅੰਗ – 1412***

ਜਿਨ੍ਹਾਂ ਨੇ ਆਪਣਾ ਤਨ, ਮਨ, ਧਨ ਸਭ ਗੁਰੂ ਨੂੰ ਦੇ ਦਿਤਾ, ਫੇਰ ਸਾਧ ਸੰਗਤ ਜੀ, ਉਹ ਗੁਰੂ ਤੋਂ ਵਧ-ਵਧ ਕੇ ਜਾਨਾਂ ਵਾਰ ਰਹੇ ਨੇ; ਪਿਛੇ ਨਹੀਂ ਕੋਈ ਹਟ ਰਿਹਾ। ਸੋ, ਇਸ ਤਰ੍ਹਾਂ ਘੋਰ ਸੰਗਰਾਮ ਹੋ ਰਿਹੈ।

ਇਕ ਲਾਲ ਚੰਦ ਮਾਹੀ, ਜੋ ਮਹਾਰਾਜ ਦੇ ਪਸ਼ੂ ਚਾਰਿਆ ਕਰਦਾ ਸੀ, ਮਹਾਰਾਜ ਜੀ ਦੇ ਕੋਲ ਖੜ੍ਹੈ। ਜਦੋਂ ਉਹਨੇ ਦੇਖਿਆ ਤਾਂ ਕਹਿੰਦੈ, "ਮਹਾਰਾਜ! ਮੈਨੂੰ ਵੀ ਆਗਿਆ ਦੇਵੋ ਤੇ ਮੈਂ ਵੀ ਜਾਵਾਂ।" ਮਹਾਰਾਜ ਕਹਿੰਦੇ, "ਚੰਗਾ, ਤੇਰੀ ਮਰਜ਼ੀ।" ਘੋੜੇ ਤੇ ਚੜ੍ਹ ਗਿਆ। ਤਕੜਾ ਹੈ, ਸਿੱਧੀਆਂ ਹੀ ਤਲਵਾਰਾਂ ਮਾਰੀ ਜਾਂਦੈ; ਜਿਹਦੇ ਮਾਰਦੈ, ਕੱਟ ਕੇ ਦੋ ਹਿੱਸੇ ਬਣਾ ਕੇ ਸਿੱਟੀ ਜਾਂਦੈ। ਉਸ ਵੇਲੇ ਕ੍ਰਿਪਾਲ ਦਾਸ ਉਦਾਸੀ ਮਹਾਤਮਾ ਕਹਿਣ ਲੱਗੇ –

"ਪਾਤਸ਼ਾਹ! ਮੈਨੂੰ ਵੀ ਆਗਿਆ ਦੇਵੋ।"

"ਸੰਤ ਜੀ! ਤੁਸੀਂ ਤਾਂ ਅਸ਼ੀਰਵਾਦ ਹੀ ਦਿਓ।"

"ਨਹੀਂ ਮਹਾਰਾਜ! ਗੁਰੂ-ਘਰ ਦਾ ਨਮਕ ਖਾਧੈ ਤੇ ਜੇ ਮੇਰਾ

ਸਰੀਰ ਵੀ ਲੇਖੇ ਲਗ ਜਾਵੇ ਤਾਂ ਮੇਰੇ ਨਾਲੋਂ ਭਾਗਾਂ ਵਾਲਾ ਕੋਈ ਨਹੀਂ ਹੋਏਗਾ।"

"ਸੰਤ ਜੀ! ਫੇਰ ਤੁਸੀਂ ਜਾ ਕੇ ਕਿਹੜੀ ਚੀਜ਼ ਨਾਲ ਲੜੋਂਗੇ? ਤਲਵਾਰ ਤੁਸੀਂ ਕਦੇ ਚਲਾਈ ਨਹੀਂ, ਤੀਰ ਤੁਸੀਂ ਜਾਣਦੇ ਨਹੀਂ ਚਲਾਉਣਾ।"

"ਸੱਚੇ ਪਾਤਸ਼ਾਹ! ਇਹ ਕੁਤਕਾ ਮੇਰੇ ਹਥ ਵਿਚ ਹੈ - ਘੋਟਣਾ।"

"ਚੰਗਾ।" ਘੋੜੇ ਤੇ ਚੜ੍ਹਾ ਦਿਤਾ। ਜਾਂਦਿਆਂ ਨੇ ਹੀ, ਜਿਹੜਾ ਹਯਾਤ ਖਾਨ ਸੀ - ਪਠਾਣ, ਉਹਨੂੰ ਲਲਕਾਰਾ ਮਾਰਿਆ ਕਿ ਗੁਰੂ ਤੋਂ ਬੇਮੁਖ ਜੋ ਕੇ ਗਿਐਂ; ਆ ਐਧਰ। ਉਹ ਹੈਰਾਨ ਹੋ ਗਿਆ ਕਿ ਇਹ ਸਾਧ, ਜਿਹਨੇ ਮਾਲਾ ਕਦੇ ਹਥੋਂ ਨਹੀਂ ਸੀ ਛੱਡੀ, ਅੱਖਾਂ ਮੀਚ ਕੇ ਬੈਠਾ ਰਹਿੰਦਾ ਸੀ; ਇਹ ਵੀ ਲੜਨ ਵਾਸਤੇ ਆ ਗਿਐ? ਤਾਂ ਉਸ ਵੇਲੇ ਕਹਿਣ ਲੱਗਿਆ, "ਸੰਤਾ! ਚਲਿਆ ਜਾ ਏਥੋਂ, ਕਾਹਨੂੰ ਮੌਤ ਨੂੰ ਵੰਗਾਰਾਂ ਮਾਰਦੈਂ; ਕਿਸੇ ਕੋਨੇ ਵਿਚ ਬੈਠ ਕੇ ਮਾਲਾ ਫੇਰ। ਕਹਿੰਦਾ, "ਜੇ ਸੂਰਮਾ ਹੈਂ, ਤਾਂ ਐਧਰ ਆ।"

ਉਸ ਵੇਲੇ ਵਾਰ ਕੀਤਾ - ਤਲਵਾਰ ਦਾ। ਉਹਨੇ ਮੂਹਰੇ ਕਰ ਦਿਤਾ ਕੁਤਕਾ; ਤਲਵਾਰ ਉਹਦੀ ਟੁੱਟ ਗਈ, ਨੱਠਣ ਲੱਗਿਆ ਤਾਂ ਇਹਨੇ ਰਕਾਬਾਂ ਤੇ ਪੂਰੇ ਜ਼ੋਰ ਨਾਲ ਖੜ੍ਹੇ ਹੋ ਕੇ ਦੋਹਾਂ ਹੱਥਾਂ ਨਾਲ ਜੋਰ ਦੀ ਸਿਰ ਦੇ ਵਿਚ ਮਾਰਿਆ ਕੁਤਕਾ। ਕਿਧਰੇ ਉਹਦੀ ਸੰਜੋਅ ਗਈ, ਕਿਧਰੇ ਲੋਹੇ ਦਾ ਟੋਪ ਗਿਆ। ਮਹਾਰਾਜ ਲਿਖਦੇ ਨੇ ਕਿ ਜਿਵੇਂ ਕ੍ਰਿਸ਼ਨ ਮਹਾਰਾਜ ਮਟਕੀਆਂ ਭੰਨ੍ਹਿਆ ਕਰਦੇ ਸੀ - ਮੱਖਣ ਦੀਆਂ, ਓਸ ਤਰ੍ਹਾਂ ਦੇ ਨਾਲ ਉਹਦਾ ਸੀਸ ਭੰਨ ਕੇ ਥੱਲੇ ਮਾਰਿਆ।

"ਇਸੇ ਤਰ੍ਹਾਂ ਲਾਲ ਚੰਦ ਹਲਵਾਈ ਕੋਲ ਖੜ੍ਹੈ। ਕਹਿੰਦਾ -

"ਸੱਚੇ ਪਾਤਸ਼ਾਹ! ਮੈਨੂੰ ਵੀ ਆਗਿਆ ਦਿਉ।"

"ਤੂੰ ਤਾਂ ਤੱਕੜੀ ਤੋਲਦਾ ਰਿਹੈਂ!"

"ਮੈਨੂੰ ਐਂ ਦੱਸ ਦਿਓ ਕਿ ਤਲਵਾਰ ਕਿਧਰੋਂ ਫੜੀਦੀ ਹੈ, ਆਹ ਢਾਲ ਕਿੱਧਰ ਫੜੀਦੀ ਹੈ।"

ਇਹ ਤਲਵਾਰ ਸੱਜੇ ਹੱਥ ਵਿਚ ਤੇ ਆਹ ਢਾਲ ਖੱਬੇ ਵਿਚ। ਜੇ ਓਧਰੋਂ ਤਲਵਾਰ ਆਵੇ ਤਾਂ ਢਾਲ ਮੂਹਰੇ ਕਰ ਲਈਦੀ ਹੁੰਦੀ ਹੈ; ਤਲਵਾਰ ਨਹੀਂ ਲਗਦੀ। ਫੇਰ ਤਲਵਾਰ ਆਪ ਦੀ ਮਾਰ ਦਈਦੀ ਹੈ।"

ਸੋ ਜਦੋਂ ਉਹ ਆਇਆ, ਸਾਰਿਆਂ ਨੇ ਦੇਖਿਆ ਕਿ ਇਹ ਤਾਂ ਮਠਿਆਈ ਵੇਚਦਾ ਹੁੰਦਾ ਸੀ। ਉਹਨੇ, ਅਮੀਰ ਖਾਂ ਪਠਾਣ ਸੀ, ਉਹਨੂੰ ਲਲਕਾਰਾ ਮਾਰਿਆ। ਉਹ ਕਹਿੰਦਾ, "ਉਹ ਤੂੰ ਤੱਕੜੀ ਤੋਲਦਾ-ਤੋਲਦਾ ਸਾਡੇ ਜੰਗਜੂ ਲੋਕਾਂ ਵਿਚ ਆ ਗਿਆ।" ਇਹ ਨੱਠ ਕੇ ਪਿਆ; ਜਿਵੇਂ ਮਹਾਰਾਜ ਨੇ ਦੱਸਿਆ ਸੀ, ਪੂਰੇ ਜ਼ੋਰ ਨਾਲ ਮਾਰੀ ਤਲਵਾਰ ਤੇ ਅਮੀਰ ਖਾਂ ਪਠਾਣ ਦਾ ਸਿਰ ਕੱਟ ਕੇ ਔਹ ਮਾਰਿਆ। ਇਹ ਤਾਂ ਸਾਰੀ ਗੁਰੂ ਮਹਾਰਾਜ ਦੀ ਬਰਕਤ ਸੀ, ਸਾਧ ਸੰਗਤ ਜੀ -

***ਧਾਰਨਾ - ਚਿੜੀਆਂ ਤੋਂ ਬਾਜ ਤੁੜਾਏ,***
***ਕਲਗੀਆਂ ਵਾਲੇ ਨੇ - 2, 4***

***ਕ੍ਰਿਪਾਲ ਕੋਪਿਯੰ ਕੁਤੋ ਸੰਭਾਰੀ॥ ਬਚਿੱਤ੍ਰ ਨਾਟਕ***

ਮਹਾਰਾਜ ਨੇ ਆਪਣੇ ਹੱਥ ਨਾਲ ਲਿਖਿਐ ; ਕਹਿੰਦੇ ਨੇ, ਕ੍ਰਿਪਾਲ ਦਾਸ ਨੇ ਆਪਣਾ ਕੁਤਕਾ (ਘੋਟਣਾ) ਜਿਹੜਾ ਹੱਥ ਵਿਚ ਸੀ, ਸੰਭਾਲ ਲਿਆ।

***ਹਨੀ ਖਾਨ ਹਯਾਤ ਕੇ ਸੀਸ ਭਾਰੀ॥ ਬਚਿੱਤ੍ਰ ਨਾਟਕ***

ਜਿਹੜਾ ਵੱਡਾ ਜਰਨੈਲ ਸੀ, ਉਹਦੇ ਸਿਰ ਵਿਚ ਜਾ ਕੇ ਮਾਰਿਆ -

***ਉੱਠੀ ਛਿੱਛ ਇੱਛੰ ਕਢਾ ਮੇਝ ਜੋਰੰ॥ ਬਚਿੱਤ੍ਰ ਨਾਟਕ***

ਐਡੇ ਜ਼ੋਰ ਦੇ ਨਾਲ ਮਾਰਿਆ; ਜਿਵੇਂ ਝੱਗ ਨਿਕਲਦੀ ਹੁੰਦੀ ਹੈ, ਐਸ ਤਰ੍ਹਾਂ ਮਿੱਝ ਦੇ ਬੁਲਬਲੇ ਬਣ ਗਏ -

***ਮਨੋ ਮਾਖਨੰ ਮੱਟਕੀ ਕਾਨ੍ਹ ਫੋਰੰ॥ ਬਚਿੱਤ੍ਰ ਨਾਟਕ***

ਜਿਵੇਂ ਕ੍ਰਿਸ਼ਨ ਮਹਾਰਾਜ ਨੇ ਮੱਖਣ ਦੀ ਮਟਕੀ ਤੋੜ ਦਿਤੀ

ਸੀ। ਸੋ ਇਸ ਤਰ੍ਹਾਂ ਦੇ ਨਾਲ ਅੱਗੇ ਵਧ ਗਿਆ ਤੇ ਮਾਰੀ ਜਾਂਦੈ। ਜੀਤ ਮੱਲ - ਇਨ੍ਹਾਂ ਦੀ ਭੂਆ ਦਾ ਪੁੱਤਰ - ਉਹਨੇ ਦੇਖਿਆ ਕਿ ਸੰਤ ਤਾਂ ਘਿਰ ਗਿਆ। ਇਕ ਦਮ ਹੱਲਾ ਕਰਕੇ ਵਿਚੋਂ ਕੱਢ ਲਿਆ। ਇਸ ਤਰ੍ਹਾਂ ਸਾਧ ਸੰਗਤਿ ਜੀ, ਬਹੁਤ ਭਿਆਨਕ ਯੁੱਧ ਹੁੰਦਾ ਰਿਹਾ। ਪਠਾਣ ਨੱਠ ਗਏ ਸਾਰੇ। ਅਖੀਰ ਹਰੀ ਚੰਦ ਇਕ ਸੂਰਮਾ - ਉਹਨੇ ਆ ਕੇ ਜੀਤ ਮੱਲ, ਜਿਹੜਾ ਮਹਾਰਾਜ ਦੀ ਭੂਆ ਦਾ ਪੁੱਤਰ ਸੀ, ਉਹਦੇ ਬਾਣ ਮਾਰਿਆ। ਇਧਰੋਂ ਇਹਨੇ ਮਾਰਿਆ, ਓਧਰੋਂ ਉਹਨੇ। ਦੋਹਾਂ ਨੇ ਮਾਰੇ। ਇਹਨਾਂ ਦੇ ਪੇਟ ਵਿਚ ਲੱਗਿਆ, ਉਹਦੇ ਥੋੜ੍ਹਾ ਜਿਹਾ ਘਾਉ ਆਇਆ, ਮੂਰਛਤ ਹੋ ਗਿਆ। ਉਸ ਤੋਂ ਬਾਅਦ ਸੰਗੋ ਸ਼ਾਹ, ਜੋ ਕਮਾਂਡਰ ਸੀ ਸਾਰਿਆਂ ਦੇ - ਮਹਾਰਾਜ ਦੀ ਭੂਆ ਦੇ ਪੁੱਤਰ, ਬੀਬੀ ਬੀਰੋ ਦੇ ਲੜਕੇ - ਉਨ੍ਹਾਂ ਨੇ ਬਹੁਤ ਭਿਆਨਕ ਯੁੱਧ ਕੀਤਾ ਤੇ ਜੋ ਨਜਾਬਤ ਖਾਨ ਸੀ - ਬਾਗੀ ਹੋ ਕੇ ਨੱਠਿਆ ਹੋਇਆ, ਉਹਨੂੰ ਆਪ ਨੇ ਮਾਰ ਲਿਆ। ਮਹਾਰਾਜ ਲਿਖਦੇ ਨੇ -

***ਤਹਾ ਖਾਨ ਨੈਜਾਬਤੋ ਆਨ ਕੈ ਕੈ॥***
***ਹਨਿਓ ਸਾਹ ਸੰਗ੍ਰਾਮ ਕੌ ਸਸਤ੍ਰ ਲੈ ਕੈ॥***
***ਕਿਤੈ ਖਾਨ ਬਾਨੀਨ ਤੂੰ ਅਸਤ੍ਰ ਝਾਰੇ॥***
***ਸਹੀ ਸਾਹ ਸੰਗ੍ਰਾਮ ਸੁਰਗੰ ਸਿਧਾਰੇ॥ ਬਚਿੱਤ੍ਰ ਨਾਟਕ***

ਅਖੀਰ ਲੜਦੇ-ਲੜਦੇ ਸਵਰਗ ਨੂੰ ਸਿਧਾਰ ਗਏ ਤੇ -

***ਮਾਰਿ ਨਿਜਾਬਤ ਖਾਨ ਕੌ ਸੰਗੋ ਜੁਝੈ ਜੁਝਾਰ॥***
***ਹਾ ਹਾ ਇਹ ਲੋਕੈ ਭਇਓ ਸੁਰਗ ਲੋਕ ਜੈਕਾਰ॥ ਬਚਿੱਤ੍ਰ ਨਾਟਕ***

ਐਥੇ ਸੂਰਮੇ ਦੇ ਮਰਨ ਨਾਲ ਹਾਇ-ਹਾਇ ਹੋਈ ਤੇ ਦਰਗਾਹ ਦੇ ਵਿਚ ਦੇਵਤਿਆਂ ਨੇ ਜੈ-ਜੈ ਕਾਰ ਕੀਤੀ -

***ਧਾਰਨਾ - ਸੁਰਗ ਲੋਕਾਂ ਵਿਚ ਜੈ ਜੈ ਕਾਰ ਹੋਵੇ,***
***ਜੂਝ ਗਿਆ ਸੰਗੋ ਸੂਰਮਾ - 2, 2***

ਮਹਾਰਾਜ ਕਹਿੰਦੇ, ਧੰਨ ਹੈ ਮਾਂ ਇਸ ਦੀ, ਧੰਨ ਹੈ ਪਿਤਾ ਇਸ ਦਾ, ਜਿਸ ਨੇ ਐਸੇ ਪੁਤਰ ਨੂੰ ਜਨਮ ਦਿਤਾ। ਸੈਂਕੜੇ ਦੁਸ਼ਟਾਂ ਨੂੰ ਸੋਧ ਕੇ ਆਪ ਸਰੀਰ ਛੱਡ ਗਏ - ਗੁਰੂ ਦੇ ਲੇਖੇ।

ਓਧਰ ਬੁੱਧੂ ਸ਼ਾਹ 700 ਮੁਰੀਦਾਂ ਦੇ ਨਾਲ ਅੱਗੇ ਵਧ-ਵਧ ਕੇ ਲੜਦੈ, ਹਿੱਲਣ ਨਹੀਂ ਦਿੰਦਾ ਕਿਸੇ ਨੂੰ। ਪਿੱਛੇ ਨੂੰ ਫੌਜ ਦਾ ਰੁਖ ਕਰ ਦਿਤਾ। ਉਸ ਵੇਲੇ ਮਹਾਰਾਜ ਕੋਲ ਖਬਰ ਆਈ ਕਿ ਬੁੱਧੂ ਸ਼ਾਹ ਦਾ ਇਕ ਲੜਕਾ ਸ਼ਹੀਦ ਹੋ ਚੁਕਿਐ ਤੇ ਉਹਦੇ ਸਰੀਰ ਨੂੰ ਚੁੱਕਣ ਵਾਸਤੇ ਬਹੁਤ ਜਮਘਟਾ ਮਚਿਆ ਹੋਇਐ। ਉਹ ਦਿੰਦੇ ਨਹੀਂ ਤੇ ਇਹ ਲੈਣਾ ਚਾਹੁੰਦੇ ਨੇ, ਤੇ ਅਖੀਰ ਬੁੱਧੂ ਸ਼ਾਹ ਆਪਣੇ ਪੁੱਤਰ ਦੇ ਸਰੀਰ ਨੂੰ ਚੁੱਕ ਲਿਆਇਆ। ਸਿਜਦਾ ਕਰਦੈ ਕਿ ਹੇ ਅੱਲਾ ਤਾਲਾ! ਇਹ ਮੇਰਾ ਪੁੱਤਰ ਗੁਰੂ ਦੇ ਲੇਖੇ ਲੱਗ ਗਿਆ। ਕਿਉਂਕਿ ਐਸੇ ਜੋ ਪਿਆਰ ਵਾਲੇ ਹੁੰਦੇ ਨੇ, ਉਨ੍ਹਾਂ ਦੇ ਬਾਰੇ ਮਹਾਰਾਜ ਦਾ ਫੁਰਮਾਨ ਹੈ -

***ਧਾਰਨਾ - ਮੁਖੜਾ ਨ ਮੋੜਦੇ, ਰੱਤੇ ਜੋ ਨਾਲ ਗੁਰਾਂ ਦੇ - 2, 2***

***ਰਤੇ ਸੇਈ ਜਿ ਮੁਖੁ ਨ ਮੋੜੰਨ੍ਹਿ ਜਿਨ੍ਹੀ ਸਿਞਾਤਾ ਸਾਈ ॥***
***ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਹਾ ਕਾਰਿ ਨ ਆਈ ॥***
***ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ ॥***
***ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ ॥***

***ਅੰਗ - 1425***

ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਆਪਣੇ ਦਸਤ-ਏ-ਮੁਬਾਰਿਕ ਨਾਲ ਸਾਰੇ ਯੁੱਧ ਦਾ ਹਾਲ ਆਪ ਲਿਖ ਕੇ ਸਾਡੇ ਤੱਕ ਪਹੁੰਚਾਇਐ। ਸੋ ਜੋ ਪ੍ਰਭੂ ਦਾ ਪਿਆਰਾ ਹੈ, ਉਹਨੂੰ ਇਸ ਦੀ ਸਮਝ ਆ ਜਾਂਦੀ ਐ ਕਿ ਇਹ ਸਰੀਰ ਸਦਾ ਤਾਂ ਰਹਿਣਾ ਨੀਂ; ਤੇ ਜਦ ਤਕ ਹੁਕਮ ਨਹੀਂ ਆਉਂਦਾ, ਤਦ ਤਕ ਇਹ ਸਰੀਰ ਜਾਇਆ ਨੀਂ ਕਰਦਾ। ਐਸਾ ਫੁਰਮਾਨ ਹੈ -

***ਧਾਰਨਾ - ਕਿੱਥੇ ਭੱਜ ਕੇ ਬਚਾਈਏ ਜਾਨ ਕਾਲ ਤੋਂ,***
***ਜਿਥੇ ਜਾਈਏ ਕਾਲ ਹੈ ਖੜ੍ਹਾ - 4***

***ਜੋ ਕਹੂੰ ਕਾਲ ਤੇ ਭਾਜ ਕੇ ਬਾਚੀਅਤ***
***ਤੌ ਕਿਹ ਕੁੰਟ ਕਹੋ ਭਜਿ ਜਈਐ॥***
***ਆਗੈ ਹੂੰ ਕਾਲ ਧਰੇ ਅਸਿ ਗਾਜਤ***
***ਛਾਜਤ ਹੈਜਿਹ ਤੇ ਨਸਿ ਅਈਐ॥***

***ਐਸੋ ਨ ਕੈ ਗਯੋ ਕੋਈ ਸੁ ਦਾਵ ਰੇ***
***ਜਾਹਿ ਉਪਾਵ ਸੋ ਘਾਵ ਬਚਈਐ॥***
***ਜਾਂ ਤੇ ਨ ਛੂਟੀਐ ਮੂੜ ਕਹੂੰ ਹਸ***
***ਤਾਂ ਕੀ ਕਿਉਂ ਨ ਸਰਣਾਗਤਿ ਜਈਐ॥ ਬਚਿੱਤ੍ਰ ਨਾਟਕ***

ਜਿਹਤੋਂ ਛੁੱਟ ਹੀ ਨਹੀਂ ਸਕਦਾ ਬੰਦਾ, ਕਹਿੰਦੇ, ਫੇਰ ਹੱਸ ਕੇ ਉਹਦੀ ਸ਼ਰਨ ਵਿਚ ਕਿਉਂ ਨਹੀਂ ਜਾਂਦਾ –

***ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥***
***ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥ ਅੰਗ – 1367***
***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ਅੰਗ – 1365***

ਇਸ ਤਰ੍ਹਾਂ ਕੋਈ ਕਾਲ ਤੋਂ ਬਚ ਨਹੀਂ ਸਕਦਾ।

ਇਕ ਵੈਦ ਹੋਇਐ ਜਿਸ ਦਾ ਨਾਂ 'ਧਨੰਤਰੁ' ਸੀ ਤੇ ਇਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ ਕਿ –

***ਜੜੀਂ ਬੂਟੀ ਜੇ ਜੀਵੀਐ ਕਿਉ ਮਰੈ ਧਨੰਤਰੁ॥***
***ਭਾਈ ਗੁਰਦਾਸ ਜੀ, ਵਾਰ 36/15***

ਕਾਲ ਤੋਂ ਕੋਈ ਬਚ ਨਹੀਂ ਸਕਦਾ। ਜਦੋਂ ਰਾਜਾ ਪ੍ਰੀਛਤ ਯਮੁਨਾ ਦੇ ਅੰਦਰ ਸ਼ੀਸ਼ੇ ਦੇ ਮਹਿਲ ਉਸਾਰ ਕੇ ਭਾਗਵਤ ਦਾ ਪਾਠ ਸੁਣਾ ਰਿਹਾ ਸੀ, ਉਸ ਵੇਲੇ ਰਿਸ਼ੀ ਦਾ ਸਰਾਪ ਸੀ ਕਿ 7 ਦਿਨਾਂ ਨੂੰ ਇਹਨੇ ਮਰ ਜਾਣੈ – ਸੱਪ ਲੜਕੇ। ਉਹਦੀ ਰਾਖੀ ਵਾਸਤੇ ਗੁਪਤ ਵੀ, ਪਰਗਟ ਵੀ, ਬੇਅੰਤ ਸ਼ਕਤੀਆਂ ਖੜ੍ਹੀਆਂ ਸੀ। ਉਸ ਵੇਲੇ ਇਹ ਵੈਦ ਜਾ ਰਿਹਾ ਸੀ ਕਿ ਜੇ ਸੱਪ ਨੇ ਡੰਗ ਦਿਤਾ ਤਾਂ ਮੇਰੇ ਕੋਲ ਦਵਾਈ ਐਸੀ ਹੈ ਕਿ ਸੱਪ ਦਾ ਡੰਗਿਆ ਮੈਂ ਨਹੀਂ ਮਰਨ ਦਿੰਦਾ। ਤਾਂ ਰਸਤੇ ਦੇ ਵਿਚ ਇਹਨੂੰ ਤੱਛਕ ਮਿਲ ਗਿਆ ਤੇ ਕਹਿਣ ਲੱਗਿਆ –

''ਕਿਧਰ ਜਾਂਦੇ ਹੋਂ?''

''ਰਾਜਾ ਪਰੀਛਤ ਨੂੰ ਸੱਪ ਨੇ ਡੰਗਣੈ, ਮੈਂ ਉਹਨੂੰ ਬਚਾਉਣ ਜਾ ਰਿਹਾਂ। ਤੂੰ ਕੌਣ ਹੈਂ?''

''ਮੈਂ ਤੱਛਕ ਹਾਂ, ਮੈਂ ਹੀ ਡੰਗਣੈ ਉਹਨੂੰ।''

''ਤੇਰੇ ਵਿਚ ਕਿੰਨਾ ਕੁ ਬਲ ਹੈ?''

''ਤੇਰੇ ਵਿਚ ਕਿੰਨਾ ਕੁ ਹੈ?''

''ਪਹਿਲਾਂ ਤੂੰ ਦੱਸ।''

ਉਥੇ ਇਕ ਦਰਖਤ ਸੀਗਾ - ਅੰਬ ਦਾ, ਤੇ ਤੱਛਕ ਨਾਗ ਨੇ ਡੰਗ ਮਾਰਿਆ; ਸਾਰੇ ਪੱਤੇ ਕਾਲੇ ਹੋ ਗਏ, ਫਲ ਗਲ ਗਏ। ਵੈਦ ਕਹਿਣ ਲੱਗਿਆ -

''ਐਨਾ ਹੀ ਬਲ ਹੈ?''

''ਹਾਂ। ਤੂੰ ਹੁਣ ਦਿਖਾ।''

ਵੈਦ ਨੇ ਸਾਰੇ ਦਰਖਤ ਦੇ ਉਤੇ ਨਿਗਾਹ ਫੇਰ ਦਿਤੀ। ਸਾਰਾ ਹੀ ਦਰਖਤ ਮੁੜ ਕੇ ਉਸੇ ਤਰ੍ਹਾਂ ਫੇਰ ਹਰਾ ਹੋ ਗਿਆ। ਤੱਛਕ ਨੇ ਕਿਹਾ ਕਿ ਇਹਦੇ ਵਿਚ ਤਾਂ ਬੜਾ ਬਲ ਹੈ; ਇਹ ਤਾਂ ਮਰੇ ਹੋਏ ਨੂੰ ਜਿਉਂਦਾ ਕਰ ਦਏਗਾ। ਅੱਗੇ ਚਲਿਆ ਗਿਆ, ਅੱਗੇ ਜਾ ਕੇ ਖੂੰਡੀ ਬਣ ਕੇ ਜ਼ਮੀਨ ਤੇ ਪੈ ਗਿਆ। ਇਹਨੇ ਖੂੰਡੀ ਸਮਝ ਕੇ ਚੁੱਕ ਲਈ ਬੜੀ ਕੂਬਸੂਰਤ ਕੂੰਡੀ ਸੀ। ਇਹਦੇ ਗਰਦਨ ਦੇ ਪਿਛੇ ਖਾਜ ਹੋਣ ਲਗ ਗਈ ਤੇ ਖੂੰਡੀ ਦੇ ਨਾਲ ਖਾਜ ਕਰਨ ਲੱਗ ਗਿਆ; ਤਛਕ ਨੇ ਉਥੇ ਹੀ ਡੰਗ ਮਾਰਿਆ। ਹੁਣ ਇਹਦੇ ਕੋਲ ਇਹ ਸ਼ਕਤੀ ਸੀ, ਅੱਖਾਂ ਦੇ ਵਿਚ ਐਸੀ ਦਵਾਈ ਪਾਈ ਸੀ ਕਿ ਜਿਥੇ ਮੇਰੀ ਨਿਗਾਹ ਚਲੀ ਜਾਏਗੀ, ਉਥੇ ਸੱਪ ਦੀ ਜ਼ਹਿਰ ਨਹੀਂ ਚੜ੍ਹੇਗੀ। ਹੁਣ ਆਪਣੀ ਹੀ ਗਰਦਨ ਦੇ ਪਿਛੇ ਕਿਸੇ ਤਰੀਕੇ ਨਾਲ ਨਿਗਾਹ ਨਹੀਂ ਜਾਂਦੀ। ਉਥੇ ਹੀ ਮਰ ਗਿਆ। ਸੋ ਕਾਲ ਕਿਸੇ ਨੂੰ ਨਹੀਂ ਛੱਡਦਾ।

ਇਕ ਕੋਈ ਪ੍ਰੇਮੀ ਸੀ ਉਹਨੂੰ ਪਤਾ ਲਗ ਗਿਆ ਕਿ ਮੇਰਾ ਕਾਲ ਆਉਣੈ। ਉਹ ਦੂਰ-ਦਰਾਜ਼ ਨੱਠ ਗਿਆ। ਪਰ ਕਾਲ ਉਸੇ ਥਾਂ ਆ ਗਿਆ। ਇਸੇ ਤਰ੍ਹਾਂ ਇਕ ਸੁਦਾਗਰ ਸੀ। ਉਹਨੇ ਦੋ ਤਿੰਨ ਬੰਦੇ ਦੇਖੇ - ਕਾਲ ਦੇ ਚੱਕਰ ਵਿਚ ਆਏ ਹੋਏ ਤਾਂ ਕਹਿਣ ਲੱਗਿਆ ਕਿ ਇਹ ਤਾਂ ਬੜੀ ਮਾੜੀ ਗੱਲ ਹੈ। ਇਕ ਕੋਈ ਮਹਾਤਮਾ ਸੀ। ਉਨ੍ਹਾਂ ਨੂੰ ਕਹਿਣ ਲੱਗਿਆ ਕਿ ਤੁਹਾਨੂੰ ਪਤਾ ਸੀ? ਉਹ

ਕਹਿੰਦੇ, ਇਹ ਬਾਣੀਏ ਨੂੰ ਪੁੱਛ ਲੈ ਜਿਹਦਾ ਪੁੱਤਰ ਮਰ ਗਿਐ। ਉਹਨੂੰ ਪੁੱਛਿਆ ਕਿ ਤੈਨੂੰ ਪਤਾ ਸੀ - ਪੁੱਤਰ ਦੇ ਮਰਨ ਦਾ? ਉਹ ਕਹਿੰਦਾ -

''ਹਾਂ, ਮੈਨੂੰ ਪਤਾ ਸੀ ਕਿ ਮੇਰੇ ਪੁੱਤਰ ਨੇ ਮਰ ਜਾਣੈ।''

''ਫੇਰ ਤੂੰ ਉਪਾਉ ਕਿਉਂ ਕਰਿਆ?''

''ਇਸ ਗੱਲ ਦਾ ਤੈਨੂੰ ਜਵਾਬ, ਇਕ ਤਰਖਾਣ ਰਹਿੰਦੈ - ਫਲਾਣੇ ਥਾਂ ਤੇ; ਉਹ ਪਰਮੇਸ਼ਰ ਦਾ ਭਗਤ ਐ, ਉਹ ਜਵਾਬ ਦੇਵੇਗਾ।''

ਉਹ ਅੱਗੇ ਜਾਂਦੇ ਨੂੰ ਫੱਟੀਆਂ ਘੜਦਾ ਸੀ। ਕਹਿੰਦਾ -

''ਇਹ ਫੱਟੀਆਂ ਤੁਸੀਂ ਕੀ ਕਰਨੀਆਂ ਨੇ?''

''ਤੈਨੂੰ ਸਵੇਰੇ ਪਤਾ ਲਗੂ ਇਹਦੇ ਜਵਾਬ ਦਾ।''

ਸਵੇਰੇ ਦੇਖਿਆ, ਉਹਦੇ ਲੜਕੇ ਦੀ ਟੰਗ ਟੁੱਟ ਗਈ। ਉਹ ਕਹਿਣ ਲੱਗਿਆ -

''ਜਦ ਤੈਨੂੰ ਪਤਾ ਸੀ ਕਿ ਤੇਰੇ ਲੜਕੇ ਦੀ ਟੰਗ ਟੁੱਟ ਜਾਣੀ ਹੈਂ, ਤੇ ਤੂੰ ਫੱਟੀਆਂ ਪਹਿਲਾਂ ਬਣਾਉਣ ਲਗ ਗਿਆ; ਇਹਦਾ ਉਪਾਉ ਕਰਨਾ ਸੀ।''

''ਉਪਾਉ ਹੁੰਦਾ ਨਹੀਂ ਹੈ ਇਹ ਟਲਿਆ ਨਹੀਂ ਕਰਦੀ।''

''ਜੇ ਪਤਾ ਹੋਵੇ, ਫੇਰ ਤਾਂ ਟਲ ਜਾਂਦੀ ਹੈ।''

''ਲੈ, ਮੈਂ ਤੈਨੂੰ ਦੱਸ ਦਿੰਨਾਂ, ਤੂੰ ਸੱਤਵੇਂ ਨੂੰ ਇਸ ਦਰਖਤ ਦੇ ਥੱਲੇ, ਜਿਥੇ ਆਪਾਂ ਬੈਠੇ ਹਾਂ, ਫਾਹਾ ਲਾ ਕੇ ਮਰ ਜਾਣੈ; ਤੈਨੂੰ ਇਸ ਦੇਸ਼ ਦੇ ਰਾਜੇ ਨੇ ਫਾਹਾ ਦੇ ਦੇਣੈ; ਉਪਾਉ ਕਰ ਲੈ ਜਿਹੜਾ ਕਰਨੈ।''

ਉਸ ਵੇਲੇ ਮਾਲ-ਸਬਾਬ ਸੰਭਾਲ ਕੇ - ਮੈਨੇਜਰਾਂ ਨੂੰ, ਆਪ ਦਿਨ ਰਾਤ ਤੇਜ਼ ਘੋੜੇ ਤੇ ਦੌੜਨਾ ਸ਼ੁਰੂ ਕਰ ਦਿਤਾ। ਦੌੜਦੇ-ਦੌੜਦੇ ਦਿਸ਼ਾ ਭਰਮ ਹੋ ਗਿਆ; ਥੱਕ ਗਿਆ ਤੇ ਘੋੜਾ ਮਰ ਗਿਆ। ਅੱਗੇ ਇਕ ਰਥ ਆਉਂਦਾ ਸੀ। ਉਹ ਰਥਵਾਨ ਨੂੰ ਕਹਿਣ ਲੱਗਿਆ

ਕਿ ਮੈਨੂੰ ਲੈ ਚੱਲੋ - ਓਧਰ ਨੂੰ। ਇਹਨੂੰ ਅੱਗੇ ਕੋਈ ਪਤਾ ਨ ਲੱਗੇ ਕਿ ਇਹ ਕਿਧਰਲੇ ਪਾਸੇ ਨੂੰ ਜਾਈ ਜਾਂਦੈ। ਅਖੀਰ ਉਹ ਰਥ ਵਾਲੇ ਨੇ ਉਥੇ ਹੀ ਰਥ ਲਿਆ ਕੇ ਖੜ੍ਹਾ ਦਿਤਾ, ਜਿਥੋਂ ਉਹ ਨੱਠਿਆ ਸੀ ਤੇ ਉਹ ਰਥ ਵਾਲਾ ਕਹਿਣ ਲੱਗਿਆ ਕਿ ਇਹ ਮੁੰਦਰੀ ਹੈ, ਤੂੰ ਕੁਛ ਲੈ ਕੇ ਆ ਸ਼ਹਿਰ ਤੋਂ, ਆਪਾਂ ਕੁਛ ਪੀ ਲਈਏ। ਉਹਨੂੰ ਨ ਪਤਾ ਲੱਗੇ ਕਿ ਅਸੀਂ ਆ ਕਿਥੇ ਗਏ। ਇਹਦੇ ਭਾਣੇ ਤਾਂ ਅਸੀਂ ਸੱਤ ਅੱਠ ਸੌ ਮੀਲ ਦੂਰ ਚਲੇ ਗਏ। ਉਹ ਜਦ ਮੁੰਦਰੀ ਵੇਚਣ ਲੱਗਿਆ; ਓਧਰ ਰਾਜੇ ਦੇ ਗਹਿਣੇ ਚੋਰੀ ਹੋ ਗਏ ਸੀ ਤੇ ਸਾਰੇ ਜਿੰਨੇ ਜੌਹਰੀ ਸੀ, ਸਭ ਨੂੰ ਹੁਕਮ ਸੀ ਕਿ ਇਕੱਲੇ-ਇਕੱਲੇ ਗਹਿਣੇ ਦਾ ਚੰਗੀ ਤਰ੍ਹਾਂ ਨਾਲ ਪੁਛਣੈ ਕਿ ਇਹ ਕਿਥੋਂ ਲਿਆ ਤੈਂ। ਤੇ ਆਹ ਸ਼ਕਲ ਹੈ ਸਾਡੀ ਮੁੰਦਰੀ ਦੀ ਤੇ ਆਹ ਗਹਿਣਿਆਂ ਦੀ ਹੈ। ਜਦੋਂ ਉਹ ਮੁੰਦਰੀ ਵੇਚਣ ਗਿਆ, ਉਥੇ ਹੀ ਫੜ ਲਿਆ। ਕਹਿੰਦੇ, ਇਹ ਤਾਂ ਰਾਜੇ ਦੀ ਮੁੰਦਰੀ ਹੈ। ਰਾਜੇ ਦੇ ਪੇਸ਼ ਕਰ ਦਿਤਾ। ਉਹ ਕਹਿੰਦਾ, ਜੀ ਮੈਂ ਤਾਂ ਨਹੀਂ ਚੱਕੀ; ਮੇਰੇ ਨਾਲ ਸੀ ਇਕ ਬੰਦਾ, ਉਹਦੀ ਹੈ। ਜਦ ਉਥੇ ਆਏ, ਉਹ ਬੰਦਾ ਤੁਰ ਗਿਆ - ਰਥ ਲੈ ਕੇ, ਪਹਿਲਾਂ ਹੀ ਦੌੜ ਗਿਆ। ਕਹਿੰਦੇ, ਜਾਂ ਤਾਂ ਉਹਨੂੰ ਫੜਾ, ਜਾਂ ਫੇਰ ਤੂੰ ਗੁਨਹਗਾਰ ਹੈਂ। ਜਦੋਂ ਕੋਈ ਜਵਾਬ ਨ ਆਇਆ, ਰਾਜਾ ਕਹਿਣ ਲੱਗਿਆ, ਇਸ ਦਰਖਤ ਦੇ ਨਾਲ ਇਹਨੂੰ ਫਾਹਾ ਦੇ ਦਿਓ। ਉਥੇ ਹੀ ਫਾਹਾ ਦੇ ਦਿਤਾ। ਉਹ ਤਰਖਾਣ ਵੀ ਆ ਗਏ, ਕਹਿਣ ਲੱਗੇ, ਕਿਉਂ ਸ਼ਾਹ ਜੀ! ਤੁਸੀਂ ਜੋ ਕਹਿੰਦੇ ਸੀ ਕਿ ਅਸੀਂ ਉਪਾਉ ਕਰ ਲਈਏ ਤਾਂ ਬਚ ਜਾਵਾਂਗੇ; ਹੁਣ ਪਛਾਣੋ ਤਾਂ, ਉਹੀ ਦਰਖਤ ਹੈ ਨ!

ਸੋ ਮਹਾਰਾਜ ਕਹਿੰਦੇ, ਭਾਈ - ***'ਜੌ ਕਹੂੰ ਕਾਲ ਤੇ ਭਾਜ ਕੇ ਬਾਚੀਅਤ ਤੌ ਕਿਹ ਕੁੰਟ ਕਹੋ ਭਜਿ ਜਈਐ॥'*** ਕਿੱਥੇ ਨੱਠ ਕੇ ਜਾਈਏ? ***'ਆਗੈ ਹੂੰ ਕਾਲ ਧਰੇ ਅਸਿ ਗਾਜਤ ਛਾਜਤ ਹੈ ਜਿਹ ਤੇ ਨਸਿ ਅਈਐ॥'*** ਜਿਹਤੋਂ ਡਰ ਕੇ, ਨੱਸ ਕੇ ਆਇਆ ਸੀ, ਉਹ ਤਾਂ ਮੂਹਰੇ ਹੀ ਗੱਜਦੈ - 'ਮੈਸਾ ਭੱਜਿਆ ਮੌਤ ਤੋਂ, ਅੱਗੇ ਮੌਤ ਖੜ੍ਹੀ' - ***'ਐਸੋ ਨ ਕੈ ਗਯੋ ਕੋਈ ਸੁ***

***ਦਾਵ ਰੇ.....................॥'*** ਕਹਿੰਦੇ, ਐਸਾ ਕੋਈ ਦਾਉ ਨਹੀਂ ਹੈ - ***'ਜਾਹਿ ਉਪਾਵ ਸੋ ਘਾਵ ਬਚਈਐ॥ ਜਾਂ ਤੇ ਨ ਛੂਟੀਐ ਮੂੜ ਕਹੂੰ ਹਸ ਤਾਂ ਕੀ ਕਿਉਂ ਨ ਸਰਣਾਗਤਿ ਜਈਐ॥'***

ਸੋ ਇਸ ਤਰ੍ਹਾਂ ਦੇ ਨਾਲ ਸਾਰੇ ਮੈਦਾਨ ਦੇ ਅੰਦਰ ਯੁੱਧ ਹੋ ਰਿਹੈ, ਵਧ-ਵਧ ਕੇ ਯੁੱਧ ਕਰ ਰਹੇ ਨੇ। ਤੇ ਏਧਰ ਬੁੱਧੂ ਸ਼ਾਹ ਦਾ ਦੂਸਰਾ ਪੁੱਤਰ ਵੀ ਸ਼ਹੀਦ ਹੋ ਗਿਆ ਪਰ ਡੋਲਦਾ ਨੀਂ ਹੈ, ਕਿਉਂਕਿ ਗੁਰੂ ਮਹਾਰਾਜ ਨੇ ਇਕ ਗੱਲ ਦੱਸ ਦਿਤੀ ਸੀ ਉਸਨੂੰ ਕਿ ਬੁੱਧੂ ਸ਼ਾਹ! ਕੂੜ ਦੀ ਪਾਲਿ, ਤਾਂ ਟੁੱਟਦੀ ਹੈ ਜੇ ਹੁਕਮ ਵਿਚ ਚੱਲੇ। ਉਹਨੇ ਸਵਾਲ ਕਰਿਆ ਸੀ -

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ ਅੰਗ - 1***

ਗੁਰੂ ਮਹਾਰਾਜ ਕਹਿੰਦੇ -

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ ਅੰਗ - 1***

ਇਹ ਤਾਂ ਸਾਰੀ ਖੇਡ ਹੁਕਮ ਦੀ ਹੋ ਰਹੀ ਹੈ। ਜਿੰਨਾਂ ਕੁਛ ਤੁਸੀਂ ਸਮਾਜ ਦੇਖ ਰਹੇ ਹੋਂ, ਸਭ ਹੁਕਮ ਵਿਚ ਹੋ ਰਿਹੈ; ਬੰਦੇ ਆ ਰਹੇ ਨੇ - ਸੰਸਾਰ ਤੇ, ਸਭ ਹੁਕਮ ਵਿਚ ਆ ਰਹੇ ਨੇ; ਬੰਦੇ ਜਾ ਰਹੇ ਨੇ - ਸੰਸਾਰ ਤੋਂ, ਹੁਕਮ ਵਿਚ ਜਾ ਰਹੇ ਨੇ; ਬੰਦੇ ਵਿਛੁੜ ਰਹੇ ਨੇ - ਸੰਸਾਰ ਤੋਂ, ਹੁਕਮ ਵਿਚ ਵਿਛੁੜ ਰਹੇ ਨੇ; ਮਿਲ ਰਹੇ ਨੇ - ਸੰਸਾਰ ਵਿਚ, ਹੁਕਮ ਦੇ ਜ਼ਰੀਏ ਮਿਲ ਰਹੇ ਨੇ। ਇਸ ਤਰ੍ਹਾਂ ਮਹਾਰਾਜ ਫੁਰਮਾਉਂਦੇ ਨੇ -

***ਧਾਰਨਾ - ਹੁਕਮੇ ਸਾਜੇ ਹੁਕਮੇ ਢਾਹੇ,***
***ਹੁਕਮੇ ਮੇਲ ਮਿਲਾਇੰਦਾ - 2, 2.***

***ਪਾਤਾਲ ਪੁਰੀਆ ਲੋਅ ਆਕਾਰਾ ॥***
***ਤਿਸੁ ਵਿਚਿ ਵਰਤੈ ਹੁਕਮੁ ਕਰਾਰਾ ॥***
***ਹੁਕਮੇ ਸਾਜੇ ਹੁਕਮੇ ਢਾਹੇ ਹੁਕਮੇ ਮੇਲਿ ਮਿਲਾਇਦਾ ॥***
***ਹੁਕਮੈ ਬੂਝੈ ਸੁ ਹੁਕਮੁ ਸਲਾਹੇ ॥***
***ਅਗਮ ਅਗੋਚਰ ਵੇਪਰਵਾਹੇ ॥***
***ਜੇਹੀ ਮਤਿ ਦੇਹਿ ਸੋ ਹੋਵੈ ਤੂ ਆਪੇ ਸਬਦਿ ਬੁਝਾਇਦਾ ॥***
***ਅੰਗ - 1060-61***

ਮਹਾਰਾਜ ਕਹਿੰਦੇ, ਪ੍ਰੇਮੀਓ! ਜੋ ਕੁਛ ਵੀ ਸੰਸਾਰਵਿਚ ਹੋ ਰਿਹੈ, ਸਭ ਹੁਕਮ ਦੇ ਅਧੀਨ ਹੋ ਰਿਹੈ -

*ਕਹੁ ਨਾਨਕ ਕਰਤੇ ਕੀਆ ਬਾਤਾ*
*ਜੋ ਕਿਛੁ ਕਰਣਾ ਸੁ ਕਰਿ ਰਹਿਆ ॥ ਅੰਗ - 469*

*ਸਭੁ ਕਿਛੁ ਆਪੇ ਆਪਿ ਕਰਾਏ ॥*
*ਆਪੇ ਸਿਰਿ ਸਿਰਿ ਧੰਧੈ ਲਾਏ ॥*
*ਆਪੇ ਥਾਪਿ ਉਥਾਪੇ ਵੇਖੈ ਗੁਰਮੁਖਿ ਆਪਿ ਬੁਝਾਇਦਾ ॥*
*ਅੰਗ - 1061*

ਪਰ ਕੋਈ-ਕੋਈ ਵਿਰਲਾ ਸੰਸਾਰ ਦੇ ਅੰਦਰ ਹੈ, ਜਿਹੜਾ ਹੁਕਮ ਦੇ ਨਾਲ ਇਕ ਸੁਰ ਹੁੰਦੈ -

*ਧਾਰਨਾ - ਵਿਰਲਾ ਕੋਈ ਮੰਨਦਾ ਹੈ,*
*ਭਾਵੇ ਜੋ ਤੈਨੂੰ ਮਾਲਕਾ - 2, 2*

*ਜੋ ਤੁਧੁ ਕਰਣਾ ਸੋ ਕਰਿ ਪਾਇਆ ॥*
*ਭਾਣੇ ਵਿਚਿ ਕੋ ਵਿਰਲਾ ਆਇਆ ॥*
*ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ ॥*
*ਗੁਰਮੁਖਿ ਤੇਰਾ ਭਾਣਾ ਭਾਵੈ ॥ ਸਹਜੇ ਹੀ ਸੁਖੁ ਸਚੁ ਕਮਾਵੈ ॥*
*ਭਾਣੇ ਨੋ ਲੋਚੈ ਬਹੁਤੇਰੀ ਆਪਣਾ ਭਾਣਾ ਆਪਿ ਮਨਾਇਦਾ ॥*
*ਅੰਗ - 1063*

ਕੋਈ ਵਿਰਲਾ ਹੈ ਜੋ ਪਰਮੇਸ਼ਰ ਦੇ ਕੀਤੇ ਹੋਏ ਦੇ ਨਾਲ ਸਹਿਮਤ ਹੋ ਜਾਏ; ਬਾਕੀ ਸੰਸਾਰ ਨੀਂ ਹੁੰਦਾ ਕਿਉਂਕਿ ਕੂੜ ਦੀ ਪਾਲਿ ਨਹੀਂ ਟੁੱਟੀ। ਮੰਨਿਆਂ ਭਾਈ ਭਿਖਾਰੀ ਨੇ। ਤਿਆਰੀ ਕਰੀ ਜਾਂਦੇ ਨੇ - ਪਹਿਲਾਂ ਹੀ; ਓਧਰਲੇ ਪਾਸੇ ਵਿਆਹ ਹੈ, ਐਧਰ ਪੁੱਤਰ ਦੇ ਚਲਾਣੇ ਦਾ ਵੀ ਪਤੈ।

ਇਕ ਮਾਤਾ ਨੇ ਗੁਰੂ ਪੰਜਵੇਂ ਪਾਤਸ਼ਾਹ ਵੇਲੇ - ਗੁਰਸਿੱਖਾਂ ਨੂੰ ਪਰਸ਼ਾਦਾ ਵਰਜ ਦਿਤਾ। ਮਹਾਰਾਜ ਦੇ ਕੋਲੋਂ ਆਏ ਸੀ। ਉਹ ਪਰਸ਼ਾਦਾ ਤਿਆਰ ਕਰਨ ਲਗ ਗਈ। ਬੱਚੇ ਨੂੰ ਕਿਹਾ ਕਿ ਜਾਹ, ਅੰਦਰੋਂ ਫਲਾਣੀ-ਫਲਾਣੀ ਚੀਜ਼ ਚੁੱਕ ਲਿਆ। ਕੋਠੜੀ ਦੇ ਅੰਦਰ

ਅਨ੍ਹੇਰਾ ਸੀ। ਉਥੇ ਜਿਸ ਵਕਤ ਬੱਚਾ ਗਿਆ; ਬੜਾ ਹੀ ਜ਼ਹਿਰੀ ਨਾਗ ਸੀ, ਉਹਨੇ ਡੰਗ ਮਾਰਿਆ, ਉਥੇ ਹੀ ਮਾਰ ਦਿਤਾ। ਹੁਣ ਮਾਤਾ ਦੇਖਦੀ ਹੈ ਕਿ ਆਇਆ ਨਹੀਂ। ਅੰਦਰ ਗਈ ਤਾਂ ਦੇਖਦੀ ਹੈ ਕਿ ਪੁੱਤਰ ਚੜ੍ਹਾਈ ਕਰ ਗਿਆ। ਘਰ ਵਾਲਾ ਬਜ਼ਾਰ ਤੋਂ ਸੌਦੇ ਲੈ ਕੇ ਆ ਗਿਆ। ਕਹਿੰਦੀ, ਪੁੱਤਰ ਚੜ੍ਹਾਈ ਕਰ ਗਿਆ, ਹੁਣ ਐਸ ਵੇਲੇ ਰੌਲਾ ਨਹੀਂ ਆਪਾਂ ਨੇ ਪਾਉਣਾ; ਇਹ ਗੁਰੂ ਮਹਾਰਾਜ ਲੈ ਗਏ - ਆਪਣੀ ਵਸਤੂ -

***ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥***
***ਪ੍ਰਭ ਕੀ ਆਗਿਆ ਮਾਨੈ ਮਾਥੈ ॥***
***ਉਸ ਤੇ ਚਉਗੁਨ ਕਰੈ ਨਿਹਾਲੁ ॥***
***ਨਾਨਕ ਸਾਹਿਬੁ ਸਦਾ ਦਇਆਲੁ ॥*** ***ਅੰਗ- 268***

ਬਿਲਕੁਲ ਨ ਪਤਾ ਲੱਗਣ ਦਿਤਾ - ਮਹਾਂਪੁਰਸ਼ਾਂ ਨੂੰ। ਪਰਸ਼ਾਦਾ ਛਕਾ ਕੇ ਅਰਦਾਸਿ ਹੋਈ, ਸਭ ਕੁਛ ਹੋ ਗਿਆ ਤੇ ਗੁਰੂ ਮਹਾਰਾਜ ਦੇ ਦਰਸ਼ਨ ਕਰਨ ਚਲੇ ਗਏ। ਸਸਕਾਰ ਕਰ ਦਿਤਾ, ਸਭ ਕੁਛ ਕਰ ਦਿਤਾ। ਮਹਾਰਾਜ ਨੂੰ ਜਦ ਨਮਸ਼ਕਾਰ ਕਰੀ, ਮਹਾਰਾਜ ਅੰਤਰਜਾਮੀ, ਘਟ-ਘਟ ਦੇ ਅੰਦਰ ਦੀ ਜਾਨਣਹਾਰ, ਕਹਿੰਦੇ -

''ਮਾਤਾ! ਕੀ ਹੋਇਆ ਸੀ ਤੇਰੇ ਪੁੱਤਰ ਨੂੰ?''

''ਮਹਾਰਾਜ! ਤੁਹਾਡਾ ਹੀ ਸੀ; ਤੁਸੀਂ ਦਿਤਾ ਸੀ, ਤੁਸੀਂ ਆਪੇ ਹੀ ਲੈ ਲਿਆ।''

''ਮਾਤਾ! ਹੁਣ ਇਕ ਦੀ ਥਾਂ ਤੇ ਅਸੀਂ ਤੇਰੇ ਘਰ ਚਾਰ ਭੇਜਦੇ ਹਾਂ ਕਿਉਂਕਿ ਤੈਂ ਆਗਿਆ ਦੇ ਵਿਚ ਖੁਸ਼ੀ ਮਨਾਈ ਹੈ।''

***'ਜੋ ਤੁਧੁ ਕਰਣਾ ਸੋ ਕਰਿ ਪਾਇਆ॥ ਭਾਣੇ ਵਿਚਿ ਕੋ ਵਿਰਲਾ ਆਇਆ॥'*** ਕੋਈ ਵਿਰਲਾ ਪੁਰਸ਼ ਹੈ ਜਿਹੜਾ ਪਰਮੇਸ਼ਰ ਦੇ ਭਾਣੇ ਵਿਚ ਹੈ।

ਬੁੱਧੂ ਸ਼ਾਹ ਦੇ ਦੋ ਪੁੱਤਰ ਸ਼ਹੀਦ ਹੋ ਗਏ ਲੇਕਿਨ ਅੱਖਾਂ ਦੇ ਵਿਚੋਂ ਹੰਝੂ ਨਹੀਂ ਜਾ ਰਹੇ; ਸ਼ੁਕਰ ਕਰ ਰਿਹੈ। ਸੋ ਉਸ ਵੇਲੇ ਜਦੋਂ ਸੰਗੋ ਸ਼ਾਹ ਸ਼ਹੀਦ ਹੋ ਗਿਆ, ਮਹਾਰਾਜ ਨੇ ਆਪਣੇ

ਹੱਥ ਵਿਚ ਕਮਾਣ ਲੈ ਲਈ। ਉਸ ਵੇਲੇ ਇਕ ਹਰੀ ਚੰਦ ਸੂਰਮਾ, ਮਹਾਰਾਜ ਦੇ ਸਾਹਮਣੇ ਆਇਆ। ਤਿੰਨ ਬਾਣ ਮਾਰੇ - ਪਹਿਲਾ ਮਹਾਰਾਜ ਦੇ ਕੰਨ ਕੋਲ ਛੂਹ ਕੇ ਲੰਘ ਗਿਆ, ਥੋੜ੍ਹਾ ਜਿਹਾ ਕਤਰਾ ਖ਼ੂਨ ਦਾ ਕੰਨ ਕੋਲੋਂ ਨਿਕਲਿਆ; ਦੂਸਰਾ ਬਾਣ ਮਾਇਆ, ਉਹ ਘੋੜੇ ਦੀ ਕਾਠੀ ਵਿਚ ਵੱਜਿਆ; ਤੀਸਰਾ ਮਾਰਿਆ, ਉਹ ਮਹਾਰਾਜ ਦੇ ਪੇਟ ਨੂੰ ਸਿੱਧਾ ਮਾਰਿਆ ਜੋ ਪੇਟੀ ਨੂੰ ਚੀਰ ਕੇ ਪੇਟ ਵਿਚ ਥੋੜ੍ਹਾ ਜਿਹਾ ਚਲਿਆ ਗਿਆ। ਤੇ ਮਹਾਰਾਜ ਫੁਰਮਾਉਂਦੇ ਨੇ - ***'ਜਬੈ ਬਾਣ ਲਾਗਯੋ॥ ਤਬੈ ਰੋਸ ਜਾਗਯੋ॥'*** ਉਸ ਵੇਲੇ ਮਹਾਰਾਜ ਨੇ ਕਮਾਣ ਹੱਥ ਵਿਚ ਲੈ ਕੇ ਐਸੇ ਬਾਣ ਚਲਾਏ - ਕਿਧਰੇ ਹਰੀ ਚੰਦ ਗਿਆ, ਕਿਧਰੇ ਦੂਸਰੇ ਗਏ। ਸਾਰੇ ਮੈਦਾਨ-ਏ-ਜੰਗ ਦੇ ਅੰਦਰ ਤਰਥੱਲੀ ਮਚ ਗਈ; ਨੱਠਦਿਆਂ ਨੂੰ ਰਾਹ ਨਹੀਂ ਲੱਭਦਾ। ਜਿਹਦਾ ਜਿੱਧਰ ਨੂੰ ਜੀਅ ਕਰਦੈ, ਦੌੜਿਆ ਹੀ ਚਲਿਆ ਗਿਆ। ਮਹਾਰਾਜ ਲਿਖਦੇ ਨੇ -

***ਜਬੈ ਬਾਣ ਲਾਗਯੋ॥ ਤਬੈ ਰੋਸ ਜਾਗਯੋ॥***
***ਕਰੰ ਲੈ ਕਮਾਣੰ॥ ਹਨੰ ਬਾਣ ਤਾਣੰ॥***
***ਸਬੈ ਬੀਰ ਧਾਏ॥ ਸਰੋਘੰ ਚਲਾਏ॥***
***ਤਬੈ ਤਾਕਿ ਬਾਣੰ॥ ਹਨਯੋ ਏਕ ਜੁਆਣੰ॥***
***ਹਰੀ ਚੰਦ ਮਾਰੇ॥ ਸੁ ਜੋਧਾ ਲਤਾਰੇ॥***
***ਸੁ ਕਾਰੋੜ ਰਾਯੰ॥ ਵਹੈ ਕਾਲ ਘਾਯੰ॥***
***ਰਣੰ ਤਿਆਗਿ ਭਾਗੇ॥ ਸਬੈ ਤ੍ਰਾਸ ਪਾਗੇ॥ ਬਚਿੱਤ੍ਰ ਨਾਟਕ***

ਕਹਿੰਦੇ, ਐਨਾ ਡਰ ਪੈ ਗਿਆ ਕਿ ਇਕ ਦੂਜੇ ਨੂੰ ਕੋਈ ਸੰਭਾਲਦਾ ਨਹੀਂ ਹੈ।

***ਭਈ ਜੀਤ ਮੇਰੀ॥ ਕ੍ਰਿਪਾ ਕਾਲ ਕੇਰੀ॥***

***ਬਚਿੱਤ੍ਰ ਨਾਟਕ***

ਜਿੱਤ ਹੋ ਗਈ।

***ਰਣੰ ਜੀਤਿ ਆਏ॥***
***ਜਯੰ ਗੀਤ ਗਾਏ॥***
***ਧਨੰ ਧਾਰ ਬਰਖੇ॥***
***ਸਬੈ ਸੂਰ ਹਰਖੇ॥*** ***ਬਚਿੱਤ੍ਰ ਨਾਟਕ***

ਸੋ ਕਿਸੇ ਤੋਂ ਝਾਲ ਨ ਝੱਲੀ ਗਈ -

***ਧਾਰਨਾ - ਕਿਹੜਾ ਝੱਲੇਗਾ ਗੁਰਾਂ ਦੀ ਝਾਲਾਂ,***
***ਛੱਡ ਕੇ ਮੈਦਾਨ ਭੱਜ ਗਏ - 2, 2***

ਸਭ ਦੌੜੇ ਜਾਂਦੇ ਨੇ। ਮਹਾਰਾਜ ਲਿਖਦੇ ਨੇ -

***ਕਹਾਂ ਲਗੇ ਬਰਨਨ ਕਰੋਂ ਮਚਿਓ ਜੁਧੁ ਅਪਾਰ।***
***ਜੇ ਲੁੱਝੇ ਜੁੱਝੇ ਸਬੈ ਬੱਜੇ ਸੂਰ ਹਜ਼ਾਰ। ਬਚਿੱਤ੍ਰ ਨਾਟਕ***

ਹਜ਼ਾਰਾਂ ਦੀ ਤਾਦਾਦ ਵਿਚ - ਤੀਹ ਹਜ਼ਾਰ ਸੀਗੇ; ਹਜ਼ਾਰਾਂ ਹੀ ਉਥੇ ਚੜ੍ਹਾਈ ਕਰ ਗਏ, ਕਈ ਰਾਜੇ ਚੜ੍ਹਾਈ ਕਰ ਗਏ, ਵੱਡੇ-ਵੱਡੇ ਸੂਰਮੇ ਚੜ੍ਹਾਈ ਕਰ ਗਏ - ***'ਜੋ ਲੁੱਝੇ ਜੁੱਝੇ ਸਬੈ....................।'*** ਜਿਹੜੇ ਮੂਹਰੇ ਆਏ, ਸਾਰੇ ਹੀ ਜੂਝ ਗਏ। ***'............ਭੱਜੇ ਸੂਰ ਹਜਾਰ***।' ਨੱਠੇ ਜਾਂਦੇ ਨੇ ਪਹਾੜਾਂ ਦੇ ਰਾਜੇ।

***ਚਲਿਯੋ ਬੀਰੀਯਾ ਤੀਰੀਯਾ ਨ ਚਲਾਯੰ।***
***ਜਸੋ ਡੱਡਵਾਲੰ ਮਧੁੱਕਰ ਸੁ ਸਾਹੰ।***
***ਭਜੇ ਸੰਗ ਲੈ ਕੇ ਸੁ ਸਾਰੀ ਸਿਪਾਹੰ। ਬਚਿੱਤ੍ਰ ਨਾਟਕ***

***'ਭਈ ਜੀਤ ਮੇਰੀ॥ ਕ੍ਰਿਪਾ ਕਾਲ ਕੇਰੀ॥'*** ਹੇ ਵਾਹਿਗੁਰੂ! ਤੇਰੀ ਹੀ ਜਿੱਤ ਹੋਈ। ਉਸ ਵੇਲੇ ਮਹਾਰਾਜ ਜੰਗ ਦੇ ਅੰਦਰ ਸੰਭਾਲ ਕਰਦੇ ਨੇ - ਸੂਰਮਿਆਂ ਦੀ, ਪਿਆਰ ਦਿੰਦੇ ਨੇ ਸਾਰਿਆਂ ਨੂੰ। ਬੁੱਧੂ ਸ਼ਾਹ ਨੂੰ ਬੁਲਾਇਆ। ਵਿਹਲਾ ਹੋ ਕੇ ਆ ਗਿਆ ਤੇ ਜਾਣਿਆ ਕਿਸੇ ਨੇ ਬੁੱਧੂ ਸ਼ਾਹ ਦੇ ਦੋ ਪੁੱਤਰ ਸ਼ਹੀਦ ਹੋ ਗਏ, ਬਹੁਤ ਸਾਰੇ ਮੁਰੀਦ ਮਾਰੇ ਗਏ। ਉਸ ਵੇਲੇ ਦਰਦ ਵੰਡਾਉਣ ਵਾਸਤੇ ਕਿਸੇ ਉਸਦੇ ਆਪਣੇ ਹੀ ਆਦਮੀ ਨੇ ਉਹਨੂੰ ਇਸ ਤਰ੍ਹਾਂ ਨਾਲ ਫੁਰਮਾਨ ਕਰਿਆ -

***ਧਾਰਨਾ - ਤੇਰੇ ਬੁਝ ਗਏ, ਜਗਦੇ ਦੀਵੇ,***
***ਘੁੱਪ ਹਨ੍ਹੇਰਾ ਛਾ ਗਿਆ - 2, 2.***

***ਬੁਝ ਗਏ ਓ ਜਾਗਦੇ ਦੀਵੇ, ਘੁੱਪ ਹਨੇਰਾ ਕਰ ਗਏ,***
***ਚਸ਼ਮ ਚਰਾਗ ਜਿਗਰ ਦੇ ਟੁਕੜੇ, ਦੋ ਘੜੀਆਂ ਵਿਚ ਠਰ ਗਏ।***
***ਮਰ ਗਏ ਆਪ, ਮਾਰ ਗਏ ਮਾਪੇ, ਲਾ ਗਏ ਸੱਲ ਅਵੱਲਾ,***
***ਪੁੱਤਾਂ ਦਾ ਸੰਤਾਪ ਸ਼ਾਹ ਜੀ, ਪਾ ਗਿਆ ਜਗ ਤਰਥੱਲਾ।***
***ਜੰਮਣ ਜੇਡ ਨਹੀਂ ਸ਼ਦੀਆਨਾ, ਮਰਨੋਂ ਬੁਰਾ ਨ ਦੁਖੜਾ,***

*ਪੁੱਤਰਾਂ ਬਾਝ ਜਗਤ ਵਿਚ ਜਾਪੇ, ਬੰਦਾ ਅਫੱਲ ਰੁਖੜਾ।*
*(ਗੁਰੂ ਕਲਗੀਧਰ ਚਮਤਕਾਰ)*

ਕਹਿਣ ਲੱਗੇ, "ਬੁੱਧੂ ਸ਼ਾਹ ਜੀ! ਦੋ ਘੜੀਆਂ ਦੇ ਅੰਦਰ ਤੁਹਾਡੇ ਦੋ ਪੁੱਤਰ ਇਕ ਦਮ ਠਰ ਗਏ ਤੇ ਦੀਵੇ ਬੁਝ ਗਏ ਤੁਹਾਡੇ।" ਬੜਾ ਮੌਕਾ ਸੀ ਉਸ ਵੇਲੇ, ਬੁੱਧੂ ਸ਼ਾਹ ਦੀਆਂ ਅੱਖਾਂ 'ਚੋਂ ਹੰਝੂ ਆਉਣਾ ਦਾ ਕਿਉਂਕਿ ਹਮਦਰਦ ਨੇ ਕਿਸੇ ਨੇ ਬਾਤ ਕਹੀ ਸੀ। ਪਰ ਬੁੱਧੂ ਸ਼ਾਹ ਉਸ ਵੇਲੇ ਸ਼ੁਕਰ ਵਿਚ ਆ ਗਏ। ਕਹਿੰਦੇ, "ਪੁਰਖਾ! ਐਂ ਨਹੀਂ ਕਹੀਦਾ, ਮੈਂ ਤਾਂ ਭਾਗਾਂ ਵਾਲਾ ਹੋ ਗਿਆ, ਮੇਰੇ ਜੋ ਪੁੱਤਰ ਸਨ, ਉਹ ਮੇਰੇ ਮਹਿਬੂਬ ਦੇ, ਮੇਰੇ ਮੁਰਸ਼ਦ ਦੇ ਕੰਮ ਆ ਗਏ –

*ਧਾਰਨਾ – ਲੇਖੇ ਲੱਗ ਗਏ ਗੁਰਾਂ ਦੇ, ਲਾਲ ਮੇਰੇ,*
*ਧੰਨ ਜਣੇਦੀ ਮਾਂ ਓਨ੍ਹਾਂ ਦੀ – 2, 2*

*ਜੋ ਹੋਣਾ ਸੋ ਹੋਵੇ ਬੇਸ਼ੱਕ, ਜੋ ਦੁਖ ਔਣਾ, ਆਵੇ,*
*ਫੱਕਰਾਂ ਦਾ ਦਿਲ, ਦੁਨੀਆਂ ਦਾ ਦੁੱਖ ਰੰਚਕ ਨਹੀਂ ਦੁਖਾਵੇ।*
*ਜਿਸ ਦਿਲ ਦੇ ਵਿਚ ਸਾਈਂ ਵਸੇ, ਉਹ ਦਿਲ ਪਾਕ ਅਜ਼ਾਬੋਂ,*
*ਉਹ ਦੁਖ ਨਾਲ ਨਾ ਛੁਹਣਾ ਚਾਹੇ, ਨੱਸੇ ਐਬ ਸਵਾਬੋਂ।*
*ਧੰਨ ਭਾਗ ਹਨ ਮੇਰੇ ਬਚੜੇ, ਸਤਿਗੁਰ ਦੇ ਦਰ ਲਗੇ,*
*ਜਿਉਣਾ ਮਰਨਾ ਸਫਲ ਉਨ੍ਹਾਂ ਦਾ, ਜੋ ਜੂਝੇ ਹੋ ਅੱਗੇ।*
*ਧੰਨ ਜਣੇਂਦੀ ਮਾਊਂ, ਜਿਨ੍ਹੇ ਜਣ, ਐਸੇ ਪੁਤਰ ਪਾਲੇ,*
*ਧੰਨ ਪਿਤਾ, ਕੁਲ ਜਿਸ ਵਿਚ ਜੰਮਣ, ਐਸੇ ਕਰਮਾਂ ਵਾਲੇ।*
*(ਗੁਰੂ ਕਲਗੀਧਰ ਚਮਤਕਾਰ)*

ਪਿਆਰਿਆ! ਹੁਣ ਫੱਕਰਾਂ ਦੇ ਦਿਲ ਨੂੰ ਦੁਖ ਨਹੀਂ ਪੋਂਹੰਦਾ। ਇਹ ਤਾਂ ਤੂੰ ਮੈਨੂੰ ਧੰਨ ਕਹਿ, ਉਨ੍ਹਾਂ ਦੀ ਮਾਂ ਨੂੰ ਧੰਨ ਕਹਿ ਜਿਸ ਦੇ ਪੁੱਤਰ ਗੁਰੂ ਦੇ ਲੇਖੇ ਵਿਚ ਲੱਗ ਗਏ। ਕਿਉਂ ਕਹਿਨੈ ਕਿ ਉਹ ਮਰ ਗਏ?

*ਧਾਰਨਾ – ਉਹ ਨ ਮੂਏ, ਸਦ ਹੀ ਜਿਉਂਦੇ,*
*ਜੀਵਨ ਲਾਹਾ ਲੈ ਗਏ – 2, 2.*

*ਮਰੇ ਨਹੀਂ, ਓਹ ਜੀਵੇ ਹਨ, ਓਹ ਜੀਵਨ ਲਾਹਾ ਲੈ ਗਏ,*
*ਗੰਢੇ ਗਏ, ਨਹੀਂ ਓਹ ਟੁੱਟੇ, ਮੁਕਤੀ ਮਾਰਗ ਪੈ ਗਏ।*

***ਧੰਨ ਪ੍ਰਭੂ ਜਿ ਮੈਂ ਆਜਜ਼ ਨੂੰ, ਐਸੀ ਨੇਕੀ ਦਿਤੀ।***
***ਜਿਸ ਦੀ ਅੰਸ਼ਾ ਗੁਰੂ ਗੋਬਿੰਦ ਸਿੰਘ ਹੇਤ ਸ਼ਹਾਦਤ ਲਿੱਤੀ।***
***ਜੋ ਜੀਵੇ ਕੁਝ ਕਰੇ ਨ ਨੇਕੀ, ਮਰਨਾ ਓਸ ਚੰਗੇਰਾ।***
***ਨੇਕੀ ਕਰ ਮਰ ਜਾਵੇ ਜਿਹੜਾ, ਜੀਵਨ ਉਹਦਾ ਭਲੇਰਾ।***
***(ਗੁਰੂ ਕਲਗੀਧਰ ਚਮਤਕਾਰ)***

ਪ੍ਰੇਮੀਆਂ! ਐਨੀਆਂ ਕੱਚੀਆਂ ਗੱਲਾਂ ਕਹਿਨੈਂ! ਮੇਰੇ ਪੁੱਤਰ ਤਾਂ ਧੰਨ ਨੇ, ਉਹ ਤਾਂ ਜਾਮ-ਏ-ਸ਼ਹਾਦਤ ਪੀ ਗਏ। ਗੁਰੂ ਦੇ ਦੇਸ ਵਿਚ ਜਾ ਕੇ ਸਦਾ ਵਾਸਤੇ ਜੀਵਨ ਪ੍ਰਾਪਤ ਕਰ ਗਏ।''

ਸੋ ਇਸ ਤਰ੍ਹਾਂ ਸਾਧ ਸੰਗਤ ਜੀ, ਗੁਰੂ ਦਾ ਬਣਿਆ ਸੀ; ਸੱਚਮੁੱਚ ਗੁਰੂ ਦੇ ਵਾਸਤੇ ਜੀਵਨ ਜਿਉਂ ਕੇ ਗੁਰੂ ਨੂੰ ਪ੍ਰਸੰਨ ਕਰ ਲਿਆ -

***ਧਾਰਨਾ - ਗੁਰਾਂ ਨੂੰ ਮਨਾ ਲਿਆ, ਤਨ ਮਨ ਧਨ ਦੇ ਕੇ - 2, 2.***

ਪ੍ਰਸੰਨ ਕਰ ਲਿਆ ਪਾਤਸ਼ਾਹ ਨੂੰ। ਸਾਰਿਆਂ ਨੂੰ ਬੁਲਾ ਰਹੇ ਨੇ। ਬੁੱਧੂਸ਼ਾਹ ਗੁਰੂ ਦਸ਼ਮੇਸ਼ ਪਿਤਾ ਦੇ ਸਾਮ੍ਹਣੇ ਆਇਆ, ਦੋਇ ਹਥ ਜੋੜ ਕੇ ਪ੍ਰਸੰਨ ਮੁਖ ਖੜ੍ਹਾ ਹੈ; ਕੋਈ ਉਲਾਂਭਾ ਨੀਂ, ਕੋਈ ਸ਼ਿਕਵਾ ਨੀਂ; ਰੋਮ-ਰੋਮ ਦੇ ਵਿਚੋਂ ਖੁਸ਼ੀ ਦੀ ਖੁਸ਼ਬੋ ਆ ਰਹੀ ਐ। ਤੇ ਉਸ ਵੇਲੇ ਮਹਾਰਾਜ ਪ੍ਰਸੰਨ ਹੋਏ। ਵੈਸੇ ਰਵਾਜਨ ਕਹਿਣ ਲੱਗੇ, ''ਬੁੱਧੂ ਸ਼ਾਹ! ਵੱਡੀ ਕੁਰਬਾਨੀ ਹੋਈ, ਤੁਹਾਡੇ ਦੋ ਪੁੱਤਰ ਸ਼ਹੀਦ ਹੋ ਗਏ।'' ਕਹਿੰਦਾ, ਪਾਤਸ਼ਾਹ, ਉਹ ਤੇਰੇ ਹੀ ਸਨ, ਤੈਂ ਆਪੇ ਹੀ ਲੇਖੇ ਵਿਚ ਲਾ ਲਏ। ਖੁਸ਼ੀਆਂ ਕਰ ਮੇਰੇ ਉਤੇ।'' ਸੋ ਮਹਾਰਾਜ ਨੇ ਉਸ ਵੇਲੇ ਦੇਖ ਲਿਆ ਕਿ ਜੋ ਸਬਕ ਇਹਨੂੰ ਦਿਤਾ ਸੀ ਕਿ ਹੁਕਮ ਵਿਚ ਰਾਜ਼ੀ ਰਹਿਣੈ; ਉਹ ਪੱਕ ਗਿਆ। ਇਹ ਐਵੇਂ ਨੀਂ ਹੁੰਦਾ; ਕੋਈ ਵਿਰਲਾ ਹੈ, ਜਿਹੜਾ ਹੁਕਮ ਨੂੰ ਮੰਨ ਲਏ। ਤੂੰ ਪਾਸ ਹੋ ਗਿਆ ਬੁੱਧੂ ਸ਼ਾਹ! -

***ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥***
***ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ ॥ ਅੰਗ - 1366***

ਜਦੋਂ ਗੁਰੂ ਪ੍ਰਸੰਨ ਹੋ ਜਾਵੇ, ਫੇਰ ਕੀ ਕਰਦੈ? ਗੁਰੂ ਆਪਣਾ ਰੂਪ ਬਣਾ ਲੈਂਦੈ -

***ਧਾਰਨਾ - ਹੋ ਗਿਆ ਹਰੀ ਦਾ ਰੂਪ,***
***ਮਿਲ ਕੇ ਪੂਰਿਆਂ ਗੁਰਾਂ ਨੂੰ - 2, 2***

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥***
***ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥ ਰਹਾਉ ॥***

***ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥***
***ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥***
***ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥***
***ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥***
***ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥***
***ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥***
***ਅੰਗ - 633***

ਸੱਚਮੁੱਚ ਰੱਬ ਨੂੰ ਟੋਲ੍ਹਦਾ-ਟੋਲ੍ਹਦਾ ਪਰਮੇਸ਼ਰ ਹੀ ਬਣ ਗਿਆ। ਮਹਾਰਾਜ ਕਹਿੰਦੇ, ਲੀਨ ਹੋ ਜਾਂਦੈ - ***'ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥ ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥'*** ਸੋ ਮਹਾਰਾਜ ਪ੍ਰਸੰਨ ਹੋਏ, ਕਹਿਣ ਲੱਗੇ, "ਬੁੱਧੂਸ਼ਾਹ! ਕੀ ਮੰਗਦੈਂ; ਤੇਰੀ ਮੰਗ ਪੂਰੀ ਕਰੀਏ?"

"ਪਾਤਸ਼ਾਹ! ਜੇ ਤੂੰ ਮੇਰੇ ਤੇ ਅੱਜ ਹੱਦ ਤੋਂ ਜ਼ਿਆਦਾ ਪ੍ਰਸੰਨ ਹੋਇਐਂ ਤਾਂ ਇਹ ਤੁਸੀਂ ਜੋ ਕੰਘਾ ਕਰਦੇ ਓਂ, ਕੰਘੇ ਦੇ ਵਿਚ ਜੋ ਸੀਸ ਦੇ ਰੋਮ ਆਏ ਨੇ, ਜਿਹਨੂੰ 'ਵਾਲ' ਕਹਿੰਦੇ ਨੇ, ਅਸੀਂ ਹਜ਼ਰਤ ਦੇ ਕੇਸ ਨਹੀਂ ਦੇਖ ਸਕੇ ਸ੍ਰੀ ਨਗਰ ਵਿਚ ਜਾ ਕੇ, ਪਰ ਹਜ਼ਰਤ ਏਥੇ ਸਾਹਮਣੇ ਬੈਠੇ ਸਾਡੇ; ਕੰਘਾ ਕਰ ਰਹੇ ਨੇ ਕੇਸਾਂ ਨੂੰ। ਪਾਤਸ਼ਾਹ! ਜੇ ਤੂੰ ਤੁਠੈਂ, ਮੈਨੂੰ ਇਹ ਕੰਘਾ ਕੇਸਾਂ ਸਣੇ ਦੇ ਦੇ।"

ਕਿੱਡੀ ਵੱਡੀ ਮੰਗ ਹੈ। ਕਿਉਂਕਿ ਉਹਨੂੰ ਕੀਮਤ ਦਾ ਪਤਾ ਸੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕੇਸ ਜਿਹਦੀ ਕੀਮਤ ਦੋਹਾਂ ਜਹਾਨਾਂ ਦੀ ਸਾਰੀ ਦੌਲਤ ਨਹੀਂ ਪਾ ਸਕਦੀ। ਮਹਾਰਾਜ ਨੇ ਆਪਣੀ ਦਸਤਾਰ ਆਪ ਨੂੰ ਦੇ ਦਿਤੀ, ਕਟਾਰ ਦੇ ਦਿਤੀ, ਪੰਜ ਹਜ਼ਾਰ ਰੁਪਿਆ ਦਿਤਾ। ਕਹਿੰਦੇ, "ਬੁੱਧੂ ਸ਼ਾਹ! ਸੰਭਾਲ ਕੇ ਰੱਖੀਂ

ਤੇ ਜਦੋਂ ਖਾਲਸੇ ਨੂੰ ਇਸ ਗੱਲ ਦਾ ਪਤਾ ਲੱਗੇਗਾ, ਤੇਰੀਆਂ ਪੁਸ਼ਤਾਂ - ਪੁਸ਼ਤ-ਦਰ-ਪੁਸ਼ਤ ਇਹਦੀ ਕਦਰ ਜਾਨਣਗੇ।"

ਸੋ ਉਹ ਬੁੱਧੂਸ਼ਾਹ, ਜਿਹਦੇ ਮਨ ਵਿਚ ਇਹ ਖਿਆਲ ਸੀ - -

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥ ਅੰਗ - 550***

ਕਿ ਕਿਹੜਾ ਸੱਚਾ ਹੈ, ਕਿਹੜਾ ਝੂਠਾ ਹੈ; ਗੁਰੂ ਨੇ ਸੱਚਾ ਦਿਖਾ ਕੇ ਰੱਬ ਏ ਬਣਾ ਦਿਤਾ। ਗੱਲਾਂ ਨਾਲ ਰੱਬ ਨਹੀਂ ਬਣਿਆ ਕਰਦਾ; ਕਰਨੀ ਦੇ ਨਾਲ ਹੁੰਦੈ, ਜੀਵਨ ਹੁੰਦੈ।

ਸੋ ਇਸ ਤਰ੍ਹਾਂ ਸਾਧ ਸੰਗਤ ਜੀ, ਬਹੁਤ ਸਾਰੇ ਪ੍ਰੋਗਰਾਮ ਲੰਘ ਚੁਕੇ ਨੇ ਜਿਨ੍ਹਾਂ ਵਿਚ ਆਪਾਂ ਇਕ ਜੀਵਨ ਲਿਆ ਸੀ। ਜੀਵਨ ਮੁਕਤ ਪੁਰਸ਼ ਕਿਸ ਤਰ੍ਹਾਂ ਦੇ ਨਾਲ ਰਹਿੰਦੈ -

***ਪ੍ਰਭ ਕੀ ਆਗਿਆ ਆਤਮ ਹਿਤਾਵੈ ॥***
***ਜੀਵਨ ਮੁਕਤਿ ਸੋਊ ਕਹਾਵੈ ॥***
***ਤੈਸਾ ਹਰਖੁ ਤੈਸਾ ਉਸੁ ਸੋਗੁ ॥***
***ਸਦਾ ਅਨੰਦੁ ਤਹ ਨਹੀ ਬਿਓਗੁ ॥ ਅੰਗ- 275***

ਖੁਸ਼ੀ ਵੀ ਉਹੋ ਜਿਹੀ ਤੇ ਗਮੀ ਵੀ ਉਹੋ ਜਿਹੀ - '***ਸਦਾ ਅਨੰਦੁ ਤਹ ਨਹੀ ਬਿਓਗੁ॥'*** ਅਨੰਦ ਵਿਚ ਰਿਹਾ ਨ! ਪੁੱਤਰਾਂ ਨੂੰ, ਮੁਰੀਦਾਂ ਨੂੰ, ਭਰਾਵਾਂ ਨੂੰ ਸ਼ਹੀਦ ਕਰਾ ਕੇ ਖੁਸ਼ੀ ਦੇ ਵਿਚ, ਖੇੜੇ ਦੇ ਵਿਚ ਤਾਂ ਕੋਈ ਫਰਕ ਨਹੀਂ ਆਇਆ, ਸਗੋਂ ਹੋਰ ਵੀ ਖੇੜੇ ਵਿਚ ਆ ਗਿਆ ਕਿ ਮੇਰੇ ਪੁੱਤਰ ਲੇਖੇ ਵਿਚ ਲਗ ਗਏ -

***ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਅੰਗ - 275***

ਸੋਨਾ ਨਹੀਂ ਮੰਗਿਆ ਗੁਰੂ ਤੋਂ, ਕੇਸ ਮੰਗੇ।

***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥***
***ਤੈਸਾ ਮਾਨੁ ਤੈਸਾ ਅਭਿਮਾਨੁ ॥***
***ਤੈਸਾ ਰੰਕੁ ਤੈਸਾ ਰਾਜਾਨੁ ॥***
***ਜੋ ਵਰਤਾਏ ਸਾਈ ਜੁਗਤਿ ॥***
***ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥ ਅੰਗ - 275***

ਐਵੇਂ ਨਹੀਂ ਜੀਵਨ ਮੁਕਤ ਹੁੰਦਾ। ਇਹ ਦਰਜਾ ਸਾਧੂਆਂ ਦਾ, ਸੰਤਾਂ ਦਾ ਹੋਇਆ ਕਰਦੈ। ਸਾਰੀ ਸ੍ਰਿਸ਼ਟੀ ਸਾਂਝੀ, ਕੋਈ ਓਪਰਾ ਨਹੀਂ ਹੁੰਦਾ; ਸੱਚੇ ਦਿਲ ਨਾਲ ਕਹਿਣੈ - 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ। ਸਾਰਿਆਂ ਦਾ ਭਲਾ ਸਾਨੂੰ ਗੁਰੂ ਸਾਹਿਬ ਨੇ ਸਿਖਾਇਐ, ਸਾਰੇ ਸੰਸਾਰ ਦੇ ਅਮਨ ਦੀ ਗਰੰਟੀ ਦਿਤੀ ਹੈ। ਸੋ ਸਾਧ ਸੰਗਤ ਜੀ, ਬਾਣੀ ਨੂੰ ਸਮਝੋ, ਆਪਣਾ ਜੀਵਨ ਢਾਲੋ - ਉਸਦੇ ਮੁਤਾਬਿਕ; ਆ ਜਾਓ ਉਸ ਪੱਧਰ ਦੇ ਉਤੇ, ਜਿਥੇ -

***ਬਿਸਰਿ ਗਈ ਸਭ ਤਾਤਿ ਪਰਾਈ ॥***
***ਜਬ ਤੇ ਸਾਧਸੰਗਤਿ ਮੋਹਿ ਪਾਈ ॥ ਰਹਾਉ ॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ ॥ ਅੰਗ- 1299***

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਸਾਰੇ ਪ੍ਰੇਮੀ ਅਨੰਦ ਸਾਹਿਬ ਦੇ ਅੰਦਰ ਬੋਲੋ, ਫੇਰ ਗੁਰ ਸਤੋਤਰ ਵਿਚ।

- ਅਨੰਦ ਸਾਹਿਬ -,- ਗੁਰ ਸਤੋਤਰ -,- ਅਰਦਾਸਿ -

ਤੰਨ ਅਪ੍ਰੈਲ 1995 ਨੂੰ 'ਕਿਵ ਕੂੜੈ ਤੂਟੈ ਪਾਲਿ' ਨਾਮ ਵਾਲੀ ਪੁਸਤਕ 'ਸੁਰਤਿ ਸਬਦਿ ਮਾਰਗ' ਪੁਸਤਕ ਤੋਂ ਪਿਛੋਂ ਛਪਣ ਵਾਲੀ ਇਹ ਪੁਸਤਕ ਇਸ ਲੜੀ ਵਿਚ ਦੂਜੀ ਪੁਸਤਕ ਸੀ। ਇਹ ਪੁਸਤਕ ਪੰਜ ਦੀਵਾਨਾਂ ਜਿਨ੍ਹਾਂ ਨੂੰ ਵੀਡੀਓ ਫਿਲਮਾਂ ਦੇ ਵਿਚ ਰਿਕਾਰਡ ਕੀਤਾ ਗਿਆ ਸੀ ਅਤੇ ਜਿਨ੍ਹਾਂ ਦਾ ਨੰਬਰ 72, 73, 74, 75, 78 ਸੀ, ਇਹ ਵੀਡੀਓ ਕੈਸਟਾਂ ਤੋਂ ਭਾਈ ਗੁਰਮੁਖ ਸਿੰਘ ਤੇ ਬੀਬੀ ਸੁਖਦੇਵ ਕੌਰ ਨੇ ਵਾਰਤਕ ਵਿਚ ਲਿਖ ਕੇ ਪੁਸਤਕ ਦੇ ਰੂਪ ਵਿਚ ਸੈਟ ਕੀਤਾ ਸੀ। ਉਸ ਤੋਂ ਪਿਛੋਂ ਚਾਰ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ, ਬਹੁਤ ਸਾਰੀਆਂ ਹੋਰ ਪੁਸਤਕਾਂ ਛਪ ਚੁੱਕੀਆਂ ਹਨ ਅਤੇ ਉਨ੍ਹਾਂ ਦੇ ਹਿੰਦੀ ਅਨੁਵਾਦ ਵੀ ਨਾਲ ਦੀ ਨਾਲ ਛਪ ਰਹੇ ਹਨ। ਇਹ ਪੁਸਤਕ ਜੋ ਆਪ ਦੇ ਹੱਥ ਵਿਚ ਹੈ ਇਸ ਦਾ ਇੰਗਲਿਸ਼ ਵਿਚ ਵੀ ਅਨੁਵਾਦ ਹੋ ਚੁੱਕਿਆ ਹੈ, ਜਿਸ ਦੀ ਵਿਦੇਸ਼ਾਂ ਵਿਚ ਭਾਰੀ ਮੰਗ ਹੋਣ ਦੇ ਕਾਰਨ ਕਈ ਵਾਰੀ ਅਮਰੀਕਾ, ਇੰਗਲੈਂਡ, ਕੈਨੇਡਾ ਭੇਜੀ ਗਈ। ਪੁਸਤਕ ਪਿਛੋਂ ਪਹੁੰਚਦੀ ਸੀ, ਅਜੇ ਸਾਡੇ ਸਿੰਘ ਸਟਾਲ ਤੇ ਲਾਉਂਦੇ ਹੀ ਸਨ, ਉਹ ਹਥੋ-ਹਥੀ ਵਿਕ ਜਾਂਦੀ ਸੀ। ਪੰਜਾਬ ਵਿਚ ਹੁਣ ਇਹ ਪੁਸਤਕ 193 ਪੰਨੇ ਦੀ ਹੈ, ਜਿਸ ਵਿਚ ਹਉਮੈ, ਗੁਰੂ, ਹੁਕਮ ਦੀ ਭਰਪੂਰ ਵਿਆਖਿਆ ਗੁਰੂ ਦੀ ਕ੍ਰਿਪਾ ਸਦਕਾ ਕੀਤੀ ਗਈ ਹੈ। ਇਸ ਵਿਚੋਂ ਉਨ੍ਹਾਂ ਉਤਮ ਜਗਿਆਸੂਆਂ ਨੂੰ ਪਰਮਾਰਥ ਦਾ ਮਾਰਗ ਲੱਭਦਾ ਹੈ ਜਾਂ ਐਉਂ ਕਹੋ ਆਤਮ-ਮਾਰਗ ਲੱਭਦਾ ਹੈ ਜੋ ਭਜਨ ਬੰਦਗੀ ਕਰਦੇ ਮਾਇਆ ਦੀ ਆਖਰੀ ਮੰਜ਼ਲ ਤਕ ਪੁੱਜ ਕੇ ਰਸਤਾ ਭਾਲਦੇ ਹਨ। ਪੀਰ ਬੁੱਧੂ ਸ਼ਾਹ ਉਸ ਸਮੇਂ ਦਾ ਮੰਨਿਆ ਪ੍ਰਮੰਨਿਆ ਅਧਿਆਤਮਵਾਦ ਵਿਚ ਉਚ ਕੋਟੀ ਦਾ ਪੀਰ ਸੀ। ਉਹ ਇਸ ਗੱਲ ਵਿਚ ਉਲਝਿਆ ਹੋਇਆ ਸੀ ਕਿ ਆਦਮੀ ਦੇ ਅੰਦਰ ਜੋ ਰੂਹ ਹੈ ਉਹ ਕਿਹੜੀ ਹੈ ਕਿਉਂਕਿ ਉਸ ਨੂੰ ਭਰਮ ਪੈ ਗਿਆ ਸੀ ਕਿ ਇਕ ਰੂਹ ਤਾਂ ਉਹ ਹੈ ਜਿਸ ਨੂੰ ਭਜਨ ਬੰਦਗੀ ਕਰਨ ਵਾਲੇ ਜਾਣਦੇ ਹਨ ਜਿਸ ਨੂੰ ਅਧਿਆਤਮਵਾਦ ਦੀ ਬੋਲੀ ਵਿਚ ਜੀਵ ਆਤਮਾ ਆਖਦੇ ਹਾਂ ਜੋ ਚੰਗੇ ਮੰਦੇ ਕਰਮ ਕਰਦਾ ਹੈ, ਕਰਮਾਂ ਦਾ ਫਲ ਲੋਚਦਾ ਹੈ, ਉਸ ਨੂੰ ਫਲ ਭੋਗਣ ਲਈ ਜਨਮ-ਦਰ-ਜਨਮ ਸਰੀਰ ਧਾਰਨ ਕਰਨੇ ਪੈਂਦੇ ਹਨ। ਇਸ ਰੂਹ ਦੀਆਂ ਉਡਾਰੀਆਂ ਉਸਨੂੰ ਦੁਖੀ ਵੀ ਕਰਦੀਆਂ ਹਨ, ਉਹ ਜੀਵ ਬਹੁਤ ਦੁਖੀ ਹੋਇਆਂ ਵਿਰਲਾਪ ਵੀ ਕਰਦਾ ਹੈ ਜਿਵੇਂ ਕਿ ਫੁਰਮਾਨ ਹੈ -

ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ ॥
ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ ॥

ਅਮਗ - 66


ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ
ਰਤਵਾੜਾ ਸਾਹਿਬ


ਸਤਿਕਾਰਯੋਗ ਬੀਬੀ ਰਣਜੀਤ ਕੌਰ ਜੀ